# ਭੁੱਲੇ ਵਿਸਰੇ
# ਨਾਨਕ ਪੰਥੀ

**ਗੁਰੂ ਨਾਨਕ ਨਾਮ ਲੇਵਾ ਸਿਕਲੀਗਰ, ਵਣਜਾਰੇ, ਸਤਿਨਾਮੀ, ਨਿਰਮਲੇ, ਉਦਾਸੀ, ਅਗਰਹਾਰੀ, ਜੌਹਰੀ, ਲੁਬਾਣੇ, ਰਮੱਈਏ ਸਿੱਖ, ਦੱਖਣੀ ਸਿੱਖ, ਸਿੰਧੀ ਸਿੱਖਾਂ ਦੇ ਜੀਵਨ ‘ਤੇ ਝਾਤ ਪਾਉਂਦੇ ਲੇਖਾਂ ਦਾ ਸੰਗ੍ਰਹਿ**



ਸੰਪਾਦਕ
ਸੁਖਦੇਵ ਸਿੰਘ ‘ਲਾਜ’

# ਭੁੱਲੇ ਵਿਸਰੇ ਨਾਨਕ ਪੰਥੀ

ਸੰਪਾਦਕ

**ਸੁਖਦੇਵ ਸਿੰਘ 'ਲਾਜ'**

ਸਹਿ ਸੰਪਾਦਕ

**ਸਤਿਨਾਮ ਸਿੰਘ ਕੋਮਲ**

ਪ੍ਰਕਾਸ਼ਕ

**ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ**

ਚੰਡੀਗੜ੍ਹ

ਭੁੱਲੇ ਵਿਸਰੇ ਨਾਨਕ ਪੰਥੀ

**Bhule Visre Nanak Panthi**

**Published by**
International Sikh Confederation
Plot No. 1, Sector 28-A, Chandigarh
T: 98781 16879, 98726 22322
E: iscchd2006@gmail.com
W: sikhconfed.org
Ludhiana Chapter: 9516, Joshi Nagar,
Haibowal Kalan, Ludhiana
T: 99150 48864, 92165 05850

First Edition : November 2020
Copies : 3000

**Disclaimer:**
ਇਸ ਪੁਸਤਕ ਵਿੱਚ ਛਪੇ ਲੇਖਾਂ ਦੀ ਜਿੰਮੇਂਵਾਰੀ ਲੇਖਕਾਂ ਦੀ ਹੈ।

**© Copyright**
ਇਸ ਕਿਤਾਬ 'ਚੋਂ ਕੋਈ ਵੀ ਲੇਖ ਸੰਪਾਦਕ ਜਾਂ ਪ੍ਰਕਾਸ਼ਕ ਦੀ
ਲਿਖਤ ਆਗਿਆ ਨਾਲ ਛਾਪਿਆ ਜਾ ਸਕਦਾ ਹੈ।

Any essay from this book can be
reproduced with written permission of the
editor or publisher of this book.

**ਮੁੱਖ ਪੰਨਾ ਤਸਵੀਰ:**
ਸਿਕਲੀਗਰ ਬੱਚਾ ਧਰਮਿੰਦਰ ਸਿੰਘ -ਸਿਕਲੀਗਰ ਡੇਰਾ, ਮਾਇਸੂਰ
ਫੋਟੋਗ੍ਰਾਫਰ ਪ੍ਰੋ. ਜਗਮੋਹਨ ਸਿੰਘ

**ਕਿਤਾਬ ਟਾਈਪ ਸੈਟਿੰਗ ਅਤੇ ਡਿਜ਼ਾਇਨ:**
Big Ideas Zone, Ludhiana
www.1bigideas.com

**ਪ੍ਰਿੰਟਰ:**
Printwell, Amritsar

**ਕੀਮਤ:** ਪੇਪਰ ਬੈਕ : ₹ 100 /-
ਸੁਜਿਲਦ : ₹ 120 /-

**ਪੁਸਤਕ ਦੀ PDF ਪੜ੍ਹਨ ਲਈ ਸੰਪਰਕ ਕਰੋ ਜੀ।**

(**M**) 99150-48864, 98781-16879

# ਸਮਰਪਣ

ਗੁਰਪੁਰਵਾਸੀ ਮਾਤਾ ਹਰਭਜਨ ਕੌਰ ਜੀ ਦੀ ਮਿੱਠੀ ਯਾਦ ਵਿੱਚ

**ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ**
**ਦੇ ੫੫੦ ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ**

# ਪ੍ਰੇਰਕ ਅਤੇ ਸਹਿਯੋਗੀ

ਸ੍ਰ. ਮਲਕੀਤ ਸਿੰਘ ਸੱਗੂ, ਨਾਗਪੁਰ
ਸਾਬਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਗੁਰਪੁਰਵਾਸੀ ਬਾਬਾ ਸੁੱਚਾ ਸਿੰਘ ਜੀ, ਜਵੱਦੀ ਟਕਸਾਲ, ਲੁਧਿਆਣਾ

ਗੁਰਪੁਰਵਾਸੀ ਸ੍ਰ. ਦਿਆ ਸਿੰਘ ਭੋਂਡ, ਰਜੂਰਾ, ਮਹਾਰਾਸ਼ਟਰਾ

ਸ੍ਰ. ਜਸਵਿੰਦਰ ਸਿੰਘ ਅਕਾਲੀ, ਸਿੱਖ ਕੌਂਸਲ ਆਫ ਸਕਾਟਲੈਂਡ

ਡਾ. ਚਮਕੌਰ ਸਿੰਘ, ਸਾਬਕਾ ਸੰਪਾਦਕ 'ਗੁਰਮਤਿ ਪ੍ਰਕਾਸ਼'

# ਤਤਕਰਾ

1. ਮੁੱਖ ਬੰਦ- ਕਰੋੜਾਂ ਨਾਨਕ ਨਾਮ ਲੇਵਾ ਦੀ
ਕੌਣ ਲਵੇਗਾ ਸਾਰ?
**-ਇੰਜ: ਸੁਖਦੇਵ ਸਿੰਘ ਲਾਜ** 1
2. ਸੰਦੇਸ਼-ਸਰਦਾਰਾ ਸਿੰਘ ਜੋਹਲ 8
3. ਸੰਦੇਸ਼-ਇੰਦਰਜੀਤ ਕੌਰ 9
4. ਸੰਦੇਸ਼-ਲੈਫਟੀਨੈਂਟ ਜਰਨਲ ਕਰਤਾਰ ਸਿੰਘ ਗਿੱਲ 11
5. ਸੰਦੇਸ਼-ਲੈਫਟੀਨਲ ਕਰਨਲ ਜਗਤਾਰ ਸਿੰਘ ਮੁਲਤਾਨੀ 12
6. ਸੰਦੇਸ਼ -ਡਾ. ਅਮਰਪ੍ਰੀਤ ਸਿੰਘ ਦਿਉਲ 13
7. ਸੰਦੇਸ਼ -ਰਣਜੀਤ ਸਿੰਘ OBE 14
8. ਸੰਦੇਸ਼-ਸੁਲੱਖਣ ਸਿੰਘ ਸਮਰਾ 15
9. ਸੰਦੇਸ਼-ਗੁਰਪ੍ਰੀਤ ਸਿੰਘ 16
10. ਸੰਦੇਸ਼-ਭਾਈ ਅਸ਼ੋਕ ਸਿੰਘ ਬਾਗੜੀਆ 17
11. ਸੰਦੇਸ਼-ਕਰਮਜੀਤ ਸਿੰਘ ਔਜਲਾ 18
12. ਨਾਨਕ ਪੰਥੀ ਸੂਚੀ
**-ਸਿੰਘ ਸਾਹਿਬ ਗਿਆਨੀ ਫੌਜਾ ਸਿੰਘ** 19
13. ਨਾਨਕ ਪੰਥੀ ਸੇਵਕ ਸਿੰਘ ਸਾਹਿਬ ਗਿਆਨੀ ਫੌਜਾ ਸਿੰਘ ਜੀ
ਦੀ ਬਹੁਪੱਖੀ ਸ਼ਖ਼ਸੀਅਤ
**-ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ** 26
14. ਮੇਰਾ ਇੱਕ ਤਰਲਾ
**-ਭਾਈ ਨਿਰਮਲ ਸਿੰਘ ਖਾਲਸਾ** 28
15. ਮੁਗਲ ਰਾਜ ਵਣਜਾਰਿਆਂ ਦਾ ਸੁਨਹਿਰੀ ਦੌਰ
**-ਡਾ. ਕ੍ਰਿਪਾਲ ਸਿੰਘ ਇਤਿਹਾਸਕਾਰ** 33
17. ਦੱਖਣੀ ਸਿੱਖ
**-ਨਾਨਕ ਸਿੰਘ ਨਿਸ਼ਤਰ** 38
18. ਸਿਕਲੀਗਰ ਕਬੀਲੇ-ਇੱਕ ਨਜ਼ਰ
**-ਚਮਕੌਰ ਸਿੰਘ** 47
19. ਨਾਨਕ ਪੰਥੀ ਅਤੇ ਉਨ੍ਹਾਂ ਦੇ ਅਸਥਾਨ
**-ਜਗਮੋਹਨ ਸਿੰਘ ਗਿੱਲ** 63
20. ਜਿਹਨਾਂ ਤੋਂ ਪੰਥ ਨੂੰ ਵਿਛੋੜਿਆ ਨਹੀਂ ਗਿਆ...
**-ਜਸਵੰਤ ਸਿੰਘ ਜ਼ਫਰ** 78
21. ਬਿੱਖਰੇ 'ਤੇ ਵਿਸਰੇ ਸਿੱਖ
**-ਕ੍ਰਿਪਾਲ ਸਿੰਘ ਚੰਦਨ** 85

22. ਅਣਗੌਲੇ ਕਬੀਲੇ, ਕਰਨਲ (ਰਿਟਾ.)
**-ਡਾ. ਦਲਵਿੰਦਰ ਸਿੰਘ ਗਰੇਵਾਲ** 88
23. ਨਾਨਕ ਨਾਮ ਲੇਵਾ ਸਿੱਖਾਂ ਦੀ ਗਿਣਤੀ ਦੋ ਕਰੋੜ ਕਿ 12 ਕਰੋੜ?
**-ਸ. ਮਲਕੀਤ ਸਿੰਘ ਸੱਗੂ** 107
24. ਭੁੱਲੇ ਵਿਸਰੇ ਵੀਰਾਂ ਦੀ ਦਰਦ ਭਰੀ ਦਾਸਤਾਂ
**-ਇੰਜ: ਸੁਖਦੇਵ ਸਿੰਘ ਲਾਜ** 110
25. ਲੁਬਾਣੇ, ਵਣਜਾਰੇ, ਸਿਕਲੀਗਰਾਂ ਅਤੇ ਨਾਨਕਪੰਥੀਆਂ ਨੂੰ ਸਿੱਖ ਪੰਥ ਨਾਲ ਜੋੜਨ ਦੀ ਡਾਢ੍ਹੀ ਲੋੜ
**-ਗਿਆਨੀ ਬਚਿੱਤਰ ਸਿੰਘ ਐਡਵੋਕੇਟ** 115
26. ਵਣਜਾਰੇ
**-ਪ੍ਰੋ. ਪਿਆਰਾ ਸਿੰਘ ਪਦਮ** 122
27. ਭੁੱਲੇ ਵਿਸਰੇ ਵੀਰਾਂ ਨੂੰ ਪੰਥਕ ਮੁੱਖ ਧਾਰਾ 'ਚ ਲਿਆਂਦਾ ਜਾਏ
**-ਹਰਬੀਰ ਸਿੰਘ ਭੰਵਰ** 135
28. ਕੱਲ ਤੱਕ ਭੁੱਲੇ ਸਿਕਲੀਗਰ ਸਿੱਖ ਜਿਨ੍ਹਾਂ ਲਈ ਕੌਮ ਹੁਣ ਬੋਹੁੜ ਪਈ
**-ਪ੍ਰੋ. ਜਗਮੋਹਨ ਸਿੰਘ** 141
29. ਹਾਸ਼ੀਏ ਤੇ ਰਹਿ ਰਹੇ ਸਿੱਖਾਂ ਨੂੰ ਤਰੱਕੀ ਦੀ ਮੁੱਖ ਧਾਰਾ ਵਿੱਚ ਲਿਆਉਣ ਦੀ ਲੋੜ
**-ਹਰਚਰਨ ਸਿੰਘ ਜੋਸ਼** 150
30. ਸਿਕਲੀਗਰ-ਗੁਰਸਿੱਖਾਂ ਦੇ ਰੌਚਕ ਤੱਥ ਅਤੇ ਵਿਸ਼ੇਸ਼ ਜਾਣਕਾਰੀ
**-ਡਾ. ਹਰਪ੍ਰੀਤ ਕੌਰ ਖੁਰਾਣਾ** 158
31. ਆਉ, ਸਿਕਲੀਗਰ ਵਣਜਾਰੇ ਸਿੱਖਾਂ ਦਾ ਭਵਿੱਖ ਸਵਾਰੀਏ
**-ਰਣਜੀਤ ਸਿੰਘ ਖਾਲਸਾ** 164
32. ਸਿੱਖੀ ਦਿਓ ਵਾਰਸੋ
**-ਸਤਿਨਾਮ ਸਿੰਘ ਕੋਮਲ** 170
33. ਨਾਨਕ ਨਿਰਮਲ ਪੰਥ ਚਲਾਇਆ
**-ਡਾ. ਪਰਮਜੀਤ ਸਿੰਘ** 172
34. ਤੇਰਾ ਦਰਦ ਨਾ ਜਾਣੇ ਕੋਇ
**-ਪ੍ਰੀਤਮ ਸਿੰਘ ਮਟਵਾਣੀ** 177
35. ਉਦਾਸੀ ਸੰਪ੍ਰਦਾਇ: ਉਤਪਤੀ ਤੇ ਵਿਕਾਸ
**-ਜਸਕੀਤ ਸਿੰਘ** 180
36. ਉਦਾਸੀਆਂ ਦੀ ਸਿੱਖ ਪੰਥ ਨੂੰ ਵਢਮੁੱਲੀ ਦੇਣ
**-ਦਿਲਸ਼ੇਰ ਸਿੰਘ** 188
37. ਉਦਾਸੀ ਅਤੇ ਵਣਜਾਰੇ ਸਿੱਖਾਂ ਦਾ ਅਣਗੌਲਿਆ ਸਾਂਝਾ ਸਥਾਨ: ਸਾਵਰਦਾ ਸਾਹਿਬ (ਰਾਜਸਥਾਨ)
**-ਕਸ਼ਮੀਰ ਸਿੰਘ** 190

38. ਪੂਰਬੀ ਝਾਤ: ਬਿਹਾਰ ਦੇ ਜੱਦੀ ਸਿੱਖ
**-ਜਗਮੋਹਨ ਸਿੰਘ ਗਿੱਲ** 197
39. ਧਰਮ ਪ੍ਰਚਾਰ ਨੂੰ ਤਰਸਦੇ ਬਿਹਾਰ 'ਚ ਵੱਸਦੇ ਸਿੱਖ
**-ਸ. ਅਮਰੀਕ ਸਿੰਘ ਸ਼ੇਰ ਖਾਂ** 210
40. ਇਤਿਹਾਸ ਦੇ ਵਰਕਿਆਂ 'ਚੋਂ ਸਤਿਨਾਮੀਆਂ ਦੀ ਮੁਢਲੀ ਪਹਿਚਾਣ
**-ਜਗਦੀਸ਼ ਕੁਰੇ** 214
41. ਕੀ ਅਸੀਂ ਸਤਨਾਮੀ ਸਮਾਜ ਪ੍ਰਤੀ ਬੇਰੁਖੀ ਤਾਂ ਨਹੀਂ ਦਿਖਾ ਰਹੇ?
**-ਸਤਨਾਮ ਸਿੰਘ ਸਲ੍ਹੋਪੁਰੀ** 217
42. ਸਿੰਧੀ ਸਿੱਖ
**-ਕਰਮਜੀਤ ਸਿੰਘ ਔਜਲਾ** 222
43. ਸਿੰਧੀ ਸਿੱਖਾਂ ਦੀ ਸਿੱਖ ਧਰਮ ਸਬੰਧੀ ਸ਼ਰਧਾ ਭਾਵਨਾ
**-ਦਲਜੀਤ ਸਿੰਘ ਬੇਦੀ** 232
44. ਸਿੰਧੀ ਸਿੱਖਾਂ ਦਾ ਕੱਲ੍ਹ, ਅੱਜ ਤੇ ਭਲਕ
**-ਅਮਰੀਕ ਸਿੰਘ ਸ਼ੇਰ ਖਾਂ** 236
45. ਰਮਈਏ ਸਿੱਖਾਂ ਵਿੱਚ ਇੱਕ ਦਿਨ
**-ਸਤਿਨਾਮ ਸਿੰਘ ਕੋਮਲ** 241
46. ਰਮੱਈਆ ਸਿੱਖ ਸਮਾਜ
**-ਜਤਿੰਦਰਪਾਲ ਸਿੰਘ ਕਾਪਸੇ ਬਿਜਨੌਰ** 248
48. ਸਿੱਖ ਜੌਹਰੀ ਸਮਾਜ
**-ਡਾ. ਹਰਪ੍ਰੀਤ ਕੌਰ ਖੁਰਾਣਾ** 251
49. ਜਿੱਥੇ ਅੱਜ ਵੀ ਗੁਰੂ ਨਾਨਕ 'ਨਾਨਕ ਲਾਮਾ' ਹਨ
**-ਹਰਵਿੰਦਰ ਸਿੰਘ ਖਾਲਸਾ** 254
50. ਉੜੀਸਾ 'ਚ ਪਿੰਡ ਬੀਰੰਚੀਪੁਰ ਦੇ ਵਾਸੀ ਅੱਜ ਵੀ ਗੁਰੂ ਨਾਨਕ ਸਾਹਿਬ ਦੇ ਮੂਲ ਮੰਤਰ ਦਾ ਪਾਠ ਕਰਦੇ ਹਨ
**-ਪ੍ਰੋ. ਜਗਮੋਹਨ ਸਿੰਘ** 259
51. ਟਰੱਸਟ ਫੋਰ ਵੈਲਫੈਅਰ ਆਫ ਵਣਜਾਰਾਜ਼ ਐਂਡ ਅਦਰ ਵੀਕਰ ਸੈਕਸ਼ਨਜ਼, ਮੋਹਾਲੀ
**-ਗੁਰਕ੍ਰਿਪਾਲ ਸਿੰਘ ਢੱਟ** 261
52. ਸਿਕਲੀਗਰ, ਵਣਜਾਰਿਆਂ, ਲੁਬਾਣਿਆਂ ਦੇ ਵਿਦਿਆ ਪਸਾਰ ਕਾਰਜਾਂ ਵਿੱਚ ਜੁਟਿਆ ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ (ਆਈ. ਐਸ. ਸੀ.)
**-ਕਰਤਾਰ ਸਿੰਘ ਗਿੱਲ** 263
53. ਸਿਕਲੀਗਰ ਤੇ ਵਣਜਾਰਿਆ ਲਈ ਰਹਿਬਰ ਬਣੀ ਸੰਸਥਾ ਸਿੱਖ ਕੌਂਸਲ ਆਫ ਸਕਾਟਲੈਂਡ
**-ਰਣਜੀਤ ਸਿੰਘ ਖ਼ਾਲਸਾ** 266

54. ਗੁਰੂ ਅੰਗਦ ਦੇਵ ਵਿਦਿਅਕ ਅਤੇ ਭਲਾਈ ਕੌਂਸਲ ਲੁਧਿਆਣਾ ਦੀਆਂ ਸਿਕਲੀਗਰਾਂ ਲਈ ਸੇਵਾਵਾਂ
**–ਕਰਮਜੀਤ ਸਿੰਘ ਔਜਲਾ** 268

55. ਸਿਕਲੀਗਰ ਸਿੱਖਾਂ ਦੀ ਸੇਵਾ ਵਿੱਚ 'ਨਿਸ਼ਕਾਮ' ਦੀ ਅਮੁੱਲ ਦੇਣ
**–ਨਰਿੰਦਰ ਸਿੰਘ** 270

56. ਉਤਰਾਖੰਡ ਵਾਸੀ ਗੁਰੂ ਨਾਨਕਪੰਥੀਆਂ ਦੀ ਸੇਵਾ ਵਿੱਚ
**–ਦਵਿੰਦਰ ਸਿੰਘ ਬਿੰਦਰਾ** 274

57. ਮਹਾਰਾਸ਼ਟਰਾ ਦੇ ਸਿਕਲੀਗਰ ਸਿੱਖਾਂ ਦੀ ਵਿਦਿਅਕ ਸੇਵਾ ਅਤੇ ਅਜੋਕੇ ਲਾਕਡਾਊਨ ਵਿੱਚ ਸੰਭਾਲ
**–ਕੁਲਵੰਤ ਸਿੰਘ** 277

58. ਵਿਦਿਆ ਤੇ ਸੇਵਾ ਨੂੰ ਸਮਰਪਿਤ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨ ਟਰੱਸਟ ਯੂ. ਕੇ.
**–ਜਸਜੀਤ ਸਿੰਘ ਆਹਲੂਵਾਲੀਆ, ਆਈ. ਆਰ. ਐਸ.** 281

59. ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥ ਤਾ ਮੇਰੈ ਮਨਿ ਭਇਆ ਨਿਧਾਨਾ॥
**–ਗੁਰਮੀਤ ਸਿੰਘ ਗੌਰਵ** 282

60. ਦਾਨ ਦੀਉ ਇਨ ਹੀ ਕੋ ਭਲੋ
**–ਪ੍ਰੋ. ਕਵਲਜੀਤ ਕੌਰ ਅਰੋੜਾ** 285


61. ਆਓ! ਜ਼ਰਾ ਸੋਚੀਏ!
**–ਹਰਕ੍ਰਿਸ਼ਨ ਸਿੰਘ ਪੁਨੀਤ ਲੰਡਨ** 288

62. ਅਜੇ ਵੀ ਸਮਾਂ ਹੈ ਭੁੱਲੇ-ਵਿਸਰੇ (ਗੁਰੂ) ਨਾਨਕ ਪੰਥੀਆਂ ਨੂੰ ਆਪਣੇ ਨਾਲ ਜੋੜਨ ਦਾ
**–ਡਾ. ਜਸਵੰਤ ਸਿੰਘ** 290

64. ਜਾਗ ਐ ਪੂਰਬ! ਜਾਗ ਐ ਪੱਛਮ!! ਵਣਜਾਰੇ ਤੇ ਸਿਕਲੀਗਰ ਵੀਰਾਂ ਦੀ ਸਾਰ ਤੇ ਸੰਭਾਲ ਹਿੱਤ ਸਮੁੱਚੇ ਸਿੱਖ ਜਗਤ ਨੂੰ ਅਪੀਲ
**–ਨਿਰਵੈਰ ਸਿੰਘ ਅਰਸ਼ੀ** 293


65. ਵਿਸ਼ੇ ਸੂਚੀ 295

# ਸਿਕਲੀਗਰ ਸਿੱਖਾਂ ਬਾਰੇ ਮਹਾਰਾਸ਼ਟਰ ਤੋਂ ਸ੍ਰ. ਦਿਆ ਸਿੰਘ ਭੌਂਡ ਦਾ ਸੁਖਦੇਵ ਸਿੰਘ ਲਾਜ ਨੂੰ ਲਿਖਿਆ ਆਖਰੀ ਖ਼ਤ


ੴ
ਸਤਿਗੁਰ ਪ੍ਰਸਾਦਿ

ਸਿਕਲੀਗਰਾਂ ਦੇ ਅਜੋਕੇ ਹਲਾਤਾਂ ਬਾਰੇ ਬਜ਼ੁਰਗ ਦਿਆ ਸਿੰਘ ਭੋਂਡ (ਪਿੰਡ ਤੇ ਡਾਕਖਾਨਾ ਰਾਜੁਰਾ, ਜ਼ਿਲ੍ਹਾ ਚੰਦਰਪੁਰ, ਮਹਾਰਾਸ਼ਟਰ) ਕੋਈ 5-6 ਸਾਲ ਇਸ ਪੁਸਤਕ ਦੇ ਸੰਪਾਦਕ ਸੁਖਦੇਵ ਸਿੰਘ ਲਾਜ ਨਾਲ ਸਿੱਖ ਕੌਮੀ ਆਗੂਆਂ ਨੂੰ ਮਿਲ ਕੇ ਆਪਣਾ ਦੁਖੜਾ ਸਾਂਝਾਂ ਕਰਦੇ ਰਹੇ। ਵੇਰਵੇ ਲਈ ਵੇਖੋ ਲੇਖ ਪੰਨਾ 110

# ਵਣਜਾਰਿਆਂ ਦੇ ਪਿੰਡ ਪੂਸਾਗੋਂਦੀ, ਨਾਗਪੁਰ ਤੋਂ ਮਿਲਿਆ ਸੰਮਤ 1909 ਦਾ ਤਖਤ ਹਜ਼ੂਰ ਸਾਹਿਬ ਵੱਲੋਂ ਜਾਰੀ ਹੁਕਮਨਾਮਾ



## ਹੁਕਮਨਾਮੇ ਦੀ ਮੋਹਰ

### ਯਾਫ਼ਤ ਅਜ ਨਾਨਕ ਗੁਰੂ ਗੋਬਿੰਦ ਸਿੰਘ

ੴ ਵਾਹਿਗੁਰੂ ਜੀ ਕੀ ਫਤਹ ਹੈ ਹ ॥ ਸਤਿ ਸ੍ਰੀ ਮਹਾਰਾਜ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਪੂਰਨ ਗੁਰੂ ਅਵਤਾਰ। ਜਗ ਮਗ ਜੋਤ ਬਿਰਾਜ ਰਹੀ ਸ੍ਰੀ ਅਬਚਲ ਨਗਰ ਅਪਾਰ । ਸਰਬ ਉਪਮਾ ਜੋਗ ਗੁਰੂ ਕੇ ਸਿੱਖ ਸੇਵਕ ਤੋਂ ਜਾਤਿ ਤ੍ਰਿਮਕ ਨਾਇਕ ਰਾਠੌਰ ਧਰਮੁ ਸੌਤ ਹੋਰ ਸਬ ਬਨਜਾਰੇ ਸਿੱਖ ਛਾਵਨੀ ਨਸਤਰਪੁਰ ਨੇਹਾਲ ਡੋਗਰੀ ਲਿਖਤਮ ਹਜ਼ੂਰ ਦਰਬਾਰ ਸਾਹਿਬ ਸ੍ਰੀ ਅਬਚਲ ਨਗਰ ਕਰਨ ਕਾਰਣ ਸਚੇ ਖੰਡ ਕੇ ਦਰਬਾਰ ਸਾਹਿਬ ਕੋ ਸਰਬਤ ਖਾਲਸਾ ਜੀ ਵਾਹਿਗੁਰੂ ਜੀ ਕੀ ਫਤਹਿ ਬੋਲੀ ਹੈ ਬੁਲਾਵਣੀ ਜੀ। ਹਜ਼ੂਰ ਸਾਹਿਬ ਜੀ ਮੈਂ ਤੁਮਨੇ ਸੁੰਦਰ ਸਿੰਘ ਕੇ ਹਥੀ ਏਕ ਸੈ ਏਕ 101 ਰੁਪਯੇ ਭੇਜੇ ਸੋ ਪਹੁੰਚੇ ਹਜ਼ੂਰ ਸਾਹਿਬ ਜੀ ਮੈਂ ਤੁਮਾਰੀ ਅਰਦਾਸ ਹੋਈ। ਗੁਰੂ ਮਹਾਰਾਜ ਤੁਮਾਰੀ ਸਬਕੀ ਕਮਾਈ ਮੈਂ ਬਰਕਤ ਦੇਵੈ ਜੀ ਹੋਰ ਲਖਮਾ ਨਾਇਕ ਕੇ ਨਾਮ ਕੀ ਭੀ ਅਰਦਾਸ ਹੋਈ ਹਜ਼ੂਰ ਕੀ ਟਹਿਲ ਸੇਵਾ ਲੈਚ ਕੇ ਕਰਤੇ ਰਹਿਨਾ ਜੀ ਸੁੰਦਰ ਸਿੰਘ ਨੇ ਹਜ਼ੂਰ ਮੈਂ ਸੋਲਾ ਰੁਪਏ ਜਾਵਾ ਖਰਚ ਕਰਾਏ ਹੈਨ ਏਸ ਕੋ ਦੇਨਾ ਗੁਰੂ ਮਹਾਰਾਜ ਤੁਮਾਰੀ ਕਮਾਈ ਮੈਂ ਬਰਕਤ ਦੇਵੇਗਾ। ਗੁਰੂ ਨਿਹਾਲ ਕਰੇਗਾ ਜੀ ਬੈਸਾਖ ਵਦੀ ੧ ਸੰਬਤ ੧੯੦੯।

2 ਨਵੰਬਰ 1979 ਨੂੰ ਨਾਗਪੁਰ ਵਾਸੀ ਚੰਨਣ ਸਿੰਘ ਦੇ ਉਦਮ ਸਦਕਾ ਲੇਖਕ ਪ੍ਰੋ. ਪਿਆਰਾ ਸਿੰਘ ਪਦਮ ਨੂੰ ਪਿੰਡ ਪੂਸਾਗੋਂਦੀ ਵਿਖੇ ਭਾਈ ਭੋਜੇ ਤ੍ਰਿਮਿਕ ਨਾਇਕ ਆਦਿ ਵਣਜਾਰੇ ਸਿੱਖਾਂ ਦੇ ਨਾਮ ਹਜ਼ੂਰ ਸਾਹਿਬ ਵੱਲੋਂ ਜਾਰੀ ਉਪਰੋਕਤ ਹੁਕਮਨਾਮਾ ਵੇਖਣ ਨੂੰ ਮਿਲਿਆ। ਇਸ ਤੋਂ ਪ੍ਰਤੀਕ ਹੁੰਦਾ ਹੈ ਕਿ ਵਣਜਾਰੇ ਚਿਰਾਂ ਤੋਂ ਸਿੱਖੀ ਨਾਲ ਜੁੜੇ ਹਨ ਅਤੇ ਸਤਿਗੁਰਾਂ ਦੀ ਸੇਵਾ ਕਰਦੇ ਆਏ ਹਨ। ਵੇਰਵੇ ਲਈ ਦੇਖੋ ਲੇਖ ਪੰਨਾ ਨੰਬਰ 122

## ਮੁੱਖ ਬੰਦ

# ਕਰੋੜਾਂ ਨਾਨਕ ਨਾਮਲੇਵਾਂ ਦੀ ਕੌਣ ਲਵੇਗਾ ਸਾਰ?

### ਇੰਜ. ਸੁਖਦੇਵ ਸਿੰਘ 'ਲਾਜ'

ਸਿਕਲੀਗਰ ਵਣਜਾਰਿਆਂ ਦੇ ਜੀਵਨ ਸਫਰ ਨੂੰ ਨੇੜੇ ਹੋ ਵੇਖਣ ਸਮਝਣ ਬਾਅਦ ਇਹ ਕਿਤਾਬ ਮੇਰੀ ਪਿਆਰੀ, ਸਤਕਾਰ ਦੀ ਹੱਕਦਾਰ ਪਰ ਅਵੇਸਲੀ ਕੌਮ ਨੂੰ ਇਕ ਹਲੂਣਾ ਹੈ। ਇਸ ਕਿਤਾਬ ਵਿੱਚ ਉਨ੍ਹਾਂ ਕਰੋੜਾਂ ਨਾਨਕ ਨਾਮਲੇਵਾਂ ਨਾਨਕ ਪੰਥੀਆਂ ਦੀਆਂ ਚੀਕਾਂ, ਕੂਕਾਂ ਅਤੇ ਫਰਿਆਦਾਂ ਹਨ ਜੋ ਅੱਜ ਅਸਮਾਨ ਨੂੰ ਤਾਂ ਚੀਰ ਰਹੀਆਂ ਹਨ ਪਰ ਸ਼ਾਇਦ ਪੰਥ ਦੇ ਵਿਹੜੇ ਉਨ੍ਹਾਂ ਦੀ ਦਸਤਕ ਪੂਰੀ ਤਰ੍ਹਾਂ ਨਹੀਂ ਪਹੁੰਚੀ। ਇਹ ਕਿਤਾਬ ਉਨ੍ਹਾਂ ਆਵਾਜ਼ਾਂ ਦੀ ਤਰਜ਼ਮਾਨੀ ਹੈ ਅਤੇ ਸਿੱਖ ਜਗਤ ਨੂੰ ਉਨ੍ਹਾਂ ਬਾਰੇ ਜਾਣੂ ਕਰਾਉਣ ਦਾ ਇਕ ਨਿਮਾਣਾ ਪਰ ਗੰਭੀਰ ਯਤਨ ਹੈ।

ਅਣਗੌਲੇ ਤੇ ਵਿਸਰੇ ਨਾਨਕਪੰਥੀਆਂ ਦੀਆਂ ਤਕਲੀਫਾਂ ਤੇ ਸਮੱਸਿਆਵਾਂ ਬਹੁਤ ਵੱਡੀਆਂ ਅਤੇ ਗੰਭੀਰ ਹਨ। ਇਹ ਪੁਸਤਕ ਉਨ੍ਹਾਂ ਕਰੋੜਾਂ ਪਰਿਵਾਰਾਂ ਬਾਰੇ ਹੈ, ਜਿਨ੍ਹਾਂ ਦੇ ਪੂਰਵਜਾਂ ਨੇ ਆਪਣੇ ਪਿਆਰੇ ਗੁਰੂ ਤੋਂ ਧਨ, ਦੌਲਤ, ਜ਼ਮੀਨ, ਜਾਇਦਾਦ ਅਤੇ ਆਪਣੀਆਂ ਜਾਨਾਂ ਵਾਰ ਕੇ ਲਾਸਾਨੀ ਸ਼ਹੀਦ ਬਣਨ ਦਾ ਰੁਤਬਾ ਹਾਸਲ ਕੀਤਾ ਸੀ।

ਸਮੇਂ ਦਾ ਗੇੜ ਅਤੇ ਸਿੱਖ ਕੌਮ ਦੀ ਘੋਰ ਅਣਗਹਿਲੀ ਅਤੇ ਉਨ੍ਹਾਂ ਦੀ ਵੱਖਰੀ ਜੀਵਨ ਜਾਚ ਸਦਕਾ, ਇਹ ਮਹਾਨ ਕੁਰਬਾਨੀਆਂ ਕਰਨ ਵਾਲੇ ਮਰਜੀਵੜਿਆਂ ਦੀਆਂ ਔਲਾਦਾਂ ਅੱਜ ਝੁੱਗੀਆਂ-ਝੌਂਪੜੀਆਂ ਵਿਚ ਰੁੱਲ ਰਹੀਆਂ ਹਨ। ਆਪਣੇ ਗੁਰੂ ਦੀ ਯਾਦ ਵਿੱਚ ਦਿਨ-ਕਟੀ ਕਰਦੀ ਹੋਈ ਆਪਣੇ ਪਿਆਰੇ ਪੰਥ ਨੂੰ ਆਵਾਜ਼ਾਂ ਮਾਰ ਰਹੀ ਹੈ।

ਅੱਜ ਤੋਂ ਕੋਈ 122 ਸਾਲ ਪਹਿਲਾਂ, ਸਿੰਘ ਸਭਾ ਲਹਿਰ ਦੇ ਮੋਢੀ ਪੰਥ ਰਤਨ ਗਿਆਨੀ ਦਿੱਤ ਸਿੰਘ ਜੀ ਨੇ ਆਪਣੀ ਅਖਬਾਰ 'ਖਾਲਸਾ ਅਖਬਾਰ ਲਾਹੌਰ' ਦੇ 28 ਅਗਸਤ 1898 ਦੇ ਅੰਕ ਵਿਚ ਅਜਿਹੇ ਵਿਚਾਰ ਪ੍ਰਗਟ ਕਰਦਿਆਂ ਹੋਕਾ ਭਰਿਆ ਸੀ: **"ਸਿਕਲੀਗਰ ਜੋ ਮਾਰਵਾੜੀ ਖਾਲਸਾ ਹੈ ਤੇ ਵਿਚਾਰੇ ਝੁੱਗੀਆਂ ਪਾ ਕੇ ਬਾਹਰ ਬੈਠੇ ਹਨ ਅਤੇ ਇਨ੍ਹਾਂ ਦਾ ਕੰਮ ਸ਼ਸਤਰ ਬਣਾ ਕੇ ਵੇਚਣੇ ਅਤੇ ਸ਼ਿਕਾਰ ਮਾਰ ਕੇ ਨਿਰਬਾਹ ਕਰਨਾ ਹੈ ਪ੍ਰੰਤੂ ਖਾਲਸਾ ਧਰਮ ਵਿੱਚ ਇਹ ਲੋਕ ਪੱਕੇ ਪਾਏ ਜਾਂਦੇ ਹਨ, ਜੋ ਕੈਂਚੀ ਜਾਂ ਉਸਤਰਾ ਸਿਰ ਤੇ ਲਾਉਣਾ ਆਪਣੀ ਮੌਤ ਦਾ ਨਮੂਨਾ ਜਾਣਦੇ ਹਨ। ਇਸ ਤਰਫ ਵੀ ਖਾਲਸਾ ਨੇ ਕੋਈ ਖਿਆਲ ਨਹੀਂ ਕੀਤਾ।"**

ਇਕ ਸਦੀ ਤੋਂ ਵਧ ਬਾਅਦ ਹੁਣ ਜਦ ਅਸੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾ ਰਹੇ ਹਾਂ ਤਾਂ ਇਹ ਪੁਰਬ ਮਨਾਇਆ ਤਾਂ ਹੀ ਸਫਲ ਗਿਣਿਆ ਜਾਵੇਗਾ ਜੇ ਅਸੀਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਮੇਂ ਤੋਂ ਉਨ੍ਹਾਂ ਨਾਲ ਜੁੜੇ ਆਪਣੇ ਕਰੋੜਾਂ ਨਾਨਕ ਪੰਥੀਆਂ ਨੂੰ, ਜੋ ਥਾਂ-ਥਾਂ ਤੇ ਬਿਖਰੇ

ਮੋਤੀਆਂ ਵਾਂਗ ਨਜ਼ਰ ਆ ਰਹੇ ਹਨ, ਉਨ੍ਹਾਂ ਨੂੰ ਆਪਣੇ ਗਲੇ ਨਾਲ ਲਾਈਏ।

ਇਹ ਇੱਕ ਬੜੀ ਵੱਡੀ ਵੰਗਾਰ ਹੈ ਜਿਸਨੂੰ ਸਵੀਕਾਰ ਕਰਨਾ ਸਾਡਾ ਸਭ ਦਾ ਸਾਂਝਾ ਫਰਜ਼ ਹੈ। ਮਾਨਯੋਗ ਪੱਤਰਕਾਰ ਹਰਬੀਰ ਸਿੰਘ 'ਭੰਵਰ' ਨੇ ਅਜੀਤ ਅਖ਼ਬਾਰ ਵਿਚ ਆਪਣੇ ਲੇਖ "ਵਣਜਾਰਿਆਂ ਤੇ ਸਿਕਲੀਗਰਾਂ ਨੂੰ ਪੰਥ ਦੀ ਮੁਖਧਾਰਾ ਵਿਚ ਲਿਆਂਦਾ ਜਾਵੇ" ਵਿਚ ਪੰਥਕ ਆਗੂਆਂ ਨੂੰ ਟੁੰਬਦਿਆ ਆਖਿਆ ਸੀ: "ਕਈ ਸਿੱਖ ਸੰਸਥਾਵਾਂ ਤੇ ਜਥੇਬੰਦੀਆਂ ਨੇ ਆਪਣੀ-ਆਪਣੀ ਸਮਰੱਥਾ ਅਨੁਸਾਰ ਕਾਰਜ ਆਰੰਭਿਆ ਵੀ ਹੈ। ਪਰ ਇਹ ਕਾਰਜ ਇੰਨਾ ਵੱਡਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਤਖ਼ਤ ਸ੍ਰੀ ਪਟਨਾ ਸਾਹਿਬ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਵੀ ਵੱਸ ਦਾ ਨਹੀਂ ਸਗੋਂ ਸਮੁੱਚੇ ਪੰਥ ਦਾ ਸਾਂਝਾ ਕਾਰਜ ਹੈ।"

ਨੈਸ਼ਨਲ ਐਵਾਰਡੀ ਵਿਦਿਅਕ ਮਾਹਿਰ ਰਣਜੀਤ ਸਿੰਘ ਨੇ ਆਪਣੇ ਲੇਖ 'ਬਿਖਰੇ ਮੋਤੀ' ਵਿੱਚ ਇਸੀ ਗੱਲ ਨੂੰ ਦੁਹਰਾਇਆ ਹੈ, **"ਨਾਨਕਪੰਥੀ ਇਸ ਉਡੀਕ ਵਿੱਚ ਹਨ ਕਿ ਕੋਈ ਪੰਥਕ ਰਹਿਬਰ ਸਾਡੀ ਬਾਂਹ ਫੜ ਕੇ ਸਾਨੂੰ ਆਪਣੇ ਗਲ ਲਾਉਣ ਅਤੇ ਸਾਡੇ ਭਵਿੱਖ ਬਾਰੇ ਕੋਈ ਯੋਜਨਾ ਤਿਆਰ ਕਰਨ।"**

ਕਾਫੀ ਅਰਸਾ ਪਹਿਲਾਂ ਮੈਨੂੰ ਰਵੇਲ ਸਿੰਘ ਐਡਵੋਕੇਟ ਦਾ "ਨਾਨਕ ਨਾਮਲੇਵਾ ਨੂੰ ਇੱਕਠਾ ਕਰਨ ਦੀ ਲੋੜ" ਸਿਰਲੇਖ ਹੇਠ ਛਪਿਆ ਇੱਕ ਬਹੁਤ ਹੀ ਦੁਰਲਭ ਲੇਖ ਪ੍ਰਾਪਤ ਹੋਇਆ। ਮਾਨਯੋਗ ਲਿਖਾਰੀ ਨੇ ਲਿਖਿਆ ਸੀ, **"ਇਸ ਬਿਖਰੇ ਸਮੇਂ ਨਾਮਧਾਰੀ ਸੰਪਰਦਾਇ ਦੇ ਮੁਖੀ ਬਾਬਾ ਪ੍ਰਤਾਪ ਸਿੰਘ ਜੀ ਨੇ ਗੁਰੂ ਨਾਨਕ ਨਾਮਲੇਵਾ ਸਰਬੱਤ ਸਿੱਖਾਂ ਨੂੰ ਇਕੱਠਾ ਕਰਨ ਦਾ ਯਤਨ ਕੀਤਾ। 14-15 ਅਕਤੂਬਰ 1934 ਨੂੰ ਉਨ੍ਹਾਂ ਵੱਲੋਂ ਭੈਣੀ ਸਾਹਿਬ ਵਿਖੇ ਇਕ ਕਾਨਫਰੰਸ ਕੀਤੀ ਗਈ। ਭਾਈ ਸਾਹਿਬ ਭਾਈ ਅਰਜਨ ਸਿੰਘ ਬਾਗੜੀਆਂ ਨੂੰ ਇਸ ਕਾਨਫਰੰਸ ਦਾ ਪ੍ਰਧਾਨ ਬਣਾਇਆ ਗਿਆ। ਇਸ ਕਾਨਫਰੰਸ ਵਿੱਚ ਸ੍ਰ. ਸੁੰਦਰ ਸਿੰਘ ਮਜੀਠੀਆ, ਭਾਈ ਕਾਨ੍ਹ ਸਿੰਘ ਨਾਭਾ, ਭਾਈ ਜੋਧ ਸਿੰਘ, ਪ੍ਰੋ: ਤੇਜਾ ਸਿੰਘ, ਪ੍ਰੋ: ਗੰਗਾ ਸਿੰਘ, ਗਿਆਨੀ ਸ਼ੇਰ ਸਿੰਘ ਅਕਾਲੀ ਦਲ ਦੇ ਹੋਰ ਨੇਤਾ, ਚੀਫ਼ ਖਾਲਸਾ ਦੀਵਾਨ ਬੁੱਢਾ ਦਲ, ਅਡਣਸ਼ਾਹੀ ਉਦਾਸੀਨ ਮਹਾਂ ਮੰਡਲ ਦੇ ਪ੍ਰਤੀਨਿਧ ਸ਼ਾਮਲ ਹੋਏ।"**

ਸਾਰਿਆਂ ਨੇ ਇਸ ਉੱਦਮ ਦੀ ਸ਼ਲਾਘਾ ਕੀਤੀ ਅਤੇ ਸਰਬ-ਸੰਮਤੀ ਨਾਲ ਇਕ ਮਤਾ ਪਾਸ ਕੀਤਾ ਗਿਆ **"ਸ੍ਰੀ ਗੁਰੂ ਨਾਨਕਦੇਵ ਜੀ ਨੂੰ ਮੰਨਣ ਵਾਲੀਆਂ ਸਭ ਸੰਪਰਦਾਵਾਂ ਆਪਣੇ ਅਸੂਲਾਂ ਦਾ ਪ੍ਰੇਮ ਪਿਆਰ ਅਤੇ ਵਿਦਵਤਾ ਸਾਹਿਤ ਮੰਡਨ ਰੂਪ ਵਿੱਚ ਪ੍ਰਚਾਰ ਕਰਨ ਅਤੇ ਇੱਕ ਦੂਜੇ ਦੇ ਸਿਧਾਤਾਂ ਨੂੰ, ਵਿਚਾਰਾਂ ਨੂੰ ਖੰਡਨ ਕਰਨ ਦੀ ਪਰਪਾਟੀ ਬੰਦ ਕਰ ਦਿੱਤੀ ਜਾਵੇ।"**

1934 ਤੋਂ ਮਗਰੋਂ ਵੀ ਅਜਿਹੀਆਂ ਕਾਨਫਰੰਸਾਂ ਹੋਈਆਂ ਪਰ ਜਗ ਜਾਹਿਰ ਹੈ ਕਿ ਪ੍ਰਤਖ ਰੂਪ ਵਿਚ ਕੋਈ ਉਧਮ ਨਹੀ ਕੀਤਾ ਗਿਆ। ਗੰਭੀਰ ਵਿਚਾਰਾਂ ਹੋਈਆਂ, ਮਤੇ ਪਾਸ ਕੀਤੇ ਗਏ ਪਰ ਮਸਲੇ ਦਾ ਪੱਕਾ ਹੱਲ ਲੱਭਣ ਲਈ ਕੋਈ ਵਿਉਂਤ ਜ਼ਾ ਪੈਂਤੜਾ ਨਾ ਅਪਨਾਇਆ ਗਿਆ।

ਅਜੋਕੇ ਸਮੇਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ

ਮਨਾਉਣ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 10 ਅਕਤੂਬਰ 2019 ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਵਿੱਚ ਭਾਈ ਗੋਬਿੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਸਮੂਹ ਗੁਰੂ ਨਾਨਕ ਨਾਮਲੇਵਾ ਸਿੱਖਾਂ ਦਾ ਇੱਕ ਸੰਮੇਲਨ ਬੁਲਾਇਆ ਗਿਆ। ਇਸ ਸੰਮੇਲਨ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ’ਤੇ ਵਿਸ਼ਵਾਸ਼ ਰੱਖਣ ਵਾਲੇ ਵਣਜਾਰੇ, ਸਿਕਲੀਗਰ, ਸਿੰਧੀ, ਅਫ਼ਗਾਨੀ, ਮਰਦਾਨੇਕੇ, ਲਾਮੇ, ਅਸਾਮੀ, ਖੋਸਤੀ, ਉਦਾਸੀ, ਨਿਰਮਲੇ, ਸਤਨਾਮੀ ਆਦਿ ਨੂੰ ਸਦਾ ਪੱਤਰ ਭੇਜੇ ਗਏ। ਇਸ ਸੰਮੇਲਨ ਵਿਚ ਦਾਸ ਨੇ ਵੀ ਹਾਜਰੀ ਭਰੀ। ਇਸ ਸੰਮੇਲਨ ਦਾ ਨਜ਼ਾਰਾ ਦੇਖਣ ਯੋਗ ਸੀ। ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਉਨ੍ਹਾਂ ਨੂੰ ਪੰਥਕ ਪਰੰਪਰਾ ਤਹਿਤ ਸਨਮਾਨਤ ਵੀ ਕੀਤਾ ਗਿਆ। ਜਿਨ੍ਹਾਂ ਨਾਨਕ ਨਾਮ ਲੇਵਾ ਨੂੰ ਸਨਮਾਨਤ ਕੀਤਾ ਗਿਆ ਉਨ੍ਹਾਂ ਦੇ ਚਿਹਰਿਆਂ ‘ਤੇ ਜੋ ਖੁਸ਼ੀ ਝਲਕ ਰਹੀ ਸੀ ਉਹ ਬਿਆਨ ਤੋਂ ਬਾਹਰ ਹੈ। ਸਨਮਾਨਤ ਹੋਣ ਉਪਰੰਤ ਕਈ ਗੁਰੂ ਨਾਨਕ ਨਾਮਲੇਵਾ ਜੋ ਪਹਿਲਾਂ ਦਸਤਾਰ ਨਹੀਂ ਸਜਾਂਦੇ ਸਨ, ਉਨ੍ਹਾਂ ਨੇ ਦਸਤਾਰ ਸਜਾਉਣੀ ਸ਼ੁਰੂ ਕਰ ਦਿੱਤੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ 100 ਸਾਲਾ ਇਤਿਹਾਸ ਵਿੱਚ ਸ਼ਾਇਦ ਇਹ ਪਹਿਲੀ ਵਾਰ ਸੀ ਜਦ ਨਾਨਕ ਪੰਥੀਆਂ ਦਾ ਸੰਮੇਲਨ ਬੁਲਾਇਆ ਗਿਆ ਹੋਵੇ। ਸ੍ਰੀ ਅਕਾਲ ਤਖਤ ਸਾਹਿਬ ਦੇ ਐਕਟਿੰਗ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜੱਥੇਦਾਰ ਗਿਆਨੀ ਰਘਬੀਰ ਸਿੰਘ, ਸ੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਸਮੇਤ ਹੋਰ ਨੁਮਇੰਦਿਆਂ ਨੇ ਹਾਜ਼ਰੀ ਭਰੀ ਤੇ ਆਪਣੇ ਵਿਚਾਰ ਸਾਂਝੇ ਕੀਤੇ।

ਸਾਰਿਆਂ ਦੀ ਰਾਇ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫੇ ਦੀ ਰੌਸ਼ਨੀ ਵਿੱਚ ਗੁਰੂ ਨਾਨਕ ਨਾਮਲੇਵਾ ਲਈ ਸਾਂਝੇ ਯਤਨ ਕੀਤੇ ਜਾਣ। ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਕਿਹਾ ਕਿ “ਗੁਰੂ ਨਾਨਕ ਦੇਵ ਜੀ ਨੇ ਸਮਾਜ ਅੰਦਰ ਆਪਸੀ ਵੱਖਰੇਵਿਆਂ ਨੂੰ ਖਤਮ ਕਰਕੇ ਮਨੁੱਖੀ ਏਕਤਾ ਦਾ ਸੁਨੇਹਾ ਦਿੱਤਾ ਸੀ।ਗੁਰੂ ਸਾਹਿਬ ਦੀ ਇਸ ਵੱਡਮੁਲੀ ਸੋਚ ਨੂੰ ਪ੍ਰਣਾਏ ਭਾਈਚਾਰੇ ਸਿੱਖ ਸਮਾਜ ਦਾ ਇੱਕ ਅਹਿਮ ਹਿੱਸਾ ਹਨ ਅਤੇ ਉਨ੍ਹਾਂ ਨੂੰ ਕਲਾਵੇ ਵਿੱਚ ਲੈਣ ਦੀ ਲੋੜ ਹੈ।” ਜੱਥੇਦਾਰ ਰਘਬੀਰ ਸਿੰਘ ਜੀ ਨੇ ਕਿਹਾ ਕਿ “ਸਰਬੱਤ ਦਾ ਭਲਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਹੈ।” ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਐਲਾਨ ਕੀਤਾ ਕਿ “ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ ਨਾਨਕ ਨਾਮਲੇਵਾ ਭਾਈਚਾਰੇ ਲਈ ਇੱਕ ਵੱਖਰਾ ਵਿਭਾਗ ਕਾਇਮ ਕਰ ਰਹੀ ਹੈ ਤਾਂ ਜੋ ਇਹਨਾਂ ਨਾਲ ਲਗਾਤਾਰ ਸੰਪਰਕ ਬਣਿਆ ਰਹੇ।” ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮੰਨਣ ਵਾਲਿਆਂ ਦੇ ਇਤਿਹਾਸ ਬਾਰੇ ਵਿਸਥਾਰ ਨਾਲ ਦਸਿਆ।”

ਵੱਖਰੇ ਵੱਖਰੇ ਸੰਪ੍ਰਦਾਵਾਂ ਤੋਂ ਆਏ ਆਗੂਆਂ ਵਿਚ ਦਰਸ਼ਨ ਸਿੰਘ ਦਿੱਲੀ ਖੋਸਤੀ ਸਮਾਜ, ਮਹੰਤ ਕਾਹਨ ਸਿੰਘ ਸੇਵਾ ਪੰਥੀ ਪੰਚਮ ਦਾਸ ਬਿਹਾਰ ਨਾਨਕ ਸ਼ਾਹੀ ਸਮਾਜ ਸੰਤ ਰਮਿੰਦਰ ਦਾਸ ਅਤੇ ਸਵਾਮੀ ਸ਼ਾਂਤਾ ਨੰਦ ਉਦਾਸੀ, ਸੰਤ ਨਿਰਮਲ ਸਿੰਘ ਨਿਰਮਲੇ, ਐਲ.

ਪੀ. ਸਿੰਘ ਅਤੇ ਮਨਜੀਤ ਸਿੰਘ ਲੰਕਾ, ਅਸਾਮੀ ਸਮਾਜ, ਬਾਬਾ ਦਲਜੀਤ ਸਿੰਘ ਸ਼ਿਕਾਗੋ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਬਾਬਾ ਨੌਰੰਗ ਸਿੰਘ, ਬਾਬਾ ਗੁਰਚਰਨ ਸਿੰਘ ਪੰਡਵਾਂ, ਸੰਤ ਰਿਖੀ ਰਾਜ, ਸੰਤ ਹਰਚਰਨ ਦਾਸ ਅਤੇ ਉਦਾਸੀ ਸੰਤ ਮਹਾਤਮਾ ਹਾਜਰ ਸਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੀਆਂ ਵੱਖ-ਵੱਖ ਦਿਸ਼ਾਵਾਂ ਵੱਲ ਕੀਤੀਆਂ ਚਾਰ ਉਦਾਸੀਆਂ ਦੌਰਾਨ, ਦੱਬੇ ਕੁਚਲੇ ਸਮਾਜ ਵੱਲੋਂ ਜਿਨ੍ਹਾਂ ਨੂੰ ਨੀਵੀਆਂ ਜਾਤਾਂ ਵਾਲੇ ਕਹਿ ਕੇ ਨਫ਼ਰਤ ਕੀਤੀ ਜਾਂਦੀ ਰਹੀ ਹੈ, ਉਨ੍ਹਾਂ ਨੂੰ ਆਪਣੀ ਗਲਵਕੜੀ ਵਿਚ ਲੈ ਕੇ ਕਲੇਜੇ ਨਾਲ ਲਾਇਆ। ਉੱਚੀਆਂ ਜਾਤਾਂ ਦੀ ਹਉਮੈ ਪਾਲਣ ਵਾਲਿਆਂ ਨੂੰ ਸੰਬੋਧਤ ਕਰਦੇ ਹੋਏ ਇਹ ਐਲਾਨ ਕਰ ਦਿੱਤਾ ਕਿ ਜਿਨ੍ਹਾਂ ਨੂੰ ਤੁਸੀਂ ਸਭ ਤੋਂ ਨੀਵਾਂ ਸਮਝਦੇ ਹੋ, ਨਫ਼ਰਤ ਕਰਦੇ ਹੋ, ਮੈਂ ਉਨ੍ਹਾਂ ਨਾਲ ਖੜ੍ਹਾ ਹਾਂ। ਉਹ ਮੇਰੇ ਹਨ ਅਤੇ ਮੈਂ ਉਨ੍ਹਾਂ ਦਾ ਹਾਂ। ਮੇਰਾ ਉਚ ਜਾਤਾਂ ਦੀ ਹਉਮੈ ਪਾਲਣ ਵਾਲਿਆਂ ਨਾਲ ਕੋਈ ਵਾਸਤਾ ਨਹੀਂ, ਕੋਈ ਰੀਸ ਨਹੀਂ। ਆਪ ਨੇ ਬਚਨ ਕੀਤਾ ਹੈ:

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥**

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਦੌਰਾਨ ਦੂਰ-ਦੁਰਾਡੇ ਜਿੱਥੇ ਵੀ ਗਏ ਸੰਗਤਾਂ ਨੇ ਉਹਨਾਂ ਦਾ ਪ੍ਰਭਾਵ ਕਬੂਲਿਆ। ਗੁਰੂ ਨਾਨਕ ਦੇਵ ਜੀ ਨੇ ਬੇਅੰਤ ਲੋਕਾਂ ਨੂੰ ਸਿੱਖ ਬਣਾਇਆ, ਧਰਮਸ਼ਾਲਾਵਾਂ ਸਥਾਪਿਤ ਕਰਵਾਈਆਂ ਅਤੇ ਉਥੇ ਉਨ੍ਹਾਂ ਦੁਆਰਾ ਥਾਪੇ ਗਏ ਪ੍ਰਚਾਰਕ ਨਿਰੰਤਰ ਧਰਮ ਪ੍ਰਚਾਰ, ਸਤਿਸੰਗ ਅਤੇ ਸਮਾਜਿਕ ਕਾਰਜ ਕਰਦੇ ਰਹੇ।ਕੌਡਾ ਭੀਲ ਆਂਧਰਾ ਪ੍ਰਦੇਸ਼ ਦੇ ਜੰਗਲੀ ਅਤੇ ਪਹਾੜੀ ਇਲਾਕੇ ਦਾ ਆਦਮਖ਼ੋਰ ਸੀ, ਪਰ ਹੈ ਸੀ ਚੰਗੇ ਗਿਆਨ ਵਾਲਾ। ਇਸ ਕੌਡੇ ਭੀਲ ਦਾ ਨਾਂ 'ਰਾਖਸ਼' ਇਹਦੇ ਆਦਮਖੋਰ ਹੋਣ ਕਰਕੇ ਅਤੇ ਕਿਸੇ ਪਹਾੜੀ ਦੇ ਆਸ-ਪਾਸ ਰਹਿਣ ਕਰਕੇ ਹੀ ਪਿਆ ਹੋਵੇਗਾ ਕਿਉਂਕਿ ਆਂਧਰਾ ਪ੍ਰਦੇਸ਼ ਦੀ ਤੇਲਗੂ ਭਾਸ਼ਾ ਵਿਚ 'ਕੌਡੇ' ਸ਼ਬਦ ਦਾ ਅਰਥ ਪਹਾੜ ਹੁੰਦਾ ਹੈ। ਇਸੇ ਤਰ੍ਹਾਂ ਸੱਜਣ ਠੱਗ, ਦੇਵ ਲੂਤ, ਬੰਗਾਲ ਦੀ ਜਾਦੂਗਰਨੀ ਅਤੇ ਹੋਰ ਅਨੇਕਾਂ ਜਿਹੜੇ ਆਸਾਮ, ਬੰਗਾਲ, ਉੜੀਸਾ, ਲੰਕਾ, ਤਿੱਬਤ, ਚੀਨ ਅਤੇ ਹੋਰ ਕਈ ਮੁਸਲਿਮ ਦੇਸ਼ਾਂ ਵਿਚ ਸਨ, ਉਹ ਹੀ ਗੁਰੂ ਸਾਹਿਬ ਦੇ ਚਰਨੀਂ ਲੱਗ ਕੇ ਸਿੱਖ ਬਣ ਗਏ ਸਨ ਅਤੇ ਉਨ੍ਹਾਂ ਦੇ ਆਉਣ ਵਾਲੇ ਖਾਨਦਾਨਾਂ ਵਿਚ ਸਿੱਖੀ ਪ੍ਰਫੁੱਲਤ ਹੋ ਕੇ ਵਧਦੀ ਰਹੀ ਸੀ।

ਮਹਾਂਰਾਸ਼ਟਰ ਅਤੇ ਆਂਧਰਾ ਦੇ ਨਾਇਕ ਲੋਕ, ਇਰਾਕ ਅਤੇ ਅਫ਼ਗਾਨਿਸਤਾਨ ਦੇ ਕੁਝ ਕਬੀਲੇ ਇਸ ਸਭ ਦੇ ਅੱਜਕੱਲ੍ਹ ਵੀ ਪੱਕੇ ਸਬੂਤ ਹਨ। ਲਾਹੌਰ ਦਾ ਵਣਜਾਰਾ ਵਪਾਰੀ ਭਾਈ ਮਨਸੁਖ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਤੋਂ ਪ੍ਰਭਾਵਿਤ ਹੋ ਕੇ ਸਿੱਖ ਸਜਿਆ ਸੀ। ਉਸ ਨੇ ਆਪਣੇ ਲਾਹੌਰ ਵਾਲੇ ਕੰਮ ਨੂੰ ਵਧਾ ਕੇ ਲੰਕਾ ਤੱਕ ਕਾਰੋਬਾਰ ਫੈਲਾ ਲਿਆ ਅਤੇ ਆਪਣੇ ਕਾਰੋਬਾਰ ਦੇ ਨਾਲ-ਨਾਲ ਉਸਨੇ ਸਿੱਖੀ ਦਾ ਪ੍ਰਚਾਰ ਵੀ ਕੀਤਾ। ਭਾਈ ਮਨਸੁਖ ਨੇ ਗੁਰੂ ਨਾਨਕ ਪਿਤਾ ਨੂੰ ਸ੍ਰੀਲੰਕਾ ਜਾਣ ਲਈ ਕਿਹਾ। ਲੰਕਾ ਦਾ ਰਾਜਾ ਸ਼ਿਵਨਾਭ ਗੁਰੂ ਸਾਹਿਬ ਅਤੇ ਸਿੱਖੀ ਤੋਂ ਬਹੁਤ ਪ੍ਰਭਾਵਿਤ ਹੋਇਆ।

ਗੁਰੂ ਨਾਨਕ ਦੇਵ ਜੀ ਵਲੋਂ ਚਲਾਇਆ ਗਿਆ ਸਿਲਸਿਲਾ ਅਗਲੀਆਂ ਪਾਤਸ਼ਾਹੀਆਂ

# ਗੁਰੂ ਨਾਨਕ ਨਾਮਲੇਵਾ ਸੰਮੇਲਨ
# ਤਖਤ ਕੇਸਗੜ੍ਹ ਸਾਹਿਬ, 10 ਅਕਤੂਬਰ 2019

**ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਮਨਾਉਂਦੇ ਸਮੇਂ ਵਿਸ਼ਵਭਰ ਦੇ ਗੁਰੂ ਨਾਨਕ ਨਾਮਲੇਵਾ ਸਿੱਖਾਂ ਦਾ ਸੰਮੇਲਨ 10 ਅਕਤੂਬਰ 2019 ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਵਿਖੇ ਹੋਇਆ ਜਿੱਥੇ ਕਈ ਨੁਮਾਇੰਦੇ ਸੱਜਣਾ ਨੂੰ ਸਨਮਾਨਤ ਕੀਤਾ ਗਿਆ।**



ਬਿਹਾਰ ਨਿਵਾਸੀ ਉਦਾਸੀ ਗੁਰੂ ਨਾਨਕ ਨਾਮ ਲੇਵਾ ਸ੍ਰੀ ਪੰਚਮਦਾਸ ਜੀ ਨੂੰ ਸਨਮਾਨਿਤ ਕੀਤਾ ਗਿਆ





ਰਾਏਪੁਰ ਤੋਂ ਗੁਰੂ ਨਾਨਕ ਨਾਮਲੇਵਾ ਸਿੰਧੀ ਸਿੱਖ ਡਾ. ਵਾਸਣ ਸਿੰਘ ਜੀ ਨੂੰ ਸਨਮਾਨਿਤ ਕੀਤਾ ਗਿਆ



ਰਾਏਪੁਰ, ਛਤੀਸਗੜ੍ਹ ਤੋਂ ਗੁਰੂ ਨਾਨਕ ਨਾਮ ਲੇਵਾ ਸਤਿਨਾਮੀ ਸਿੱਖ ਸ੍ਰੀ ਜਗਦੀਸ਼ ਕੁਰੇ ਦਾ ਸਨਮਾਨ



10 ਅਕਤੂਬਰ 2019 ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਾਨਕ ਨਾਮ ਲੇਵਾ ਉਦਾਸੀ ਸਿੱਖ ਸੰਗਤ ਸ੍ਰੀ ਪੰਚਮਦਾਸ ਦੀ ਅਗਵਾਈ ਹੇਠ ਚਾਲੇ ਪਾਉਂਦੀ ਹੋਈ, ਉਨ੍ਹਾਂ ਦੇ ਨਾਲ ਸ੍ਰੀ ਸ਼ੰਭੂ ਮਿਸ਼ਰਾ ਵੀ ਨਜ਼ਰ ਆ ਰਹੇ ਹਨ। ਉਹ ਸਮਾਂ ਸੀ ਜਦ ਅੱਧਾ ਬਿਹਾਰ ਨਾਨਕ ਨਾਮ ਲੇਵਾ ਉਦਾਸੀ ਸਿੱਖ ਹੁੰਦੇ ਸਨ।



ਸ੍ਰ. ਅਰਜਨ ਸਿੰਘ ਬਾਗੜੀਆ ਜਿਨ੍ਹਾਂ ਨੇ 1934 ਵਿੱਚ ਗੁਰੂ ਨਾਨਕ ਨਾਮ ਲੇਵਾ ਕਾਨਫਰੰਸ ਦੀ ਪ੍ਰਧਾਨਗੀ ਕੀਤੀ ਸੀ ਉਨ੍ਹਾਂ ਦੇ ਪੋਤਰੇ ਸ੍ਰ. ਅਸ਼ੋਕ ਸਿੰਘ ਬਾਗੜੀਆ ਨੇ ਵੀ 10 ਅਕਤੂਬਰ 2019 ਨੂੰ ਅਨੰਦਪੁਰ ਸਾਹਿਬ ਵਿਖੇ ਹਾਜਰੀ ਭਰੀ। ਇਸ ਤਸਵੀਰ ਵਿੱਚ ਜਗਦੀਸ਼ ਕੁਰੇ ਸ੍ਰ. ਸੁਖਦੇਵ ਸਿੰਘ ਲਾਜ, ਬੀਬੀ ਕੁਲੀਪ ਕੌਰ, ਸ੍ਰ. ਅਸ਼ੋਕ ਸਿੰਘ ਬਾਗੜੀਆ, ਪ੍ਰੋ. ਸਾਧੂ ਸਿੰਘ ਨਜ਼ਰ ਆ ਰਹੇ ਹਨ।



ਉਦਾਸੀ ਨਾਨਕ ਨਾਮ ਲੇਵਾ ਸਿੱਖ ਸੰਗਤ ਅਨੰਦਪੁਰ ਸਾਹਿਬ ਤੋਂ ਵਾਪਸ ਜਾਂਦੀ ਹੋਈ

ਵਲੋਂ ਵੀ ਚਲਦਾ ਰਿਹਾ। ਕਾਬਲੀ ਸੰਗਤ, ਬਨਾਰਸੀ ਸੰਗਤ, ਅਗਰਹਾਰੀ ਸਿੱਖ ਕਸ਼ਮੀਰੀ ਸਿੱਖ ਅਤੇ ਹੋਰ ਬਹੁਤ ਸਾਰੀਆਂ ਸੰਗਤਾਂ ਦਾ ਜ਼ਿਕਰ ਸਿੱਖ ਇਤਿਹਾਸ ਵਿਚ ਆਉਂਦਾ ਹੈ। ਪ੍ਰਸਿੱਧ ਬੰਗਾਲੀ ਵਿਦਵਾਨ ਡਾ. ਹਿਮਾਦਰੀ ਬੈਨਰਜੀ ਵਲੋਂ ਛਪੀ ਪੁਸਤਕ "The Other Sikhs" ਵਿੱਚ ਹੋਰ ਸਿੱਖਾਂ ਤੋਂ ਇਲਾਵਾ ਆਸਾਮੀ ਸਿੱਖਾਂ ਦਾ ਜ਼ਿਕਰ ਹੈ ਜੋ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੀ ਅਸਾਮ ਫੇਰੀ ਵੇਲੇ ਸਿੱਖ ਸਜੇ ਸਨ।

ਪਿੱਛੇ ਜਿਹੇ ਜਦੋਂ ਅਗਰਵਾਲ ਸਮਾਜ ਨੇ ਆਪਣੇ ਪੁਰਖੇ ਅਗਰਸੇਨ ਦੀ ਰਾਜਧਾਨੀ ਅਗਰੋਹੀ ਦਾ ਪੁਨਰ ਨਿਰਮਾਣ ਕੀਤਾ ਤਾਂ ਉਥੇ ਵੱਡੀ ਗਿਣਤੀ ਵਿੱਚ 'ਅਗਰਹਾਰੀ ਸਿੱਖ' ਵੀ ਸ਼ਾਮਿਲ ਹੋਏ । ਇਹ ਸਿੱਖ ਨੌਵੇਂ ਪਾਤਸ਼ਾਹ ਵੇਲੇ ਸਿੱਖੀ ਵਿਚ ਸ਼ਾਮਲ ਹੋਏ ਸਨ । ਇਸੇ ਤਰ੍ਹਾਂ ਮਹਾਰਾਜਾ ਪ੍ਰਤਾਪ ਨੂੰ ਔਖੇ ਵੇਲੇ ਮਾਇਕ ਸਹਾਇਤਾ ਦੇਣ ਵਾਲਾ ਸੇਠ ਭਾਮਸ਼ਾਹ ਇੱਕ ਉਦਾਸੀ ਸਿੱਖ ਸੀ ।

ਗੁਰੂ ਨਾਨਕ ਸਾਹਿਬ ਨੇ ਇਨ੍ਹਾਂ ਸਭ ਸਥਾਨਾਂ ਤੇ ਸੰਗਤਾਂ ਅਤੇ ਸੰਸਥਾਵਾਂ ਕਾਇਮ ਕੀਤੀਆਂ ਜਿਹਨਾਂ ਨੂੰ "ਨਾਨਕਪੰਥੀ" ਕਿਹਾ ਜਾਣ ਲੱਗ ਪਿਆ। ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਸਾਰੀਆਂ ਸੰਸਥਾਵਾਂ ਦੀ ਨਾਨਕ ਪੰਥੀ ਸੂਚੀ ਤਿਆਰ ਕਰਕੇ ਛਾਪੀ ਹੋਈ ਹੈ। ਸ਼੍ਰੋਮਣੀ ਕਮੇਟੀ ਦੇ ਮਾਸਿਕ ਪੱਤਰ 'ਗੁਰਮਤਿ ਪ੍ਰਕਾਸ਼' ਦੇ ਸਤੰਬਰ 1969 ਅੰਕ ਵਿੱਚ ਸਿੰਘ ਸਾਹਿਬ ਗਿਆਨੀ ਫੌਜਾ ਸਿੰਘ ਜੀ ਵੱਲੋਂ ਛਪੇ ਲੇਖ ਵਿੱਚ ਦਰਸਾਇਆ ਗਿਆ ਹੈ ਕਿ ਅੱਧਾ ਬਿਹਾਰ ਉਦਾਸੀ ਸੰਪ੍ਰਦਾ ਦਾ (ਨਾਨਕਪੰਥੀ) ਹੁੰਦਾ ਸੀ। **ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸ਼ਾਦ ਉਦਾਸੀ ਸੰਪ੍ਰਦਾ ਨਾਲ ਸਬੰਧਤ ਸਨ।** ਇਸ ਸੂਚੀ ਨੂੰ ਇਸ ਪੁਸਤਕ ਵਿਚ ਪਹਿਲੇ ਲੇਖ ਵਜੋਂ ਛਾਪਿਆ ਜਾ ਰਿਹਾ ਹੈ।

ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਸਿਕਲੀਗਰ, ਵਣਜਾਰੇ, ਲੁਬਾਣੇ, ਸਿੰਧੀ, ਉਦਾਸੀ, ਸਤਨਾਮੀ ਅਤੇ ਹੋਰ ਸਿੱਖਾਂ ਦੇ ਜੀਵਨ, ਅਜੋਕੇ ਹਾਲਾਤ, ਉਨ੍ਹਾਂ ਦੀ ਪੁਕਾਰ ਅਤੇ ਉਨ੍ਹਾਂ ਦੀ ਤਰੱਕੀ ਤੇ ਸਿੱਖ ਮੁਖਧਾਰਾ ਵਿਚ ਸ਼ਾਮਲ ਕਰਨ ਹਿਤ ਉਧਮਾ ਦਾ ਵਿਸਥਾਰ ਨਾਲ ਵੇਰਵਾ ਇਸ ਪੁਸਤਕ ਵਿਚ ਵੱਖ-ਵੱਖ ਲਿਖਾਰੀਆਂ ਨੇ ਬੜੀ ਸ਼ਿੱਦਤ ਨਾਲ ਕੀਤਾ ਹੈ। ਪਿਛਲੇ ਪੰਜ ਦਹਾਕਿਆਂ ਦੇ ਵੱਖ-ਵੱਖ ਸਮੇਂ ਲਿਖੇ ਇਹ ਲੇਖ ਅੱਜ ਵੀ ਹਾਲਾਤਾਂ ਦੀ ਪੂਰੀ ਤਰਜ਼ਮਾਨੀ ਕਰਦੇ ਹਨ।

ਸਾਡੀ ਬੇਨਤੀ ਹੈ ਕਿ ਹੁਣ ਹੋਰ ਬਿਨਾਂ ਸਮਾਂ ਗਵਾਏ ਸਾਰੇ ਨਾਨਕਪੰਥੀਆਂ ਦੀ ਸੇਵਾ ਭਾਵ ਨੂੰ ਮੁੱਖ ਰੱਖ ਕੇ ਸਮਾਜਿਕ ਅਤੇ ਵਿੱਦਿਅਕ ਪੱਖੋਂ ਕਮਜ਼ੋਰ ਵਰਗਾਂ ਨੂੰ ਤਰੱਕੀ ਦੇ ਰਾਹ ਪਾਉਣ ਲਈ ਯੋਜਨਾਬੱਧ ਸਾਂਝੇ ਰੂਪ ਵਿਚ ਉਪਰਾਲੇ ਕਰਨੇ ਚਾਹੀਦੇ ਹਨ। ਸ੍ਰ. ਮਹਿੰਦਰ ਸਿੰਘ ਜੋਸ਼ ਨੇ ਆਪਣੇ ਇੱਕ ਲੇਖ ਵਿੱਚ ਲਿਖਿਆ ਹੈ "ਦੂਜਿਆਂ ਮਤ ਵਾਲਿਆਂ ਦੀ ਕਲਮ -ਮਿਰਜ਼ਾ ਗੁਲਾਮ ਅਹਿਮਦ ਕਾਦੀਆਂ- ਇਹ ਮੰਨਦੀ ਹੈ ਕਿ ਗੁਰੂ ਨਾਨਕ ਸਾਹਿਬ ਨੇ 3 ਕਰੋੜ ਦੇ ਲਗਭਗ ਲੋਕਾਂ ਨੂੰ ਖੁਦ ਗੁਰੂਵਾਲਾ ਬਣਾਇਆ। ਲੇਖਕ ਅਤੇ ਖੋਜੀ ਇਤਿਹਾਸਕਾਰ ਡਾ. ਦਲਵਿੰਦਰ ਸਿੰਘ ਗਰੇਵਾਲ ਅਤੇ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਮਲਕੀਤ ਸਿੰਘ ਸੱਗੂ ਦੇ ਛਪੇ ਲੇਖਾਂ ਵਿਚ ਜ਼ਿਕਰ ਹੈ ਕਿ ਨਾਨਕਪੰਥੀਆਂ ਦੀ ਗਿਣਤੀ 12 ਕਰੋੜ ਹੈ। ਸਿਕਲੀਗਰਾਂ ਤੇ ਡਾਕਟਰੇਟ ਕਰਨ ਵਾਲੀ ਪਹਿਲੀ ਸਕਾਲਰ ਡਾ. ਹਰਪ੍ਰੀਤ ਕੌਰ ਖੁਰਾਣਾ ਇਨ੍ਹਾਂ ਦੀ ਗਿਣਤੀ 15 ਕਰੋੜ ਦੱਸਦੀ ਹੈ।

ਭਾਈ ਕਾਨ੍ਹ ਸਿੰਘ ਨਾਭਾ ਦੇ ਰਚਿਤ ਮਹਾਨ ਕੋਸ਼ ਵਿਚ ਨਾਨਕਪੰਥੀ ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ ਗਈ ਹੈ। **ਨਾਨਕ ਪੰਥੀ: "ਸਤਿਗੁਰੂ ਨਾਨਕ ਦੇਵ ਜੀ ਦੇ ਦੱਸੇ ਰਾਹ ਤੁਰਨ ਵਾਲਾ ਗੁਰਸਿੱਖ ਹੈ। ਗੁਰੂ ਨਾਨਕ ਪੰਥੀਆਂ ਵਿੱਚ ਭਾਵੇਂ ਬਹੁਤ ਫਿਰਕੇ ਇਸ ਵੇਲੇ ਵੇਖੇ ਜਾਂਦੇ ਹਨ ਪਰ ਮੁੱਖ ਤਿੰਨ ਹੀ ਹਨ, ਅਰਥਾਤ: ਉਦਾਸੀ, ਸਹਿਜਧਾਰੀ ਅਤੇ ਸਿੰਘ (ਜਿੰਨ੍ਹਾਂ ਵਿੱਚ ਨਿਹੰਗ, ਨਿਰਮਲੇ, ਕੂਕੇ) ਆਦਿ ਸ਼ਾਮਲ ਹਨ।"**

ਜਦ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਨਾ ਕੀਤੀ ਤਾਂ ਉਸ ਸਮੇਂ ਸਜੇ ਦੀਵਾਨ ਵਿੱਚ ਦੂਰ ਦੁਰਾਡੇ ਤੋਂ ਸਿੱਖ ਸੰਗਤਾਂ ਨੇ ਹਿੱਸਾ ਲਿਆ। ਉਸ ਸਮੇਂ ਸਜੇ ਪੰਜ ਪਿਆਰਿਆਂ ਦਾ ਵੇਰਵਾ ਇਸ ਪ੍ਰਕਾਰ ਹੈ:

1. **ਲਾਹੌਰ** ਤੋਂ ਭਾਈ ਦਿਆ ਸਿੰਘ ਜੀ
2. **ਹਸਤਨਾਪੁਰ, ਯੂ ਪੀ** ਤੋਂ ਭਾਈ ਧਰਮ ਸਿੰਘ ਜੀ
3. **ਗੁਜਰਾਤ** ਤੋਂ ਭਾਈ ਮੋਹਕਮ ਸਿੰਘ ਜੀ
4. **ਜਗਨਨਾਥ ਪੁਰੀ,** ਉੜੀਸਾ ਤੋਂ ਭਾਈ ਹਿੰਮਤ ਸਿੰਘ ਜੀ ਅਤੇ
5. **ਬਿਦਰ, ਕਰਨਾਟਕਾ** ਤੋਂ ਭਾਈ ਸਾਹਿਬ ਸਿੰਘ ਜੀ

ਸਿੱਖ ਕੌਮ ਦੀ ਫੁਲਵਾੜੀ ਦਾ ਘੇਰਾ ਵਧਾਉਣ ਦੀ ਜ਼ਰੂਰਤ ਹੈ। ਗੁਰੂ ਨਾਨਕ ਨਾਮਲੇਵਾ ਵੱਲ ਸਮੁਚੀ ਕੌਮ ਨੂੰ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਕਿਸੇ ਬਾਗ ਵਿੱਚ ਪੰਜ ਜਾਂ ਦਸ ਦਰੱਖਤ ਹੋ ਸਕਦੇ ਹਨ ਪਰ ਨਰਸਰੀਆਂ ਵਿਚੋਂ ਸੈਂਕੜੇ ਕਿਸਮਾਂ ਦੇ ਬੂਟੇ ਲਿਆ ਕੇ ਬਾਗ਼ਾਂ ਨੂੰ ਹਰਿਆ ਭਰਿਆ ਕੀਤਾ ਜਾ ਸਕਦਾ ਹੈ। ਅਜੋਕੇ ਸਮੇਂ ਸਿਕਲੀਗਰ, ਵਣਜਾਰੇ, ਸਤਿਨਾਮੀ, ਸਿੰਧੀ, ਉਦਾਸੀ, ਨਿਰਮਲੇ, ਰਮੱਈਏ, ਜੋਹਰੀ, ਅਗਰਹਾਰੀ, ਨਾਨਕ ਪੰਥੀਆਂ ਦੇ ਰੂਪ ਵਿੱਚ ਸਿੱਖ ਕੌਮ ਦੀ ਵੱਡਮੁਲੀ ਪਨੀਰੀ ਨਰਸਰੀ ਦੇ ਬੂਟੇ ਹੀ ਹਨ।

ਜੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾਂ ਯਾਦ ਨੂੰ ਸਮਰਪਤ ਹੋ ਕੇ ਉਪਰੋਕਤ ਦੱਸੇ ਅਣਗੌਲੇ ਨਾਨਕ ਪੰਥੀਆਂ ਦੀ ਸਾਰ ਲਈ ਜਾਵੇ, ਇਸ ਨਾਲ ਸਿੱਖ ਕੌਮ ਦਾ ਭਵਿੱਖ ਸੁਨਿਹਰਾ ਹੋਵੇਗਾ।

ਕੋਵਿਡ-19 ਕਰੋਨਾਵਾਇਰਸ ਮਹਾਂਮਾਰੀ ਦੌਰਾਨ ਕੌਮ ਦੀਆਂ ਸਮਾਜ ਸੇਵੀ ਸੰਸਥਾਵਾਂ ਅਤੇ ਗੁਰਦੁਆਰਾ ਸਾਹਿਬਾਨ ਨੇ ਜਿਸ ਤਨਦੇਹੀ ਨਾਲ ਦੂਰ ਦੁਰਾਡੇ ਸਿਕਲੀਗਰ ਵਣਜਾਰੇ ਪਰਿਵਾਰਾਂ ਦੀ ਬਾਂਹ ਫੜ੍ਹੀ ਹੈ। ਉਸ ਨਾਲ ਇੰਜ ਜਾਪਦਾ ਹੈ ਕਿ ਦੋਨੋ ਵਰਗਾਂ ਵਿਚ ਪਇਆ ਖਲਾਅ ਖਤਮ ਹੋ ਗਿਆ ਹੈ। ਇਹ ਇਕ ਬੁਹਤ ਵਡਾ ਉਪਰਾਲਾ ਹੋਇਆ ਹੈ।ਜੱਥੇਬੰਦੀਆਂ ਨੂੰ ਜ਼ਿਮੇਵਾਰੀ ਦਾ ਅਹਿਸਾਸ ਅਤੇ ਇਨ੍ਹਾਂ ਕਮਜ਼ੋਰ ਵਰਗਾਂ ਨੂੰ ਇਹ ਸਮਝ ਆ ਗਈ ਕਿ ਸਾਡਾ ਪੇਕਾ ਬਹੁਤ ਤਗੜਾ ਹੈ -ਕੌਮ ਸਾਡੇ ਨਾਲ ਹੈ। ਬਹੁਤ ਹੀ ਸ਼ਲਾਘਾਭਰਪੂਰ ਹੋਇਆ ਹੈ ਜਿਸ ਤੇ ਅੱਗੇ ਵੱਧ ਹੋਰ ਕਦਮੇ ਪੁਟਦੇ ਰਹਿਣ ਦੀ ਆਸ ਮਜ਼ਬੂਤ ਹੋਈ ਹੈ।

ਦਾਸ ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ, ਚੰਡੀਗੜ੍ਹ, ਸਿੱਖ ਕੌਂਸਲ ਆਫ ਸਕਾਟਲੈਂਡ ਅਤੇ ਗੁਰੂ ਅੰਗਦ ਦੇਵ ਵਿਦਿਅਕ ਅਤੇ ਭਲਾਈ ਕੌਂਸਲ, ਲੁਧਿਆਣਾ ਦੇ ਸਮੂਹ ਮੈਂਬਰ ਸਾਹਿਬਾਨ ਦਾ ਧੰਨਵਾਦੀ ਹੈ, ਜਿਨ੍ਹਾਂ ਨੇ ਆਪਣਾ ਅਸ਼ੀਰਵਾਦ ਦਿੱਤਾ ਹੈ। ਦਾਸ ਰਿਣੀ ਹੈ

ਸਮੂੰਹ ਵਿਦਵਾਨ ਲੇਖਕਾਂ ਦਾ ਜਿਨ੍ਹਾਂ ਨੇ ਪੁਸਤਕ ਵਿੱਚ ਆਪਣੇ ਵਡਮੁੱਲੇ ਲੇਖ ਭੇਜ ਇਸ ਕਿਤਾਬ ਦਾ ਮੁੱਢ ਬਨਿਆ ਹੈ। ਸਮਾਜ ਭਲਾਈ ਦਾ ਕਾਰਜ ਅਤੇ ਭੁੱਲੇ ਵਿਸਰੇ ਭਰਾਵਾਂ ਨੂੰ ਜੋੜਨਾ ਇਕ ਵੱਡਾ ਬੀੜਾ ਹੈ ਜੋ ਇਕ ਟੀਮ ਤੋਂ ਬਿਨਾ ਨਹੀਂ ਕੀਤਾ ਜਾ ਸਕਦਾ ਸੀ। ਕਰਮਜੀਤ ਸਿੰਘ ਔਜਲਾ, ਕ੍ਰਿਪਾਲ ਸਿੰਘ ਚੰਦਨ, ਡਾ. ਜਸਵੰਤ ਸਿੰਘ, ਇੰਜ. ਅਜੀਤ ਸਿੰਘ, ਕਰਨਲ ਜੇ ਐਸ ਮੁਲਤਾਨੀ, ਇੰਜ. ਹਰਭਜਨ ਸਿੰਘ ਕੋਹਲੀ, ਇੰਜ. ਦਵਿੰਦਰ ਸਿੰਘ ਯੂ. ਐਸ. ਏ., ਮਨਮੋਹਨ ਸਿੰਘ ਸੈਲਾਨੀ, ਹਰਭਜਨ ਸਿੰਘ ਲਾਲ, ਰਣਜੀਤ ਸਿੰਘ ਖਾਲਸਾ, ਡਾ. ਹਰਪ੍ਰੀਤ ਕੌਰ ਖੁਰਾਣਾ, ਕਸ਼ਮੀਰ ਸਿੰਘ ਖਾਲਸਾ, ਸ਼੍ਰੀ ਜਗਦੀਸ਼ ਕੁਰੇ, ਪ੍ਰੋ. ਜਗਮੋਹਨ ਸਿੰਘ, ਬੀਬੀ ਤਰਲੋਚਨ ਕੌਰ, ਜਗਮੋਹਨ ਸਿੰਘ ਗਿੱਲ ਕਲਕੱਤਾ, ਗੁਰਪ੍ਰੀਤ ਸਿੰਘ ਚੱਢਾ ਅਤੇ ਡਾ. ਵਾਸਣ ਸਿੰਘ ਰਾਏਪੁਰ ਦੇ ਸਾਥ ਤੇ ਮਿਲਵਰਤਣ ਨਾਲ ਹੀ ਇਹ ਵੱਡਮੁਲਾ ਕਾਰਜ ਸਿਰੇ ਚੜ੍ਹਿਆ ਹੈ।ਮੈਂ ਵਣਜਾਰਾ ਟਰਸੱਟ ਦੇ ਡਾ. ਖੜਕ ਸਿੰਘ ਮਾਨ, ਸ. ਮਹਿੰਦਰ ਸਿੰਘ, ਸ. ਗੁਰਦੇਵ ਸਿੰਘ ਬਰਾੜ IAS (Retd.) ਅਤੇ ਸ. ਗੁਰਕਿਰਪਾਲ ਸਿੰਘ ਢੱਟ ਨੂੰ ਆਪਣੇ ਹਿਰਦੇ ਵਿੱਚ ਖਾਸ ਜਗ੍ਹਾ ਦਿੰਦਾ ਹਾਂ।

ਹੱਥਲੀ ਪੁਸਤਕ ਦੇ ਪ੍ਰਕਾਸ਼ਨ ਲਈ ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ ਨੇ ਬੀੜਾ ਚੁੱਕ ਕੇ ਸਿੱਖ ਕੌਮ ਦੇ ਕਮਜ਼ੋਰ ਵਰਗਾਂ ਪ੍ਰਥਾਇ ਆਪਣੀ ਵਚਨਬੱਧਤਾ ਦਾ ਸਬੂਤ ਦਿੱਤਾ ਹੈ ਅਤੇ ਮੇਰੇ ਸਿਰ ਤੋਂ ਇਕ ਵੱਡਾ ਬੋਝ ਲਾ ਦਿੱਤਾ ਹੈ ਜਿਸਦੇ ਲਈ ਮੈਂ ਸ਼ੁਕਰਗੁਜ਼ਾਰ ਹਾਂ।

ਇਸ ਪੁਸਤਕ ਦਾ ਅਕਾਰ, ਪੰਨਾ ਦਰ ਪੰਨਾ ਦਿੱਖ ਲਈ ਬਿਗ ਆਈਡੀਆਜ਼ ਦੀ ਟੀਮ ਅਤੇ ਗਰਾਫਿਕ ਡਿਜ਼ਾਈਨਰ ਹਰਵਿੰਦਰ ਸਿੰਘ ਦੀ ਮੁਸ਼ੱਕਤ ਬਿਨਾ ਮੁਮਕਿਨ ਨਹੀਂ ਸੀ ਜਿਸ ਲਈ ਉਨ੍ਹਾਂ ਦਾ ਭਰਪੂਰ ਧੰਨਵਾਦ।


7 ਪੁਸਤਕਾਂ ਦੇ ਰਚੇਤਾ, ਕੋਮਲ ਹਿਰਦੇ ਦੇ ਮਾਲਕ ਸ੍ਰ. ਸਤਿਨਾਮ ਸਿੰਘ ਕੌਮਲ ਨੇ ਪੁਸਤਕ ਦੀ ਸੰਪਾਦਨਾਂ ਕਰਨ, ਪਰੂਫ ਰੀਚਿੰਗ ਕਰਨ ਪੁਸਤਕ ਲਈ ਵੱਖ-ਵੱਖ ਵਿਦਵਾਨਾਂ ਤੋਂ ਵੱਡਮੁੱਲਾ ਖਜ਼ਾਨਾ ਪ੍ਰਾਪਤ ਕਰਨ ਵਿੱਚ ਮੁੱਖ ਸਲਾਹਕਾਰ ਦੇ ਫਰਜ਼ ਨਿਭਾਏ ਜਿਸਦੀ ਜਿਤਨੀ ਵੀ ਸ਼ਲਾਘਾ ਕੀਤੀ ਜਾਵੇ ਥੋੜ੍ਹੀ ਹੈ। ਉਨ੍ਹਾਂ ਪੁਸਤਕ ਛੱਪਣ ਵਿੱਚ ਆਈਆਂ ਕਠਿਨਾਈਆਂ ਨੂੰ ਦੂਰ ਕੀਤਾ ਅਤੇ ਮਾਇਕ ਸਹਾਇਤਾ ਵੀ ਦਿੱਤੀ ਜਿਨ੍ਹਾਂ ਦਾ ਦਾਸ ਸਦਾ ਰਿਣੀ ਰਹੇਗਾ । ਸਕਲੀਗਰਾਂ ਨੂੰ ਅਤਿ ਜ਼ਿਆਦਾ ਪਿਆਰ ਕਰਨ ਵਾਲੇ ਤੇ ਉਨ੍ਹਾਂ ਦੀ ਵਿੱਦਿਆ ਪਸਾਰ ਵਿਚ ਜੁਟੇ ਅਜ਼ੀਜ਼ ਪ੍ਰੋ: ਜਗਮੋਹਨ ਸਿੰਘ ਦਾ ਇਸ ਕਿਤਾਬ ਦੀ ਤਰਤੀਬ, ਸਰੂਪ ਅਤੇ ਬਣਤਰ ਵਿੱਚ ਬਹੁਤ ਵੱਡਾ ਯੋਗਦਾਨ ਹੈ। ਉਨ੍ਹਾਂ ਨੇ ਦਿਨ-ਰਾਤ ਇਕ ਕਰਕੇ ਇਸ ਪੁਸਤਕ ਨੂੰ ਜੋ ਸੇਧ ਦਿੱਤੀ ਹੈ ਉਸ ਲਈ ਮੈਂ ਸਦਾ ਧੰਨਵਾਦੀ ਰਹਾਂਗਾ। ਕਿਤਾਬ ਦੇ ਛਾਪਕ ਪ੍ਰਿੰਟ ਵੈੱਲ ਅੰਮ੍ਰਿਤਸਰ ਦੇ ਵੀ ਤਹਿ ਦਿਲੋਂ ਧੰਨਵਾਦੀ ਹਾਂ।

ਆਖੀਰ ਵਿਚ ਮੇਰੀ ਸਿੰਘਣੀ ਤ੍ਰਿਪਤ ਕੌਰ ਦੇ ਸਹਿਯੋਗ ਬਿਨਾ ਇਹ ਕਾਰਜ ਪੂਰਾ ਨਹੀਂ ਸੀ ਹੋ ਸਕਦਾ ਜਿਸਨੇ ਮੇਰਾ ਹਰ ਕਦਮ ਤੇ ਸਾਥ ਦਿੱਤਾ।

ਗੁਰੂ ਚਰਨਾਂ 'ਚ ਅਰਦਾਸ ਤੇ ਅਰਜ਼ੋਈ ਕਰਦਾਂ ਹਾਂ ਕਿ ਸਮੁੱਚੀ ਕੌਮ ਗੁਰੂ ਨਾਨਕ ਦੇ ਹੁਕਮਾਂ ਤੇ ਚਲਦੇ ਹੋਏ ਗਰੀਬ ਤੇ ਭੁੱਲੇ ਵਿਸਰੇ ਵੀਰਾਂ ਨੂੰ ਗਲਵੱਕੜੀ ਵਿੱਚ ਲੈ ਪੰਥ ਦੀ ਚੜ੍ਹਦੀ ਕਲਾ ਵਲ ਉਧਮ ਕਰੇ।

30 ਨਵੰਬਰ 2020, (ਪ੍ਰਕਾਸ਼ ਪੁਰਬ ਸ਼੍ਰੀ ਗੁਰੂ ਨਾਨਕ ਦੇਵ ਜੀ)

# ਅਣਗੌਲੇ ਨਾਨਕ ਨਾਮ ਲੇਵਾ ਸਿੱਖ




**ਸਰਦਾਰਾ ਸਿੰਘ ਜੌਹਲ, ਪਦਮਵਿਭੂਸ਼ਣ**
**ਚਾਂਸਲਰ, ਸੈਂਟਰਲ ਯੂਨੀਵਰਸਿਟੀ ਆਫ ਪੰਜਾਬ,**
**ਬਠਿੰਡਾ**

ਕੋਈ ਵੀ ਧਰਮ ਜਾਂ ਕੌਮ ਆਪਣੇ ਵਿੱਚ ਵਿਅਕਤੀਆਂ ਨੂੰ ਸਮੋ ਲੈਣ ਦੀ ਸਮਰੱਥਾ ਅਤੇ ਭਾਵਨਾ ਨਾਲ ਹੀ ਵਧਦੀ ਫੁੱਲਦੀ ਹੈ। ਆਪਣੇ ਵਿੱਚੋਂ ਨਕਾਰ ਦੇਣ ਜਾਂ ਅਣਗੌਲੇ ਕਰ ਦੇਣ ਨਾਲ ਨਹੀਂ। ਸਾਡੀ ਕੋਝੀ ਸਿੱਖ ਸਿਆਸਤ ਨੇ ਨਾਨਕ ਪੰਥੀ ਭਰਾਵਾਂ ਨੂੰ ਅਣਗੌਲਿਆਂ ਕੀਤਾ ਅਤੇ ਸੰਕੀਰਨਤਾ ਵੱਸ ਆਪਣੀ ਵੋਟ ਬੈਂਕ ਨੂੰ ਇਸ ਤਰਾਂ ਸੀਮਤ ਕਰ ਲਿਆ ਕਿ ਸਿਆਸਤ ਅਤੇ ਧਰਮ ਨੂੰ ਗੱਡ-ਮੱਦ ਕਰਕੇ ਸਿਆਸੀ ਪਾਰਟੀ ਅਤੇ ਧਰਮ ਸਥਾਨਾਂ ਨੂੰ ਕਬਜ਼ੇ ਵਿੱਚ ਕਰ ਲਿਆ।

ਇੱਥੋਂ ਅਰੰਭ ਹੋਇਆ ਸਿੱਖੀ ਦਾ ਨਿਘਾਰ, ਜਿਸ ਨਾਲ ਸਿੱਖਾਂ ਦੀ ਗਿਣਤੀ ਤੇ ਨਾਂਹ-ਪੱਖੀ ਅਸਰ ਪਿਆ। ਜੇ ਸਰੀਰ ਦਾ ਕੋਈ ਅੰਗ ਖ਼ਰਾਬ ਹੋ ਜਾਏ ਜਾਂ ਬੀਮਾਰ ਹੋ ਜਾਏ ਤਾਂ ਉਸ ਨੂੰ ਕੱਟ ਨਹੀਂ ਦੇਈਦਾ ਪਰ ਸਾਡੇ ਸਿਆਸੀ ਅਤੇ ਧਾਰਮਿਕ ਲੀਡਰਾਂ ਨੇ ਇਹੋ ਕੀਤਾ। ਜਿੱਥੇ ਨਾਨਕ ਪੰਥੀ ਸੰਪਰਦਾਵਾਂ ਤੇ ਕਬੀਲਿਆਂ ਦੀ ਕੋਈ ਸਾਰ ਨਹੀਂ ਲਈ ਅਤੇ ਉਨਾਂ ਨੂੰ ਅਣਗੌਲਿਆਂ ਕਰਕੇ ਉਨਾਂ ਨੂੰ ਉਨ੍ਹਾਂ ਦੀ ਕਿਸਮਤ ‘ਤੇ ਛੱਡ ਦਿੱਤਾ, ਉਥੇ ਸਹਿਜਧਾਰੀ ਸਿੱਖਾਂ ਨੂੰ ਬਜਾਏ ਇਸ ਦੇ ਕਿ ਧਰਮ ਪ੍ਰਚਾਰ ਅਤੇ ਪਿਆਰ ਨਾਲ ਰਾਹ ਦਸੇਰੇ ਬਣਕੇ ਸਿੱਖੀ ਸਰੂਪ ਵਿੱਚ ਲਿਆਂਦਾ ਜਾਂਦਾ, ਉਨਾਂ ਨੂੰ ਸਿੱਖ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ। ਇਸ ਨਾਲ ਸਿੱਖ ਧਰਮ ਦਿਨੋ ਦਿਨ ਸੁੰਗੜਦਾ ਗਿਆ।

ਸਾਡੇ ਸਿੱਖਾਂ ਦੇ ਧਾਰਮਿਕ ਅਤੇ ਸਿਆਸੀ ਲੀਡਰਾਂ ਨੂੰ ਸੰਕੀਰਨਤਾ ਤਿਆਗ ਕੇ ਪੁਨਰ ਵਿਚਾਰ ਕਰਨ ਦੀ ਲੋੜ ਹੈ। ਮੈਂ ਸਮਝਦਾ ਹਾਂ ਕਿ ਸ. ਸੁਖਦੇਵ ਸਿੰਘ ਲਾਜ ਅਤੇ ਉਨਾਂ ਦੇ ਸਾਥੀ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਇਨ੍ਹਾਂ ਭੁੱਲੇ-ਵਿੱਸਰੇ ਗੁਰੂ ਨਾਨਕ ਨਾਮ ਲੇਵਾ ਸੰਪਰਦਾਵਾਂ ਅਤੇ ਕਬੀਲਿਆਂ ਬਾਰੇ ਸਿੱਖ ਪੰਥ ਅਤੇ ਸਿੱਖ ਸਿਆਸੀ ਅਤੇ ਧਾਰਮਿਕ ਲੀਡਰਾਂ ਨੂੰ ਇਸ ਤੁਰੱਟੀ ਪੱਖੋਂ ਜਾਗਣ ਲਈ ਸੁਡੋਲ ਯੋਗਦਾਨ ਪਾਇਆ ਹੈ।

# ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ
# ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ॥



**ਇੰਦਰਜੀਤ ਕੌਰ**
**ਸਾਬਕਾ ਵਾਈਸ ਚਾਂਸਲਰ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

ਇਤਿਹਾਸ ਗਵਾਹ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸਮਾਜਿਕ-ਧਾਰਮਿਕ ਕ੍ਰਾਂਤੀ ਲਈ ਦੇਸ਼-ਵਿਦੇਸ਼ ਵਿੱਚ ਦੂਰ-ਦਰਾਜ਼ ਯਾਤਰਾਵਾਂ ਕੀਤੀਆਂ। ਇਸ ਦੌਰਾਨ ਗੁਲਾਮੀ ਤੇ ਅਨਿਆਂ ਦੇ ਸ਼ਿਕਾਰ ਸ਼ੂਦਰ, ਨਿਮਾਣੇ, ਨਿਤਾਣੇ, ਹਾਸ਼ੀਏ ਉੱਤੇ ਧੱਕੇ ਲੋਕਾਂ ਵਿੱਚ ਮਿਲ-ਬੈਠ ਕੇ ਉਨ੍ਹਾਂ ਨੂੰ ਕਰਮ-ਕਾਂਡੀ ਜਾਲ ਤੇ ਵਹਿਮਾਂ-ਭਰਮਾਂ ਤੋਂ ਸੁਚੇਤ ਕੀਤਾ। ਕਰਤਾ ਅਤੇ ਉਸ ਦੀ ਕਿਰਤ (ਮਨੁੱਖ) ਵਿੱਚ ਕਿਸੇ ਵਿਚੋਲੇ ਦਾ ਆਸਰਾ ਭਾਲਣ ਜਾਂ ਸਮਾਜ ਤੋਂ ਪਲਾਇਨ ਕਰਨ ਦੀ ਬਜਾਏ, ਨਾਮ ਜਪਣ, ਵੰਡ ਛਕਣ, ਨਿਰਮਲ ਕਰਮ ਕਰਨ ਤੇ ਸਰਬਤ ਦੇ ਭਲੇ ਨੂੰ ਚਿਤਵਣ ਵਾਲਾ ਗ੍ਰਹਿਸਤੀ ਜੀਵਨ ਜਿਉਣ ਦੇ ਰਾਹ ਪਾਇਆ।

ਨੀਚਾਂ ਅੰਦਰ ਨੀਚ ਤੱਕ ਨੂੰ ਉਨ੍ਹਾਂ ਦੀ ਸੁਹਿਰਦਤਾ ਨੇ ਗੁਰੂ ਨਾਨਕ ਦਾ ਅਨੁਯਾਈ ਬਣਾ ਦਿੱਤਾ। ਨਾਨਕ ਪੰਥੀ ਹੋਣਾ ਤੇ ਕਹਾਉਣਾ ਉਨ੍ਹਾਂ ਨੂੰ ਗੌਰਵਮਈ ਲੱਗਾ। ਗੁਰੂ ਗੋਬਿੰਦ ਸਿੰਘ ਤੱਕ ਆਉਂਦੇ-ਆਉਂਦੇ ਗੁਰੂ ਨਾਨਕ ਦੇ ਪਰਵਰਤੀ ਗੁਰੂ ਸਾਹਿਬਾਨ ਦੇ ਬਹੁਪੱਖੀ ਕਾਰਜ ਦੇ ਸਿੱਟੇ ਵਜੋਂ ਨਾਨਕ ਪੰਥੀ, ਜਿਨ੍ਹਾਂ ਵਿੱਚ ਵਣਜਾਰੇ, ਸਿਕਲੀਗਰ, ਸਤਿਨਾਮੀ, ਉਦਾਸੀ, ਆਦਿ ਸ਼ਾਮਿਲ ਹਨ - ਲਾਹੌਰ ਤੋਂ ਦੁਆਰਕਾ ਅਤੇ ਹਸਤੀਨਾਪੁਰ ਤੋਂ ਜਗਨਨਾਥ ਪੁਰੀ ਤੇ ਬਿਦਰ ਤੱਕ ਪੂਰੇ ਦੇਸ਼ ਵਿੱਚ ਫੈਲ ਗਏ। ਇਸ ਦਾ ਪ੍ਰਮਾਣ ਖਾਲਸਾ ਸਾਜਣਾ ਵੇਲੇ ਸੀਸ ਭੇਟ ਕਰਨ ਵਾਲੇ ਪੰਜ ਪਿਆਰੇ ਹਨ। ਅਠਾਰਵੀਂ ਸਦੀ ਵਿੱਚ ਪਹਿਲਾਂ ਬੰਦਾ ਸਿੰਘ ਬਹਾਦਰ ਅਤੇ ਫਿਰ ਮਹਾਰਾਜਾ ਰਣਜੀਤ ਸਿੰਘ ਨੇ ਨਾਨਕ ਦੇ ਨਾਮ ਦਾ ਸਿੱਕਾ ਚਲਾਇਆ ਤਾਂ ਉਨ੍ਹਾਂ ਦੀਆਂ ਪ੍ਰਾਪਤੀਆਂ ਵਿੱਚ ਨਾਨਕ ਪੰਥੀਆਂ ਨੇ ਸ਼ਸਤਰ ਬਣਾਏ ਵੀ ਤੇ ਚਲਾਏ ਵੀ। ਜੰਗਲਾਂ ਨੂੰ ਘਰ ਬਣਾ ਕੇ ਵਿਚਰਨ ਵਾਲੇ ਨਾਨਕ ਪੰਥੀ ਕਦਮ-ਕਦਮ ਉੱਤੇ ਸਿੱਖਾਂ ਦੀ ਮੂਲ ਧਾਰਾ ਦਾ ਅੰਗ ਬਣ ਕੇ ਵਿਚਰੇ।

ਸਿੱਖ ਰਾਜ ਦੇ ਪਤਨ, ਅੰਗ੍ਰੇਜ਼ਾਂ ਦੀ ਆਮਦ ਤੇ ਪਦਾਰਥ/ਸਵਾਰਥ ਦੀ ਦੌੜ ਨੇ ਜਦ ਆਧੁਨਿਕਤਾ ਤੋਂ ਪ੍ਰਭਾਵਿਤ ਸਿੱਖਾਂ ਦੀ ਮੂਲਧਾਰਾ ਨੇ ਕਬਾਇਲੀ ਜੀਵਨ ਜਾਚ ਦੇ ਘੇਰੇ ਵਿੱਚ ਫਸੇ ਨਾਨਕ ਪੰਥੀਆਂ ਤੋਂ ਦੂਰ ਕਰਨਾ ਸ਼ੁਰੂ ਕੀਤਾ ਤਾਂ 1898 ਵਿੱਚ ਸਿੰਘ ਸਭਾ ਲਹਿਰ ਦੇ ਗਿਆਨੀ ਦਿੱਤ ਸਿੰਘ ਨੇ ਪੰਥ ਨੂੰ ਇਸ ਪੱਖੋਂ ਚੇਤੰਨ ਕੀਤਾ।

ਆਧੁਨਿਕਤਾ ਦੀ ਹਨ੍ਹੇਰੀ ਅਤੇ ਹਾਲਾਤ ਨੇ ਸਮੇਂ ਦੇ ਬੀਤਣ ਨਾਲ ਸਿੱਖਾਂ ਦੀ ਮੂਲਧਾਰਾ ਤੇ ਨਾਨਕ ਪੰਥੀਆਂ ਵਿੱਚ ਦੂਰੀ ਘਟਾਉਣ ਦੀ ਥਾਂ ਹੋਰ ਵਧਾਈ। ਗੁਰੂ ਨਾਨਕ ਦੇਵ ਜੀ ਦੀ ਪੰਜਵੀਂ

ਸ਼ਤਾਬਦੀ ਵੇਲੇ ਗਿਆਨੀ ਫੌਜਾ ਸਿੰਘ ਨੇ ਨਾਨਕ ਪੰਥੀਆਂ ਬਾਰੇ ਤਾਜ਼ਾ ਵੇਰਵੇ ਵਿਸਥਾਰ ਨਾਲ ਪੰਥ ਅੱਗੇ ਰੱਖੇ।

1973 ਦੇ ਸਿੰਘ ਸਭਾ ਦੇ ਸ਼ਤਾਬਦੀ ਵਰ੍ਹੇ ਵਿੱਚ ਸਿੰਘ ਸਭਾ ਰਾਹੀਂ ਸਿੱਖਾਂ ਦੀ ਪੁਨਰ-ਜਾਗ੍ਰਿਤੀ ਦੀ ਜ਼ਿੰਮੇਵਾਰੀ ਸਵਰਗੀ ਗਿਆਨੀ ਗੁਰਦਿੱਤ ਸਿੰਘ ਨੇ ਸੰਭਾਲੀ। ਕੇਂਦਰੀ ਸਿੰਘ ਸਭਾ ਸ਼ਤਾਬਦੀ ਕਮੇਟੀ ਦੇ ਰਾਹੀਂ ਉਨ੍ਹਾਂ ਨੇ ਦੇਸ਼-ਵਿਦੇਸ਼ ਵਿੱਚ ਸਿੱਖ ਧਰਮ ਬਾਰੇ ਪ੍ਰਚਾਰ ਕੀਤਾ। ਹੋਰ ਮੁੱਦਿਆਂ ਦੇ ਨਾਲ-ਨਾਲ ਉਨ੍ਹਾਂ ਨੇ ਪੂਰੇ ਜ਼ੋਰ ਨਾਲ ਪੰਥ ਦਰਦੀਆਂ ਦਾ ਧਿਆਨ ਨਾਨਕ ਪੰਥੀਆਂ ਦੀ ਸੰਭਾਲ ਵੱਲ ਆਕਰਸ਼ਿਤ ਕੀਤਾ। ਸਿੱਟੇ ਵਜੋਂ ਦੇਸ਼-ਵਿਦੇਸ਼ ਵਿੱਚ ਕਿੰਨੇ ਹੀ ਵਿਅਕਤੀ ਤੇ ਸੰਸਥਾਵਾਂ ਇਸ ਕਾਰਜ ਲਈ ਮੈਦਾਨ ਵਿੱਚ ਉਤਰੇ। ਇੰਜੀਨੀਅਰ ਸੁਖਦੇਵ ਸਿੰਘ ਲਾਜ ਉਨ੍ਹਾਂ ਵਿਚੋਂ ਇੱਕ ਹਨ। ਉਨ੍ਹਾਂ ਨੇ ਇਸ ਕਾਰਜ ਦੇ ਮਹੱਤਵ, ਹੁਣ ਤੱਕ ਇਸ ਸਿਲਸਿਲੇ ਵਿੱਚ ਹੋਏ, ਹੋ ਰਹੇ, ਹੋਣ ਵਾਲੇ ਬਹੁਪੱਖੀ ਕਾਰਜਾਂ ਦੀ ਜਾਣ-ਪਛਾਣ ਕਰਵਾਉਣ ਵਾਲੀਆਂ ਇਕਵੰਜਾ ਲਿਖਤਾਂ ਇਸ ਪੁਸਤਕ ਵਿੱਚ ਸੰਕਲਿਤ ਕਰਨ ਦਾ ਉਪਰਾਲਾ ਕੀਤਾ ਹੈ ਜੋ ਇਸ ਖੇਤਰ ਵਿੱਚ ਪੰਥ ਦਾ ਮਾਰਗ ਦਰਸ਼ਨ ਕਰ ਸਕਦਾ ਹੈ।


ਇਸ ਪੁਸਤਕ ਦੀਆਂ ਲਿਖਤਾਂ ਤੋਂ ਸਪਸ਼ਟ ਹੈ ਕਿ ਇੱਕ ਸਿੱਖ ਬੁਧੀਜੀਵੀ ਇਸ ਪੱਖੋਂ ਸੁਚੇਤ ਹਨ। ਹੁਣ ਲੋੜ ਸਮੂਹਕ ਯਤਨਾਂ ਦੀ ਹੈ। ਨਾਨਕ ਪੰਥੀ ਮੂਲ ਰੂਪ ਵਿੱਚ ਸਿੱਖ ਹਨ। ਇਨ੍ਹਾਂ ਸਿੱਖਾਂ ਦੀ ਸੇਵਾ-ਸੰਭਾਲ ਦੇ ਗੁਰੂ ਘਰ ਵਿੱਚ ਮਹੱਤਵ ਬਾਰੇ ਮੈਂ ਆਪਣੇ ਵੱਲੋਂ ਕੁਝ ਕਹਿਣ ਦੀ ਥਾਂ ਭਾਈ ਗੁਰਦਾਸ ਜੀ ਦੇ ਬੋਲ ਹੀ ਦੁਹਰਾਵਾਂਗੀ:

**ਪੰਚ ਬਾਰ ਗੰਗ ਜਾਇ ਬਾਰ ਪੰਚ ਪ੍ਰਾਗ ਨਾਇ**
**ਤੈਸਾ ਪੁੰਨ ਏਕ ਗੁਰਸਿਖ ਕਉ ਨਵਾਏ ਕਾ॥**
**ਸਿਖ ਕਉ ਪਿਲਾਇ ਪਾਨੀ ਭਾਉ ਕਰਿ ਕੁਰਖੇਤ**
**ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ॥**
**ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ**
**ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ॥**
**ਜੈਸੇ ਬੀਸ ਬਾਰ ਦਰਸਨ ਸਾਧ ਕੀਆ**
**ਕਾਹੂ ਤੈਸਾ ਫਲ ਸਿਖ ਕਉ ਚਾਪਿ ਪਗ ਸੁਆਏ ਕਾ॥੬੭੩॥**

**-ਭਾਈ ਗੁਰਦਾਸ ਜੀ ਵਾਰਾਂ**

ਮੈਨੂੰ ਵਿਸ਼ਵਾਸ ਹੈ ਕਿ ਇਹ ਪੁਸਤਕ ਉੱਪਰ ਦੱਸੇ ਸ਼ੁਭ ਕਾਰਜ ਲਈ ਪ੍ਰੇਰਣਾ ਸਰੋਤ ਬਣੇਗੀ।

# ਸਾਂਝੀਵਾਲਤਾ



**ਲੈਫਟੀਨੈਂਟ ਜਰਨਲ ਕਰਤਾਰ ਸਿੰਘ ਗਿੱਲ**
**(ਸੇਵਾ ਮੁਕਤ)**
**ਪਰਮ ਵਸ਼ਿਸ਼ਟ ਸੇਵਾ ਮੈਡਲ,**
**ਸੈਕਟਰੀ ਜਨਰਲ**
**ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ**

ਭੁੱਲੇ-ਵਿਸਰੇ ਨਾਨਕ ਪੰਥੀ ਪੁਸਤਕ ਦੇ ਬਾਰੇ ਆਪਣੇ ਵਿਚਾਰ ਰੱਖਦੇ ਹੋਏ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ। ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ ਦਾ ਇੱਕੋ ਇੱਕ ਨਿਸ਼ਾਨਾ ਹੈ ਕਿ ਸਹੀ ਸੋਚ ਰੱਖਣ ਵਾਲੀਆਂ ਸਾਰੀਆਂ ਸਿੱਖ ਸੰਸਥਾਵਾਂ ਨੂੰ ਸਾਂਝੀਵਾਲਤਾ ਦੀ ਮਾਲਾ ਵਿੱਚ ਪਰੋਇਆ ਜਾਵੇ। ਇਸ ਪੁਸਤਕ ਦਾ ਮਨੋਰਥ ਕਿਸੇ ਹੱਦ ਤੱਕ ਇਸ ਆਸ਼ੇ ਦੀ ਪੂਰਤੀ ਕਰਦਾ ਨਜ਼ਰ ਆਉਂਦਾ ਹੈ।

ਕਨਫੈਡਰੇਸ਼ਨ ਵੱਲੋਂ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਪਹਿਲ ਦੇ ਅਧਾਰ ‘ਤੇ ਆਰਥਕ, ਸਮਾਜਕ, ਵਿਦਿਅਕ ਅਤੇ ਧਾਰਮਕ ਪੱਖਾਂ ਨੂੰ ਸੁਰਜੀਤ ਕਰਨਾ ਹੈ। ਇਸੇ ਲਈ ਵਿਸ਼ੇਸ਼ ਸੈਮੀਨਾਰ ਤੇ ਇਕਤ੍ਰਤਾਵਾਂ ਦੇਸ਼ ਤੇ ਵਿਦੇਸ਼ ਵਿੱਚ ਅਯੋਜਤ ਕੀਤੀਆਂ ਹਨ ਅਤੇ ਆਪਣੇ ਮਨੋਰਥਾਂ ਨੂੰ ਸਰਲ ਕਰਨ ਲਈ ਵਿਧੀ ਵਿਧਾਨ ਬਣਾ ਕੇ ਅਮਲੀ ਰੂਪ ਦਿੱਤਾ ਹੈ।

ਇਸੇ ਦੀ ਮਿਸਾਲ ਹੈ ਕਿ 28 ਜਨਵਰੀ 2018 ਨੂੰ ਗੁਰਦੁਆਰਾ ਰਕਾਬ ਗੰਜ ਸਾਹਿਬ ਵਿੱਚ ਦੇਸ਼ ਵਿਦੇਸ਼ ਵਿਆਪੀ ਸੰਸਥਾਵਾਂ ਨੇ ਇੱਕਠੇ ਹੋ ਕੇ ਅਹਿਮ ਫੈਸਲੇ ਲਏ। ਇਸ ਮੀਟਿੰਗ ਦਾ ਸੰਚਾਲਨ ਗਿਆਨੀ ਕੇਵਲ ਸਿੰਘ ਜੀ, ਗਿਆਨੀ ਜਗਤਾਰ ਸਿੰਘ ਜਾਚਕ (ਨਿਊਯਾਰਕ) ਤੇ ਕਰਨਲ ਜਗਤਾਰ ਸਿੰਘ ਮੁਲਤਾਨੀ ਵੱਲੋਂ ਕੀਤਾ ਗਿਆ, ਜਿਸ ਦਾ ਮੁੱਖ ਮੰਤਵ ਸਾਰਿਆਂ ਨੂੰ ਸਾਂਝੇ ਤੌਰ ‘ਤੇ ਸੱਦਾ ਦੇਣਾ ਤੇ ਇੱਕ ਦੂਜੇ ਦੀ ਮਦਦ ਕਰਨ ਲਈ ਸੀ।

ਇਸ ਪੁਸਤਕ ਵਿੱਚ ਹਰੇਕ ਵਿਅਕਤੀਗਤ ਮੁਹਾਰਤ ਦੇ ਅਧਾਰ ‘ਤੇ ਭਵਿੱਖ ਲਈ, ਰਣਨੀਤੀਆਂ ਤਿਆਰ ਕਰਨ ਲਈ ਅਹਿਮ ਜਾਣਕਾਰੀ ਇੱਕ ਦੂਜੇ ਤੱਕ ਪਹੁੰਚਾਈ ਜਾ ਸਕਦੀ ਹੈ। 28 ਜਨਵਰੀ ਦੀ ਮੀਟਿੰਗ ਵਿੱਚ ਕਨਫੈਡਰੇਸ਼ਨ ਨੂੰ ਕੇਂਦਰੀ ਦਫਤਰ ਨਿਭਾਉਣ ਦੀ ਜਿੰਮੇਵਾਰੀ ਦਿੱਤੀ ਗਈ ਜੋ ਅੱਜ ਵੀ ਨਿਭਾਈ ਜਾ ਰਹੀ ਹੈ। ਇਸ ਪੁਸਤਕ ਵਿੱਚ ਇੱਕ ਸਿਸਟਮ ਬਣਾਉਣ ਦੀ ਅਤੇ ਉਸ ਦੇ ਮੁਤਾਬਕ ਕੰਮ ਕਰਨ ਦੀ ਸੇਧ ਦਿੱਤੀ ਗਈ ਹੈ ਤਾਂ ਕਿ ਅਸੀਂ ਭੁੱਲੇ ਵਿਸਰੇ ਵੀਰਾਂ ਨੂੰ ਮੁੱਖਧਾਰਾ ਵਿੱਚ ਲਿਆ ਸਕੀਏ। ਮੈਨੂੰ ਪੂਰੀ ਆਸ ਹੈ ਕਿ ਸਾਡੀਆਂ ਸਿੱਖ ਸੰਸਥਾਵਾਂ ਇਸ ਮਨੋਰਥ ਨੂੰ ਪੂਰਾ ਕਰਨ ਵਿੱਚ ਕਾਮਯਾਬ ਹੋਣਗੀਆਂ। ਮੇਰੀਆਂ ਸ਼ੁੱਭ ਕਾਮਨਾਵਾਂ ਸਹਿਤ।

# ਉਮੀਦ ਦੀ ਕਿਰਨ



**ਲੈਫਟੀਨਲ ਕਰਨਲ ਜਗਤਾਰ ਸਿੰਘ ਮੁਲਤਾਨੀ**
**ਚੇਅਰਮੈਨ, ਸਿਕਲੀਗਰ ਸਿੱਖ ਵੈਲਫੇਅਰ ਸੁਸਾਇਟੀ,**
**ਹੈਦਰਾਬਾਦ**

ਕਿਹਾ ਜਾਂਦਾ ਹੈ ਕਿ ਹੋਣੀ ਦੀਆਂ ਚਪੇੜਾਂ ਰੋਕੀਆਂ ਨਹੀਂ ਜਾ ਸਕਦੀਆਂ ਨਾ ਹੀ ਨਤੀਜੇ ਠੱਲ੍ਹੇ ਜਾ ਸਕਦੇ ਹਨ ਪਰ ਹੋਣੀ ਕਿਸੇ ਦੀ ਪ੍ਰਸੰਨਤਾ ਨਹੀਂ ਖੋਹ ਸਕਦੀ। ਪ੍ਰਸੰਨਤਾ ਇੱਕ ਗਿਆਨ ਹੈ, ਹਿਰਫ ਤੇ ਸ਼ੌਂਕ ਦੋਹਾਂ ਵਿੱਚ ਸਮਾ ਸਕਦੀ ਹੈ ਅਤੇ ਦੁੱਖ ਤੇ ਸੁੱਖ ਵਿੱਚੋਂ ਨਿਕਲਣ ਦੀ ਜਾਚ ਹੈ ਤੇ ਇਹ ਜਾਚ ਪ੍ਰਾਪਤ ਹੋਈ ਹੈ, ਸਾਡੇ ਭੁੱਲੇ ਵਿਸਰੇ ਨਾਨਕਪੰਥੀ ਅਦਾਰਿਆਂ ਨੂੰ ਜੋ ਕਿ ਅਜਿਤ ਹੋ ਕੇ ਹੋਣੀ ਦੇ ਪ੍ਰਭਾਵ ਤੋਂ ਦੂਰ ਰਹਿੰਦੇ ਹੋਏ ਸਿੱਖ ਮੁੱਖਧਾਰਾ ਵਿੱਚ ਆਉਣ ਲਈ ਤਰਸ ਰਹੇ ਹਨ। ਬੇਸ਼ੱਕ ਸਾਡੀਆਂ ਸਿਰਕੱਢ ਸੰਸਥਾਵਾਂ ਨੇ ਹਮੇਸ਼ਾਂ ਹੀ ਇਸ ਮਸਲੇ ਨੂੰ ਅਣਗੌਲਿਆ ਹੈ। ਉਥੇ ਸ਼ਲਾਘਾਯੋਗ ਤੇ ਉਮੀਦ ਦੀ ਕਿਰਨ ਛੋਟੀਆਂ ਸੰਸਥਾਵਾਂ ਵੱਲੋਂ ਉਭਰਕੇ ਆਈ ਹੈ ਅਤੇ ਉਹਦੇ ਵਿੱਚ ਸਾਡੇ ਪ੍ਰਵਾਸੀ ਵੀਰਾਂ ਤੇ ਸਿੱਖ ਸੰਗਤਾਂ ਦਾ ਵੱਡਾ ਯੋਗਦਾਨ ਹੈ।

ਭੁੱਲੇ ਵਿਸਰੇ ਨਾਨਕਪੰਥੀ ਕਿਤਾਬ ਵਿੱਚ ਜੋ ਲਿਖਤਾਂ ਲਈਆਂ ਗਈਆਂ ਹਨ ਇਹ ਆਉਣ ਵਾਲੀਆਂ ਪੀੜੀਆਂ ਲਈ ਸੇਧ ਅਤੇ ਉਤਸ਼ਾਹ ਦਾ ਸੋਮਾ ਸਿੱਧ ਹੋਣਗੀਆਂ ਅਤੇ ਦੇਸ਼ ਵਿੱਚ ਵੱਖ ਵੱਖ ਸੂਬਿਆਂ ਵਿੱਚ ਵਸੇ ਜਰੂਰਤਮੰਦ ਲੋਕਾਂ ਲਈ ਸੇਵਾ ਵਾਸਤੇ ਵਿਉਂਤਬੰਦੀ ਕਰਨ ਵਿੱਚ ਸਹਾਇਕ ਹੋਣਗੀਆਂ। ਲੇਖਕਾਂ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਆਪਣੇ ਵਿਚਾਰ ਪੇਸ਼ ਕੀਤੇ ਹਨ। ਉਹ ਸਾਰੇ ਦੇ ਸਾਰੇ ਹੀ ਵਧਾਈ ਦੇ ਪਾਤਰ ਹਨ।

ਇਸ ਤੋਂ ਪਹਿਲਾਂ ਦੇਸ਼ ਪੱਧਰੀ ਗੋਸ਼ਟੀਆਂ ਹੋਈਆਂ ਜਿਨ੍ਹਾਂ ਵਿੱਚ ਕੰਮ ਕਰ ਰਹੀਆਂ ਸੰਸਥਾਵਾਂ ਨੂੰ ਆਪਸ ਵਿੱਚ ਦੀ ਜਾਣਕਾਰੀ ਹੋਈ ਜਿਵੇਂ ਨਵੰਬਰ 2015 ਵਿੱਚ ਸਿੱਖ ਸੰਸਾਰ ਸੰਗਠਨ 2018 ਵਿੱਚ ਸਿਕਲੀਗਰ, ਵਣਜਾਰਾ ਲੁਬਾਣਾ ਤੇ ਨਾਨਕਪੰਥੀ ਗੋਸ਼ਟੀ ਗੁਰਦੁਆਰਾ ਰਕਾਬਗੰਜ ਸਾਹਿਬ ਵਿੱਚ, ਜਿਸ ਦੇ ਕਰਕੇ ਕਰੋਨਾ ਵਾਇਰਸ ਵਿੱਚ ਫਸੇ ਸਿਕਲੀਗਰ ਵਣਜਾਰਿਆਂ ਦੀ ਮਦਦ ਕਰਨ ਦੇ ਤਾਲਮੇਲ ਵਿੱਚ ਬਹੁਤ ਅਸਾਵੀਨ ਹੋ ਗਈ ਹੈ।

ਹਿੰਦੁਸਤਾਨ ਦੇ ਦੱਖਣੀ ਪ੍ਰਾਂਤਾਂ ਵਿੱਚ ਵੀ ਬਹੁਤ ਸਾਰੇ ਨਾਨਕਪੰਥੀ ਸਿਕਲੀਗਰ, ਵਣਜਾਰੇ ਤੇ ਲੁਬਾਣੇ ਵਸੇ ਹੋਏ ਹਨ। ਉਨ੍ਹਾਂ ਲਈ ਤਿੰਨ ਵੱਡੀਆਂ ਸੰਸਥਾਵਾਂ, ਕਰਨਾਟਕਾ ਸਿੱਖ ਸੁਸਾਇਟੀ ਬੈਂਗਲੋਰ, ਤੇਲੰਗਾਨਾ ਸਿੱਖ ਸੁਸਾਇਟੀ ਹੈਦਰਾਬਾਦ ਤੇ ਸਿਕਲੀਗਰ ਸਿੱਖ ਵੈਲਫੇਅਰ ਸੁਸਾਇਟੀ ਹੈਦਰਾਬਾਦ ਬਹੁਤ ਵਧੀਆ ਕੰਮ ਕਰ ਰਹੀਆਂ ਹਨ ਤੇ ਦਾਸ ਦਾ ਸਭ ਨਾਲ ਗੂੜਾ ਸੰਬੰਧ ਹੈ। ਉਹ ਵੀ ਵਰਣਨਯੋਗ ਹਨ ਤੇ ਵਧਾਈ ਦੇ ਪਾਤਰ ਹਨ।

ਵਾਹਿਗੁਰੂ ਸਾਰਿਆਂ ਨੂੰ ਚੜ੍ਹਦੀ ਕਲਾ ਤੇ ਸੇਵਾਦਾਰੀ ਦੀ ਦਾਤ ਬਖਸ਼ੇ।

# ਇੱਕ ਪੁਰਜ਼ੋਰ ਬੇਨਤੀ



**ਡਾ: ਅਮਰਪ੍ਰੀਤ ਸਿੰਘ ਦਿਉਲ**
**ਪ੍ਰਧਾਨ, ਇੰਟਰਨੈਸ਼ਨਲ ਸਿੱਖ ਕਨਫਡੇਰੇਸ਼ਨ**
**(ਲੁਧਿਆਣਾ ਚੈਪਟਰ)**

ਨਾਨਕ ਪੰਥੀਆਂ ਬਾਰੇ ਸਿੱਖ ਪੰਥ ਵਿੱਚ 1934 ਵਿੱਚ ਭੈਣੀ ਸਾਹਿਬ, ਲੁਧਿਆਣਾ ਵਿਖੇ ਭਾਈ ਅਰਜਨ ਸਿੰਘ ਬਾਗੜੀਆਂ ਦੀ ਪ੍ਰਧਾਨਗੀ ਹੇਠ ਇੱਕ ਕਾਨਫਰੰਸ ਕੀਤੀ ਗਈ ਸੀ। ਜਿਸ ਦਾ ਵਿਸਥਾਰ ਭੂਮਿਕਾ ਵਿੱਚ ਦਿੱਤਾ ਗਿਆ ਹੈ। ਦੁੱਖ ਦੀ ਗੱਲ ਹੈ ਕਿ ਬਾਅਦ ਵਿੱਚ ਇਸ ਪਾਸੇ ਉਚਿਤ ਧਿਆਨ ਨਹੀਂ ਦਿੱਤਾ ਗਿਆ। ਫਲਸਰੂਪ ਸਿਕਲੀਗਰ ਵਣਜਾਰੇ, ਸਤਿਨਾਮੀ, ਜੋਹਰੀ, ਨਿਰਮਲੇ ਉਦਾਸੀ ਆਦਿ ਨਾਨਕਨਾਮ ਲੇਵਾ ਸਿੱਖਾਂ ਦੀ ਪੰਥ ਤੋਂ ਦੂਰੀ ਬਣੀ ਰਹੀ।

ਖੁਸ਼ੀ ਦੀ ਗੱਲ ਹੈ ਕਿ 2019 ਵਿੱਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 550 ਸਾਲਾ ਪ੍ਰਕਾਸ਼ ਉਤਸਵ ਸਮੇਂ ਇਸ ਪਾਸੇ ਧਿਆਨ ਦਿੱਤਾ ਗਿਆ ਅਤੇ 10 ਅਕਤੂਬਰ 2019 ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕ ਨਾਮ ਲੇਵਾ ਸਿੱਖਾਂ ਦਾ ਸਮੇਲਨ ਬੁਲਾਇਆ ਗਿਆ ਅਤੇ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਇਸੇ ਹੀ ਸਬੰਧ ਵਿੱਚ ਸੰਸਾਰ ਸਿੱਖ ਸੰਗਠਨ ਦੇ ਲੁਧਿਆਣਾ ਚੈਪਟਰ ਵੱਲੋਂ ਇਹ ਪੁਸਤਕ "ਭੁਲੇ ਵਿਸਰੇ ਨਾਨਕ ਪੰਥੀ" ਛਾਪੀ ਜਾ ਰਹੀ ਹੈ। ਮੈਂ ਹਰ ਇਕ ਗੁਰਸਿੱਖ ਨੂੰ ਪੁਰਜ਼ੋਰ ਬੇਨਤੀ ਕਰਦਾ ਹਾਂ ਕਿ ਉਹ ਨਾਨਕ ਪੰਥੀਆਂ ਬਾਰੇ ਇਸ ਪੁਸਤਕ ਨੂੰ ਪੜ੍ਹ ਕੇ ਗਿਆਨ ਪ੍ਰਾਪਤ ਕਰਨ ਅਤੇ ਉਨ੍ਹਾਂ ਨੂੰ ਸਿੱਖ ਪੰਥ ਦਾ ਮੁੱਖ ਅੰਗ ਸਮਝਣ। ਇਸ ਪੁਸਤਕ ਨੂੰ ਸੰਪਾਦਕ ਅਤੇ ਪ੍ਰਕਾਸ਼ਨ ਕਰਨ ਵਾਲੇ ਵੀਰਾਂ ਦਾ ਰਿਣੀ ਹਾਂ ਅਤੇ ਸਮੂਹ ਵਿਦਵਾਨ ਲੇਖਕਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ।

ੴ

THE SIKH FORUM INTERNATIONAL

Founder : *Late Lt Gen J S Aurora*

Patrons : *Lord J Stevens QPM*

*Lord M Sheikh, Mr A S Dassan*

The Golden Temple Amritsar

**Let us invite Sindhi brothers and sisters**



**Ranjit Singh** *OBE*
Chairman
Sikh Forum International
Guru Nanak International Education Trust
London

In these unprecedented times, there are many fine people providing great community service. Some have been very charitable to the population for many years.

Sardar Sukhdev Singh Ji Laaj has been remarkable in his kindness and thoughtfullness towards the Sikligars, Vanjaras and Sindhis. His book "Bhule Visre Nanak Panthi" is worthy of great praise. Presently, very little assistance is being provided to Sikligars and Vanjaras.

Sindhi brothers and sisters have always and continue to keep Guru Nanak Dev Ji in high regard. They are known to focus on his true teachings and not rituals. Let us invite Sindhi brothers and sisters back to the Sikh Gurdwara.


Once again, Laaj Sahib is doing commendable work. God bless him.

**Ranjit Singh OBE**

SIKH COUNCIL OF SCOTLAND
17 Harris Close, Newton Mearns, Glasgow G77 6TU Scotland
www.sikhcouncilscotland.org
info@sikhcouncilscotland.org
(UK)+44 77230 13160 (IND)+91 98766 00922

Ref. No.......... Dated..................

# ਪ੍ਰੇਮ ਅਤੇ ਸੇਵਾ ਗੁਰਸਿੱਖੀ ਦਾ ਆਧਾਰ ਹਨ




**ਸੁਲੱਖਣ ਸਿੰਘ ਸਮਰਾ**
**ਮੁੱਖ ਸੇਵਾਦਾਰ ਸਿੱਖ ਕੌਂਸਲ ਆਫ ਸਕਾਟਲੈਂਡ**

ਪ੍ਰੇਮ ਅਤੇ ਸੇਵਾ ਗੁਰਸਿੱਖੀ ਦਾ ਆਧਾਰ ਹਨ। ਗੁਰਸਿੱਖ ਸੇਵਾ ਰਾਹੀਂ ਗੁਰੂ ਦੀਆਂ ਨਜ਼ਰਾਂ ਵਿੱਚ ਪਰਵਾਨ ਹੁੰਦਾ ਹੈ। ਪ੍ਰੇਮ, ਸੇਵਾ ਅਤੇ ਸਿਮਰਨ ਜਿਹੇ ਗੁਣਾਂ 'ਤੇ ਚਲ ਕੇ ਹਰ ਜੀਵ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਦਾ ਹੈ। ਸੇਵਾ ਵਿਚ ਕਈ ਪਹਿਲੂ ਹਨ ਜਿਵੇਂ ਬੱਚਿਆਂ ਨੂੰ ਵਿਦਿਆ ਦੇਣਾ, ਵੱਖ-ਵੱਖ ਕਿੱਤਿਆਂ ਦੀ ਟ੍ਰੇਨਿੰਗ ਦੇਣੀ, ਸਿਹਤ-ਸੰਭਾਲ ਅਤੇ ਕਿੱਤਾ-ਮੁਖੀ ਕੋਰਸ ਕਰਾਉਣਾ ਆਦਿ।

ਅਸੀਂ ਆਪਣੇ ਵਤਨ ਤੋਂ ਦੂਰ ਪ੍ਰਦੇਸੀ ਆਪਣੇ ਮਨ ਵਿਚ ਆਪਣੇ ਦੇਸ਼ ਭਾਰਤ ਅਤੇ ਪੰਥ ਦੀ ਯਾਦ ਵਿਚ ਸਮੋਏ ਰਹਿੰਦੇ ਹਾਂ। ਆਪਣੇ ਵਤਨ ਦੀ ਧਰਤੀ ਦੀ ਛੋਹ, ਆਪਣੇ ਵੀਰਾਂ ਦੇ ਦਰਸ਼ਨ ਅਤੇ ਉਨ੍ਹਾਂ ਨਾਲ ਮੇਲ ਮਿਲਾਪ ਸਾਡੀ ਸਦਾ ਤਮੰਨਾ ਰਹਿੰਦੀ ਹੈ। ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਛਤੀਸਗੜ੍ਹ ਵਿੱਚ, ਸਤਿਨਾਮ ਫਾਊਂਡੇਸ਼ਨ, ਦੁਰਗ, ਭਲਾਈ, ਰਾਏਪੁਰ ਦੀ ਸੰਗਤ ਅਤੇ ਹੋਰ ਅਨੇਕਾਂ ਸੰਸਥਾਵਾਂ ਵਿਦਿਆ ਅਤੇ ਭਲਾਈ ਖੇਤਰ ਵਿਚ ਵੱਡਮੁੱਲਾ ਯੋਗਦਾਨ ਪਾ ਰਹੀਆਂ ਹਨ। ਸੱਚ ਤਾਂ ਇਹ ਹੈ ਕਿ ਸਿਕਲੀਗਰ ਵਣਜਾਰੇ, ਸਤਿਨਾਮੀ ਅਤੇ ਜੌਹਰੀ ਆਦਿ ਪਰਿਵਾਰਾਂ ਵਿਚ ਕਈ ਕਰਤਾਰੀ ਗੁਣ ਮੌਜੂਦ ਹਨ। ਜੇ ਇਨ੍ਹਾਂ ਵਿਚਲੇ ਗੁਣਾਂ ਨੂੰ ਉਜਾਗਰ ਕਰ ਦੇਈਏ ਤਾਂ ਇਸ ਨਾਲ ਸਮਾਜ ਵਿਚ ਸ਼ਕਤੀ ਤਾਂ ਵਧੇਗੀ ਹੀ, ਇਸ ਨਾਲ ਦੇਸ਼ ਵੀ ਬੁਲੰਦੀਆਂ ਨੂੰ ਛੂਹੇਗਾ।

ਸਿਕਲੀਗਰ, ਵਣਜਾਰੇ, ਸਤਿਨਾਮੀ, ਜੌਹਰੀ, ਬਿਹਾਰੀ, ਅਸਾਮੀ ਅਤੇ ਹੋਰ ਅਨੇਕਾਂ ਨਾਨਕ ਨਾਮ ਲੇਵਾ ਸੰਬੰਧੀ ਦਾ ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ (ਆਈ ਐਸ ਸੀ) ਵਲੋਂ ਜੋ ਕਿਤਾਬ ਛਾਪੀ ਜਾ ਰਹੀ ਹੈ ਇਸ ਲਈ ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ ਅਤੇ ਵਧਾਈ ਦਿੰਦੇ ਹਾਂ।

# ਸਿੱਖ ਭਾਈਚਾਰਾ ਗੁਰੂ ਪੰਥ 'ਚ ਸ਼ਾਮਿਲ ਕਬੀਲਿਆਂ ਦੀ ਸਾਰ ਲਵੇ



**ਗੁਰਪ੍ਰੀਤ ਸਿੰਘ**
**ਪ੍ਰਧਾਨ**
**ਇੰਸਟੀਚਿਊਟ ਆਫ ਸਿੱਖ ਸਟੱਡੀਜ਼**
**ਚੰਡੀਗੜ੍ਹ**

ਗੁਰੂ ਨਾਨਕ ਜੀ ਦਾ ਸਥਾਪਤ ਤੀਸਰਾ ਪੰਥ ਜਗਤ ਕਲਿਆਣ ਹਿਤ ਸੰਪੂਰਨ ਮਨੁੱਖਤਾ ਅਤੇ ਬਨਸਪਤ ਦੀ ਹੋਂਦ ਨੂੰ ਵੀ ਅਕਾਲਪੁਰਖੁ ਦੀ ਬਖਸ਼ਿਸ਼ ਪ੍ਰਵਾਨ ਕਰਦਾ ਹੈ। ਸਿੱਖ ਪੰਥ ਵਿਸ਼ਵ ਭਾਈਚਾਰੇ ਦੀ ਸਥਾਪਤੀ ਦੇ ਸਿਰਮੌਰ ਨਿਯਮਾਂ ਨੂੰ ਅਧਾਰ ਗੁਰਬਾਣੀ ਵਿਚੋਂ ਨਿਰਧਾਰਿਤ ਕਰਦਾ ਹੈ। ਗੁਰੂ ਨਾਨਕ ਜੀ ਦੇ ਸਮੇਂ ਸਥਾਪਤ ਕੀਤੀਆਂ ਸੰਗਤਾਂ ਨੂੰ ਸ਼ਬਦ ਗੁਰੂ ਨਾਨਕ ਜੋੜ ਕੇ ਰੱਖਣ ਵਾਸਤੇ ਉਹਨਾਂ ਦੇ ਉੱਤਰ ਅਧਿਕਾਰੀਆਂ ਨੇ ਬਹੁਤ ਵੱਡਾ ਯੋਗਦਾਨ ਪਾਇਆ ਸੀ।

ਗੁਰੂ ਨਾਨਕ ਜੀ ਦੁਆਰਾ ਦੇਸ਼ ਵਿਦੇਸ਼ ਵਿਚ ਸਥਾਪਤ ਕੀਤੀਆਂ ਸੰਗਤਾਂ ਦਾ ਘੇਰਾ ਬਹੁਤ ਵਿਸ਼ਾਲ ਹੈ। ਇਸ ਵਿਸ਼ਾਲ ਪੰਥ ਨੂੰ ਇਕਸੁਰਤਾ ਵਿਚ ਜੋੜ ਕੇ ਰੱਖਣ ਲਈ ਗੁਰਬਾਣੀ ਨੇ ਕੇਂਦਰੀ ਭੂਮਿਕਾ ਨਿਭਾਈ ਹੈ ਜਿਸ ਦਾ ਪ੍ਰਮਾਣ ਖਾਲਸਾ ਪੰਥ ਦੀ ਸਿਰਜਨਾਂ ਮੌਕੇ ਵਿਸਾਖੀ ਵਾਲੇ ਦਿਨ ਕੇਸਗੜ੍ਹ ਦੀ ਧਰਤੀ ਉਤੇ ਮਿਲਦਾ ਹੈ ਜਦੋਂ ਪੰਜ ਪਿਆਰਿਆਂ ਦੀ ਚੋਣ ਵਕਤ ਪਿਆਰੇ ਉਹਨਾਂ ਸਥਾਨਾਂ ਤੋਂ ਆਉਂਦੇ ਹਨ ਜਿਥੇ ਗੁਰੂ ਗੋਬਿੰਦ ਸਿੰਘ ਜੀ ਆਪਣੇ ਜੀਵਨ ਵਿਚ ਨਹੀਂ ਸਨ ਗਏ। ਉਹਨਾਂ ਸਿੱਖਾਂ ਨੂੰ ਧਰਮ ਲਈ ਸੀਸ ਵਾਰਨ ਦੀ ਪ੍ਰੇਰਨਾ ਕੇਵਲ ਗੁਰਬਾਣੀ ਤੋਂ ਪ੍ਰਾਪਤ ਹੋਈ ਸੀ। ਗੁਰੂ ਨਾਨਕ ਜੀ ਦੇ ਸਮੇਂ ਤੋਂ ਗੁਰੂ ਪੰਥ ਵਿਚ ਸ਼ਾਮਿਲ ਹੋਏ ਕਬੀਲਿਆਂ ਨੇ ਸਿੱਖ ਪੰਥ ਦੇ ਵਿਕਾਸ ਵਿਚ ਵੱਡਮੁਲਾ ਯੋਗਦਾਨ ਪਾਇਆ ਹੈ ਇਹਨਾਂ ਵਿਚ ਸਿਕਲੀਗਰ ਵਣਜਾਰੇ, ਸਤਨਾਮੀ, ਜੌਹਰੀ, ਸਿੰਧੀ ਅਤੇ ਦਾਦੂ ਪੰਥੀਆਂ ਦਾ ਵਿਸ਼ੇਸ਼ ਵਰਣਨ ਕੀਤਾ ਜਾ ਸਕਦਾ ਹੈ।

ਸ. ਸੁਖਦੇਵ ਸਿੰਘ ਲਾਜ ਨੇ ਇਸ ਪੱਖ ਤੋਂ ਵੱਡਮੁੱਲਾ ਕਾਰਜ ਕੀਤਾ ਹੈ ਕਿ ਗੁਰੂ ਨਾਨਕ ਜੀ ਦੇ ਭੁਲੇ ਵਿਸਰੇ ਗਰੀਬ ਕਿਰਤੀ ਕਾਮਿਆਂ ਦੇ ਜੀਵਨ ਸ਼ੈਲੀ ਦੀਆਂ ਜਮੀਨੀ ਹੱਕੀਕਤਾਂ ਨੂੰ ਇਕੱਤਰ ਕਰਕੇ ਦਸਤਾਵੇਜ ਦੇ ਰੂਪ ਵਿਚ ਲਿਆਂਦਾ ਹੈ। ਜਦੋਂ ਸਿੱਖ ਭਾਈਚਾਰਾ ਵਿਸ਼ਵ ਪੱਧਰ ਉਤੇ ਸਮਾਜਕ,ਆਰਥਕ, ਅਤੇ ਰਾਜਨੀਤਕ ਖੇਤਰ ਵਿਚ ਵੱਡੀਆਂ ਵੱਡੀਆਂ ਮੱਲਾਂ ਮਾਰ ਰਿਹਾ ਹੈ ਤਾਂ ਉਸ ਵਕਤ ਗੁਰੂ ਨਾਨਕ ਨਾਮ ਲੇਵਾ ਕਬੀਲੇ ਗੁਰਬਤ ਦੀ ਜਿੰਦਗੀ ਭੋਗ ਰਹੇ ਹਨ। ਲਾਜ ਜੀ ਨੇ ਆਪਣੀ ਇਸ ਪੁਸਤਕ ਵਿਚ ਸਿੱਖ ਪੰਥ ਦਾ ਧਿਆਨ ਮਹੱਤਵਪੁਰਨ ਵਿਸ਼ੇ ਵੱਲ ਕੇਂਦਰਿਤ ਕੀਤਾ ਹੈ, ਜਿਸ ਦੇ ਫਲਸਰੂਪ ਸਿੱਖ ਪੰਥ ਦੀਆਂ ਸਿਰਮੌਰ ਸੰਸਥਾਂਵਾਂ ਨੇ ਉਪਰੋਕਤ ਕਬੀਲਿਆਂ ਦੇ ਕਲਿਆਣ ਹਿਤ ਮੁੱਢਲੇ ਲੋੜੀਂਦੇ ਕਾਰਜ ਅਰੰਭ ਕੀਤੇ ਹਨ।

ਗੁਰੂ ਪੰਥ ਨੂੰ ਦਰਪੇਸ਼ ਇਹ ਚੁਣੌਤੀ ਬਹੁਤ ਵੱਡੀ ਹੈ। ਗੁਰੂ ਨਾਨਕ ਨਾਮ ਲੇਵਾ ਕਬੀਲਿਆਂ ਦੇ ਲੋਕਾਂ ਦੀ ਗਿਣਤੀ ਕਰੋੜਾਂ ਵਿਚ ਹੈ। ਸਾਡੇ ਵੱਲੋਂ ਕੀਤੇ ਜਾ ਰਹੇ ਉਪਰਾਲੇ ਬਹੁਤ ਸੀਮਤ ਹਨ। ਸਾਡੀ ਗੁਰੂ ਪੰਥ ਨੂੰ ਅਪੀਲ ਹੈ ਕਿ ਇਸ ਮਹਾਨ ਕਾਰਜ ਵਿਚ ਹਰ ਸਿੱਖ ਤਨ, ਮਨ ਅਤੇ ਧੰਨ ਦਾ ਯੋਗਦਾਨ ਪਾ ਕੇ ਗੁਰੂ ਦੀਆਂ ਖੁਸ਼ੀਆਂ ਦਾ ਪਾਤਰ ਬਣੇ।

# ਇਹ ਦਸਤਾਵੇਜ਼ ਰਹਿਬਰੀ ਦਾ ਕੰਮ ਕਰੇਗੀ



**ਭਾਈ ਅਸ਼ੋਕ ਸਿੰਘ ਬਾਗੜੀਆ**
**ਸਿੱਖ ਚਿੰਤਕ ਅਤੇ ਪੰਥ ਸੇਵਕ**

ਸਰਦਾਰ ਸੁਖਦੇਵ ਸਿੰਘ ਲਾਜ ਇਕ ਦ੍ਰਿੜ ਨਿਸ਼ਚੇ ਵਾਲੇ ਸਿੱਖ ਸਮਾਜ ਸੇਵੀ ਹਨ। ਇਨ੍ਹਾਂ ਨੂੰ ਮੈਂ ਜਾਤੀ ਤੌਰ ਤੇ ਕਾਫੀ ਦੇਰ ਤੋਂ ਜਾਣਦਾ ਹਾਂ, ਜੋ ਕੰਮ ਕਰਦੇ ਹਨ ਲਗਨ ਨਾਲ ਕਰਦੇ ਹਨ। ਹੱਥਲੀ ਕਿਤਾਬ, ਜੋ ਇਨ੍ਹਾਂ ਨੇ ਤਿਆਰ ਕੀਤੀ ਹੈ, ਸਿੱਖ ਕੌਮ ਦੇ ਅਣਗੌਲੇ ਕਬੀਲਿਆਂ ਅਤੇ ਕੌਮਾਂ ਬਾਰੇ ਇਕ ਅਹਿਮ ਦਸਤਾਵੇਜ਼ ਹੈ। ਇਹ ਦਸਤਾਵੇਜ਼ ਆਉਂਣ ਵਾਲੇ ਸਮੇਂ ਵਿੱਚ ਸਾਡੇ ਵਾਸਤੇ, ਇਨ੍ਹਾਂ ਕੌਮਾਂ ਬਾਰੇ ਹੋਰ ਘੋਖ ਪੜਤਾਲ ਕਰਨ ਵਿਚ ਸਹਾਈ ਹੀ ਨਹੀਂ ਹੋਣਗੀਆਂ ਸਗੋਂ ਰਹਿਬਰੀ ਜਾਂ ਗਾਇਡ ਦਾ ਕੰਮ ਕਰੇਗੀ।

ਬਾਬਾ ਨਾਨਕ ਨੇ ਏਸ਼ੀਆ ਦੇ ਦੂਰ ਦੁਰਾਡੇ ਖੇਤਰਾਂ ਦਾ ਕੋਈ ਹਿੱਸਾ ਨਹੀਂ ਛੱਡਿਆ ਜਿੱਥੇ ਆਪਣੇ ਪਵਿੱਤਰ ਕਦਮ ਨਾ ਪਾਏ ਹੋਣ। ਉਹਨਾਂ ਹਰ ਜਗ੍ਹਾ ਉਪਰ, ਜਿੱਥੇ ਬਾਬਾ ਨਾਨਕ ਗਏ, ਉਨ੍ਹਾ ਦੀਆਂ ਯਾਦਗਾਰਾਂ ਮਿਲਦੀਆਂ ਹਨ ਅਤੇ ਕਿਤੇ ਥੋੜੇ ਬਹੁਤੇ ਪਰਿਵਾਰ ਵੀ ਹਨ, ਜੋ ਇਨ੍ਹਾਂ ਯਾਦਗਾਰਾਂ ਨੂੰ ਸਮੋਈ ਬੈਠੇ ਹਨ।

ਇਹ ਪਰਿਵਾਰ ਭਾਵੇਂ ਉਸ ਇਲਾਕੇ ਦੀ ਜ਼ੁਬਾਨ ਅਤੇ ਕਲਚਰ ਦੇ ਪ੍ਰਭਾਵ ਹੇਠ ਹੋਣ ਕਾਰਨ ਪੰਜਾਬੀ ਤੋਂ ਵਾਕਫ ਨਾ ਹੋਣ ਕਾਰਨ ਗੁਰਬਾਣੀ ਤੋਂ ਦੂਰ ਹੋ ਗਏ, ਪਰ ਆਪਣੇ ਆਪ ਨੂੰ ਬਾਬੇ ਨਾਨਕ ਦੇ ਪੈਰੋਕਾਰ ਮੰਨਦੇ ਹਨ। ਮਸ਼ਰਕ ਵੱਲ ਉੜੀਸਾ ਆਦਿ ਸੁੱਬਿਆਂ ਵਿੱਚ ਕੁਝ ਐਸੇ ਕਬੀਲੇ ਹਨ, ਜਿਨ੍ਹਾਂ ਨੇ ਬਾਣੀ ਦੀਆਂ ਪੋਥੀਆਂ, ਗੁਟਕੇ ਆਦਿ ਪੂਰਨ ਸਤਿਕਾਰ ਨਾਲ ਰੱਖੇ ਹੋਏ ਹਨ, ਪਰ ਉਨ੍ਹਾਂ ਨੂੰ ਪੜ੍ਹਨ ਤੋਂ ਅਸਮਰੱਥ ਹਨ।

ਕਿਸੇ ਵੀ ਕੌਮ ਵਾਸਤੇ ਇਸ ਤਰ੍ਹਾਂ ਦੇ ਭੁੱਲੇ ਵਿਸਰੇ ਹਮ-ਧਰਮੀਆਂ ਨੂੰ ਵਿਸਾਰਨਾਂ ਘਾਤਕ ਹੁੰਦਾ ਹੈ। ਬਾਬਾ ਨਾਨਕ ਦੀ ਸਿੱਖੀ ਦਾ ਦਾਇਰਾ ਬਹੁਤ ਵਸੀਹ ਹੈ। ਗੁਰੂ ਸਾਹਿਬਾਨ ਅਤੇ ਬਾਅਦ ਵਿੱਚ ਖਾਲਸੇ ਦੇ ਸੰਘਰਸ਼ ਵਿੱਚ ਹਥਿਆਰ ਵਰਤੇ ਗਏ, ਉਹ ਇਨ੍ਹਾਂ ਭੁੱਲਿਆਂ-ਵਿਸਰੀਆਂ ਕੌਮਾਂ ਦੇ ਬਜ਼ੁਰਗਾਂ ਨੇ ਹੀ ਬਣਾਏ ਸਨ। ਇਸ ਦੇ ਨਾਲ ਹੀ ਸਾਨੂੰ ਮੌਜੂਦਾ ਹਾਲਤਾਂ ਵਿੱਚ ਬਾਬੇ ਨਾਨਕ ਦੇ ਨਾਮ ਤੇ ਪੰਥ ਵਿੱਚ ਦੰਭੀਆਂ ਦੇ ਪ੍ਰਵੇਸ਼ ਤੋਂ ਵੀ ਸਾਵਧਾਨ ਰਹਿਣਾ ਪਵੇਗਾ। ਸਿੱਖ ਭਾਈਚਾਰੇ ਨੂੰ ਚਾਹੀਦਾ ਹੈ ਕਿ ਜਿਹੜੀਆਂ ਇਸ ਤਰ੍ਹਾਂ ਦੀਆਂ ਅਣਗੌਲਿਆਂ ਨਾਨਕ ਨਾਮ ਲੇਵਾ ਸੰਗਤਾਂ ਵੱਖ ਵੱਖ ਜਗਾਹਾਂ ਤੇ ਹਨ, ਉਨ੍ਹਾਂ ਦੀ ਭਲਾਈ ਲਈ ਪੂਰਨ ਯਤਨ ਕੀਤੇ ਜਾਣ। ਹੱਥਲੀ ਕਿਤਾਬ ਰਾਹੀ ਸਾਨੂੰ ਸਿੱਖ ਜਗਤ ਨੂੰ ਜੋ ਜਗਾਉਣ ਦਾ ਉਪਰਾਲਾ ਸਰਦਾਰ ਸੁਖਦੇਵ ਸਿੰਘ ਲਾਜ ਜੀ ਨੇ ਕੀਤਾ ਹੈ ਉਹ ਕਾਬਲੇ ਤਾਰੀਫ ਹੈ।

# ਨਾਨਕ ਨਿਰਮਲ ਪੰਥੁ ਚਲਾਇਆ।



**ਕਰਮਜੀਤ ਸਿੰਘ ਔਜਲਾ**
**ਪ੍ਰਧਾਨ ਪੰਜਾਬੀ ਨਾਵਲ ਅਕੈਡਮੀ, ਲੁਧਿਆਣਾ**
**ਅਤੇ ਸਿਰਜਨਧਾਰਾ ਲੁਧਿਆਣਾ**

ਜੋ ਨਾਨਕ ਨਿਰਮਲ ਪੰਥ ਚਲਾਇਆ ਉਸ ਦੇ ਅਨੁਆਈ ਕਈ ਪ੍ਰਾਂਤਾਂ ਅਤੇ ਦੇਸ਼ਾਂ ਵਿੱਚ ਹਨ ਪਰ ਇਹ ਸਿੱਖ ਪੰਥ ਦੀ ਮੁੱਖਧਾਰਾ ਨਾਲ ਜੁੜੇ ਹੋਏ ਨਹੀਂ ਹਨ। ਇਹ ਸਾਰੇ ਨਾਨਕ ਨਾਮ ਲੇਵਾ ਨਾਨਕ ਪੰਥੀ ਹਨ ਅਤੇ ਇਹਨਾਂ ਦਾ ਸਿੱਖ ਮੁੱਖ ਧਾਰਾ ਤੋਂ ਵਖਰੇਵੇਂ ਦਾ ਕਾਰਨ ਆਮ ਸਿੱਖ, ਸਿੱਖ ਆਗੂਆਂ ਅਤੇ ਬੁੱਧੀਜੀਵੀਆਂ ਦੀ ਇਹਨਾਂ ਪ੍ਰਤੀ ਅਗਿਆਨਤਾ ਅਤੇ ਉਦਾਸੀਨਤਾ ਹੈ। ਇਸ ਘਾਟੇ ਦੀ ਪੂਰਤੀ ਲਈ ਸ. ਸੁਖਦੇਵ ਸਿੰਘ ਲਾਜ ਵੱਲੋਂ ਸੰਗਠਿਤ ਇਹ ਪੁਸਤਕ ਪੂਰਤੀ ਕਰੇਗੀ।

ਇਸ ਪੁਸਤਕ ਵਿੱਚ ਕਰੋੜਾਂ ਨਾਨਕ ਪੰਥੀਆਂ ਬਾਰੇ ਵਿਸਥਾਰ ਨਾਲ ਦੱਸਿਆ ਗਿਆ ਹੈ। ਇਹ ਸ਼ਲਾਘਾਯੋਗ ਉਦਮ ਹੈ ਅਤੇ ਇਸ ਪੁਸਤਕ ਰਾਹੀਂ ਸਮੁੱਚੇ ਪੰਥ ਨੂੰ ਆਪਣੇ ਭੁੱਲੇ ਵਿਸਰੇ ਵੀਰਾਂ ਪ੍ਰਤੀ ਸੋਝੀ ਆਵੇਗੀ ਅਤੇ ਉਹਨਾਂ ਨੂੰ ਪੰਥਕ ਮੁੱਖ ਧਾਰਾ ਵਿੱਚ ਸ਼ਾਮਿਲ ਕਰਨ ਦੀ ਉਮੰਗ ਪੈਦਾ ਹੋਵੇਗੀ।

ਇਹ ਇੱਕ ਵੱਡਾ ਕਾਰਜ ਹੋਵੇਗਾ ਅਤੇ ਇਸ ਲਈ ਇਸ ਪੁਸਤਕ ਦੇ ਸੰਪਾਦਕ ਸ. ਸੁਖਦੇਵ ਸਿੰਘ ਲਾਜ ਅਤੇ ਸਹਿ ਸੰਪਾਦਕ ਸਤਿਨਾਮ ਸਿੰਘ ਕੋਮਲ ਸਮੁੱਚੇ ਪੰਥ ਅਤੇ ਸਮੂੰਹ ਨਾਨਕ ਪੰਥੀਆਂ ਵੱਲੋਂ ਧੰਨਵਾਦ ਦੇ ਹੱਕਦਾਰ ਹਨ।

ਮੈਂ ਅਪੀਲ ਕਰਦਾ ਹਾਂ ਕਿ ਹਰ ਇੱਕ ਸਿੱਖ ਇਸ ਪੁਸਤਕ ਨੂੰ ਜਰੂਰ ਪੜ੍ਹੇ ਤਾਂ ਕਿ ਭੁੱਲੇ ਵਿਸਰੇ ਵੀਰ ਨਾਨਕ ਪੰਥੀਆਂ ਪ੍ਰਤੀ ਫਰਜ਼ ਦਾ ਅਹਿਸਾਸ ਹੋ ਸਕੇ।

# ਨਾਨਕ ਪੰਥੀ ਸੂਚੀ

## ਸਿੰਘ ਸਾਹਿਬ ਗਿਆਨੀ ਫੌਜਾ ਸਿੰਘ

**1. ਨਾਨਕ ਪੰਥੀ ਸ਼ਬਦ**

ਭਾਰਤ ਅਨੇਕਾਂ ਮਤ ਮਤਾਂਤਰਾਂ ਦਾ ਦੇਸ਼ ਹੈ। ਵੱਖ ਵੱਖ ਸੰਪਰਦਾਵਾਂ ਦੇ ਅਨੁਆਈਆਂ ਦੇ ਲੋਕ ਸਭ ਤੋਂ ਵੱਡੇ ਅਚਰਜ ਦੇ ਨਾਮ ਨਾਲ ਆਪਣੇ ਆਪ ਨੂੰ ਸੰਬੰਧਤ ਕਰਦੇ ਹਨ, ਜਿਹਾ ਕਿ ਗੋਰਖ ਨੂੰ ਮੰਨਣ ਵਾਲੇ ਗੋਰਖ ਪੰਥੀ ਸਦਵਾਂਦੇ ਹਨ, ਕਬੀਰ ਨੂੰ ਮੰਨਣ ਵਾਲੇ ਕਬੀਰ ਪੰਥੀ, ਕੂੰਡਾ ਪੰਥੀ, ਸੰਨਿਆਸ ਪੰਥੀ ਆਦਿ। ਇਸ ਤਰ੍ਹਾਂ ਉਦਾਸੀ ਮਹਾਂਪੁਰਸ਼ਾਂ ਦੇ ਗੁਰੂ ਮਤ ਨੂੰ ਸਾਰੇ ਭਾਰਤ ਵਿਚ ਪਰਚਾਰਿਆ ਹੈ ਤੇ ਜੋ ਉਸ ਦੇ ਪੈਰੋਕਾਰ ਬਣੇ ਉਹ ਨਾਨਕ ਪੰਥੀ ਅਖਵਾਏ।

**2. ਜ਼ਿਲਾ ਕਾਂਗੜਾ ਦੇ ਨਾਨਕ ਪੰਥੀ**

ਜ਼ਿਲ੍ਹਾ ਕਾਂਗੜਾ ਜੋ ਪੰਜਾਬ ਦਾ ਹੀ ਇਕ ਵੱਡਾ ਹਿੱਸਾ ਸੀ ਤੇ ਹੁਣ ਹਿਮਾਚਲ ਵਿਚ ਚਲਾ ਗਿਆ ਹੈ, ਨੂਰਪੁਰ ਤੋਂ ਲੈ ਕੇ ਬੈਜਨਾਥ ਤੇ ਚੰਬਾ ਰਿਆਸਤ ਤਕ ਇਕ ਬਹੁਤ ਵਡੀ ਬਰਾਦਰੀ ਵਸਦੀ ਹੈ ਜਿਨ੍ਹਾਂ ਦੀ ਗਿਣਤੀ 5 ਲੱਖ ਤੋਂ ਵਧੀਕ ਹੈ। ਇਹ ਹੈ ਚਾਂਗ ਬਰਾਦਰੀ। ਇਨ੍ਹਾਂ ਨੂੰ ਘਿਣਤ ਤੇ ਬਾਹਤੀ ਵੀ ਸੱਦਿਆ ਜਾਂਦਾ ਹੈ। ਜ਼ਿਲਾ ਹੁਸ਼ਿਆਰਪੁਰ ਵਿਚ ਥਾਣਾ ਹਾਜ਼ੀਪੁਰ ਤੇ ਮੁਕੇਰੀਆਂ ਵਿਚ ਵੀ ਇਹ ਭਾਰੀ ਗਿਣਤੀ ਵਿੱਚ ਵੱਸਦੇ ਹਨ, ਜੋ ਸਾਰੇ ਨਾਨਕ ਪੰਥੀ ਹਨ। ਇਨ੍ਹਾਂ ਵਿਚ 1 ਫੀਸਦੀ ਲੋਕ ਕੇਸਾਂ ਧਾਰੀ ਵੀ ਹਨ। ਇਨ੍ਹਾਂ ਦੇ ਪਿੰਡਾਂ ਵਿਚ ਗੁਰਦੁਆਰੇ ਵੀ ਹਨ, ਪਰੰਤੂ ਇਹ ਕਾਂਗੜਾ ਨਿਵਾਸੀ ਸਾਰੇ ਡੇਰਾ ਵਡਭਾਗ ਸਿੰਘ ਦੀ ਗੱਦੀ ਨੂੰ ਮੰਨਦੇ ਹਨ ਤੇ, ਇਨ੍ਹਾਂ ਵਿਚ ਮਸੰਦ ਪਰਣਾਲੀ ਵੀ ਕਾਇਮ ਹੈ।

**3. ਸਿੰਧੀ ਨਾਨਕ ਪੰਥੀ**

ਸਿੰਧ ਸੂਬਾ ਦੀ ਸਭ ਤੋਂ ਵੱਡੀ ਗੱਦੀ ਉਦਾਸੀ ਸੰਤਾਂ ਦੀ ਸਿੰਧਬੇਲਾ ਸਿਖਰ ਸੀ। ਜੋ ਲਖਨਊ ਵਾਲੀ ਗੱਦੀ ਮੀਆਂ ਸ਼ਾਹੀ ਉਦਾਸੀ ਸੰਤਾਂ ਵਿਚੋਂ ਸੀ ਜਿਸ ਨੇ ਲੱਖਾਂ ਲੋਕਾਂ ਵਿਚ ਗੁਰਮਤਿ ਦਾ ਪ੍ਰਚਾਰ ਕੀਤਾ ਤੇ ਸਾਰੇ ਸਿੰਧ ਨੂੰ ਨਾਨਕ ਪੰਥੀ ਬਣਾਇਆ। ਇਸ ਗੱਦੀ ਦੇ ਉਦਾਸੀ ਸੰਤ ਸਾਧ ਨਾਮ ਨੇ ਕਾਬਲ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਜਿਸ ਦਾ ਜ਼ਿਕਰ ਮੁਹਸਨ ਫ਼ਾਨੀ ਨੇ 'ਦਬਿਸਤਾਨ ਮੁਜ਼ਾਹਿਬ' ਵਿੱਚ ਕੀਤਾ ਹੈ। ਪਾਕਿਸਤਾਨ ਬਣਨ ਵੇਲੇ ਇਹ ਲੋਕ ਉਥੋਂ ਉਜੜ ਕੇ ਰਾਜਸਥਾਨ, ਮਹਾਂਰਾਸ਼ਟਰ ਤੇ ਗੁਜਰਾਤ ਸੂਬੇ ਵਿਚ ਜਾ ਵਸੇ ਹਨ। ਇਹ ਲੋਕ ਜਿਥੇ ਵੀ ਵਸੇ ਹਨ, ਇਨ੍ਹਾਂ ਨੇ ਵੱਡੇ ਵੱਡੇ ਗੁਰਦੁਆਰੇ ਬਣਾਏ ਹਨ।

ਇਹ ਸਾਰੇ ਸਹਿਜਧਾਰੀ ਹਨ। ਸਵਾਏ ਮਲੇਰਕੋਟਲਾ ਦੇ ਜੋ ਇਕੋ ਗੱਦੀ ਕੇਸਾਧਾਰੀ ਸਿੱਖਾਂ ਦੀ ਸਿੰਧੀਆਂ ਵਿਚੋਂ ਹੈ, ਉਨ੍ਹਾਂ ਦੇ ਪੈਰੋਕਾਰ ਜਿਥੇ ਵੀ ਹਨ, ਕੇਸਾਧਾਰੀ ਤੇ ਆਪਣੀ ਸੰਤਾਨ ਨੂੰ ਸਿੱਖ ਬਣਾਉਂਦੇ ਹਨ।

ਮੱਧ ਪ੍ਰਦੇਸ਼ ਵਿਚ ਇੰਦੌਰ ਬੜਾ ਭਾਰੀ ਸਿੰਧੀਆਂ ਦਾ ਸੈਂਟਰ ਹੈ। ਬੰਬੇ ਤੋਂ ਉਰੇ ਕਲਿਆਣ ਵਿਚ ਸਚਖੰਡ ਦਰਬਾਰ ਗੁਰਦੁਆਰਾ ਹੈ, ਜਿਸ ਤੇ ਲੱਖਾਂ ਰੁਪਏ ਲੱਗੇ ਹਨ, ਇਨ੍ਹਾਂ ਨੇ ਬਣਾਇਆ ਹੈ। ਪੂਨੇ ਵਿਚ ਭਾਰੀ ਗਿਣਤੀ ਵਿਚ ਵਸਦੇ ਹਨ। ਬੰਗਲੌਰ ਤੇ

ਰਾਜਸਥਾਨ ਵਿਚ ਪਾਲੀ ਜੰਕਸ਼ਨ ਮਾਰਵਾੜ ਵਿਚ ਵੀ ਬਹੁਤ ਗਿਣਤੀ ਵਿਚ ਅਬਾਦ ਹਨ।

4.**ਯੂ.ਪੀ. ਦੇ ਨਾਨਕ ਪੰਥੀ**

ਯੂ.ਪੀ.ਵਿਚ ਨਾਨਕ ਪੰਥੀਆਂ ਦਾ ਸਭ ਤੋਂ ਵੱਡਾ ਅਸਥਾਨ ਜ਼ਿਲ੍ਹਾ ਪੀਲੀਭੀਤ ਵਿਚ ਨਾਨਕ ਮਤਾ ਹੈ, ਜਿਥੇ ਗੁਰੂ ਨਾਨਕ ਦੇਵ ਜੀ ਦਾ ਪ੍ਰਸਿੱਧ ਗੁਰਦੁਆਰਾ ਹੈ ਤੇ ਬਾਬੇ ਅਲਮਸਤ ਦੀ ਗੱਦੀ ਹੈ, ਜੋ ਉਦਾਸੀਆਂ ਦੇ 4 ਧੂੰਇਆਂ ਵਿਚੋਂ ਇੱਕ ਹੈ। ਇਥੇ ਉਹ ਪਿੱਪਲ ਹੈ ਜੋ ਸਿੱਧਾਂ ਨੇ ਆਪਣੇ ਯੋਗ ਬਲ ਕਰਕੇ ਉਡਾ ਦਿੱਤਾ ਸੀ, ਗੁਰਦੇਵ ਨੇ ਉਸ ਨੂੰ ਪੰਜਾ ਲਾ ਕੇ ਰੋਕ ਲਿਆ, ਉਸ ਪਿੱਪਲ ਦੀ, ਤੇ ਪੰਜੇ ਦੀ ਬੜੀ ਭਾਰੀ ਪੂਜਾ ਹੁੰਦੀ ਹੈ। ਇਸ ਪਿੱਪਲ ਨੂੰ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਫਿਰ ਜੋਗੀਆਂ ਨੇ ਅੱਗ ਲਾ ਕੇ ਸਾੜ ਦਿੱਤਾ ਸੀ। ਬਾਬੇ ਅਲਮਸਤ ਨੇ ਅੰਨ-ਜਲ ਤਿਆਗ ਕੇ ਗੁਰੂ ਹਰਿਗੋਬਿੰਦ ਸਾਹਿਬ ਦੀ ਅਰਾਧਨਾ ਕੀਤੀ। ਮਹਾਰਾਜ ਅੰਮ੍ਰਿਤਸਰ ਤੋਂ ਨਾਨਕ ਮਤੇ ਪੁਜੇ।

ਜੋਗੀ ਡਰਦੇ ਭਜ ਗਏ। ਮਹਾਰਾਜ ਨੇ ਦੁਬਾਰਾ ਪਿੱਪਲ ਨੂੰ ਕੇਸਰ ਦਾ ਛਿੱਟਾ ਦੇ ਕੇ ਹਰਾ ਕੀਤਾ। ਅੱਜ ਤੱਕ ਪਿੱਪਲ ਦੇ ਪੱਤਿਆਂ ਤੇ ਕੇਸਰ ਦੇ ਛਿੱਟੇ ਨਜ਼ਰ ਆਉਂਦੇ ਹਨ। ਇਸ ਅਸਥਾਨ ਤੇ ਦਿਵਾਲੀ ਨੂੰ ਬੜਾ ਭਾਰੀ ਪੁਰਬ ਲਗਦਾ ਹੈ। ਪੰਜਾਹ ਹਜ਼ਾਰ ਨਾਨਕ ਪੰਥੀ ਇਥੇ ਇਕੱਤਰ ਹੁੰਦੇ ਹਨ। ਇਹ ਨਾਨਕ ਪੰਥੀ ਜ਼ਿਲਾ ਬਰੇਲੀ, ਨੈਨੀਤਾਲ, ਪੀਲੀਭੀਤ, ਗੋਰਖਪੁਰ ਆਦਿਕ ਥਾਵਾਂ ਤੋਂ ਪਰਵਾਰਾਂ ਸਮੇਤ ਆਉਂਦੇ ਹਨ।

ਬੜੀ ਭਾਰੀ ਅਕੀਦਤ ਰੱਖਦੇ ਹਨ। ਆਪਣੀ ਕਿਰਤ ਕਮਾਈ ਵਿਚੋਂ ਯਥਾ ਸ਼ਕਤ ਭੇਟਾ ਚੜ੍ਹਾਂਦੇ ਹਨ। ਗੁਰੂ ਕੇ ਲੰਗਰ ਵਿਚੋਂ ਕੇਵਲ 1 ਪਰਸ਼ਾਦਾ ਲੈ ਕੇ ਸਾਰਾ ਪਰਵਾਰ ਗੁਰੂ ਕੀ ਬਖਸ਼ਸ਼ ਸਮਝ ਕੇ ਛਕਦਾ ਹੈ। ਗੁਰੂ ਕੇ ਦਰਬਾਰ ਨਾਨਕ ਮਤੇ ਵਿਚ ਅਰਦਾਸ ਕਰਕੇ ਕੜਾ ਪਹਿਨਦੇ ਹਨ। ਇਕ ਕੜੇ ਦੀ ਭੇਟਾ ਸਵਾ ਰੁਪਏ ਤੋਂ ਲੈ ਕੇ 5 ਰੁਪਏ ਤੱਕ ਚੜ੍ਹਾਂਦੇ ਹਨ। ਇਸ ਵਾਰੀ ਦੀਵਾਲੀ ਤੇ ਗੁਰਦੁਆਰਾ ਕਮੇਟੀ ਨਾਨਕ ਮਤਾ ਵਲੋਂ ਦਸ ਹਜ਼ਾਰ ਕੜਾ ਪਹਿਨਾਇਆ ਗਿਆ।

ਇਸੇ ਹਲਕੇ ਵਿਚ ਸ੍ਰੀ ਨਾਨਕ ਸਾਗਰ ਦੇ ਆਸ ਪਾਸ 5 ਮੀਲ ਏਰੀਏ ਵਿਚ ਥਾਰੂ ਜਾਤੀ ਵਸਦੀ ਹੈ, ਜੋ ਕਿਸਾਨ ਹਨ, ਤੇ ਆਪਣੀਆਂ ਜ਼ਮੀਨਾਂ ਦੇ ਮਾਲਕ ਹਨ, ਪਿੰਡਾਂ ਦੇ ਪਿੰਡ ਇਸੇ ਜਾਤੀ ਦੇ ਹਨ, ਜਿਨ੍ਹਾਂ ਦਾ ਵੇਸ, ਪਹਾੜੀ ਗੁਜਰਾਂ ਵਰਗਾ ਭੂਸਾ ਹੈ ਤੇ ਨਸਲ ਮੰਗੋਲ ਜਾਤੀ ਨਾਲ ਮਿਲਦੀ ਹੈ। ਨਿਪਾਲੀ ਗੋਰਖਿਆਂ ਵਾਂਗ ਨਕ, ਫੀਨ੍ਹੇ ਹਨ, ਇਨ੍ਹਾਂ ਦੀ ਵਸੋਂ 2 ਲੱਖ ਤੋਂ ਵਧੀਕ ਹੈ, ਜੋ ਸਾਰੇ ਨਾਨਕ ਪੰਥੀ ਹਨ। ਦੀਵਾਲੀ ਦੇ ਪੁਰਬ ਸਮੇਂ ਇਨ੍ਹਾਂ ਦੀ ਯਾਤਰਾ ਦੋ ਦਿਨ ਪਿੱਛੋਂ ਸ਼ੁਰੂ ਹੁੰਦੀ ਹੈ ਤੇ 1 ਹਜ਼ਾਰ ਬੈਲ ਗੱਡੀ ਦੇ ਕਰੀਬ ਇਨ੍ਹਾਂ ਦੀ ਯਾਤਰਾ ਆਉਂਦੀ ਹੈ, 4 ਦਿਨ ਲਗਾਤਾਰ ਯਾਤਰਾ ਕਰਦੇ ਹਨ। ਇਹ ਬੜੀ ਸ਼ਰਧਾ ਰੱਖਦੇ ਹਨ। ਮਹਾਰਾਜ ਦੇ ਦਰਬਾਰ ਵਿਚ ਆ ਕੇ ਇਹ ਇਤਿਹਾਸਕ ਗੀਤ ਗਾਉਂਦੇ ਹਨ।

''ਹਮਾਰੇ ਬਾਬਾ ਜੀ ਸੇ ਗਰਬ ਕਰੋ ਹੋਈ ਹਾਰੇ।''

''ਰੇ ਹਮਰੇ ਬਾਬਾ ਜੀ ਸੇ ਏਕ ਗਰਬ ਕਰੋ।''

ਗੋਰਖ ਨੇ ਬਾਬਾ ਜੀ ਸੇ ਪੀਪਲ ਜੜ ਸੇ ਹਵਾ ਉਪਾਰੋ।

ਟੇਕ-ਹਮਾਰੇ ਬਾਬਾ ਜੀ ਸੇ ਗ...........

ਲਾਇਓ ਜੋ ਪੰਜਾ ਮੇਰੇ ਬਾਬਾ ਗੁਰੂ ਨਾਨਕ ਜੀ ਨੇ ਪੀਪਲ ਵੀ ਕਹਿਨਾ ਬਾਬਾ ਮਾਨੋਗੇ

ਤਿਹਾਰੋ-ਗਰਬ ਕਰੋ ਸੋਈ ਹਾਰੋ।
ਏਕ ਗਰਬ ਕਰੇ ਫਰਿ ਜੋਗੀਆਂ ਪੰਜਾ ਜੀ ਪੋ ਭਸਮ ਕਰ ਡਾਰੋ-
ਹਮਾਰੇ ਬਾਬਾ ਆਇਓ ਜੋ ਪੰਜਾ ਜੀ ਪੋ ਅੰਮ੍ਰਿਤਸਰੋਂ ਬਾਬਾ ਤਰਵਾਰ ਵਾਰੋ।
ਕੇਸਰ ਕਾ ਛੀਂਟਾ ਦੇ ਕੇ ਪੀਪਲ ਹਰਾ ਕਰ ਡਾਰੋ।
ਹਮਾਰੇ ਬਾਬਾ ਜੀ ਪੋ ਗਰਬ ਕਰੋ ਸੋਈ ਹਾਰੋ।

ਫੇਰ ਇਹ ਦੀਵੇ ਜਗਾ ਕੇ ਪੰਜੇ ਦੀ ਆਰਤੀ ਕਰਦੇ ਹਨ, ਆਪਣੀ ਭਾਸ਼ਾ ਵਿਚ ਹੋਰ ਗੀਤ ਗਾਉਂਦੇ ਹਨ, ਸਾਲਾਨਾ ਝੰਡੇ ਸਾਹਿਬ ਦੇ ਮੇਲੇ ਤੇ ਡੇਹਰਾਦੂਨ ਜਾਂਦੇ ਹਨ ਤੇ ਬਹੁਤੇ ਗੁਰਮੰਤਰ ਲੈ ਕੇ ਉਨ੍ਹਾਂ ਨੂੰ ਗੁਰੂ ਧਾਰਨ ਕਰਦੇ ਹਨ। ਹੁਣ ਉਥੇ ਪੁੱਜਣ ਦੀ ਪ੍ਰਥਾ ਦਿਨ-ਬ-ਦਿਨ ਘਟਦੀ ਜਾਂਦੀ ਹੈ।

### 5. ਜ਼ਿਲਾ ਬਿਜਨੌਰ ਵਿਚ ਨਾਨਕ ਪੰਥੀ

ਨਾਨਕ ਪੰਥੀ-ਰਮਈਏ, ਇਹ ਜਾਤੀ ਆਮ ਤੇ ਦੇਸ਼ ਪਰਦੇਸ਼ ਵਿਚ ਦਵਾਈਆਂ ਵੇਚਣ ਤੇ ਚਸ਼ਮੇ (ਐਨਕਾਂ) ਲਾਉਣ ਦਾ ਕੰਮ ਕਰਦੀ ਹੈ। ਇਨ੍ਹਾਂ ਦੇ 4 ਪਿੰਡ ਹਨ। ਵੱਡਾ ਸੈਂਟਰ ਨੂਰਪੁਰ ਹੈ, ਜਿਥੇ ਗੁਰੂ ਨਾਨਕ ਇੰਟਰ ਕਾਲਜ ਕਾਇਮ ਕੀਤਾ ਗਿਆ ਹੈ। ਇਨ੍ਹਾਂ ਦੀ ਗਿਣਤੀ 25 ਹਜ਼ਾਰ ਦੇ ਕਰੀਬ ਹੈ, ਜੋ ਸਾਰੇ ਕੇਸਾਧਾਰੀ ਤੇ ਅੰਮ੍ਰਿਤਧਾਰੀ ਹੋ ਗਏ ਹਨ। ਬਹੁਤ ਘੱਟ ਸਹਿਜਧਾਰੀ ਰਹਿ ਗਏ ਹਨ, ਇਹਨਾਂ ਨੇ ਆਪਣੇ ਨਗਰਾਂ ਵਿਚ ਵੱਡੇ ਵੱਡੇ ਗੁਰਦੁਆਰੇ ਕਾਇਮ ਕੀਤੇ ਹਨ, ਮਿਸ਼ਨ ਵਲੋਂ ਹਰ ਸਾਲ ਇਨ੍ਹਾਂ ਦੇ ਪਿੰਡਾਂ ਵਿਚ ਸਾਲਾਨਾ ਦੀਵਾਨ ਕੀਤੇ ਜਾਂਦੇ ਹਨ। ਇਲਾਕੇ ਵਿਚ ਬੇਅੰਤ ਪਿੰਡਾਂ ਵਿਚ ਜਾਟਵ (ਚਮਾਰ) ਜਾਤੀ ਭਾਰੀ ਗਿਣਤੀ ਵਿਚ ਨਾਨਕ ਪੰਥੀ ਹੈ। ਯੂ. ਪੀ., ਅਲੀਗੜ੍ਹ ਤੇ ਬੁਲੰਦ ਸ਼ਹਿਰ-ਬਰੇਲੀ, ਏਟਾਵਾ, ਮੇਨ ਪੁਰੀ ਜ਼ਿਲ੍ਹਿਆਂ ਵਿਚ ਜਾਟਵ ਜਾਤੀ ਨਾਨਕ ਪੰਥੀ ਹੈ, ਜਿਨ੍ਹਾਂ ਵਿਚ ਲੋਪੋ ਪਿੰਡ ਜ਼ਿਲ੍ਹਾ ਅੰਮ੍ਰਿਤਸਰ ਦੇ ਉਦਾਸੀ ਬਾਵਿਆਂ ਨੇ ਪਰਚਾਰ ਕੀਤਾ ਹੈ। ਕੁਝ ਕੁ ਇਲਾਕਿਆਂ ਵਿਚ ਸੁਥਰੇ ਸ਼ਾਹ ਨਾਨਕ ਪੰਥੀ ਅਖਵਾਂਦੇ ਹਨ, 'ਹਰਦਮ ਨਾਨਕ ਸ਼ਾਹ, ਧਰਮ ਦੇ ਬੇੜੇ ਬੰਨੇ ਲਾ' ਦਾ ਗੀਤ ਪੜ੍ਹਿਆ ਜਾਂਦਾ ਹੈ।

### 6. ਮੱਧ ਪ੍ਰਦੇਸ਼ ਦੇ ਨਾਨਕ ਪੰਥੀ

ਵਣਜਾਰੇ ਨਾਨਕ ਪੰਥੀਆਂ ਦੀ ਗਿਣਤੀ ਸਾਰੇ ਭਾਰਤ ਵਿਚ ਇਕ ਕਰੋੜ ਦੇ ਕਰੀਬ ਹੈ। ਵਣਜਾਰੇ ਤੋਂ ਭਾਵ ਲੁਬਾਣੇ ਹੈ। ਪੰਜਾਬ ਵਿਚ ਇਨ੍ਹਾਂ ਨੂੰ ਇਸ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਪੰਜਾਬ ਤੋਂ ਬਾਹਰ ਸਾਰੇ ਭਾਰਤ ਵਿਚ ਇਨ੍ਹਾਂ ਨੂੰ ਵਣਜਾਰੇ ਆਖਿਆ ਜਾਂਦਾ ਹੈ। ਕੇਵਲ ਗੋਤਰੀ ਭੇਦ ਥੋੜ੍ਹਾ ਜਿੰਨਾ ਹੈ, ਇਨ੍ਹਾਂ ਦਾ ਸਿੱਖ ਇਤਿਹਾਸ ਨਾਲ ਬੜਾ ਗੂੜ੍ਹਾ ਸੰਬੰਧ ਹੈ, ਜਿਹਾ ਕਿ ਬਾਬੇ ਮੱਖਣ ਸ਼ਾਹ ਜੀ ਦਾ ਗੁਰੂ ਜੀ ਨੂੰ ਪਰਗਟ ਕਰਨਾ, ਬਾਬੇ ਲੱਖੀ ਸ਼ਾਹ ਜੀ ਦਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਧੜ ਦਾ ਸਸਕਾਰ ਕਰਨਾ ਤੇ ਕਈ ਹੋਰ ਇਤਿਹਾਸਕ ਘਟਨਾਵਾਂ ਨਾਲ ਸੰਬੰਧ ਹੈ, ਇਨ੍ਹਾਂ ਵਿਚ ਪੁਰਾਣੇ ਸਮੇਂ ਤੋਂ ਗੁਰੂ ਦੀ ਸ਼ਰਧਾ ਦੇ ਭਰੇ ਗੀਤ ਧਾਰਮਕ ਤੇ ਵਿਵਹਾਰਕ ਤੌਰ 'ਤੇ ਗਾਏ ਜਾਂਦੇ ਹਨ, ਜਿਨ੍ਹਾਂ ਵਿਚੋਂ ਇਸ ਜਾਤੀ ਦੀ ਧਾਰਮਕ ਅਕੀਦਤ ਪ੍ਰਗਟ ਹੁੰਦੀ ਹੈ। ਇਹ ਗੀਤ ਕੁਝ ਕੁ ਇਥੇ ਦਿੱਤੇ ਜਾਂਦੇ ਹਨ, ਜਿਹਾ ਕਿ ਬਾਬੇ ਮੱਖਣ ਸ਼ਾਹ ਦਾ ਬੇੜਾ ਤਿਮਰੂ ਨਦੀ ਸਿੰਧ ਵਿਚ ਡੁੱਬਣ ਵੇਲੇ ਗੁਰੂ ਅੱਗੇ ਅਰਦਾਸ ਦੇ ਰੂਪ ਵਿਚ ਗਾਇਆ ਜਾਂਦਾ ਹੈ, ਜੋ ਅੱਜ ਤੱਕ ਵਣਜਾਰੇ ਆਪਣੇ ਇਕੱਠ ਵਿਚ

ਬੜੇ ਸ਼ੌਂਕ ਨਾਲ ਗਾਉਂਦੇ ਹਨ।

**ਗੀਤ**

ਤੂੰ ਤੇ ਲੇ ਲੇ ਗੁਰੂ ਕਾ ਨਾਮ ਕੀਰਤਪੁਰ ਬਾਲੇ ਕਾ,
ਗੁਰੂ ਅੰਬਰਸਰ ਵਾਲੇ ਕਾ, ਤੂੰ ਤੇ ਲੇ ਲੇ ਗੁਰੂ ਕਾ ਨਾਮ,
ਨੰਗਾ ਕਭੀ ਨ ਰਹੇਗਾ, ਭੂਖਾ ਕਬੀ ਨਾ ਰਹੇਗਾ,
ਭੂਖੇ ਕੋ ਗੁਰੂ ਦੇਬੇ ਭੋਜਨ ਪਿਆਸੇ ਕੋ ਗੁਰੂ ਦੇਬੇ ਪਾਣੀ।
ਤੂੰ ਤੇ ਲੇ ਲੇ ਗੁਰੂ ਕਾ ਨਾਮ... ਮੇਰੀ ਤੋ ਜਹਾਜ ਅਟਕੀ ਰੇ ਕਾਲੀ ਦਾਹ ਮੇਂ,
ਗੁਰੂ ਕੀਰਤਪੁਰ ਬਾਲਾ ਲੰਘਾਏ ਪੈਲੇ ਪਾਰਿ।
ਨਾਮ ਤੋ ਲੇਤੇ ਮੇਰੀ ਜਹਾਜ਼ ਹੋ ਗਈ ਪੈਲੀ ਪਾਰਿ।
ਤੂੰ ਤੇ ਲੇ ਲੇ ਗੁਰੂ ਕਾ ਨਾਮ...।
ਤੇਰੇ ਹਾਥ ਮੇਂ ਸੋਹੇ ਸਿਮਰਨੀ ਮੁਖ ਪਰ ਸੁੰਦਰ ਦਾੜੀ,
ਤੇਰੇ ਮਾਥੇ ਕਲਗੀ ਚਮਕੇ ਤੋਤੇਦਾਰ।
ਗੁਰੂ ਤੇਰੇ ਚਰਨੇ ਕੋ ਸੁੰਦਰ ਘੋੜਾ ਤੇਰੇ ਗਾਤਰੇ ਸੋਹੇ ਤਲਵਾਰ।
ਮਹਾਰਾ ਬੇੜਾ ਕਰਦੇ ਪਰਲੇ ਪਾਰ।
ਨਾਉ ਪੁਰਾਨੀ ਬੇੜਾ ਭਰਿਓ ਅੰਮ੍ਰਿਤਸਰ ਵਾਲੇ ਗੁਰੂਆ ਡੁਬ ਰਿਹਾ ਮੰਝਧਾਰ।
ਹਮਾਰਾ ਬੇੜਾ ਕਰਦੋ ਪਰਲੇ ਪਾਰ।

ਇਸ ਜਾਤੀ ਦਾ ਸਾਰੇ ਭਾਰਤ ਵਿਚ ਵੇਸ ਭੂਸ਼ਾ, ਬੋਲੀ, ਰਸਮੋ-ਰਿਵਾਜ ਇਕੋ ਹਨ, ਪਰ ਧਾਰਮਕ ਅਕੀਦਾ ਬੜਾ ਪੱਕਾ ਹੈ। ਇਹ ਜਾਤੀ ਗੁਰੂ ਕਾ ਦਸਵੰਧ ਦੇਂਦੀ ਹੈ, ਸ੍ਰੀ ਹਜ਼ੂਰ ਸਾਹਿਬ ਤੇ ਬੜੀ ਸ਼ਰਧਾ ਰਖਦੇ ਹਨ। ਵਾਹਿਗੁਰੂ ਦੀ ਫਤੇ ਬੁਲਾਓਂਦੇ ਹਨ, ਝਟਕਾ ਖਾਉਂਦੇ ਹਨ, ਵਿਆਹ ਸ਼ਾਦੀ ਵੇਲੇ ਗੂਰ ਯੋਗ ਗੱਫਾ ਲੜਕੇ ਤੇ ਲੜਕੀ ਦੀ ਕੰਨੀ ਬੰਨਕੇ ਫੇਰੇ ਫੇਰਦੇ ਹਨ, ਪੰਚਾਇਤ ਵਿਚ ਜਦ ਕੋਈ ਬੋਲਣ ਦੀ ਆਗਿਆ ਮੰਗਦਾ ਹੈ, ਆਪਣੀ ਭਾਸ਼ਾ ਵਿਚ ਕਹਿੰਦਾ ਕਾਲਿ ਦੋ ਹੁਕਮ ਕੋ ਰੇ-ਤਾਂ ਸਾਰੇ ਅੱਗੋਂ ਅਵਾਜ਼ ਦੇਣਗੇ, 'ਹੁਕਮ ਗੁਰੂ ਕੋ ਰੇ', ਫਿਰ ਉਹ ਆਪਣੀ ਗਲ ਕਹਿੰਦਾ ਹੈ। ਬੇੜੀ ਚੜ੍ਹਨ ਵੇਲੇ ਇਹ ਤੁਕ ਪੜ੍ਹਨਗੇ, ਸਭ ਪਰਵਾਰ ਚੜ੍ਹਾਇਉ ਬੇੜੇ ਆਦਿਕ ਗੁਰੂ ਕਾ ਕੰਗਣ ਪਹਿਨਦੇ ਹਨ। ਗੁਰਬਾਣੀ ਨੂੰ ਆਪਣਾ ਇਸ਼ਟ ਸਮਝਦੇ ਹਨ।

ਇਨ੍ਹਾਂ ਵਿਚ ਧਾਰਮਕ ਰਸਮਾਂ ਦੀ ਬੜੀ ਪਰਪੱਕਤਾ ਹੈ, ਵਿਆਹ ਸ਼ਾਦੀ ਸਮੇਂ ਗੁਰੂ ਕੇ ਲੰਗਰ ਦੀ ਵੀ ਅਰਦਾਸ ਉਦਾਸੀ ਸੰਤਾਂ ਤੋਂ ਕਰਾਉਂਦੇ ਹਨ, ਪਰੰਤੂ ਸਮੇਂ ਨੇ ਇਨ੍ਹਾਂ ਤੇ ਵੀ ਬਹੁਤ ਪ੍ਰਭਾਵ ਪਾਇਆ ਹੈ। ਜ਼ਿਲ੍ਹਾ ਸਹਾਰਨਪੁਰ ਦੀ ਤਹਸੀਲ ਰੁੜਕੀ ਵਿਚ ਬਹੁਤ ਪਿੰਡ ਹਨ, ਜਿਨ੍ਹਾਂ ਦੀ ਕੁਲ ਆਬਾਦੀ ਵਿਚੋਂ ਪੰਜਵਾਂ ਹਿੱਸਾ ਕੇਸਾਧਾਰੀ ਹੋ ਚੁੱਕੇ ਹਨ, ਬਾਕੀ ਸਹਿਜਧਾਰੀ ਹਨ। ਜ਼ਿਲ੍ਹਾ ਮੁਜ਼ੱਫਰ ਨਗਰ, ਮਥੁਰਾ, ਭਰਤਪੁਰ, ਅਲੀਗੜ੍ਹ ਆਦਿ ਕਈ ਇਲਾਕਿਆਂ ਵਿਚ ਭਾਰੀ ਗਿਣਤੀ ਕੇਸਾਧਾਰੀ ਹਨ, ਸਭ ਤੋਂ ਵਧੀਕ ਮਧ-ਪ੍ਰਦੇਸ਼ ਵਿਚ ਹਨ। ਬੜਵਾਨੀ ਸਟੇਟ ਵਿਚ 5 ਪਿੰਡ ਇਕੱਠੇ ਹਨ, ਖਰਦੋਖ ਜ਼ਿਲ੍ਹੇ ਵਿਚ 15 ਪਿੰਡ ਹਨ- ਭੀਖਨ ਗਾਵ ਇਲਾਕੇ ਵਿਚ 4 ਪਿੰਡ ਹਨ, ਇਲਾਕਾ ਇੰਦੌਰ ਵਿਚ ਭਾਰੀ ਗਿਣਤੀ ਵਿਚ

ਆਬਾਦ ਹਨ ਅਤੇ ਜਿਲਾ ਖੰਡਵਾ ਵਿਚ ਵੀ ਬੇਅੰਤ ਪਿੰਡ ਹਨ।

ਜਿਲਾ ਗਵਾਲੀਅਰ ਵਿਚ 72 ਪਿੰਡ ਹਨ, ਜਿਨ੍ਹਾਂ ਵਿਚੋਂ ਦੇਵਰੀਆ ਤੇ ਗਉਸਪੁਰਾ ਦੇ ਪਿੰਡ ਸਿੰਘ ਸਜ ਗਏ ਹਨ। ਸਭ ਤੋਂ ਵਧੀਕ ਗਿਣਤੀ ਇਨ੍ਹਾਂ ਦੀ ਮਹਾਰਾਸ਼ਟਰ ਵਿਚ ਹੈ। ਇਸੇ ਸੂਬੇ ਵਿਚ ਸ੍ਰੀ ਹਜ਼ੂਰ ਸਾਹਿਬ ਹੈ। ਇਕੱਲੀ ਹੈਦਰਾਬਾਦ ਸਟੇਟ ਵਿਚ 2 ਲੱਖ ਦੀ ਆਬਾਦੀ ਹੈ, ਜੋ ਸਭ ਤੋਂ ਵਧੀਕ ਸ਼ਰਧਾਲੂ ਹਨ। ਮਹਾਰਾਸ਼ਟਰਾ ਦੇ ਸੂਬੇ ਦਾ ਮੁੱਖ ਮੰਤਰੀ ਬਸੰਤ ਰਾਉ ਨਾਇਕ ਹੈ ਜੋ ਗੁਰੂ ਜੀ ਉਪਰ ਸ਼ਰਧਾ ਰਖਦਾ ਹੈ, ਜਿਸ ਦੀ ਲੜਕੀ ਦੀ ਇਕ ਸਿੱਖ ਲੜਕੇ ਵਣਜਾਰੇ ਨਾਲ ਸ਼ਾਦੀ ਹੋਈ ਹੈ। ਤਖ਼ਤ ਸਾਹਿਬ ਵਲੋਂ ਕੋਈ ਪਰਚਾਰ ਇਨ੍ਹਾਂ ਵਿਚ ਨਹੀਂ ਕੀਤਾ ਜਾਂਦਾ, ਬਲਕਿ ਲੰਗਰ ਵਿਚ ਭਾਰੀ ਗਿਣਤੀ ਵਿਚ ਨਾਨਕ ਪੰਥੀ ਵਣਜਾਰੇ ਵੱਸਦੇ ਹਨ।

ਰਾਜਸਥਾਨ ਵਿਚ ਇਨ੍ਹਾਂ ਨਾਲ ਛੂਤ-ਛਾਤ ਵਰਤੀ ਜਾਂਦੀ ਹੈ। ਜ਼ਿਲ੍ਹਾ ਬੁਰਹਾਨਪੁਰ ਵਿਚ ਭਾਰੀ ਗਿਣਤੀ ਵਿਚ ਨਾਨਕ ਪੰਥੀ ਵਣਜਾਰੇ ਵਸਦੇ ਹਨ। ਰਾਜਸਥਾਨ ਵਿਚ ਇਨ੍ਹਾਂ ਦੇ ਕੇਂਦਰ ਕਿਸ਼ਨਗੜ੍ਹ, ਜੈਪੁਰ ਰਿਆਸਤ, ਪਾਲੀ ਜੰਕਸ਼ਨ ਤੇ ਮਰਵਾੜ ਹੈਨ। ਹੁਣ ਦਿੱਲੀ ਗੁਰਦੁਆਰਾ ਕਮੇਟੀ ਨੇ ਰਾਜਸਥਾਨ ਵਿਚ ਅਜਮੇਰ ਤੇ ਜ਼ਿਲ੍ਹਾ ਕੋਟਾ-ਬੂੰਦੀ ਆਪਣਾ ਪਰਚਾਰ ਸੈਂਟਰ ਕਾਇਮ ਕੀਤਾ ਹੈ ਜਿਸ ਦਾ ਹੈਡਕੁਆਰਟਰ ਕਿਸ਼ਨਗੜ੍ਹ ਹੈ। ਜੇ ਇਸ ਜਾਤੀ ਵਿਚ ਪ੍ਰੋਗਰਾਮ ਬਣਾ ਕੇ ਨਿਗਰ ਪਰਚਾਰ ਹੁੰਦਾ ਤਾਂ ਲੱਖਾਂ ਸਿੱਖ ਇਨ੍ਹਾਂ ਵਿਚੋਂ ਸਿੰਘ ਸਜ ਸਕਦੇ ਸਨ, ਪਰ ਅਫ਼ਸੋਸ ਕਿ ਇਸ ਪਾਸੇ ਸਾਡੀ ਰੁਚੀ ਸਾਡਾ ਧਿਆਨ ਹੈ ਹੀ ਨਹੀਂ।

### 7. ਬਿਹਾਰ ਵਿਚ ਨਾਨਕ ਪੰਥੀ

ਸੂਬਾ ਬਿਹਾਰ ਦੀ ਤਕਰੀਬਨ ਅੱਧੀ ਵਸੋਂ ਨਾਨਕਪੰਥੀ ਸੀ, ਇਸ ਦਾ ਕਾਰਨ ਉਦਾਸੀ ਮਹਾਂਪੁਰਸ਼ਾਂ ਦੀਆਂ 360 ਗੱਦੀਆਂ ਹਨ ਜੋ ਇਸ ਇਲਾਕੇ ਵਿਚ ਮੌਜੂਦ ਹਨ। ਦੇਵਗਿਰੀ ਸੰਨਿਆਸੀ ਜੋ ਬੋਧ ਗਇਆ ਦਾ ਮਹੰਤ ਸੀ, ਨੇ ਆਪਣੇ 360 ਚੇਲਿਆਂ ਸਮੇਤ ਬੁਧ ਧਰਮ ਦਾ ਤਿਆਗ ਕਰਕੇ ਪੰਜਾਬ ਵਿਚ ਆ ਕੇ ਗੁਰੂ ਹਰਿ ਰਾਏ ਸਾਹਿਬ ਤੋਂ ਸਿੱਖੀ ਧਾਰਨ ਕਰਕੇ ਬਖਸ਼ਿਸ਼ ਪ੍ਰਾਪਤ ਕੀਤੀ। ਉਦਾਸੀ ਬਖਸ਼ਸ਼ਾਂ ਵਿਚੋਂ ਇਹ ਚੌਥੀ ਬਖਸ਼ਸ਼ ਹੈ। ਗੁਰੂ ਹਰਿਰਾਏ ਸਾਹਿਬ ਨੇ ਇਨ੍ਹਾਂ ਦਾ ਨਾਮ ਭਗਤ ਭਗਵਾਨ ਰਖਿਆ, ਇਨ੍ਹਾਂ ਨੂੰ ਬਿਹਾਰ ਦੀ ਸਿੱਖੀ ਦਾ ਮੁਖੀ ਥਾਪਿਆ, ਇਨ੍ਹਾਂ ਦਾ ਸਭ ਤੋਂ ਵੱਡਾ ਡੇਰਾ ਰਾਜਗਿਰੀ ਵਿਚ ਹੈ, ਪਟਨਾ, ਦਰਭੰਗਾ, ਮੁੰਘੇਰ, ਮੁਜ਼ੱਫਰਪੁਰ, ਸਿਲੀਗੁੜੀ ਤਕ ਇਨ੍ਹਾਂ ਦੀਆਂ ਗੱਦੀਆਂ ਫੈਲੀਆਂ ਹੋਈਆਂ ਹਨ। ਪੂਰਨੀਆ ਸਟੇਟ ਜੋ ਅੱਜ ਕੱਲ੍ਹ ਬਿਹਾਰ ਦਾ ਇਕ ਜ਼ਿਲ੍ਹਾ ਬਣ ਗਿਆ ਹੈ, ਰਿਆਸਤ ਨਹੀਂ ਰਹੀ, ਇਥੋਂ ਦਾ ਰਾਜ ਘਰਾਣਾ ਵੀ ਨਾਨਕ ਪੰਥੀ ਹੈ, ਰਾਜ ਮਹਿਲਾਂ ਵਿਚ ਗੁਰਦੁਆਰਾ ਹੈ।

ਰਾਜੇ ਦਾ ਨਾਮ ਪ੍ਰਿਥੀ ਚੰਦ ਹੈ। ਸੂਬੇ ਵਿਚ ਕਾਇਸਤ ਜਾਤੀ ਵੱਡੀ ਗਿਣਤੀ ਵਿਚ ਵਸਦੀ ਹੈ, ਜਿਨ੍ਹਾਂ ਵਿਚੋਂ ਡਾਕਟਰ ਰਾਜਿੰਦਰ ਪਰਸਾਦ ਦੇਸ਼ ਦੇ ਰਾਸ਼ਟਰਪਤੀ ਰਹਿ ਚੁੱਕੇ ਹਨ। ਉਹ ਪੱਕੇ ਨਾਨਕ ਪੰਥੀ ਸਨ। ਬਿਹਾਰ ਵਿਚ ਜੌਨਪੁਰ, ਆਰਾ ਪਟਨਾ, ਗਇਆ, ਮੁੰਘੇਰ, ਸਸਰਾਮ ਆਦਿਕ ਜ਼ਿਲਿਆਂ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੇ ਕਈ ਗੁਰਦੁਆਰੇ ਹਨ। ਪਟਨਾ ਸਾਹਿਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਜਨਮ ਅਸਥਾਨ ਤੇ ਸਿੱਖੀ ਦਾ ਪਰਚਾਰ ਕੇਂਦਰ ਹੋਣ ਕਰਕੇ ਲੋਕਾਂ ਵਿਚ ਸ਼ਰਧਾ ਕਾਇਮ ਹੈ, ਲੋਕ

ਗੁਰੂ ਦੇ ਜਨਮ ਅਸਥਾਨ ਦੀ ਯਾਤਰਾ ਕਰਦੇ ਹਨ। ਸਸਰਾਮ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਚਰਨ ਪਾਏ ਸਨ। ਇਹ ਅਸਥਾਨ ਗਇਆ ਜ਼ਿਲ੍ਹੇ ਵਿਚ ਹੈ। ਇਸ ਸ਼ਹਿਰ ਵਿਚ ਗੁਰੂ ਕਾ ਅਨਿਨ ਸੇਵਕ ਭਾਈ ਫੱਗੂ ਰਹਿੰਦਾ ਸੀ। ਇਥੇ 200 ਘਰ ਕੇਸਾਧਾਰੀ ਤੇ 15 ਹਜ਼ਾਰ ਸਹਿਜਧਾਰੀ (ਨਾਨਕ ਪੰਥੀ) ਹਨ ਤੇ 4 ਇਤਿਹਾਸਕ ਗੁਰਦੁਆਰੇ ਹਨ। ਗੁਰੂ ਤੇਗ ਬਹਾਦਰ ਜੀ ਦਾ ਇਕ ਤੀਰ ਵੀ ਹੈ।

ਆਸਾਮ ਰੇਲਵੇ ਲਾਈਨ ਤੇ ਕਾਲਾ ਗੋਲਾ ਰੇਲਵੇ ਸਟੇਸ਼ਨ ਪਾਸ ਲਖਸ਼ਮੀਪੁਰ ਪਿੰਡ ਹੈ, ਜਿਸ ਵਿਚ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਤੇ ਦਸਮ ਪਾਤਸ਼ਾਹ ਦਾ ਹੁਕਮਨਾਮਾ ਹੈ। 4 ਘਰ ਕੇਸਾਧਾਰੀ ਹਨ। ਨਾਲ ਹੀ ਉਚਲਾ ਪਿੰਡ ਹੈ। 2 ਘਰ ਕੇਸਾਧਾਰੀ ਤੇ ਬਾਕੀ ਪਿੰਡ ਸਹਿਜਧਾਰੀ ਹੈ। ਭੰਡਾਰਤਲ ਪਿੰਡ ਵਿਚ 8 ਘਰ ਕੇਸਾਧਾਰੀ ਤੇ ਬਾਕੀ ਸਾਰੇ ਸਹਿਜਧਾਰੀ ਹਨ। ਇਹ ਸਾਰੇ ਆਹਲੂਵਾਲੀਏ ਹਨ, ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੋਂ ਸਿੱਖ ਹਨ। ਰਜੌਲੀ ਉਦਾਸੀਆਂ ਦੀ ਇਕ ਵੱਡੀ ਗੱਦੀ ਹੈ। ਇਹ ਇਲਾਕਾ ਨਾਨਕ ਪੰਥੀਆਂ ਨਾਲ ਭਰਪੂਰ ਹੈ, ਇਹ ਵੀ ਜ਼ਿਲ੍ਹਾ ਗਇਆ ਵਿਚ ਹੈ, ਇਥੇ ਭਗਤ ਭਗਵਾਨ ਦਾ ਖਪਰ ਹੈ।

ਸ਼ਾਹਪੁਰ, ਜ਼ਿਲ੍ਹਾ ਆਰਾ ਵਿਚ ਬੜਾ ਭਾਰੀ ਉਦਾਸੀਆਂ ਦਾ ਗੁਰਦੁਆਰਾ ਹੈ, ਉਦਾਸੀਆਂ ਦੀ ਵੱਡੀ ਰਿਆਸਤ ਹੈ। ਦੂਜੀ ਗੱਦੀ ਜਗਦੀਸ਼ਪੁਰ ਜ਼ਿਲ੍ਹਾ ਆਰਾ ਵਿਚ ਬੀਹਾ ਰੇਲਵੇ ਸਟੇਸ਼ਨ ਤੋਂ 6 ਮੀਲ ਦੂਰ ਹੈ। ਇਹ ਸਾਰਾ ਇਲਾਕਾ ਨਾਨਕ ਪੰਥੀ ਹੈ। ਜ਼ਿਲ੍ਹਾ ਮਿਰਜ਼ਾਪੁਰ ਵਿਚ ਅਰੋਹਾ ਰੋਡ ਰੇਲਵੇ ਸਟੇਸ਼ਨ ਤੋਂ 13 ਮੀਲ ਦੀ ਵਿੱਥ ਤੇ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ। ਮਹਾਰਾਜ ਦੀ ਪੰਜ ਗ੍ਰੰਥੀ ਦਸਤਖਤੀ ਹੱਥ ਲਿਖਤ ਹੈ। ਸਾਰਾ ਇਲਾਕਾ ਨਾਨਕ ਪੰਥੀ ਹੈ। ਮਿਰਜ਼ਾਪੁਰ ਜ਼ਿਲ੍ਹਾ ਵਿਚ ਇਮਲੀਆਂ ਚੁਟੀ ਦੇ ਨਜ਼ਦੀਕ ਭਟੀ ਕਾ ਪਿੰਡ ਵਿਚ ਦਸਮ ਪਾਤਸ਼ਾਹ ਦੀ ਦਸਤਖਤੀ ਬੀੜ ਹੈ, ਜਿਸ ਵਿਚ ਮੂਲ ਮੰਤਰ ਮਹਾਰਾਜ ਦੇ ਪਵਿੱਤਰ ਹੱਥਾਂ ਦਾ ਲਿਖਿਆ ਹੈ। ਚੁਨਾਰ ਤੋਂ 4-5 ਮੀਲ ਦੂਰ ਹੈ।

ਪਿੰਡ ਮਿਰਜ਼ਾਪੁਰ ਬਸ ਅੱਡਾ ਬਗਈਪੁਰ ਰਾਮਨਗਰ ਰੋਡ ਨੂੰ ਬੱਸ ਜਾਂਦੀ ਹੈ, ਬਨਾਰਸ ਵਲ ਇਕ ਗੁਰਦੁਆਰਾ ਹੈ ਤੇ ਉਥੇ ਵੀ ਦਸਮ-ਪਾਤਸ਼ਾਹ ਦੀ ਦਸਤਖਤੀ ਬੀੜ ਹੈ। ਬਾਗ ਹੈ, ਜੋ ਅੱਜ ਕੱਲ੍ਹ ਬਗੀਤਾ ਝਗੜੂ ਸਿੰਘ ਅਮੀਰ ਸਿੰਘ ਦੇ ਕਬਜ਼ੇ ਵਿਚ ਹੈ ਜਿਨ੍ਹਾਂ ਨੇ ਬਾਬਾ ਸੁਮੇਰ ਸਿੰਘ ਪਾਸੋਂ ਅੰਮ੍ਰਿਤ ਛਕਿਆ ਸੀ। ਸਾਰਾ ਪਿੰਡ ਨਾਨਕ ਪੰਥੀ ਹੈ, ਬਨਾਰਸ ਤੋਂ ਕੇਵਲ 10 ਮੀਲ ਦੂਰ ਹੈ।

ਬਨਾਰਸ ਵਿਚ ਗੁਰੂ ਨਾਨਕ ਦੇਵ ਜੀ ਤੇ ਗੁਰੂ ਤੇਗ ਬਹਾਦਰ ਦੇ ਅਸਥਾਨ ਹਨ ਤੇ ਗੁਰੂ ਤੇਗ ਬਹਾਦਰ ਜੀ ਦਾ ਚੋਲਾ ਤੇ ਦਸਮ ਪਾਤਸ਼ਾਹ ਜੀ ਦਾ ਜੋੜਾ ਯਾਦਗਾਰੀ ਵਸਤਾਂ ਹਨ। ਭਾਈ ਗੁਰਦਾਸ ਜੀ ਦਾ ਚੇਤਨ ਮਟ ਗੁਰਦਵਾਰਾ ਹੈ, ਉਦਾਸੀ ਤੇ ਨਿਰਮਲੇ ਮਹਾਂਪੁਰਖਾਂ ਦੇ ਆਸ਼ਰਮ ਹਨ, ਜਿਨ੍ਹਾਂ ਨਾਲ ਹਜ਼ਾਰਾਂ ਨਾਨਕ ਪੰਥੀ ਸੰਬੰਧਿਤ ਹਨ।

### 8. **ਅਸਾਮ ਦੇਸ਼ ਦੇ ਨਾਨਕ ਪੰਥੀ**

ਸੂਬਾ ਅਸਾਮ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਿੱਖੀ ਦਾ ਪਰਚਾਰ ਕੀਤਾ ਹੈ। ਇਸ ਇਲਾਕੇ ਵਿਚ ਕਈ ਪਿੰਡਾਂ ਵਿਚ ਸਿੱਖ ਮੌਜੂਦ ਹਨ, ਜੋ ਕੇਸਾਧਾਰੀ ਹਨ ਤੇ ਆਪਣੇ ਆਪ ਨੂੰ ਖ਼ਾਲਸਾ ਨਾਨਕ ਪੰਥੀ ਅਖਵਾਉਂਦੇ ਹਨ।


ਗੁਰੂ ਤੇਗ ਬਹਾਦਰ ਸਾਹਿਬ ਦਾ ਪ੍ਰਸਿੱਧ ਗੁਰਦੁਆਰਾ ਧੋਬੜੀ ਸਾਹਿਬ ਹੈ। ਇਥੇ ਇਕ ਪਿੰਡ ਸਿੱਖਾਂ ਦਾ ਅਬਾਦ ਹੈ ਜੋ ਤਹਿਸੀਲ ਤਰਨਤਾਰਨ ਵਿਚੋਂ ਗੁਰੂ ਸਾਹਿਬ ਦੇ ਨਾਲ ਗਏ ਤੇ ਉਥੇ ਹੀ ਆਬਾਦ ਹੋ ਗਏ।

ਜ਼ਿਲ੍ਹਾ ਨੋਗਾਂਵ ਸ਼ਿਲਾਂਗ ਤੋਂ 7 ਮੀਲ ਦੂਰ ਹੈ। ਬਡਗੋਲਾ ਬਸਤੀ ਜਿਸ ਵਿਚ ਅਸਾਮੀ ਸਿੱਖ ਆਬਾਦ ਹਨ, ਇਹ ਸਾਰੇ ਕੇਸਾਧਾਰੀ ਹਨ, 8 ਘਰ ਹਨ, 2 ਗੁਰਦੁਆਰੇ ਹਨ, ਇਨ੍ਹਾਂ ਦੀ ਮਾਦਰੀ ਭਾਸ਼ਾ ਅਸਾਮੀ ਹੈ। ਇਹ ਸਾਰੇ ਪੜ੍ਹੇ ਲਿਖੇ ਹਨ, ਇਨ੍ਹਾਂ ਵਿਚੋਂ ਵੱਡੀਆਂ-ਵੱਡੀਆਂ ਪੋਸਟਾਂ ਤੇ ਸਿੱਖ ਅਫਸਰ ਹਨ। ਛਪਰ ਪਿੰਡ ਵਿੱਚ 2 ਘਰ ਸਿੰਘਾਂ ਦੇ ਹਨ। ਗੁਰਦੁਆਰਾ ਸਾਹਿਬ ਹੈ। ਲੰਕਾ ਸਟੇਸ਼ਨ ਪਿੰਡ ਵਿੱਚ 3 ਘਰ ਅਸਾਮੀ ਸਿੰਘਾਂ ਦੇ ਹਨ, ਗੁਰਦੁਆਰਾ ਹੈ, 4 ਘਰ ਪੰਜਾਬੀਆਂ ਦੇ ਹਨ।

ਲਾਮਡਿੰਗ ਵਿਚ 3 ਘਰ ਅਸਾਮੀ ਤੇ 3 ਘਰ ਪੰਜਾਬੀ ਹਨ। ਤ੍ਰਿਪੁਰਾ ਸਟੇਟ ਵਿਚ 15 ਘਰ ਅਬਾਦ ਹਨ। ਰਤਨ ਰਾਏ ਮਹਾਰਾਜ ਅਸਾਮ ਦਸਮੇ ਪਾਤਸ਼ਾਹ ਵਾਸਤੇ ਪਰਸਾਦੀ ਹਾਥੀ ਲੈ ਕੇ ਆਇਆ ਸੀ। ਉਹ ਸਤਿਗੁਰੂ ਪਾਸੋਂ 7 ਸਿੰਘ ਲੈ ਕੇ ਚਲਾ ਗਿਆ ਸੀ ਜਿਨ੍ਹਾਂ ਨੂੰ ਉਸ ਨੇ ਆਪਣੀ ਫੌਜ ਵਿੱਚ ਭਰਤੀ ਕਰ ਲਿਆ ਸੀ। ਹੁਣ ਉਥੇ ਉਨ੍ਹਾਂ ਦੀ ਸੰਤਾਨ ਵਸਦੀ ਹੈ, ਜ਼ਿਲ੍ਹਾ ਨੋਗਾਂਵ ਵਿਚ ਹਟੀ ਪਾਰਾ ਪਿੰਡ ਵਿਚ 1 ਘਰ ਅਸਾਮੀ ਸਿੱਖ ਹਨ। ਸ਼ਿਲਾਂਗ ਵਿੱਚ 150 ਘਰ ਪਸਮਾਂਦਾ ਜਾਤੀ (ਮਜ਼ਹਬੀ ਸਿੰਘ ਹਨ ਜੋ ਤਸੀਲ ਤਰਨਤਾਰਨ ਪੰਜਾਬ ਵਿਚੋਂ ਜਾ ਕੇ 2 ਸਾਲ ਪਹਿਲਾਂ ਉਥੇ ਵਸੇ ਹਨ।) 'ਗੁਰਦੁਆਰਾ ਸਾਹਿਬ ਉਨ੍ਹਾਂ ਨੇ ਪਹਿਲਾਂ ਆਸਾਮ ਵਿਚ ਬਣਾ ਲਿਆ ਹੈ।

ਭਾਰਤ ਵਿਚ ਕਬੀਰ ਪੰਥੀ ਹਨ, ਉਹ ਵੀ ਆਪਣੇ ਆਪ ਨੂੰ ਨਾਨਕ ਪੰਥੀ ਅਖਵਾਉਂਦੇ ਹਨ।

*** (ਧੰਨਵਾਦ ਸਹਿਤ, ਗੁਰਮਤਿ ਪ੍ਰਕਾਸ਼ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਸਤੰਬਰ 1969 ਵਿਚੋਂ)**



**ਭਾਰਤ ਦੇ ਸੂਬੇ ਉਤਰ ਪ੍ਰਦੇਸ਼ ਵਿੱਚ ਅਣਥੱਕ ਮੁਸ਼ੱਕਤ ਅਤੇ ਪਿਆਰ ਨਾਲ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਹਿ ਚੁੱਕੇ ਸਿੰਘ ਸਾਹਿਬ ਗਿਆਨੀ ਫੌਜਾ ਸਿੰਘ ਜੀ ਨੇ ਸਿੱਖੀ ਪ੍ਰਚਾਰ ਦੀ ਜੋ ਸੇਵਾ ਨਿਭਾਈ ਸੀ ਉਸਦੀ ਦੂਜੀ ਮਿਸਾਲ ਕੋਈ ਨਹੀਂ ਹੈ। ਦਲੇਰ ਅਤੇ ਅਣਖੀ ਇਸ ਮਹਾਨ ਸ਼ਖਸ਼ੀਅਤ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਤੋਂ ਵਿਦਿਆ ਲਈ ਅਤੇ ਪ੍ਰਿੰਸੀਪਲ ਗੰਗਾ ਸਿੰਘ ਜੀ ਦੇ ਸ਼ਾਗਿਰਦ ਰਹੇ। ਸਿਆਸੀ ਤੌਰ 'ਤੇ ਮਾਸਟਰ ਤਾਰਾ ਸਿੰਘ ਜੀ ਦੇ ਅਤਿ ਨਿਕਟਵਰਤੀ ਸਨ ਅਤੇ ਯੋਧਿਆਂ ਦੀ ਜੱਥੇਬੰਦੀ ਬੀਰ ਖਾਲਸਾ ਦਲ ਦੇ ਪਹਿਲੇ ਪ੍ਰਮੁੱਖ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖੀ ਪ੍ਰਚਾਰ ਲਈ ਉੱਤਰ ਪ੍ਰਦੇਸ਼ ਅੰਦਰ ਚਲਾਏ ਜਾਂਦੇ ਸਿੱਖ ਮਿਸ਼ਨ ਹਾਪੜ ਤੇ ਅਲੀਗੜ੍ਹ ਦੇ ਪ੍ਰਬੰਧਕੀ ਮੁੱਖੀ ਦੀ ਸੇਵਾ ਕਰਦੇ ਗਿਆਨੀ ਫੌਜਾ ਸਿੰਘ ਜੀ ਨੇ ਜੋ ਮੱਲਾਂ ਮਾਰੀਆਂ ਉਹ ਪਿਛਲੀ ਸਦੀ ਦੇ ਸਿੱਖ ਇਤਿਹਾਸ ਦੇ ਉਹ ਪੰਨੇ ਹਨ ਜਿਨ੍ਹਾਂ ਨੂੰ ਵਾਚਣ ਦੀ ਜ਼ਰੂਰਤ ਹੈ।**

# ਨਾਨਕਪੰਥੀ ਸੇਵਕ ਸਿੰਘ ਸਾਹਿਬ ਗਿਆਨੀ ਫੌਜਾ ਸਿੰਘ ਜੀ ਦੀ ਬਹੁਪੱਖੀ ਸ਼ਖ਼ਸੀਅਤ

### ਸਿੰਘ ਸਾਹਿਬ ਗਿਆਨੀ ਕੇਵਲ ਸਿੰਘ

ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਅੰਦਰ ਕੌਮ ਦੇ ਨਿਡਰ, ਦਲੇਰ, ਅਣਖੀ, ਕੌਮਪ੍ਰਸਤ ਤੇ ਗੁੜੇ ਹੋਏ ਬਜ਼ੁਰਗ ਪ੍ਰਚਾਰਕ ਸਿੰਘ ਸਾਹਿਬ ਗਿਆਨੀ ਫੌਜਾ ਸਿੰਘ ਜੀ ਪਾਸ ਰਹਿ ਕੇ ਬਤੌਰ ਪ੍ਰਚਾਰਕ ਕੌਮੀ ਸੇਵਾ ਖੇਤਰ ਅੰਦਰ ਰਿੜ੍ਹਨਾ, ਸਿੱਖਣਾ ਨਸੀਬ ਹੋਇਆ। ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਵਿਦਿਆਰਥੀ, ਪ੍ਰਿੰਸੀਪਲ ਗੰਗਾ ਸਿੰਘ ਜੀ ਦੇ ਮਾਣਮੱਤੇ ਸ਼ਾਗਿਰਦ, ਮਾਸਟਰ ਤਾਰਾ ਸਿੰਘ ਜੀ ਦੇ ਅਤਿ ਨਿਕਟਵਰਤੀ, ਬੀਰ ਖਾਲਸਾ ਦਲ ਦੇ ਪਹਿਲੇ ਪ੍ਰਮੁੱਖ ਅਤੇ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਸੇਵਾ ਨਿਭਾਉਣ ਵਾਲੇ ਗਿਆਨੀ ਫੌਜਾ ਸਿੰਘ ਜੀ ਦੀ ਸ਼ਖ਼ਸੀਅਤ ‘ਤੇ ਬੇਹੱਦ ਮਾਣ ਕੀਤਾ ਜਾ ਸਕਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖੀ ਪ੍ਰਚਾਰ ਲਈ ਉਤਰ ਪ੍ਰਦੇਸ਼ ਅੰਦਰ ਚਲਾਏ ਜਾਂਦੇ ਸਿੱਖ ਮਿਸ਼ਨ ਹਾਪੜ ਤੇ ਅਲੀਗੜ੍ਹ ਦੇ ਪ੍ਰਬੰਧਕੀ ਮੁਖੀ ਦੀ ਸੇਵਾ ਕਰਦੇ ਗਿਆਨੀ ਫੌਜਾ ਸਿੰਘ ਜੀ ਬਾਰੇ ਅੱਖਰਾਂ ‘ਚ ਕੁਝ ਲਿਖਣਾ ਮੁਸ਼ਕਲ ਹੈ ਕਿਉਂਕਿ ਉਨ੍ਹਾਂ ਪਾਸ ਵਿੱਦਿਆ ਦਾ ਬਹੁ-ਪੱਖੀ ਗਿਆਨ, ਪ੍ਰਚਾਰ ਅਤੇ ਜੀਵਨ ਘਾਲ ਦਾ ਲੰਮੇਰਾ ਅਨੁਭਵ, ਕੌਮੀ ਸੋਚ, ਦਰਦ ਅਤੇ ਕੌਮ ਪ੍ਰਸਤੀ ਦੀ ਭਾਵਨਾ ਦਾ ਰਸਕ ਜਜ਼ਬਾ ਵੇਖਣ ਅਤੇ ਮਾਨਣਯੋਗ ਸੀ।

ਉਨ੍ਹਾਂ ਪ੍ਰਚਾਰ ਸੇਵਾ ਦੌਰਾਨ ਜੰਮੂ-ਕਸ਼ਮੀਰ, ਹਿਮਾਚਲ, ਲੇਹ, ਲਦਾਖ, ਕਾਂਗੜਾ, ਕੁੱਲੂ, ਹਰਿਆਣਾ, ਯੂ.ਪੀ., ਬਿਹਾਰ ਤੇ ਰਾਜਸਥਾਨ ਆਦਿ ਪ੍ਰਾਂਤਾਂ ਅੰਦਰ ਅਮਿੱਟ ਪੈੜਾਂ ਪ੍ਰਚਾਰ ਖੇਤਰ ਅੰਦਰ ਪਾਈਆਂ। ਭਾਸ਼ਾ ਦੇ ਗਿਆਨ ਪੱਖੋਂ ਮਾਂ-ਬੋਲੀ ਪੰਜਾਬੀ ਵੱਲੋਂ ਜਿੱਥੇ ਉਹ ਰੱਜਵੇਂ ਅਮੀਰ ਸਨ ਤੇ ਉਥੇ ਹੀ ਕਾਂਗੜੀ, ਡੋਗਰੀ, ਮੁਲਤਾਨੀ, ਦੱਖਣੀ, ਹਰਿਆਣਵੀ, ਉਤਰ ਪ੍ਰਦੇਸ਼-ਬਿਹਾਰ ਅਤੇ ਸਥਾਨਕ ਬੋਲੀ, ਸੰਸਕ੍ਰਿਤ ਉਰਦੂ ਤੇ ਫ਼ਾਰਸੀ ਦੇ ਬੋਲਣ ਦੀ ਬਾਖੂਬੀ ਮੁਹਾਰਤ ਰੱਖਦੇ ਸਨ।

ਉਤਰ ਪ੍ਰਦੇਸ਼ ਅੰਦਰ ਨਾਨਕ ਪੰਥੀ, ਗੁਰੂ ਪ੍ਰੇਮੀਆਂ ਵਿੱਚ ਉਹ ਵਿਸ਼ੇਸ਼ ਦਿਲਚਸਪੀ ਰੱਖਦੇ, ਦੂਰ ਦਰਾਡੇ ਪੇਂਡੂ ਖੇਤਰਾਂ ਅੰਦਰ ਜਾ ਕੇ ਪ੍ਰਚਾਰ ਕਰਨ ਦੀ ਉਨ੍ਹਾਂ ਅੰਦਰ ਲਗਨ ਵੱਖ-ਵੱਖ ਇਲਾਕਿਆਂ ਦੀਆਂ ਸਥਾਨਕ ਰਹੁ-ਰੀਤਾਂ ਤੇ ਬੋਲੀਆਂ ਦਾ ਸਰਲਤਾ ਭਰਿਆ ਗਿਆਨ ਉਨ੍ਹਾਂ ਦੀ ਹਰਮਨਪਿਆਰਤਾ ਨੂੰ ਚਾਰ ਚੰਦ ਹਰ ਮੌਕੇ ਲਾਉਂਦਾ।

ਹਰਿਦੁਆਰ, ਗੜ੍ਹ ਮੁਕਤੇਸ਼ਵਰ, ਉਜੈਨ, ਤ੍ਰਵੈਣੀ (ਇਲਾਹਾਬਾਦ) ਤੇ ਕੁਰਕਸ਼ੇਤਰ ਆਦਿ ਹਿੰਦੂ ਜੋੜ ਮੇਲਿਆਂ ਸਮੇਂ 15-15 ਦਿਨ ਦੇ ਗੁਰਮਤਿ ਪ੍ਰਚਾਰ ਕੈਂਪ ਲਾਉਣੇ ਤੇ ਦ੍ਰਿੜ੍ਹਤਾ ਬੇਬਾਕੀ ਨਾਲ ਗੁਰਬਾਣੀ ਗੁਰ-ਇਤਿਹਾਸ ਦੀ ਸੱਦ (ਆਵਾਜ਼) ਉਥੇ ਆਈ ਲੁਕਾਈ ਦੇ ਕੰਨਾਂ ਤੱਕ ਪਹੁੰਚਾਉਣੀ ਸਭ ਤੋਂ ਵੱਡੇ ਗੁਰੂ ਨਾਨਕ ਦੀ ਅਟੱਲ ਅਜ਼ਮਤ ਨੂੰ ਪੇਸ਼ ਕਰਨਾ ਸਿੰਘ ਸਾਹਿਬ ਗਿਆਨੀ ਫੌਜਾ ਸਿੰਘ ਦੇ ਹਿੱਸੇ ਬਹੁਤ ਆਇਆ। ਉਹ ਪ੍ਰਚਾਰ

ਖੇਤਰ ਅੰਦਰ ਘਾਲ ਘਾਲਣ ਵਾਲੀਆਂ ਸ਼ਖ਼ਸੀਅਤਾਂ ਸਿੰਘ ਸਾਹਿਬ ਗਿਆਨੀ ਸਾਧੂ ਸਿੰਘ ਜੀ ਭੌਰਾ, ਸਿੰਘ ਸਾਹਿਬ ਗਿਆਨੀ ਸ਼ਰਮ ਸਿੰਘ ਜੀ, ਗਿਆਨੀ ਬਾਦਲ ਸਿੰਘ ਜੀ, ਭਾਈ ਅਮਰ ਸਿੰਘ ਜੀ ਅਲੀਗੜ੍ਹ ਵਾਲੇ ਬਾਰੇ ਬੜੇ ਉਤਸ਼ਾਹ ਨਾਲ ਚਰਚਾ ਕਰਦੇ।

ਅੱਜ ਜਦੋਂ ਕੌਮ ਅੰਦਰ ਸਿਕਲੀਗਰਾਂ, ਵਣਜਾਰਿਆਂ, ਦਾਦੂ ਪੰਥੀਆਂ, ਥਾਰੂ ਪਚਾਦੇ ਸਿੱਖਾਂ ਤੇ ਸਤਿਨਾਮੀਆਂ ਅੰਦਰ ਸਿੱਖੀ ਪ੍ਰਚਾਰ ਦੀ ਗੱਲ ਚਲਦੀ ਹੈ ਤਾਂ ਇਨ੍ਹਾਂ ਸਭ ਵਿੱਚ ਹਰਮਨ ਪਿਆਰਤਾ ਰੱਖਣ ਵਾਲੇ ਗਿਆਨੀ ਫੌਜਾ ਸਿੰਘ ਜੀ ਦੀ ਯਾਦ ਆਉਂਦੀ ਹੈ। ਗੁਰੂ ਕਰੇ ਅੱਜ ਕੌਮ ਪਾਸ ਉਸ ਤਰ੍ਹਾਂ ਦੇ ਪੰਥ-ਪ੍ਰਸਤ, ਸਿਰੜੀ, ਸਬਰ-ਸੰਤੋਖੀ ਤੇ ਲਗਨ ਵਾਲੇ ਤੇ ਕੌਮ ਲਈ ਮਰ ਮਿਟਣ ਵਾਲੇ ਪ੍ਰਚਾਰਕ ਹੋਣ ਤਾਂ ਗੁਰਮਤਿ ਗਿਆਨ ਦਾ ਡੰਕਾ ਸੰਸਾਰ ਅੰਦਰ ਵਜਾਇਆ ਜਾ ਸਕਦਾ ਹੈ।

ਅੱਜ ਸਿੱਖ ਸੰਸਥਾਵਾਂ ਹਨ, ਮਗਰ ਕੌਮ ਪ੍ਰਸਤ ਮਰ ਮਿਟਣ ਵਾਲੇ ਸਿਰੜੀ ਪ੍ਰਚਾਰਕ ਨਹੀਂ ਹਨ। ਸਿੰਘ ਸਾਹਿਬ ਗਿਆਨੀ ਫੌਜਾ ਸਿੰਘ ਜੀ ਨੇ ਆਪਣੇ ਬੱਚਿਆਂ ਨੂੰ ਬੈਂਕ ਤੋਂ ਕਰਜ਼ ਲੈ ਕੇ ਵਿੱਦਿਆ ਦਵਾਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਤੀ ਉਨ੍ਹਾਂ ਦੀ ਸੁਹਿਰਦਤਾ ਵੀ ਨਾਜ਼ ਕਰਨ ਯੋਗ ਰਹੀ। ਪਰ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ਉਨ੍ਹਾਂ ਉਥੋਂ ਦੇ ਕਲਰਕਾਂ ਵੱਲੋਂ ਉਸ ਸਮੇਂ ਵੀ ਰੱਜ ਕੇ ਜਲੀਲ ਕੀਤਾ ਜਾਂਦਾ ਸੀ ਅਤੇ ਤਨਖਾਹ ਪਾਸ ਕਰਨ ਬਦਲੇ 1-2 ਰੁਪਏ ਦੀ ਰਿਸ਼ਵਤ ਮੰਗੀ ਜਾਂਦੀ।

ਅੱਜ ਵੀ ਸਿੱਖ ਕੌਮ ਦਾ ਪ੍ਰਚਾਰ ਢਾਂਚਾ ਡਗਮਗਾ ਰਿਹਾ ਹੈ। ਸ਼੍ਰੋਮਣੀ ਕਮੇਟੀ 'ਚ ਦਫਤਰੀ ਤਾਨਾਸ਼ਾਹੀ, ਪ੍ਰਬੰਧਕੀ ਮੈਂਬਰਾਂ ਦੀ ਧੌਂਸ ਤੇ ਸਿਆਸੀ ਧੜੇਬੰਦੀਆਂ ਦਾ ਮਾਰੂ ਅਸਰ ਕੌਮ ਨੂੰ ਸਹੀ ਪ੍ਰਚਾਰ ਕਰਨ ਵਾਲੇ ਪਾਸੇ ਤੁਰਨ ਤੋਂ ਵੱਡਾ ਅੜਿੱਕਾ ਹੈ।



**ਗਿਆਨੀ ਕੇਵਲ ਸਿੰਘ ਤਖਤ ਦਮਦਮਾ ਸਾਹਿਬ ਦੇ ਸਾਬਕਾ ਜੱਥੇਦਾਰ ਹਨ। ਪੰਥਕ ਤਾਲਮੇਲ ਕਮੇਟੀ ਦੇ ਰਚਣਹਾਰ, ਉਹ ਖਾਲਸਾ ਪੰਥ ਦੇ ਵਿਦਿਅਕ, ਸਮਾਜਕ, ਧਾਰਮਕ, ਸਿਆਸੀ ਕਾਰਜਾਂ ਲਈ ਨਿੱਤ ਯਤਨਸ਼ੀਲ ਰਹਿੰਦੇ ਹਨ। ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਪੰਥ ਪ੍ਰਸਤੀ ਦੀ ਇੱਕ ਮਾਨਯੋਗ ਸ਼ਖਸੀਅਤ ਹਨ ਜਿਨ੍ਹਾਂ ਦੇ ਮਨ ਵਿੱਚ ਭੁੱਲੇ ਵਿੱਸਰੇ ਸਿੱਖਾਂ ਲਈ ਤੜਪ ਹੈ ਅਤੇ ਉਨ੍ਹਾਂ ਦੀ ਤਰੱਕੀ ਲਈ ਸਦਾ ਹੀ ਤਤਪਰ ਰਹਿੰਦੇ ਹਨ। ਉਨ੍ਹਾਂ ਨਾਲ ਈਮੇਲ** gianikewalsingh@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਮੇਰਾ ਇੱਕ ਤਰਲਾ

## ਭਾਈ ਨਿਰਮਲ ਸਿੰਘ ਖਾਲਸਾ

ਅੱਜ ਦਾ ਇਹ ਮੇਰਾ ਹੱਥਲਾ ਮੌਲਿਕ ਲੇਖ ਉਨ੍ਹਾਂ ਸਤਿਕਾਰਤ ਪੰਥਕ ਸਿੱਖ ਚਿੰਤਕਾਂ, ਉੱਚ ਸੰਸਥਾਵਾਂ ਦੇ ਸਰਬਰਾਹਾਂ, ਸਿੱਖ ਕੌਮ ਦੀ ਤਰਜਮਾਨੀ ਕਰ ਰਹੇ ਵਕਤੀ ਮਜ਼ਹਬੀ ਆਗੂਆਂ, ਗੁਰਮਤ ਸਿਧਾਂਤਾਂ ਉੱਤੇ ਪਹਿਰਾ ਦੇ ਰਹੇ ਡੇਰਾ ਮੁਖੀਆਂ, ਤਮਾਮ ਹੀ ਸਿੱਖ ਬੁੱਧੀਜੀਵੀਆਂ, ਵਿਦਵਾਨਾਂ, ਸਿੱਖ ਸਕਾਲਰਾਂ, ਗੁਰਸਿੱਖ ਅਖ਼ਬਾਰ ਨਵੀਸਾਂ, ਮੁੱਖ ਸੰਪਾਦਕਾਂ, ਗੁਰਮਤਿ ਸਿਧਾਂਤਾਂ ਦੇ ਅਲੰਬਰਦਾਰਾਂ, ਉੱਚ ਵਿਦਿਆ ਪ੍ਰਾਪਤ ਆਹਲਾ ਸਿੱਖ ਅਫ਼ਸਰਾਨ, ਆਈ.ਏ ਐਸ., ਆਈ.ਪੀ.ਐਸ, ਆਈ.ਆਰ.ਐਸ, ਪੀ.ਸੀ.ਐਸ ਅਤੇ ਤਮਾਮ ਹੀ ਸਿੱਖ ਕੌਮ ਨਾਲ ਸਬੰਧਤ ਦੇਸ਼-ਵਿਦੇਸ਼ ਵਿੱਚ ਰਹਿ ਰਹੇ ਪੰਥ ਦਰਦੀਆਂ ਦੇ ਨਾਂ ਹੈ।

ਮੈਂ ਕੋਈ ਵਿਦਵਾਨ ਜਾਂ ਕੋਈ ਵਿਸ਼ੇਸ਼ ਵਿਅਕਤੀ ਨਹੀਂ ਹਾਂ, ਸਿਰਫ਼ ਇੱਕ ਨਿਮਾਣਾ ਗੁਰੂ ਦਾ ਕੀਰਤਨੀਆ ਹੋਣ ਕਰ ਕੇ ਇਕ ਤਰਲਾ ਅਤੇ ਗੁਜ਼ਾਰਿਸ਼ ਕਰਨ ਦਾ ਹੀਆ ਕਰ ਰਿਹਾ ਹਾਂ। ਮੇਰੀ ਕੋਈ ਔਕਾਤ ਨਹੀਂ ਹੈ ਕਿ ਮੈਂ ਉਪਰੋਕਤ ਸ਼ਖ਼ਸੀਅਤਾਂ ਜਾਂ ਸਮੁੱਚੀ ਸਿੱਖ ਕੌਮ ਨੂੰ ਕੋਈ ਨਸੀਹਤ ਜਾਂ ਸੇਧ ਦੇ ਦਕਾਂ।

ਮੈਂ ਤਾਂ ਸਿਰਫ ਆਪਣੇ ਦਿਲ ਦੀ ਇਕ ਹੂਕ, ਤੜਪ, ਚੀਸ, ਪੁਕਾਰ ਅਤੇ ਸਿੱਖੀ ਪਿਆਰ ਦੇ ਅੰਦਰਲੇ ਜਜ਼ਬਾਤ ਨੂੰ ਆਪ ਜੀਆਂ ਤੀਕਰ ਪਹੁੰਚਾਉਣ ਦਾ ਇੱਕ ਕਿਣਕਾ ਮਾਤਰ ਯਤਨ ਕਰ ਰਿਹਾ ਹਾਂ। ਗ਼ੌਰ ਅਤੇ ਮਨਜ਼ੂਰ ਕਰਨਾ ਨਾ ਕਰਨਾ, ਤੁਹਾਡੀ ਮਰਜ਼ੀ ਤੇ ਨਿਰਭਰ ਕਰਦਾ ਹੈ। ਅੱਜ ਦਾ ਮੇਰਾ ਮਸਲਾ ਇਹ ਹੈ ਕਿ ਮੌਜੂਦਾ ਵਕਤ ਅਸੀਂ ਕੀ ਕਰ ਰਹੇ ਹਾਂ, ਕਿਧਰ ਜਾ ਰਹੇ ਹਾਂ, ਕੀ ਹੋ ਰਿਹਾ ਹੈ, ਕੀ ਹੋਵੇਗਾ, ਕੀ ਕਰਨਾ ਹੈ ਅਤੇ ਕਿਉਂ ਕਰ ਰਹੇ ਹਾਂ? ਸਿੱਖ ਕੌਮ ਦੇ ਰਹਿਬਰ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਦਾ ਮਿਸ਼ਨ ਪੈਗਾਮੇ-ਮੁਹੱਬਤ ਸੀ, ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੀਕਰ ਲੰਮੇਰੇ ਸਮੇਂ ਤੱਕ ਸਿੱਖ ਕੌਮ ਨੂੰ ਗੁਰਮਤਿ ਸਿਧਾਂਤਾਂ ਉੱਤੇ ਪਹਿਰਾ ਦੇਣ ਲਈ ਰੂਹਾਨੀ ਅਤੇ ਸਮਾਜਕ ਗੁੜ੍ਹਤੀਆਂ ਦੀਆਂ ਲੋਰੀਆਂ ਹੀ ਦੇਂਦੇ ਰਹੇ ਨੇ। ਉਪਰੋਕਤ ਗੁਰੂ ਸਿਧਾਂਤਾਂ ਉੱਤੇ ਪਹਿਰਾ ਦੇਂਦਿਆਂ ਸਿੱਖੀ ਬਹੁਤ ਹੀ ਵਧੀ ਫੁੱਲੀ ਅਤੇ ਦੁਨੀਆਂ ਉੱਪਰ ਆਪਣੀ ਨਿਵੇਕਲੀ ਛਾਪ ਵੀ ਛੱਡੀ ਅਤੇ ਲੱਖਾਂ ਹੀ ਲੋਕਾਂ ਨੇ ਸਿੱਖੀ ਦੇ ਫ਼ਲਸਫ਼ੇ ਤੋਂ ਪ੍ਰਭਾਵਤ ਹੋ ਕੇ ਆਪਣੇ-ਆਪਣੇ ਧਰਮਾਂ ਨੂੰ ਤਿਲਾਂਜਲੀ ਦੇਂਦਿਆਂ ਸਿੱਖ ਧਰਮ ਵਿੱਚ ਵੀ ਪ੍ਰਵੇਸ਼ ਕੀਤਾ।

ਇਹ ਇਕ ਸੁਨਹਿਰੀ ਗੁਰੂ ਸਿਧਾਂਤ ਹੀ ਸੀ ਜਿਸ ਨੇ ਕਿ ਮਨੂੰਵਾਦੀ ਬਸਤੀ ਵਿੱਚ ਰਹਿ ਰਹੀ ਦਬੀ-ਕੁਚਲੀ ਹੋਈ ਮਨੁੱਖਤਾ ਨੂੰ ਬਰਾਬਰਤਾ ਦਾ ਅਹਿਸਾਸ ਦਿਵਾ ਕੇ ਵਿਤਕਰੇ ਅਤੇ ਗ਼ੁਲਾਮੀ ਦੀਆਂ ਜੰਜੀਰਾਂ ਤੋਂ ਮੁਕਤ ਕਰਵਾਇਆ। ਇਸ ਕ੍ਰਾਂਤੀਕਾਰੀ ਅਤੇ ਸਮਾਜਕ ਬਰਾਬਰਤਾ ਦੀ ਨੀਂਹ ਤਾਂ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ, ਭਾਈ ਲਾਲੋ ਜੀ ਅਤੇ ਅਨੇਕਾਂ ਹੀ ਦੱਬੇ-ਕੁਚਲੇ ਲੋਕਾਂ ਨੂੰ ਨਾਲ ਲੈ ਕੇ ਪਹਿਲਾਂ ਹੀ ਰੱਖ ਦਿੱਤੀ ਸੀ। ਇਸ ਲੰਮੇਰੇ ਸਫ਼ਰ ਦੀ ਅੰਤਿਕਾ ਤੀਕਰ ਦਸਵੇਂ ਪਾਤਸ਼ਾਹ ਜੀ ਨੇ ਭਾਈ ਜੈਤਾ ਜੀ ਨੂੰ ਰੰਘਰੇਟੇ ਗੁਰੂ ਕੇ ਬੇਟੇ ਦਾ ਮਾਣਮੱਤਾ ਵਰ ਦੇ ਕੇ ਅਤੇ ਫਿਰ ਪੰਜਾਂ ਪਿਆਰਿਆਂ ਨੂੰ ਪੰਚ ਪ੍ਰਧਾਨੀ ਦਾ

ਸਿਰਮੌਰ ਅਹੁਦਾ ਦੇ ਕੇ ਨਿਵਾਜ਼ ਦਿੱਤਾ ਅਤੇ ਅੰਤ ਵਿੱਚ ਇਕ ਦੱਖਣੀ ਸਿੱਖ ਮਾਧੋ ਦਾਸ ਬੈਰਾਗੀ ਨੂੰ ਆਪਣੇ ਰੂਹਾਨੀ ਥਾਪੜੇ ਨਾਲ ਬੰਦਾ ਬਹਾਦਰ ਵਰਗਾ ਮਹਾਨ ਯੋਧਾ ਬਣਾ ਕੇ ਪਹਿਲੇ ਸਿੱਖ ਰਾਜ ਦੀ ਨੀਂਹ ਵੀ ਰੱਖ ਦਿੱਤੀ। ਜ਼ਿਕਰਯੋਗ ਹੈ ਕਿ ਇਸ ਪਲੇਠੇ ਸਿੱਖ ਰਾਜ ਦੇ ਬਾਨੀ, ਲਾਸਾਨੀ ਸੂਰਬੀਰ ਅਤੇ ਨਿਆਂ ਭਰਪੂਰ ਬਾਦਸ਼ਾਹੀ ਦੇ ਹਲੀਮੀ ਰਾਜ ਦੌਰਾਨ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਸਦੀਆਂ ਤੋਂ ਦੱਬੇ-ਕੁਚਲੇ ਸਿੱਖਾਂ ਨੂੰ ਬਰਬਰਤਾ ਦਾ ਦਰਜਾ ਦੇਂਦਿਆਂ ਜਾਗੀਰਦਾਰੀ ਨਿਜ਼ਾਮ ਤੋਂ ਨਿਜਾਤ ਦਿਵਾ ਕੇ ਜ਼ਮੀਨੀ ਮਾਲਕਾਨਾ ਹੱਕ ਵੀ ਦੇ ਦਿੱਤੇ ਸਨ। ਇਹ ਇੱਕ ਸਿੱਖੀ ਸਿਧਾਂਤਾਂ ਦੀ ਦੁਪਹਿਰ, ਸੁਨਹਿਰਾ ਯੁੱਗ ਅਤੇ ਉੱਤਮ ਨਮੂਨਾ ਸੀ।

ਗੁਰੂ ਦੇ ਲਾਡਲੇ ਸਿੱਖੋ ਜਰਾ ਸੋਚੋ-ਸੱਚ ਦਸਣਾ ਕਿ ਜੇਕਰ ਸਾਡੇ ਮੁਤਾਬਕ ਸਿੱਖ ਕੌਮ ਵਿੱਚ ਕਿਸੇ ਜਾਤ-ਪਾਤ ਜਾਂ ਊਚ-ਨੀਚ ਲਈ ਥਾਂ ਹੀ ਨਹੀਂ ਅਤੇ ਫਿਰ ਇਹ ਜੱਟ, ਭਾਪੇ, ਛੀਂਬੇ, ਨਾਈ, ਮਰਾਸੀ, ਤਰਖਾਣ, ਕੰਬੋਜ, ਖਤਰੀ, ਝੀਊਰ, ਮਜ੍ਹਬੀ, ਚਮਾਰ ਰਵਿਦਾਸੀਏ, ਘੁਮਿਆਰ, ਸੈਣੀ ਆਦਿਕ ਕਿਉਂ ਹਾਂ? ਜ਼ਰਾ ਕੁ ਸਾਢੇ ਪੰਜ ਸੌ ਸਾਲ ਪਿਛਾਂਹ ਨੂੰ ਜਾ ਕੇ ਵਿਚਾਰ ਕਰਦਿਆਂ ਝਾਤੀ ਮਾਰੀਏ ਕਿ ਸਿੱਖ ਕੌਮ ਦੇ ਪਹਿਲੇ ਰਹਿਬਰ ਗੁਰੂ ਨਾਨਕ ਦੇਵ ਜੀ ਨੇ ਤਾਂ ਨੀਂਹ ਹੀ ਜਾਤ-ਪਾਤ ਤੋਂ ਰਹਿਤ ਹੋ ਕੇ ਰੱਖੀ ਸੀ। ਉਨ੍ਹਾਂ ਦਾ ਪਹਿਲਾ ਸਿੱਖ ਭਾਈ ਮਰਦਾਨਾ ਜੀ ਸੀ ਜੋ ਕਿ ਗੁਰੂ ਸਾਹਿਬ ਜੀ ਦੇ ਅੰਗ-ਸੰਗ, ਤਾਬਿਆ ਵਿੱਚ ਰਹਿੰਦੇ ਸਨ। ਗੁਰੂ ਸਾਹਿਬ ਮਰਦਾਨਾ ਜੀ ਨੂੰ ਭਾਈ ਆਖਦੇ ਸਨ। ਭਾਈ ਮਰਦਾਨਾ ਜੀ ਗੁਰੂ ਸਾਹਿਬ ਜੀ ਦੇ ਸੇਵਾਦਾਰ, ਹਮਰਾਜ਼, ਸਾਥੀ, ਮਿੱਤਰ, ਦੋਸਤ, ਰਾਗੀ, ਰਬਾਬੀ ਅਤੇ ਕੀਰਤਨੀਏ ਵੀ ਸਨ।

ਤਕਰੀਬਨ ਪੰਜਾਹ ਸਾਲ ਤਕ ਭਾਈ ਮਰਦਾਨਾ ਜੀ ਨੂੰ ਅੰਤਾਂ ਦਾ ਪਿਆਰ ਕੀਤਾ। ਇਥੋਂ ਤੱਕ ਕੀ ਭਾਈ ਮਰਦਾਨਾ ਜੀ ਨੇ ਆਪਣੇ ਆਖਰੀ ਸਵਾਸ ਵੀ ਗੁਰੂ ਸਾਹਿਬਾਂ ਦੀ ਮੁਕੱਦਸ ਗੋਦ ਵਿੱਚ ਹੀ ਤਿਆਗੇ ਸਨ। ਸੋ ਗੁਰੂ ਨਾਨਕ ਪਾਤਸ਼ਾਹ ਜੀ ਨੇ ਵੀ ਭਾਈ ਮਰਦਾਨਾ ਜੀ ਤੋਂ ਬਾਅਦ ਉਦਾਸੀਆਂ ਤਿਆਗ ਕੇ, ਕਰਤਾਰਪੁਰ ਸਾਹਿਬ ਆ ਕੇ ਹੱਥੀਂ ਖੇਤੀ ਕਰਨੀ ਸ਼ੁਰੂ ਕਰ ਦਿੱਤੀ ਸੀ। ਮੇਰੇ ਕਹਿਣ ਤੋਂ ਭਾਵ ਕਿ ਭਾਈ ਮਰਦਾਨਾ ਜੀ ਗੁਰੂ ਸਾਹਿਬਾਂ ਦੇ ਪਹਿਲੇ (ਪਲੇਠੇ) ਸਿੱਖ ਆਖੇ ਜਾਂਦੇ ਨੇ। ਪਰ ਕੀ ਅਸੀਂ ਭਾਈ ਮਰਦਾਨਾ ਜੀ ਨੂੰ ਸਿੱਖ ਮੰਨ ਲਿਆ ਹੈ?

ਜੇਕਰ ਮੰਨ ਲਿਆ ਹੈ ਤਾਂ ਫਿਰ ਭਾਈ ਮਰਦਾਨਾ ਜੀ ਨੂੰ ਅਜੇ ਤੀਕਰ ਵੀ ਮਰਾਸੀ, ਡੂਮ, ਡਰਪੋਕ, ਭੁੱਖਾ, ਪਿਆਸਾ, ਲਾਲਚੀ ਆਦਿਕ ਕਿਉਂ ਕਿਹਾ ਜਾਂਦਾ ਹੈ? ਇਹ ਕੁਤਾਹੀ ਅਤੇ ਗੁਸਤਾਖੀ ਭਰੇ ਬੋਲ ਕੁੱਝ ਕਿਤਾਬਾਂ ਵਿੱਚ ਅਤੇ ਕੁੱਝ ਕੁ ਜਾਤਿ ਅਭਿਮਾਨੀ, ਪ੍ਰਚਾਰਕ ਸਾਹਿਬਾਨ ਸਟੇਜਾਂ ਉੱਤੇ ਵੀ ਕਹਿੰਦੇ ਸੁਣੇ ਜਾ ਸਕਦੇ ਨੇ। ਕੀ ਭਾਈ ਸਾਹਿਬ ਉੱਤੇ ਗੁਰੂ ਸਾਹਿਬਾਨ ਦੇ ਰੂਹਾਨੀ ਅਤੇ ਨੂਰਾਨੀ ਮਿਸ਼ਨ ਦਾ ਕੋਈ ਅਸਰ ਨਹੀਂ ਹੋਇਆ ਸੀ? ਸੋ ਮੈਂ ਅਧੀਨਗੀ ਨਾਲ ਪੁਛਣਾ ਚਾਹੁੰਦਾ ਹਾਂ ਕਿ ਅਜਿਹੇ ਲੋਕ ਇਸ ਪਹਿਲੇ ਸਿੱਖ ਭਾਈ ਮਰਦਾਨੇ ਨੂੰ ਪਲੇਠਾ ਸਿੱਖ ਮੰਨਦੇ ਹਨ?

ਜੇਕਰ ਅਸੀਂ ਮੰਨਦੇ ਹਾਂ ਤਾਂ ਕੀ ਫਿਰ ਭਾਈ ਮਰਦਾਨੇ ਜੀ ਨੂੰ ਮਰਾਸੀ ਆਖਣਾ ਜਾਇਜ਼ ਹੈ? ਕੀ ਸਿੱਖ ਭਾਈ ਮਰਦਾਨਾ ਜੀ ਨੂੰ ਸਤਿਕਾਰ ਦੀ ਨਜ਼ਰ ਨਾਲ ਤੱਕਦੇ ਹਨ

ਅਤੇ ਕੀ ਮਰਦਾਨੇ ਕਿਆਂ ਨਾਲ ਸਾਡੀ ਰੋਟੀ ਬੇਟੀ ਦੀ ਸਾਂਝ ਹੈ? ਮੈਨੂੰ ਮਾਫ਼ ਕਰ ਦੇਣਾ ਜੀਉ, ਜੇਕਰ ਭਾਈ ਮਰਦਾਨਾ ਜੀ ਸਿੱਖ ਹੈ ਤਾਂ ਕੀ ਅਸੀਂ ਸੱਭ ਸਿੱਖ ਅਖਵਾਉਣ ਦੇ ਹੱਕਦਾਰ ਹਾਂ? ਕੀ ਭਾਈ ਲਾਲੋ ਵਰਗੇ ਸਿਦਕੀ, ਸੰਤੋਖੀ ਕਿਰਤੀ ਅਤੇ ਗ਼ਰੀਬੜ੍ਹੇ ਸਿੱਖ ਨੂੰ ਅਸੀਂ ਬਣਦਾ ਮਾਣ-ਸਤਿਕਾਰ ਦਿੱਤਾ ਹੈ?

ਸਿੱਖ ਕੌਮ ਦੇ ਵਾਰਸੋ ਜਿਵੇਂ ਅਸੀਂ ਪਹਿਲੇ ਸਿੱਖ ਭਾਈ ਮਰਦਾਨਾ ਜੀ ਨੂੰ ਅੱਖੋਂ ਪਰੋਖੇ ਕਰ ਰਹੇ ਹਾਂ ਇੰਜ ਹੀ ਕੀ ਅਸੀਂ ਅਜੇ ਤੱਕ ਗੁਰੂ ਗੋਬਿੰਦ ਸਿੰਘ ਜੀ ਦੇ ਅਤਿ ਨਜ਼ਦੀਕੀ ਅਰਦਲੀਏ ਵਿਸ਼ਵਾਸ਼ਪਾਤਰ ਗੁਰੂ ਪ੍ਰਵਾਰ ਨੂੰ ਸਮਰਪਿਤ ਮਹਾਨ ਸੂਰਬੀਰ ਤੇ ਯੋਧੇ ਗੁਰੂ ਤੇਗ ਬਗਾਦਰ ਸਾਹਿਬ ਜੀ ਦਾ ਸੀਸ ਲਿਆਉਣ ਵਾਲੇ ਇਕੋ-ਇਕ ਸਿਦਕੀ ਸਿੱਖ ਰੰਘਰੇਟੇ ਗੁਰੂ ਕੇ ਬੇਟੇ ਨਾਲ ਨਿਵਾਜੇ ਭਾਈ ਜੈਤਾ ਜੀ (ਜੀਵਨ ਸਿੰਘ) ਨੂੰ ਪਹਿਲਾ ਸਿੱਖ ਮੰਨ ਲਿਆ ਹੈ? ਜਿਸ ਸ਼ਖ਼ਸ ਨੂੰ ਗੁਰੂ ਜੀ ਨੇ ਆਪਣਾ ਬੇਟਾ ਆਖ ਕੇ ਵਡਿਆਇਆ ਅਤੇ ਖਿਤਾਬ ਦਿੱਤਾ ਹੋਵੇ ਕਿ ਉਸ ਦੇ ਵਾਰਸਾਂ ਨਾਲ ਤਮਾਮ ਸਿੱਖਾਂ ਵੱਲੋਂ ਰੋਟੀ-ਬੇਟੀ ਦੀ ਸਾਂਝ ਰੱਖੀ ਗਈ ਹੈ? ਅਫ਼ਸੋਸ ਕਿ ਅਜਿਹਾ ਬਹੁਤ ਹੀ ਘੱਟ ਹੋਇਆ ਹੈ। ਪਰ ਵਾਹ, ਫੇਰ ਵੀ ਅਸੀਂ ਗੁਰੂ ਦੇ ਸਿੱਖ ਹਾਂ। ਇਕ ਗੱਲ ਇਸ ਸੱਚਾਈ ਨੂੰ ਪੱਲੇ ਬੰਨ੍ਹ ਲਈਏ ਕਿ ਜਿੰਨਾ ਚਿਰ ਅਸੀਂ ਭਾਈ ਜੀਵਨ ਸਿੰਘ ਨੂੰ ਬਣਦਾ ਮਾਣ-ਸਨਮਾਨ ਦੇ ਕੇ ਅਤੇ ਰੋਟੀ-ਬੇਟੀ ਦੀ ਸਾਂਝ ਨਹੀਂ ਕਰਦੇ, ਭੁੱਲ ਜਾਈਏ ਕਿ ਸਾਡੇ ਉੱਤੇ ਗੁਰੂ ਦੀ ਬਖ਼ਸ਼ਿਸ਼ ਹੋ ਜਾਵੇਗੀ।

ਖ਼ੈਰ! ਇਹ ਗੱਲ ਤਾਂ ਸੀ ਬੀਤੇ ਸਮੇਂ ਦੀ, ਜਿਸ ਤੋਂ ਅਸੀਂ ਅਜੇ ਵੀ ਸਬਕ ਨਹੀਂ ਸਿੱਖਿਆ ਹੈ। ਪਰ ਹੁਣ ਕਿਹੜਾ ਸਿੱਖ ਮਿਲਦਾ ਹੈ? ਇੱਕੀਵੀਂ ਸਦੀ ਵਿੱਚ ਵੀ ਅਸੀਂ ਗੁਰੂ ਸਿਧਾਂਤਾਂ ਤੋਂ ਅਜੇ ਕੋਹਾਂ ਦੂਰ ਹਾਂ। ਜ਼ਰਾ ਗਹੁ ਨਾਲ ਨਜ਼ਰ ਮਾਰੋ। ਆਪਣੇ ਚਾਰ-ਚੁਫੇਰੇ ਕਿ ਮੌਜੂਦਾ ਸਮੇਂ ਵੀ ਕਈ ਜਾਤ ਅਭਿਮਾਨੀ ਡੇਰਿਆਂ ਵਿੱਚ ਜਾਤ-ਪਾਤ ਦਾ ਕੋਹੜ ਸਿਖਰਾਂ ਤੇ ਹੈ। ਇਸੇ ਹੀ ਪੰਜਾਬ ਅੰਦਰ ਗੁਰੂਆਂ ਦੀ ਪਾਕ ਸਰਜ਼ਮੀਂ ਵਿੱਚ ਕਿੰਨੇ ਹੀ ਗੁਰੂਘਰਾਂ ਵਿੱਚ ਸਿੱਖ, ਸਿੱਖ ਨਾਲ ਹੀ ਵਿਤਕਰਾ ਕਰਦਾ ਨਜ਼ਰ ਆ ਰਿਹਾ ਹੈ। ਭਲਾ ਉਹ ਕਿਹੜਾ ਮਹਾਂਪੁਰਸ਼ ਹੈ, ਜਿਹੜਾ ਕਿ ਗੁਰੂ ਸਾਹਿਬਾਨਾਂ ਤੋਂ ਵੀ ਸਿਰਮੌਰ ਹੋਵੇ? ਇਥੋਂ ਤਕ ਕਿ ਸਿੱਖ ਕੌਮ ਵਿੱਚ ਹੁਣ ਅੰਮ੍ਰਿਤ ਛਕਾਉਣ ਦੀ ਵਿਧੀ ਅਤੇ ਮਰਿਆਦਾ ਵੀ ਇਕ ਨਹੀਂ ਰਹੀ। ਜੋ ਸਿੱਖ ਪੰਥ ਦੇ ਸਿਰਮੌਰ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਉੱਚੀ-ਸੁੱਚੀ ਮਰਿਆਦਾ ਸੀ, ਐਨ ਉਸ ਦੇ ਉਲਟ ਕਿੰਨੇ ਹੀ ਡੇਰੇ ਅਤੇ ਸੰਸਥਾਵਾਂ ਮੌਜੂਦ ਹਨ ਜਿਥੇ ਅੰਮ੍ਰਿਤ ਛਕਾਉਣ ਤੋਂ ਪਹਿਲਾਂ ਜਾਤ ਪੁੱਛ ਕੇ, ਹੁਕਮ ਕੀਤਾ ਜਾਂਦਾ ਹੈ ਕਿ ਚੌਥੇ-ਪਉੜੇ ਵਾਲੇ ਅਲੱਗ ਕਤਾਰ ਵਿੱਚ ਖੜੇ ਹੋ ਜਾਣ ਅਤੇ ਫਿਰ ਉਨ੍ਹਾਂ ਨੂੰ ਅੰਮ੍ਰਿਤ ਵੀ ਅਲੱਗ ਬਾਟੇ ਵਿੱਚੋਂ ਹੀ ਛਕਾਇਆ ਜਾਂਦਾ ਹੈ।

ਕੀ ਇਨ੍ਹਾਂ ਨੂੰ ਗੁਰੂ ਸਾਹਿਬ ਤਰਫੋਂ ਚਲਾਈ ਹੋਈ ਮਰਿਆਦਾ ਮਨਜ਼ੂਰ ਨਹੀਂ ਜਾਂ ਫਿਰ ਇਹ ਗੁਰੂ ਸਾਹਿਬਾਂ ਜੀ ਤੋਂ ਉੱਪਰ ਨੇ? ਫਿਰ ਇਹ ਉਹੀ ਲੋਕ ਨੇ ਜਿਹੜੇ ਕਿ ਦੂਜੀਆਂ ਕੌਮਾਂ ਸਾਹਮਣੇ ਫ਼ਖ਼ਰ ਨਾਲ ਕਹਿੰਦੇ ਨੇ ਕਿ ਅਸੀਂ (ਸਿੱਖ ਕੌਮ) ਜਾਤ-ਪਾਤ ਨੂੰ ਨਹੀਂ ਮੰਨਦੇ ਪਰ ਅਸਲ ਤਸਵੀਰ ਤਾਂ ਕੁੱਝ ਹੋਰ ਹੀ ਹੁੰਦੀ ਹੈ। ਅਸੀਂ ਗੁਰੂ ਸਿਧਾਂਤਾਂ ਤੋਂ ਏਨੇ ਜ਼ਿਆਦਾ ਮੁਨਕਰ ਅਤੇ ਬਾਗ਼ੀ ਹੋ ਚੁੱਕੇ ਹਾਂ ਕਿ ਸਿੱਖ ਹੋ ਕੇ ਕਿਸੇ ਮਰਦਾਨੇ ਕਿਆਂ ਜਾਂ ਰੰਘਰੇਟਿਆਂ, ਰਵਿਦਾਸੀਆਂ, ਰਮਦਾਸੀਆਂ, ਬੇਸ਼ੱਕ ਉਹ ਅੰਮ੍ਰਿਤਧਾਰੀ ਪ੍ਰਵਾਰ ਵੀ ਹੋਣ,

ਦੇ ਨਾਲ ਗੁਰਸਿੱਖੀ ਰਿਸ਼ਤਾ ਕਾਇਮ ਕਰਨ ਤੋਂ ਪਰਹੇਜ਼ ਅਤੇ ਭਿੱਟ ਕਰਦੇ ਹਾਂ। ਆਪਣੇ ਅੰਮ੍ਰਿਤਧਾਰੀ ਸਿੱਖਾਂ ਤੋਂ ਹੀ ਦੂਰੀ ਕਿਉਂ? ਮੇਰੀ ਜਾਚੇ ਇਹੋ ਹੀ ਮੁੱਖ ਕਾਰਨ ਹੈ ਕਿ ਅੱਜ ਸਿੱਖ ਪੰਥ ਨਾਲੋਂ ਟੁੱਟ ਕੇ ਇਕ ਸਾਡਾ ਹੀ ਅੰਗ, ਪਖੰਡੀਆਂ ਦੇ ਡੇਰਿਆਂ ਨੂੰ ਅਪਣਾ ਕੇ ਭਟਕ ਰਿਹਾ ਹੈ।

ਮੇਰੀ ਸੁਰਤ ਦੀ ਹੀ ਗੱਲ ਹੈ ਕਿ ਪੰਜਾਬ ਦੇ ਪਿੰਡੀਂ, ਸਮੁੱਚੇ ਸਿੱਖਾਂ ਦਾ ਇਕੋ ਹੀ ਸਾਂਝਾ ਧਰਮ ਅਸਥਾਨ (ਗੁਰਦੁਆਰਾ) ਹੁੰਦਾ ਸੀ ਅਤੇ ਸੱਭ ਲੋਕ ਉਥੇ ਹੀ ਸੀਸ ਨਿਵਾਉਂਦੇ ਸਨ। ਪਰ ਅੱਜ ਉਨ੍ਹਾਂ ਹੀ ਪਿੰਡਾਂ ਵਿੱਚ ਪੰਜ-ਪੰਜ ਗੁਰਦੁਆਰੇ ਬਣ ਗਏ ਨੇ, ਉਹ ਵੀ ਜਾਤਾਂ ਦੇ ਨਾਂ 'ਤੇ। ਇਸ ਦੇ ਪਿੱਛੇ ਵੀ ਇਕ ਖਾਸ ਕਾਰਨ ਸੀ ਕਿ ਜਦੋਂ ਕਿਤੇ ਨਾ ਕਿਤੇ ਉਪਰੋਕਤ ਲੋਕਾਂ ਨਾਲ ਗੁਰੂ-ਘਰਾਂ ਵਿੱਚ ਹੀ ਵਿਤਕਰਾ ਹੋਣਾ ਸ਼ੁਰੂ ਹੋ ਗਿਆ, ਗੁਰੂ ਦੇ ਲੰਗਰਾਂ ਵਿੱਚ ਵੜਨ ਦੀ ਮਨਾਹੀ ਕੀਤੀ ਜਾਣ ਲੱਗੀ ਅਤੇ ਗੁਰਦੁਆਰੇ ਦੀ ਹੱਦ ਤੋਂ ਬਾਹਰ ਹੀ ਰੋਕ ਕੇ ਪ੍ਰਸ਼ਾਦ ਦੇਣ ਦਾ ਰਿਵਾਜ ਚੱਲ ਪਿਆ ਤਾਂ ਗਰੀਬੜੇ ਸਿੱਖਾਂ ਨੇ ਆਪਣੇ ਅਲੱਗ-ਅਲੱਗ ਗੁਰੂਘਰ ਉਸਾਰਨੇ ਸ਼ੁਰੂ ਕਰ ਦਿੱਤੇ।

ਹੁਣ ਕੀ ਪੰਜਾਬ ਵਿੱਚ ਅਤੇ ਕੀ ਬਾਹਰਲੇ ਮੁਲਕਾਂ ਵਿੱਚ ਵੀ ਹਰ ਸਿੱਖ ਬਰਾਦਰੀ ਨੂੰ ਮਨੂੰਵਾਦੀ ਸਿੱਖਾਂ ਤੋਂ ਤੰਗ ਆ ਕੇ ਆਪਣੇ-ਆਪਣੇ ਗੁਰਦੁਆਰੇ ਉਸਾਰ ਲਏ ਹਨ ਅਤੇ ਬਰਾਦਰੀ ਨਾਲ ਸਬੰਧਤ ਸਿੱਖ ਆਪਣੇ ਆਪਣੇ ਗੁਰੂਘਰ ਜਾਣ ਨੂੰ ਪਹਿਲ ਦੇਂਦੇ ਹਨ। ਇਹ ਰੁਝਾਨ ਇੰਗਲੈਂਡ, ਅਮਰੀਕਾ, ਕੈਨੇਡਾ, ਸਿੰਘਾਪੁਰ, ਮਲੇਸ਼ੀਆ, ਹਾਂਕਕਾਂਗ, ਆਸਟਰੇਲੀਆ ਆਦਿਕ ਹਰ ਦੇਸ਼ ਵਿੱਚ ਵੀ ਵੱਧ ਰਿਹਾ ਹੈ।

ਕੀ ਸਾਨੂੰ ਉਸ ਗੁਰੂ ਸਾਹਿਬਾਨ ਜੀ ਦੇ ਸੰਦੇਸ਼ ਅਤੇ ਸਿਧਾਂਤ ਭੁੱਲ ਗਏ ਨੇ? ਯਕੀਨਨ ਇਸ ਵੇਲੇ ਸਿੱਖ ਕੌਮ ਵਿੱਚ ਬਹੁਤ ਸਾਰੇ ਵਾਦ-ਵਿਵਾਦ ਨੂੰ ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਜੀ, ਦਸਮ ਗ੍ਰੰਥ ਬਾਰੇ, ਰਹਿਤ ਮਰਿਆਦਾ ਬਾਰੇ, ਖਾਣ-ਪੀਣ ਬਾਰੇ, ਦਸਤਾਰਾਂ ਅਤੇ ਕੱਪੜੇ ਪਹਿਨਣ ਬਾਰੇ ਆਪਣੀਆਂ ਆਪਣੀਆਂ ਜੱਥੇਬੰਦੀਆਂ ਦੀ ਹੋਂਦ ਬਾਰੇ, ਅਪਣੇ ਆਪ ਨੂੰ ਸਿਰਮੌਰ ਅਤੇ ਅਸਲੀ ਸਿੱਖ ਕਹਾਉਣ ਬਾਰੇ, ਇਕ-ਦੂਜੇ ਨੂੰ ਨੀਵਾਂ ਵਿਖਾਉਣ ਦਾ ਤਾਂ ਜਿਵੇਂ ਇਕ ਰੁਝਾਨ ਹੀ ਚੱਲ ਪਿਆ ਹੋਵੇ।

ਇਕ-ਦੂਜੇ ਸਿੱਖ ਦੀਆਂ ਗ਼ਲਤੀਆਂ ਨੂੰ ਉਛਾਲਣਾ, ਚਿੱਕੜ ਸੁਟਣਾ ਅਪਣੇ ਹੀ ਭਰਾਵਾਂ ਦੀ ਪੱਗ ਰੋਲਣੀ ਇਕ-ਦੂਜੇ ਨੂੰ ਏਜੰਸੀਆਂ ਦੇ ਏਜੰਟ ਗਰਦਾਨਣਾ, ਸੋਸ਼ਲ ਮੀਡੀਆ ਤੇ ਭੱਦੇ ਅਤੇ ਅਸੱਭਿਅਕ ਲਫ਼ਜ਼ ਬੋਲਣੇ, ਇਕ-ਦੂਜੇ ਦੀ ਰੱਜ ਕੇ ਬੇਇੱਜਤੀ ਕਰਨੀ, ਨਿੰਦਿਆ ਚੁਗਲੀ, ਬਖੀਲੀ ਆਦਿ ਕਰਨੀ ਤਾਂ ਹੁਣ ਆਮ ਜਿਹੀ ਗੱਲ ਹੋ ਗਈ ਜਾਪਦੀ ਹੈ। ਹਰ ਸਿੱਖ ਅਰਦਾਸ ਵਿੱਚ ਕਹਿੰਦਾ ਹੈ ਕਿ **'ਸਿਖਾਂ ਦਾ ਮਨ ਨੀਵਾਂ ਮੱਤ ਉੱਚੀ ਵੇਖ ਕੇ ਅਣਡਿੱਠ ਕਰਨਾ ਅਤੇ ਤੇਰੇ ਭਾਣੇ ਸਰਬੱਤ ਦਾ ਭਲਾ'।**

ਜ਼ਰਾ ਸੋਚੋ ਅਜਿਹਾ ਅਸੀਂ ਕਿਸ ਲਈ ਕਰ ਰਹੇ ਹਾਂ? ਗੁਰੂ ਸਾਹਿਬ ਤਾਂ ਆਖਦੇ ਨੇ ਕਿ '**ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥** ਅਤੇ **ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥** ਤੇ ਹੋਰ **ਨਾ ਕੋ ਬੈਰੀ ਨਹੀ ਬਿਗਾਨਾ॥**'ਪਰ ਇਸ ਦੇ ਬਾਵਜ਼ੂਦ ਵੀ ਅਸੀਂ ਇਕ-ਦੂਜੇ ਨੂੰ ਛੱਜ ਵਿੱਚ ਪਾ ਕੇ ਛੱਟਣ ਤੇ ਲੱਗੇ ਹੋਏ ਹਾਂ।

ਅਸੀਂ ਸਮਝ ਨਹੀਂ ਰਹੇ ਕਿਉਂਕਿ ਸਾਡਾ ਚਲਾਕ ਦੁਸ਼ਮਣ ਵੀ ਇਹੋ ਚਾਹੁੰਦਾ ਹੈ ਕਿ ਸਿੱਖ ਕੌਮ ਇਕ ਮੰਚ ਤੇ ਇਕੱਠੀ ਨਾ ਹੋ ਸਕੇ ਅਤੇ ਸਿੱਖ ਫ਼ਾਲਤੂ ਦੇ ਮੁੱਦਿਆਂ 'ਚ ਹੀ ਉਲਝਦੇ ਅਤੇ ਝਗੜਦੇ ਰਹਿਣ। ਗੁਰੂ ਸਾਹਿਬਾਨ ਦੇ ਵਾਰਸੋ, ਅੱਜ ਸਾਡਾ ਮੁੱਖ ਮੁੱਦਾ ਕੋਈ ਹੋਰ ਹੈ, ਉਸ ਤੇ ਗੌਰ ਕਰੋ ਕਿਉਂਕਿ ਸਫਰਾਂ ਵਿੱਚ ਭਟਕਿਆਂ ਹੋਇਆਂ ਨੂੰ ਕਦੀ ਮੰਜ਼ਲਾਂ ਨਹੀਂ ਮਿਲਦੀਆਂ। ਛੱਡ ਦਿਉ ਸਾਰੇ ਗਿਲੇ-ਸ਼ਿਕਵੇ ਅਤੇ ਲੜਾਈਆਂ-ਝਗੜੇ। ਸਿੱਧੇ ਹੋ ਕੇ ਆ ਜਾਉ ਗੁਰੂ ਸਿਧਾਂਤਾਂ ਦੇ ਗੁਰਮਤਿ ਗਾਡੀਰਾਹ ਉੱਤੇ। ਆਪਸੀ ਝਗੜੇ, ਬਖੇੜਿਆਂ ਅਤੇ ਖਾਮਖਾਹੀ ਮੁੱਦਿਆਂ ਦਾ ਤਿਆਗ ਕਰ ਕੇ ਇਕੋ ਇਕ ਸਿੱਖੀ ਮਾਰਗ ਦੇ ਪਾਂਧੀ ਬਣ ਕੇ ਗੁਰੂ ਸਾਹਿਬਾਨ ਦੀਆਂ ਸਦਖੁਸ਼ੀਆਂ ਦੇ ਪਾਤਰ ਅਤੇ ਸਿੱਖੀ ਦੇ ਮਾਰਗ ਤੋਂ ਭਟਕ ਚੁੱਕੇ ਆਪਣੇ ਸਿੱਖ ਭਰਾਵਾਂ ਨੂੰ ਆਪਣੇ ਗਲੇ ਨਾਲ ਲਾ ਕੇ ਸਮਝਾਉਣ ਦੀ ਕੋਸ਼ਿਸ਼ ਕਰੋ।

ਅੱਜ ਦੇ ਪੰਜਾਬ ਵਿੱਚ ਹੀ ਸਿੱਖੀ ਨੂੰ ਏਨਾ ਖੋਰਾ ਲੱਗ ਗਿਆ ਹੈ ਕਿ ਨਗਰਾਂ-ਪਿੰਡਾਂ ਵਿੱਚੋਂ ਬਹੁਤ ਸਾਰੇ ਗਰੀਬ ਸਿੱਖ, ਈਸਾਈ ਧਰਮ ਦੀ ਪਨਾਹ ਵਿੱਚ ਜਾ ਕੇ ਆਪਣੇ ਸਿੱਖੀ ਸਰੂਪ ਨੂੰ ਤਿਲਾਂਜਲੀ ਦੇ ਰਹੇ ਨੇ ਜੋ ਕਿ ਸਾਡੇ ਲਈ ਅਤਿ ਚਿੰਤਾ ਅਤੇ ਸ਼ਰਮ ਵਾਲੀ ਗੱਲ ਹੈ। ਪੂਰੇ ਭਾਰਤ ਵਿੱਚ ਲੱਖਾਂ ਦੀ ਗਿਣਤੀ ਵਿੱਚ ਸਿਕਲੀਗਰ ਅਤੇ ਵਣਜਾਰੇ ਸਿੱਖ ਬੈਠੇ ਨੇ ਜਿਨ੍ਹਾਂ ਦੀ ਹਾਲਤ ਅਤਿ-ਤਰਸਯੋਗ ਵੀ ਹੈ। ਉਨ੍ਹਾਂ ਨੂੰ ਉਡੀਕ ਹੈ ਪੰਥਕ ਰਹਿਬਰਾਂ ਦੀ, ਸਿੱਖ ਸੰਸਾਥਾਵਾਂ ਦੀ, ਗੁਰੂ ਦੇ ਪੱਕੇ ਸਿੱਖਾਂ ਦੀ, ਹਮਦਰਦੀ ਭਰੇ ਬੋਲਾਂ ਦੀ, ਗਲੇ ਨਾਲ ਲੱਗਣ ਦੀ ਅਤੇ ਇਮਦਾਦ ਦੀ। ਸੱਚਮੁਚ ਉਹ ਅੱਜ ਵੀ ਸਿੱਖੀ ਦੇ ਤਲਬਗਾਰ ਹਨ, ਗੁਰੂ ਨੂੰ ਸਮਰਪਿਤ ਨੇ। ਹੈ ਕੋਈ ਉਨ੍ਹਾਂ ਦੀ ਬਾਂਹ ਫੜਨ ਵਾਲਾ? ਅਜੇ ਵੀ ਵੇਲਾ ਹੈ ਕਿਤੇ ਅਜਿਹਾ ਨਾ ਹੋਵੇ ਕਿ ਉਹ ਵੀ ਆਪਣੇ ਸਿੱਖੀ ਧਰਮ ਨੂੰ ਛੱਡ ਕੇ ਕਿਤੇ ਰਸਤਾ ਭਟਕ ਜਾਣ ਅਤੇ ਫਿਰ ਬਾਅਦ ਵਿੱਚ ਪਛਤਾਉਣ ਦਾ ਕੋਈ ਲਾਭ ਨਹੀਂ ਹੋਣ ਲੱਗਾ।

ਮੈਨੂੰ ਇਹ ਵੀ ਪਤਾ ਅਤੇ ਅਹਿਸਾਸ ਹੈ ਕਿ ਮੇਲੇ 'ਚ ਚੱਕੀ-ਰਾਹਿਆਂ ਨੂੰ ਕੌਣ ਪੁਛਦਾ ਹੈ, ਕਿਉਂਕਿ ਮੈਂ ਤਾਂ ਇਕ ਨਕਾਰਖਾਨੇ ਵਿੱਚ ਤੂਤੀ ਹੀ ਹਾਂ ਪਰ ਮੈਂ ਆਪਣੇ ਅੰਦਰ ਦੇ ਪੰਥਕ ਜਜ਼ਬਾਤ ਨੂੰ ਰੋਕ ਨਹੀਂ ਸਕਿਆ। ਇਸੇ ਕਰ ਕੇ ਪੰਥਕ ਮੁਨਸਫ਼ਾਂ ਅਤੇ ਸੱਚੇ ਸਿੱਖਾਂ ਦੀ ਕਚਹਿਰੀ ਵਿੱਚ ਪੇਸ਼ ਹੋ ਕੇ ਆਪਣੀ ਬੌਣੀ ਅਤੇ ਨਿਗੁਣੀ ਸੋਚ ਦਾ ਪ੍ਰਗਟਾਵਾ ਕਰਨ ਦਾ ਹੀਆ ਅਤੇ ਯਤਨ ਕੀਤਾ ਹੈ, ਸੋ ਜੇਕਰ ਕਿਸੇ ਵੀ ਸਿੱਖ ਹਿਰਦੇ ਨੂੰ ਮੇਰੇ ਲਫ਼ਜ਼ੀ ਬੋਲਾਂ ਨਾਲ ਕਿਸੇ ਕਿਸਮ ਦੀ ਠੇਸ ਪਹੁੰਚੀ ਹੋਵੇ ਤੇ ਮੈਨੂੰ ਨਾਚੀਜ਼ ਨੂੰ ਮਾਫ਼ ਕਰ ਦੇਣਾ ਜੀ।

**'ਰੋਜ਼ਾਨਾ ਸਪੋਕਸਮੈਂ' ਤੋਂ ਧੰਨਵਾਦ ਸਹਿਤ**



**ਹਾਲ ਹੀ ਵਿੱਚ ਕੋਵਿਡ-19 ਦੀ ਮਹਾਂਮਾਰੀ ਕਾਰਨ ਗੁਰਪੁਰੀ ਸਿਧਾਰੇ ਸ਼੍ਰੋਮਣੀ ਰਾਗੀ ਭਾਈ ਨਿਰਮਲ ਸਿੰਘ ਖਾਲਸਾ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਸਨ। ਉਨ੍ਹਾਂ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਤੋਂ ਗੁਰਮਤਿ ਸੰਗੀਤ ਦਾ ਡਿਪਲੋਮਾ ਹਾਸਲ ਕੀਤਾ ਸੀ ਤੇ ਬੁੱਢਾ ਜੋਹੜ ਗੰਗਾਨਗਰ ਵਿੱਚ ਸੰਗੀਤ ਅਧਿਆਪਕ ਸਨ। ਉਹ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ 'ਚ ਗਾਇਨ ਕਰਦੇ ਸਨ। ਉਨ੍ਹਾਂ ਦੇ ਹੁਨਰ ਤੇ ਸੇਵਾਵਾਂ ਕਰਕੇ ਭਾਰਤ ਸਰਕਾਰ ਨੇ ਉਨ੍ਹਾਂ ਨੂੰ 'ਪਦਮ ਸ਼੍ਰੀ' ਨਾਲ ਨਿਵਾਜਿਆ ਸੀ ਜੋ ਕਿ ਰਾਗੀਆਂ ਵਿੱਚ ਨਿਵੇਕਲੀ ਪ੍ਰਾਪਤੀ ਸੀ।**

# ਮੁਗਲ ਰਾਜ ਵਣਜਾਰਿਆਂ ਦਾ ਸੁਨਹਿਰੀ ਦੌਰ

## ਡਾ. ਕ੍ਰਿਪਾਲ ਸਿੰਘ ਇਤਿਹਾਸਕਾਰ

'ਵਣਜਾਰਾ' ਜਾਂ 'ਬਨਜਾਰਾ' ਪਦ ਵਣਿਕ ਜਾਂ ਬਣਿਕ ਸਬਦ ਤੋਂ ਬਣਿਆ ਮਾਲੂਮ ਹੁੰਦਾ ਹੈ ਜਿਸ ਦਾ ਮਤਲਬ ਹੈ ਵਿਉਪਾਰੀ। ਕੁਝ ਲੇਖਕਾਂ ਦਾ ਮੱਤ ਹੈ ਕਿ ਇਹ ਫਾਰਸੀ ਸ਼ਬਦ 'ਬਰਿੰਜ' ਤੋਂ ਬਣਿਆ ਹੈ ਜਿਸ ਦਾ ਅਰਥ ਹੈ—ਚਾਵਲ। ਕਿਉਂਕਿ ਇਹ ਵਣਜਾਰੇ ਚਾਵਲ ਢੋਂਦੇ ਸਨ। ਸਟੇਨਗਾਸ ਦੇ ਫਾਰਸੀ ਅੰਗਰੇਜ਼ੀ ਸ਼ਬਦਕੋਸ਼ (Persian-English Dictionary) ਅਨੁਸਾਰ ਸ਼ਬਦ ਬਰਿੰਜ ਦੇ ਮਾਅਨੇ ਤਾਂ ਚਾਵਲ ਹੀ ਹੈ; ਪਰ ਵਣਜਾਰੇ ਪ੍ਰਾਚੀਨ ਆਦਿਵਾਸੀ ਕਬੀਲੇ ਸਨ। ਸ਼ਬਦ 'ਵਣਜਾਰਾ' ਦੀ ਉਤਪਤੀ 'ਵਣ' (ਪੰਜਾਬੀ ਬਨ) ਭਾਵ ਜੰਗਲ ਅਤੇ 'ਜਾਰਾ' ਭਾਵ ਕਿ ਘੁੰਮਣਵਾਲਾ। ਇਹੀ ਮਤ ਸਭ ਤੋਂ ਜ਼ਿਆਦਾ ਮੰਨਣਯੋਗ ਹੈ।[1] ਆਧੁਨਿਕ ਲਿਖਾਰੀ ਸ਼ਬਦ ਵਣਜਾਰਾ ਅਤੇ ਬਨਜਾਰਾ ਨੂੰ ਇੱਕੋ ਅਰਥਾਂ ਵਿਚ ਵਰਤਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ ਵਣਜਾਰਾ ਅਕਸਰ ਉਸ ਬੰਦੇ ਬਾਬਤ ਵਰਤਿਆ ਗਿਆ ਹੈ ਜੋ ਇਸ ਸੰਸਾਰ ਵਿਚ ਅਕਾਲਪੁਰਖ ਦੇ ਨਾਮ ਦੀ ਪੂੰਜੀ ਨੂੰ ਸੰਚਿਤ ਕਰਕੇ ਉਤਮ ਤੇ ਗੁਣਵਾਨ (ਸਚਿਆਰ) ਬਣਨ ਲਈ ਵਰਤਦੇ ਹਨ।[2] ਪੰਜਾਬ ਅੰਦਰ ਨਮਕ ਦੀਆਂ ਖਾਣਾਂ ਮੌਜੂਦ ਸਨ। ਵਣਜਾਰੇ ਨਮਕ ਦਾ ਵਿਉਪਾਰ ਵੀ ਕਰਿਆ ਕਰਦੇ ਸਨ। ਸੰਸਕ੍ਰਿਤ ਵਿਚ ਨਮਕ ਨੂੰ ਲਵਨ ਆਖਿਆ ਜਾਂਦਾ ਹੈ। ਸ਼ਾਇਦ ਇਸੇ ਕਾਰਨ ਸ਼ਬਦ ਲਵਨ ਤੋਂ ਲੁਬਾਣਾ ਬਣਿਆ ਜਾਪਦਾ ਹੈ ਕਿਉਂਕਿ ਇਹ ਨਮਕ ਵਿਚ ਵਣਜ ਕਰਿਆ ਕਰਦੇ ਸਨ। ਕੁਝ ਲੁਬਾਣਾ ਲੇਖਕਾਂ ਨੇ ਹੁਣੇ ਹੀ ਸ਼ਬਦ ਲੁਬਾਣੇ ਦੀ ਵਿਆਖਿਆ ਲੋਬਾਣਾ ਕੀਤੀ ਹੈ ਜਿਸ ਦੇ ਮਾਅਨੇ ਹਨ— ਬਹੁਤ ਮਿਹਨਤੀ ਕਾਮੇ (ਕਾਰੀਗਰ)। ਆਧੁਨਿਕ ਕਾਲ ਵਿਚ ਪਦ ਵਣਜਾਰਾ ਜਾਂ ਬਨਜਾਰਾ ਮੁੱਖ ਤੌਰ 'ਤੇ ਅਨਾਜ, ਨਮਕ ਤੇ ਮਵੇਸ਼ੀਆਂ ਦੇ ਵਿਉਪਾਰੀ ਜੋ ਕਿ ਤੰਬੂਆਂ ਵਿਚ ਰਹਿੰਦੇ ਤੇ ਆਪਣੇ ਘਰ ਪਰਿਵਾਰ ਤੇ ਕਾਫ਼ਲਿਆਂ ਵਿਚ ਘੁੰਮਦੇ ਫਿਰਦੇ ਹਨ, ਲਈ ਵਰਤਿਆ ਜਾਂਦਾ ਹੈ।[3] ਵਣਜਾਰੇ ਕਈ ਸ਼ਾਖਾਵਾਂ ਤੇ ਅੱਗੇ ਉਪਸ਼ਖਾਵਾਂ ਵਿਚ ਵੰਡੇ ਹੋਏ ਸਨ ਅਤੇ ਪੂਰੇ ਭਾਰਤ ਵਿਚ ਫੈਲੇ ਹੋਏ ਹਨ। ਇਹ ਬਲਦਾਂ, ਗਾਵਾਂ, ਘੋੜਿਆਂ, ਊਠਾਂ ਅਤੇ ਤੰਬੂਆਂ ਨਾਲ ਵੱਡੇ ਵੱਡੇ ਕਾਫਲਿਆਂ ਵਿਚ ਚਲਦੇ ਸਨ ਜਿਸ ਦੇ ਵਿਚ ਮੁਖ ਰੂਪ ਵਿਚ ਪਰਿਵਾਰਾਂ ਦੇ ਸਮੂਹ ਅਤੇ ਕਬੀਲਾ ਵਾਸੀ ਸ਼ਾਮਿਲ ਰਹਿੰਦੇ ਸਨ।[4]

### ਸਰਕਾਰੀ ਸਰਪ੍ਰਸਤੀ

ਮੱਧਕਾਲੀਨ ਸਮੇਂ ਵਿਚ ਫੌਜ ਨੂੰ ਰਾਸ਼ਨ, ਸ਼ਾਜੋ-ਸਾਮਾਨ ਆਦਿ ਪਹੁੰਚਾਉਣ ਦੇ ਕੋਈ ਪੱਕੇ ਇੰਤਜ਼ਾਮ ਲਈ ਕੋਈ ਮਹਿਕਮਾ ਨਹੀਂ ਸੀ। ਫੌਜ ਨੂੰ ਜਗ੍ਹਾ ਜਗ੍ਹਾ ਆਪਣੇ ਜਰਨੈਲਾਂ ਅਤੇ ਬਾਦਸ਼ਾਹਾਂ ਦੀ ਮਰਜ਼ੀ ਅਨੁਸਾਰ ਵਿਚਰਨਾ ਪੈਂਦਾ ਸੀ। ਵਣਜਾਰਿਆਂ ਦਾ ਮੁਸਲਿਮ ਸਲਤਨਤ ਦੀ ਫੌਜ ਨਾਲ ਰਾਬਤਾ ਪਹਿਲੀ ਵਾਰ ਸਿਕੰਦਰ ਲੋਧੀ ਦੇ ਸਮੇਂ ਹੋਇਆ ਜੋ ਇਨ੍ਹਾਂ ਨੂੰ ਧੌਲਪੁਰ ਦੇ ਹਮਲੇ ਸਮੇਂ 1504 ਈ: ਨਾਲ ਲੈ ਕੇ ਗਿਆ। ਉਸ ਸਮੇਂ ਤੋਂ ਵਣਜਾਰਿਆਂ ਨੇ ਦੱਖਣ ਭਾਰਤ ਦੀ ਹਰੇਕ ਸੈਨਿਕ ਮੁਹਿੰਮ ਵਿਚ ਰਾਸ਼ਨ ਪਹੁੰਚਾਉਣਾ ਸ਼ੁਰੂ ਕਰ ਦਿੱਤਾ। ਬਾਦਸ਼ਾਹ ਅਕਬਰ ਦੇ ਰਾਜ ਸਮੇਂ ਵਣਜਾਰੇ ਅਕਬਰ ਦੀ ਫੌਜ ਨੂੰ ਰਾਸ਼ਨ ਅਤੇ ਸਾਰਾ

ਸਾਜ਼ੋ-ਸਾਮਾਨ ਪਹੁੰਚਾਇਆ ਕਰਦੇ ਸਨ। ਉਸ ਨੇ ਇਨ੍ਹਾਂ ਦੀ ਕਾਰਗੁਜ਼ਾਰੀ ਤੋਂ ਪ੍ਰਭਾਵਿਤ ਹੋ ਕੇ ਸਾਰੇ ਲਗਾਨ ਤੇ ਚੁੰਗੀਆਂ ਤੋਂ ਮੁਕਤ ਕਰ ਦਿੱਤਾ। ਵਣਜਾਰਿਆਂ ਦੀ ਛਵੀ ਅੱਤ ਦੇ ਇਮਾਨਦਾਰ ਅਤੇ ਭਰੋਸੇਯੋਗ ਵਿਉਪਾਰੀਆਂ ਵਜੋਂ ਬਣੀ ਹੋਈ ਸੀ। ਕਦੇ ਵੀ ਇਨ੍ਹਾਂ ਖਿਲਾਫ ਖਿਆਨਤ ਦੀ ਕੋਈ ਸ਼ਿਕਾਇਤ ਦਰਜ ਨਹੀਂ ਹੋਈ। ਇਸੇ ਕਾਰਨ ਹੀ ਇਨ੍ਹਾਂ ਨੂੰ ਸਾਰਾ ਪੈਸਾ ਸਾਈ (ਪੇਸ਼ਗੀ) ਵਿਚ ਹੀ ਦੇ ਦਿੱਤਾ ਜਾਂਦਾ ਸੀ ਤਾਂ ਜੋ ਸਮਾਨ ਦੀ ਪੂਰਤੀ ਵਿੱਚ ਵਿਘਨ ਨਾ ਪਵੇ। ਯੁੱਧ ਵੇਲੇ ਕਿਸੇ ਪਾਸੇ ਦੀ ਫੌਜ ਇਨ੍ਹਾਂ ਉਤੇ ਹਮਲਾ ਨਹੀਂ ਕਰਦੀ ਸੀ। ਫੌਜ ਨੂੰ ਰਸਦ ਪਹੁੰਚਾਉਣ ਵਿਚ ਕਈ ਵਾਰ ਇਹ ਇੱਕ ਲੱਖ ਜਾਂ ਇਸ ਤੋਂ ਵੀ ਵੱਧ ਗੱਡੇ ਵਰਤਦੇ ਸਨ। ਸਿਰਫ ਬੈਲ ਗੱਡੀਆਂ ਹੀ ਨਹੀਂ, ਗਾਵਾਂ ਨਾਲ ਵੀ ਸਮਾਨ ਢੋਇਆ ਜਾਂਦਾ ਸੀ। ਜਦੋਂ ਸ਼ਾਹਜਹਾਂ ਦਾ ਵਜ਼ੀਰ, ਆਸਿਫ ਖਾਨ ਦੱਖਣ ਵਿਚ ਮੁਹਿੰਮ ਉਤੇ 1630 ਈ: ਵਿਚ ਗਿਆ ਤਾਂ ਵਣਜਾਰਾ ਕਬੀਲਿਆਂ ਦੇ ਦੋ ਦਲ ਉਸ ਨਾਲ ਰਵਾਨਾ ਹੋਏ। ਇਨ੍ਹਾਂ ਨੂੰ ਘਾਹ ਤੇ ਪਾਣੀ, ਜਿਥੋਂ ਚਾਹੁਣ ਕਿਤੋਂ ਵੀ ਲੈਣ ਦੀ ਖੁੱਲ੍ਹ ਸੀ, ਬਸ਼ਰਤੇ ਇਹ ਫੌਜ ਨਾਲ ਰਹਿਣ। ਇਹ ਸ਼ਰਤ ਸੋਨੇ ਦੀ ਇੱਕ ਸਿਲਾ ਉਤੇ ਖੁਦੀ ਹੋਈ ਹੈ, ਜੋ ਕਿ ਦੱਖਣ ਹੈਦਰਾਬਾਦ ਵਿਚ ਅੱਜ ਵੀ ਮੌਜੂਦ ਹੈ।

ਉਸ ਜ਼ਮਾਨੇ ਦੇ ਲਗਭਗ ਸਾਰੇ ਹੀ ਲੇਖਕ ਸਹਿਮਤ ਸਨ ਕਿ ਵਣਜਾਰੇ ਵੱਡੀ ਗਿਣਤੀ ਵਿਚ ਜਾਨਵਰ ਰੱਖਦੇ ਸਨ। ਬਲਦ ਢੋਅ-ਢੁਆਈ ਲਈ ਮੁੱਖ ਪਸ਼ੂ ਹੋਣ ਕਰਕੇ ਇਨ੍ਹਾਂ ਦੇ ਮਾਲਿਕ ਹੋਣਾ, ਆਪਣੇ ਆਪ ਵਿਚ ਇਨ੍ਹਾਂ ਦੀ ਸਮਰਿਧੀ ਤੇ ਦੂਸਰੇ ਵਪਾਰੀਆਂ ਤੋਂ ਸੁਖਾਲੇ ਹੋਣ ਦਾ ਸੂਚਕ ਸੀ। ਕੁਝ ਕੋਲ 1000 ਗੱਡੇ ਵੀ ਸਨ। ਔਰੰਗਜ਼ੇਬ ਸਮੇਂ ਤਵਰਨੀਅਰ ਨੇ ਵਣਜਾਰਿਆਂ ਦਾ ਕਾਫਲਾ ਦੇਖਿਆ ਕਿ 10 ਤੋਂ 12 ਹਜ਼ਾਰ ਬਲਦਾਂ ਨੂੰ ਸਭ ਤਰ੍ਹਾਂ ਦੇ ਖਜ਼ਾਨਿਆਂ ਨਾਲ ਲੱਦਿਆ ਇੱਕ ਤੋਂ ਦੂਸਰੀ ਥਾਂ ਜਾਂਦੇ ਅੱਖੀਂ ਦੇਖਿਆ। ਉਨ੍ਹਾਂ ਦੇ ਬੈਲਾਂ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਦੱਸਿਆ ਕਿ ਇਨ੍ਹਾਂ ਦੀ ਜੋੜੀ ਘੱਟੋ ਘੱਟ 600 ਰੁਪਏ ਦੀ ਹੁੰਦੀ ਸੀ। ਤਵਰਨੀਅਰ ਅਨੁਸਾਰ ਵਣਜਾਰੇ ਚਾਰ ਕਬੀਲਿਆਂ ਵਿਚ ਵੰਡੇ ਹੋਏ ਸਨ। ਹਰ ਇੱਕ ਦੀ ਗਿਣਤੀ ਘੱਟੋ ਘੱਟ 1 ਲੱਖ ਬੰਦਿਆਂ ਦੀ ਸੀ। ਪਹਿਲੇ ਕਬੀਲੇ ਦਾ ਵਣਜ ਸਿਰਫ ਮੱਕਾ/ਮੱਕੀ, ਦੂਸਰੇ ਦਾ ਚਾਵਲ, ਤੀਸਰੇ ਦਾ ਦਾਲ ਅਤੇ ਚੌਥੇ ਦਾ ਨਮਕ ਆਦਿ।[5]

## ਸਿੱਖ ਇਤਿਹਾਸ ਵਿਚ ਭੂਮਿਕਾ

ਪੁਰਾਤਨ ਜਨਮਸਾਖੀ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਸਾਹਿਬ ਨਾਨਕਮਤੇ, ਜ਼ਿਲ੍ਹਾ ਨੈਨੀਤਾਲ ਤੋਂ 60 ਮੀਲ ਦੱਖਣ ਵੱਲ ਵਣਜਾਰਿਆਂ ਦੇ ਟਾਂਡੇ ਗਏ। ਇਹ ਸਥਾਨ ਮੁਰਾਦਾਬਾਦ ਤੋਂ ਨੈਨੀਤਾਲ ਜਾਣ ਵਾਲੀ ਸੜਕ ਉਤੇ ਸਥਿਤ ਹੈ। 'ਇੰਪੀਰੀਅਲ ਗਜ਼ਟੀਅਰ ਆਫ ਇੰਡੀਆ' ਅਨੁਸਾਰ ਇਹ (ਟਾਂਡਾ) ਇਕ ਬਹੁਤ ਪੁਰਾਣਾ ਕਸਬਾ ਸੀ ਤੇ ਪਹਿਲਾਂ ਵਣਜਾਰਿਆਂ ਨੇ ਵਸਾਇਆ ਸੀ ਜੋ ਆਮ ਤੌਰ 'ਤੇ ਉਥੇ ਰਹਿੰਦੇ ਸਨ।[6] ਟਾਂਡਾ ਵਣਜਾਰਿਆਂ ਦੇ ਕਾਫਲੇ ਦੇ ਪੜਾਅ-ਸਥਾਨ ਨੂੰ ਕਹਿੰਦੇ ਸਨ। ਗੁਰੂ ਨਾਨਕ ਸਾਹਿਬ ਇੱਥੇ ਆਏ ਸਨ ਅਤੇ ਪਰੰਪਰਾ ਅਨੁਸਾਰ ਇਹ ਸ਼ਬਦ ਉਚਾਰਿਆ:

**ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥**
**ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ॥**

**ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ॥**
**ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ॥**
**ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥**
**ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ॥੧॥**
**ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ॥**
**ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ॥**
**ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ॥**
**ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ॥**
**ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ॥**
**ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ॥੨॥**
**ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ॥**
**ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ॥**
**ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ॥**
**ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ॥**
**ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ॥**
**ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ॥੩॥**
**ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ॥**
**ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ॥**
**ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ॥**
**ਝੂਠਾ ਰੁਦਨੁ ਹੋਆ ਦੁੋਆਲੈ ਖਿਨ ਮਹਿ ਭਇਆ ਪਰਾਇਆ॥**
**ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ॥**
**ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ॥੪॥੧॥**

**–ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭੪**

ਵਣਜਾਰਿਆਂ ਦੀ ਸਿੱਖੀ ਵਿਚ ਸ਼ਮੂਲੀਅਤ ਬਾਰੇ ਜਾਣਨਾ ਬੜਾ ਜ਼ਰੂਰੀ ਹੈ। ਮੁਗਲਾਂ ਸਮੇਂ ਵਣਜਾਰੇ ਅਕਸਰ ਹੀ ਫੌਜ ਲਈ ਰਸਦ ਪਹੁੰਚਾਉਂਦੇ ਸਨ। ਇਹ ਹਿੰਦੁਸਤਾਨ ਦੇ ਸਾਰੇ ਕੋਨਿਆਂ ਵਿਚ ਜਾਇਆ ਕਰਦੇ ਸਨ ਤੇ ਇਨ੍ਹਾਂ ਨਾਲ ਬਹੁਤ ਲੰਬੇ ਕਾਫਲੇ ਹੁੰਦੇ ਸਨ। ਗੁਰੂ ਸਾਹਿਬ ਜਦੋਂ ਵੀ ਯਾਤਰਾ ਕਰਦੇ ਸਨ, ਉਹ ਇਨ੍ਹਾਂ ਕਾਫਲਿਆਂ ਨਾਲ ਹੀ ਸ਼ਾਮਿਲ ਹੋ ਕੇ ਜਾਇਆ ਕਰਦੇ ਸਨ। ਇੰਜ ਕਾਫਲੇ ਗੁਰੂ ਸਾਹਿਬਾਨ ਦੇ ਸੰਪਰਕ ਵਿਚ ਆ ਜਾਂਦੇ ਸਨ ਤੇ ਉਨ੍ਹਾਂ ਦੇ ਸ਼ਰਧਾਲੂ ਬਣ ਗਏ। ਸਿੱਖ ਇਤਿਹਾਸ ਵਿਚ ਕੁਝ ਅਹਿਮ ਮੌਕੇ ਹਨ, ਜਦ ਗੁਰੂ ਸਾਹਿਬਾਨ ਨੇ ਇਨ੍ਹਾਂ ਵਣਜਾਰਿਆਂ ਨਾਲ ਸਫਰ ਕੀਤਾ ਸੀ:

1. ਗੁਰੂ ਹਰਿਗੋਬਿੰਦ ਸਾਹਿਬ ਜਹਾਂਗੀਰ ਨਾਲ ਪਹਿਲਾਂ ਗਵਾਲੀਅਰ, ਫਿਰ ਕਸ਼ਮੀਰ ਇਨ੍ਹਾਂ (ਵਣਜਾਰਿਆਂ) ਦੇ ਕਾਫਲਿਆਂ ਨਾਲ ਹੀ ਗਏ ਸਨ। (ਕੁਝ

ਇਤਿਹਾਸਕਾਰਾਂ ਨੇ ਗਲਤੀ ਖਾ ਕੇ ਗੁਰੂ ਸਾਹਿਬ ਨੂੰ ਬਾਦਸ਼ਾਹ ਦੀ ਨੌਕਰੀ ਪ੍ਰਵਾਨ ਕਰਨਾ ਮੰਨ ਲਿਆ, ਜੋ ਗਲਤ ਹੈ।)

2. ਗੁਰੂ ਹਰਿਗੋਬਿੰਦ ਸਾਹਿਬ ਜਦੋਂ ਨਾਨਕਮਤੇ ਵੱਲ ਸਫਰ ਕੀਤਾ ਤਾਂ ਇਨ੍ਹਾਂ ਵਣਜਾਰਿਆਂ ਦੇ ਕਾਫਲਿਆਂ ਨਾਲ ਸਫਰ ਕੀਤਾ।

3. ਸੱਤਵੇਂ ਪਾਤਸ਼ਾਹ, ਗੁਰੂ ਹਰਿਰਾਇ ਸਾਹਿਬ ਨੇ ਮੱਖਣਸ਼ਾਹ ਲੁਬਾਣਾ ਨਾਲ ਸਿਆਲਕੋਟ ਤੋਂ ਕਸ਼ਮੀਰ ਅਤੇ ਵਾਪਸੀ ਦਾ ਸਫਰ ਕੀਤਾ। ਉਹ ਉਸ ਦੇ ਪਿੰਡ ਮੋਟਾ ਟਾਂਡਾ, ਜ਼ਿਲ੍ਹਾ ਜੇਹਲਮ, ਹੁਣ ਪਾਕਿਸਤਾਨ ਵਿਚ ਹੈ, ਉਸ ਕੋਲ ਰਹੇ। ਗੁਰੂ ਸਾਹਿਬਾਨ ਨੇ ਵਣਜਾਰਿਆਂ ਨੂੰ ਗੁਰੂ ਦੇ ਸਿੱਖ ਬਣਾ ਦਿੱਤਾ। ਇਨ੍ਹਾਂ ਵਿਚੋਂ ਮੱਖਣ ਸ਼ਾਹ ਤੇ ਲੱਖੀ ਸ਼ਾਹ, ਦੋਹਾਂ ਨੇ ਸਿੱਖ ਤਾਰੀਖ ਵਿਚ ਬਹੁਤ ਅਹਿਮ ਯੋਗਦਾਨ ਪਾਇਆ।[8] ਭਾਈ ਸੰਤੋਖ ਸਿੰਘ ਜੀ ਅਨੁਸਾਰ ਮੱਖਣ ਸ਼ਾਹ ਦਾ ਜਹਾਜ਼ ਸਾਮਾਨ ਸਮੇਤ ਤੂਫਾਨ ਵਿਚ ਫਸ ਗਿਆ ਤੇ ਉਸ ਦੀ ਜਾਨ ਅਤੇ ਸਾਮਾਨ ਖਤਰੇ 'ਚ ਪੈ ਗਏ। ਮੁਸ਼ਕਲ ਦੀ ਏਸ ਘੜੀ ਵਿਚ ਉਸ ਨੇ ਅਰਦਾਸ ਕੀਤੀ। ਉਸ ਨੇ ਪ੍ਰਣ ਕੀਤਾ ਕਿ ਜੇ ਉਸ ਦਾ ਬੇੜਾ ਪਾਰ ਹੋ ਜਾਏ ਤਾਂ ਉਹ ਵਪਾਰਕ ਲਾਹੇ ਦਾ ਦਸਵੰਧ ਗੁਰੂ ਚਰਨਾਂ ਵਿਚ ਭੇਟ ਕਰੇਗਾ। ਅਰਦਾਸ ਪ੍ਰਵਾਨ ਹੋਈ ਤਾਂ ਜਾਨ ਮਾਲ ਦੋਵੇਂ ਬਚ ਗਏ। ਉਹ ਬੜਾ ਖੁਸ਼ ਹੋਇਆ। ਉਸ ਨੇ ਦੈਵੀ ਕਿਰਪਾ ਲਈ ਗੁਰੂ ਦਾ ਧੰਨਵਾਦ ਕੀਤਾ।

ਪਹਿਲਾਂ ਉਹ ਦਿੱਲੀ ਪੁੱਜਾ। ਪਰ ਉਸ ਨੇ ਸੁਣਿਆ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਜੋਤੀ ਜੋਤ ਸਮਾ ਗਏ ਹਨ ਅਤੇ ਉਨ੍ਹਾਂ ਨੇ ਉਤਰਾਧਿਕਾਰੀ ਬਕਾਲਾ ਵਿਖੇ ਹਨ ਤਾਂ ਉਹ ਤੁਰੰਤ ਉਥੋਂ ਬਕਾਲੇ ਪੁੱਜਾ। ਉਥੇ ਪਹੁੰਚ ਕੇ ਹੀ ਗੁਰਿਆਈ ਗੱਦੀ ਦੇ ਇਤਨੇ ਸਾਰੇ ਦਾਅਵੇਦਾਰਾਂ ਨੂੰ ਦੇਖ ਕੇ ਭੌਚੱਕਿਆ ਗਿਆ। ਹਰ ਕੋਈ ਸੱਚਾ ਗੁਰੂ ਹੋਣ ਅਤੇ ਦੂਜਿਆਂ ਦੇ ਢੌਂਗੀ ਹੋਣ ਦਾਅਵਾ ਕਰ ਰਿਹਾ ਸੀ। ਉਸ ਨੇ ਸਾਰਿਆਂ ਨੂੰ 2-2 ਸੋਨੇ ਦੀਆਂ ਮੋਹਰਾਂ ਭੇਂਟ ਕੀਤੀਆਂ। ਪਰ ਜਦੋਂ ਗੁਰੂ ਤੇਗ ਬਹਾਦਰ ਨੂੰ ਭੇਟਾ ਕੀਤੀ ਤਾਂ ਗੁਰੂ ਸਾਹਿਬ ਨੇ ਉਸ ਨੂੰ ਉਸ ਦਾ ਵਚਨ ਚੇਤੇ ਕਰਾਇਆ। ਉਸ ਨੂੰ ਪਤਾ ਲੱਗ ਗਿਆ ਕਿ ਅਸਲ ਗੁਰੂ ਉਹੀ ਹਨ। ਖੁਸ਼ ਹੋ ਕੇ ਘਰ ਦੀ ਛੱਤ ਉਤੇ ਚੜ੍ਹ ਕੇ ਹੋਕਾ ਦੇਣ ਲੱਗਾ ''ਗੁਰੂ ਲਾਧੋ ਹੈ, ਗੁਰੂ ਲਾਧੋ ਰੇ।'' ਮੱਖਣ ਸ਼ਾਹ ਅਤੇ ਉਸ ਦੇ ਸਹਿਯੋਗੀਆਂ ਨੇ ਸਥਿਤੀ ਹੀ ਬਦਲ ਕੇ ਰੱਖ ਦਿੱਤੀ।

ਧੀਰਮੱਲ ਦੇਖ ਕੇ ਹੀ ਬਹੁਤ ਨਾਰਾਜ਼ ਹੋਇਆ ਅਤੇ ਉਸ ਦੇ ਮਸੰਦ ਸੀਹਾਂ ਨੇ ਗੁਰੂ ਸਾਹਿਬ ਉਤੇ ਗੋਲੀ ਵੀ ਚਲਾਈ। ਪਰ ਉਸ ਦਾ ਨਿਸ਼ਾਨਾ ਚੂਕ ਗਿਆ। ਜਦੋਂ ਸਿੱਖਾਂ ਨੂੰ ਇਸ ਦਾ ਪਤਾ ਚੱਲਿਆ ਤਾਂ ਮੱਖਣ ਸ਼ਾਹ ਨੇ ਸੰਗਤ ਦੇ ਸਹਿਯੋਗ ਨਾਲ ਸੀਹਾਂ ਮਸੰਦ ਅਤੇ ਧੀਰ ਮੱਲ ਨੂੰ ਉਸ ਦੀ ਸਾਰੀ ਸੰਪਤੀ ਸਮੇਤ ਗੁਰੂ ਸਾਹਿਬ ਦੇ ਸਾਹਮਣੇ ਪੇਸ਼ ਕੀਤਾ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸਾਰੀ ਸੰਪਤੀ ਵਾਪਸ ਕਰਨ ਦਾ ਹੁਕਮ ਦਿੱਤਾ, ਜਿਸ ਵਿਚ ਗੁਰੂ ਅਰਜਨ ਸਾਹਿਬ ਵੱਲੋਂ ਭਾਈ ਗੁਰਦਾਸ ਹੱਥੀਂ ਲਿਖੀ ਹੋਈ ਬੀੜ ਵੀ ਸ਼ਾਮਲ ਸੀ। ਭਾਈ ਸੰਤੋਖ ਸਿੰਘ ਅਨੁਸਾਰ ਮੱਖਣ ਸ਼ਾਹ ਲੁਬਾਣਾ ਗੁਰੂ ਤੇਗ ਬਹਾਦਰ ਜੀ ਨਾਲ ਅੰਮ੍ਰਿਤਸਰ ਵੀ ਗਿਆ ਅਤੇ ਚੱਕ ਨਾਨਕੀ ਵਸਣ ਤਕ ਗੁਰੂ ਜੀ ਨਾਲ ਰਿਹਾ। ਚੱਕ ਨਾਨਕੀ ਨਗਰ ਵਸਾਉਣ ਲਈ ਜ਼ਮੀਨ ਖਰੀਦਣ ਸਮੇਂ ਮੱਖਣ ਸ਼ਾਹ ਨੇ ਸੰਗਤ ਨਾਲ ਭੇਟਾ ਦੇ ਕੇ ਆਪਣਾ

# ਵਣਜਾਰੇ ਪਰਿਵਾਰਾਂ ਦੀਆਂ ਕੁਰਬਾਨੀਆਂ ਦੀ ਦਾਸਤਾਨ



'ਗੁਰੂ ਲਾਧੋ ਰੇ, ਗੁਰੂ ਲਾਧੂ ਰੇ' ਦਾ ਹੋਕਾ ਦੇਣ ਵਾਲਾ ਮੱਖਣ ਸ਼ਾਹ ਵਣਜਾਰਿਆਂ ਦਾ ਵੱਡ-ਵਡੇਰਾ ਸੀ, ਜਿਸ ਨੇ ਗੁਰੂ ਤੇਗ ਬਹਾਦਰ ਜੀ ਨੂੰ ਬਾਬੇ ਬਕਾਲੇ ਵਿੱਚ ਸਪੱਸ਼ਟ ਪ੍ਰਗਟ ਕੀਤਾ।



ਗੁਰਦੁਆਰਾ ਬਾਬਾ ਬਕਾਲਾ (ਅੰਮ੍ਰਿਤਸਰ)

# ਵਣਜਾਰੇ ਪਰਿਵਾਰਾਂ ਦੀਆਂ ਕੁਰਬਾਨੀਆਂ ਦੀ ਦਾਸਤਾਨ



ਗੁਰੂ ਤੇਗ ਬਹਾਦਰ ਜੀ ਦਾ ਧੜ੍ਹ, ਚਾਂਦਨੀ ਚੌਂਕ ਵਿੱਚੋਂ ਆਪਣੇ ਘਰ ਲਿਜਾ ਕੇ ਆਪਣੇ ਘਰ ਨੂੰ ਅੱਗ ਲਾ ਕੇ ਸਸਕਾਰ ਕਰਨ ਵਾਲਾ ਭਾਈ ਲੱਖੀ ਸ਼ਾਹ ਵਣਜਾਰਾ ਇਨ੍ਹਾਂ ਵਣਜਾਰਿਆਂ ਦਾ ਹੀ ਵੱਡ ਪੁਰਖ ਸੀ।



ਗੁਰਦੁਆਰਾ ਰਕਾਬ ਗੰਜ ਸਾਹਿਬ, ਦਿੱਲੀ

ਯੋਗਦਾਨ ਪਾਇਆ।[9] ਬਾਅਦ ਵਿਚ ਉਸ ਨੇ ਗੁਰੂ ਸਾਹਿਬ ਤੋਂ ਵਿਦਾ ਮੰਗੀ ਤੇ ਗੁਰੂ ਸਾਹਿਬ ਨੇ ਗੁਰੂ ਗੁਰੂ ਜਪਣ ਤੇ ਸਿੱਖੀ ਪ੍ਰਚਾਰ ਕਰਨ ਦੀ ਹਿਦਾਇਤ ਦਿੱਤੀ।

**ਲੱਖੀ ਸ਼ਾਹ:**

ਲੱਖੀ ਸ਼ਾਹ, ਭਾਈ ਗੋਧੂ ਰਾਮ, ਪਿੰਡ ਖੈਰਪੁਰ, ਜਿਲ੍ਹਾ ਮੁਜ਼ੱਫਰਗੜ੍ਹ, ਪਾਕਿਸਤਾਨ ਨਿਵਾਸੀ ਦੇ ਪੁੱਤਰ ਸਨ। ਇਹ ਵਣਜਾਰਾ ਕਬੀਲੇ ਨਾਲ ਸੰਬੰਧਤ ਸਨ। ਵਣਜਾਰੇ ਅਮੀਰ ਵਪਾਰੀ ਸਨ। ਲੱਖੀ ਸ਼ਾਹ ਇੱਕ ਰੁਤਬੇ ਵਾਲਾ ਬੰਦਾ ਸੀ। ਇਹ ਗੁਰੂ ਸਾਹਿਬਾਨ ਦਾ ਸਮਰਪਿਤ ਸਿੱਖ ਸੀ। ਇਹ ਪਿੰਡ ਰਾਇਸੀਨਾ ਦਾ ਵਸਨੀਕ ਸੀ। ਜਦੋਂ ਗੁਰੂ ਤੇਗ ਬਹਾਦਰ ਸਾਹਿਬ 11 ਨਵੰਬਰ 1675 ਨੂੰ ਸ਼ਹੀਦ ਕੀਤੇ ਜਾਂਦੇ ਹਨ ਤਾਂ ਗੁਰੂ ਸਾਹਿਬ ਦਾ ਧੜ ਚਾਂਦਨੀ ਚੌਕ ਦਿੱਲੀ ਵਿਚ ਪਿਆ ਸੀ।

ਲੱਖੀ ਸ਼ਾਹ ਆਪਣੇ ਪੁੱਤਰ ਨਗਾਹੀਆ ਨਾਲ ਆਪਣੇ ਕਾਫਲੇ ਨੂੰ ਲੈ ਕੇ ਉਥੋਂ ਲੰਘਿਆ। ਉਹ ਗੁਰੂ ਸਾਹਿਬ ਦੇ ਧੜ ਨੂੰ ਆਪਣੇ ਕਾਫਲੇ ਦੇ ਇਕ ਵੱਡੇ ਗੱਡੇ 'ਚ ਲੁਕੋ ਕੇ ਆਪਣੇ ਨਿਵਾਸ ਸਥਾਨ ਰਾਇਸੀਨਾ ਪਿੰਡ ਲੈ ਗਿਆ। ਗੁਰੂ ਸਾਹਿਬ ਦੇ ਧੜ ਦਾ ਸੰਸਕਾਰ ਤਾਂ ਨਾਮੁਮਕਿਨ ਸੀ। ਇਸ ਲਈ ਸਰਕਾਰੀ ਜਸੂਸਾਂ ਤੋਂ ਬਚਣ ਲਈ ਉਸ ਨੇ ਆਪਣੇ ਘਰ ਨੂੰ ਹੀ ਅੱਗ ਲਾ ਕੇ ਗੁਰੂ ਸਾਹਿਬ ਦਾ ਸੰਸਕਾਰ ਕੀਤਾ। ਜਦੋਂ 1783 ਈਸਵੀ ਵਿਚ ਸਿੱਖਾਂ ਨੇ ਦਿੱਲੀ ਤੇ ਕਬਜ਼ਾ ਕੀਤਾ ਤਾਂ ਉਨ੍ਹਾਂ ਨੇ ਇੱਥੇ ਯਾਦਗਾਰ ਬਣਾਈ।[10]

**ਤਰਜਮਾ: ਦਿਲਸ਼ੇਰ ਸਿੰਘ**

**ਫੁੱਟ ਨੋਟ**

1. Roads & Communications in Mughal India, Abul Khair Muhemmod Farooque, Idarah-i-Adaleiyat-i-Delhi.
2. Encyclopaedia of Sikhism (abridged), by Dr. Dharam Singh, 2013, page 704.
3. Roads & Communications in Mughal India, Page 66.
4. Ibid 5. Ibid
6. Imperial Gazetteer of India, 1908, Vol. 230, Page 221.
7. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 74.
8. ਮੱਖਣ ਸ਼ਾਹ, ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸ 11, ਅਧਿਆਇ 3-17. 9. ਉਹੀ.
10. Encyclopaedia of Sikhism (abridged), by S. Dr. Dharam Singh vide Lakhi Shah.



**ਪੱਚਾਨਵੇ ਸਾਲਾਂ ਦੀ ਵੱਡੀ ਉਮਰ ਜੀਅ ਕੇ ਸ਼੍ਰੋਮਣੀ ਸਿੱਖ ਇਤਿਹਾਸਕਾਰ ਡਾ. ਕਿਰਪਾਲ ਸਿੰਘ ਸਾਨੂੰ ਇਸੇ ਸਾਲ ਅਲਵਿਦਾ ਕਹਿ ਗਏ।ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਉਹਨਾਂ 1950 ਤੋਂ 1965 ਤੱਕ ਪੜ੍ਹਾਇਆ। ਅੰਗਰੇਜ਼ੀ, ਪੰਜਾਬੀ, ਫਾਰਸੀ ਅਤੇ ਉਰਦੂ ਦੇ ਨਾਮੀ ਅਦੀਬ, ਉਹਨਾਂ ਦੇ ਕੀਤੇ ਕਾਰਜਾਂ ਦੇ ਖੋਜ ਦੀ ਲੰਮੀ ਫਹਰਿਸਤ ਹੈ ਜੋ ਸਿੱਖ ਇਤਿਹਾਸ ਦਾ ਅਨਮੋਲ ਖਜ਼ਾਨਾ ਕਿਹਾ ਜਾ ਸਕਦਾ ਹੈ। ਜਨਮ ਸਾਖੀ, ਸਿੱਖ ਇਤਿਹਾਸ ਅਤੇ ਪੰਜਾਬ ਦਾ ਇਤਿਹਾਸ ਉਹਨਾਂ ਦੀ ਵਿਦਵਤਾ ਦੀ ਗਵਾਹੀ ਦਿੰਦਾ ਹੈ।ਅਕਾਲ ਤਖਤ ਸਾਹਿਬ ਤੋਂ ਉਹਨਾਂ ਦਾ ਸਤਿਕਾਰ ਪ੍ਰੋਫੈਸਰ ਆਫ ਸਿਖਇਜ਼ਮ ਨਾਲ ਕੀਤਾ ਗਿਆ।।**

# ਦੱਖਣੀ ਸਿੱਖ

## ਨਾਨਕ ਸਿੰਘ ਨਿਸ਼ਤਰ

ਮੇਰੇ ਬਚਪਨ ਤੋਂ, ਆਪਣੇ ਮਾਤਾ-ਪਿਤਾ ਅਤੇ ਹੋਰ ਬਜ਼ੁਰਗ ਵਿਅਕਤੀਆਂ ਦੇ ਮੌਖਿਕ ਇਤਿਹਾਸ ਗਿਆਨ ਨੂੰ ਭਰੋਸੇ ਵਿੱਚ ਪਾਉਣ ਲਈ, ਮੈਂ ਕਈ ਇਤਿਹਾਸਕਾਰਾਂ ਦੀਆਂ ਲਿਖਤਾਂ ਪੜੀਆਂ, ਭਾਰਤ ਦੇ ਆਰਕਾਈਵਜ਼ ਵਿੱਚੋਂ ਉਜਾਗਰ ਕੀਤੀਆਂ ਗਈਆਂ ਅਣਪ੍ਰਕਾਸ਼ਿਤ ਖਰੜਿਆਂ ਦਾ ਹਵਾਲਾ ਦੇ ਕੇ ਇਸ ਵਿਸ਼ੇ ‘ਤੇ ਕਈ ਲੇਖ ਲਿਖੇ ਹਨ।

ਦੱਖਣੀ ਸਿੱਖ ਕੌਣ ਹਨ, ਕਿੱਥੋਂ ਆਏ ਹਨ ਅਤੇ ਉਨ੍ਹਾਂ ਦੇ ਕੁਝ ਸਮਾਜਕ ਅਤੇ ਧਾਰਮਿਕ ਰੀਤੀ ਰਿਵਾਜ਼ ਦੀ ਇਤਿਹਾਸਕ ਮਹੱਤਤਾ ਕੀ ਹੈ ਇਸ ਬਾਰੇ ਸ਼ਾਇਦ ਇਹ ਪਹਿਲਾ ਲੇਖ ਹੈ ਜੋ ਇਸ ਬਾਬਤ ਭਰਪੂਰ ਚਾਨਣਾ ਪਾਵੇਗਾ।

**ਦੱਖਣੀ ਸ਼ਬਦ ਦੀ ਜਾਣ-ਪਛਾਣ:**

ਦੱਖਣੀ ਸ਼ਬਦ, ਜੋ ਕਿ ਸਿੱਖ ਸਮਾਜ ਦੇ ਕੁਝ ਵਰਗਾਂ ਵੱਲੋਂ ਚਿੜ੍ਹਾਂ ਕੇ ਵਰਤਿਆ ਜਾਂਦਾ ਹੈ, ਕੇਵਲ ਭੂਗੋਲਿਕ ਇਲਾਕੇ ਵੱਲ ਇਸ਼ਾਰਾ ਕਰਦਾ ਹੈ ਜਿਸ ਖਿੱਤੇ ਵਿੱਚ ਇਹ ਸਿੱਖ ਰਹਿੰਦੇ ਹਨ।

ਸ਼ਬਦ ਦੱਖਣ ਦਾ ਭਾਵ ਉਰਦੂ ਭਾਸ਼ਾ ਵਿੱਚ ਦੱਖਣ ਦਿਸ਼ਾ ਹੈ। ਅਣਵੰਡੇ ਭਾਰਤੀ ਉਪ-ਮਹਾਦੀਪ ਵਿੱਚ, ਦੋ ਹੈਦਰਾਬਾਦ ਸ਼ਹਿਰ ਸਨ ਇਕ ਪੱਛਮੀ ਸਿੰਧ ਪ੍ਰਾਂਤ ਵਿੱਚ ਸੀ ਅਤੇ ਦੂਜਾ ਦੱਖਣੀ ਹੈਦਰਾਬਾਦ ਪ੍ਰਾਂਤ ਵਿੱਚ ਸੀ। ਉਦੋਂ ਵਰਤੇ ਗਈ ਸ਼ਬਦਾਵਲੀ ਵਿਚ ਇਨ੍ਹਾਂ ਨੂੰ ਹੈਦਰਾਬਾਦ ਸਿੰਧ ਅਤੇ ਹੈਦਰਾਬਾਦ ਦੱਖਣ ਵਜੋਂ ਜਾਣਿਆ ਜਾਂਦਾ ਸੀ। ਅੱਜ ਦਾ ਭਾਰਤੀ ਹੈਦਰਾਬਾਦ ਸ਼ਹਿਰ ਪਹਿਲਾਂ ਨਿਜ਼ਾਮ ਹੈਦਰਾਬਾਦ ਦੀ ਰਾਜਧਾਨੀ ਸੀ।

ਹੈਦਰਾਬਾਦ ਦੇ ਇਸ ਹਿੱਸੇ ਵਿੱਚ ਵਸੇ ਹੋਏ ਲੋਕਾਂ ਨੂੰ ਦੱਖਣੀ ਕਹਿੰਦੇ ਹਨ, ਇਸ ਤਰ੍ਹਾਂ, ਸਿੱਖਾਂ ਨੂੰ ਦੱਖਣੀ ਸਿੱਖਾਂ ਦੇ ਤੌਰ 'ਤੇ ਜਾਣਿਆ ਜਾਣ ਲੱਗ ਪਿਆ, ਪਠਾਣਾਂ ਨੂੰ ਦੱਖਣੀ ਪਠਾਣ ਕਿਹਾ ਗਿਆ ਅਤੇ ਇਸ ਤਰ੍ਹਾਂ ਹੋਰ ਲੋਕ ਵੀ ਸਨ। ਸਪੱਸ਼ਟ ਹੈ ਕਿ ਇਹ ਇੱਕ ਭੂਗੋਲਿਕ ਪਹਿਚਾਣ ਹੈ।

ਜੋ ਵਿਅਕਤੀ, ਵਿਦਵਾਨ ਜਾਂ ਧਾਰਮਿਕ ਅਦਾਰਾ, ਸਿੱਧੇ ਜ਼ਾ ਅਸਿਧੇ ਤੌਰ ਤੇ ਇਹਨਾਂ ਹਿਜਰਤ ਕੀਤੇ ਸਿੱਖਾਂ ਦੀ ਹੋਂਦ ਨੂੰ ਨੀਵਾਂਉਂਦਾ ਹੈ ਤੇ ਇਨ੍ਹਾਂ ਨੂੰ ਸਿੱਖ ਕੌਮ ਅਤੇ ਨਸਲ ਤੋਂ ਵੱਖਰਾ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿਉਂਕਿ ਉਨ੍ਹਾਂ ਦਾ ਪਹਿਰਾਵਾ ਅਤੇ ਬੋਲੀ ਪੰਜਾਬੀਆਂ ਵਰਗੀ ਨਹੀ ਹੈ, ਉਹ ਬੇਇਨਸਾਫੀ ਅਤੇ ਵਿਤਕਰਾ ਕਰ ਰਿਹਾ ਹੈ।

**ਇਤਿਹਾਸਕਾਰਾਂ ਨੇ ਅਣਗੋਲਿਆ ਕੀਤਾ:**

ਪੁਰਾਤਨ ਅਤੇ ਅਜੋਕੇ ਸਿੱਖ ਅਤੇ ਗੈਰ-ਸਿੱਖ ਇਤਿਹਾਸਕਾਰਾਂ ਨੇ ਸਿੱਖਾਂ ਨੂੰ ਉਸ ਵੇਲੇ ਦੇ ਭਾਰਤੀ ਉਪ-ਮਹਾਦੀਪ ਦੇ ਇਸ ਹਿੱਸੇ ਵਿੱਚ ਸਿੱਖ ਫੌਜ ਦੀ ਮੌਜੂਦਗੀ ਦੀ ਅਨੋਖੀ ਮਿਸਾਲ ਅਣਦੇਖਿਆ ਕਰ ਦਿੱਤੀ ਹੈ, ਜੋ ਦੋਸਤੀ ਅਤੇ ਸ਼ਾਂਤੀ ਦੇ ਇੱਕ ਮਿਸ਼ਨ ‘ਤੇ

ਆਇਆ ਸੀ। ਇੱਕ ਸਿੱਖ ਹਾਕਮ ਦੁਆਰਾ ਕਿਸੇ ਮੁਸਲਮਾਨ ਰਾਜਾ ਨੂੰ ਆਪਣੀ ਅੰਦਰੂਨੀ ਸੁੱਰਖਿਆ ਨੂੰ ਕਾਇਮ ਰੱਖਣ ਲਈ, ਹਜ਼ਾਰਾਂ ਕਿਲੋਮੀਟਰ ਦੂਰ, ਫੌਜੀ ਪੁਰਸ਼ਾਂ ਦੇ ਜੀਵਨ ਨੂੰ ਖਤਰੇ ਵਿੱਚ ਪਾਉਣ ਲਈ ਅਤੇ ਆਪਣੇ ਪਰਿਵਾਰਾਂ ਨੂੰ ਛੱਡਣ ਅਤੇ ਪੂਰੀ ਤਰ੍ਹਾਂ ਨਾਲ ਦੂਰ ਕਰਨਾ ਉੱਕਾ ਹੀ ਜ਼ਰੂਰੀ ਨਹੀਂ ਸੀ ਅਤੇ ਨਾ ਹੀ ਕੋਈ ਮੋੜਵਾਂ ਕਰਜ਼ ਉਤਾਰਨ ਦੀ ਜ਼ਿੰਮੇਵਾਰੀ ਸੀ। ਆਵਾਜਾਈ ਅਤੇ ਦੂਰ-ਸੰਚਾਰ ਦੇ ਸਾਧਨ ਵੀ ਨਾ-ਬਰਾਬਰ ਹੀ ਸਨ।

ਉਨ੍ਹਾਂ ਦਿਨਾਂ ਵਿੱਚ ਇਸ ਮਿਸਾਲੀ ਮਾਨਵਤਾਵਾਦੀ ਉਧਮ ਨੂੰ ਇਤਿਹਾਸਕਾਰਾਂ ਨੇ, ਤੇ ਸਿੱਖ ਇਤਿਹਾਸਕਾਰਾਂ ਨੇ ਵੀ ਮਾਨਤਾ ਨਹੀਂ ਦਿੱਤੀ। ਮਹਾਰਾਜਾ ਰਣਜੀਤ ਸਿੰਘ ਦੀ ਸਿੱਖ ਫੌਜ ਨੇ ਨਿਜ਼ਾਮ ਦੇ ਸੱਦੇ ਤੇ ਦੱਖਣ ਹੈਦਰਾਬਾਦ ਆਉਣਾ ਅਜੋਕੇ ਸਮੇਂ ਦੀ **'ਪੀਸ ਕੀਪਿੰਗ ਫੋਰਸ'** ਵਰਗਾ ਨਿਵੇਕਲਾ ਉਧਮ ਸੀ। ਉਹ 19ਵੀਂ ਸਦੀ ਦੀ **'ਅਮਨ ਫੌਜੀ'** ਸਨ। ਅਜੋਕੇ ਦੱਖਣੀ ਸਿੱਖ, ਇਤਿਹਾਸ ਦੇ ਇਸ ਅਣ-ਡਿੱਠੇ ਪਹਿਲੂ ਦੀ ਜੀਵੰਤ ਗਵਾਹੀ ਭਰਦੇ ਹਨ।

**ਦੱਖਣ ਵਿੱਚ ਸਿੱਖ:**

ਇਤਿਹਾਸਕ ਚਾਰਮਿਨਾਰ 1591 ਵਿੱਚ ਉਸਾਰਿਆ ਗਿਆ ਸੀ ਪਰ ਸਿੱਖ ਹੈਦਰਾਬਾਦ ਸ਼ਹਿਰ ਦੇ ਉਸ ਤੋਂ ਵੀ ਪਹਿਲਾਂ ਦੇ ਨਿਵਾਸੀ ਹਨ। ਸੰਨ 1512 ਦੇ ਨੇੜੇ-ਤੇੜੇ ਗੁਰੂ ਨਾਨਕ ਸਾਹਿਬ ਜੀ, ਨੰਦੇੜ ਅਤੇ ਬਿਦਰ ਤੋਂ ਆਉਣ ਵੇਲੇ, ਹੈਦਰਾਬਾਦ ਸ਼ਹਿਰ ਦੀ ਸਥਾਪਨਾ ਤੋਂ ਪਹਿਲਾਂ ਹੀ ਗੋਲਕੁੰਡਾ ਸ਼ਹਿਰ, ਤੇਲੰਗਾਨਾ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਰਾਮੇਸ਼ਵਰਮ ਤੋਂ ਸਫ਼ਰ ਕਰਦੇ ਹੋਏ ਸ੍ਰੀ ਲੰਕਾ ਗਏ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਮਨੁੱਖਤਾਵਾਦ ਅਤੇ ਅਧਿਆਤਮਵਾਦ ਦਾ ਪ੍ਰਚਾਰ ਕੀਤਾ ਅਤੇ ਥਾਂ-ਥਾਂ ਸਿੱਖਾਂ ਦੀ ਕਾਫੀ ਗਿਣਤੀ ਨੂੰ ਇਨ੍ਹਾਂ ਸ਼ਹਿਰਾਂ ਵਿੱਚ ਛੱਡਿਆ। ਉਨ੍ਹਾਂ ਨੇ ਉਨ੍ਹਾਂ ਨੂੰ ਵੱਖਰੇ ਧਰਮ ਦੇ ਅਨੁਯਾਈਆਂ ਵਜੋਂ ਵੱਖਰਾ ਨਹੀਂ ਕੀਤਾ ਅਤੇ ਨਾ ਹੀ ਉਨ੍ਹਾਂ ਨੇ ਕਿਸੇ ਖਾਸ ਅਨੁਸ਼ਾਸਨ ਵਿੱਚ ਬੱਝਿਆ ਜਿਸ ਕਰਕੇ ਸਮਾਂ ਪਾ ਕੇ ਬਹੁਤ ਸਾਰੇ ਆਪਣੇ ਹਿੰਦੂ ਅਤੇ ਮੁਸਲਮਾਨ ਧਰਮਾਂ ਵਿੱਚ ਵਾਪਸ ਚਲੇ ਗਏ। ਪਰ ਫਿਰ ਵੀ ਅਜਿਹੇ ਸਨ ਜਿਨ੍ਹਾਂ ਨੇ ਗੁਰੂ ਦੀ ਸਿੱਖਿਆ ਤੋਂ ਡੂੰਘਾ ਪ੍ਰਭਾਵ ਲਿਆ ਜਿਸ ਵਿੱਚੋਂ ਇੱਕ ਸ਼ਾਨਦਾਰ ਮਿਸਾਲ ਬਿਦਰ ਨਿਵਾਸੀ ਭਾਈ ਸਾਹਿਬ ਸਿੰਘ ਦੀ ਹੈ।

ਬਿਦਰ-ਅੱਜ ਕੱਲ੍ਹ ਕਰਨਾਟਕ ਸੂਬੇ ਵਿੱਚ ਹੈ ਤੇ ਹੈਦਰਾਬਾਦ ਸ਼ਹਿਰ ਤੋਂ ਕੋਈ 150 ਕਿਲੋਮੀਟਰ ਦੀ ਦੂਰੀ ਤੇ ਹੈ। ਉਹ 1699 ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅੰਮ੍ਰਿਤਪਾਨ ਕਰਨ ਵਾਲੇ ਸਿੱਖ ਕੌਮ ਦੇ ਪਹਿਲੇ ਪੰਜ ਪਿਆਰਿਆਂ ਵਿੱਚੋਂ ਇੱਕ ਸਨ। ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੈਦਰਾਬਾਦ ਤੋਂ ਕਰੀਬ 280 ਕਿਲੋਮੀਟਰ ਦੂਰ ਨਾਂਦੇੜ ਵਿਖੇ ਲੰਮੇ ਸਮੇਂ ਲਈ ਠਹਿਰੇ ਅਤੇ 1708 ਵਿੱਚ ਆਖਰੀ ਸਾਹ ਲਿਆ। ਇਸ ਸਮੇਂ ਦੌਰਾਨ ਬਹੁਤ ਸਾਰੀ ਸਥਾਨਕ ਆਬਾਦੀ ਨੇ ਅੰਮ੍ਰਿਤਪਾਨ ਕਰ ਕੇ ਸਿੱਖੀ ਨੂੰ ਅਪਣਾ ਲਿਆ।

**ਸਿੱਖ ਫੌਜ ਨੂੰ ਬੁਲਾਉ:**

ਨਵਾਬ ਸਿਕੰਦਰ ਜਹਾਨ, ਹੈਦਰਾਬਾਦ ਦਾ ਤੀਜਾ ਨਜ਼ਾਮ, 1903 ਤੋਂ 1929 ਤੱਕ ਹੈਦਰਾਬਾਦ ਰਾਜ ਦਾ ਸ਼ਾਸਕ ਸੀ। ਉਸਦੇ ਰਾਜ ਵਿੱਚ 16 ਜ਼ਿਲ੍ਹੇ ਸਨ ਜਿਨ੍ਹਾਂ ਵਿੱਚ ਸਿੱਖਾਂ ਦੇ ਨਾਂਦੇੜ ਦੇ ਪਵਿੱਤਰ ਸਥਾਨ ਸ਼ਾਮਲ ਸਨ। ਹੁਣ ਇਹ ਮਹਾਂਰਾਸ਼ਟਰਾ ਅਤੇ ਬਿਦਰ-ਪ੍ਰਸ਼ਾਸਕੀ ਪ੍ਰਣਾਲੀ ਵਿੱਚ ਕਰਨਾਟਕ ਵਿੱਚ ਹਨ। ਨਿਜ਼ਾਮ ਦੇ ਪ੍ਰਬੰਧਕੀ ਢਾਂਚੇ ਵਿਚ ਮਾਲੀਆ ਜਮਾ ਕਰਵਾਉਣ ਦੀ ਜ਼ਿਮੇਵਾਰੀ ਜਗੀਰਦਾਰ, ਦੇਸ਼ਮੁਖ ਅਤੇ ਸਮਸਥਾਨਾਂ ਦੀ ਸੀ।

ਇਹ ਲੋਕ ਸਮਾਜ ਦੇ ਪ੍ਰਭਾਵੀ ਲੋਕ ਸਨ ਜਿਨ੍ਹਾਂ ਨੂੰ ਉਨ੍ਹਾਂ ਦੇ ਮਾਲੀਆਂ ਇਕੱਠਾ ਕਰਨ ਦੇ ਬਦਲੇ ਜ਼ਮੀਨ ਦੇ ਵੱਡੇ ਟੋਟੇ ਨਿਜ਼ਾਮ ਵੱਲੋਂ ਦਿੱਤੇ ਹੋਏ ਸਨ। ਖਜ਼ਾਨੇ ਨੂੰ ਮਾਲੀਏ ਦੀ ਕਮਾਈ ਦੇ ਬਦਲੇ ਆਪਣੇ ਕਿਲ੍ਹਿਆਂ ਅਤੇ ਫੌਜ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਕੁਝ ਹਿੱਸਾ ਰੱਖਣ ਦੇ ਹੱਕਦਾਰ ਸਨ। 1830 ਦੇ ਆਸ-ਪਾਸ, ਸਰਕਾਰੀ ਖਜ਼ਾਨੇ ਨੂੰ ਮਾਲੀਏ ਦਾ ਹਿਸਾਬ-ਕਿਤਾਬ ਦੇਣ ਤੋਂ ਕੰਨੀ ਕਤਰਾਉਣ ਲੱਗੇ, ਮਾਲੀਏ ਨੂੰ ਖਜਾਨੇ ਵਿੱਚ ਜਮਾ ਕਰਾਉਣ ਤੋਂ ਗੁਰੇਜ਼ ਕਰਨ ਲੱਗੇ ਅਤੇ ਇਸ ਤਰ੍ਹਾਂ ਨਿਜ਼ਾਮ ਦੇ ਖਿਲਾਫ ਬਗਾਵਤ ਕਰ ਦਿੱਤੀ।

ਅਰਬੀਆ ਤੋਂ ਅਰਬ, ਅਫਰੀਕਾ ਤੋਂ ਸਿੱਧੀ, ਰਾਜਪੂਤ, ਰੋਹਿਲਾ ਅਤੇ ਪਠਾਣਾਂ ਨੂੰ ਉੱਤਰੀ ਭਾਰਤ ਤੋਂ ਭਰਤੀ ਕੀਤਾ ਗਿਆ, ਪਰ ਉਹ ਸਾਰੇ ਵੀ ਮਾਲੀਆਂ ਇਕੱਠਾ ਕਰਨ ਵਿੱਚ ਕਾਮਯਾਬ ਨਾ ਹੋ ਸਕੇ।

**ਦਰਬਾਰ-ਏ-ਲਾਹੌਰ:**

ਮਹਾਰਾਜਾ ਚੰਦੂ ਲਾਲ, ਜੋ ਕਿ ਨਿਜ਼ਾਮ ਦੇ ਪ੍ਰਧਾਨ ਮੰਤਰੀ ਅਤੇ ਗੁਰੂ ਘਰ ਦੇ ਸ਼ਰਧਾਲੂ ਸਨ, ਉਨ੍ਹਾਂ ਦੇ ਕਹਿਣ ਤੇ ਕੋਈ 1822-1843 ਦੇ ਸਮੇਂਕਾਲ ਦੌਰਾਨ ਮਹਾਰਾਜਾ ਰਣਜੀਤ ਸਿੰਘ ਦਾ ਸਮਰਥਨ ਮੰਗਿਆ ਗਿਆ। ਇੱਕ ਬੇਨਤੀ ਪੱਤਰ ਅਤੇ ਤੋਹਫੇ ਲਾਹੌਰ ਦਰਬਾਰ ਨੂੰ ਭੇਜੇ ਗਏ ਸਨ।

ਸਾਲ 1889 ਵਿੱਚ ਇੱਕ ਕਿਤਾਬ "ਪੰਜਾਬ ਦਾ ਇਤਿਹਾਸ" ਪ੍ਰਕਾਸ਼ਿਤ ਕੀਤੀ ਗਈ ਸੀ। ਪੰਨਾ ਨੰਬਰ 443 ਤੇ ਲਿਖਾਰੀ ਸਯਦ ਮੁਹੰਮਦ ਲਤੀਫ, ਜੋ ਪੰਜਾਬ ਦੇ ਇੱਕ ਸੀਨੀਅਰ ਅਧਿਕਾਰੀ ਦੇ ਤੌਰ 'ਤੇ ਸੇਵਾ ਕਰਦੇ ਸਨ, ਲਿਖਦੇ ਹਨ ਕਿ 1826 ਵਿੱਚ, ਹੈਦਰਾਬਾਦ ਦੇ ਨਿਜ਼ਾਮ ਦੇ ਦਰਵੇਸ਼ ਮੁਹੰਮਦ ਵਕੀਲ ਨੇ ਤੋਹਫੇ ਸਮੇਤ ਲਾਹੌਰ ਦੇ ਦਰਬਾਰ'ਚ ਹਾਜਰ ਹੋਏ। ਮਹਾਰਾਜਾ ਅਤੇ ਕੰਵਰ ਖੜਕ ਸਿੰਘ ਲਈ ਤੋਹਫੇ ਪੇਸ਼ ਕੀਤੇ।

ਆਪਣੀ ਪੁਸਤਕ ਦੇ ਚੌਦ੍ਹਵੇਂ ਅਧਿਆਇ ਵਿੱਚ, ਪੰਨਾ ਨੰਬਰ 267 ਤੇ, "ਮਹਾਰਾਜਾ ਰਣਜੀਤ ਸਿੰਘ" ਨੂੰ 1933 ਵਿੱਚ ਅਲਾਹਾਬਾਦ ਵਿੱਖੇ ਉਤਰ ਪ੍ਰਦੇਸ਼ ਦੀ ਹਿੰਦੁਸਤਾਨੀ ਅਕੈਡਮੀ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ, ਜਿਸ ਵਿੱਚ ਲਾਹੌਰ ਦੇ ਸਰਕਾਰੀ ਕਾਲਜ ਦੇ ਪ੍ਰੋ: ਸੀਤਾ ਰਾਮ ਕੋਹਲੀ ਨੇ ਲਿਖਿਆ, "ਸਾਲ 1826 ਵਿੱਚ ਹੈਦਰਾਬਾਦ ਦੇ ਨਿਜ਼ਾਮ ਦੇ ਰਾਜਦੂਤ ਦਰਵੇਸ਼ ਮੋਹਉਦੀਨ ਦਰਬਾਰ-ਏ-ਲਾਹੌਰ ਆਏ ਸਨ ਅਤੇ ਨਿਜ਼ਾਮ ਦੀ ਤਰਫੋਂ

ਚਾਰ ਉੱਚ ਪੱਧਰੀ ਮਹਿੰਗੇ ਘੋੜੇ, ਇਕ ਬੇਮਿਸਾਲ ਸ਼ਾਨਦਾਰ ਕੈਨੋਪੀ (ਵੱਡੀ ਸਤਕਾਰ ਵਾਲੀ ਛਤਰੀ), ਇਕ ਦੋ ਧਾਰੀ ਤਲਵਾਰ, ਇੱਕ ਤੋਪ ਅਤੇ ਕਈ ਰਾਈਫਲਾਂ ਪੇਸ਼ ਕੀਤੀਆਂ ਸਨ। ਇਸ ਤੋਂ ਇਲਾਵਾ, ਕੰਵਰ ਖੜਗ ਸਿੰਘ ਲਈ ਕੀਮਤੀ ਤੋਹਫੇ ਲੈ ਕੇ ਆਏ"।

ਮਾਰਗ ਪਬਲੀਕੇਸ਼ਨਜ਼, ਮੁੰਬਈ ਵਲੋਂ 1981 ਵਿੱਚ ਪ੍ਰਕਾਸ਼ਤ ਮਹਾਨ ਲੇਖਕ ਮੁਲਕ ਰਾਜ ਅਨੰਦ ਨੇ ਆਪਣੀ ਕਿਤਾਬ "ਮਹਾਰਾਜਾ ਰਣਜੀਤ ਸਿੰਘ ਐਜ਼ ਪੇਟਰਨ ਆਫ ਆਰਟਸ' ਦੇ ਪੰਨਾ ਨੰਬਰ 39 ਵਿੱਚ ਕਿਹਾ ਹੈ ਕਿ "ਹੈਦਰਾਬਾਦ ਦੇ ਏਜੰਟ (ਨੁਮਾਇੰਦਾ) ਨੇ 1826 ਵਿੱਚ ਲਾਹੌਰ ਵਿਖੇ ਮਹਾਰਾਜਾ ਲਈ ਤੋਹਫੇ ਪੇਸ਼ ਕੀਤੇ, ਜਿਸ ਵਿੱਚ ਸੁੰਦਰ ਚਾਨਣੀ ਵੀ ਸ਼ਾਮਲ ਸੀ। ਇਸ ਦੀ ਸੁੰਦਰਤਾ ਵਿਚ ਇੰਨੀ ਖਿੱਚ ਸੀ ਕਿ ਉਸਨੇ ਐਲਾਨ ਕੀਤਾ ਸੀ, ਇਹ ਕੇਵਲ ਸੱਚੇ ਪਾਤਸ਼ਾਹ ਦੇ ਦਰਗਾਹੀ ਦਰਬਾਰ ਲਈ ਵਰਤਿਆ ਜਾ ਸਕਦਾ ਹੈ ਅਤੇ ਇਸ ਨੂੰ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਵਿੱਚ ਪੇਸ਼ ਕੀਤਾ ਜਾਵੇ ਤੇ ਇਹ ਚਾਨਣੀ ਅੱਜ ਵੀ ਦਰਬਾਰ ਸਾਹਿਬ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਉਪਰ ਖਾਸ ਮੌਕਿਆਂ ਤੇ ਵਰਤੀ ਜਾਂਦੀ ਹੈ।" ਇਹ ਸ਼ਾਨਦਾਰ ਚਾਨਣੀ ਸਿੱਖ-ਮੁਸਲਮਾਨ ਭਾਈਚਾਰੇ ਦੀ ਇਕ ਇਤਿਹਾਸਕ ਗਵਾਹੀ ਭਰਦੀ ਹੈ ਪਰ ਅਫਸੋਸ ਕਿ ਭਾਰਤੀ ਹਥਿਆਰਬੰਦ ਫੌਜਾਂ ਨੇ ਦਰਬਾਰ ਸਾਹਿਬ ਤੇ ਜੂਨ 1984 ਹਮਲੇ ਦੌਰਾਨ ਉਸਨੂੰ ਸਾੜ ਦਿੱਤਾ।

**ਦੱਖਣ ਵਿੱਚ ਸਿੱਖ ਫੌਜ:**

1829 ਤੋਂ 1857 ਤੱਕ, ਹੈਦਰਾਬਾਦ ਚੌਥੇ ਨਿਜ਼ਾਮ ਨਵਾਬ ਨਾਸਿਰ-ਓ-ਦੌਲਾ ਦੇ ਸ਼ਾਸਨ ਮੁਤਹਿਤ ਸੀ। 1930 ਵਿੱਚ, ਚਾਰ ਮਹੀਨੇ ਔਖੇ ਸਫ਼ਰ ਪੂਰਾ ਕਰਨ ਤੋਂ ਬਾਅਦ 1200 ਸਿੱਖ ਸਿਪਾਹੀ ਲਾਹੌਰ ਤੋਂ ਹੈਦਰਾਬਾਦ ਆ ਗਏ। ਫੌਜ ਵਿੱਚ ਬਾਰਾਂ ਰਿਸਾਲੇ-ਫੌਜੀ ਯੂਨਿਟਾਂ ਸਨ, ਜਿਨ੍ਹਾਂ ਵਿੱਚ 100 ਕਰਮਚਾਰੀਆਂ ਅਤੇ ਰਿਸਾਲਦਾਰ ਦੀ ਅਗਵਾਈ ਵਾਲੇ ਹਰੇਕ ਰਿਸਾਲਾ ਸ਼ਾਮਲ ਸਨ। ਮੁੱਖੀ ਅਤੇ ਹੋਰ ਉਪ-ਅਹੁਦਾ ਅਧਿਕਾਰੀ ਘੋੜੇ ਦੀ ਪਿੱਠ ਉੱਤੇ ਸਨ ਅਤੇ ਸਿਪਾਹੀ ਪੈਦਲ ਸਨ। ਉਹ ਪਹਿਲਾਂ ਮੀਰ ਆਲਮ ਟੈਂਕ ਦੇ ਨੇੜੇ ਬਾਹਰ ਸ਼ਹਿਰ ਵਿੱਚ ਤੈਨਾਤ ਸਨ, ਜੋ ਅੱਜ ਤੱਕ ਸਿੱਖ ਛਾਵਨੀ ਵਜੋਂ ਪ੍ਰਸਿੱਧ ਹੈ।

ਬਾਗ਼ੀ ਅਤੇ ਜ਼ਾਲਮ ਜਗੀਰਦਾਰਾਂ ਕੋਲੋਂ ਮਾਲੀਏ ਦੀ ਰਕਮ ਇਕੱਠੀ ਕਰਨ ਦੌਰਾਨ ਕਈਆਂ ਨੂੰ ਜਾਨ ਗਵਾਉਣੀ ਪਈ ਅਤੇ ਕਈਆਂ ਨੂੰ ਜਿਸਮਾਨੀ ਨੁਕਸਾਨ ਹੋਇਆ। ਪਰ ਜਿਸ ਮਕਸਦ ਲਈ ਉਹ ਇੰਨੀ ਦੂਰੋਂ ਆਏ ਸਨ ਉਹ ਮਕਸਦ ਉਨ੍ਹਾਂ ਨੇ ਕਾਮਯਾਬੀ ਨਾਲ ਪੂਰਾ ਕੀਤਾ। ਅਜਿਹਾ ਕਰਨ ਦੌਰਾਨ, ਉਨ੍ਹਾਂ ਨੇ ਆਪਣੇ ਸਮਾਜਿਕ ਅਤੇ ਧਾਰਮਿਕ ਰਵੱਈਏ ਅਤੇ ਵਿਵਹਾਰ ਨੂੰ ਕਾਇਮ ਰੱਖਿਆ।

ਉਨ੍ਹਾਂ ਦੀਆਂ ਸੇਵਾਵਾਂ ਤੋਂ ਖੁਸ਼ ਹੋ ਕੇ, ਕਦਰਦਾਨੀ ਵਿੱਚ ਧੰਨਵਾਦ ਕਰਦੇ ਹੋਏ, ਸਾਰੇ ਰਿਸਾਲਦਾਰਾਂ ਨੂੰ ਦਰਬਾਰੀਆਂ ਦੇ ਤੌਰ 'ਤੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੂੰ ਅੱਜ ਦੇ ਤੇਲੰਗਾਨਾ ਪ੍ਰਦੇਸ਼ ਦੇ ਆਦਿਲਾਬਾਦ ਜ਼ਿਲ੍ਹੇ ਦੇ ਨਿਰਮਲ ਕਸਬੇ ਵਿੱਚ ਜਗੀਰ ਵਜੋਂ ਜਮੀਨਾਂ ਦੀ ਪੇਸ਼ਕਸ਼ ਕੀਤੀ ਗਈ ਸੀ, ਜਿਸ ਤੋਂ ਉਨ੍ਹਾਂ ਨੇ ਇਨਕਾਰ ਕਰ ਦਿੱਤਾ ਕਿਉਂਕਿ ਉਹ

ਵਾਪਸ ਵਤਨ ਪਰਤਣਾ ਚਾਹੁੰਦੇ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਪਤਨ ਅਤੇ ਅੰਗਰੇਜ਼ਾਂ ਦਾ ਸਿੱਖਾਂ ਨੂੰ ਗ਼ੁਲਾਮ ਬਨਾਉਣ ਨਾਲ ਉਹ ਪੰਜਾਬ ਵਾਪਸ ਨਹੀਂ ਪਰਤੇ। ਨਿਜ਼ਾਮ ਵੀ ਉਨ੍ਹਾਂ ਨੂੰ ਬਰਕਰਾਰ ਰੱਖਣਾ ਚਾਹੁੰਦਾ ਸੀ ਅਤੇ ਉਨ੍ਹਾਂ ਨੇ ਉਨ੍ਹਾਂ ਨੂੰ ਲਾਭਕਾਰੀ ਪ੍ਰੋਤਸਾਹਨ ਅਤੇ ਸਨਮਾਨ ਦੀ ਦਿੱਤਾ।

**ਦੱਖਣੀ ਸਿੱਖਾਂ ਦਾ ਸਮਾਜਕ ਜੀਵਨ:**

ਸਿੱਖ ਫੌਜ ਨੇ ਉੱਥੇ ਹੀ ਵਸਣ ਦਾ ਫੈਸਲਾ ਕਰ ਲਿਆ ਕਿਉਂਕਿ ਉਹ ਆਪਣੀਆਂ ਜੱਦੀ ਜ਼ਮੀਨ ਤੋਂ ਬਹੁਤ ਦੂਰ ਸਨ। ਨਾਲ ਹੀ ਉਨ੍ਹਾਂ ਨੇ ਸਥਾਨਕ ਔਰਤਾਂ ਨਾਲ ਵਿਆਹ ਕਰਨ ਦਾ ਵੀ ਫੈਸਲਾ ਕਰ ਲਿਆ। ਬੇਸ਼ੱਕ ਸਾਰੇ ਹੀ ਸਿੱਖ ਧਰਮ ਦੇ ਰਾਹ ਤੇ ਪੂਰੀ ਤਰ੍ਹਾਂ ਚਲਦੇ ਸਨ। ਸਥਾਨਕ ਔਰਤਾਂ ਅੰਮ੍ਰਿਤ ਛਕਣ ਤੋਂ ਹਿਚਕਿਚਾਂਦੀਆਂ ਸਨ। ਸਿੱਖ ਧਰਮ ਦੀਆਂ ਮੂਲ ਕਦਰਾਂ ਕੀਮਤਾਂ ਨਾਲ ਸਮਝੌਤਾ ਕੀਤੇ ਬਿਨਾਂ ਇੱਕ ਰਾਹ ਲੱਭਿਆ ਗਿਆ ਜੋ ਅੱਜ ਤੱਕ ਵੀ ਕਾਇਮ ਹੈ।

**ਚੋਂਕੇ ਚੜਨਾ:**

ਅੰਮ੍ਰਿਤਧਾਰੀ ਨਾਲ ਅਨੰਦ ਕਾਰਜ ਤੋਂ ਬਾਅਦ ਉਸਦੀ ਘਰਵਾਲੀ ਵਲੋਂ ਰਸੋਈ ਦੀ ਪਹਿਲੀ ਕਾਰਵਾਈ ਕੀਤੀ ਜਾਂਦੀ ਹੈ ਜੋ ਕਿ ਹਰੇਕ ਬੱਚੇ ਦੇ ਜਨਮ ਤੋਂ ਬਾਅਦ ਵੀ ਦੋਹਰਾਇਆ ਜਾਂਦਾ ਹੈ। ਇਸ ਵਿੱਚ, ਇੱਕ ਅੰਮ੍ਰਿਤਧਾਰੀ ਸਿੱਖ ਦੁਆਰਾ ਜਪੁਜੀ ਸਾਹਿਬ ਪੜ੍ਹ ਕੇ ਪਾਣੀ ਅਤੇ ਪਤਾਸੇ ਨੂੰ ਇੱਕ ਬਾਟੇ ਵਿੱਚ ਕਿਰਪਾਨ ਨਾਲ ਰਲਾ ਕਿ ਅੰਮ੍ਰਿਤ ਤਿਆਰ ਕੀਤਾ ਜਾਂਦਾ ਹੈ। ਕੜ੍ਹਾਹ ਪ੍ਰਸ਼ਾਦ ਤਿਆਰ ਕਰਕੇ ਅਰਦਾਸ ਤੋਂ ਬਾਅਦ ਹੀ ਬੀਬੀ ਰਸੋਈ ਵਿੱਚ ਦਾਖਲ ਹੁੰਦੀ ਹੈ। ਸਥਾਨਕ ਔਰਤਾਂ ਨਾਲ ਵਿਆਹ ਕਰ ਆਪਣੇ ਵਿਵਾਹਕ ਜੀਵਨ ਨੂੰ ਇਸ ਰਸਮ ਤੋਂ ਬਾਅਦ ਹੀ ਸ਼ੁਰੂ ਕੀਤਾ ਜਾਂਦਾ ਸੀ। ਇਹ ਪੂਰਵ-ਸ਼ਰਤ ਅੱਜ ਵੀ ਸਖਤੀ ਨਾਲ ਲਾਗੂ ਕੀਤੀ ਜਾਂਦੀ ਹੈ।ਅਨੰਦ ਕਾਰਜ ਇਸ ਅੰਮ੍ਰਿਤ ਦੀ ਰਸਮ ਤੋਂ ਬਗੈਰ ਨਹੀਂ ਕੀਤਾ ਜਾਂਦਾ ਹੈ, ਚਾਹੇ ਇਹ ਵਿਆਹ ਭਾਵੇਂ ਅੰਤਰਜਾਤੀ ਹੋਵੇ ਜਾਂ ਜਾਤ ਬਰਾਦਰੀ ਦੇ ਅੰਦਰ ਹੀ।

**ਦੱਖਣੀ ਸਿੱਖਾਂ ਦਾ ਧਾਰਮਿਕ ਜੀਵਨ:**

ਹਰ ਰਿਸਾਲਾ ਨਾਲ ਸਿੱਖ ਫੌਜੀ ਯੂਨਿੱਟ ਵਿੱਚ ਗੁਰਦੁਆਰਾ ਬਣਦਾ ਸੀ। ਰਿਸਾਲਦਾਰ ਪ੍ਰਬੰਧਕੀ ਅਤੇ ਸਰਕਾਰੀ ਫਰਜ਼ ਵੀ ਨਿਭਾਉਣੇ ਹੁੰਦੇ ਸਨ। ਇੱਕ ਸਿਪਾਹੀ ਨੂੰ ਗ੍ਰੰਥੀ ਵਜੋਂ ਰੱਖਿਆ ਜਾਂਦਾ ਸੀ -ਗ੍ਰੰਥੀ, ਜਿਸ ਨੇ ਨਾ ਕੇਵਲ ਗੁਰਦੁਆਰਾ ਸਾਹਿਬ ਵਿੱਚ ਸੇਵਾ ਕਰਨੀ ਹੁੰਦੀ ਸੀ, ਨਾਲ ਹੀ ਇਸ ਨੇ ਗੁਰਬਾਣੀ ਤੇ ਗੁਰਮੁਖੀ ਲਿੱਪੀ ਵੀ ਸਿਖਾਈ ਜਾਂਦੀ ਸੀ ਤਾਂ ਜੋ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਪੂਰਾ ਪਾਠ ਕਰ ਸਕੇ। ਇਹ ਧਾਰਮਿਕ ਸਿੱਖਿਆ ਹਰੇਕ ਬੱਚੇ ਲਈ ਲਾਜ਼ਮੀ ਸੀ ਅਤੇ ਇਹ ਹਰ ਇੱਕ

ਦੱਖਣੀ ਸਿੱਖ ਦੀ ਗੁਰਮੁਖੀ ਲਿੱਪੀ ਵਿੱਚ ਗੁਰਬਾਣੀ ਪੜ੍ਹਨ ਦੀ ਰਵਾਇਤ ਦਾ ਪਿਛੋਕੜ ਹੈ।

ਆਮ ਤੌਰ 'ਤੇ ਭਾਸ਼ਾ ਧਰਮ ਨਾਲ ਸੰਬੰਧਤ ਨਹੀਂ ਹੈ, ਕਿਸੇ ਖਿੱਤੇ ਨਾਲ ਸੰਬੰਧਤ ਹੁੰਦੀ ਹੈ। ਪੰਜਾਬੀ ਭਾਸ਼ਾ ਬੋਲਣ ਅਤੇ ਵਰਤੋਂ ਵਿਚ ਲਿਆਉਣ ਦੇ ਮਾਹੌਲ ਅਤੇ ਮੌਕੇ ਦੀ ਘਾਟ ਕਾਰਨ, ਉਨ੍ਹਾਂ ਦੀ ਸਥਾਨਕ ਭਾਸ਼ਾ, ਖਾਸ ਕਰਕੇ ਉਰਦੂ ਨਾਲ ਸਾਂਝ ਬਣੀ ਜੋ ਕਿ ਦਖਣ ਦੀ ਸਰਕਾਰੀ ਜ਼ੁਬਾਨ ਸੀ।

ਅੱਜ ਵੀ, ਪੁਰਸ਼ ਸਾਰੇ ਜ਼ਰੂਰੀ ਪੰਜ ਕਕਾਰ ਪਹਿਨਦੇ ਹਨ। ਉਨ੍ਹਾਂ ਦੀਆਂ ਔਰਤਾਂ ਸਥਾਨਕ ਕੱਪੜੇ ਪਹਿਨਦੇ ਹਨ ਅਤੇ ਸਥਾਨਕ ਭਾਸ਼ਾਵਾਂ ਬੋਲਦੇ ਹਨ। ਸਾਰੇ ਦੱਖਣੀ ਸਿੱਖ ਧਾਰਮਿਕ ਕਦਰਾਂ-ਕੀਮਤਾਂ ਦੀ ਪਾਲਣਾ ਕਰਦੇ ਹੋਏ ਅੰਮ੍ਰਿਤਧਾਰੀ, ਕੇਸਾਧਾਰੀ ਅਤੇ ਕਿਰਪਾਨਧਾਰੀ ਹਨ ਅਤੇ ਹੋਰ ਭਾਈਚਾਰਿਆਂ ਵਿੱਚ ਆਪਣੇ ਧਾਰਮਕ ਹੋਣ ਲਈ ਸਤਿਕਾਰ ਪਾਉਂਦੇ ਹਨ।

ਮਾਸ ਖਾਣ ਲੱਗਿਆਂ ਸਿੱਖ ਰਹਿਤ ਮਰਿਯਾਦਾ ਦਾ ਪੂਰਾ ਧਿਆਨ ਰੱਖਿਆ ਜਾਂਦਾ ਹੈ ਅਤੇ ਉਹ ਕੇਵਲ ਝੱਟਕਾ ਕੀਤਾ ਮਾਸ ਹੀ ਖਾਂਦੇ ਹਨ। ਦਾੜ੍ਹੀ ਅਤੇ ਮੁੱਛਾਂ ਦੀ ਬੇਅਦਬੀ ਨਹੀਂ ਕਰਦੇ। ਸਿੱਖ ਰਹਿਤ ਮਰਯਾਦਾ ਵਿੱਚ ਮਨਾਹੀ ਦੇ ਤੌਰ 'ਤੇ ਮੁਸਲਮਾਨਾਂ ਦੇ ਢੰਗ ਨਾਲ ਮਾਸ ਦੀ ਵਰਤੋਂ ਨਹੀਂ ਕੀਤੀ ਜਾਂਦੀ।

ਇੱਕ ਖਾਸ ਘਟਨਾ ਨਾਲ ਇਲਾਕੇ ਦੇ ਦੱਖਣੀ ਸਿੱਖਾਂ ਦੇ ਚਰਿੱਤਰ ਦੀ ਡੂੰਘੀ ਸਮਝ ਪਵੇਗੀ। ਨੰਦੇੜ ਵਿੱਚ, ਇੱਕ ਵਾਰ ਕਲੈਕਟਰ-ਤਾਲੁਕਦਾਰ ਨੇ ਡਿਵੀਜ਼ਨਲ ਕਮਿਸ਼ਨਰ - ਸੂਬੇਦਾਰ ਲਈ ਇਕ ਪਾਰਟੀ ਰੱਖੀ ਅਤੇ ਰਾਗੀ ਸਿੰਘ ਨੂੰ ਫਾਰਸੀ ਭਾਸ਼ਾ ਗੁਰਬਾਣੀ ਦਾ ਪਾਠ ਕਰਨ ਲਈ ਕਿਹਾ, ਕਿਉਂਕਿ ਉਸਨੂੰ ਉਹ ਪਸੰਦ ਸੀ। ਜਦੋਂ ਰਾਗੀ-ਭਾਈ ਤਹਾਲ ਸਿੰਘ, ਭਾਈ ਜਗਤ ਸਿੰਘ ਅਤੇ ਭਾਈ ਸਰਦੂਲ ਸਿੰਘ-ਗੁਰਦੁਆਰੇ ਦੇ ਸਾਰੇ ਕਰਮਚਾਰੀ ਉੱਥੇ ਪਹੁੰਚੇ, ਉਨ੍ਹਾਂ ਨੂੰ ਫਰਸ਼ ਤੇ ਬੈਠਣ ਲਈ ਕਿਹਾ ਗਿਆ ਜਦ ਕਿ ਅਫਸਰ ਇੱਕ ਪਲੇਟਫਾਰਮ ਤੇ ਕੁਰਸੀਆਂ ਉੱਤੇ ਕਬਜ਼ਾ ਕਰੀ ਬੈਠੇ ਸਨ। ਰਾਗੀਆਂ ਨੇ ਨਿਮਰਤਾ ਨਾਲ ਗੁਰਬਾਣੀ ਗਾਇਨ ਕਰਨ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਕੁਝ ਲੋਗ ਉੱਚੇ ਪੱਧਰ ਤੇ ਬੈਠੇ ਸਨ ਤੇ ਇਹ ਗੁਰਬਾਣੀ ਦੀ ਤੌਹੀਨ ਸਮਝੀ ਗਈ।

ਪ੍ਰੋਗਰਾਮ ਵਿੱਚ ਮੌਜੂਦ ਸਾਰੇ ਉੱਚ ਅਧਿਕਾਰੀਆਂ ਨੇ ਰਾਗੀ ਸਿੰਘਾਂ ਦੇ ਫੈਸਲੇ ਦੀ ਸ਼ਲਾਘਾ ਕੀਤੀ। ਸਾਰੇ ਆਪਣੀਆਂ ਕੁਰਸੀਆਂ ਤੋਂ ਹੇਠਾਂ ਆ ਗਏ ਅਤੇ ਬੜੀ ਸ਼ਰਧਾ ਨਾਲ ਗੁਰਬਾਣੀ ਨੂੰ ਸਤਿਕਾਰਿਆ ਅਤੇ ਮਾਣਿਆ ਗਿਆ। ਚੇਤੇ ਰਹੇ ਕਿ ਇਹ ਉਹ ਰਾਗੀ ਸਨ, ਜੋ ਸਾਲ 1928 ਵਿੱਚ 12, 10 ਅਤੇ 8 ਸਾਲ ਦੀ ਉਮਰ ਵਿੱਚ ਗੁਰਮਤਿ ਸੰਗੀਤ ਵਿਦਿਆਲੇ ਤਰਨ ਤਾਰਨ ਸਾਹਿਬ, ਅੰਮ੍ਰਿਤਸਰ ਲਈ ਸਾਢੇ ਤਿੰਨ ਸਾਲਾਂ ਦੀ ਗੁਰਮਤਿ ਸੰਗੀਤ ਸਿਖਲਾਈ ਲਈ ਤੇ ਨਿਜ਼ਾਮ ਹੈਦਰਾਬਾਦ ਦੀ ਸਰਕਾਰ ਦੇ ਖਰਚੇ ਤੇ ਸਿਖਲਾਈ ਪ੍ਰਾਪਤ ਕਰਕੇ ਆਏ ਸਨ।

ਦੱਖਣੀ ਸਿੱਖ, ਪੰਜਾਬ ਤੋਂ ਜੋ ਵੀ ਧਾਰਮਿਕ ਰੀਤੀ-ਰਿਵਾਜ਼ ਨਾਲ ਲੈ ਕੇ ਆਏ ਉਨ੍ਹਾਂ ਨੇ ਨਾਂਦੇੜ ਆ ਕੇ ਪਾਲਣਾ ਸ਼ੁਰੂ ਕਰ ਦਿੱਤੀ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਸ਼ਾਮਿਲ ਸਨ। ਗੁਰਦੁਆਰਾ ਸੁਧਾਰ ਲਹਿਰ ਦੇ ਬਾਅਦ ਪੰਜਾਬ ਨੇ ਇਸ ਰੀਤ ਨੂੰ ਖਤਮ ਕਰ ਦਿੱਤਾ ਸੀ, ਜਦੋਂ ਕਿ ਇਹ ਅੱਜ ਵੀ ਦੱਖਣ ਵਿੱਚ

ਜਾਰੀ ਹੈ।

ਦਿਲਚਸਪ ਗੱਲ ਇਹ ਹੈ ਕਿ, ਪੰਜਾਬ ਨੇ ਕਈ ਕਾਰਜਾਂ ਨੂੰ ਤਿਆਗ ਦਿੱਤਾ ਹੈ ਪਰ ਦੱਖਣੀ ਸਿੱਖਾਂ ਦੁਆਰਾ ਸੱਚੇ ਦਿਲੋਂ ਉਨ੍ਹਾਂ ਦੀ ਪਾਲਣਾ ਅੱਜ ਵੀ ਕੀਤੀ ਜਾ ਰਹੀ ਹੈ। ਰਹਿਤ ਮਰਿਯਾਦਾ ਮੁਤਾਬਕ ਅਤੇ ਸਦੀਆਂ ਤੋਂ ਚਲ ਰਹੀ ਪਰੰਪਰਾ ਤੇ ਪਹਿਰਾ ਦਿੰਦੇ ਹੋਏ ਦੱਖਣੀ ਸਿੱਖ ਆਪਣੇ ਨਾਵਾਂ ਨਾਲ ਆਪਣੀ ਗੋਤ ਨਹੀ ਲਾਉਂਦੇ। ਉਹ ਅੰਮ੍ਰਿਤਧਾਰੀ ਸਿੱਖ ਨੂੰ ਅੰਮ੍ਰਿਤ ਛਕਣ ਤੋਂ ਪਹਿਲਾਂ ਵਾਲੀ ਜਾਤ ਦੇ ਅਧਾਰ ਤੇ ਵਿਤਕਰਾ ਨਹੀ ਕਰਦੇ। ਵਿਆਹ ਲਈ, ਵਿਅਕਤੀ ਦੀ ਸ਼ਖਸ਼ੀਅਤ ਅਤੇ ਪਰਿਵਾਰ ਦੇ ਸਮੁੱਚੇ ਦਰਜੇ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ ਨਾ ਕਿ ਜਾਤਪਾਤ ਜ਼ਾ ਬੰਸਾਵਲੀ ਨੂੰ।

ਜਦੋਂ ਸਿੱਖ ਫੌਜ ਇਸ ਖੇਤਰ ਵਿੱਚ ਆ ਗਈ ਤਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ ਬੀੜਾਂ ਨਾਲ ਲਿਆਏ ਸੀ। ਇੱਕ ਅਭਿਆਸ ਦੇ ਤੌਰ ਤੇ ਉਹ ਆਪਣੇ ਸਾਰੇ ਫੌਜੀ ਮੁਹਿੰਮਾਂ ਦੌਰਾਨ ਇਨ੍ਹਾਂ ਬੀੜਾਂ ਨੂੰ ਨਾਲ ਰੱਖਦੇ ਸੀ। ਦੱਖਣੀ ਸਿੱਖਾਂ ਦੇ ਗੁਰਦੁਆਰਿਆਂ ਵਿੱਚ ਦੋਨੋ ਗ੍ਰੰਥ ਮੌਜੂਦ ਹਨ। ਉਹ ਹਰ ਸੰਗਤ ਵਿੱਚ ਸ੍ਰੀ ਗੁਰੂ ਗੰਥ ਸਾਹਿਬ ਨੂੰ ਮੱਥਾ ਟੇਕਦੇ ਹਨ ਤੇ ਹੁਕਮ ਲੈਂਦੇ ਹਨ ਪਰ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਸਨਮੁਖ ਮੱਥਾ ਨਹੀਂ ਟੇਕਦੇ। ਉਹ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਗੁਰੂ ਜਾਣ ਸਿਰ ਝੁਕਾਉਂਦੇ ਹਨ। ਇਸਦੀ ਆਲੋਚਨਾ ਕਰਨਾ ਅਗਿਆਨਤਾ ਹੀ ਕਹੀ ਜਾ ਸਕਦੀ ਹੈ।

**ਭਾਈ ਕਾਨ੍ਹ ਸਿੰਘ ਨਾਭਾ ਦੀ ਨਾਂਦੇੜ ਫੇਰੀ:**

ਭਾਈ ਕਾਨ੍ਹ ਸਿੰਘ ਨਾਭਾ ਸਿੱਖੀ ਦਾ ਇੱਕ ਬੇਜੋੜ ਵਿਦਵਾਨ ਸੀ, ਜਿਸਦਾ ਮਹਾਨਕੋਸ਼, ਪੰਜਾਬੀ ਵਿੱਚ ਸਿੱਖ ਧਰਮ ਦਾ ਪਹਿਲਾ ਐਨਸਾਈਕਲੋਪੀਡੀਆ ਹੈ, ਜਿਸਦੀ ਬਰਾਬਰੀ ਅਜ ਤਕ ਕੋਈ ਨਹੀ ਕਰ ਸਕਿਆ। ਉਹ ਜਰਮਨ ਵਿਦਵਾਨ, ਮੈਕਸ ਆਰਥਰ ਮੈਕਾਲਿਫ਼ ਜਿਸਨੇ "ਸਿੱਖ ਰਿਲਿਜਨ" ਦੀਆਂ 6 ਜਿਲਦਾਂ ਲਿਖੀਆਂ ਹਨ ਦੇ ਮੁਖ ਸਲਾਹਕਾਰ ਸਨ।

ਇਤਿਹਾਸਕ ਰਿਕਾਰਡ ਦੱਸਦਾ ਹੈ ਕਿ ਭਾਈ ਸਾਹਿਬ 1884 ਵਿੱਚ ਨੰਦੇੜ ਗਏ ਸਨ। ਸਾਲ 1929 ਵਿੱਚ ਚੀਫ਼ ਖਾਲਸਾ ਦੀਵਾਨ ਨੇ ਬ੍ਰਿਟਿਸ਼ ਜੱਜ ਸ਼੍ਰੀ ਏ. ਐਚ. ਕਯੂਮਿੰਗ ਦੀ ਨਿਆਂਇਕ ਜਾਂਚ ਕਰਨ ਤੋਂ ਪਹਿਲਾਂ ਉਸ ਨੂੰ ਭਾਰਤ ਸਰਕਾਰ ਵੱਲੋਂ ਹੈਦਰਾਬਾਦ ਸਰਕਾਰ ਨੂੰ ਦੇਣ ਲਈ ਭੇਜਿਆ ਸੀ।

ਨਾਂਦੇੜ ਦੇ ਗੁਰਦੁਆਰਾ ਮਾਲ ਟੇਕੜੀ ਸਾਹਿਬ ਦੇ ਮਸਲੇ ਨੇ ਸਹਿਜੇ-ਸਹਿਜੇ ਦੱਖਣੀ ਸਿੱਖਾਂ ਅਤੇ ਮੁਸਲਮਾਨਾਂ ਵਿਚਕਾਰ ਫਿਰਕੂ ਰੰਗ ਲੈ ਲਿਆ। ਇਸ ਮਸ਼ਹੂਰ ਕੇਸ ਵਿੱਚ ਫੈਸਲਾ ਸਿੱਖਾਂ ਦੇ ਹੱਕ ਵਿੱਚ ਗਿਆ। ਇਸ ਸੰਦਰਭ ਤੋਂ ਇਲਾਵਾ ਭਾਈ ਸਾਹਿਬ ਕਾਹਨ ਸਿੰਘ ਦੁਆਰਾ ਦੱਖਣ ਵਿੱਚ ਸਿੱਖਾਂ ਨਾਲ ਆਪਣੀ ਗੱਲਬਾਤ ਬਾਰੇ ਕੋਈ ਹੋਰ ਯੋਗਦਾਨ ਨਹੀਂ ਮਿਲਦਾ।

ਹੋ ਸਕਦਾ ਹੈ ਕਿ ਉਹ ਇਕ ਇਤਿਹਾਸਕਾਰ ਨਹੀਂ ਸੀ, ਉਸ ਨੇ ਇਸ ਤਰ੍ਹਾਂ ਨਹੀਂ ਲਿਖਿਆ ਸੀ, ਪਰ ਹੋਰ ਇਤਿਹਾਸਕਾਰ ਸਨ, ਜਿਹੜੇ ਇੱਥੇ ਸਿਖਾਂ ਅਤੇ ਇਸ

# ਦੱਖਣੀ ਸਿੱਖਾਂ ਦੀਆਂ ਹੈਦਰਾਬਾਦ ਵਿੱਚ ਨਿਸ਼ਾਨੀਆਂ









ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਰਸਾਲਦਾਰਾਂ ਵਿੱਚੋਂ ਪੜਪੋਤੇ ਨਾਨਕ ਸਿੰਘ ਨਿਸ਼ਤਰ

# ਹਜ਼ੂਰ ਸਾਹਿਬ ਨਾਂਦੇੜ ਵਿਖੇ ਦੱਖਣੀ ਸਿੰਘਾਂ ਦਾ ਜਲੌਅ
# ਪੁਰਾਤਨ ਅਤੇ ਅਜੋਕਾ







ਗੁਰਦੁਆਰੇ ਦੇ ਵਿਵਾਦ ਨਾਲ ਸਬੰਧ ਰੱਖਦੇ ਸਨ; ਹਾਲਾਂਕਿ ਲੇਖਕ ਅਜਿਹੀ ਕਿਸੀ ਲਿਖਤ ਦਾ ਪਤਾ ਨਹੀਂ ਲਗਾ ਸਕਿਆ ਜਿਸ ਵਿਚ ਦੱਖਣੀ ਸਿੱਖਾਂ ਦਾ ਭਰਪੂਰ ਵੇਰਵਾ ਹੋਵੇ।

**ਮਿਸਟਰ ਹੈਨਕਿਨ ਅਤੇ ਉਸਦੀ ਆਖਰੀ ਇੱਛਾ:**

ਮਿਸਟਰ ਹੈਨਕਿਨ ਹੈਦਰਾਬਾਦ ਰਾਜ ਵਿੱਚ ਕਈ ਸਾਲ ਪੁਲਿਸ ਦੇ ਡਾਇਰੈਕਟਰ ਜਨਰਲ (ਜੇਲ੍ਹ) ਸਨ। ਹੈਦਰਾਬਾਦ ਛੱਡਣ ਤੋਂ 9 ਸਾਲ ਬਾਅਦ ਗੁਰਦੁਆਰਾ ਮਾਲ ਟੇਕੜੀ ਕੇਸ ਵਿੱਚ, ਯੂ. ਕੇ. ਦੇ ਕਮਿਸ਼ਨ ਵਿੱਚ ਉਸ ਦੀ ਸਰਕਾਰੀ ਹੈਸੀਅਤ ਵਿੱਚ ਬਿਆਨ ਲਏ ਗਏ ਸਨ ਕਿਉਂਕਿ ਉਹ ਸੱਚਖੰਡ ਗੁਰਦੁਆਰਾ ਸਾਹਿਬ ਦੇ ਮਾਮਲਿਆਂ ਦੇ ਚੀਫ ਕੰਟਰੋਲਰ ਸਨ।

ਆਪਣੇ ਆਖਰੀ ਦਿਨਾਂ ਵਿੱਚ, ਜਦੋ ਮਿਸਟਰ ਹੈਨਕਿਨ ਬਿਮਾਰ ਸੀ ਅਤੇ ਮਰਨ ਕਿਨਾਰੇ ਸੀ ਤਾਂ ਉਸਨੇ ਇਕ ਸੁਨੇਹਾ ਭੇਜਿਆ ਕਿ ਤਖਤ ਹਜ਼ੂਰ ਸਾਹਿਬ ਵਿਖੇ ਉਸਦੇ ਵਲੋਂ ਜਾਣੇ-ਅਣਜਾਣੇ ਕੀਤੀਆਂ ਭੁੱਲਾਂ ਬਖਸ਼ਾਉਣ ਲਈ ਅਖੰਡ ਪਾਠ ਸਾਹਿਬ ਰੱਖਿਆ ਜਾਵੇ। ਕਿਹਾ ਜਾਂਦਾ ਹੈ ਕਿ ਉਹ ਅਖੰਡ ਪਾਠ ਦੇ ਭੋਗ ਸਮੇਂ ਅਰਦਾਸ ਉਪਰੰਤ ਸਵਾਸ ਛੱਡ ਗਏ, ਗਰੂ ਸਾਹਿਬ ਲਈ ਅਜਿਹੀ ਵਚਨਬੱਧਤਾ, ਸ਼ਰਧਾ ਅਤੇ ਵਿਸ਼ਵਾਸ਼ ਸੀ।

ਉਸ ਨੇ ਸਿੱਖਾਂ ਨੂੰ ਸਨਮਾਨਿਤ ਕੀਤਾ ਅਤੇ ਉਨ੍ਹਾਂ ਤੇ ਪੂਰਾ ਵਿਸ਼ਵਾਸ਼ ਕੀਤਾ। ਪੁਲਿਸ ਅਤੇ ਜੇਲ੍ਹ ਵਿਭਾਗ ਦੇ ਮੁਖੀ ਵਜੋਂ ਆਪਣੇ ਕਾਰਜਕਾਲ ਦੇ ਦੌਰਾਨ, ਜਮਾਇਤ-ਏ-ਸਿੱਖਾਂ (ਸਿੱਖ ਫੋਰਸ ਦੀ ਅਨਿਅਮਤ ਫੌਜ) ਨੂੰ ਵਿਭਾਗ ਦੇ ਹੁਕਮ ਦੇ ਅਧੀਨ ਰੱਖਿਆ ਗਿਆ ਸੀ। 1951 ਈ. ਵਿੱਚ ਹੈਦਰਾਬਾਦ ਰਾਜ ਨੂੰ ਭਾਰਤੀ ਸੰਘ ਨਾਲ ਮਿਲਾਉਣ ਤੋਂ ਬਾਅਦ ਇਸ ਫੋਰਸ ਨੂੰ ਖਤਮ ਕਰ ਦਿੱਤਾ ਗਿਆ ਸੀ। ਇਸ ਤਰ੍ਹਾਂ ਦੱਖਣੀ ਸਿੱਖਾਂ ਅਤੇ ਉਨ੍ਹਾਂ ਦੇ ਪਰਿਵਾਰ ਜੋ ਇਸ ਫੋਰਸ ਦੇ ਮੈਂਬਰ ਸਨ, ਨੇ ਆਪਣੇ ਸਾਰੇ ਮਾਣ ਅਤੇ ਵਿਸ਼ੇਸ਼ ਅਧਿਕਾਰ ਗੁਆ ਦਿੱਤੇ।

**ਸਿੱਖ ਕਦਰਾਂ-ਕੀਮਤਾਂ ਦੇ ਸਹੀ ਰਖਵਾਲੇ:**

ਇਤਿਹਾਸ ਤੋਂ ਇਹ ਸਪੱਸ਼ਟ ਹੈ ਕਿ ਕੋਈ ਵੀ ਕੌਮ ਦਾ ਗ਼ੁਲਾਮ ਬਣਾਉਣਾ ਜਾਂ ਕਿਸੇ ਵੀ ਧਰਮ ਨੂੰ ਤੋੜਨ ਲਈ ਸਾਹਿਤ ਨੂੰ ਪਹਿਲਾਂ ਤਬਾਹ ਕਰ ਦਿੱਤਾ ਜਾਂਦਾ ਹੈ। ਸਾਲ 1193 ਵਿੱਚ, ਵਿਦੇਸ਼ੀ ਹਮਲਾਵਰ ਬਖਿਤਯਾਰ ਖਿਲਜੀ, ਨੇ ਲਾਇਬਰੇਰੀਆਂ ਨੂੰ ਅੱਗ ਲਾਉਣ ਅਤੇ ਬਿਹਾਰ ਦੇ ਨਾਲੰਦਾ ਯੂਨੀਵਰਸਿਟੀ ਨੂੰ ਨੇਸਤਨਾਬੂਤ ਕਰਨ ਦਾ ਕੋਝਾ ਕੰਮ ਕੀਤਾ।

ਹਜ਼ਾਰਾਂ ਸਾਲ ਪਹਿਲਾਂ ਸਥਾਪਤ ਕੀਤੀ ਇਸ ਯੁਨੀਵਰਸਿਟੀ ਵਿਚ ਉਸ ਸਮੇਂ 10,000 ਵਿਦਿਆਰਥੀ ਪੜ੍ਹਦੇ ਅਤੇ 200 ਅਧਿਆਪਕਾਂ ਪੜ੍ਹਾਉਂਦੇ ਸਨ। ਉਹ ਦੁਨੀਆਂ ਦੀ ਉਸ ਵੇਲੇ ਦੀ ਸਭ ਤੋਂ ਵੱਡੀ ਕੌਮਾਂਤ੍ਰੀ ਯੁਨੀਵਰਸਿਟੀ ਸੀ। ਬੁੱਧ ਧਰਮ ਭਾਰਤ ਵਿਚ ਜਨਮਿਆ ਪਰ ਭਾਰਤ ਵਿਚੋਂ ਖਤਮ ਕਰ ਦਿੱਤਾ ਗਿਆ ਸੀ। ਸਿੱਖ ਧਰਮ ਪੰਜਾਬ ਵਿਚ ਜਨਮਿਆ ਪਰ ਅੱਜ ਸਿੱਖ ਇਕ ਕੌਮਾਂਤ੍ਰੀ ਭਾਈਚਾਰਾ ਹੈ।

ਦੱਖਣੀ ਸਿੱਖਾਂ ਨੇ ਪੰਜਾਬ ਤੋਂ ਬਾਹਰ ਰਹਿੰਦੇ ਹੋਏ ਵੀ ਸਿੱਖੀ ਦੇ ਮੂਲ ਸਿਧਾਂਤਾਂ ਨੂੰ ਪੱਕੀ

ਤਰ੍ਹਾਂ ਪਾਲ ਕੇ ਰੱਖਿਆ ਹੈ ਅਤੇ ਸਿੱਖੀ ਦਾ ਮਿਆਰ ਉੱਚਾ ਰਖਿਆ ਹੈ ਪਰ ਇਹ ਗਲ ਹੋਰਾਂ ਬਾਰੇ ਨਹੀ ਕਹੀ ਜਾ ਸਕਦੀ ਹੈ।

ਦੱਖਣ ਤੇ ਸਿੱਖਾਂ ਦੀ ਕਹਾਣੀ ਇਥੇ ਖਤਮ ਨਹੀਂ ਹੁੰਦੀ। ਇਹ ਅਸਲ ਵਿੱਚ ਇੱਥੋਂ ਸ਼ੁਰੂ ਹੁੰਦੀ ਹੈ। ਕਹਾਣੀ ਨੂੰ ਇਸ ਦੀ ਸਾਰੀ ਮਹਿਮਾ ਵਿੱਚ ਦੁਬਾਰਾ ਵਿਸਥਾਰ ਨਾਲ ਪੇਸ਼ ਕਰਨ ਦੀ ਜ਼ਰੂਰਤ ਹੈ। ਇਸ ਮੋਨੋਗ੍ਰਾਫ ਤੋਂ ਸੇਧ ਲੈਕੇ ਸਿੱਖ ਵਿਦਿਆਰਥੀ ਅਤੇ ਇਤਿਹਾਸਕ ਖੋਜਾਰਥੀ ਇਸ ਖੇਤਰ ਵਿੱਚ ਕੰਮ ਕਰ ਸਕਦੇ ਹਨ।

**ਅੰਗਰੇਜ਼ੀ ਤੋਂ ਤਰਜਮਾਂ: ਇੰਜੀ. ਹਰਭਜਨ ਸਿੰਘ ਕੋਹਲੀ**



**ਸਿੱਖ ਵਿਦਵਾਨ, ਚਿੰਤਕ, ਖੋਜੀ, ਸਿੱਖੀ-ਇਸਲਾਮ ਸਾਂਝ ਦੇ ਅਲੰਬਰਦਾਰ ਨਾਨਕ ਸਿਘ ਨਿਸ਼ਤਰ ਸਿੱਖ ਕੌਮ ਦੀ ਇਤਿਹਾਸਕ ਸ਼ਖਸ਼ੀਅਤ ਹੈ ਜਿਸਨੇ ਸਵੈ-ਉਤਸ਼ਾਹਤ ਹੋ ਕਿ ਕੌਮ ਦੇ ਅਨੇਕਾਂ ਅਕਾਦਮਕ, ਸਮਾਜਕ, ਧਾਰਮਕ ਅਤੇ ਸਿਆਸੀ ਖੇਤਰਾਂ ਵਿੱਚ ਯੋਗਦਾਨ ਪਾਇਆ ਹੈ। ਉਹ ਪੰਜਾਬ ਤੋਂ ਦੂਰ ਹੋ ਕੇ ਵੀ ਸਿੱਖ ਧਰਮ ਦੇ ਫਲਸਫੇ ਨੂੰ ਆਪਣੀ ਕਲਮ ਦੇ ਜ਼ੋਰ ਨਾਲ ਕੌਮਾਂਤਰੀ ਪੱਧਰ ਤੱਕ ਫੈਲਾ ਰਹੇ ਹਨ। ਉਹ ਉਰਦੂ, ਹਿੰਦੀ, ਇੰਗਲਿਸ਼, ਪੰਜਾਬੀ ਦੇ ਨਾਲ-ਨਾਲ ਤੇਲਗੂ ਤੇ ਮਰਾਠੀ ਵੀ ਜਾਣਦੇ ਹਨ। ਉਹਨਾਂ ਦਾ ਪਿਛੋਕੜ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਨਾਲ ਜੁੜਦਾ ਹੈ ਜੋ** 1830 **ਵਿੱਚ ਨਵਾਬ ਹੈਦਰਾਬਾਦ ਦੀ ਮਦਦ ਲਈ ਗਈ ਸੀ ਤੇ ਉਥੇ ਹੀ ਰਹਿ ਗਈ।। ਉਨ੍ਹਾਂ ਦਾ ਤਖੱਲਸ ਨਿਸ਼ਤਰ ਹੈ ਕਿਉਂਕਿ ਉਹ ਉਰਦੂ ਦੇ ਸ਼ਾਇਰ ਹਨ। ਉਨ੍ਹਾਂ ਨਾਲ ਈਮੇਲ** nanaknishter@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਸਿਕਲੀਗਰ ਕਬੀਲੇ -ਇੱਕ ਨਜ਼ਰ

## ਡਾ. ਚਮਕੌਰ ਸਿੰਘ

**ਭੂਮਿਕਾ**

ਗੁਰੂ ਨਾਨਕ ਸਾਹਿਬ ਵਲੋਂ ਚਲਾਏ ਨਿਰਮਲ ਪੰਥ/ਗੁਰੂ-ਪੰਥ ਵਿਚ ਜਾਤ-ਪਾਤ, ਰੰਗ, ਨਸਲ, ਲਿੰਗ, ਬੋਲੀ, ਇਲਾਕੇ, ਮਜ਼ਹਬ ਆਦਿ ਕਿਸੇ ਵੀ ਆਧਾਰ ਤੇ ਕਿਸੇ ਨਾਲ ਕੋਈ ਵੀ ਭੇਦ-ਭਾਵ ਜਾਂ ਵਿਤਕਰਾ ਨਹੀਂ ਕੀਤਾ ਜਾਂਦਾ। ਇਹੀ ਕਾਰਨ ਹੈ ਕਿ ਮਨੁੱਖੀ ਸਮਾਜ ਦੇ ਹਰ ਵਰਗ ਦਾ ਗੁਰੂ-ਪੰਥ ਨਾਲ ਗਹਿਰਾ ਸੰਬੰਧ ਰਿਹਾ ਹੈ। ਕਿਸਾਨ, ਮਜ਼ਦੂਰ, ਵਪਾਰੀ, ਦੁਕਾਨਦਾਰ, ਦਸਤਕਾਰ, ਮੁਲਾਜ਼ਮ, ਅਮੀਰ, ਗਰੀਬ ਸਭ ਵਰਗ ਸ਼ੁਰੂ ਤੋਂ ਹੀ ਗੁਰੂ-ਪੰਥ ਨਾਲ ਜੁੜੇ ਆ ਰਹੇ ਹਨ। ਇਹ ਇਕ ਇਤਿਹਾਸਕ ਸੱਚਾਈ ਹੈ ਕਿ ਦੱਖਣੀ ਏਸ਼ੀਆ ਦੇ ਵਿਸ਼ਾਲ ਖਿੱਤੇ, ਵਿਸ਼ੇਸ਼ ਕਰ ਅਜੋਕੇ ਭਾਰਤ ਦੇ ਦੂਰ-ਦਰਾਜ ਖੇਤਰਾਂ ਵਿਚ ਗੁਰੂ ਨਾਨਕ ਦੀ ਸਿੱਖੀ ਦਾ ਵਿਆਪਕ ਪ੍ਰਭਾਵ ਰਿਹਾ ਹੈ। ਇਸ ਖੇਤਰ ਵਿਚ ਥੋੜ੍ਹੀ ਬਹੁਤ ਦਿਲਚਸਪੀ ਰੱਖਣ ਵਾਲੇ ਖੋਜੀਆਂ ਨੂੰ ਹੈਰਾਨੀਜਨਕ ਤੱਥ ਮਿਲੇ ਹਨ। ਭਾਰਤ ਦੇ ਵੱਖ-ਵੱਖ ਰਾਜਾਂ -ਮੱਧ ਪ੍ਰਦੇਸ਼, ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਕਰਨਾਟਕ, ਛੱਤੀਸਗੜ੍ਹ ਆਦਿ ਵਿਚ ਕਈ ਐਸੇ ਕਬੀਲਿਆਂ ਬਾਰੇ ਪਤਾ ਲੱਗਾ ਹੈ ਜਿਹੜੇ ਅੱਜ ਤੱਕ ਗੁਰੂ ਨਾਨਕ ਦੀ ਸਿੱਖੀ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਾਂਭੀ ਬੈਠੇ ਹਨ।

ਇਨ੍ਹਾਂ ਵਿਚੋਂ ਸਿਕਲੀਗਰ, ਵਣਜਾਰੇ, ਲੁਬਾਣੇ, ਸਤਨਾਮੀ, ਭੀਲ ਆਦਿ ਬਹੁਤ ਸਾਰੇ ਕਬੀਲੇ/ਵਰਗ ਅੱਜ ਮੁੱਖ ਧਾਰਾ ਤੋਂ ਅਲੱਗ-ਥਲੱਗ ਹੋ ਚੁੱਕੇ ਹਨ। ਇਨ੍ਹਾਂ ਬਾਰੇ ਵਿਆਪਕ ਪੱਧਰ ਤੇ ਸੰਜੀਦਾ ਖੋਜ-ਕਾਰਜ ਅਤੇ ਸਰਵੇਖਣ ਹੋਣੇ ਲੋੜੀਂਦੇ ਹਨ ਤਾਂ ਜੋ ਇਨ੍ਹਾਂ ਕਬੀਲਿਆਂ ਬਾਰੇ ਬਹੁਮੁੱਲੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ। ਇਸ ਨਿਬੰਧ ਵਿਚ ਕੇਵਲ ਸਿਕਲੀਗਰ ਕਬੀਲੇ ਦੇ ਗੁਰੂ-ਪੰਥ ਨਾਲ ਸੰਬੰਧਾਂ ਦਾ ਸੰਭਵ ਵਰਣਨ ਕੀਤਾ ਜਾਵੇਗਾ।

**ਸਿਕਲੀਗਰ ਕਬੀਲਾ: ਅਰਥ ਅਤੇ ਪਛਾਣ**

'ਸਿਕਲੀਗਰ' ਸ਼ਬਦ ਫ਼ਾਰਸੀ ਭਾਸ਼ਾ ਦੇ 'ਸਕਲਗਰ' ਦਾ ਪੰਜਾਬੀ ਰੂਪਾਂਤਰ ਹੈ, ਜਿਸ ਦਾ ਅਰਥ ਹੈ- ਸਿਕਲ ਕਰਨ ਵਾਲਾ, ਜੰਗ (ਜੰਗਾਲ) ਉਤਾਰਨ ਵਾਲਾ। ਅਰਬੀ/ਫ਼ਾਰਸੀ ਵਿਚ 'ਸਕਲ' (ਸਿਕਲ) ਦਾ ਅਰਥ ਹੈ- ਸਾਫ਼ ਕਰਨ ਦੀ ਕਿਰਿਆ, ਜੰਗ ਉਤਾਰ ਕੇ ਸ਼ਸਤਰ ਆਦਿ ਨੂੰ ਚਮਕਾਉਣ ਦਾ ਕਰਮ।

'ਕਬੀਲਾ' ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ- ਪਰਿਵਾਰ, ਟੱਬਰ, ਕੁਟੰਬ, ਕੁਨਬਾ, ਕੁਲ, ਖ਼ਾਨਦਾਨ, ਨਸਲ, ਆਲ-ਔਲਾਦ, ਘਰਾਣਾ ਆਦਿ। ਭਾਵੇਂ ਸਾਧਾਰਨ ਅਰਥਾਂ ਵਿਚ ਇਕੋ ਖ਼ਾਨਦਾਨ, ਵੰਸ਼ ਜਾਂ ਕੁਲ ਨਾਲ ਸੰਬੰਧਤ ਲੋਕ 'ਕਬੀਲਾ' ਅਖਵਾਉਂਦੇ ਹਨ, ਪਰ ਵਿਸ਼ੇਸ਼ ਅਰਥਾਂ ਵਿਚ 'ਕਬੀਲਾ' ਸ਼ਬਦ ਅਜਿਹੇ ਖ਼ਾਨਦਾਨ ਜਾਂ ਕੁਨਬੇ ਲਈ ਵਰਤਿਆ ਜਾਂਦਾ ਹੈ ਜੋ ਪੁਰਾਤਨ ਵੰਸ਼ਕ ਪਰੰਪਰਾਵਾਂ ਅਰਥਾਤ ਪਿਤਾ ਪੁਰਖੀ ਰਵਾਇਤਾਂ ਨੂੰ ਕਾਇਮ ਰੱਖਦਿਆਂ, ਇਕ ਵਿਸ਼ੇਸ਼ (ਕਬਾਇਲੀ) ਜ਼ਾਬਤੇ ਵਿਚ ਬੱਝੇ ਰਹਿੰਦੇ

ਹਨ।

ਇਕ ਕਬੀਲੇ ਨਾਲ ਸੰਬੰਧਤ ਲੋਕ 'ਖ਼ਾਨਦਾਨੀ/ਵੰਸ਼ਕ ਸ਼ੁੱਧਤਾ ਅਤੇ ਪਛਾਣ' ਲਈ ਖਾਣ-ਪੀਣ, ਰਹਿਣ-ਸਹਿਣ, ਵਿਸ਼ੇਸ਼ ਕਰ ਵਿਆਹ ਆਦਿ ਦੇ ਮਾਮਲੇ ਵਿਚ 'ਕਬੀਲੇ' ਵਲੋਂ ਨਿਰਧਾਰਤ ਬੰਦਿਸ਼ਾਂ ਨੂੰ ਕੱਟੜਤਾ ਨਾਲ ਨਿਭਾਉਂਦੇ ਹਨ। ਵਕਤ ਦੀ ਤੋਰ ਨਾਲ ਭਾਵੇਂ ਇਨ੍ਹਾਂ ਬੰਦਿਸ਼ਾਂ ਜਾਂ ਮਨਾਹੀਆਂ ਦੀ ਕੱਟੜਤਾ ਹੌਲੀ-ਹੌਲੀ ਘਟ ਰਹੀ ਹੈ ਪਰ ਕਈ ਕਬੀਲਿਆਂ ਵਿਚ ਅੱਜ ਵੀ ਇਨ੍ਹਾਂ ਬੰਦਿਸ਼ਾਂ ਦੀ ਉਲੰਘਣਾ ਕਰਨ ਵਾਲੇ ਨਾਲ ਸਖ਼ਤੀ ਨਾਲ ਨਿਪਟਿਆ ਜਾਂਦਾ ਹੈ। ਇਥੋਂ ਤੱਕ ਕਈ ਵਾਰ ਕਬੀਲੇ ਵਿਚੋਂ ਛੇਕ (ਕੱਢ) ਦਿੱਤਾ ਜਾਂਦਾ ਹੈ ਜਿਸ ਕਰਕੇ ਨਵੇਂ ਕਬੀਲੇ/ਉਪ-ਕਬੀਲੇ ਹੋਂਦ ਵਿਚ ਆਉਂਦੇ ਰਹਿੰਦੇ ਹਨ।

ਅੱਜ ਪੰਜਾਬੀ ਲੋਕ-ਮਾਨਸਿਕਤਾ ਵਿਚ 'ਸਿਕਲੀਗਰ' ਕਬੀਲੇ ਦੀ ਜੇਕਰ ਕੋਈ ਪਛਾਣ ਹੈ ਤਾਂ ਉਹ ਬੱਠਲ-ਬਾਲਟੀਆਂ ਦੇ 'ਥੱਲੇ' ਲਾਉਣ, ਚਿਮਟੇ-ਖੁਰਚਣੇ, ਚਾਕੂ-ਛੁਰੀਆਂ, ਜਿੰਦੇ-ਕੁੰਜੀਆਂ, ਛਾਣਨੀਆਂ ਆਦਿ ਬਣਾਉਣ ਅਤੇ ਵੇਚਣ ਵਾਲਿਆਂ ਦੇ ਰੂਪ ਵਿਚ ਹੈ। ਆਮ ਲੋਕਾਂ ਨੂੰ ਤਾਂ ਇਹ ਵੀ ਜਾਣਕਾਰੀ ਨਹੀਂ ਕਿ ਤਖ਼ਤ ਸਾਹਿਬਾਨ ਅਤੇ ਹੋਰ ਗੁਰ-ਅਸਥਾਨਾਂ ਉਪਰ (ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਿਆਰੇ ਗੁਰਸਿੱਖਾਂ ਦੀ ਛੋਹ ਪ੍ਰਾਪਤ) ਜਿਹੜੇ ਸ਼ਸਤਰਾਂ ਦੇ ਦਰਸਨ ਕਰਵਾਏ ਜਾਂਦੇ ਹਨ, ਉਹ ਸਿਕਲੀਗਰਾਂ ਦੇ ਹੀ ਕਾਰੀਗਰ ਹੱਥਾਂ ਦੁਆਰਾ ਘੜੇ ਹੋਏ ਹਨ।

**ਸਿਕਲੀਗਰ ਕਬੀਲੇ ਦਾ ਇਤਿਹਾਸਕ ਪਿਛੋਕੜ**

ਸਿਕਲੀਗਰ ਕਬੀਲੇ ਦੇ ਇਤਿਹਾਸਕ ਪਿਛੋਕੜ ਬਾਰੇ ਕੋਈ ਬਹੁਤੀ ਪ੍ਰਮਾਣਿਕ ਜਾਣਕਾਰੀ ਨਹੀਂ ਮਿਲਦੀ। ਕਿਰਪਾਲ ਕਜ਼ਾਕ ਅਨੁਸਾਰ ਸਦੀਆਂ ਪੁਰਾਣਾ ਇਨ੍ਹਾਂ ਦਾ ਪਿਛੋਕੜ ਅਣਲਿਖੇ ਇਤਿਹਾਸ ਦੀ ਧੁੰਦ ਵਿਚ ਹੀ ਗੁਆਚ ਗਿਆ ਹੈ...।

ਬਿਨਾਂ ਕੋਈ ਦਲੀਲ ਦਿੱਤੇ (ਇਹ) ਟੱਪਰੀਵਾਸ ਕਬੀਲੇ ਆਪਣਾ ਪਿਛੋਕੜ ਰਾਜਪੂਤਾਨਾ ਮੋਢੀਆਂ ਨਾਲ ਜੋੜਦੇ ਹਨ। ਆਪਣੀ ਖ਼ਾਨਾਬਦੋਸ਼ੀ ਦਾ ਮੁੱਢਲਾ ਕਾਰਨ ਉਹ (ਸੰਨ 1308 ਈ.) ਅਲਾਉਦੀਨ ਖਿਲਜੀ ਤੋਂ ਲੈ ਕੇ ਅਕਬਰ ਤੱਕ ਦਾ ਲੰਮਾ ਸਮਾਂ, ਮੁਗਲਾਂ ਵਲੋਂ ਚਿਤੌੜ ਤੇ ਵਾਰ-ਵਾਰ ਹਮਲਾ ਕਰਨਾ ਅਤੇ ਮੁਗਲਾਂ ਦੀ ਜਿੱਤ ਸਮਝਦੇ ਹਨ। ਬਹੁਤੇ ਟੱਪਰੀਵਾਸ ਇਸੇ ਧਾਰਨਾ ਦੇ ਕਾਇਲ ਹਨ।

ਇਨ੍ਹਾਂ ਕਿਆਸੀਆਂ ਧਾਰਨਾਵਾਂ ਬਾਰੇ ਕੁਝ-ਕੁਝ ਇਤਿਹਾਸਕ ਵੇਰਵੇ ਵੀ ਮਿਲਦੇ ਹਨ ਅਤੇ ਕਬੀਲਿਆਂ 'ਚ ਪੀੜ੍ਹੀ-ਦਰ-ਪੀੜ੍ਹੀ ਪ੍ਰਚਲਿਤ ਦੰਤ-ਕਥਾਵਾਂ ਵੀ, ਪਰ ਕਬੀਲੇ ਦੇ ਮੁਢਲੇ ਉਦਗਮ ਬਾਰੇ ਕਬੀਲੇ ਦੇ ਲੋਕ, ਕੋਈ ਠੋਸ ਦਲੀਲ ਦੇਣ ਤੋਂ ਅਸਮਰੱਥ ਹਨ।''

ਡਾ. ਵਣਜਾਰਾ ਬੇਦੀ ਅਨੁਸਾਰ ਵੀ ਸਿਕਲੀਗਰ ਆਪਣਾ ਮੁੱਢ ਰਾਜਪੂਤਾਂ ਨਾਲ ਜੋੜਦੇ ਹਨ। ਰਵਾਇਤਾਂ ਅਨੁਸਾਰ ਉਨ੍ਹਾਂ ਦੇ ਵਡਿੱਕੇ ਮਾਰਵਾੜ ਤੋਂ ਆ ਕੇ ਪੰਜਾਬ ਅਤੇ ਹਰਿਆਣੇ ਵਿਚ ਵਸੇ। ਸ਼ੇਰ ਸਿੰਘ ਸ਼ੇਰ ਨੇ ਸਿਕਲੀਗਰਾਂ ਦੀ ਵੰਸ਼ਾਵਲੀ ਬਾਰੇ ਦੋ ਮਿੱਥਾਂ ਪੇਸ਼ ਕੀਤੀਆਂ ਹਨ। ਪਹਿਲੀ ਅਨੁਸਾਰ ਸਿਕਲੀਗਰਾਂ ਦਾ ਸਬੰਧ ਵਣਜਾਰਿਆਂ, ਲੁਬਾਣਿਆਂ ਦੇ ਨਾਲ-ਨਾਲ ਜੋਗੀਆਂ, ਨਾਥਾਂ ਨਾਲ ਜੁੜਦਾ ਹੈ ਜਦਕਿ ਦੂਜੀ ਮਿੱਥ ਰਾਹੀਂ ਸਿਕਲੀਗਰਾਂ ਦਾ ਸੰਬੰਧ ਰਮਾਇਣ ਦੇ ਪਾਤਰ ਸੁਗਰੀਵ ਦੇ ਨਾਲ-ਨਾਲ ਸ੍ਰੀ ਕ੍ਰਿਸ਼ਨ ਦੀ ਰਾਧਾ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ। ਪਰ ਇਨ੍ਹਾਂ ਮਿੱਥਾਂ ਨੂੰ ਮਿਥਿਹਾਸਕ ਤੱਥ ਮੰਨ ਲੈਣਾ ਠੀਕ ਨਹੀਂ। ਇਸ

ਵਿਚ ਕੋਈ ਸ਼ੱਕ ਨਹੀਂ ਕਿ ਹੁਣ ਤੱਕ ਸਾਹਮਣੇ ਆਏ ਤੱਥਾਂ ਅਨੁਸਾਰ ਸਿਕਲੀਗਰਾਂ, ਵਣਜਾਰਿਆਂ, ਲੁਬਾਣਿਆਂ ਦਾ ਪਿਛੋਕੜ ਰਾਜਪੂਤਾਂ ਨਾਲ ਸੰਬੰਧਤ ਹੈ।

ਡਾ. ਵਣਜਾਰਾ ਬੇਦੀ ਨੇ 'ਖੋਜ-ਦਰਪਣ', ਜੁਲਾਈ 1977 ਦਾ ਹਵਾਲਾ ਦਿੰਦਿਆਂ ਇਕ ਹੋਰ ਧਾਰਨਾ ਦਾ ਉਲੇਖ ਕੀਤਾ ਹੈ ਕਿ ਟਪਰੀਵਾਸਾਂ ਦੀਆਂ ਆਪਣੀਆਂ ਰਵਾਇਤਾਂ ਅਨੁਸਾਰ ਲੁਬਾਣੇ, ਬਾਜ਼ੀਗਰ ਅਤੇ ਸਿਕਲੀਗਰ ਇਕੋ ਵਡੱਕੇ ਦੀ ਵੰਸ਼ ਹਨ। ਇਨ੍ਹਾਂ ਦੇ ਵਡੇਰੇ ਚਾਰ ਭਰਾ ਸਨ। ਦੋਹਾਂ ਭਰਾਵਾਂ ਦੀ ਔਲਾਦ ਬਾਜ਼ੀਗਰ ਪ੍ਰਸਿੱਧ ਹੋਈ ਅਤੇ ਬਾਕੀ ਦੋਹਾਂ ਵਿਚੋਂ ਇਕ ਦੀ ਲੁਬਾਣੇ ਅਤੇ ਦੂਜੇ ਦੀ ਸਿਕਲੀਗਰ ਅਖਵਾਣ ਲੱਗੀ। ਇਸ ਤਰ੍ਹਾਂ ਪਤਾ ਲੱਗਦਾ ਹੈ ਕਿ ਸਿਕਲੀਗਰਾਂ ਦੀ ਵੰਸ਼ਕ ਉਤਪਤੀ ਅਤੇ ਇਤਿਹਾਸਕ ਪਿਛੋਕੜ ਬਾਰੇ ਵੱਖ-ਵੱਖ ਧਾਰਨਾਵਾਂ ਪਾਈਆਂ ਜਾਂਦੀਆਂ ਹਨ।

**ਗੁਰੂ-ਪੰਥ ਨਾਲ ਸੰਬੰਧਤ: ਗੁਰੂ ਹਰਿਗੋਬਿੰਦ ਸਾਹਿਬ ਸਮੇਂ**

ਗੁਰੂ-ਪੰਥ ਨਾਲ ਸਿਕਲੀਗਰਾਂ ਦਾ ਸਬੰਧ ਸਤਾਰਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਜੁੜਦਾ ਹੈ। ਇਹ ਉਹ ਸਮਾਂ ਹੈ ਜਦ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਉਪਰੰਤ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੂੰ ਸਮੇਂ ਦੀ ਜਾਬਰ ਮੁਗ਼ਲ ਹਕੂਮਤ ਖ਼ਿਲਾਫ਼ ਹਥਿਆਰਬੰਦ ਸੰਘਰਸ਼ ਵਿੱਢਣਾ ਪਿਆ ਸੀ। ਮੁਗ਼ਲਾਂ ਨਾਲ ਲੜਨ ਲਈ ਚੰਗੇ ਹਥਿਆਰਾਂ ਦੀ ਲੋੜ ਸੁਭਾਵਿਕ ਸੀ। ਪਹਿਲਾਂ ਪਹਿਲ ਇਸ ਲੋੜ ਦੀ ਪੂਰਤੀ ਲਾਹੌਰ ਦੇ ਪ੍ਰਸਿੱਧ ਲੋਹਾਰ ਮੌਲਾਬਖਸ਼ ਵਲੋਂ ਕੀਤੀ ਜਾਂਦੀ ਰਹੀ ਹੈ ਜੋ ਕਿ ਵਧੀਆ ਹਥਿਆਰਾਂ ਨੂੰ ਬਣਾਉਣ ਵਾਲਾ ਇਕ ਮਾਹਰ ਕਾਰੀਗਰ ਸੀ।

ਗੁਰੂ ਹਰਿਗੋਬਿੰਦ ਸਾਹਿਬ ਦੇ ਸਿੱਖ ਸਿਪਾਹੀਆਂ ਲਈ ਵਧੀਆ ਕੁਆਲਿਟੀ ਦੇ ਹਥਿਆਰ ਬਣਾਉਣ ਲਈ ਉਸ ਨੂੰ ਮੂੰਹ ਮੰਗੀ ਕੀਮਤ ਦਿੱਤੀ ਜਾਂਦੀ ਸੀ। ਇਸ ਦੀ ਸੂਹ ਮਿਲਣ ਤੇ ਮੁਗ਼ਲਾਂ ਨੇ ਮੌਲਾ ਬਖਸ਼ ਨੂੰ ਡਰਾਇਆ ਧਮਕਾਇਆ ਜਿਸ ਕਰਕੇ ਉਸ ਨੇ ਸਿੱਖ ਫੌਜਾਂ ਵਾਸਤੇ ਘਟੀਆ ਹਥਿਆਰ ਬਣਾਉਣੇ ਸ਼ੁਰੂ ਕਰ ਦਿੱਤੇ। ਤਲਵਾਰਾਂ, ਨੇਜੇ ਆਦਿ 'ਦੁੱਪੜ'/ਕੱਚੇ ਲੋਹੇ ਦੇ ਬਣਾਉਣ ਲੱਗ ਪਿਆ ਅਤੇ ਢਾਲਾਂ ਵਿਚ ਵੀ ਕਚਿਆਈ ਰਹਿਣ ਦਿੱਤੀ। ਮੈਦਾਨੇ-ਜੰਗ ਵਿਚ ਇਨ੍ਹਾਂ ਹਥਿਆਰਾਂ ਦਾ ਘਟੀਆ ਮਿਆਰ ਸਾਹਮਣੇ ਆ ਗਿਆ। ਜਦ ਸਿੱਖਾਂ ਨੇ ਇਸ ਦੀ ਸ਼ਿਕਾਇਤ ਗੁਰੂ ਜੀ ਕੋਲ ਕੀਤੀ ਤਾਂ ਉਨ੍ਹਾਂ ਮੌਲਾਬਖਸ਼ ਨੂੰ ਤਲਬ ਕੀਤਾ। ਉਸ ਨੇ ਗੁਰੂ ਜੀ ਅੱਗੇ ਆਪਣਾ ਸਾਰਾ ਗੁਨਾਹ ਕਬੂਲ ਕਰਦਿਆਂ ਰਹਿਮ ਦਾ ਵਾਸਤਾ ਪਾਇਆ। ਇਸ ਤੇ ਗੁਰੂ ਜੀ ਨੇ ਉਸ ਨੂੰ ਮਾਫ਼ ਕਰ ਦਿੱਤਾ।

**ਮਾਰਵਾੜ ਦੇ ਕਾਬਲ ਕਾਰੀਗਰ: ਗੁਰੂ ਦਰਬਾਰ ਵਿੱਚ**

ਚੰਗੇ ਹਥਿਆਰ ਬਣਾਉਣ ਲਈ ਚੰਗੇ ਕਾਰੀਗਰਾਂ ਦੀ ਲੋੜ ਦਾ ਸਵਾਲ ਪੈਦਾ ਹੋਇਆ। ਲੰਬੀ ਸੋਚ-ਵਿਚਾਰ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਦਰਬਾਰ ਦੀ ਸਿੱਧੀ ਨਿਗਰਾਨੀ ਹੇਠ ਹਥਿਆਰ ਤਿਆਰ ਕਰਵਾਉਣ ਦਾ ਨਿਰਣਾ ਲਿਆ। ਉਨ੍ਹਾਂ ਭਾਈ ਜੇਠਾ ਅਤੇ ਭਾਈ ਬਿਧੀ ਚੰਦ ਨੂੰ ਬੁਲਾ ਕੇ ਮਾਰਵਾੜ ਤੋਂ ਰਾਜਪੂਤ ਲੋਹਾਰ ਲੈ ਕੇ ਆਉਣ ਦਾ ਆਦੇਸ਼ ਦਿੱਤਾ।

ਗੁਰੂ ਜੀ ਦੀ ਆਗਿਆ ਨਾਲ ਮਾਰਵਾੜ ਤੋਂ ਕੁਝ ਲੋਹਾਰ ਪਰਿਵਾਰ ਪੰਜਾਬ ਲਿਆਂਦੇ

ਗਏ। ਮਾਰਵਾੜ ਤੋਂ ਆਏ ਇਹ ਪਰਿਵਾਰ ਕੇਹਰ ਸਿੰਘ ਦੀ ਅਗਵਾਈ ਵਿਚ ਗੁਰੂ ਦਰਬਾਰ'ਚ ਹਾਜ਼ਰ ਹੋਏ ਅਤੇ ਆਪਣੇ ਬਣਾਏ ਹੋਏ ਹਥਿਆਰਾਂ ਨੂੰ ਪ੍ਰਦਰਸ਼ਿਤ ਕੀਤਾ। ਜਾਂਚ-ਪਰਖ ਉਪਰੰਤ ਗੁਰੂ ਜੀ ਨੇ ਉਨ੍ਹਾਂ ਦੇ ਹਥਿਆਰਾਂ ਦੀ ਪੁਖਤਗੀ ਅਤੇ ਕਾਰੀਗਰੀ ਦੀ ਖ਼ੂਬ ਪ੍ਰਸੰਸਾ ਕੀਤੀ। ਉਨ੍ਹਾਂ ਕੇਹਰ ਸਿੰਘ ਨੂੰ ਮਾਰਵਾੜ ਤੋਂ ਹੋਰ ਲੋਹਾਰ ਲਿਆਉਣ ਲਈ ਆਖਿਆ, ਜਿਸ ਨੂੰ ਕੇਹਰ ਸਿੰਘ ਨੇ ਖਿੜੇ ਮੱਥੇ ਪ੍ਰਵਾਨ ਕਰ ਲਿਆ।

ਇਸ ਤੋਂ ਬਾਅਦ ਬਹੁਤ ਸਾਰੇ ਮਾਰਵਾੜੀ ਲੋਹਾਰ ਗੁਰੂ ਦਰਬਾਰ ਵਿਚ ਹਾਜ਼ਰ ਹੋਣ ਲੱਗੇ ਅਤੇ ਹਥਿਆਰ ਬਣਾਉਣ ਦੇ ਕੰਮ ਵਿਚ ਜੁਟ ਗਏ। ਹੌਲੀ-ਹੌਲੀ ਇਹ ਗੁਰੂ ਜੀ ਦੇ ਏਨੇ ਮੁਰੀਦ ਹੋ ਗਏ ਕਿ ਹਥਿਆਰ ਬਣਾਉਣ ਦੇ ਨਾਲ-ਨਾਲ ਮੈਦਾਨਿ-ਜੰਗ ਵਿਚ ਵੀ ਜੂਝਣ ਲੱਗ ਪਏ। ਮੁਗ਼ਲ ਹਕੂਮਤ ਵਿਰੁੱਧ ਖ਼ੂਨ ਖੌਲਣ ਲੱਗਾ। ਗੁਰੂ ਹਰਿਗੋਬਿੰਦ ਸਾਹਿਬ ਵਲੋਂ ਮੁਗ਼ਲਾਂ ਨਾਲ ਹੋਈਆਂ ਜੰਗਾਂ ਵਿਚ ਇਨ੍ਹਾਂ ਮਾਰਵਾੜੀ ਸੂਰਮਿਆਂ ਨੇ ਹੋਰਨਾਂ ਸਿੱਖਾਂ ਵਾਂਗ ਹੀ ਮੁਗ਼ਲ ਫੌਜਾਂ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਪਛਾੜਿਆ।

ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਗੱਦੀ ਤੇ ਬਿਰਾਜਮਾਨ ਹੋਣ ਤਕ ਦੇ ਲੰਮੇ ਸਮੇਂ ਦੌਰਾਨ ਹਥਿਆਰਬੰਦ ਸੰਘਰਸ਼ ਦੀ ਲੋੜ ਨਾ ਪਈ। ਇਹ ਹਾਲਾਤ ਰਾਜਪੂਤੀ ਸੁਭਾਅ ਦੇ ਅਨੁਕੂਲ ਨਹੀਂ ਸਨ। ਇਸੇ ਸਮੇਂ ਦੌਰਾਨ ਕੁਝ ਮਾਰਵਾੜੀ ਪਰਿਵਾਰ ਵਾਪਸ ਮਾਤ-ਭੂਮੀ ਵੱਲ ਪਰਤ ਗਏ। ਕਈ ਪੰਜਾਬ ਦੇ ਵੱਖ-ਵੱਖ ਥਾਵਾਂ ਤੇ ਖਿੰਡ ਗਏ। ਕਈਆਂ ਨੇ ਸ਼ਿਕਾਰ ਕਰਨਾ ਸ਼ੁਰੂ ਕਰ ਦਿੱਤਾ। ਕੁਝ ਰਿਆਸਤੀ ਰਜਵਾੜਿਆਂ ਨੂੰ ਹਥਿਆਰ ਵੇਚਣ ਲੱਗ ਪਏ। ਦੂਜੇ ਪਾਸੇ, ਮਾਰਵਾੜ ਅਤੇ ਹੋਰ ਰਾਜਪੂਤ ਰਾਜਿਆਂ-ਰਜਵਾੜਿਆਂ ਦੀਆਂ ਆਪਸੀ ਲੜਾਈਆਂ, ਮੁਗ਼ਲਾਂ ਦੇ ਹਮਲਿਆਂ, ਰਾਜਪੂਤਾਂ ਦੇ ਆਪਸੀ ਵੈਰ-ਵਿਰੋਧ ਅਤੇ ਪਰਿਵਾਰਕ ਤੰਗੀ-ਤਰੁਸ਼ੀ ਦੇ ਸਤਾਏ ਬਹੁਤ ਸਾਰੇ ਰਾਜਪੂਤ ਪਰਿਵਾਰ ਮਾਤ-ਭੂਮੀ ਛੱਡ ਕੇ ਪੰਜਾਬ ਵੱਲ ਆ ਰਹੇ ਸਨ।

ਇਹ ਘੁਮੱਕੜ/ਟੱਪਰੀਵਾਸ ਕਬੀਲਿਆਂ ਦੇ ਰੂਪ ਵਿਚ ਇੱਧਰ-ਉੱਧਰ ਘੁੰਮਦੇ ਰਹਿੰਦੇ ਸਨ ਅਤੇ ਟਿਕ ਕੇ ਨਹੀਂ ਸੀ ਬਹਿੰਦੇ। ਹੌਲੀ-ਹੌਲੀ ਇਹ ਮੁਖ ਧਾਰਾ ਨਾਲੋਂ ਟੁੱਟ ਗਏ। ਜਿਹੜੇ ਪਰਿਵਾਰ ਕਿਸੇ ਕਾਰਨ ਵਾਪਸ ਆਪਣੀ ਧਰਤੀ ਵੱਲ ਪਰਤ ਵੀ ਜਾਂਦੇ, ਉਨ੍ਹਾਂ ਨੂੰ ਮਾਰਵਾੜ ਦੀ ਰਾਜਪੂਤ ਅੱਖ ਨਫ਼ਰਤ ਨਾਲ ਵੇਖਦੀ ਸੀ। ਮਾਰਵਾੜ ਰਹਿੰਦੇ ਰਾਜਪੂਤਾਂ ਨੇ ਇਨ੍ਹਾਂ ਦੇ ਰਿਸ਼ਤੇ ਲੈਣ ਦੇਣ ਤੋਂ ਨਾਂਹ ਕਰ ਦਿੱਤੀ। ਅਜਿਹੀਆਂ ਸਥਿਤੀਆਂ ਵਿਚੋਂ ਹੀ ਵੱਟੋ-ਸੱਟਾ ਵਿਆਹ-ਪ੍ਰਥਾ ਪ੍ਰਚਲਿਤ ਹੋਈ ਅਤੇ ਅਜਿਹੇ ਕਈ ਕਾਰਨ ਪੈਦਾ ਹੋਏ, ਜਿਨ੍ਹਾਂ ਨੇ ਮਾਰਵਾੜੀ ਲੋਹਾਰਾਂ ਨੂੰ ਕਬੀਲਾਵਾਦ ਦੀਆਂ ਪੀਡੀਆਂ/ ਪੀੜੀਆਂ ਵਲਗਣਾਂ ਵਿਚ ਜਕੜ ਦਿੱਤਾ। ਇਥੇ ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਜਾਤ-ਪਾਤੀ ਭਾਵਨਾ ਦੇ ਨਾਲ-ਨਾਲ ਕਈ ਹੋਰ ਸਮਾਜਿਕ ਬੰਦਿਸ਼ਾਂ ਤੇ ਕਬੀਲਾਵਾਦੀ ਰੀਤਾਂ ਸ਼ੁਰੂ ਤੋਂ ਹੀ ਰਾਜਪੂਤੀ ਜੀਵਨ-ਸ਼ੈਲੀ ਅਤੇ ਸੁਭਾਅ ਦਾ ਹਿੱਸਾ ਬਣ ਚੁੱਕੀਆਂ ਹਨ।

**ਗੁਰੂ ਗੋਬਿੰਦ ਸਿੰਘ ਜੀ ਦਾ ਸਮਾਂ: ਮਾਰਵਾੜੀ ਕਬੀਲੇ ਦੀ ਚੜ੍ਹਤ**

ਛੇਵੇਂ ਗੁਰੂ ਤੋਂ ਬਾਅਦ ਇਨ੍ਹਾਂ (ਮਾਰਵਾੜੀ ਪਰਿਵਾਰਾਂ) ਦਾ ਸੰਬੰਧ ਸਿੱਖਾਂ ਨਾਲ ਦਿਨੋਂ ਦਿਨ ਵੱਧਦਾ ਗਿਆ। ਕਈ ਮਾਰਵਾੜੀ ਸਿੱਖ ਬਣ ਗਏ ਅਤੇ ਗੁਰੂ ਦਰਬਾਰ ਦੇ ਨਿਰੰਤਰ

ਸੰਪਰਕ ਵਿਚ ਰਹੇ। ਸੱਤਵੇਂ ਪਾਤਸ਼ਾਹ ਨੇ ਆਪਣੇ ਪਾਸ 2200 ਘੋੜ-ਸਵਾਰ ਸੈਨਿਕ ਰੱਖੇ ਹੋਏ ਸਨ। ਜ਼ਾਹਰ ਹੈ ਉਨ੍ਹਾਂ ਵਿਚ ਮਾਰਵਾੜੀ ਸੂਰਮੇ ਵੀ ਜ਼ਰੂਰ ਹੋਣਗੇ। ਇਹ ਵੀ ਜ਼ਿਕਰ ਮਿਲਦਾ ਹੈ ਕਿ ਜਦੋਂ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਆਸਾਮ ਵੱਲ ਗਏ ਤਾਂ ਕਈ ਮਾਰਵਾੜੀ ਸੂਰਮੇ ਉਨ੍ਹਾਂ ਦੇ ਨਾਲ ਸਨ। ਕਹਿਣ ਤੋਂ ਭਾਵ ਸ਼ਾਂਤਮਈ ਦੌਰ ਵਿਚ ਵੀ ਇਨ੍ਹਾਂ ਦਾ ਸੰਬੰਧ ਗੁਰੂ ਦਰਬਾਰ ਨਾਲੋਂ ਟੁੱਟਾ ਨਹੀਂ। ਜਿਵੇਂ ਕਿ ਕਈ ਲਿਖਾਰੀਆਂ ਨੇ ਸੰਕੇਤ ਦਿੱਤਾ ਹੈ, ਘਟ ਜ਼ਰੂਰ ਗਿਆ ਸੀ।

ਪਰ ਗੂਰ ਤੇਗ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਜਿਉਂ ਹੀ ਗੁਰੂ ਗੋਬਿੰਦ ਸਿੰਘ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ, ਇਸ ਮਾਰਵਾੜੀ ਕਬੀਲੇ ਲਈ ਸਮਾਂ ਫਿਰ ਮੌਲ ਉਠਿਆ। ਪੰਜਾਬ ਵਿਚ ਭਟਕਦੇ ਮਾਰਵਾੜੀ ਲੁਹਾਰਾਂ ਨੇ ਸੁਣਿਆ ਕਿ ਕੋਈ ਇਲਾਹੀ ਯੋਧਾ ਰਣ ਵਿਚ ਉੱਤਰ ਰਿਹਾ ਸੀ। ਨਗਾਰੇ ਤੇ ਚੋਟ ਸੁਣਾਈ ਦਿੱਤੀ। ਨਰਸਿੰਗੇ ਵਜਦੇ ਸੁਣੇ। ਜਿੱਥੇ-ਜਿੱਥੇ ਵੀ ਕਬੀਲੇ ਦੇ ਲੋਕ ਸਨ, ਕਾਰੀਗਰ ਸੂਰਮਿਆਂ ਦਾ ਰਾਜਪੂਤੀ ਲਹੂ ਖੌਲਣ ਲੱਗਿਆ। ਡੌਲੇ ਫਰਕੇ ਧੁਰ ਅੰਦਰੋਂ ਕਿਤੇ ਚੀਕ ਬੁਲਬੁਲੀ ਉੱਠੀ ਅਤੇ ਇਨ੍ਹਾਂ ਮਾਰਵਾੜੀ ਕਾਰੀਗਰਾਂ ਨੇ ਆਨੰਦਪੁਰ ਵੱਲ ਵਹੀਰਾਂ ਘੱਤ ਦਿੱਤੀਆਂ।

ਮਾਰਵਾੜੀਆਂ ਨੂੰ ਯਕੀਨ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਭਾਰਤੀ ਲੋਕਾਂ ਦੇ ਮਨਾਂ ਵਿਚੋਂ ਜ਼ਾਲਮ ਹਾਕਮਾਂ ਦਾ ਭੈਅ ਦੂਰ ਕਰਕੇ, ਉਨ੍ਹਾਂ ਨੂੰ ਅਣਖ ਅਤੇ ਦਲੇਰੀ ਦਾ ਸਬਕ ਪੜ੍ਹਾਉਣ ਲਈ ਤਤਪਰ ਹਨ। ਉਨ੍ਹਾਂ ਦੀ ਰਾਜਪੂਤਾਨੀ ਅਣਖ ਅਤੇ ਗ਼ੈਰਤ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਜਾਬਰ ਮੁਗ਼ਲ ਹਕੂਮਤ ਨਾਲ ਲੋਹਾ ਲੈਣ ਵਾਲਾ ਜੋਧਾ ਜਰਨੈਲ ਮਿਲ ਗਿਆ। ਗੁਰੂ ਜੀ ਦੀ ਸਰਪ੍ਰਸਤੀ ਅਤੇ ਅਗਵਾਈ ਉਨ੍ਹਾਂ ਦੇ ਰਾਜਪੂਤੀ ਸੁਭਾਅ ਨੂੰ ਬੜੀ ਹੀ ਰਾਸ ਆਈ। ਉਨ੍ਹਾਂ ਨੂੰ ਇਹ ਵੀ ਅਹਿਸਾਸ ਸੀ ਕਿ ਹਥਿਆਰ ਬਣਾਉਣ ਦੀ ਪ੍ਰਬੀਨਤਾ ਅਤੇ ਕਾਰੀਗਰੀ ਗੁਰੂ ਦਰਬਾਰ ਵਿਚ ਖੂਬ ਕੰਮ ਆਵੇਗੀ।

ਭਾਈ ਰਾਮ ਸਿੰਘ ਅਤੇ ਭਾਈ ਵੀਰ ਸਿੰਘ ਮਾਰਵਾੜੀ ਕਬੀਲੇ ਦੇ ਪ੍ਰਤੀਨਿੱਧ ਵਜੋਂ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਪੇਸ਼ ਹੋਏ ਅਤੇ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਤੋਂ ਗੁਰੂ ਪੰਥ ਨਾਲ ਸੰਬੰਧਾਂ ਦਾ ਵੇਰਵਾ ਦਿੰਦਿਆਂ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਉਨ੍ਹਾਂ ਮਾਰਵਾੜੀਆਂ ਵਲੋਂ ਬਣਾਏ ਵੱਖ-ਵੱਖ ਤਰ੍ਹਾਂ ਦੇ ਹਥਿਆਰ ਗੁਰੂ ਜੀ ਨੂੰ ਭੇਂਟ ਕੀਤੇ। ਗੁਰੂ ਜੀ ਨੇ ਹਥਿਆਰਾਂ ਦੀ ਪਰਖ ਲਈ ਭਾਈ ਚੌਪਾ ਸਿੰਘ ਅਤੇ ਭਾਈ ਨੰਦ ਸਿੰਘ ਦੀ ਜ਼ਿੰਮੇਵਾਰੀ ਲਾਈ। ਇਹ ਹਥਿਆਰ ਅਜਮਾਇਸ਼ ਦੌਰਾਨ ਹਰ ਪੱਖੋਂ ਖਰੇ ਸਾਬਤ ਹੋਣ ਤੇ ਮਾਰਵਾੜੀ ਕਾਰੀਗਰਾਂ ਨੂੰ ਗੁਰੂ ਜੀ ਦੀਆਂ ਫੌਜਾਂ ਲਈ ਹਥਿਆਰ ਤਿਆਰ ਕਰਨ ਦੀ ਇਜਾਜ਼ਤ ਮਿਲ ਗਈ। ਹੌਲੀ-ਹੌਲੀ ਸਾਰਾ ਕਬੀਲਾ ਗੁਰੂ ਜੀ ਦੀ ਸਰਪ੍ਰਸਤੀ ਹੇਠ ਹਥਿਆਰ ਬਣਾਉਣ ਵਿਚ ਜੁਟ ਗਿਆ। ਮਾਰਵਾੜੀ ਕਬੀਲੇ ਦੇ ਪ੍ਰਤੀਨਿੱਧਾਂ ਵਿਚੋਂ ਭਾਈ ਰਾਮ ਸਿੰਘ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਇਹ ਦਸਮੇਸ਼ ਜੀ ਦੇ ਸਿਲਹਖਾਨੇ ਦਾ ਸਿਕਲੀਗਰ ਸਿੱਖ ਸੀ ਜੋ ਪਰਮ ਪ੍ਰੇਮ ਨਾਲ ਸੇਵਾ ਕਰਦਾ ਸੀ। ਮਾਰਵਾੜੀਆਂ ਵਿਚੋਂ ਸਭ ਤੋਂ ਪਹਿਲਾਂ ਇਸ ਨੇ ਅੰਮ੍ਰਿਤ ਛਕਿਆ ਸੀ।

**ਮਾਰਵਾੜੀ ਲੋਹਾਰਾਂ ਨੂੰ 'ਸਿਕਲੀਗਰ' ਦੀ ਉਪਾਧੀ**

ਇਕ ਰਵਾਇਤ ਅਨੁਸਾਰ ਲੋਹਾਰਾਂ ਨੂੰ 'ਸਿਕਲੀਗਰ' ਦੀ ਉਪਾਧੀ ਗੁਰੂ ਗੋਬਿੰਦ ਸਿੰਘ

ਜੀ ਨੇ ਹੀ ਪ੍ਰਦਾਨ ਕੀਤੀ। ਡਾ. ਕਿਰਪਾਲ ਸਿੰਘ ਕਜ਼ਾਕ ਨੇ ਸਿਕਲੀਗਰ ਬਜ਼ੁਰਗਾਂ ਦੇ ਹਵਾਲੇ ਨਾਲ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਆਉਣ ਤੋਂ ਪਹਿਲਾਂ ਸਾਰਾ ਕਬੀਲਾ ਮਾਰਵਾੜੀ ਲੋਹਾਰਾਂ ਨੂੰ ਪ੍ਰੇਮ ਅਤੇ ਸ਼ਰਧਾ ਨਾਲ ਹਥਿਆਰਾਂ ਨੂੰ ਚਮਕਾਉਂਦੇ (ਸਿਕਲ ਕਰਦੇ) ਵੇਖਿਆ ਤਾਂ ਉਨ੍ਹਾਂ ਖੁਸ਼ ਹੋ ਕੇ ਕਬੀਲੇ ਦੀ ਸਮੁੱਚੀ ਲੋਹਵੰਸ਼ ਨੂੰ ਹੀ 'ਸਿਕਲੀਗਰਾਂ' ਦੀ ਉਪਾਧੀ ਨਾਲ ਨਿਵਾਜ ਦਿੱਤਾ। ਜਿਸ ਤੋਂ ਮਗਰੋਂ ਇਹ ਸਮੁੱਚਾ ਕਬੀਲਾ ਸਿਕਲੀਗਰਾਂ ਵਜੋਂ ਜਾਣਿਆ ਜਾਣ ਲੱਗਾ।

**ਸਿਕਲੀਗਰਾਂ ਦੇ ਗੁਰੂ-ਪ੍ਰੇਮ ਅਤੇ ਬਹਾਦਰੀ ਦੇ ਕਿੱਸੇ**

ਸਮੁੱਚਾ ਸਿਕਲੀਗਰ ਕਬੀਲਾ ਗੁਰੂ ਗੋਬਿੰਦ ਸਿੰਘ ਜੀ ਨਾਲ ਅਥਾਹ ਸ਼ਰਧਾ ਅਤੇ ਪ੍ਰੇਮ ਰੱਖਦਾ ਸੀ। ਗੁਰੂ-ਪ੍ਰੇਮ ਦੇ ਕਈ ਕਿੱਸੇ ਸਿਕਲੀਗਰ ਅੱਜ ਵੀ ਬੜੇ ਮਾਣ ਨਾਲ ਸੁਣਾਉਂਦੇ ਹਨ। ਗੁਰੂ ਜੀ ਵੀ ਇਨ੍ਹਾਂ ਸਿੱਖਾਂ ਦੀ ਸ਼ਰਧਾ-ਭਾਵਨਾ ਵੱਲ ਪੂਰੀ ਤਵੱਜੋਂ ਰੱਖਦੇ ਸਨ। ਇਕ ਵਾਰ ਰਾਮ ਸਿੰਘ ਅਤੇ ਵੀਰ ਸਿੰਘ ਆਪਣੇ ਸਾਥੀਆਂ ਨਾਲ ਸ਼ਸਤਰ ਬਣਾਉਣ, ਮੁਰੰਮਤ ਕਰਨ ਅਤੇ ਸਿਕਲ ਕਰਨ ਦਾ ਕੰਮ ਕਰ ਰਹੇ ਸਨ। ਅਜਿਹਾ ਕਰਦਿਆਂ ਕਦੇ-ਕਦੇ ਸ਼ਸਤਰ ਨੂੰ ਪੈਰ ਹੇਠ ਦਬਾਉਣ ਦੀ ਲੋੜ ਵੀ ਪੈਂਦੀ ਸੀ। ਇਸ ਸਮੇਂ ਇਕ ਅਨਾੜੀ ਸੇਵਕ ਨੇ ਇਸ ਗੱਲ ਤੇ ਇਤਰਾਜ਼ ਕੀਤਾ ਕਿ ਸ਼ਸਤਰਾਂ ਨੂੰ ਪੈਰ ਹੇਠ ਦਬਾਉਣਾ ਬੇਅਦਬੀ ਹੈ। ਇਸ ਤੇ ਸਿਕਲੀਗਰ ਕਾਰੀਗਰਾਂ ਨੇ ਹਥਿਆਰਾਂ ਨੂੰ ਚੁੰਮ ਕੇ ਸੀਸ ਤੇ ਰੱਖ ਲਿਆ। ਅਜਿਹਾ ਕਰਨ ਨਾਲ ਸਾਰਾ ਕੰਮ ਬੰਦ ਹੋ ਗਿਆ।

ਅਚਾਨਕ ਗੁਰੂ ਗੋਬਿੰਦ ਸਿੰਘ ਜੀ ਉਧਰੋਂ ਨਿਕਲੇ ਤਾਂ ਕਾਰੀਗਰਾਂ ਨੂੰ ਇੰਜ ਬੈਠਿਆਂ ਵੇਖ ਕੇ ਹੈਰਾਨ ਹੋਏ। ਪੁੱਛਣ ਤੇ ਜਦ ਸਾਰੀ ਗੱਲ ਦਾ ਪਤਾ ਲੱਗਾ ਤਾਂ ਗੁਰੂ ਜੀ ਨੇ ਮੁਸਕਰਾਉਂਦਿਆਂ ਬੜੇ ਪ੍ਰੇਮ ਨਾਲ ਕਿਹਾ ਕਿ ਭਾਈ ਸ਼ਸਤਰਾਂ ਦੇ ਅਜਿਹੇ ਸਤਿਕਾਰ ਦੀ ਆਸ, ਮੈਦਾਨਿ-ਜੰਗ ਵਿਚ ਜੂਝਣ ਵੇਲੇ ਇਕ ਸਿਪਾਹੀ ਤੋਂ ਤਾਂ ਕੀਤੀ ਜਾ ਸਕਦੀ ਹੈ, ਜੇਕਰ ਸ਼ਸਤਰ ਤਿਆਰ ਕਰਨ ਵਾਲੇ ਕਾਰੀਗਰ ਇਸ ਤਰ੍ਹਾਂ ਜਜ਼ਬਾਤੀ ਹੋਣਗੇ ਤਾਂ ਸ਼ਸਤਰ ਤਿਆਰ ਕਿਵੇਂ ਹੋਣਗੇ? ਸੋ ਭਾਈ ਆਪਣਾ ਕੰਮ ਜਾਰੀ ਰੱਖੋ। ਸ਼ਸਤਰ ਬਣਾਉਂਦਿਆਂ ਜਿਸ ਤਰ੍ਹਾਂ ਵੀ ਜ਼ਰੂਰੀ ਹੈ, ਤੁਸੀਂ ਕਰ ਸਕਦੇ ਹੋ, ਤੁਹਾਨੂੰ ਸਭ ਮਾਫ਼ ਹੈ। ਇਹ ਸਿਕਲੀਗਰਾਂ ਨਾਲ ਗੁਰੂ-ਪ੍ਰੇਮ ਦੀ ਪ੍ਰਤੱਖ ਉਦਾਹਰਣ ਹੈ। ਇਸ ਘਟਨਾ ਨੂੰ ਸੁੱਖਾ ਸਿੰਘ ਨੇ ਵੀ 'ਗੁਰ-ਬਿਲਾਸ' ਵਿਚ ਵਿਸਥਾਰ ਸਹਿਤ ਦਰਜ ਕੀਤਾ ਹੈ। ਕੁਝ ਆਖਰੀ ਅੰਸ਼ ਇਸ ਤਰ੍ਹਾਂ ਹਨ-

ਤੁਮ ਹੋ ਸ੍ਰੀ ਅਸਧੁਜ ਕੇ ਦਾਸਾ,
ਤੁਮ ਕੋ ਖਤਾ ਬਖਸ਼ ਸੁਨਤਾਸਾ।
ਤੁਮ ਜੋ ਸਦਾ ਸੇਵ ਇਹ ਕੈਹੋ,
ਰਿਧਿ ਸਿਧਿ ਸਿਖੀ ਫਲ ਪੈਹੋ।
ਤਿਨ ਮੇ ਰਾਮ ਸਿੰਘ ਮਤਿਸਾਰਾ,
ਵਾਗੀ ਦੇਸ ਮਾਰਵਾੜ ਪਿਆਰਾ।
ਤਾ ਕੋ ਬਖਸਿਓ ਦੀਨ ਦਿਆਲ,
ਹੈ ਇਹ ਰੋਸ਼ਨ ਕਥਾ ਵਿਸ਼ਾਲ।

ਇਸੇ ਤਰ੍ਹਾਂ ਸਿਕਲੀਗਰ ਅੱਜ ਵੀ ਭਾਈ ਬਚਿੱਤਰ ਸਿੰਘ ਵਲੋਂ ਬਹਾਦਰੀ ਨਾਲ ਸ਼ਰਾਬੀ ਹਾਥੀ ਦਾ ਮੁਕਾਬਲਾ ਕਰਨ ਦਾ ਜ਼ਿਕਰ ਬੜੇ ਫ਼ਖ਼ਰ ਨਾਲ ਕਰਦੇ ਹਨ। ਸੂਰਬੀਰਤਾ ਦੀ ਇਸ ਘਟਨਾ ਦਾ ਵਰਣਨ ਬਹੁਤ ਸਾਰੇ ਇਤਿਹਾਸਕਾਰਾਂ ਅਤੇ ਪੁਰਾਤਨ ਗ੍ਰੰਥਾਂ ਵਿਚ ਦਰਜ ਹੈ। ਭਾਈ ਬਚਿੱਤਰ ਸਿੰਘ, ਇਕ ਸਿਕਲੀਗਰ ਪਰਿਵਾਰ ਚੋਂ ਸੀ ਜੋ ਭਾਈ ਮਨੀ ਰਾਮ ਦਾ ਪੁੱਤਰ ਸੀ ਅਤੇ ਭਾਈ ਉਦਯ ਸਿੰਘ ਦਾ ਭਰਾ ਸੀ। ਭਾਈ ਕਾਨ੍ਹ ਸਿੰਘ ਨਾਭਾ ਅਤੇ ਹੋਰ ਲਿਖਾਰੀਆਂ ਮੁਤਾਬਿਕ ਸੰਮਤ 1758 ਵਿਚ ਜਦ ਪਹਾੜੀ ਰਾਜਿਆਂ ਨੇ ਇਕੱਠੇ ਹੋ ਕੇ ਆਨੰਦਪੁਰ ਨੂੰ ਘੇਰ ਲਿਆ ਤਾਂ ਕੇਸਰੀ ਚੰਦ ਜਸਵਾਲੀਏ ਨੇ ਲੋਹੇ ਦੇ ਤਵਿਆਂ ਅਤੇ ਛੁਰਿਆਂ-ਕਟਾਰਾਂ ਨਾਲ ਲੈਸ ਇਕ ਸ਼ਰਾਬੀ ਹਾਥੀ ਨੂੰ ਲੋਹਗੜ੍ਹ ਕਿਲ੍ਹੇ ਦਾ ਦਰਵਾਜ਼ਾ ਤੋੜਨ ਲਈ ਅੱਗੇ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਦੁਨੀ ਚੰਦ ਨੂੰ ਹਾਥੀ ਦਾ ਮੁਕਾਬਲਾ ਕਰਨ ਦੀ ਜ਼ਿੰਮੇਵਾਰੀ ਸੌਂਪੀ ਪਰ ਉਹ ਡਰ ਕੇ ਰਾਤੋ-ਰਾਤ ਹੀ ਦੌੜ ਗਿਆ। ਇਸ ਤੋਂ ਬਾਅਦ ਗੁਰੂ ਜੀ ਦੇ ਆਦੇਸ਼ 'ਤੇ ਭਾਈ ਬਚਿੱਤਰ ਸਿੰਘ (ਸਿਕਲੀਗਰ/ਰਾਜਪੂਤ) ਹਾਥੀ ਦੇ ਮੁਕਾਬਲੇ ਲਈ ਅੱਗੇ ਆਇਆ। ਉਸ ਨੇ ਆਪਣੇ ਘੋੜੇ ਤੇ ਚੜ੍ਹ ਕੇ, ਹਾਥੀ ਦੇ ਮੱਥੇ ਤੇ ਐਸਾ ਨੇਜਾ (ਕਈ ਲਿਖਤਾਂ ਵਿਚ ਨਾਗਣੀ/ਬਰਛੀ ਲਿਖਿਆ ਹੈ) ਮਾਰਿਆ ਜੋ ਲੋਹੇ ਦੇ ਤਵੇ ਨੂੰ ਚੀਰ ਕੇ ਹਾਥੀ ਦੇ ਮੱਥੇ ਵਿਚ ਜਾ ਧਸਿਆ। ਹਾਥੀ ਨੇ ਪਿਛਲ-ਖੁਰੀਂ ਮੁੜਦਿਆਂ ਆਪਣੀ ਫੌਜ ਦੇ ਸਿਪਾਹੀਆਂ ਨੂੰ ਹੀ ਲਤਾੜਨਾ ਸ਼ੁਰੂ ਕਰ ਦਿੱਤਾ। ਇਸ ਸਮੇਂ ਮੱਚੀ ਭਗਦੜ ਕਾਰਨ ਪਹਾੜੀ ਫੌਜਾਂ ਦਾ ਬਹੁਤ ਨੁਕਸਾਨ ਹੋਇਆ।

ਭਾਈ ਬਚਿੱਤ੍ਰ ਸਿੰਘ ਦਾ ਪਿਤਾ ਭਾਈ ਮਨੀ ਰਾਮ ਮਾਰਵਾੜੀ ਛੇਵੀਂ ਪਾਤਿਸ਼ਾਹੀ ਦੀ ਹਜ਼ੂਰੀ ਵਿਚ ਕਾਫੀ ਸਮਾਂ ਰਿਹਾ ਸੀ। ਪਰ ਜਿਉਂ ਹੀ ਸਿਕਲੀਗਰ ਕਬੀਲਾ ਛੇਵੀਂ ਪਾਤਿਸ਼ਾਹੀ ਤੋਂ ਬਾਦ ਟੁਕੜਿਆਂ ਵਿਚ ਖਿਲਰਿਆ, ਉਦੋਂ ਮਨੀ ਰਾਮ ਦੀ ਕਬੀਲਾ ਟੁਕੜੀ ਮੁਲਤਾਨ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਸਿਕਲੀਗਰ ਕਬੀਲੇ ਨੇ ਫਿਰ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ ਤਾਂ ਮਨੀ ਰਾਮ ਨੇ ਆਪਣੇ ਪੰਜੇ ਪੁੱਤਰ ਭੇਟ ਕੀਤੇ, ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਸਿੰਘ ਸਜਾ ਦਿੱਤਾ। ਇਹ ਪੰਜ ਯੋਧੇ ਉਦਯ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਅਨਕ ਸਿੰਘ ਅਤੇ ਬਚਿੱਤਰ ਸਿੰਘ ਸਨ। ਸੰਮਤ 1758 ਦੀ ਜੰਗ ਵਿਚ ਰਾਜਾ ਕੇਸਰੀ ਚੰਦ ਜਸਵਾਲੀਏ ਦਾ ਸਿਰ ਵੱਢ, ਨੇਜੇ ਵਿਚ ਪਰੋ ਕੇ ਦਸਮੇਸ਼ ਜੀ ਦੀ ਹਜ਼ੂਰੀ ਵਿਚ ਲਿਆਉਣ ਵਾਲੇ ਭਾਈ ਉਦਯ ਸਿੰਘ ਜੀ ਸਨ। ਜਦ ਗੁਰੂ ਜੀ ਨੇ ਆਨੰਦਪੁਰ ਛੱਡਿਆ ਤਦ ਵੀ ਇਹ ਗੁਰੂ ਜੀ ਦੇ ਨਾਲ ਸਨ। ਚਮਕੌਰ ਦੇ ਰਸਤੇ ਤੇ ਸੰਮਤ 1761 (1704 ਈ.) ਵਿਚ ਇਹ ਗੁਰੂ-ਪਿਆਰਾ ਵੱਡੀ ਬੀਰਤਾ ਨਾਲ ਵੈਰੀਆਂ ਦਾ ਮੁਕਾਬਲਾ ਕਰਦਿਆਂ ਸ਼ਹੀਦ ਹੋ ਗਿਆ।

ਭਾਈ ਉਦਯ ਸਿੰਘ ਬਾਰੇ ਇਕ ਹੋਰ ਕਥਾ ਪ੍ਰਸਿੱਧ ਹੈ ਕਿ ਇਕ ਵਾਰ ਉਸ ਨੇ ਸ਼ੇਰ ਮਾਰ ਕੇ, ਉਸ ਦੀ ਖੱਲ ਗੁਰੂ ਗੋਬਿੰਦ ਸਿੰਘ ਜੀ ਅੱਗੇ ਪੇਸ਼ ਕਰ ਦਿੱਤੀ। ਦਸਮੇਸ਼ ਜੀ ਨੇ ਇਹ ਖੱਲ ਇਕ ਗਧੇ ਨੂੰ ਪੁਆਈ। ਹੁਣ ਗਧਾ ਨਿਰਭੈ ਹੋ ਕੇ ਖੇਤਾਂ ਵਿਚ ਰਹਿੰਦਾ ਅਤੇ ਰੱਜ ਕੇ ਖਾਂਦਾ। ਕੋਈ ਵੀ ਡਰਦਾ ਉਸ ਦੇ ਨੇੜੇ ਜਾਣ ਦੀ ਹਿੰਮਤ ਨਾ ਕਰਦਾ। ਬੋਝ-ਭਾਰ ਤੋਂ ਛੁਟਕਾਰਾ ਮਿਲ ਗਿਆ। ਇਕ ਵਾਰ ਉਹੀ ਗਧਾ, ਹੋਰ ਗਧਿਆਂ ਦੇ ਹੀਂਗਣ ਦੀ ਆਵਾਜ਼ ਸੁਣ ਕੇ, ਆਪਣੇ ਮਾਲਕ ਘੁਮਿਆਰ ਦੇ ਘਰ ਚਲਾ ਗਿਆ ਅਤੇ ਹੀਂਗਣ ਲੱਗ ਪਿਆ।

ਘੁਮਿਆਰ ਨੇ 'ਗੁਆਚਿਆ ਹੋਇਆ' ਗਧਾ ਪਛਾਣ ਲਿਆ ਅਤੇ ਸ਼ੇਰ ਦੀ ਖੱਲ ਉਤਾਰ ਕੇ, ਭਾਰ ਢੋਣ ਵਾਲੀ ਗੂੰਣ (ਚਿੱਲੀ) ਉਸ ਉੱਤੇ ਲੱਦ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਆਪਣੇ ਖ਼ਾਲਸੇ ਨੂੰ ਸੰਬੋਧਿਤ ਹੋ ਕੇ ਕਹਿਣ ਲੱਗੇ ਕਿ ਜਿਹੜੇ ਖਾਲਸਾ ਹੋ ਕੇ, ਜਾਤ-ਪਾਤ ਵਿਚ ਮੁੜ ਜਾ ਧਸਣਗੇ, ਉਨ੍ਹਾਂ ਦੀ ਇਹੀ ਦਸ਼ਾ ਹੋਊ।

**ਸਿਕਲੀਗਰ ਕਬੀਲਾ ਅਤੇ ਨੰਦੇੜ**

ਸਿਕਲੀਗਰ ਕਬੀਲੇ ਦੀ ਗੁਰੂ-ਭਗਤੀ, ਇਮਾਨਦਾਰੀ, ਬਹਾਦਰੀ ਅਤੇ ਗ਼ੈਰਤ ਲਈ ਕੁਰਬਾਨ ਹੋਣ ਦੀ ਭਾਵਨਾ ਬੁਰੇ ਦਿਨਾਂ ਵਿਚ ਵੀ ਘੱਟ ਨਹੀਂ ਸੀ ਹੋਈ। ਹੋਰ ਸਿਦਕੀ ਸਿੱਖਾਂ ਵਾਂਗ ਸਿਕਲੀਗਰ ਸਿੱਖ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਆਨੰਦਪੁਰ ਛੱਡਣ ਤੋਂ ਬਾਅਦ ਅਤੇ ਨੰਦੇੜ ਕੂਚ ਕਰਨ ਵੇਲੇ ਵੀ ਉਨ੍ਹਾਂ ਦੇ ਨਾਲ ਸਨ। ਸਿਕਲੀਗਰ ਇਹ ਦਾਅਵਾ ਕਰਦੇ ਹਨ ਕਿ ਮੋਹਨ ਸਿੰਘ ਅਤੇ ਬਦਨ ਸਿੰਘ ਸਮੇਤ ਕਈ ਸਿਕਲੀਗਰ ਸਿੱਖ ਗੁਰੂ ਜੀ ਦੇ ਨਾਲ ਹੀ ਨੰਦੇੜ ਗਏ। ਜਿਹੜਾ ਜਥਾ ਗੁਰੂ ਜੀ ਨੇ ਨੰਦੇੜ ਤੋਂ ਪੰਜਾਬ ਭੇਜਿਆ ਸੀ ਉਸ ਵਿਚ ਸੁੰਦਰ ਸਿੰਘ ਅਤੇ ਭਗਤ ਸਿੰਘ ਨਾਂ ਦੇ ਸਿਕਲੀਗਰ ਸਿੱਖ ਮੌਜੂਦ ਸਨ। ਤਖਤ ਸ੍ਰੀ ਹਜ਼ੂਰ ਸਾਹਿਬ, ਨੰਦੇੜ ਵਿਖੇ ਮੌਜੂਦ ਵੱਖ-ਵੱਖ ਸ਼ਸਤਰਾਂ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਅਜਿਹੇ ਅਮੋਲਕ ਸ਼ਸਤਰ ਕਿਸੇ ਰਾਜਧਾਨੀ ਦੇ ਸਿਲਹਖਾਨੇ (ਅਸਲਾਖਾਨਾ) ਵਿਚ ਵੀ ਨਹੀਂ ਦੇਖੇ ਜਾਂਦੇ। ਨੰਦੇੜ ਦੇ ਆਸ-ਪਾਸ ਮਹਾਂਰਾਸ਼ਟਰ, ਮੱਧ ਪ੍ਰਦੇਸ਼, ਆਂਧਰਾ ਪ੍ਰਦੇਸ਼, ਕਰਨਾਟਕ ਦੇ ਬਹੁਤ ਸਾਰੇ ਇਲਾਕਿਆਂ ਵਿਚ ਵਣਜਾਰਿਆਂ ਦੇ ਟਾਂਡਿਆਂ ਦੀ ਤਰ੍ਹਾਂ ਸਿਕਲੀਗਰ ਸਿੱਖਾਂ ਦੀਆਂ ਬਸਤੀਆਂ ਅੱਜ ਵੀ ਮੌਜੂਦ ਹਨ।

**ਸਿਕਲੀਗਰ ਕਬੀਲਾ: ਗੁਰੂ ਗੋਬਿੰਦ ਸਿੰਘ ਤੋਂ ਬਾਅਦ**

ਗੁਰੂ ਗੋਬਿੰਦ ਸਿੰਘ ਤੋਂ ਬਾਅਦ 'ਸਿਕਲੀਗਰ' ਸ਼ਬਦ, ਸ਼ਸਤਰ ਤਿਆਰ ਕਰਨ ਵਾਲੇ ਮਾਰਵਾੜੀ ਕਬੀਲਿਆਂ ਲਈ ਰੂੜ੍ਹ ਹੋ ਚੁੱਕਾ ਸੀ। ਉਹ ਤਲਵਾਰ ਦਾ ਯੁੱਗ ਸੀ, ਜਦੋਂ ਆਧੁਨਿਕ ਹਥਿਆਰ ਦਾ ਨਾਂ-ਨਿਸ਼ਾਨ ਵੀ ਨਹੀਂ ਸੀ। ਬਿਨਾਂ ਸ਼ੱਕ ਅਠਾਰਵੀਂ ਸਦੀ ਦੌਰਾਨ ਹਥਿਆਰਬੰਦ ਸੰਘਰਸ਼ ਜ਼ੋਰਾਂ ਤੇ ਰਿਹਾ। ਬਾਬਾ ਬੰਦਾ ਸਿੰਘ ਬਹਾਦਰ ਵੇਲੇ ਅਤੇ ਉਸ ਤੋਂ ਬਾਅਦ ਸ਼ਸਤਰਾਂ ਦੀ ਲੋੜ ਸੁਭਾਵਿਕ ਸੀ। ਅਜਿਹੇ ਸਮੇਂ ਬਾਬਾ ਬੰਦਾ ਸਿੰਘ ਨਾਲ ਸਿਕਲੀਗਰਾਂ ਦੇ ਹੋਣ ਬਾਰੇ ਸ਼ੱਕ ਦੀ ਗੁੰਜਾਇਸ਼ ਨਹੀਂ ਹੈ। ਇਸ ਬਾਰੇ 'ਗੁਰਮਤਿ ਪ੍ਰਕਾਸ਼' ਵਲੋਂ ਸਿਕਲੀਗਰ-ਵਣਜਾਰਿਆਂ ਬਾਰੇ ਪ੍ਰਕਾਸ਼ਤ ਵਿਸ਼ੇਸ਼-ਅੰਕ ਵਿਚ ਗਿ. ਬਚਿੱਤਰ ਸਿੰਘ ਐਡਵੋਕੇਟ ਸਪੱਸ਼ਟ ਸੰਕੇਤ ਦਿੰਦੇ ਹੋਏ ਲਿਖਦੇ ਹਨ ਕਿ 'ਬਾਬਾ ਬੰਦਾ ਸਿੰਘ ਬਹਾਦਰ ਦੇ ਪੰਜਾਬ ਅਤੇ ਸਰਹੰਦ ਉੱਤੇ ਹਮਲੇ ਸਮੇਂ ਵਣਜਾਰੇ ਤੇ ਸਿਕਲੀਗਰ ਸਿੱਖਾਂ ਨੇ ਜਨ-ਸ਼ਕਤੀ, ਰੁਪਈਆਂ ਅਤੇ ਹਥਿਆਰਾਂ ਨਾਲ ਭਾਰੀ ਮਦਦ ਕੀਤੀ ਸੀ।' ਕਈ ਲੇਖਕ ਭਾਈ ਬਾਜ ਸਿੰਘ, ਜੋ ਬਾਬਾ ਬੰਦਾ ਸਿੰਘ ਬਹਾਦਰ ਦੀ ਸੱਜੀ ਬਾਂਹ (ਡਿਪਟੀ) ਅਤੇ ਸਰਹੰਦ ਦਾ ਪਹਿਲਾ ਸਿੱਖ ਸੂਬੇਦਾਰ ਸੀ, ਨੂੰ ਰਾਜਪੂਤ ਲਿਖਦੇ ਹਨ। ਇਸ ਦੇ ਬਾਵਜੂਦ ਇਸ ਸੱਚਾਈ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਇਸ ਸਮੇਂ ਸਿਕਲੀਗਰ ਪਰਿਵਾਰਾਂ ਦਾ ਆਨੰਦਪੁਰ ਵਾਂਗ ਟਿਕ ਕੇ ਬੈਠਣਾ/ਵਿਚਰਨਾ ਸੰਭਵ ਨਹੀਂ ਸੀ, ਕਿਉਂਕਿ ਹਾਲਾਤ ਹੀ ਐਸੇ ਸਨ। ਇਸੇ ਕਾਰਨ ਉਸ ਸਮੇਂ ਸਿਕਲੀਗਰ ਛੋਟੀਆਂ-ਛੋਟੀਆਂ ਟੋਲੀਆਂ ਬਣਾ ਕੇ,

ਟੱਪਰੀਵਾਸ ਤਰਜ਼ 'ਤੇ ਘੁੰਮਦੇ-ਘੁੰਮਾਉਂਦੇ ਹੀ ਹਥਿਆਰ ਬਣਾਉਂਦੇ ਅਤੇ ਸਥਾਨਕ ਰਜਵਾੜਿਆਂ ਸਮੇਤ ਜਿਥੇ-ਜਿਥੇ ਵੀ ਸੰਭਵ ਹੁੰਦਾ, ਵੇਚ ਦਿੰਦੇ। ਇਸ ਕਸਬ ਦੇ ਨਾਲ-ਨਾਲ ਉਹ ਆਮ ਲੋਕਾਂ ਲਈ ਚਾਕੂ-ਛੁਰੀਆਂ ਆਦਿ ਹੋਰ ਕੰਮ ਕਰਨੇ ਵੀ ਉਨ੍ਹਾਂ ਨੇ ਜਾਰੀ ਰੱਖੇ ਹੋਏ ਸਨ।

**ਸਿਕਲੀਗਰ ਕਬੀਲਾ ਅਤੇ ਪਟਿਆਲਾ ਰਾਜ-ਦਰਬਾਰ**

1937 ਈ: ਵਿਚ ਬੁੱਢਾ ਦਲ ਪਟਿਆਲਾ ਵਲੋਂ ਪ੍ਰਕਾਸ਼ਤ ਹਰਨਾਮ ਸਿੰਘ ਦੀ ਇਕ ਕਾਵਿ-ਲਿਖਤ 'ਸਿਕਲੀਗਰ ਪ੍ਰਕਾਸ਼' ਦੇ ਹਵਾਲੇ ਨਾਲ ਸ਼ੇਰ ਸਿੰਘ ਅਤੇ ਕਿਰਪਾਲ ਕਜ਼ਾਕ ਨੇ ਪਟਿਆਲਾ ਰਿਆਸਤ ਨਾਲ ਸਿਕਲੀਗਰਾਂ ਦੇ ਸੰਬੰਧਾਂ ਦਾ ਸੰਖੇਪ-ਵੇਰਵਾ ਦੇਣ ਦਾ ਉਪਰਾਲਾ ਕੀਤਾ ਹੈ। ਕਈ ਸਿਕਲੀਗਰ ਪਰਿਵਾਰ ਘੁੰਮਦੇ-ਘੁੰਮਾਉਂਦੇ ਪਟਿਆਲਾ ਰਾਜ-ਘਰਾਣੇ ਦੇ ਮੋਢੀ ਬਾਬਾ ਆਲਾ ਸਿੰਘ (1691-1765 ਈ:) ਦੀ ਸੇਵਾ ਵਿਚ ਆ ਗਏ। ਇਨ੍ਹਾਂ ਵਿਚੋਂ ਮੰਗਲੋਵਰੀ ਸਿੰਘ, ਲੋਤੀ ਸਿੰਘ, ਮੰਗਤ ਸਿੰਘ, ਰਾਮ ਸਿੰਘ, ਬਲ ਸਿੰਘ, ਲਾਲ ਸਿੰਘ, ਭਗਤ ਸਿੰਘ ਦਾ ਜ਼ਿਕਰ ਉਪਰੋਕਤ ਲਿਖਤਾਂ ਵਿਚ ਆਇਆ ਹੈ। 'ਜਿਉਂ ਹੀ ਬਾਬਾ ਆਲਾ ਸਿੰਘ ਦੇ ਰਾਜ-ਦਰਬਾਰ ਵਿਚ ਕਬੀਲੇ ਨੂੰ ਕਲਾ ਦੇ ਜ਼ੌਹਰ ਵਿਖਾਉਣ ਦੇ ਅਵਸਰ ਮਿਲੇ ਤਾਂ ਬਾਬਾ ਆਲਾ ਸਿੰਘ ਨੇ ਸਿਕਲੀਗਰ ਕਬੀਲੇ ਦੀ ਜੰਗੀ ਹਥਿਆਰਾਂ ਦੀ ਮੁਹਾਰਤ, ਰਾਜ ਦਰਬਾਰ ਅਤੇ ਸ਼ਸਤਰ ਵਿੱਦਿਆ ਦੀ ਸੂਝ-ਬੂਝ ਨੂੰ ਮੁਖ ਰੱਖਦਿਆਂ, ਕਬੀਲੇ ਦੇ ਚਾਤਰ ਸਿਕਲੀਗਰਾਂ ਨੂੰ ਸਿਲਹਖਾਨਾ (ਅਸਲਾਖਾਨਾ) ਦੇ ਮੁਖੀਏ ਬਣਾਇਆ।'

ਪਟਿਆਲਾ ਰਾਜ-ਦਰਬਾਰ ਦੀ ਛਤਰ-ਛਾਇਆ ਹੇਠ ਸਿਕਲੀਗਰ ਕਬੀਲੇ ਨੇ ਬੇਹਤਰੀਨ ਹਥਿਆਰਾਂ ਦੀ ਸਿਰਜਨਾ ਕੀਤੀ ਜੋ ਅੱਜ ਵੀ ਕਈ ਅਜਾਇਬ ਘਰਾਂ ਦੀ ਸ਼ੋਭਾ ਹਨ। ਇਨ੍ਹਾਂ ਹਥਿਆਰਾਂ ਦੀ ਪੁਖ਼ਤਗੀ ਅਤੇ ਖ਼ੂਬਸੂਰਤੀ ਰਾਹੀਂ, ਇਸ ਟੱਪਰੀਵਾਸ ਕਬੀਲੇ ਦੀ ਲੋਹ-ਵੰਸ਼ ਦੀਆਂ ਪਿਤਾ-ਪੁਰਖੀ ਛੋਹਾਂ, ਪ੍ਰਤੱਖ ਵੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਦੀ ਦਿੱਖ, ਕੇਵਲ ਹਥਿਆਰ ਹੋਣ ਦੀ ਵਿਸ਼ੇਸ਼ਤਾ ਤੱਕ ਹੀ ਸੀਮਤ ਨਹੀਂ, ਸਗੋਂ ਮੁੱਠੇ, ਮਿਆਨ, ਢਾਲਾਂ ਦੀਆਂ ਪਿੱਠਾਂ, ਸੰਜੋਆਂ, ਤੀਰਾਂ ਦੇ ਨੱਕੇ, ਬਰਛੇ, ਖੁੱਖਰੀਆਂ, ਜਾਫ਼ਰਤਕੀਏ, ਨਾਗਦੌਣਾਂ, ਬਿਛੂਏ, ਗੁਪਤੀਆਂ, ਨੇਜ਼ੇ, ਬੰਦੂਕਾਂ, ਬੱਟ, ਕੋਟਲੇ, ਸਿੰਗੀਆਂ, ਖੰਡੇ, ਚੱਕਰ, ਤੇਗੇ, ਗੁਰਜ, ਨਾਗਣੀਆਂ ਅਤੇ ਸੈਫਾਂ ਜਿਹੇ ਹਥਿਆਰਾਂ ਉੱਪਰ ਅਜਿਹੀ ਨੱਕਾਸ਼ੀ ਅਤੇ ਮੀਨਾਕਾਰੀ ਅੰਕਿਤ ਹੈ ਜਿਨ੍ਹਾਂ ਨੂੰ ਉੱਤਮ ਕਲਾ-ਕ੍ਰਿਤੀਆਂ ਦੀ ਉਪਾਧੀ ਦਿੱਤੀ ਜਾ ਸਕਦੀ ਹੈ।

ਬਾਬਾ ਆਲਾ ਸਿੰਘ ਤੋਂ ਬਾਅਦ ਉਨ੍ਹਾਂ ਦੇ ਪੋਤਰੇ ਮਹਾਰਾਜਾ ਅਮਰ ਸਿੰਘ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਜੱਥੇ ਪਾਸੋਂ ਅੰਮ੍ਰਿਤ ਛਕਿਆ ਸੀ। ਰਾਜ-ਪ੍ਰਬੰਧ ਵਿਚ ਨਿਪੁੰਨ ਇਸ ਸੂਰਬੀਰ ਸਰਦਾਰ ਨੇ ਪੰਦਰਾਂ-ਸੋਲਾਂ ਸਾਲ ਦੇ ਰਾਜ-ਕਾਲ ਵਿਚ ਪਟਿਆਲਾ ਰਾਜ ਦੀ ਤਰੱਕੀ ਲਈ ਬਹੁਤ ਕੰਮ ਕੀਤਾ। ਇਸ ਦੀ ਸੇਵਾ ਵਿਚ ਵੀ ਬਹੁਤ ਸਾਰੇ ਸਿਕਲੀਗਰ ਸਿੰਘ ਮੌਜੂਦ ਸਨ। 1767 ਈ: ਵਿਚ ਰਾਜਾ ਅਮਰ ਸਿੰਘ ਨੇ ਅਹਿਮਦ ਸ਼ਾਹ ਅਬਦਾਲੀ ਤੋਂ ਹਜ਼ਾਰਾਂ (ਗਿਆਨੀ ਸੋਹਨ ਸਿੰਘ ਸੀਤਲ ਅਨੁਸਾਰ ਤੀਹ ਹਜ਼ਾਰ) ਹਿੰਦੂ ਮਰਦ-ਇਸਤਰੀਆਂ ਨੂੰ ਕੈਦ ਵਿਚੋਂ ਛੁਡਾਇਆ ਅਤੇ ਆਪਣੇ ਪੱਲਿਓਂ ਖਰਚ ਦੇ ਕੇ ਘਰੋ-

ਘਰੀ ਪਹੁੰਚਾਇਆ। ਇਸ ਨੇਕ ਕਾਰਜ ਵਿਚ ਸਿਕਲੀਗਰਾਂ ਨੇ ਮਹਾਰਾਜਾ ਅਮਰ ਸਿੰਘ ਦੀ ਮਦਦ ਕੀਤੀ ਸੀ। ਇਕ ਵਾਰ ਨਾਹਨ ਦੇ ਰਾਜੇ ਨੇ ਸ਼ਸਤਰ ਅਤੇ ਸ਼ਸਤਰ-ਘਾੜਿਆਂ ਦੀ ਮੰਗ ਕੀਤੀ ਤਾਂ ਮਹਾਰਾਜਾ ਅਮਰ ਸਿੰਘ ਨੇ ਉਚੇਚੇ ਤੌਰ ਤੇ ਮੋਹਨ ਸਿੰਘ, ਬਦਨ ਸਿੰਘ, ਟਹਿਲ ਸਿੰਘ, ਮਹਿਲ ਸਿੰਘ ਆਦਿ ਮਾਰਵਾੜੀ ਕਾਰੀਗਰਾਂ (ਸਿਕਲੀਗਰਾਂ) ਨੂੰ ਹੁਨਰਮੰਦ ਜਾਣ ਕੇ ਨਾਹਨ ਭੇਜਿਆ।

ਸੰਮਤ 1851 (1794 ਈ:) ਨੂੰ ਪਟਿਆਲਾ ਰਿਆਸਤ ਦੇ ਦੀਵਾਨ ਮਿਸਰ ਨੌਧ ਸਿੰਘ ਦੀ ਗੱਦਾਰੀ ਕਾਰਨ, ਜਦ ਪਟਿਆਲਾ ਰਾਜ-ਘਰਾਣੇ ਦੀ ਦਲੇਰ ਅਤੇ ਸੂਝਵਾਨ ਰਾਜ-ਪ੍ਰਬੰਧਕ ਰਾਣੀ ਸਾਹਿਬ ਕੌਰ (ਜੋ ਕਿ ਰਾਜਾ ਅਮਰ ਸਿੰਘ ਦੀ ਸਪੁਤਰੀ ਅਤੇ ਰਾਜਾ ਸਾਹਿਬ ਸਿੰਘ ਦੀ ਵੱਡੀ ਭੈਣ ਸੀ) ਦੀ ਮਰਹੱਟਿਆਂ ਨਾਲ ਜੰਗ ਹੋਈ ਤਾਂ ਕੇਸਰ ਸਿੰਘ, ਮਤਾਬ ਸਿੰਘ, ਖੇਮ ਸਿੰਘ, ਗੁਲਾਬ ਸਿੰਘ, ਜਵਾਹਰ ਸਿੰਘ ਸਮੇਤ ਬਹੁਤ ਸਾਰੇ ਸਿਕਲੀਗਰ ਸਿੰਘਾਂ ਨੇ ਰਾਣੀ ਦੀ ਡਟ ਕੇ ਮੱਦਦ ਕੀਤੀ। ਰਾਣੀ ਸਾਹਿਬ ਕੌਰ ਨੇ ਮਾਰਵਾੜੀ ਰਾਜਪੂਤਾਂ ਦੀ ਵਫ਼ਾਦਾਰੀ ਤੋਂ ਖੁਸ਼ ਹੋ ਕੇ, ਉਨ੍ਹਾਂ ਨੂੰ ਬਹੁਤ ਸਾਰੇ ਇਨਾਮ ਦੇ ਕੇ ਸਨਮਾਨਿਆ। ਇਹ ਗੱਲ ਵੱਖਰੀ ਹੈ ਕਿ ਬਾਅਦ ਵਿਚ ਮਿਸਰ ਨੌਧ ਨੇ ਕਈ ਸਿਕਲੀਗਰਾਂ ਨੂੰ ਆਪਣੀ ਮਾਂ ਦੀ ਮੌਤ ਦੇ ਇਲਜ਼ਾਮ ਵਿਚ, ਚੌਦਾਂ-ਚੌਦਾਂ ਸਾਲ ਦੀ ਕੈਦ ਕਰਵਾ ਦਿੱਤੀ। ਇਹ ਸਮੁੱਚਾ ਪ੍ਰਸੰਗ 'ਸਿਕਲੀਗਰ ਪ੍ਰਕਾਸ਼' ਵਿਚ ਵੇਰਵੇ ਸਹਿਤ ਦਰਜ ਹੈ। ਪਟਿਆਲਾ ਰਾਜ-ਦਰਬਾਰ ਨਾਲ ਸੰਬੰਧਿਤ ਸਿਕਲੀਗਰਾਂ ਦੀ ਔਲਾਦ ਅੱਜ ਵੀ ਪਟਿਆਲੇ ਨਿਵਾਸ ਕਰਦੀ ਹੈ।

**ਸਿਕਲੀਗਰ ਕਬੀਲਾ: ਮਹਾਰਾਜਾ ਰਣਜੀਤ ਸਿੰਘ ਦੀ ਸਰਪ੍ਰਸਤੀ ਹੇਠ**

ਰਾਜੇ ਰਜਵਾੜਿਆਂ ਦੀ ਆਪਸੀ ਖਹਿਬਾਜ਼ੀ/ਖਾਨਾਜੰਗੀ ਅਤੇ ਬਦੇਸ਼ੀ ਹਮਲਾਵਰਾਂ ਦੀ ਵਜ੍ਹਾ ਕਰਕੇ ਸਿਕਲੀਗਰ ਕਬੀਲੇ ਦੀ ਬੱਝਵੀਂ ਸ਼ਕਤੀ ਖਿੰਡ-ਪੁੰਡ ਚੁੱਕੀ ਸੀ। ਇਸ ਕਬੀਲੇ ਦੇ ਛੋਟੇ-ਛੋਟੇ ਟੋਲੇ, ਵੱਖੋ-ਵੱਖਰੀਆਂ ਥਾਵਾਂ ਤੇ ਵੱਖ-ਵੱਖ ਰਾਜਿਆਂ, ਸਰਦਾਰਾਂ ਲਈ ਕੰਮ ਕਰਦੇ ਸਨ। ਮਿਸਲਾਂ ਦੇ ਪ੍ਰਬੰਧ ਦੌਰਾਨ ਵੀ ਸਿਕਲੀਗਰ ਕਬੀਲੇ ਦੇ ਕਾਰੀਗਰ, ਵੱਖ-ਵੱਖ ਮਿਸਲਾਂ ਲਈ ਜੰਗੀ ਸਾਜੋ-ਸਮਾਨ ਤਿਆਰ ਕਰਦੇ ਸਨ।

ਜਦ ਮਹਾਰਾਜਾ ਰਣਜੀਤ ਸਿੰਘ ਨੇ ਇਨ੍ਹਾਂ ਮਿਸਲਾਂ ਨੂੰ ਇਕੱਠਾ ਕਰਕੇ ਵਿਸ਼ਾਲ ਸਿੱਖ ਰਾਜ ਦਾ ਗਠਨ ਕੀਤਾ ਤਾਂ ਉਸਨੇ ਆਪਣੀ ਫ਼ੌਜ ਲਈ ਜੰਗੀ ਸਾਜੋ-ਸਮਾਨ ਅਤੇ ਹਥਿਆਰ ਬਣਾਉਣ ਵਾਸਤੇ ਬਹੁਤ ਸਾਰੇ ਸਿਕਲੀਗਰਾਂ ਨੂੰ (ਮੁਲਾਜ਼ਮ) ਭਰਤੀ ਕਰ ਲਿਆ। ਮਹਾਰਾਜੇ ਨੇ ਆਪਣੀ ਫ਼ੌਜ ਦੀ ਸਿਖਲਾਈ, ਸ਼ਸਤਰਾਂ ਦੇ ਬੇਹਤਰ ਨਿਰਮਾਣ ਅਤੇ ਨਵੀਨੀਕਰਣ ਵੱਲ ਉਚੇਚਾ ਧਿਆਨ ਦਿੱਤਾ। ਮਹਾਰਾਜੇ ਦੀ ਫ਼ੌਜ ਲਈ ਰਵਾਇਤੀ ਅਤੇ ਨਵੀਨ ਸ਼ਸਤਰਾਂ ਦੇ ਨਿਰਮਾਣ ਅਤੇ ਮੁਹਾਰਤ ਦਾ ਕਾਰਜ, ਲਾਹੌਰ ਦੀਆਂ ਅਸਲਾ-ਵਰਕਸ਼ਾਪਾਂ ਵਿਚ ਸਿਕਲੀਗਰ ਹੀ ਕਰਦੇ ਸਨ। ਸਿਕਲੀਗਰਾਂ ਨੂੰ ਰਵਾਇਤੀ ਤੇਜ਼ਧਾਰ ਹਥਿਆਰਾਂ ਦੇ ਨਾਲ ਨਾਲ ਅਗਨ ਸ਼ਸਤਰਾਂ ਜਿਵੇਂ ਬੰਦੂਕਾਂ, ਗੋਲਾ-ਬਾਰੂਦ ਆਦਿ ਬਣਾਉਣ ਦੀ ਮੁਹਾਰਤ ਵੀ ਹਾਸਲ ਸੀ। ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਸਿਕਲੀਗਰ ਕਬੀਲੇ ਨੇ ਆਪਣੇ ਖੋਏ ਹੋਏ ਵਕਾਰ ਨੂੰ ਬਹਾਲ ਕਰਨ ਲਈ ਸਿਰਤੋੜ ਯਤਨ ਕੀਤੇ।

**ਅੰਗਰੇਜ਼ੀ ਰਾਜ: ਸਿਕਲੀਗਰ ਕਬੀਲੇ ਦਾ ਪਤਨ**

ਭਾਰਤ ਵਿਚ ਅੰਗਰੇਜ਼ੀ ਸਾਮਰਾਜ ਸਿਕਲੀਗਰ ਕਬੀਲੇ ਦੇ ਪਤਨ ਦਾ ਕਾਰਨ ਬਣਿਆ। 1849 ਈ: ਵਿਚ ਪੰਜਾਬ ਅੰਗਰੇਜ਼ੀ ਸਾਮਰਾਜ ਅਧੀਨ ਚਲਾ ਗਿਆ। ਉਸ ਸਮੇਂ ਸਿਕਲੀਗਰ ਪੰਜਾਬ ਵਿਚ ਖੁੱਲ੍ਹੇ ਤੌਰ ਤੇ ਨੇਕ-ਨੀਤੀ ਸਹਿਤ ਹਥਿਆਰ ਬਣਾਉਣ ਦੇ ਕਿੱਤੇ ਵਿਚ ਲੱਗੇ ਹੋਏ ਸਨ। ਉਨ੍ਹਾਂ ਵਿਚੋਂ ਕੁਝ ਅੰਗਰੇਜ਼ ਸਰਕਾਰ ਦੀ ਮੁਲਾਜ਼ਮਤ ਵਿਚ ਚਲੇ ਗਏ, ਜਿਥੇ ਉਨ੍ਹਾਂ ਨੂੰ ਤਲਵਾਰਾਂ, ਵਿਸ਼ੇਸ਼ ਤੌਰ ਤੇ ਫ਼ੌਜ ਦੇ ਗੋਰਖਾ ਵਿੰਗ ਲਈ ਖੁਖਰੀਆਂ ਤਿਆਰ ਕਰਨ ਦਾ ਕੰਮ ਸੌਂਪਿਆ ਗਿਆ ਪਰ ਛੇਤੀ ਕਬੀਲੇ ਦੇ ਪਤਨ ਦਾ ਸਿਲਸਿਲਾ ਸ਼ੁਰੂ ਹੋ ਗਿਆ ਜਿਸ ਦੇ ਮੁੱਖ ਤੌਰ ਤੇ ਤਿੰਨ ਕਾਰਨ ਸਨ-

1. ਸਾਇੰਸ ਦੀ ਤਰੱਕੀ ਕਾਰਨ ਨਵੀਨ ਸ਼ਸਤਰਾਂ ਦਾ ਆਗਮਨ
2. ਅੰਗਰੇਜ਼ੀ ਸਰਕਾਰ ਵਲੋਂ ਦੇਸੀ ਹਥਿਆਰ ਬਣਾਉਣ ਤੇ ਪਾਬੰਦੀ
3. ਅਪਰਾਧੀ ਕਬੀਲਾ ਕਾਨੂੰਨ

ਉਨੀਵੀਂ ਸਦੀ ਵਿਚ ਸਾਇੰਸ ਨੇ ਹਰ ਖੇਤਰ ਵਿਚ ਤਰੱਕੀ ਕਰਕੇ ਵੱਡੀਆਂ ਮੱਲਾਂ ਮਾਰੀਆਂ। ਤਲਵਾਰਾਂ ਅਤੇ ਤੇਜ਼ਧਾਰ ਹਥਿਆਰਾਂ ਦੀ ਜਗ੍ਹਾ ਘਾਤਕ ਬੰਬਾਂ, ਬੰਦੂਕਾਂ, ਤੋਪਾਂ ਨੇ ਮੱਲ ਲਈ। ਇਸ ਕਰਕੇ ਸਿਕਲੀਗਰਾਂ ਦੇ ਰਵਾਇਤੀ ਤੇ ਪਿਤਾ-ਪੁਰਖੀ ਕਿੱਤੇ ਨੂੰ ਭਾਰੀ ਢਾਹ ਲੱਗੀ।

ਦੂਜਾ, ਅੰਗਰੇਜ਼ ਸਰਕਾਰ ਨੇ ਭਾਰਤ ਵਿਚ ਦੇਸੀ ਹਥਿਆਰ ਬਣਾਉਣ 'ਤੇ ਪਾਬੰਦੀ ਲਾ ਦਿੱਤੀ ਅਤੇ ਇਸ ਵਿਰੁੱਧ ਕਾਨੂੰਨ ਪਾਸ ਕਰ ਦਿੱਤਾ। ਅਜਿਹਾ ਇਸ ਲਈ ਕੀਤਾ ਗਿਆ ਤਾਂ ਜੋ ਅੰਗਰੇਜ਼ ਸਰਕਾਰ ਵਿਰੁੱਧ ਲੜਨ ਵਾਲੀਆਂ ਧਿਰਾਂ ਲਈ ਨਾ ਕੋਈ ਹਥਿਆਰ ਬਣਾਏ, ਨਾ ਹੀ ਸਪਲਾਈ ਕਰ ਸਕੇ। ਇਹ ਕਾਨੂੰਨ ਸਖ਼ਤੀ ਨਾਲ ਲਾਗੂ ਕੀਤਾ ਗਿਆ। ਸਿਕਲੀਗਰ ਕਬੀਲੇ ਦੀ ਰੀੜ੍ਹ ਤੋੜਨ ਲਈ ਇਹ ਮਾਰੂ ਕਾਨੂੰਨ ਬਹੁਤ ਭਿਆਨਕ ਅਤੇ ਕਾਫ਼ੀ ਸੀ। ਅਫ਼ਸੋਸਜਨਕ ਪਹਿਲੂ ਇਹ ਕਿ ਇਨ੍ਹਾਂ ਹੁਨਰਮੰਦ ਕਾਰੀਗਰਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਲਈ ਕਿਸੇ ਵੀ ਧਿਰ ਨੇ ਹੀਲਾ ਨਹੀਂ ਕੀਤਾ। ਇਸ ਸਮੇਂ ਸਾਰਾ ਦੇਸ਼ ਵਿਦੇਸ਼ੀ ਪ੍ਰਭਾਵ ਅਧੀਨ ਗ੍ਰੱਸਿਆ ਜਾ ਰਿਹਾ ਸੀ, ਇਸ ਲਈ ਸਿਕਲੀਗਰ ਕਾਰੀਗਰਾਂ ਦਾ ਬੇਹਤਰੀਨ ਹੁਨਰ ਉਨ੍ਹਾਂ ਦੇ ਹੱਥਾਂ ਵਿਚ ਹੀ ਮਰ ਮੁੱਕ ਗਿਆ।

ਇਸ ਦੇ ਨਾਲ ਹੀ ਅੰਗਰੇਜ਼ ਸਰਕਾਰ ਨੇ ਅਪਰਾਧ ਦੀ ਆੜ ਹੇਠ ਭਾਰਤ ਵਿਚ ਕਬੀਲਿਆਂ ਦੇ ਘੁੰਮਣ ਤੇ ਪਾਬੰਦੀ ਲਾ ਦਿੱਤੀ। ਮਾਨਵਤਾਵਾਦੀ ਅਤੇ ਵਿਗਿਆਨਕ ਲੀਹਾਂ ਤੇ ਇਨ੍ਹਾਂ ਟੱਪਰੀਵਾਸਾਂ ਦੇ ਪੁਨਰਵਾਸ ਤੇ ਸੁਧਾਰ ਦੀ ਬਜਾਏ, 1871 ਵਿਚ 'ਅਪਰਾਧੀ ਕਬੀਲਾ ਕਾਨੂੰਨ' ਥੋਪ ਦਿੱਤਾ ਗਿਆ, ਜਿਸ ਨੇ ਟੱਪਰੀਵਾਸ ਕਬੀਲਿਆਂ ਨੂੰ ਪੀੜ੍ਹੀਆਂ ਤੱਕ ਦਰੜ ਕੇ ਰੱਖ ਦਿੱਤਾ।

ਇਸ ਕਾਨੂੰਨ ਦੀ ਪੀਡੀ ਪਕੜ ਵਿਚੋਂ ਕਈ ਹੁਨਰਵੰਦ ਅਤੇ ਮਜ਼ਲੂਮ ਕਬੀਲੇ ਵੀ ਨਾ ਬਚ ਸਕੇ। ਸਿਕਲੀਗਰ ਕਬੀਲੇ ਤੇ ਖਾਸ ਨਿਗਾਹ ਰੱਖੀ ਗਈ ਕਿਉਂਕਿ ਕਬੀਲਾ ਅੰਗਰੇਜ਼ਾਂ ਦੇ ਖ਼ਿਲਾਫ਼ ਕਿਸੇ ਵੀ ਰਜਵਾੜਾ ਤਾਕਤ ਲਈ ਹਥਿਆਰ ਬਣਾ ਸਕਦਾ ਸੀ। ਇਸ ਲਈ ਕਬੀਲੇ ਦੇ ਕਾਰੀਗਰਾਂ ਨਾਲ ਸ਼ੱਕ ਦੇ ਆਧਾਰ ਤੇ ਬੇਰਹਿਮ ਸਖ਼ਤੀ ਕੀਤੀ ਗਈ, ਜਿਸ ਕਰਕੇ ਸਾਰੇ ਕਬੀਲੇ ਨੇ 'ਭੱਠ ਤਾਉਣ' ਦੀ ਸਹੁੰ ਪਾ ਦਿੱਤੀ ਅਤੇ ਗੁਜ਼ਾਰੇ ਲਈ ਘਰਾਂ ਦਾ

ਨਿਕਾ-ਮੋਟਾ ਸਮਾਨ (ਚਾਕੂ-ਛੁਰੀਆਂ, ਬੱਠਲ-ਬਾਲਟੀਆਂ, ਚਿਮਟੇ-ਖੁਰਚਣੇ ਆਦਿ।) ਬਣਾਉਣਾ ਸ਼ੁਰੂ ਕਰ ਦਿੱਤਾ। ਸਮਾਨ ਵੇਚਣ ਲਈ ਇਨ੍ਹਾਂ ਨੂੰ ਪਿੰਡੋ-ਪਿੰਡ, ਨਗਰ-ਨਗਰ ਘੁੰਮਣਾ ਪੈਂਦਾ, ਜਿਸ ਕਰਕੇ ਇਨ੍ਹਾਂ ਨੂੰ ਟੱਪਰੀਵਾਸ ਜੀਵਨ-ਸ਼ੈਲੀ, ਅਪਣਾਉਣੀ ਪਈ।

**ਆਜ਼ਾਦੀ ਉਪਰੰਤ ਸਿਕਲੀਗਰ ਕਬੀਲਾ**

ਆਜ਼ਾਦੀ ਉਪਰੰਤ, ਸਮਾਜਕ-ਆਰਥਕ ਪਛੜੇਵੇਂ ਕਾਰਨ 6 ਸੂਬਿਆਂ ਵਿੱਚ ਇਨ੍ਹਾਂ ਨੂੰ ਅਨੁਸੂਚਿਤ ਜਾਤੀਆਂ ਵਿਚ ਸ਼ਾਮਲ ਤਾਂ ਕਰ ਦਿੱਤਾ ਗਿਆ ਹੈ ਪਰ ਇਨ੍ਹਾਂ ਦੇ ਕਲਿਆਣ ਅਤੇ ਵਸੇਬੇ ਲਈ ਕੋਈ ਧਿਆਨ ਨਹੀਂ ਦਿੱਤਾ ਗਿਆ। ਅਨੁਸੂਚਿਤ ਵਰਗਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਤੋਂ ਇਹ ਲੋਕ ਇਸ ਕਰਕੇ ਵੀ ਵਾਂਝੇ ਹਨ ਕਿਉਂਕਿ ਇਹ ਅਨਪੜ੍ਹਤਾ, ਗਰੀਬੀ, ਅਸਥਿਰ ਜੀਵਨ-ਸ਼ੈਲੀ ਤੋਂ ਬੁਰੀ ਤਰ੍ਹਾਂ ਪ੍ਰਭਾਵਤ ਹਨ। ਇਹ ਕਬੀਲਾ ਕੇਵਲ ਪੰਜਾਬ ਵਿਚ ਹੀ ਨਹੀਂ ਬਲਕਿ ਪੂਰੇ ਭਾਰਤ ਵਿਚ ਖਿੰਡਿਆ ਹੋਇਆ ਹੈ। ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ, ਰਾਜਸਥਾਨ, ਯੂ.ਪੀ., ਮੱਧ ਪ੍ਰਦੇਸ਼, ਗੁਜਰਾਤ, ਮਹਾਂਰਾਸ਼ਟਰ ਸਮੇਤ ਬਹੁਤ ਸਾਰੇ ਪ੍ਰਦੇਸ਼ਾਂ ਵਿਚ ਇਹਨਾਂ ਦੀ ਵਸੋਂ ਕਰੋੜਾਂ ਵਿਚ ਆਂਕੀ ਗਈ ਹੈ।

ਸਮਾਜਕ, ਆਰਥਕ, ਰਾਜਨੀਤਿਕ, ਵਿਸ਼ੇਸ਼ ਕਰ ਵਿੱਦਿਅਕ ਪੱਖੋਂ ਇਹ ਕਬੀਲਾ ਬੇਹੱਦ ਪੱਛੜੇਪਣ ਦਾ ਸ਼ਿਕਾਰ ਹੈ। ਝੁੱਗੀਆਂ ਝੌਂਪੜੀਆਂ ਵਿਚ ਵਸ ਰਹੇ ਇਹ ਲੋਕ, ਨਵੇਂ ਜ਼ਮਾਨੇ ਦੀ ਤੋਰ ਦੇ ਮੁਕਾਬਲੇ ਵਿਚ ਪਛੜ ਜਾਣ ਕਾਰਨ, ਰੁਜ਼ਗਾਰੋਂ ਹੀਣੇ ਦੋ ਵੇਲੇ ਦੀ ਰੋਜ਼ੀ-ਰੋਟੀ ਪੱਖੋਂ ਬੇਹਾਲ ਹਨ, ਨਾ ਚੰਗਾ ਖਾਣ ਨੂੰ ਨਾ ਪਹਿਨਣ ਨੂੰ। ਜਿਥੇ ਕਿਤੇ ਸਥਾਈ ਬਸਤੀਆਂ ਬਣਾ ਕੇ ਝੌਂਪੜੀ-ਨੁਮਾ ਘਰ ਬਣਾਏ ਵੀ ਹਨ, ਉਥੇ ਨਾ ਕੋਈ ਵਿੱਦਿਆ ਲਈ ਸਕੂਲ ਦਾ ਪ੍ਰਬੰਧ ਹੈ ਅਤੇ ਨਾ ਹੀ ਕੋਈ ਡਾਕਟਰੀ ਸਹੂਲਤ। ਪੀਣ ਵਾਲੇ ਪਾਣੀ ਤੱਕ ਦਾ ਕੋਈ ਬਕਾਇਦਾ ਇੰਤਜ਼ਾਮ ਨਹੀਂ।

**ਅਜੋਕੀਆਂ ਸਿੱਖ ਸੰਸਥਾਵਾਂ ਅਤੇ ਸਿਕਲੀਗਰ ਕਬੀਲਾ**

ਇਸ ਵਿਚ ਸ਼ੱਕ ਨਹੀਂ ਕਿ ਸਿੱਖ ਇਤਿਹਾਸ ਵਿਚ ਸਿਕਲੀਗਰ ਕਬੀਲੇ ਦੀ ਬੇਹੱਦ ਪ੍ਰਸੰਸਾਯੋਗ ਭੂਮਿਕਾ ਰਹੀ ਹੈ ਪਰ ਉਨ੍ਹਾਂ ਦੇ ਸਿੱਖ ਮੂਲ-ਧਾਰਾ ਨਾਲੋਂ ਨਿਖੜਨ/ਵਿਛੜਨ ਦਾ ਗਿਆਨ ਬਹੁਤ ਘੱਟ ਸਿੱਖਾਂ ਨੂੰ ਹੈ। ਗੁਰੂ ਨਾਨਕ ਦੀ ਫੁਲਵਾੜੀ ਦੇ ਇਸ ਮਹੱਤਵਪੂਰਨ ਹਿੱਸੇ ਬਾਰੇ ਕੁਝ ਸਮਾਂ ਪਹਿਲਾਂ ਤੱਕ ਸਿੱਖ ਸੰਸਥਾਵਾਂ ਬਿਲਕੁਲ ਅਵੇਸਲੀਆਂ ਸਨ। ਹੁਣ ਥੋੜ੍ਹੇ ਸਮੇਂ ਤੋਂ ਵਿਅਕਤੀਗਤ ਅਤੇ ਸੰਸਥਾਗਤ ਪੱਧਰ ਤੇ ਕੁਝ ਯਤਨ ਸ਼ੁਰੂ ਹੋਏ ਹਨ। 'ਗੁਰਮਤਿ ਪ੍ਰਕਾਸ਼', 'ਸਿੱਖ ਫੁਲਵਾੜੀ', 'ਸਿੱਖ ਰੀਵਿਊ' ਸਮੇਤ ਕਈ ਸਿੱਖ ਪੱਤਰਕਾਵਾਂ ਵਿਚ ਸਿਕਲੀਗਰਾਂ ਤੋਂ ਇਲਾਵਾ ਵਣਜਾਰੇ, ਸਤਿਨਾਮੀਏ ਆਦਿ ਕਬੀਲਿਆਂ ਬਾਰੇ ਸਮੱਗਰੀ ਪ੍ਰਕਾਸ਼ਤ ਹੋਈ ਹੈ ਜਿਸ ਕਾਰਨ ਸਿੱਖ ਸੰਸਥਾਵਾਂ ਵਿਚ ਹਿਲਜੁਲ ਸ਼ੁਰੂ ਹੋਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਸਮੇਤ ਕਈ ਸਿੱਖ ਸੰਸਥਾਵਾਂ ਨੇ ਇਸ ਪਾਸੇ ਧਿਆਨ ਦੇਣਾ ਸ਼ੁਰੂ ਕੀਤਾ ਹੈ। ਇਸ ਪਾਸੇ ਵਧੇਰੇ ਸਰਗਰਮੀ ਛੋਟੀਆਂ/ਸਥਾਨਕ ਪੱਧਰ ਦੀਆਂ ਸੰਸਥਾਵਾਂ ਜਿਵੇਂ ਗੁਰਮਤਿ ਪ੍ਰਚਾਰ ਸੰਸਥਾ, ਨਾਗਪੁਰ, ਸਕਾਟਿਸ਼ ਸਿੱਖ ਕੌਂਸਲ, ਸਤਿਨਾਮ ਫਾਊਂਡੇਸ਼ਨ, ਰਾਇਪੁਰ, ਗੁਰੂ ਅੰਗਦ ਦੇਵ ਵਿਦਿਅਕ ਅਤੇ ਭਲਾਈ ਸੰਸਥਾ, ਲੁਧਿਆਣਾ, ਵਣਜਾਰਾ ਐਂਡ ਅਦਰ ਵੀਕਰ ਸੈਕਸ਼ਨ

ਵੈਲਫੇਅਰ ਸੁਸਾਇਟੀ, ਚੰਡੀਗੜ੍ਹ ਆਦਿ ਨੇ ਦਿਖਾਈ ਹੈ।

ਗੁਰੂ ਅੰਗਦ ਦੇਵ ਵਿੱਦਿਅਕ ਅਤੇ ਭਲਾਈ ਸੰਸਥਾ ਵਲੋਂ ਲੁਧਿਆਣਾ ਦੇ ਪ੍ਰੀਤਨਗਰ ਦੀ ਸਿਕਲੀਗਰ ਬਸਤੀ ਵਿਚ ਸ਼ੁਰੂ ਕੀਤੇ ਪ੍ਰਾਜੈਕਟ ਨੂੰ ਦੇਖ ਕੇ ਇਸ ਪਾਸੇ ਹੋਣ ਵਾਲੇ ਕਾਰਜਾਂ ਬਾਰੇ ਜਾਣਕਾਰੀ ਮਿਲਦੀ ਹੈ ਕਿ ਇਨ੍ਹਾਂ ਕਬੀਲਿਆਂ ਲਈ ਬਹੁਤ ਕੁਝ ਹੋਣ ਵਾਲਾ ਹੈ। ਇਥੇ ਇਹ ਗੱਲ ਵਰਣਨਯੋਗ ਹੈ ਕਿ ਸਿੱਖ ਸੰਸਥਾਵਾਂ ਦੀ ਸਰਗਰਮੀ ਤੋਂ ਪਹਿਲਾਂ ਪੰਜਾਬ, ਦਿੱਲੀ ਸਮੇਤ ਕੁਝ ਥਾਵਾਂ 'ਤੇ ਸਿਕਲੀਗਰ ਬਸਤੀਆਂ ਵਿਚ ਨਿਰੰਕਾਰੀਆਂ ਵਲੋਂ ਵੀ ਇਨ੍ਹਾਂ ਦੀ ਭਲਾਈ ਲਈ ਯਤਨ ਆਰੰਭਿਆ ਗਿਆ ਸੀ।

**ਸਿਕਲੀਗਰ ਕਬੀਲਾ: ਅਜੋਕੀ ਹਾਲਤ**

ਵੱਖ-ਵੱਖ ਧਾਰਮਿਕ ਅਤੇ ਸਮਾਜ-ਸੇਵੀ ਸੰਸਥਾਵਾਂ ਵਲੋਂ ਹੋ ਰਹੇ ਛੋਟੇ ਪੱਧਰ ਦੇ, ਪਰ ਅਹਿਮ ਕਾਰਜਾਂ/ਸਰਵੇਖਣਾਂ ਤੋਂ ਸਿਕਲੀਗਰਾਂ ਬਾਰੇ ਜੋ ਵੀ ਤੱਥ ਦ੍ਰਿਸ਼ਟੀਗੋਚਰ ਹੋ ਰਹੇ ਹਨ, ਉਨ੍ਹਾਂ ਵਿਚੋਂ ਇਕ ਇਹ ਹੈ ਕਿ ਸੈਂਕੜੇ ਵਰ੍ਹੇ ਸਿੱਖੀ ਦੀ ਮੁੱਖ-ਧਾਰਾ ਤੋਂ ਵਿੱਛੜੇ ਰਹਿਣ ਦੇ ਬਾਵਜੂਦ ਸਿੱਖ ਸਿਕਲੀਗਰ ਪੂਰੇ ਸਿੱਖੀ ਸਰੂਪ ਵਿਚ ਹਨ। ਗੁਰਦੁਆਰਿਆਂ, ਗੁਰਮਤਿ ਲਿਟਰੇਚਰ ਅਤੇ ਧਰਮ-ਪ੍ਰਚਾਰ ਦੀ ਅਣਹੋਂਦ ਦੇ ਬਾਵਜੂਦ ਸਿੱਖੀ ਲਈ ਉਨ੍ਹਾਂ ਅੰਦਰ ਬੇਹੱਦ ਤਾਂਘ ਹੈ। ਬੇਸ਼ੱਕ ਸਮਾਜ ਦੇ ਹੋਰ ਲੋਕਾਂ ਦੀ ਤਰ੍ਹਾਂ ਪੁਰਾਤਨ ਰਹੁ-ਰੀਤਾਂ, ਕਬੀਲਾਈ ਵਿਸ਼ਵਾਸ, ਵਹਿਮ-ਭਰਮ ਇਨ੍ਹਾਂ ਸਿਕਲੀਗਰਾਂ ਵਿਚ ਵੀ ਪ੍ਰਚਲਤ ਹਨ ਅਤੇ ਇਨ੍ਹਾਂ ਦੀ ਗਰੀਬੀ ਦਾ ਨਜਾਇਜ਼ ਫਾਇਦਾ ਲੈ ਕੇ, ਕਈ ਦੂਸਰੇ ਧਰਮਾਂ ਦੇ ਲੋਕ, ਇਨ੍ਹਾਂ ਦੇ ਧਰਮ ਪਰਿਵਰਤਨ ਲਈ ਸਰਗਰਮ ਹਨ ਪਰ ਇਸ ਦੇ ਬਾਵਜੂਦ ਸਿਕਲੀਗਰਾਂ ਦੀ ਸਿੱਖ ਧਰਮ ਪ੍ਰਤੀ ਸ਼ਰਧਾ ਅਤੇ ਸਤਿਕਾਰ ਜਿਉਂ ਦਾ ਤਿਉਂ ਕਾਇਮ ਹੈ। ਪੁਰਾਤਨ ਰੀਤਾਂ-ਰਸਮਾਂ ਦੇ ਨਾਲ ਨਾਲ ਸਿਕਲੀਗਰ ਕਬੀਲੇ ਦੀ ਰਹਿਤ-ਰਹਿਣੀ ਉਪਰ ਸਿੱਖੀ ਦਾ ਪ੍ਰਭਾਵ ਪ੍ਰਤੱਖ ਦੇਖਿਆ ਜਾ ਸਕਦਾ ਹੈ ਜਿਵੇਂ ਸਿੱਖ ਪਰੰਪਰਾ ਅਨੁਸਾਰ ਬੱਚਿਆਂ ਦਾ ਨਾਮਕਰਨ, ਕੇਸਾਧਾਰੀ ਹੋਣਾ, ਅੰਮ੍ਰਿਤ ਦੀ ਮਰਯਾਦਾ ਵਿਚ ਵਿਸ਼ਵਾਸ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰਦੁਆਰੇ ਪ੍ਰਤੀ ਅਥਾਹ ਸ਼ਰਧਾ, ਆਨੰਦ ਕਾਰਜ ਦੀ ਰਸਮ ਆਦਿ।

ਸਿਕਲੀਗਰ ਕਬੀਲੇ ਦਾ ਪਸਾਰਾ ਅਤੇ ਪਛੜੇਵਾਂ ਅੱਜ ਏਨਾ ਵਿਆਪਕ ਹੈ ਕਿ ਵੱਖ-ਵੱਖ ਸੰਸਥਾਵਾਂ ਵਲੋਂ ਆਰੰਭੇ ਭਲਾਈ-ਕਾਰਜ ਨਿਗੂਣੇ ਅਤੇ ਅਧੂਰੇ ਹਨ। ਸਮਾਜਕ, ਆਰਥਕ, ਵਿੱਦਿਅਕ, ਹਰ ਪੱਖੋਂ ਇਸ ਕਬੀਲੇ ਦੀ ਹਾਲਤ ਤਰਸਯੋਗ ਹੈ। ਸਿਕਲੀਗਰਾਂ ਦੀਆਂ ਝੁੱਗੀਆਂ ਵਿਚ ਕਰਾਮਾਤੀ ਗੁਣਵਤਾ ਛੁਪੀ ਹੋਈ ਹੈ। ਇਸ ਗੁਣਵਤਾ ਨੂੰ ਅਨਪੜ੍ਹਤਾ ਅਤੇ ਗਰੀਬੀ ਦੀ ਗ੍ਰਿਫਤ ਵਿਚੋਂ ਕੱਢਣ ਲਈ ਸਿਕਲੀਗਰ ਬਸਤੀਆਂ ਵਿਚ ਵਿੱਦਿਅਕ ਸੰਸਥਾਵਾਂ, ਤਕਨੀਕੀ ਅਤੇ ਦਸਤਕਾਰੀ ਟ੍ਰੇਨਿੰਗ ਸੰਸਥਾਵਾਂ ਦੀ ਲੋੜ ਹੈ। ਆਮ ਧਾਰਨਾ ਹੈ ਕਿ ਸਿਕਲੀਗਰਾਂ ਦੇ ਬੱਚੇ ਇੰਜੀਨੀਅਰ ਦਿਮਾਗ ਲੈ ਕੇ ਜੰਮਦੇ ਹਨ, ਪਰ ਸਕੂਲੀ ਵਿੱਦਿਆ ਅਤੇ 'ਨਵੇਂ ਜ਼ਮਾਨੇ' ਦੀ ਤਕਨੀਕੀ ਸਿਖਲਾਈ ਤੋਂ ਵਿਰਵੇ, ਪੁਰਾਣੀ ਤਕਨੀਕ ਦੇ ਮਾਹਰ ਇਹ ਕਾਬਲ ਅਤੇ ਹੁਨਰਮੰਦ ਲੋਕ ਦਰ-ਦਰ ਦੀਆਂ ਠੋਹਕਰਾਂ ਖਾਣ ਲਈ ਮਜ਼ਬੂਰ ਹਨ। ਅਗਰ ਸਿਕਲੀਗਰਾਂ ਦੀ ਨਵੀਂ ਪੀੜ੍ਹੀ ਨੂੰ ਨਵੇਂ ਜ਼ਮਾਨੇ ਦੀ ਤਕਨੀਕੀ ਸਿਖਲਾਈ ਅਤੇ ਕੁਝ ਕਰਨ ਦਾ ਮੌਕਾ ਮਿਲੇ ਤਾਂ ਹੈਰਾਨੀਜਨਕ ਨਤੀਜਿਆਂ ਦੀ ਆਸ ਕੀਤੀ ਜਾ ਸਕਦੀ ਹੈ।

**ਅੰਤਲੀ ਗੱਲ: ਖੋਜਕਾਰਾਂ ਲਈ**

ਹਥਲਾ ਨਿਬੰਧ, ਸਿਕਲੀਗਰਾਂ ਦੇ ਗੁਰੂ ਪੰਥ ਨਾਲ ਸੰਬੰਧਾਂ ਬਾਰੇ ਉਪਲਬਧ ਸਮੱਗਰੀ ਤੇ ਸਰਸਰੀ ਝਾਤ ਹੈ। ਇਸ ਕਬੀਲੇ ਬਾਰੇ ਥਾਂ-ਥਾਂ ਖਿੰਡੀ ਪਈ ਸਮੱਗਰੀ, ਤੱਥ, ਰਵਾਇਤਾਂ, ਸਮਾਚਾਰ ਸਿਰੜੀ ਖੋਜਕਾਰਾਂ ਦੀ ਉਡੀਕ ਵਿਚ ਹਨ। ਸਿਕਲੀਗਰ ਕਬੀਲੇ ਬਾਰੇ ਇੱਕਾ-ਦੁੱਕਾ ਅਕਾਦਮਿਕ ਕਾਰਜ ਹੀ ਦ੍ਰਿਸ਼ਟੀਗੋਚਰ ਹੁੰਦੇ ਹਨ। ਸ਼ੇਰ ਸਿੰਘ ਸ਼ੇਰ ਅਤੇ ਕਿਰਪਾਲ ਕਜ਼ਾਕ ਦਾ ਖੋਜ-ਕਾਰਜ, ਇਸ ਦਿਸ਼ਾ ਵਿਚ ਬਹੁਤ ਹੀ ਮਹੱਤਵਪੂਰਨ ਹੈ ਪਰ ਇਸ ਵਿਸ਼ੇ ਦੇ ਬਹੁਤ ਸਾਰੇ ਪੱਖ ਅਣਛੋਹੇ ਪਏ ਹਨ। ਨਿਰੋਲ ਇਤਿਹਾਸਕ ਪਹੁੰਚ ਤੋਂ ਇਸ ਵਿਸ਼ੇ ਤੇ ਕੋਈ ਵੀ ਵਿਉਂਤਬੱਧ ਕਾਰਜ ਸਾਹਮਣੇ ਨਹੀਂ ਆਇਆ। ਸਿਕਲੀਗਰਾਂ ਬਾਰੇ ਪੁਰਾਤਨ ਇਤਿਹਾਸਕ ਸਰੋਤਾਂ ਵਿਚ ਬਹੁਤ ਕੁਝ ਦੱਬਿਆ ਪਿਆ ਹੈ ਜੋ ਕਿ ਸੰਕੇਤਕ ਅਤੇ ਅਸਪੱਸ਼ਟ ਹੋਣ ਦੇ ਨਾਲ-ਨਾਲ ਖਿਲਰਵੇਂ ਰੂਪ ਵਿਚ ਹੈ। ਪੁਰਾਤਨ ਹਥਿਆਰਾਂ ਦੇ ਅਧਿਐਨ ਤੋਂ ਬਹੁਤ ਕੁਝ ਸਾਹਮਣੇ ਆ ਸਕਦਾ ਹੈ।

ਇਸੇ ਸਮਾਜ-ਵਿਗਿਆਨ, ਨਸਲ-ਵਿਗਿਆਨ, ਸੁਰੱਖਿਆ ਅਧਿਐਨ ਦੇ ਖੋਜ ਵਿਦਿਆਰਥੀ ਆਪੋ-ਆਪਣੇ ਅਨੁਸ਼ਾਸਨ ਵਿਚ ਰਹਿ ਕੇ, ਇਸ ਅਣਗੌਲੇ ਖੇਤਰ ਬਾਰੇ ਬਹੁਤ ਕੁਝ ਢੂੰਡ ਸਕਦੇ ਹਨ। ਸਮਾਜ ਵਿਗਿਆਨ ਦ੍ਰਿਸ਼ਟੀਕੋਣ ਤੋਂ ਸਿਕਲੀਗਰ ਕਬੀਲੇ ਦਾ ਅਧਿਐਨ, ਵਿਸ਼ਾਲ ਸਰਵੇਖਣ-ਪ੍ਰਾਜੈਕਟ ਦਾ ਮੁਥਾਜ ਹੈ। ਕਹਿਣ ਤੋਂ ਭਾਵ, ਸਿਕਲੀਗਰ ਕਬੀਲੇ ਬਾਰੇ ਅਕਾਦਮਿਕ ਪੱਧਰ ਤੇ ਵੱਖ-ਵੱਖ ਪੱਖਾਂ ਤੋਂ ਖੋਜ-ਕਾਰਜ ਸੰਭਵ ਹੋ ਸਕਦਾ ਹੈ। ਖੋਜ-ਵਿਦਿਆਰਥੀਆਂ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

**ਹਵਾਲੇ ਅਤੇ ਟਿੱਪਣੀਆਂ-**


1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਜਵੀਂ ਵਾਰ, 1990. ਪੰਨਾ 91.
2. ਉਹੀ, ਪੰਨਾ 298 ਅਤੇ
   ਫ਼ਾਰਸੀ ਪੰਜਾਬੀ ਕੋਸ਼, ਪੰਜਾਬੀ ਯੂਨੀਵਰਸਿਟੀ ਪਟਿਆਲਾ 1996, ਪੰਨਾ 527
3. ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 247.
4. ਸਿਕਲੀਗਰ ਕਬੀਲੇ ਦਾ ਸਭਿਆਚਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1990, ਪੰਨਾ 14
5. ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਜਿਲਦ ਤੀਜੀ, ਲੋਕ ਪ੍ਰਕਾਸ਼ਨ, ਨਵੀਂ ਦਿੱਲੀ, ਨਵੰਬਰ 1979, ਪੰਨਾ 639-40.
6. "The Sikligars of Punjab, Sterling Publishers Pvt. Ltd. Jullundur-Delhi, 1966, Page 2-4.
7. ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਜਿਲਦ ਤੀਜੀ, ਪੰਨਾ 640

8. ‘‘The Sikligars of Punjab, Page 8.
9. ਸਿਕਲੀਗਰ ਕਬੀਲੇ ਦਾ ਸਭਿਆਚਾਰ, ਪੰਨਾ 17
10. ਪੁਰਾਤਨ ਇਤਿਹਾਸਕ ਸੋਮਿਆਂ ਦੇ ਆਧਾਰ ‘ਤੇ ਇਸ ਬਾਰੇ ਵਿਸਥਾਰਤ ਅਧਿਐਨ ਅਜੇ ਲੋੜੀਂਦਾ ਹੈ।
11. ਸਿਕਲੀਗਰ ਕਬੀਲੇ ਸਭਿਆਚਾਰ, ਪੰਨਾ 18
12. ਉਹੀ
13. ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 247
14. ‘‘The Sikligars of Punjab, Page 9
15. ਸਿਕਲੀਗਰ ਕਬੀਲੇ ਦਾ ਸਭਿਆਚਾਰ, ਪੰਨਾ 18
16. ਮਹਾਨ ਕੋਸ਼, ਪੰਨਾ 1033
17. ਸਿਕਲੀਗਰ ਕਬੀਲੇ ਦਾ ਸਭਿਆਚਾਰ, ਪੰਨਾ 19
18. ‘‘The Sikligars of Punjab, Page 14
19. ਗੁਰ ਬਿਲਾਸ ਪਾਤਸ਼ਾਹੀ ਦਸਵੀਂ, ਭਾਸ਼ਾ ਵਿਭਾਗ ਪੰਜਾਬ, ਦੂਜੀ ਵਾਰ 1989, ਪੰਨਾ 243
20. ਮਹਾਨ ਕੋਸ਼, ਪੰਨਾ 1098.
21. ਉਹੀ, ਪੰਨਾ 9 ਅਤੇ 951
22. ‘‘The Sikligars of Punjab, Page 16
23. ਇਹ ਤੱਥ ਵਧੇਰੇ ਖੋਜ ਦਾ ਮੁਥਾਜ ਹੈ। ਭੱਟ ਵਹੀਆਂ ਅਤੇ ਪੱਡਾ ਵਹੀਆਂ ਦੇ ਆਧਾਰ ‘ਤੇ ਕਈ ਵਿਦਵਾਨਾਂ ਨੇ ਭਾਈ ਬਚਿੱਤਰ ਸਿੰਘ ਤੇ ਭਾਈ ਉਦਯ ਸਿੰਘ ਨੂੰ ਭਾਈ ਮਨੀ ਸਿੰਘ ਸ਼ਹੀਦ ਦੇ ਪੁੱਤਰ ਦੱਸਦਿਆਂ, ਭਾਈ ਮਨੀ ਸਿੰਘ ਨੂੰ ਪੁਆਰ ਰਾਜਪੂਤ ਲਿਖਿਆ ਹੈ। ਭਾਈ ਬਾਜ ਸਿੰਘ ਨੂੰ ਭਾਈ ਮਨੀ ਸਿੰਘ (ਮਨੀ ਰਾਮ ਰਾਜਪੂਤ?) ਦੇ ਚਚੇਰੇ ਭਰਾ, ਭਾਈ ਨਠੀਆ ਦਾ ਪੁੱਤਰ ਲਿਖਿਆ ਹੈ। ਭੱਟ ਵਹੀਆਂ/ਪੰਡਾ ਵਹੀਆਂ (ਹਵਾਲਾ: ‘‘ਗੁਰੂ ਕੀਆਂ ਸਾਖੀਆਂ’’, ਸੰਪਾਦਿਤ- ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਤੀਜੀ ਵਾਰ ਮਈ 1955) ਇਨ੍ਹਾਂ ਸਾਰੇ ਸੂਰਮੇ ਸਿੰਘਾਂ ਨੂੰ ਰਾਜਪੂਤਾਂ ਦੀ ਵਣਜਾਰਾ ਸ਼੍ਰੇਣੀ ਨਾਲ ਸੰਬੰਧਿਤ ਦੱਸ ਪਾਉਂਦੀਆਂ ਹਨ। ਇਨ੍ਹਾਂ ਸਰੋਤਾਂ (ਭੱਟ ਵਹੀਆਂ/ਪੰਡਾ ਵਹੀਆਂ) ਦੀ ਇਤਿਹਾਸਕ ਪ੍ਰਮਾਣਿਕਤਾ ਦੇ ਨਿਰੀਖਣ ਦੁਆਰਾ ਇਸ ਖੋਜ-ਖੇਤਰ ਵਿਚ ਹੈਰਾਨੀਜਨਕ ਸਿੱਟੇ/ਤੱਥ ਸਾਹਮਣੇ ਆ ਸਕਦੇ ਹਨ।
24. ਸਿਕਲੀਗਰ ਕਬੀਲੇ ਦਾ ਸਭਿਆਚਾਰ, ਪੰਨਾ 25
25. ਸਿੱਖ ਮਿਸਲਾਂ ਤੇ ਸਰਦਾਰ ਘਰਾਣੇ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪੰਜਵੀਂ ਵਾਰ, 1993, ਪੰਨਾ 136.
26. ਸਿੱਖ ਇਤਿਹਾਸ ਵਿਚ ਇਸੇ ਤਰ੍ਹਾਂ ਦੀ ਇਕ ਘਟਨਾ ਪਹਿਲਾਂ ਵੀ ਵਾਪਰੀ। 10 ਅਪ੍ਰੈਲ 1761 ਈ. ਵਿਸਾਖੀ 'ਤੇ ਲਏ ਇਕ ਮਹੱਤਵਪੂਰਨ ਫੈਸਲੇ ਮੁਤਾਬਿਕ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਗੋਇੰਦਵਾਲ ਦੇ ਸਥਾਨ ‘ਤੇ ਅਹਿਮਦ

ਸ਼ਾਹ ਅਬਦਾਲੀ ਦੀਆਂ ਫੌਜਾਂ (ਜੋ ਅਬਦਾਲੀ ਦੇ ਪੰਜਵੇਂ ਹੱਲੇ ਸਮੇਂ ਪਾਨੀਪਤ ਦੀ ਲੜਾਈ ਜਿੱਤ ਕੇ ਵਾਪਸ ਜਾ ਰਹੀਆਂ ਸਨ) 'ਤੇ ਹਮਲਾ ਕਰਕੇ ਲਗਭਗ 2200 ਹਿੰਦੁਸਤਾਨੀ ਲੜਕੀਆਂ ਨੂੰ ਉਸ ਦੀ ਕੈਦ 'ਚੋਂ ਛੁਡਾਇਆ ਅਤੇ ਘਰੋ-ਘਰੀ ਪਹੁੰਚਾਇਆ।

**(ਧੰਨਵਾਦ ਸਹਿਤ ਨਾਨਕ ਪ੍ਰਕਾਸ਼ ਪੱਤ੍ਰਿਕਾ (ਦਸੰਬਰ-2005) ਅੰਕ ਦੂਜਾ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚੋਂ)**



**ਦੀਦਾਰੀ ਸਿੱਖ, ਸਿਰੜ, ਸਿਦਕ ਦੇ ਪੱਕੇ ਧਾਰਨੀ ਡਾ. ਚਮਕੌਰ ਸਿੰਘ ਪਿੰਡ ਧੂੜਕੋਟ ਕਲਾਂ, ਜ਼ਿਲ੍ਹਾ ਮੋਗਾ ਦੇ ਰਹਿਣ ਵਾਲੇ, ਐਮ. ਏ., ਪੀ. ਐਚ. ਡੀ. ਦੀ ਯੋਗਤਾ ਹਾਸਲ, ਸ਼੍ਰੋਮਣੀ ਕਮੇਟੀ ਤੋਂ ਉਚ ਅਹੁਦਿਆਂ ਤੋਂ ਸੇਵਾ-ਮੁਕਤ ਹੋ ਕੇ ਬਤੌਰ ਡਾਇਰੈਕਟਰ ਟੌਹੜਾ ਇੰਸਟੀਚਿਊਟ ਆਫ ਐਡਵਾਂਸ ਸਟੱਡੀ ਇਨ ਸਿੱਖਇਜ਼ਮ ਬਹਾਦਰਗੜ੍ਹ ਦੀ ਰਹਿਨੁਮਾਈ ਕਰ ਰਹੇ ਹਨ। ਕੋਈ ੨੫ ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਕਾਰੀ ਅਹੁਦਿਆਂ ਤੇ ਕੰਮ ਕਰ ਚੁੱਕੇ, ਡਾ. ਚਮਕੌਰ ਸਿੰਘ ਨੇ ਗੁਰਮਤਿ ਪ੍ਰਕਾਸ਼ ਦੇ ਸੰਪਾਦਕ ਅਤੇ ਸਹਿ ਸੰਪਾਦਕ ਦੇ ਤੌਰ 'ਤੇ ਲੰਬਾ ਸਮਾਂ ਕੰਮ ਕੀਤਾ ਅਤੇ ਨਾਮਣਾ ਖੱਟਿਆ ਹੈ। ਉਨ੍ਹਾਂ ਨਾਲ ਈਮੇਲ** chamkaursingh11@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਨਾਨਕ ਪੰਥੀ ਅਤੇ ਉਨ੍ਹਾਂ ਦੇ ਅਸਥਾਨ

## ਜਗਮੋਹਨ ਸਿੰਘ ਗਿੱਲ

ਸਿੱਖ ਜਗਤ ਵਿੱਚ ਵਾਪਰ ਰਹੀਆਂ ਬਹੁਤ ਸਾਰੀਆਂ ਤਬਦੀਲੀਆਂ ਦੇ ਮੱਦੇ ਨਜ਼ਰ ਹਜ਼ਾਰਾਂ ਧਰਮ ਅਸਥਾਨ ਖਾਸ ਕਰ ਵੱਖ-ਵੱਖ ਉਦਾਸੀ ਸੰਪਰਦਾਵਾਂ ਵਲੋਂ ਸਥਾਪਤ ਚਾਰ ਸੌ ਸਾਲ ਪੁਰਾਣੇ ਡੇਰੇ ਸਮੁੱਚੇ ਭਾਈਚਾਰੇ ਦਾ ਧਿਆਨ ਮੰਗਦੇ ਹਨ। ਪਹਿਲੇ ਵਕਤਾਂ ਵਿੱਚ ਇਹਨਾਂ ਡੇਰਿਆਂ ਨੂੰ 'ਸੰਗਤ' ਕਿਹਾ ਜਾਂਦਾ ਸੀ। ਵਰਤਮਾਨ ਸਮੇਂ ਵਿੱਚ ਇਹਨਾਂ ਦੇ ਇਤਿਹਾਸਕ ਮਹੱਤਵ ਨੂੰ ਸਮਝਣ ਅਤੇ ਉਭਾਰਨ ਦੀ ਲੋੜ ਹੈ। ਪਿਛਲੇ ਸੌ ਸਾਲਾਂ ਦੌਰਾਨ ਨਾਨਕ ਪੰਥੀਆਂ ਵਿੱਚ ਵੱਡੇ ਪੱਧਰ 'ਤੇ ਆਈ ਪਿੱਛਲ ਖੁਰੀ ਵਾਪਸੀ ਕਾਰਨ ਇਹ ਅਸਥਾਨ ਖੰਡਰਾਂ ਦਾ ਰੂਪ ਧਾਰ ਰਹੇ ਹਨ। ਹਜਾਰਾਂ ਕਰੋੜ ਰੁਪਏ ਦੀ ਜਾਇਦਾਦ ਵਿਅਰਥ ਜਾ ਰਹੀ ਹੈ ਅਤੇ ਕੋਈ ਵੀ ਇਸ ਬਾਰੇ ਚਿੰਤਤ ਨਹੀਂ ਜਾਪਦਾ ਕਿਉਂਕਿ ਇਹ ਸੰਗਤੀ ਅਸਥਾਨ ਪਿਛਲੇ ਸਮੇਂ ਵਿੱਚ ਮਹੰਤਾਂ ਅਤੇ ਸੇਵਾਦਾਰਾਂ ਦੇ ਅਤੇ ਹੁਣ ਕੁਝ ਪੁਜਾਰੀਆਂ ਅਤੇ ਆਮ ਲੋਕਾਂ ਦੇ ਨਿੱਜੀ ਹਿੱਤਾਂ ਦੇ ਸ਼ਿਕਾਰ ਹੋ ਰਹੇ ਹਨ। ਬਹੁਤ ਸਾਲਾਂ ਤੋਂ ਅਣਗੌਲੇ ਪਏ ਹੋਣ ਕਰਕੇ ਇਹ ਅਸਥਾਨ ਸੁਆਰਥੀ ਅੰਸਰਾਂ ਦੇ ਲਾਲਚ ਦੀ ਭੇਂਟ ਚੜ੍ਹ ਰਹੇ ਹਨ।

ਪੰਜਾਬੀ ਵਿੱਚ ਡੇਰੇ ਦਾ ਭਾਵ ਟਿਕਾਣਾ ਹੈ। ਅਸੀਂ ਸੁਣਦੇ ਹਾਂ ਕਿ ਦਸਵੀਂ ਸਦੀ ਤੋਂ ਗੋਰਖਨਾਥ ਵਰਗੇ ਨਾਥ ਅਤੇ ਯੋਗੀ ਪਿੰਡਾਂ ਲਾਗੇ ਆਣ ਡੇਰਾ ਕਰਦੇ ਸਨ ਅਤੇ ਲੋਕ ਉਹਨਾਂ ਪਾਸ ਧਰਮ ਉਪਦੇਸ਼ ਸੁਣਨ ਲਈ ਆਉਂਦੇ ਸਨ। ਨਾਨਕ ਪੰਥੀ ਡੇਰੇ ਜਿਨ੍ਹਾਂ ਨੂੰ 'ਸੰਗਤ' ਕਿਹਾ ਜਾਂਦਾ ਹੈ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀਚੰਦ ਦੇ ਵੇਲੇ ਹੋਂਦ ਵਿੱਚ ਆਉਣੇ ਸ਼ੁਰੂ ਹੋਏ। ਇਹਨਾਂ ਦੇ ਡੇਰਿਆਂ ਦੇ ਨਿਗਰਾਨ ਗੁਰਬਾਣੀ ਉਪਦੇਸ਼ ਨੂੰ ਮੰਨਣ ਵਾਲੇ ਸਨ ਅਤੇ ਇੱਕ ਅਕਾਲ ਪੁਰਖ ਦੇ ਵਿਸ਼ਵਾਸੀ ਸਨ ਪਰ ਇਹਨਾਂ ਦੀਆਂ ਕੁਝ ਮਨੌਤਾਂ ਸਿੱਖੀ ਦੀ ਮੁੱਖਧਾਰਾ ਤੋਂ ਭਿੰਨ ਸਨ। ਬਹੁਤ ਸਾਰੀਆਂ ਸਮਾਨਤਾਵਾਂ ਦੇ ਬਾਵਜੂਦ ਉਹ ਕੁਝ ਵੱਖਰੀ ਤਰ੍ਹਾਂ ਦੀ ਸਿੱਖੀ ਦੇ ਧਾਰਨੀ ਸਨ। ਮੁੱਖ ਭਿੰਨਤਾ ਪੂਜਾ ਰਸਮਾਂ ਦੀ ਸੀ। ਜਿਵੇਂ ਗੋਰਖਨਾਥ ਨੂੰ ਮੰਨਣ ਵਾਲਿਆਂ ਨੂੰ ਗੋਰਖ ਪੰਥੀ, ਕਬੀਰ ਦੇ ਅਨੁਯਾਈਆਂ ਨੂੰ ਕਬੀਰ ਪੰਥੀ ਅਤੇ ਦਾਦੂ ਦੇ ਸ਼ਰਧਾਲੂਆਂ ਨੂੰ ਦਾਦੂ ਪੰਥੀ ਕਿਹਾ ਜਾਂਦਾ ਹੈ, ਇਵੇਂ ਉਦਾਸੀ ਮਹੰਤਾਂ ਨੇ ਪੂਰੇ ਭਾਰਤ ਵਿੱਚ ਗੁਰਬਾਣੀ ਦਾ ਪ੍ਰਚਾਰ ਕੀਤਾ ਅਤੇ ਉਹਨਾਂ ਦੇ ਪੈਰੋਕਾਰਾਂ ਨੂੰ ਨਾਨਕ ਪੰਥੀ ਕਿਹਾ ਜਾਣ ਲੱਗਾ। ਵਿਆਪਕ ਸਿੱਖ ਪ੍ਰੰਪਰਾ ਅੰਦਰ ਇਹਨਾਂ ਡੇਰਿਆਂ ਦੇ ਆਗੂਆਂ ਦਾ ਉਭਾਰ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ।

ਨਾਨਕ ਪੰਥੀ ਸਿੰਧ, ਰਾਜਸਥਾਨ, ਕਸ਼ਮੀਰ, ਲੇਹ, ਲੱਦਾਖ, ਉੱਤਰ ਪ੍ਰਦੇਸ਼, ਬਿਹਾਰ, ਅਸਾਮ, ਬੰਗਾਲ, ਉੜੀਸਾ, ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਤੋਂ ਲੈ ਕੇ ਦੱਖਣੀ ਸੂਬਿਆਂ ਤਾਮਿਲਨਾਡੂ ਤੇ ਆਂਧਰਾ ਪ੍ਰਦੇਸ਼ ਤੱਕ ਅਤੇ ਕਈ ਸੂਬਿਆਂ ਦੇ ਅੰਦਰੂਨੀ ਭਾਗਾਂ ਵਿੱਚ ਫੈਲੇ ਹੋਏ ਸਨ ਜਿਹਨਾਂ ਨੂੰ ਗੁਰੂ ਸਾਹਿਬਾਨ ਸਮੇਂ-ਸਮੇਂ 'ਤੇ ਮਿਲਦੇ ਅਤੇ ਆਪਣਾ ਆਸ਼ੀਰਵਾਦ ਦਿੰਦੇ ਰਹੇ। ਉਹਨਾਂ ਪੁਰਾਣੇ ਮਹੰਤਾਂ ਨੇ ਸਬੰਧਤ ਇਲਾਕਿਆਂ ਵਿੱਚ ਸਥਾਨਕ ਲੋਕਾਂ ਦੀ ਜ਼ੁਬਾਨ ਵਿੱਚ ਗੁਰਬਾਣੀ ਉਪਦੇਸ਼ ਦਾ ਪ੍ਰਚਾਰ ਕੀਤਾ ਅਤੇ ਆਪਣੇ ਆਪ ਨੂੰ ਰੱਬ ਦੇ

ਨੁਮਾਇੰਦੇ ਅਖਵਾਉਣ ਵਾਲੇ ਬ੍ਰਾਹਮਣਾਂ ਦੇ ਗਲਬੇ ਨੂੰ ਤੋੜਿਆ ਜੋ ਪ੍ਰਮਾਤਮਾ ਤੱਕ ਆਪਣੀ ਸਿੱਧੀ ਪਹੁੰਚ ਦਾ ਦਾਅਵਾ ਕਰਦੇ ਸਨ। ਇਸ ਤਰ੍ਹਾਂ ਉਹਨਾਂ ਨੇ ਗੁਰੂ ਨਾਨਕ ਦੁਆਰਾ ਪੰਜ ਸੌ ਸਾਲ ਪਹਿਲਾਂ ਦਿੱਤੇ ਗਏ ਪਿਆਰ ਅਤੇ ਸਮਾਨਤਾ ਦੇ ਮਹਾਨ ਸੰਦੇਸ਼ ਨੂੰ ਫੈਲਾਇਆ। ਗੁਰੂ ਨਾਨਕ ਸਾਹਿਬ ਜੀ ਨੇ ਭਾਰਤੀ ਲੋਕਾਂ ਵਿੱਚ ਊਚ-ਨੀਚ ਦੀ ਭਿੰਨਤਾ ਨਿਰਧਾਰਤ ਕਰਨ ਵਾਲੀ ਜਾਤ ਪ੍ਰਣਾਲੀ ਨੂੰ ਚੁਣੌਤੀ ਦਿੱਤੀ। ਇਸ ਤਰ੍ਹਾਂ ਸਿੱਖੀ ਦੇ ਨਾਂ ਨਾਲ ਜਾਣਿਆਂ ਜਾਂਦਾ ਨਵਾਂ ਧਰਮ ਹੋਂਦ ਵਿੱਚ ਆਇਆ। ਇਸ ਨੇ ਵੱਖ-ਵੱਖ ਪੜਾਵਾਂ ਵਿੱਚ ਸੰਸਥਾਈ ਰੂਪ ਧਾਰਨ ਕੀਤਾ। ਨਾਨਕ ਪੰਥੀ ਸ਼ਰਧਾ ਦੀ ਇੱਕ ਗਾਥਾ ਹੈ ਜੋ ਪਿਛਲੀਆਂ ਸਦੀਆਂ ਤੋਂ ਲੈ ਕੇ ਉਨੀਵੀਂ ਸਦੀ ਦੇ ਅੰਤ ਤੱਕ ਫੈਲੀ ਹੋਈ ਹੈ। ਇਹ ਪਰੰਪਰਾ ਦਰਸ਼ਨ, ਇਤਿਹਾਸ, ਮਿਥਿਹਾਸ ਅਤੇ ਅਧਿਆਤਮ ਦਾ ਮਿਸ਼ਰਨ ਹੈ ਜਿਸ (ਨਾਨਕ ਪੰਥ) ਬਾਰੇ ਕੁਝ ਤਿੱਖੇ ਸਵਾਲ ਅਣਸੁਲਝੇ ਪਏ ਹਨ।

**ਜ਼ਮੀਨਾਂ ਹੜੱਪਣ ਵਾਲਿਆਂ ਲਈ ਖਾਸ ਆਕਰਸ਼ਨ:** ਪੁਰਾਤਨ ਸਿੱਖ ਅਸਥਾਨ ਪੂਰਬੀ ਭਾਰਤ ਦੇ ਪਟਨਾ, ਗਯਾ, ਰਜੌਲੀ, ਅਕਬਰਪੁਰ, ਰਾਜਗੀਰ, ਬਿਹਾਰ ਸ਼ਰੀਫ, ਛਪਰਾ, ਮੁਜ਼ੱਫਰਪੁਰ, ਸਮਸਤੀਪੁਰ, ਪੂਰਨੀਆਂ, ਕਟਿਹਾਰ, ਭਾਗਲਪੁਰ, ਰਾਜਮਹਿਲ, ਸ਼ਾਹਬਾਦ, ਮੁਰਸ਼ੀਦਾਬਾਦ, ਦੁਮਕਾ, ਲਾਤੇਹਾਰ, ਲੋਹਰਦੱਗਾ, ਚਤਰਾ, ਬਿਸ਼ਨੂਪੁਰ, ਕੋਲਕਾਤਾ, ਪੁਰੀ, ਕਟਕ ਸਮੇਤ ਪੂਰੇ ਭਾਰਤ ਵਿੱਚ ਅਣਗਿਣਤ ਥਾਵਾਂ 'ਤੇ ਨਾਨਕ ਪੰਥੀ ਲੋਕਾਂ ਦੇ ਟਿਕਾਣੇ ਹਨ। ਸਹੀ ਅੰਕੜੇ ਦੱਸਣਾ ਤਾਂ ਮੁਸ਼ਕਿਲ ਹੈ ਪਰ ਇਹ ਸੌਖਿਆਂ ਕਿਹਾ ਜਾ ਸਕਦਾ ਹੈ ਕਿ ਬਹੁਤ ਵੱਡੀ ਗਿਣਤੀ ਵਿੱਚ ਨਾਨਕ ਪੰਥੀ ਸੰਗਤ ਅਤੇ ਉਨ੍ਹਾਂ ਦੇ ਡੇਰੇ ਮੌਜੂਦ ਸਨ। ਸਮੇਂ ਦੇ ਬੀਤਣ ਨਾਲ ਕੁਝ ਡੇਰੇ ਹੀ ਬਚ ਸਕੇ ਹਨ। ਇਹਨਾਂ ਵਿੱਚ ਵੀ ਕਾਫੀ ਸਮੇਂ ਤੋਂ ਕੋਈ ਪਾਠ, ਕਥਾ, ਕੀਰਤਨ ਨਹੀਂ ਹੋ ਰਹੇ।

ਕਈ ਦਹਾਕਿਆਂ ਤੋਂ ਅਜਿਹਾ ਕਰਨ ਵਾਲਾ ਕੋਈ ਹੈ ਹੀ ਨਹੀਂ। ਅਜਿਹੀਆਂ ਥਾਵਾਂ ਤੇ, ਖਾਸਕਰ ਬਿਹਾਰ ਵਿੱਚ ਜਾਈਏ ਤਾਂ ਅਸੀਂ ਡੇਰਿਆਂ ਦੀਆਂ ਉਜੜੀਆਂ ਜਾਂ ਡਿੱਗੀਆਂ ਇਮਾਰਤਾਂ ਦੇਖ ਸਕਦੇ ਹਾਂ। ਕਈਆਂ ਦੀ ਗੁਆਚੀ ਆਕਰਸ਼ਕ ਵਿਸ਼ਾਲਤਾ ਅਤੇ ਸ਼ਾਨ ਦੇ ਸਹਿਜੇ ਅਨੁਮਾਨ ਲਗਾਏ ਜਾ ਸਕਦੇ ਹਨ। ਕਈ ਵੱਡੇ ਡੇਰੇ ਖਤਰੇ ਦਾ ਸਾਹਮਣਾ ਕਰ ਰਹੇ ਹਨ ਅਤੇ ਇਹਨਾਂ ਦੀਆਂ ਆਰਜੀ ਚਾਰਦੀਵਾਰੀਆਂ ਤੋੜ ਕੇ ਆਸ ਪਾਸ ਦੇ ਲੋਕ, ਜ਼ਮੀਨਾਂ ਦੱਬਣ ਵਾਲੇ ਬਦਮਾਸ਼ਾਂ ਅਤੇ ਕਈ ਥਾਈਂ ਸਰਕਾਰ ਵੱਲੋਂ ਕਬਜ਼ੇ ਕੀਤੇ ਜਾ ਰਹੇ ਹਨ।

ਇਤਿਹਾਸਕਾਰਾਂ ਅਤੇ ਆਮ ਸਿੱਖਾਂ ਨੂੰ ਬਿਹਾਰ ਵਿੱਚ ਸਿੱਖ ਧਰਮ ਦਾ ਇਤਿਹਾਸ ਲਗਾਤਾਰ ਟੁੰਬਦਾ ਆ ਰਿਹਾ ਹੈ। ਅਜੇ ਤੱਕ ਲੋਕ ਇਸ ਦੀ ਵੰਨ-ਸੁਵੰਨਤਾ ਨੂੰ ਨਹੀਂ ਭੁੱਲੇ। ਨਾਨਕਸ਼ਾਹੀ ਸੰਗਤਾਂ ਅਤੇ ਗੁਰਦੁਆਰਿਆਂ ਦੇ ਖੰਡਰ ਅਜੇ ਵੀ ਇਹਨਾਂ ਇਲਾਕਿਆਂ ਦੇ ਉਹਨਾਂ ਸ਼ਾਨਦਾਰ ਵਕਤਾਂ ਦੀ ਯਾਦ ਤਾਜ਼ਾ ਕਰਾਉਂਦੇ ਹਨ ਜਦੋਂ ਨਾਨਕ ਪੰਥੀ ਸੰਕਲਪ ਇੱਥੇ ਆਪਣੀਆਂ ਸਿਖਰਾਂ ਛੂੰਹਦਾ ਸੀ।

ਇਸ ਨਾਲ ਸਬੰਧਤ ਭਾਈਚਾਰਿਆਂ ਜਾਂ ਫਿਰਕਿਆਂ ਦਰਮਿਆਨ ਕਦੀ ਕਦਾਈਂ ਪੈਦਾ ਹੋਣ ਵਾਲੇ ਤਣਾਂਵਾਂ ਦੇ ਬਾਵਜੂਦ ਨਾਨਕ ਪੰਥੀ ਮੂਲ ਰੂਪ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਉਪਾਸ਼ਕ ਅਤੇ ਇਸ ਦੀ ਵਿਚਾਰਧਾਰਾ ਦੇ ਅਨੁਯਾਈ ਰਹੇ ਹਨ। ਅਸੀਂ ਉਹਨਾਂ

# ਪ੍ਰਸਿੱਧ ਖੋਜੀ ਸ੍ਰ. ਜਗਮੋਹਨ ਸਿੰਘ ਗਿੱਲ, ਕਲਕੱਤਾ ਵੱਲੋਂ ਨਾਨਕਪੰਥੀ ਸੰਗਤ ਦੀਆਂ ਦੁਰਲੱਭ ਤਸਵੀਰਾਂ




ਖੁਸਰੋਪੁਰ, ਪਟਨਾ




ਕਨਾਰਚੱਟੀ, ਗਯਾ, ਬਿਹਾਰ



ਜੁਮਕਾ, ਝਾਰਖੰਡ ਦੀ ਸੰਗਤ ਦੇ ਨਾਲ ਸ੍ਰ. ਜਗਮੋਹਨ ਸਿੰਘ ਗਿੱਲ ਖੜ੍ਹੇ ਨਜ਼ਰ ਆ ਰਹੇ ਹਨ

# ਖਕਨਾਰ, ਜ਼ਿਲਾ ਬੁਰਹਾਨਪੁਰ ਵਿਖੇ ਸਕੂਲਾਂ ਵਿੱਚ ਪੜ੍ਹਦੇ ਨਾਨਕ ਪੰਥੀਆਂ ਦੀਆਂ ਵੱਖ ਵੱਖ ਤਸਵੀਰਾਂ





ਸਕੂਲ ਵਿੱਚ ਪੜ੍ਹਦੇ ਬੱਚਿਆਂ ਦੀ ਤਸਵੀਰ



ਬਿਹਾਰ ਮੂਲ ਦੇ ਸਥਾਨਕ ਗੁਰ ਸਿੱਖ ਬੱਚਿਆਂ ਦੀ ਲਛਮੀਪੁਰ ਕੜਾਗੋਲਾ ਵਿਖੇ ਲਈ ਗਈ ਤਸਵੀਰ



ਅਧਿਆਤਮਿਕ ਮਾਨਤਾਵਾਂ ਦੇ ਸੰਸਾਰ ਦੀ ਵੀ ਨਿਸ਼ਾਨਦੇਹੀ ਕੀਤੀ ਹੈ ਜਿਸ ਨੇ ਆਮ ਸਿੱਖਾਂ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ। ਹਰ ਜਗ੍ਹਾ ਦਾ ਆਪਣਾ ਇਤਿਹਾਸ ਅਤੇ ਵਿਲੱਖਣ ਇਤਿਹਾਸਕ ਮਹੱਤਵ ਹੈ। ਕਈ ਥਾਵਾਂ ਦੀ ਪੁਰਾਣੀ ਵਿਰਾਸਤ ਨੂੰ ਅਜੇ ਵੀ ਸਥਾਨਕ ਗੌਰਵ ਸਹਿਤ ਸੰਭਾਲਿਆ ਹੋਇਆ ਹੈ। ਅਜੇ ਤਾਂ ਇਹ ਬੀਤੇ ਵਕਤਾਂ ਦੀਆਂ ਮਹੱਤਵਪੂਰਨ ਯਾਦਾਂ ਨੂੰ ਸਾਂਭੀ ਬੈਠੀਆਂ ਹਨ ਪਰ ਇਹਨਾਂ ਦੇ ਪੂਰੀ ਤਰ੍ਹਾਂ ਮਲੀਆ ਮੇਟ ਹੋ ਜਾਣ ਦੀ ਗੰਭੀਰ ਚੁਣੌਤੀ ਦਰਪੇਸ਼ ਹੈ। ਇਕ ਸਦੀ ਪਹਿਲਾਂ ਤਾਂ ਬਹੁਤ ਸਾਰੇ ਨਾਨਕਸ਼ਾਹੀ ਅਸਥਾਨ ਮਿਲ ਸਕਦੇ ਸਨ ਜੋ ਹੁਣ ਆਪਣੀ ਹੋਂਦ ਗੁਆ ਚੁੱਕੇ ਹਨ। ਨਾਨਕ ਪੰਥੀਆਂ ਦੀ ਧਾਰਾ ਦੀ ਗਤੀਸ਼ੀਲਤਾ ਅਲੋਪ ਹੋ ਚੁੱਕੀ ਹੈ।

ਪਿਛਲੇ ਕਈ ਸਾਲਾਂ ਦੌਰਾਨ ਮੈਨੂੰ ਇਹਨਾਂ ਇਲਾਕਿਆਂ ਵਿੱਚ ਜਾਣ ਦੇ ਅਵਸਰ ਮਿਲੇ। ਜਿਨ੍ਹਾਂ ਦੌਰਾਨ ਹਰੇਕ ਕਸਬੇ ਅਤੇ ਬਹੁਤ ਸਾਰੇ ਪਿੰਡਾਂ ਵਿੱਚ ਸਿੱਖ ਧਰਮ ਦੇ ਪੁਰਾਣੇ ਸਮਿਆਂ ਵਿੱਚ ਹੋਏ ਵਿਕਾਸ ਦਾ ਇਤਿਹਾਸ ਦ੍ਰਿਸ਼ਟੀਗੋਚਰ ਹੋਇਆ। ਸਬੰਧਤ ਇਮਾਰਤਾਂ ਦੇ ਢਹਿਣ ਨਾਲ ਇੱਥੇ ਬੀਤਿਆ ਇਤਿਹਾਸ ਥੇਹਾਂ ਵਿੱਚ ਵੱਟ ਜਾਂਦਾ ਹੈ। ਖੰਡਰਾਂ ਦੇ ਧਰਤੀ ਹੇਠ ਦਫਨ ਹੋਣ ਨਾਲ ਇਤਿਹਾਸ ਹਵਾ ਦਾ ਹਿੱਸਾ ਬਣ ਕੇ ਫੈਲ ਜਾਂਦਾ ਹੈ। ਮੈਂ ਇਹਨਾਂ ਥਾਵਾਂ 'ਤੇ ਭੀੜੀਆਂ ਅਤੇ ਘੁੰਮਣ ਘੇਰੀਆਂ ਵਾਲੀਆਂ ਗਲੀਆਂ ਰਾਹੀਂ ਤੁਰ ਕੇ ਪਹੁੰਚ ਕੀਤੀ। ਕਈ ਥਾਈਂ ਬੀਤੇ ਦੀਆਂ ਬਾਤਾਂ ਪਾਉਣ ਵਾਲੀਆਂ 'ਜੀਵੰਤ ਸਮਾਧੀਆਂ' ਦੇਖੀਆਂ ਤਾਂ ਯਾਤਰਾ ਵਿੱਚ ਰੋਮਾਂਚ ਅਤੇ ਰਹੱਸ ਦੇ ਤੱਤ ਭਾਰੂ ਹੋ ਗਏ।

'ਜੀਵੰਤ ਸਮਾਧੀਆਂ' ਉਦਾਸੀ ਡੇਰਿਆਂ ਵਿੱਚ ਵਿਸ਼ੇਸ਼ ਤੌਰ 'ਤੇ ਦੇਖਣ ਨੂੰ ਮਿਲਦੀਆਂ ਹਨ। ਇਹ ਉਹ ਥਾਵਾਂ ਹਨ ਜਿਥੇ ਕਿਸੇ ਵੱਡੇ ਮਹੰਤ ਨੂੰ ਚੜ੍ਹਾਈ ਕਰ ਜਾਣ 'ਤੇ ਉਸ ਨੂੰ ਸਿੱਧਾ ਚੌਂਕੜਾ ਮਾਰੀ ਬੈਠੇ (ਸੁੱਖ ਆਸਣ) ਦੀ ਸਥਿਤੀ 'ਚ ਦਫਨਾਇਆ ਹੋਇਆ ਹੁੰਦਾ ਹੈ। ਅਜਿਹੀਆਂ ਅਣਗਿਣਤ ਦਿਲਚਸਪ ਗੱਲਾਂ ਅਤੇ ਦਿਲਾਂ ਨੂੰ ਛੂਹ ਜਾਣ ਵਾਲੇ ਦ੍ਰਿਸ਼ ਹਨ ਜੋ ਤੁਹਾਡੇ ਨਾਲ ਸਾਂਝੇ ਕਰਨ ਨੂੰ ਜੀਅ ਕਰਦਾ ਹੈ। ਇੰਝ ਨਾਨਕ ਪੰਥੀਆਂ ਨਾਲ ਸਬੰਧਤ ਪੁਰਾਣੇ ਮਹੰਤਾਂ ਦੀ ਅਧਿਆਤਮਕ ਪ੍ਰੰਪਰਾ ਨੂੰ ਸਿੱਖ ਧਰਮ ਦੀ ਏਕਤਾ ਅਤੇ ਵੰਨ ਸੁਵੰਨਤਾ ਦੇ ਸੰਗਠਨ ਵਾਲੀ ਬਣਤਰ ਦੇ ਇੱਕ ਮਹੱਤਵਪੂਰਨ ਧਾਗੇ ਵਜੋਂ ਦੇਖਿਆ ਜਾ ਸਕਦਾ ਹੈ। ਇਹਨਾਂ ਅਸਥਾਨਾਂ ਨੂੰ ਦੇਖਣਾ ਕਿਸੇ ਤੀਰਥ ਯਾਤਰਾ ਤੋਂ ਘੱਟ ਨਹੀਂ। ਤਿੰਨ ਸੌ ਤੋਂ ਜ਼ਿਆਦਾ ਸਾਲ ਪਹਿਲਾਂ ਬਣਾਏ ਗਏ ਵਾਗਲ਼ੇ ਅਤੇ ਗੁੰਬਦ ਆਪਣੇ ਅੰਦਰ ਅਣਗਿਣਤ ਭੇਦ ਸਮੋਈ ਬੈਠੇ ਹਨ। ਇਹਨਾਂ ਪ੍ਰਚਾਰ ਸਥਾਨਾਂ ਦੀ ਹੋਂਦ ਦਾ ਗੁਰੂ ਨਾਨਕ ਕਾਲ ਨਾਲ ਸਿੱਧਾ ਸਬੰਧ ਹੈ ਜਿਨ੍ਹਾਂ ਆਪਣੇ ਸਮੇਂ ਦੀਆਂ ਚੁਣੌਤੀਆਂ ਨਾਲ ਸਿੱਝਣ ਵਾਲੀ ਸਿੱਖ ਲਹਿਰ ਵਿੱਚ ਨਿੱਗਰ ਯੋਗਦਾਨ ਪਾਇਆ।

ਹਰ ਸੰਗਤ ਦੀ ਕੇਂਦਰੀ ਵਿਚਾਰਧਾਰਾ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੀ। ਇਹ ਡੇਰੇ ਵੱਖ-ਵੱਖ ਇਲਾਕਿਆਂ ਵਿੱਚ ਗੁਰੂ ਨਾਨਕ ਅਤੇ ਉਹਨਾਂ ਮਗਰੋਂ ਉਹਨਾਂ ਦੇ ਉਤਰਅਧਿਕਾਰੀ ਗੁਰੂ ਸਾਹਿਬਾਨ ਦੀ ਪ੍ਰਤੀਨਿਧਤਾ ਕਰਦੇ ਹੋਏ ਗੁਰੂ ਗ੍ਰੰਥ ਸਾਹਿਬ ਦੀ ਵਿਸ਼ਾਲ ਵਿਭਿੰਨਤਾ ਅਤੇ ਬਹੁਲਤਾ ਨੂੰ ਆਪਣੇ ਕਲਾਵੇ ਵਿੱਚ ਲੈਣ ਵਾਲਾ ਸਿੱਖੀ ਸੰਦੇਸ਼ ਫੈਲਾਉਂਦੇ ਸਨ। ਸਿੱਖ ਧਰਮ ਸਭਨਾਂ ਲਈ ਸਤਿਕਾਰ ਉੱਤੇ ਜ਼ੋਰ ਦਿੰਦਾ ਹੈ ਕਿ ਪਰਮਾਤਮਾ ਨਾਲ ਮਿਲਾਪ ਦਾ ਹਰ ਮਾਰਗ ਸਹੀ ਹੈ। ਇਹਨਾਂ ਅਸਥਾਨਾਂ ਲਈ ਗੁਰੂ ਗ੍ਰੰਥ ਸਾਹਿਬ ਦੇ

ਨਾਂ 'ਤੇ ਬਹੁਤ ਸਾਰੀਆਂ ਜ਼ਮੀਨਾਂ ਦਾਨ ਹੋਈਆਂ ਜਿਨ੍ਹਾਂ ਦੀ ਸਾਂਭ, ਸੇਵਾ ਅਤੇ ਸੰਭਾਲ ਦੀ ਜ਼ਿੰਮੇਵਾਰੀ ਅਧਿਆਤਮਕ ਅਤੇ ਸਮਾਜਕ ਰੁਤਬੇ ਅਨੁਸਾਰ ਵੱਖ-ਵੱਖ ਮਹੰਤਾਂ ਦੀ ਸੀ। ਇਹਨਾਂ ਭੁੱਲੇ ਵਿਸਰੇ ਅਸਥਾਨਾਂ ਵਿੱਚ ਮੇਰੀ ਦਿਲਚਸਪੀ ਪਿਛਲੇ ਇੱਕ ਦਹਾਕੇ ਤੋਂ ਹੈ ਜਦ ਤੋਂ ਮੈਨੂੰ ਪੁਰਾਣੀਆਂ ਸਿੱਖ ਅਬਾਦੀਆਂ ਦੇ ਸਰਵੇ ਦੌਰਾਨ ਇਨ੍ਹਾਂ ਮਹੱਤਵਪੂਰਨ ਅਸਥਾਨਾਂ ਨੂੰ ਦੇਖਣ ਦਾ ਸਬੱਬ ਬਣਿਆਂ।

ਮੈਂ ਘਰਾਂ, ਦੁਕਾਨਾਂ ਆਦਿ ਦੇ ਝੁਰਮਟਾਂ ਵਿੱਚ ਛਿਪੇ ਜਾਂ ਕੋਲੋਂ ਲੰਘਦੇ ਦਰਿਆਵਾਂ ਨਾਲ ਲਗਦੇ ਇਹਨਾਂ ਅਸਥਾਨਾਂ ਨੂੰ ਦੇਖਿਆ ਹੈ। ਬਹੁਤਿਆਂ 'ਤੇ ਅਣਅਧਿਕਾਰਤ ਕਬਜ਼ੇ ਕੀਤੇ ਹੋਏ ਸਨ। ਇਹਨਾਂ ਦੀਆਂ ਟੁੱਟੀਆਂ ਕੰਧਾਂ, ਖੰਡਰਾਂ ਅਤੇ ਮਲਬੇ ਦੀਆਂ ਢੇਰੀਆਂ ਕਾਰਨ ਇਹਨਾਂ ਦੀ ਹਾਲਤ ਬਹੁਤ ਡਰਾਉਣੀ ਸੀ। ਸਤਾਰਵੀਂ ਤੋਂ ਉਨੀਵੀਂ ਸਦੀ ਦੌਰਾਨ ਇਹ ਬਹੁਤ ਸ਼ਾਨਦਾਰ ਥਾਵਾਂ ਸਨ। ਇੱਕ ਅਜਿਹਾ ਵਾਵਰੋਲਾ ਆਇਆ ਜੋ ਵੱਡੀ ਗਿਣਤੀ ਵਾਲੇ ਨਾਨਕ ਪੰਥ ਦੇ ਅਨੁਯਾਈਆਂ ਸਮੇਤ ਸਭ ਕੁਝ ਹੂੰਝ ਕੇ ਲੈ ਗਿਆ। ਸਰਗਰਮੀ ਪੱਖੋਂ ਇਹ ਸਥਾਨ ਬਿਲਕੁਲ ਨਿਰਜਿੰਦ ਹੋ ਚੁੱਕੇ ਹਨ ਅਤੇ ਹੁਣ ਸਿੱਖਾਂ ਦੇ ਧਰਮ ਸਥਾਨਾਂ ਦੀ ਕਿਸੇ ਗਿਣਤੀ ਵਿੱਚ ਵੀ ਨਹੀਂ ਆਉਂਦੇ।

**ਸਿੱਖ ਗੁਰੂਆਂ ਅਤੇ ਉਦਾਸੀ ਪ੍ਰਚਾਰਕਾਂ ਨਾਲ ਇਸ ਖਿੱਤੇ ਦਾ ਸਬੰਧ:**

ਭਾਰਤ ਹਿੰਦੂਆਂ, ਸਿੱਖਾਂ, ਜੈਨੀਆਂ ਅਤੇ ਬੋਧੀਆਂ ਦੇ ਨਾਲ-ਨਾਲ ਮੁਸਲਮਾਨਾਂ ਅਤੇ ਈਸਾਈਆਂ ਦਾ ਘਰ ਹੈ। ਇਸ ਕੋਲ ਪ੍ਰਸਿੱਧ ਗੁਰੂਆਂ, ਸੰਤਾਂ ਅਤੇ ਦਾਰਸ਼ਨਿਕਾਂ ਦੁਆਰਾ ਪੇਸ਼ ਕੀਤੀ ਗਈ ਦੇਸ਼ ਦੀ ਮਹਾਨ ਧਾਰਮਿਕ ਪਰੰਪਰਾ ਦੇ ਇਤਿਹਾਸ ਦੀ ਦੋ ਹਜ਼ਾਰ ਸਾਲਾਂ ਤੋਂ ਵੱਧ ਪੁਰਾਣੀ ਵਿਰਾਸਤ ਹੈ।

ਆਪਣੀਆਂ ਚਾਰ ਉਦਾਸੀਆਂ ਦੌਰਾਨ ਇਸ ਦੇਸ਼ ਦੇ ਕੋਨੇ-ਕੋਨੇ ਦੀ ਯਾਤਰਾ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਵੱਖ-ਵੱਖ ਥਾਵਾਂ 'ਤੇ ਗਏ ਅਤੇ ਠਹਿਰੇ। ਆਪਣੀ ਪਹਿਲੀ ਉਦਾਸੀ ਦੌਰਾਨ ਉਹਨਾਂ ਨੇ ਬਨਾਰਸ ਤੋਂ ਪਟਨਾ ਅਤੇ ਫਿਰ ਗਯਾ ਜਾ ਕੇ ਮਾਨਵੀ ਮੁਕਤੀ ਦਾ ਸਹੀ ਰਾਹ ਰੁਸ਼ਨਾਉਣ ਲਈ ਸੱਚੇ ਨਾਮ ਦੇ ਗਿਆਨ ਦੀ ਜੋਤ ਜਗਾਈ। ਮਗਰੋਂ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਵੀ ਇਹਨੀਂ ਥਾਵੀਂ ਗਏ। ਸੰਨ 1666 ਵਿੱਚ ਗੁਰੂ ਤੇਗ ਬਹਾਦਰ ਜੀ ਨੇ ਅਲਾਹਾਬਾਦ ਵਿਖੇ ਤਕਰੀਬਨ ਇੱਕ ਮਹੀਨਾ ਰੁਕਣ ਤੋਂ ਬਾਅਦ ਬਨਾਰਸ ਨੂੰ ਚਾਲੇ ਪਾਏ। ਇਥੋਂ ਸਾਸਾਰਮ ਅਤੇ ਗਯਾ ਪਹੁੰਚੇ ਅਤੇ ਬਰਸਾਤਾਂ ਤੋਂ ਰਤਾ ਕੁ ਪਹਿਲਾਂ ਪਟਨੇ ਜਾ ਡੇਰਾ ਕੀਤਾ। ਇਹਨਾਂ ਇਲਾਕਿਆਂ ਵਿੱਚ ਦੋਨਾਂ ਗੁਰੂ ਸਾਹਿਬਾਨ ਦੀਆਂ ਯਾਤਰਾਵਾਂ ਨਾਲ ਸਬੰਧਤ ਵੱਖ-ਵੱਖ ਸੰਗਤਾਂ ਵਜੋਂ ਜਾਣੇ ਜਾਂਦੇ ਬਹੁਤ ਸਾਰੇ ਯਾਦਗਾਰੀ ਗੁਰਦਵਾਰਿਆਂ ਦਾ ਕੰਟਰੋਲ ਪਹਿਲਾਂ ਉਦਾਸੀਆਂ ਕੋਲ ਸੀ ਜਿਹਨਾਂ ਨੂੰ ਨਾਨਕਸ਼ਾਹੀ ਕਿਹਾ ਜਾਂਦਾ ਸੀ।

ਪ੍ਰਸਿੱਧ ਉਦਾਸੀ ਪ੍ਰਚਾਰਕ ਬਾਬਾ ਅਲਮਸਤ ਨੇ ਇਹਨਾਂ ਅਸਥਾਨਾਂ ਦੀਆਂ ਇਮਾਰਤਾਂ ਦੀ ਉਸਾਰੀ ਕਰਾਈ। ਉਹ ਉਦਾਸੀ ਸੰਪ੍ਰਦਾਇ ਦੇ ਬਾਨੀ ਬਾਬਾ ਸ੍ਰੀਚੰਦ ਦੇ ਉਤਰਾਧਕਾਰੀ ਅਤੇ ਗੁਰੂ ਹਰਿਗੋਬਿੰਦ ਜੀ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਵਲੋਂ ਸਥਾਪਤ ਕੀਤੇ ਗਏ ਵੱਡੇ ਉਦਾਸੀ ਧੂਣਿਆਂ ਵਿੱਚੋਂ ਇੱਕ ਦੇ ਮੁੱਖ ਪ੍ਰਚਾਰਕ ਸਨ। ਇਸ ਕਾਰਜ ਨੂੰ ਚਲਾਉਣ ਵਿੱਚ ਕੁਝ ਪੁਰਾਣੇ ਅਤੇ ਮੋਹਤਬਰ ਸਿੱਖਾਂ ਨੇ ਸਹਾਇਤਾ ਕੀਤੀ।

ਹਜ਼ਾਰਾਂ ਸਿੱਖ ਅਸਥਾਨ ਹੋਂਦ ਵਿੱਚ ਆਏ ਜਿਹਨਾਂ ਨੂੰ ਸਮੇਂ, ਸਥਾਨ ਅਤੇ ਆਕਾਰ ਦੇ ਹਿਸਾਬ ਨਾਲ ਬਡੀ ਸੰਗਤ, ਛੋਟੀ ਸੰਗਤ, ਕੱਚੀ ਸੰਗਤ, ਪੱਕੀ ਸੰਗਤ, ਨਵੀਂ ਸੰਗਤ, ਪੁਰਾਣੀ ਸੰਗਤ, ਉੱਚੀ ਸੰਗਤ, ਨੀਵੀਂ ਸੰਗਤ, ਟਕਸਾਲ ਆਦਿ ਕਿਹਾ ਜਾਂਦਾ ਹੈ। ਜਦੋਂ ਅਸੀਂ ਇਸ ਖੇਤਰ ਵਿੱਚੋਂ ਦੀ ਲੰਘੇ ਤਾਂ ਸਾਨੂੰ ਬਹੁਤ ਦੂਰ ਦੁਰਾਡੇ ਇਲਾਕਿਆਂ ਵਿੱਚ ਵੀ ਉਦਾਸੀ ਸੰਗਤ ਮਿਲ ਜਾਂਦੀ ਹੈ। ਇਹਨਾਂ ਦੀ ਉਸਾਰੀ ਦੇ ਕਾਰਜਾਂ 'ਤੇ ਮੁਢਲੀਆਂ ਸਦੀਆਂ ਦੇ ਅਮੀਰ ਵਿਅਕਤੀਆਂ ਵੱਲੋਂ ਖਰਚ ਕੀਤਾ ਗਿਆ ਜੋ ਸਿੱਖ ਵਿਚਾਰਧਾਰਾ ਦੇ ਵਿਸ਼ਵਾਸੀ ਜਾਂ ਸਿੱਖ ਗੁਰੂ ਸਹਿਬਾਨ ਦੇ ਸ਼ਰਧਾਲੂ ਸਨ। ਇਹਨਾਂ ਡੇਰਿਆਂ ਦੇ ਨਿਰਵਿਘਨ ਸੰਚਾਲਨ ਅਤੇ ਇਹਨਾਂ ਦੀਆਂ ਰੋਜ਼ਮਰ੍ਹਾ ਦੀਆਂ ਲੋੜਾਂ ਦੀ ਪੂਰਤੀ ਲਈ ਬਹੁਤ ਵੱਡੀਆਂ ਜਗੀਰਾਂ ਇਹਨਾਂ ਦੇ ਨਾਮ ਲਗਵਾਈਆਂ ਗਈਆਂ। ਪਟਨਾ, ਗਯਾ ਅਤੇ ਇਸ ਦੇ ਆਲੇ-ਦੁਆਲੇ ਬਹੁਤ ਮਹੱਤਵ ਪੂਰਨ ਅਸਥਾਨ ਸਨ।

ਉਦਾਸੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਦਾ ਪ੍ਰਚਾਰ ਕਰਨ ਅਤੇ ਗੁਰੂ ਸਾਹਿਬਾਨ ਦੀ ਬਾਣੀ ਦਾ ਜਾਪ ਕਰਨ ਵਾਲੇ ਲੋਕ ਸਨ, ਪ੍ਰੰਤੂ ਉਹਨਾਂ ਨੇ ਆਪਣੀ ਵੱਖਰੀ ਪਛਾਣ ਕਾਇਮ ਰੱਖੀ। ਮਸ਼ਹੂਰ ਭਗਤ ਭਗਵਾਨ ਨੂੰ ਸੱਤਵੀਂ ਪਾਤਸ਼ਾਹੀ ਗੁਰੂ ਹਰਿ ਰਾਏ ਜੀ ਦੀ ਬਖਸ਼ਿਸ਼ ਭਾਵ ਥਾਪੜਾ ਪ੍ਰਾਪਤ ਸੀ। ਇਸ ਉਦਾਸੀ ਸੰਤ ਨੂੰ ਸਿੱਖ ਪਰੰਪਰਾ ਅਤੇ ਇਤਿਹਾਸ ਵਿੱਚ ਬੜੇ ਆਦਰ ਨਾਲ ਯਾਦ ਕੀਤਾ ਜਾਂਦਾ ਹੈ। ਉਹਨਾਂ ਦਾ ਪਰਿਵਾਰਕ ਨਾਂ ਭਗਵਾਨ ਗਿਰੀ ਸੀ। ਕਿਹਾ ਜਾਂਦਾ ਹੈ ਕਿ ਉਹ ਬੋਧ ਗਯਾ ਵਿੱਚ ਇੱਕ ਬ੍ਰਾਹਮਣ ਪਰਿਵਾਰ ਵਿੱਚ ਪੈਦਾ ਹੋਏ ਸਨ ਅਤੇ ਛੋਟੀ ਉਮਰ ਵਿੱਚ ਸੰਨਿਆਸੀ ਬਣ ਗਏ ਸਨ।

ਸ਼ਾਂਤੀ ਦੀ ਭਾਲ ਵਿੱਚ, ਜਦੋਂ ਉਹ ਥਾਂ-ਥਾਂ ਭਟਕ ਰਹੇ ਸਨ ਤਾਂ ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੀਆਂ ਮਹਾਨ ਸਿੱਖਿਆਵਾਂ ਸੁਣੀਆਂ ਅਤੇ ਕੀਰਤਪੁਰ ਸਾਹਿਬ ਵਿੱਖੇ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ 'ਤੇ ਬਿਰਾਜਮਾਨ ਸੱਤਵੇਂ ਪਾਤਸ਼ਾਹ ਗੁਰੂ ਹਰਿ ਰਾਇ ਜੀ ਪਾਸ ਗਏ। ਗੁਰੂ ਹਰਿ ਰਾਇ ਜੀ ਨੇ ਉਹਨਾਂ ਨੂੰ ਸਿੱਖੀ ਦਾਤ ਬਖਸ਼ੀ ਅਤੇ ਉਹਨਾਂ ਦਾ ਨਵਾਂ ਨਾਂ 'ਭਗਤ ਭਗਵਾਨ' ਰੱਖਿਆ। ਗੁਰੂ ਜੀ ਨੇ ਉਨ੍ਹਾਂ ਨੂੰ ਸਿੱਖ ਧਰਮ ਦੇ ਪ੍ਰਚਾਰ ਦਾ ਜਿੰਮਾ ਸੌਂਪਿਆ ਜੋ ਉਹਨਾਂ ਨੇ ਪੂਰਬੀ ਭਾਰਤ ਵਿੱਚ ਨਿਭਾਇਆ ਅਤੇ ਅਨੇਕਾਂ ਥਾਵਾਂ 'ਤੇ ਉਦਾਸੀ ਅਸਥਾਨ ਜਾਂ ਮੱਠ ਸਥਾਪਤ ਕੀਤੇ। ਉਹਨਾਂ ਦੇ ਅਨੁਯਾਈਆਂ ਅਤੇ ਉਤਰਾਧਿਕਾਰੀਆਂ ਨੇ ਪੂਰੇ ਬਿਹਾਰ ਅਤੇ ਪੂਰਬੀ ਭਾਰਤ ਦੇ ਹੋਰ ਭਾਗਾਂ ਵਿੱਚ ਸਿੱਖੀ ਪ੍ਰਚਾਰ ਕੀਤਾ ਅਤੇ ਪੱਛਮ ਵਿੱਚ ਸਿੰਧ ਪ੍ਰਦੇਸ਼ ਤੱਕ ਗਏ ਜੋ ਹੁਣ ਪਾਕਿਸਤਾਨ ਵਿੱਚ ਹੈ।

ਬਿਹਾਰ ਦੇ ਮਗਧ ਖੇਤਰ ਵਿੱਚ ਅਜਿਹੇ ਲਗਪਗ 360 ਡੇਰੇ ਹੋਂਦ ਵਿੱਚ ਆਏ ਜਿਥੋਂ ਅੱਗੇ ਦੇਸ਼ ਦੇ ਪੂਰਬੀ ਖੇਤਰ ਅੰਦਰਲੇ ਇਲਾਕਿਆਂ ਵਿੱਚ ਸਿੱਖ ਧਰਮ ਫੈਲਿਆ। ਇਹਨਾਂ ਨੂੰ ਉਦਾਸੀ ਅਖਾੜੇ ਕਿਹਾ ਜਾਂਦਾ ਸੀ। ਇਹਨਾਂ ਵਿੱਚੋਂ ਜ਼ਿਆਦਾ ਡੇਰੇ ਪੁਰਾਣੇ ਹਿੰਦੂ ਤੀਰਥ ਸਥਾਨਾਂ ਅਤੇ ਵਪਾਰਕ ਤੇ ਇਤਿਹਾਸਕ ਕੇਂਦਰਾਂ (ਸ਼ਹਿਰਾਂ) ਵਿਖੇ ਸਥਿਤ ਸਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਅਖਾੜਾ ਤੋਂ ਭਾਵ ਧਰਮ ਪ੍ਰਚਾਰਕਾਂ ਵਜੋਂ ਭਰਮਣ ਕਰਨ ਵਾਲੀ ਉਦਾਸੀ ਜਾਂ ਨਿਰਮਲੇ ਸੰਪ੍ਰਦਾਇ ਦੇ ਸਾਧੂਆਂ ਦੀ ਮੰਡਲੀ ਜਾਂ ਜਥੇ ਵਿਸ਼ੇਸ਼ ਨੂੰ ਕਿਹਾ ਜਾਂਦਾ ਸੀ। ਤੀਰਥਾਂ 'ਤੇ ਲੱਗਣ ਵਾਲੇ ਮੇਲਿਆਂ ਵਿੱਚ ਇਹਨਾਂ ਸਿੱਖ ਸਾਧੂਆਂ ਨੂੰ ਖਾਣੇ ਅਤੇ ਟਿਕਾਣੇ ਦੀ ਭਾਰੀ ਦਿੱਕਤ ਆਉਂਦੀ ਸੀ। ਦੱਖਣੀ ਸੰਗਤ ਦੇ ਪਹਿਲੇ ਸੰਸਥਾਪਕਾਂ

ਵਿੱਚੋਂ ਹੋਏ ਮਹੰਤ ਪ੍ਰੀਤਮ ਦਾਸ ਨਿਰਬਾਨ ਨੇ ਪਹਿਲ ਕਦਮੀ ਕੀਤੀ ਅਤੇ ਨਿਜ਼ਾਮ ਹੈਦਰਾਬਾਦ ਦੇ ਕਸਟਮ ਵਿਭਾਗ ਦੇ ਮੁਖੀ ਰਾਏ ਨਾਨਕ ਰਾਮ ਅਤੇ ਹੋਰ ਅਮੀਰ ਸਿੱਖਾਂ ਨੂੰ ਅਖਾੜਿਆਂ ਦੀ ਸਥਾਪਤੀ ਲਈ ਧਨ ਦਾਨ ਕਰਨ ਲਈ ਮਨਾਇਆ। ਰਾਏ ਨਾਨਕ ਰਾਮ ਪ੍ਰਸਿੱਧ ਦੀਵਾਨ ਮਹਾਰਾਜਾ ਚੰਦੂ ਲਾਲ (1766-1845) ਦਾ ਚਾਚਾ ਸੀ ਜਿਸ ਨੇ ਆਪਣੇ ਚਾਚੇ ਰਾਏ ਨਾਨਕ ਰਾਮ ਦੀ ਨਿਗਰਾਨੀ ਹੇਠ ਪੇਸ਼ਕਾਰ ਵਜੋਂ ਨੌਕਰੀ ਸ਼ੁਰੂ ਕੀਤੀ ਅਤੇ ਪੇਸ਼ਵਾ ਦੇ ਪ੍ਰਧਾਨ ਮੰਤਰੀ ਦੀ ਤਰੱਕੀ ਪਾ ਕੇ ਇਸ ਪਦ 'ਤੇ 35 ਸਾਲ ਰਿਹਾ। ਪ੍ਰਸਿੱਧ ਵਕੀਲ ਸਰ ਹੈਨਰੀ ਰੱਸਲ (ਜੋ ਮਗਰੋਂ ਬੰਗਾਲ ਦਾ ਚੀਫ ਜਸਟਿਸ ਬਣਿਆਂ) ਸਮੇਤ ਅਨੇਕਾਂ ਅੰਗਰੇਜ਼ ਰਈਸ ਉਹਨਾਂ ਦੀ ਬਹੁਤ ਇੱਜ਼ਤ ਕਰਦੇ ਸਨ। ਰਾਏ ਨਾਨਕ ਰਾਮ ਨੇ ਪੰਚਾਇਤੀ ਅਖਾੜੇ ਦੀ ਸਥਾਪਨਾ ਲਈ ਸੱਤ ਲੱਖ ਰੁਪਏ ਦਾ ਯੋਗਦਾਨ ਪਾਇਆ। ਇਹ ਰਕਮ ਕਿੰਨੀ ਜ਼ਿਆਦਾ ਸੀ ਇਸ ਦਾ ਅੰਦਾਜ਼ਾ ਇੱਥੋਂ ਲਗਾਇਆ ਜਾ ਸਕਦਾ ਹੈ ਕਿ ਓਦੋਂ ਇੱਕ ਰੁਪਏ ਦੇ ਪੰਜ ਮਣ ਚੌਲ ਆਉਂਦੇ ਸਨ। ਮੁੱਖ ਪੰਚਾਇਤੀ ਅਖਾੜਾ ਅਲਾਹਾਬਾਦ ਦੇ ਪਰਿਆਗ ਵਿਖੇ 1779 ਵਿੱਚ ਬਣਾਇਆ ਗਿਆ। ਇਸ ਦੀਆਂ ਹਰਿਦੁਆਰ, ਗਯਾ, ਪੁਰੀ ਅਤੇ ਹੋਰ ਬਹੁਤ ਸਾਰੇ ਤੀਰਥ ਕੇਂਦਰਾਂ 'ਤੇ ਸ਼ਾਖਾਵਾਂ ਕਾਇਮ ਕੀਤੀਆਂ ਗਈਆਂ।

ਮੈਂ ਵੱਖ-ਵੱਖ ਥਾਵਾਂ 'ਤੇ ਬਿਰਧ ਮਹੰਤਾਂ ਨੂੰ ਮਿਲਿਆ ਹਾਂ। ਉਹਨਾਂ ਤੋਂ ਪਤਾ ਲੱਗਾ ਕਿ ਸਿਖਾਂਦਰੂ ਮਹੰਤਾਂ ਲਈ ਪਹਿਲੇ ਮਹੰਤਾਂ ਤੋਂ ਗੁਰਮੁਖੀ ਅੱਖਰ ਗਿਆਨ ਹਾਸਲ ਕਰਨਾ ਲਾਜ਼ਮੀ ਹੁੰਦਾ ਸੀ। ਡੇਰਿਆਂ ਦੀ ਸਾਂਭ ਸੰਭਾਲ ਅਤੇ ਮਹੰਤਾਂ ਦਾ ਖਰਚਾ ਜਗੀਰਾਂ ਤੋਂ ਆਉਣ ਵਾਲੀ ਆਮਦਨ ਨਾਲ ਚਲਦਾ ਸੀ। ਨਾਨਕ ਸ਼ਾਹ ਪੰਥੀਆਂ ਦੇ ਬਹੁਤ ਸਾਰੇ ਪਰਿਵਾਰਾਂ ਦੇ ਅਜੇ ਇਹਨਾਂ ਡੇਰਿਆਂ ਨਾਲ ਸਬੰਧ ਕਾਇਮ ਹਨ ਅਤੇ ਉਹ ਵੱਖ-ਵੱਖ ਦਿਨਾਂ ਸੁਦਾਂ ਅਤੇ ਧਾਰਮਿਕ ਤਿਉਹਾਰਾਂ ਮੌਕੇ ਗੇੜਾ ਮਾਰਦੇ ਹਨ। ਆਮ ਤੌਰ 'ਤੇ ਦੇਖਿਆ ਗਿਆ ਹੈ ਕਿ ਕਿ ਬਹੁਤੇ ਡੇਰਿਆਂ (ਸੰਗਤਾਂ) ਦੇ ਕਾਰ-ਵਿਹਾਰ ਨੂੰ ਸੁਚਾਰੂ ਤਰੀਕੇ ਨਾਲ ਚਲਦਾ ਰੱਖਣ ਲਈ ਇਹਨਾਂ ਕੋਲ ਕਾਫੀ ਰਕਬਾ ਵਾਹੀਯੋਗ ਜਾਂ ਵਪਾਰਕ ਜ਼ਮੀਨਾਂ ਸਨ।

ਬਹੁਤ ਸਾਰੇ ਪਿੰਡਾਂ ਅਤੇ ਮਹੱਲਿਆਂ ਦੇ ਨਾਂ ਕਿਸੇ ਨਾਨਕਸ਼ਾਹੀ ਮਹੰਤ ਜਾਂ ਸੰਗਤ ਦੇ ਨਾਂ 'ਤੇ ਹਨ ਜਿਵੇਂ ਮੁਜ਼ੱਫਰਪੁਰ ਜ਼ਿਲੇ ਦਾ ਪਿੰਡ ਮਨਿਆਰੀ ਮਹੰਤਾਂ, ਸੁਲਤਾਨਪੁਰ ਜ਼ਿਲ੍ਹੇ ਦਾ ਪਿੰਡ ਫਤਾਪੁਰ ਸੰਗਤ, ਕਟਿਹਾਰ ਜ਼ਿਲ੍ਹੇ ਦਾ ਪਿੰਡ ਕਾੜਾਹ ਮਿਲਿਕ ਸੰਗਤ, ਨਾਲੰਦਾ ਜ਼ਿਲ੍ਹੇ ਦਾ ਪਿੰਡ ਨੂਰ ਸਰਾਏ ਸੰਗਤ, ਨਾਲੰਦਾ ਦੇ ਸੋਹਾਸਰੀ ਕਸਬੇ ਦਾ ਪੁਰਾਣੀ ਸੰਗਤ ਮਹੱਲਾ, ਜਹਾਨਾਬਾਦ ਦਾ ਬਡੀ ਸੰਗਤ ਮਹੱਲਾ, ਜਮੂਈ ਦਾ ਮਹੱਲਾ ਸ਼੍ਰੀਚੰਦ ਆਦਿ। ਸਬੰਧਤ ਸੰਗਤ ਦੇ ਆਸ ਪਾਸ ਦੇ ਇਲਾਕੇ ਵਿਚ ਪੈਂਦੇ ਟੋਲਿਆਂ ਦੇ ਨਾਮ ਜਿਵੇਂ ਗੋਪਾਲ ਗੰਜ ਜ਼ਿਲ੍ਹੇ ਵਿਚ ਪਿੰਡ ਸਾਂਗਵਾਡੀਹ ਦਾ ਟੋਲਾ ਨਾਨਕਸ਼ਾਹੀ, ਸੜਕਾਂ ਅਤੇ ਗਲੀਆਂ ਦੇ ਨਾਂ ਜਿਵੇਂ ਸੰਗਤ ਰੋਡ, ਸੰਗਤ ਗਲੀ ਅਤੇ ਬਹੁਤ ਸਾਰੇ ਸਕੂਲਾਂ ਅਤੇ ਕਾਲਜਾਂ ਦੇ ਅਜਿਹੇ ਨਾਂ ਨਾਨਕ ਪੰਥੀ ਪ੍ਰਭਾਵ ਦੇ ਸੂਚਕ ਹਨ।

ਅਜਿਹੀਆਂ ਥਾਵਾਂ ਦੇ ਵਿਚਾਲੇ ਬਹੁਤ ਸਾਰੀਆਂ ਮਾਰਕੀਟਾਂ ਉਸਾਰੀਆਂ ਗਈਆਂ ਤਾਂ ਕਿ ਇਹਨਾਂ ਦੇ ਕਿਰਾਏ ਨਾਲ ਆਮਦਨ ਦੀ ਲਗਾਤਾਰਤਾ ਬਣੀ ਰਹੇ। ਬਹੁਤੇ ਡੇਰੇ ਵੱਡੇ ਜ਼ਿਮੀਂਦਾਰਾਂ, ਵੱਡੇ ਵਪਾਰੀਆਂ, ਅਮੀਰਾਂ, ਨਵਾਬਾਂ, ਰਾਜਿਆਂ ਅਤੇ ਮਹਾਂਰਾਜਿਆਂ ਦੀ ਸਰਪ੍ਰਸਤੀ ਤਹਿਤ ਬਣੇ ਸਨ। ਇਹ ਹਿੰਦੂਆਂ ਦੀਆਂ ਭਾਬਨ ਜਾਂ ਭੂਮੀਹਾਰ, ਰਾਜਪੂਤ,

ਖੱਤਰੀ, ਬ੍ਰਾਹਮਨ, ਕਾਇਸਤ, ਯਾਦਵ, ਕੋਇਰੀ, ਕੁਸ਼ਵਾਹਾ, ਸੋਨਾਰ ਅਤੇ ਹੋਰ ਕਈ ਜਾਤਾਂ ਖਾਸਕਰ ਬਾਣੀਆਂ ਜਾਤਾਂ ਜਿਵੇਂ ਮਾਹੂਰੀ, ਬਰਨਵਾਲ, ਅਗਰਹੇਰੀ, ਸ਼ਾਉ ਅਤੇ ਕਲਵਾਰ ਜਾਤਾਂ ਨਾਲ ਸਬੰਧਤ ਸਨ। ਬਿਹਾਰ ਦੇ ਭੂਮੀਹਾਰਾਂ ਦਾ ਇੱਕ ਵਰਗ ਜੋ ਆਪਣੇ ਨਾਲ 'ਸ਼ਾਹੀ' ਗੋਤ ਲਗਾਉਂਦਾ ਹੈ ਅਸਲ ਵਿੱਚ ਪਹਿਲਾਂ ਨਾਨਕਸ਼ਾਹੀ ਸਨ ਜੋ ਹੁਣ ਸਿਰਫ ਸ਼ਾਹੀ ਬਣ ਕੇ ਰਹਿ ਗਏ ਹਨ। ਮੁਸਲਮਾਨਾਂ ਅੰਦਰ ਵੀ ਗੁਰੂ ਨਾਨਕ ਪ੍ਰਤੀ ਬਹੁਤ ਸ਼ਰਧਾ ਸੀ ਅਤੇ ਉਨ੍ਹਾਂ ਨੇ ਵੀ ਪੂਰੇ ਖੇਤਰ ਵਿੱਚ ਨਾਨਕ ਪੰਥੀਆਂ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾਇਆ। ਗੁਰੂਆਂ ਦਾ ਸੰਦੇਸ਼ ਲੋਕਾਂ ਦੇ ਮਨਾਂ ਵਿੱਚ ਬਹੁਤ ਗਹਿਰਾ ਰਚਿਆ ਹੋਇਆ ਸੀ। ਇਸ ਦਾ ਕਾਰਨ ਇਨ੍ਹਾਂ ਡੇਰਿਆਂ ਦਾ ਆਮ ਲੋਕਾਂ ਦੀ ਪਹੁੰਚ ਵਿੱਚ ਹੋਣਾ ਵੀ ਸੀ। ਇਹਨਾਂ ਅਸਥਾਨਾਂ ‘ਤੇ ਸਭ ਧਰਮਾਂ ਦੇ ਲੋਕ ਪਰਿਵਾਰਾਂ ਦੀ ਖੁਸ਼ੀ-ਗਮੀ ਅਤੇ ਸ਼ੁਭ ਅਵਸਰਾਂ ਮੌਕੇ ਜਾਂਦੇ ਸਨ।

ਸਾਂਝੀਵਾਲਤਾ, ਈਸ਼ਵਰ ਦੀ ਸਰਬ ਵਿਆਪਕਤਾ, ਬਰਾਬਰੀ, ਭਾਈਚਾਰਕਤਾ, ਮਨੁੱਖੀ ਅਧਿਕਾਰਾਂ ਲਈ ਸੰਘਰਸ਼ ਅਤੇ ਹੋਰ ਮਾਨਵੀ ਮੁੱਲਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਮਾਧਿਅਮ ਨਾਲ ਪ੍ਰਚਾਰਿਆ ਗਿਆ ਅਤੇ ਇਸ ਦੀ ਵਿਲੱਖਣਤਾ ਬਾਰੇ ਸਮਝਾਇਆ ਗਿਆ। ਇਹ ਕਾਰਜ ਬਹੁਤ ਸਮਾਂ ਪਹਿਲਾਂ ਗੁਰੂ ਨਾਨਕ ਦੀਆਂ ਉਦਾਸੀਆਂ ਸਮੇਂ ਆਰੰਭ ਹੋਇਆ ਅਤੇ ਗੁਰੂ ਤੇਗ ਬਹਾਦੁਰ ਜੀ ਤੇ ਬਾਬਾ ਗੁਰਦਿੱਤਾ ਜੀ ਦੀ ਯਾਤਰਾ ਮਗਰੋਂ ਬਾਬਾ ਅਲਮਸਤ ਅਤੇ ਭਗਤ ਭਗਵਾਨ ਤੱਕ ਚੱਲਿਆ, ਜਿਨ੍ਹਾਂ ਨੇ ਪੂਰੇ ਪੂਰਬੀ ਭਾਰਤ ਵਿੱਚ ਸਿੱਖ ਧਰਮ ਦਾ ਪ੍ਰਚਾਰ ਕੀਤਾ।

ਇਸ ਨੂੰ ਸਥਾਨਕ ਲੋਕਾਂ ਨੇ ਆਪਣੀ ਮੂਲ ਜਾਤ ਜਾਂ ਮਜ਼ਹਬ ਦੀ ਵਲਗਣ ਤੋਂ ਉਪਰ ਉੱਠ ਕੇ ਅਪਣਾਇਆ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਬਾਅਦ ਸਥਿਤੀ ਵਿੱਚ ਕੁਝ ਨਿਘਾਰ ਆਉਣਾ ਸ਼ੁਰੂ ਹੋਇਆ। ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੀ ਯਾਤਰਾ ਦੇ ਦੌਰਾਨ ਡੇਰਾ, ਸੰਗਤ ਜਾਂ ਗੁਰਦੁਆਰੇ ਵਿੱਚ ਕੋਈ ਮੂਲ ਅੰਤਰ ਨਹੀਂ ਸੀ, ਸਾਰੇ ਸਮਅਰਥੀ ਸਨ। ਪਹਿਲੇ ਯੂਰਪੀ ਇਤਿਹਾਸਕਾਰਾਂ ਅਨੁਸਾਰ ਪਟਨਾ ਅਖਾੜੇ ਦੇ ਮੁੱਖ ਉਦਾਸੀ ਮਹੰਤ ਗੋਵਿੰਦ ਦਾਸ ਜੀ ਸਨ ਜੋ ਸਾਰੀਆਂ 360 ਉਦਾਸੀਆਂ ਸੰਗਤਾਂ ਦੇ ਮੁਖੀ ਹੋਣ ਦਾ ਦਾਅਵਾ ਕਰਦੇ ਸਨ ਅਤੇ ਉਹਨਾਂ ਦੇ ਪੈਰੋਕਾਰਾਂ ਨੂੰ ਖੋਲਾਸਾ ਕਿਹਾ ਜਾਂਦਾ ਸੀ। ਸਾਨੂੰ ਪਤਾ ਲੱਗਦਾ ਹੈ ਕਿ ਖਾਲਸਾ ਅਤੇ ਖੋਲਾਸਾ ਦੋਵੇਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹਨ ਅਤੇ ਇਸ ਦੇ ਸਿਧਾਂਤਾਂ ਦੀ ਪਾਲਣਾ ਕਰਨ ਵਾਲੇ ਸਨ।

ਕੋਈ ਮੂਰਤੀ ਪੂਜਾ ਨਹੀਂ ਸੀ ਹੁੰਦੀ। ਪਟਨਾ ਸ਼ਹਿਰ ਦੇ ਪੂਰਬੀ ਹਿੱਸੇ ਵਿੱਚ ਸਥਿਤ ਦਿਦਾਰ ਗੰਜ ਇਲਾਕੇ ਦੇ ਰਕਾਬ ਗੰਜ ਵਿੱਚ ਇਹਨਾਂ ਦਾ ਡੇਰਾ ਹਾਲੇ ਵੀ ਕਾਇਮ ਹੈ। ਹੁਣ ਇੱਥੇ ਕੋਈ ਮਹੰਤ ਨਹੀਂ ਪਰ ਗੁਰੂ ਗ੍ਰੰਥ ਸਾਹਿਬ ਦੀ ਸੁੰਦਰ ਹੱਥ ਲਿਖਤ ਬੀੜ ਮੌਜੂਦ ਹੈ। ਇਹ ਉਦਾਸੀ ਵੀ ਕੇਵਲ ਇੱਕ ਨਿਰੰਕਾਰ ਪਰਮਾਤਮਾ ਭਾਵ ਅਕਾਲ ਪੁਰਖ ਦੇ ਉਪਾਸ਼ਕ ਸਨ। ਦੀਵਾਨ ਦੇ ਭੋਗ ਉਪਰੰਤ ਕੜਾਹ ਪ੍ਰਸ਼ਾਦ ਵਰਤਾਉਂਦੇ ਸਨ ਅਤੇ ਸੰਗਤ ਅਤੇ ਪੰਗਤ ਦੇ ਸੰਕਲਪ ਦੇ ਧਾਰਨੀ ਸਨ। ਪਰ ਕੁਝ ਅੰਤਰ ਵੀ ਦੇਖੇ ਗਏ। ਮਹੰਤ ਆਪਣੇ ਆਪ ਨੂੰ ਸਾਰੇ ਸਿੱਖਾਂ ਦੇ ਸ੍ਰੇਸ਼ਟ ਮੁਖੀ ਦੱਸਦੇ ਸਨ।

ਡੇਰਿਆਂ ਦੇ ਮੁਖੀ ਬਣਨ ਦੇ ਸਵਾਲ ‘ਤੇ ਮਹੰਤਾਂ ਵਿੱਚ ਵਿਵਾਦ ਉੱਠਦੇ ਰਹੇ। ਕੁਝ

ਮੱਤਭੇਦ ਉਭਰਨ ਦੇ ਬਾਵਜੂਦ ਸਾਰੀ ਸੰਗਤ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਅਤੇ ਹੋਰ ਮਹੱਤਵਪੂਰਨ ਅਸਥਾਨਾਂ ‘ਤੇ ਮੱਥਾ ਟੇਕਦੀ ਰਹੀ। ਸੰਕੇਤਕ ਅੰਤਰ ਬਾਅਦ ਵਿੱਚ ਵੱਡਾ ਪਾੜਾ ਬਣ ਗਏ। ਖਾਲਸਾ ਸਿੱਖਾਂ ਵਿੱਚ ਇਹਨਾਂ ਪ੍ਰਤੀ ਇੱਕ ਤਰ੍ਹਾਂ ਦੀ ਅਣਦੇਖੀ ਦਾ ਭਾਵ ਵੀ ਆ ਗਿਆ। ਇਹ ਇਕੱਲੀ ਇੱਥੋਂ ਦੀ ਗੱਲ ਨਹੀਂ। ਇਹ ਸਮੱਸਿਆਵਾਂ ਹੋਰ ਬਹੁਤ ਸਾਰੇ ਅਸਥਾਨਾਂ 'ਤੇ ਵੀ ਪੈਦਾ ਹੋਈਆਂ।

**ਅਣਗੌਲੇ ਤੱਥ:**

ਸਾਡੇ ਰਸਤੇ ਵਿੱਚ ਬਹੁਤ ਸਾਰੀਆਂ ਰੁਕਾਵਟਾਂ ਅਤੇ ਗ਼ਲਤ ਫ਼ਹਿਮੀਆਂ ਆ ਸਕਦੀਆਂ ਹਨ ਪ੍ਰੰਤੂ ਜੇਕਰ ਅਸੀਂ ਪੂਰੀ ਸੁਹਿਰਦਤਾ ਨਾਲ ਆਪਣੇ ਨਿਸ਼ਾਨੇ ਦੀ ਪੂਰਤੀ ਲਈ ਦ੍ਰਿੜਤਾ ਨਾਲ ਅੱਗੇ ਵਧੀਏ ਤਾਂ ਕੁਝ ਵੀ ਸਾਨੂੰ ਪਰੇਸ਼ਾਨ ਨਹੀਂ ਕਰ ਸਕਦਾ। ਅਸੀਂ ਜਿੱਥੇ ਜਿੱਥੇ ਗਏ ਉਹਨਾਂ ਵਿੱਚੋਂ ਬਹੁਤੇ ਅਸਥਾਨਾਂ ‘ਤੇ ਹੁਣ ਤੱਕ ਗੁਰੂ ਗ੍ਰੰਥ ਸਾਹਿਬ ਨੂੰ ਪਵਿੱਤਰ ਗ੍ਰੰਥ ਦੇ ਰੂਪ ਵਿੱਚ ਬਹੁਤ ਅਦਬ ਸਤਿਕਾਰ ਸਹਿਤ ਰੱਖਿਆ ਗਿਆ ਹੈ। ਸੁੱਚਮ ਉਪਰ ਜ਼ੋਰ ਦੇਣ ਵਾਲੀ ਪੁਰਾਣੀ ਉਦਾਸੀ ਮਰਿਆਦਾ ਤੋਂ ਨਵੀਂ ਪੀੜ੍ਹੀ ਬਿਲਕੁਲ ਨਾਵਾਕਿਫ ਹੈ।

ਫਿਰ ਵੀ ਗੁਰੂ ਗ੍ਰੰਥ ਸਾਹਿਬ ਦੀ ਕਿਤੇ ਕੋਈ ਬੇਅਦਬੀ ਨਹੀਂ ਦੇਖੀ। ਕੁਝ ਥਾਈਂ ਬੇਅਬਾਦ ਅਤੇ ਢੱਠੀਆਂ ਸੰਗਤਾਂ ਨਾਲ ਹੋਰ ਦੇਵੀ ਦੇਵਤਿਆਂ ਦੇ ਨਵੇਂ ਮੰਦਰ ਉਸਰ ਗਏ ਜੋ ਲੋਕਾਂ ਵਿੱਚ ਸਿੱਖੀ ਪ੍ਰਤੀ ਘਟੇ ਵਿਸ਼ਵਾਸ ਨੂੰ ਦਰਸਾਉਂਦੇ ਹਨ। ਮੈਂ ਸੰਗਤ ਅਤੇ ਪ੍ਰਬੰਧਕਾਂ ਨੂੰ ਲਗਾਤਾਰ ਬੇਨਤੀ ਕਰਦਾ ਆ ਰਿਹਾ ਹਾਂ ਕਿ ਉਹ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਉਹਨਾਂ ਲੋਕਾਂ ਨੂੰ ਨਾ ਦੇਣ ਜੋ ਮਰਿਆਦਾ ਦੇ ਨਾਂ ‘ਤੇ ਸਾਡੇ ਇਤਿਹਾਸ ਅਤੇ ਪਛੋਕੜ ਨੂੰ ਖਤਮ ਕਰ ਰਹੇ ਹਨ। ਉਹਨਾਂ ਨੇ ਬਹੁਤ ਸਾਰੀਆਂ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਕੜੇ ਸਾਲ ਪੁਰਾਣੀਆਂ ਅਤੇ ਸੁੰਦਰ ਹੱਥ ਲਿਖਤ ਬੀੜਾਂ ਹਟਾ ਦਿੱਤੀਆਂ ਹਨ। ਇਸ ਨਾਲ ਸਾਡੀ ਵਿਰਾਸਤ ਦੇ ਪੁਰਾਣੇ ਸਬੂਤ ਮਿਟ ਗਏ ਹਨ। ਪੂਜਾ ਦੀ ਜਗਵੇਦੀ ਉਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਹੋਣਾ ਹੀ ਇਸ ਗੱਲ ਦਾ ਸਭ ਤੋਂ ਵੱਡਾ ਸਬੂਤ ਹੈ ਕਿ ਇਹ ਸਥਾਨ ਸਿੱਖਾਂ ਨਾਲ ਸਬੰਧਤ ਰਹੇ ਹਨ। ਇਹ ਸਾਡੀ ਵਿਰਾਸਤ ਹਨ ਅਤੇ ਇਸ ਨੂੰ ਮਿਟਾਉਣ ਅਤੇ ਹਥਿਆਉਣ ਦੀ ਕੋਈ ਕੋਸ਼ਿਸ਼ ਨਹੀਂ ਹੋਣੀ ਚਾਹੀਦੀ।

ਜੇ ਇਸ ਤਰ੍ਹਾਂ ਹੁੰਦਾ ਹੈ ਤਾਂ ਅਸੀਂ ਆਪਣਾ ਸੁਨਹਿਰੀ ਅਤੀਤ ਗੁਆ ਦੇਵਾਂਗੇ। ਸਿਰਫ਼ ਚੀਖ ਚਿਹਾੜਾ ਪਾਉਣ ਜਾਂ ਮਗਰਮੱਛ ਦੇ ਹੰਝੂ ਵਹਾਉਣ ਨਾਲ ਸਥਿਤੀ ਨਹੀਂ ਸੁਧਰੇਗੀ। ਜਿਹਨਾਂ ਲੋਕਾਂ ਨੂੰ ਇਸ ਖਾਤਮੇ ਦਾ ਸੱਚਮੁੱਚ ਦਰਦ ਹੈ ਤਾਂ ਉਨ੍ਹਾਂ ਨੂੰ ਲੰਮੇ ਸਮੇਂ ਲਈ ਇੱਥੇ ਆ ਕੇ ਅਤੇ ਰਹਿ ਕੇ ਪੁਰਾਣੀ ਮਾਣ ਮਰਿਯਾਦਾ ਨੂੰ ਬਹਾਲ ਕਰਨਾ ਚਾਹੀਦਾ ਹੈ। ਇਹ ਅਸਥਾਨ ਉਦੋਂ ਤਹਿਸ ਨਹਿਸ ਹੋਣਾ ਸ਼ੁਰੂ ਹੋਏ ਜਦੋਂ ਸਿੱਖ ਧਰਮ ਦਾ ਕੇਂਦਰ ਕਮਜ਼ੋਰ ਹੋ ਗਿਆ ਅਤੇ ਅਸੀਂ ਆਪਣੀ ਵਿਅਕਤੀਗਤ ਅਤੇ ਸਮੂਹਕ ਚੇਤਨਾ ਅਤੇ ਮੂਲ ਸਿੱਖ ਭਾਵਨਾ ਨੂੰ ਤਿਲਾਂਜਲੀ ਦੇ ਦਿੱਤੀ।

ਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨਾਲ ਜਾਗ੍ਰਿਤ ਕੀਤਾ ਜਾਣਾ ਚਾਹੀਦਾ ਹੈ। ਇੱਕ ਤਾਜ਼ਾ ਉਦਾਹਰਨ ਬਾਬਾ ਅਜਾਇਬ ਸਿੰਘ ਲਲਤੋਂ ਦੀ ਹੈ ਜਿਨ੍ਹਾਂ ਨੇ ਰਾਜਗੀਰ ਅਤੇ ਬਿਹਾਰ ਸ਼ਰੀਫ ਵਰਗੇ ਕੁਝ ਅਸਥਾਨਾਂ ਨੂੰ ਜ਼ਮੀਨਾਂ ਹਥਿਆਉਂਣ ਵਾਲੇ ਗਰੋਹ ਤੋਂ

ਛੁਡਾਉਣ ਲਈ ਭੂ-ਮਾਫੀਏ ਅਤੇ ਕਈ ਹੋਰ ਗਲਤ ਅੰਸਰਾਂ ਖਿਲਾਫ ਇਕੱਲਿਆਂ ਲੜਾਈ ਲੜੀ। ਹੁਣ ਪਟਨਾ ਸਾਹਿਬ ਆਉਣ ਵਾਲੀ ਸੰਗਤ ਰਾਜਗੀਰ ਵੀ ਆਉਣ ਲੱਗੀ ਹੈ। ਜੇ ਅਸੀਂ ਸਥਾਨਕ ਇਲਾਕਿਆਂ ਦਾ ਅਮਨ ਭੰਗ ਕੀਤੇ ਬਗੈਰ ਪੁਰਾਣੀ ਮਹਿਮਾ ਬਹਾਲ ਕਰਨਾ ਚਾਹੁੰਦੇ ਹਾਂ ਤਾਂ ਇਸ ਮਾਡਲ ਨੂੰ ਹੋਰ ਅਸਥਾਨਾਂ 'ਤੇ ਅਪਣਾਇਆ ਜਾ ਸਕਦਾ ਹੈ। ਜੇਕਰ ਸਾਡਾ ਉਦੇਸ਼ ਸਚਮੁੱਚ ਸੱਚਾਈ 'ਤੇ ਆਧਾਰਤ ਹੋਵੇਗਾ ਤਾਂ ਜਿਹੜੇ ਸਥਾਨਕ ਲੋਕਾਂ ਦੇ ਪੁਰਖੇ ਸਿੱਖੀ ਨਾਲ ਜੁੜੇ ਹੋਏ ਸਨ ਉਹ ਸਾਡੇ ਨਾਲ ਜੁੜ ਸਕਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੇ ਪ੍ਰਚਾਰ ਪਰਸਾਰ ਨਾਲ ਹੀ ਅਸੀਂ ਆਪਣੇ ਪੈਰਾਂ ਤੇ ਮਜ਼ਬੂਤੀ ਨਾਲ ਖੜ੍ਹੇ ਹੋ ਸਕਾਂਗੇ ਅਤੇ ਸਮੁੱਚੀ ਮਾਨਵ ਜਾਤੀ ਦੀ ਭਲਾਈ ਲਈ ਕੰਮ ਕਰਕੇ ਸਿੱਖੀ ਦੀ ਗੁਆਚੀ ਹੋਈ ਪੁਰਾਣੀ ਸ਼ਾਨ ਨੂੰ ਬਹਾਲ ਕਰ ਸਕਾਂਗੇ।

ਮੈਂ ਉਨ੍ਹਾਂ ਲੋਕਾਂ ਨਾਲ ਲੰਮੀਆਂ ਮੁਲਾਕਾਤਾਂ ਕੀਤੀਆਂ ਜੋ ਪਹਿਲਾਂ ਗੁਰੂ ਨਾਨਕ ਦੇ ਸਿਧਾਂਤਾਂ ਅਤੇ ਉਪਦੇਸ਼ਾਂ ਦੇ ਧਾਰਨੀ ਸਨ ਜਾਂ ਉਹਨਾਂ ਦਾ ਸਿੱਖੀ ਵੱਲ ਝੁਕਾਓ ਸੀ। ਅਜਿਹਾ ਮਹਿਸੂਸ ਹੋਇਆ ਕਿ ਇਹਨਾਂ ਲੋਕਾਂ ਵਿੱਚ ਇਸ ਮੱਤ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਦੀ ਚਾਹਤ ਹੈ ਜਿਸ ਦੇ ਉਹ ਧਾਰਨੀ ਰਹੇ ਹਨ। ਪਰ ਆਪਣੇ ਪੁਰਾਤਨ ਖਜ਼ਾਨੇ ਦੀ ਖੋਜ ਪ੍ਰਤੀ ਮੇਰਾ ਉਤਸ਼ਾਹ ਉਸ ਸਮੇਂ ਥੋੜ੍ਹਾ ਜਿਹਾ ਮੁਰਝਾਉਣਾ ਸ਼ੁਰੂ ਹੋ ਗਿਆ ਜਦ ਮੈਂ ਦੇਖਿਆ ਕਿ ਇਹਨਾਂ ਥਾਵਾਂ 'ਤੇ ਦੇਖਣ ਨੂੰ ਸਿੱਖ ਲਗਦੇ ਕੁਝ ਸੁਆਰਥੀ ਲੋਕ ਗੁਰੂ ਨਾਨਕ ਦੀਆਂ ਸਿੱਖਿਆਵਾਂ ਨੂੰ ਹੋਰ ਮੱਤਾਂ ਦੀਆਂ ਧਾਰਨਾਵਾਂ ਨਾਲ ਮਿਲਾ ਕੇ ਸ਼ਰਧਾਲੂਆਂ ਨੂੰ ਸਿੱਖੀ ਤੋਂ ਹੋਰ ਦਿਸ਼ਾ ਵੱਲ ਤੋਰਨ ਵਾਲੇ ਕੁਰਾਹੇ ਪਾਉਂਦੇ ਹਨ। ਪਰ ਮੈਂ ਥੋੜ੍ਹੇ ਜਿਹੇ ਸਮੇਂ ਲਈ ਹੀ ਵਿਚਲਿਤ ਹੋਇਆ ਤਾਂ ਨਾਲ ਦੀ ਨਾਲ ਗੁਰੂ ਨਾਨਕ ਪਾਤਸ਼ਾਹ ਜੀ ਦੀ ਬੇਅੰਤ ਬਖਸ਼ਿਸ਼ ਦਾ ਪਾਤਰ ਬਣਨ ਲਈ ਉਤਸ਼ਾਹੀ ਭਾਵ ਨਾਲ ਆਪਣੀ ਖੋਜ ਦੇ ਨਵੇਂ ਦਿਸਹੱਦੇ ਤਲਾਸ਼ਣ ਲਈ ਲੋੜੀਂਦਾ ਬਲ ਬਖਸ਼ਣ ਦੀ ਅਰਦਾਸ ਕੀਤੀ।

ਮੇਰਾ ਇਹ ਵਿਸ਼ਵਾਸ ਬਣਿਆਂ ਕਿ ਸਾਨੂੰ ਪਛਤਾਵਾ ਕਰਦਿਆਂ ਵਕਤ ਬਰਬਾਦ ਕਰਨ ਦੀ ਬਜਾਏ ਇਹਨਾਂ ਗੁੰਝਲਦਾਰ ਮੁੱਦਿਆਂ ਨੂੰ ਹੱਲ ਕਰਨ ਲਈ ਆਪਣਾ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਸਿੱਖਾਂ ਦਾ ਘਰ ਗੰਭੀਰ ਫੁੱਟ ਅਤੇ ਵੰਡ ਵੰਡਾਈ ਦਾ ਸ਼ਿਕਾਰ ਜਾਪਦਾ ਹੈ। ਇਹ ਸਥਿਤੀ ਦੁਖਦਾਈ ਹੈ। ਸਾਨੂੰ ਅਜਿਹੇ ਵਿਚਾਰਧਾਰਕ ਸਾਂਝ ਰੱਖਣ ਵਾਲੇ ਅਤੇ ਸਪੱਸ਼ਟ ਦ੍ਰਿਸ਼ਟੀਕੋਣ ਦੇ ਧਾਰਨੀ ਵਿਅਕਤੀਆਂ ਅਤੇ ਸੰਸਥਾਵਾਂ ਦੀ ਮਦਦ ਲੈਣ ਦਾ ਉਪਰਾਲਾ ਕਰਨਾ ਚਾਹੀਦਾ ਹੈ ਜੋ ਸੁਹਿਰਦਤਾ ਅਤੇ ਤਨਦੇਹੀ ਨਾਲ ਇਸ ਮੁੱਦੇ ਨੂੰ ਸੁਲਝਾਉਣ ਵਿੱਚ ਦਿਲਚਸਪੀ ਰੱਖਦੇ ਹੋਣ। ਇਹ ਸਥਿਤੀ ਸਾਡੇ ਉਸ ਮਹੱਤਵਪੂਰਣ ਹਿੱਸੇ ਦੀ ਤਰਾਸਦੀ ਨੂੰ ਦਰਸਾਉਂਦੀ ਹੈ ਜਿਸ ਕੋਲੋਂ ਸਾਡੇ ਮਹਾਨ ਗੁਰੂਆਂ ਦੀ ਬੋਲੀ ਅਤੇ ਸਭਿਆਚਾਰ ਗੁਆਚ ਗਏ ਹਨ।

ਸਾਨੂੰ ਉਦਾਸੀ ਸੱਭਿਆਚਾਰ, ਜੀਵਨ ਸ਼ੈਲੀ ਅਤੇ ਭਾਸ਼ਾ (ਗੁਰਮੁਖੀ) ਦੇ ਖਾਤਮੇ ਦਾ ਦਰਦ ਹੈ। ਉਹਨਾਂ ਨਾਨਕ ਨਾਮਲੇਵਾ ਲੋਕਾਂ ਨੇ ਹੁਣ ਆਪੋ ਆਪਣੇ ਥਾਈਂ ਸਥਾਨਕ ਲੋਕਾਚਾਰ ਅਤੇ ਧਾਰਮਿਕ ਰਹੁ-ਰੀਤਾਂ ਨੂੰ ਪੂਰੀ ਤਰ੍ਹਾਂ ਅਪਣਾ ਲਿਆ ਹੈ। ਇਨ੍ਹਾਂ ਨਾਨਕਸ਼ਾਹੀ ਲੋਕਾਂ ਦੀ ਜੀਵਨ ਬੁਣਤੀ ਸਥਾਨਕ ਜੀਵਨ ਸ਼ੈਲੀ ਦੇ ਤਾਣੇ ਵਿੱਚ ਬੁਣੀ ਗਈ ਹੈ ਤੇ ਹੁਣ ਗੁਰਬਾਣੀ ਸਾਹਿਤ ਉਹਨਾਂ ਲਈ ਓਪਰਾ ਹੋ ਗਿਆ ਹੈ। ਜਿਵੇਂ ਇਹਨਾਂ

ਉਦਾਸੀਆਂ ਦੀ ਕਹਾਣੀ ਗੁਰੂ ਸਾਹਿਬਾਨ ਦੀ ਬਖਸ਼ਿਸ਼ ਤੋਂ ਆਰੰਭ ਹੁੰਦੀ ਹੈ ਇਸ ਨੂੰ ਵਾਰ-ਵਾਰ ਕੋਸ਼ਿਸ਼ਾਂ ਕਰਕੇ ਉਸੇ ਤਰ੍ਹਾਂ ਲਗਾਤਾਰ ਦੁਹਰਾਇਆ ਜਾਣਾ ਚਾਹੀਦਾ ਹੈ।

**ਯੋਗਦਾਨ:**

ਉਦਾਸੀਆਂ ਨੇ ਸਥਾਨਕ ਸਮਾਜਾਂ ਵਿੱਚ ਬਹੁਤ ਯੋਗਦਾਨ ਪਾਉਣ ਦੇ ਨਾਲ-ਨਾਲ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੇ ਪ੍ਰਸਾਰ ਲਈ ਵੀ ਵੱਡਾ ਕਾਰਜ ਕੀਤਾ। ਉਨ੍ਹਾਂ ਨੇ ਬੜੇ ਪਾਵਨ ਰਚਨਾਤਮਕ ਭਾਵ ਨਾਲ ਲੋੜੀਂਦੀ ਧਰਮ ਨਿਰਪੱਖਤਾ ਦੀ ਪੂਰਤੀ ਲਈ ਪੂਰਨ ਨਿਰਭੈਅਤਾ ਦੀ ਭਾਵਨਾ ਦੇ ਸੰਚਾਰ ਲਈ ਵਿਕਸਤ ਮਨੁੱਖ ਦੀ ਡੂੰਘੀ ਰੂਹਾਨੀ ਦਸ਼ਾ ਦਾ ਪੋਸ਼ਣ ਅਤੇ ਵਿਕਾਸ ਕੀਤਾ। ਜਾਗਦੀ ਜੋਤ ਅਤੇ ਸ਼ਬਦ ਅਵਤਾਰ ਮੰਨੇ ਜਾਂਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਅਧਿਆਤਮਿਕਤਾ ਅਤੇ ਸਿਰਜਨਾਤਮਕਤਾ ਦਾ ਗੂੜ੍ਹਾ ਸਬੰਧ ਹੈ।ਹਰੇਕ ਡੇਰੇ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ। ਇਸ ਤੋਂ ਪੁਰਾਣੇ ਸਮਿਆਂ ਵਿੱਚ ਸ਼ਾਨਦਾਰ ਨੈਤਿਕ ਕਦਰਾਂ ਕੀਮਤਾਂ ਦਾ ਸੰਦੇਸ਼ ਫੈਲਾਉਂਣ ਵਾਲੇ ਮਹਾਨ ਧਰਮ ਪ੍ਰਚਾਰਕਾਂ ਦੀ ਬਹੁ-ਪੱਖੀ ਸਿਰਜਣਾਤਮਕ ਪ੍ਰਤਿਭਾ ਦਾ ਪਤਾ ਲਗਦਾ ਹੈ।

ਉਹਨਾਂ ਨੇ ਦੂਰ-ਦੂਰ ਤੱਕ ਸੰਗਤਾਂ ਦੀ ਉਸਾਰੀ ਕਰਵਾਈ ਜਿਥੇ ਸਾਧੂਆਂ ਤੋਂ ਲੈ ਕੇ ਵਪਾਰੀਆਂ ਦੇ ਕਾਫਲਿਆਂ ਨੂੰ ਅਤੇ ਹੋਰ ਅਨੇਕਾਂ ਵਰਗਾਂ ਦੇ ਮੁਸਾਫ਼ਰਾਂ ਨੂੰ ਮੁਫਤ ਲੰਗਰ ਅਤੇ ਸੁਰੱਖਿਅਤ ਰਿਹਾਇਸ਼ ਦੀ ਸਹੂਲਤ ਮਿਲਦੀ ਸੀ। ਇਹ ਡੇਰੇ ਧਰਮਸ਼ਾਲਾ ਦਾ ਕੰਮ ਵੀ ਕਰਦੇ ਸਨ ਜਿਸ ਦੀ ਉਹਨਾਂ ਦਿਨਾਂ ਵਿੱਚ ਬਹੁਤ ਘੱਟ ਮਿਸਾਲ ਮਿਲਦੀ ਹੈ। ਲੋਕ ਜਾਤ-ਪਾਤ ਅਤੇ ਮਜ਼ਹਬੀ ਭੇਦ ਭਾਵ ਦੀਆਂ ਵਲਗਣਾਂ ਉਲੰਘ ਕੇ ਇਹਨਾਂ ਅਸਥਾਨਾਂ ਨਾਲ ਜੁੜੇ ਸਨ ਜਿੱਥੇ ਰੂਹਾਨੀਅਤ ਨੂੰ ਸਵੈ-ਵਿਕਾਸ ਅਤੇ ਸਮਾਜ ਕਲਿਆਣ ਦਾ ਜ਼ਰੂਰੀ ਆਧਾਰ ਸਮਝਿਆ ਜਾਂਦਾ ਸੀ। ਗੁਰੂ ਨਾਨਕ ਦੀ ਸਿੱਖੀ ਦੇ ਘਰ ਨਾਲ ਵੱਡੀ ਗਿਣਤੀ ਵਿੱਚ ਜੁੜਨ ਵਾਲੇ ਇਹਨਾਂ ਲੋਕਾਂ ਨੂੰ ਨਾਨਕ ਪੰਥੀ ਸੰਗਤ ਅਤੇ ਪ੍ਰਚਾਰਕਾਂ ਨੂੰ ਨਾਨਕਸ਼ਾਹੀ ਮਹੰਤ ਕਿਹਾ ਜਾਂਦਾ ਸੀ।

**ਸਿੱਖ ਅਸਥਾਨਾਂ ਦੀ ਸੁਰੱਖਿਆ ਅਤੇ ਸੰਭਾਲ ਲਈ ਕਾਨੂੰਨ ਦੀ ਲੋੜ:**

ਸੂਬਾਈ ਸਰਕਾਰਾਂ ਨੂੰ ਨਿਰਦੇਸ਼ ਦੇਣ ਲਈ ਭਾਰਤ ਸਰਕਾਰ ਨੂੰ 'ਸਿੱਖ ਅਸਥਾਨਾਂ ਦੀ ਸੁਰੱਖਿਆ ਅਤੇ ਸੰਭਾਲ ਐਕਟ' ਬਣਾਉਣਾ ਚਾਹੀਦਾ ਹੈ ਤਾਂ ਕਿ ਇਹ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਦੇ ਪ੍ਰਚਾਰ ਦੀ ਆਪਣੀ ਪੁਰਾਣੀ ਪਰੰਪਰਾ ਨੂੰ ਜਾਰੀ ਰੱਖ ਸਕਣ। ਅਜਿਹਾ ਪਾਰਲੀਮੈਂਟ ਵਿੱਚ 'ਸਰਬ ਭਾਰਤੀ ਸਿੱਖ ਧਰਮ ਅਸਥਾਨ ਬਿੱਲ' ਵਰਗੇ ਬਿੱਲ ਰਾਹੀਂ ਵੀ ਕੀਤਾ ਜਾ ਸਕਦਾ ਹੈ ਜਿਸ ਵਿੱਚ ਪੁਰਾਤਨ ਧੂਣਿਆਂ, ਅਖਾੜਿਆਂ, ਡੇਰਿਆਂ, ਮੰਦਰਾਂ, ਆਸ਼ਰਮਾਂ, ਮੱਠਾਂ, ਧਰਮਸ਼ਾਲਾਵਾਂ ਅਤੇ ਹੋਰ ਸਿੱਖ ਧਾਰਮਿਕ ਅਸਥਾਨਾਂ ਦੀ ਚੱਲ ਅਤੇ ਅਚੱਲ ਜਾਇਦਾਦ ਦੀ ਸੁਰੱਖਿਆ ਲਈ ਬਕਾਇਦਾ ਵਿਵਸਥਾ ਅਤੇ ਵਿਧੀ ਹੋਣੀ ਚਾਹੀਦੀ ਹੈ। ਬਹੁਤ ਥਾਂਵੀਂ ਅਜਿਹੀ ਸੰਪਤੀ ਦਾ ਲੋੜੀਂਦਾ ਰਿਕਾਰਡ ਹੀ ਮੌਜੂਦ ਨਹੀਂ।

ਜੋ ਅਸੀਂ ਦੇਖਿਆ ਉਸ ਵਿੱਚ ਵਧੇਰੇ ਅਫਸੋਸਨਾਕ ਗੱਲ ਇਹ ਹੈ ਕਿ ਸਰਕਾਰੀ ਏਜੰਸੀਆਂ ਅਤੇ ਅਦਾਰਿਆਂ ਨੇ ਇਨ੍ਹਾਂ ਡੇਰਿਆਂ ਦੀਆਂ ਜ਼ਮੀਨਾਂ 'ਤੇ ਵੱਡੇ ਪੱਧਰ 'ਤੇ ਕਬਜ਼ੇ ਕੀਤੇ ਹੋਏ ਹਨ। ਬਹੁਤ ਸਾਰੀ ਜ਼ਮੀਨ ਉੱਤੇ ਕਬਜ਼ੇ ਸਥਾਨਕ ਲੋਕਾਂ ਨੇ ਕੀਤੇ ਹੋਏ

ਹਨ। ਹੈਰਾਨੀ ਦੀ ਗੱਲ ਹੈ ਕਿ ਕੁਝ ਸਥਾਨਾਂ 'ਤੇ ਗੁਰਦੁਆਰਿਆਂ ਦੀ ਜ਼ਮੀਨ ਜਾਲ੍ਹਸਾਜ਼ੀ ਕਰਕੇ ਵੇਚ ਦਿੱਤੀ ਗਈ। ਜ਼ਮੀਨ ਦੀ ਮਾਲਕੀ ਝੂਠੇ ਮੁਖਤਿਆਰ ਨਾਮਿਆਂ, ਜਾਅਲੀ ਲੀਜ਼ ਦਸਤਾਵੇਜ਼ਾਂ ਜਾਂ ਹੋਰ ਹੇਰਾ ਫੇਰੀਆਂ ਨਾਲ ਬਦਲੀਆਂ ਗਈਆਂ ਹਨ। ਟਰੱਸਟੀਆਂ, ਦੇਖ-ਭਾਲ ਕਰਨ ਵਾਲਿਆਂ, ਸਰਪ੍ਰਸਤਾਂ ਅਤੇ ਸ਼ਰਧਾਲੂਆਂ ਦੀ ਘਾਟ ਕਾਰਨ ਇਹ ਅਸਥਾਨ ਉਦਾਸ ਕਰਨ ਵਾਲੀ ਖਸਤਾ ਹਾਲਤ ਵਿੱਚ ਹਨ। ਪੁਰੀ, ਰਾਜਗੀਰੀ, ਪਟਨਾ, ਛਪਰਾ ਵਰਗੇ ਅਣਗਿਣਤ ਹੋਰ ਗੁਰਦੁਆਰੇ ਹਨ ਜੋ ਇਤਿਹਾਸਿਕ ਤੌਰ 'ਤੇ ਬਹੁਤ ਮਹੱਤਵਪੂਰਨ ਹਨ ਪਰ ਇਹਨਾਂ ਨੂੰ ਸੰਭਾਲਣ ਦੇ ਕੋਈ ਯਤਨ ਨਹੀਂ ਕੀਤੇ ਗਏ। ਇਨ੍ਹਾਂ ਨੂੰ ਬਹਾਲ ਕਰਨ ਲਈ ਕੁਝ ਵੀ ਨਹੀਂ ਕੀਤਾ ਜਾ ਰਿਹਾ।

ਹਜ਼ਾਰਾਂ ਡੇਰਿਆਂ ਵਿੱਚੋਂ ਬਹੁਤਿਆਂ ਦੀ ਤਾਂ ਹੋਂਦ ਹੀ ਖਤਮ ਹੋ ਗਈ ਹੈ। ਜੋ ਬਚੇ ਹਨ ਉਹਨਾਂ ਵਿਚੋਂ ਬਹੁਤਿਆਂ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਹਨ, ਕਈ ਥਾਈਂ ਹੱਥ ਲਿਖਤ ਜਾਂ ਪੱਥਰ ਛਾਪੇ ਵਾਲੇ ਅਤੇ ਬਹੁਤੇ ਥਾਈਂ ਆਧੁਨਿਕ ਛਪਾਈ ਵਾਲੇ। ਇਹਨਾਂ ਅਸਥਾਨਾਂ ਦੀ ਪੁਨਰ ਬਹਾਲੀ ਅਤੇ ਸਾਂਭ ਸੰਭਾਲ ਲਈ ਲੋੜੀਂਦੇ ਫੰਡਾਂ ਦੇ ਸਾਧਨ ਜ਼ਰੂਰੀ ਵਿਚਾਰਨ ਦਾ ਵਿਸ਼ਾ ਹੈ ਪਰ ਜੇ ਇਹਨਾਂ ਡੇਰਿਆਂ ਦੀ ਮਾਲਕੀ ਰਹਿ ਚੁੱਕੀ ਹਜ਼ਾਰਾਂ ਏਕੜ ਖੇਤੀ ਅਤੇ ਵਪਾਰਕ ਜ਼ਮੀਨ ਸਰਕਾਰ ਦੁਆਰਾ ਇੱਕ ਕਮੇਟੀ ਗਠਿਤ ਕਰਕੇ ਉਨ੍ਹਾਂ ਨੂੰ ਮੁੜ ਬਹਾਲ ਕੀਤੀ ਜਾਵੇ ਤਾਂ ਇਹਨਾਂ ਸਾਧਨਾਂ ਤੋਂ ਲੋੜੀਂਦਾ ਪੈਸਾ ਬੜੀ ਅਸਾਨੀ ਨਾਲ ਆ ਸਕਦਾ ਹੈ। ਸ਼ੁਰੂ ਵਿੱਚ ਸਰਕਾਰ ਨੂੰ ਬੁਨਿਆਦੀ ਕਾਨੂੰਨੀ ਅਤੇ ਪ੍ਰਸ਼ਾਸਨਕ ਸਹਾਇਤਾ ਪ੍ਰਦਾਨ ਕਰਨੀ ਚਾਹੀਦੀ ਹੈ ਤਾਂ ਜੋ ਜ਼ਮੀਨ ਨੂੰ ਗੈਰ ਕਾਨੂੰਨੀ ਕਬਜ਼ਿਆਂ ਤੋਂ ਛੁਡਾਇਆ ਜਾ ਸਕੇ।

ਹਜ਼ਾਰਾਂ ਮੁਕੱਦਮੇ ਅਦਾਲਤਾਂ ਵਿੱਚ ਪਏ ਹਨ। ਇਨ੍ਹਾਂ ਦੀ ਕਾਰਵਾਈ ਤੇਜ਼ ਹੋਣੀ ਚਾਹੀਦੀ ਹੈ। ਇਹਨਾਂ ਜਾਇਦਾਦਾਂ ਦੀ ਨਿਸ਼ਾਨਦੇਹੀ ਸੌ ਸਾਲ ਤੋਂ ਪਹਿਲਾਂ ਹੋਏ ਸਰਵੇਖਣਾਂ ਦੇ ਰਿਕਾਰਡ ਵਿੱਚ ਹੋਏ ਇੰਦਰਾਜ਼ਾਂ ਅਨੁਸਾਰ ਹੋਣੀ ਚਾਹੀਦੀ ਹੈ। ਆਪਣੀ ਪੁਰਾਤਨ ਅਤੇ ਪਾਵਨ ਵਿਰਾਸਤ ਦੀ ਸੰਭਾਲ ਲਈ ਸਾਡੇ ਕੋਲ ਇਹਨਾਂ ਅਸਥਾਨਾਂ ਦੀ ਨਿਗਰਾਨੀ ਕਰਨ ਵਾਲੇ ਜਜ਼ਬੇਦਾਰ ਨਿਗਰਾਨ ਹੋਣੇ ਚਾਹੀਦੇ ਹਨ।

**ਲੀਹੋਂ ਲੱਥਾ ਸਿੱਖੀ ਜੀਵਨ:**

ਸਿੱਖ ਜੀਵਨ ਸ਼ੈਲੀ ਦੀ ਸੰਗਤਾਂ ਦੇ ਅੰਦਰ ਅਤੇ ਆਲੇ ਦੁਆਲੇ ਰਹਿੰਦੇ ਲੋਕਾਂ ਅੰਦਰ ਵੀ ਬਿਲਕੁਲ ਅਣਹੋਂਦ ਹੈ। ਸਿੱਖ ਕਦਰਾਂ-ਕੀਮਤਾਂ ਪੂਰੀ ਤਰ੍ਹਾਂ ਅਲੋਪ ਹੋ ਚੁੱਕੀਆਂ ਹਨ। ਡੇਰਿਆਂ ਨੂੰ ਮੁੜ ਸੁਰਜੀਤ ਕਰਨ ਦੀ ਪਹਿਲ ਕਦਮੀ ਇਸ ਖੇਤਰ ਵਿੱਚ ਸਦੀਆਂ ਤੋਂ ਰਹਿ ਰਹੇ ਲੋਕਾਂ ਨੂੰ ਸਿੱਖ ਜੀਵਨ ਸ਼ੈਲੀ ਧਾਰਨ ਕਰਨ ਵਿੱਚ ਬਹੁਤ ਸਹਾਇਤਾ ਕਰੇਗੀ। ਸਮੇਂ ਦੇ ਗੇੜ ਨਾਲ ਇਸ ਨਾਨਕ ਪੰਥੀ ਭਾਈਚਾਰੇ ਦੀ ਆਪਣੀ ਪਛਾਣ ਗਵਾਚ ਗਈ ਹੈ। ਜਿਥੇ ਕਦੀ ਡੇਰਿਆਂ ਦੀ ਹੋਂਦ ਸੀ ਉਹਨਾਂ ਸਾਰੀਆਂ ਥਾਵਾਂ ਦੀ ਭਾਲ ਟੋਲ ਵਿੱਚ ਘੁੰਮਦੇ ਫਿਰਦੇ ਮੈਨੂੰ ਸਥਾਨਕ ਲੋਕਾਂ ਦਾ ਅਥਾਹ ਪਿਆਰ ਅਤੇ ਨਿੱਘ ਮਿਲਿਆ।

ਨਾਨਕ ਪੰਥੀਆਂ ਬਾਰੇ ਬਹੁਤ ਹੀ ਧੁੰਦਲੇ ਪ੍ਰਭਾਵ ਹੋਣ ਦੇ ਬਾਵਜੂਦ ਬਹੁਤ ਸਾਰੇ ਅਸਥਾਨਾਂ ਤੇ ਲੋਕਾਂ ਨੇ ਇਤਿਹਾਸ ਰਾਹੀਂ ਮੈਨੂੰ ਸਾਰਥਕ ਸੇਧ ਦੇਣ ਦੀ ਕੋਸ਼ਿਸ਼ ਕੀਤੀ। ਖੋਲਸਿਆਂ ਦਾ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਵਿੱਚ ਅਟੁੱਟ ਵਿਸ਼ਵਾਸ ਸੀ। ਭਾਰਤ ਦੇ ਲੋਕਾਂ ਲਈ ਗੁਰੂ ਨਾਨਕ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਦੇ

ਪ੍ਰਚਾਰਕ ਮਹਾਨ ਮਹੰਤਾਂ ਦੀ ਰਵਾਇਤ ਨੂੰ ਮੁੜ ਸੁਰਜੀਤ ਕੀਤਾ ਜਾਣਾ ਚਾਹੀਦਾ ਹੈ। ਇਹ ਬਹੁਤ ਮੁਸ਼ਕਿਲ ਕਾਰਜ ਹੈ। ਇਸ ਵਾਸਤੇ ਕੇਂਦਰੀ ਅਤੇ ਵੱਖ-ਵੱਖ ਰਾਜ ਸਰਕਾਰਾਂ ਦੇ ਸਹਿਯੋਗ ਨਾਲ ਮੁੱਖ ਉਦਾਸੀ ਕੇਂਦਰਾਂ ਅਤੇ ਨਾਨਕ ਪੰਥੀ ਸੰਗਤਾਂ ਦੇ ਤਾਲਮੇਲ ਅਤੇ ਸਿੱਖਾਂ ਦੀਆਂ ਸੰਗਠਿਤ ਸਰਵ ਉੱਚ ਸੰਸਥਾਵਾਂ ਦੀ ਸਰਪ੍ਰਸਤੀ ਤਹਿਤ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਪਿਛਲੇ 100 ਸਾਲਾਂ ਦੌਰਾਨ ਨਾਨਕਸ਼ਾਹੀ ਮਹੰਤਾਂ ਦਾ ਦੇਸ਼ ਵਿੱਚ ਲੋਕਾਈ ਨੂੰ ਗੁਰੂ ਦੇ ਉਪਦੇਸ਼ ਨਾਲ ਜਾਗ੍ਰਿਤ ਕਰਨ ਪੱਖੋਂ ਅਸਫਲ ਰਹਿਣਾ ਸਭ ਤੋਂ ਮੰਦਭਾਗੀ ਸੱਚਾਈ ਹੈ।

**ਅਗਲੇਰੇ ਮਾਰਗ ਦੀ ਰੂਪ ਰੇਖਾ:**

ਸਿੱਖ ਸਰਗਰਮੀਆਂ ਨੂੰ ਦੇਸ਼ ਦੇ ਅਮੀਰ ਅਤੀਤ ਵਿੱਚ ਦੱਬੀਆਂ ਸਿੱਖ ਪ੍ਰੰਪਰਾਵਾਂ ਦੀ ਲਗਾਤਾਰਤਾ ਨਾਲ ਜੋੜਨ ਲਈ ਇਹਨਾਂ ਦੀ ਪੁਨਰ ਸੁਰਜੀਤੀ ਲਈ ਸਾਂਝ-ਸਹਿਯੋਗ ਦੇ ਪ੍ਰਾਜੈਕਟ ਦੀ ਰੂਪ ਰੇਖਾ ਤਿਆਰ ਕੀਤੀ ਜਾਣੀ ਚਾਹੀਦੀ ਹੈ। ਇਸ ਦਾ ਮੁੱਖ ਉਦੇਸ਼ ਪੰਜ ਸੌ ਸਾਲ ਪੁਰਾਣੀ ਏਕਤਾ ਦੇ ਬਚੇ ਹੋਏ ਪ੍ਰਤੀਕਾਂ ਅਤੇ ਚਿੰਨ੍ਹਾਂ ਦੀ ਸੁਰੱਖਿਆ ਅਤੇ ਸੰਭਾਲ ਹੋਣੀ ਚਾਹੀਦੀ ਹੈ। ਇਸ ਤਹਿਤ ਵੱਖ-ਵੱਖ ਥਾਵਾਂ ਦੀਆਂ ਵਿਸ਼ਾਲ ਜਾਇਦਾਦਾਂ ਨੂੰ ਜ਼ਮੀਨਾਂ ਹੜੱਪਣ ਵਾਲੇ ਅੰਸਰਾਂ ਅਤੇ ਭੂਮੀ ਮਾਫੀਏ ਦੀਆਂ ਭੁੱਖੀਆਂ ਨਜ਼ਰਾਂ ਤੋਂ ਬਚਾਉਣ ਲਈ ਇਸ ਵੱਲੋਂ ਸੁਰੱਖਿਆ ਛਤਰੀ ਵਾਂਗ ਕਾਰਜ ਕਰਨ ਵਾਲੀ ਇੱਕ ਸੰਸਥਾ ਬਕਾਇਦਾ ਗਠਤ ਕੀਤੀ ਜਾਣੀ ਚਾਹੀਦੀ ਹੈ। ਸਾਨੂੰ ਗੁੰਬਜਾਂ, ਮਹਿਰਾਬਾਂ ਅਤੇ ਬੁਰਜਾਂ ਵਾਲੇ ਕਿਲਿਆਂ ਵਰਗੇ ਪ੍ਰਮਾਣਿਕ ਇੰਡੋ-ਫ਼ਾਰਸੀ ਭਵਨ ਕਲਾ ਨਾਲ ਬਣੇ ਡੇਰਿਆਂ ਦੀ ਸ਼ਾਨ ਬਹਾਲ ਕਰਨ ਲਈ ਸੁਚੇਤ ਹੋਣਾ ਚਾਹੀਦਾ ਹੈ।

ਕਈ ਥਾਈਂ ਢਾਂਚੇ ਖੜ੍ਹੇ ਹਨ। ਇਹਨਾਂ ਮਹਾਨ ਅਸਥਾਨਾਂ ਨੂੰ ਵਿਰਾਸਤੀ ਦਰਜਾ ਮਿਲਣਾ ਚਾਹੀਦਾ ਹੈ। ਜੇਕਰ ਪੁਰਾਤਨ ਭਵਨ ਕਲਾ ਦੇ ਇਹਨਾਂ ਬੇਸ਼ਕੀਮਤੀ ਨਮੂਨਿਆਂ ਨੂੰ ਮੁੜ ਬਹਾਲ ਕੀਤਾ ਜਾਵੇ ਤਾਂ ਇਹ ਸਿੱਖੀ ਵੱਲੋਂ ਇੱਕ ਧਰਮ ਦੇ ਤੌਰ ਤੇ ਬੀਤੀਆਂ ਸਦੀਆਂ ਵਿੱਚ ਪਾਏ ਗਏ ਸ਼ਾਨਦਾਰ ਯੋਗਦਾਨ ਦੀ ਮੂੰਹ ਬੋਲਦੀ ਤਸਵੀਰ ਹੋ ਸਕਦੇ ਹਨ। ਇਸ ਪੁਨਰ ਸੁਰਜੀਤੀ ਦੌਰਾਨ ਇਹਨਾਂ ਡੇਰਿਆਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਪੁਰਾਤਨ ਸਰੂਪਾਂ ਦੇ ਪ੍ਰਕਾਸ਼ ਵੱਲ ਤੀਬਰ ਧਿਆਨ ਦੇਣਾ ਚਾਹੀਦਾ ਹੈ। ਮੈਂ ਆਪਣੇ ਆਪ ਨੂੰ ਬੜਾ ਖੁਸ਼ ਕਿਸਮਤ ਸਮਝਦਾ ਹਾਂ ਜੋ ਇਹਨਾਂ ਥਾਵਾਂ ਦੇ ਦਰਸ਼ਨ ਕਰ ਸਕਿਆ ਜਿਹਨਾਂ ਨੇ ਮੈਨੂੰ ਸਿੱਖੀ ਦੀ ਵਿਸ਼ਾਲਤਾ ਦੇ ਭਾਵ ਦਾ ਅਹਿਸਾਸ ਕਰਾਇਆ। ਬਹੁਤ ਸਾਰੀਆਂ ਏਜੰਸੀਆਂ ਇਤਿਹਾਸ ਦੇ ਇਹਨਾਂ ਮਹਾਨ ਤੱਥਾਂ ਦਾ ਕਚਰਾ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ ਪਰ ਇਹ ਇਤਿਹਾਸ ਕੋਈ ਕਾਲਪਨਿਕ ਕਹਾਣੀ ਨਹੀਂ ਹੈ। ਇਹ ਯਥਾਰਥ ਦੇ ਤਰਕਸ਼ੀਲ ਵਿਸ਼ਲੇਸ਼ਣ 'ਤੇ ਅਧਾਰਤ ਹੈ। ਇਤਿਹਾਸ ਦਾ ਇਹ ਉਦਾਸ ਮਿਹਣਾ ਹੈ ਕਿ ਜਿਹਨਾਂ ਲੋਕਾਂ ਸਿਰ ਇਹਨਾਂ ਡੇਰਿਆਂ ਦੀ ਸੰਭਾਲ ਦਾ ਜਿੰਮਾ ਸੀ ਉਹੀ ਇਹਨਾਂ ਨੂੰ ਉਜਾੜਨ ਵਾਲੇ ਬਣ ਗਏ। ਵਾੜ ਹੀ ਖੇਤ ਨੂੰ ਖਾਣ ਲੱਗ ਪਈ ਵਾਲੀ ਗੱਲ ਇਥੇ ਪੂਰੀ ਢੁੱਕਦੀ ਹੈ।

**ਏਨਾ ਪਾੜਾ ਕਿਵੇਂ ਪੂਰੀਏ:**

ਸਮੇਂ ਦੇ ਬੀਤਣ ਨਾਲ ਵੱਡਾ ਪਾੜਾ ਪੈ ਚੁੱਕਾ ਹੈ। ਇਸ ਪਾੜੇ ਨੂੰ ਪੂਰਨਾ ਮੁਸ਼ਕਲ ਤਾਂ

ਬਹੁਤ ਹੈ ਪਰ ਅਸੰਭਵ ਨਹੀਂ। ਸਭ ਤੋਂ ਪਹਿਲਾਂ ਸਾਨੂੰ ਪੁਰਾਣੇ ਮੱਤਭੇਦ ਭੁਲਾ ਕੇ ਸਵਾਰਥ ਰਹਿਤ ਭਾਵ ਨਾਲ ਨੇੜੇ ਆਉਣਾ ਚਾਹੀਦਾ ਹੈ। ਸਾਡੇ ਸਾਂਝੇ ਤੱਤ ਅਤੇ ਵਿਸ਼ੇਸ਼ਤਾਵਾਂ ਇਸ ਏਕਤਾ ਦੇ ਮੁੱਖ ਥੰਮ੍ਹ ਹੋਣੇ ਚਾਹੀਦੇ ਹਨ। ਜੇ ਅਸੀਂ ਮੁੱਖ ਧਾਰਾ ਤੋਂ ਦੂਰ ਹੋ ਚੁੱਕਿਆਂ ਦੇ ਪਹਿਲਾਂ ਵਾਂਗ 'ਵੱਡੇ ਭਰਾ' ਹੋਣ ਦਾ ਦਾਅਵਾ ਕਰਨਾ ਚਾਹੁੰਦੇ ਹਾਂ ਤਾਂ ਇਸ ਵਾਸਤੇ ਸਾਨੂੰ ਲਗਾਤਾਰ ਯਤਨ ਕਰਨੇ ਚਾਹੀਦੇ ਹਨ। ਇਸ ਕੰਮ ਵਿੱਚ ਸਾਲਾਂ ਤੋਂ ਪੀੜ੍ਹੀਆਂ ਦਾ ਸਮਾਂ ਲੱਗ ਸਕਦਾ ਹੈ ਪਰ ਇਹ ਪ੍ਰਕਿਰਿਆ ਬੇਰੋਕ ਚਲਣੀ ਚਾਹੀਦੀ ਹੈ।

ਸਾਡੀਆਂ ਧਾਰਨਾਵਾਂ ਹਮੇਸ਼ਾ ਸਹੀ ਨਹੀਂ ਹੁੰਦੀਆਂ। ਸਾਨੂੰ ਗਲਤ ਧਾਰਨਾਵਾਂ ਦੇ ਸ਼ਿਕਾਰ ਹੋ ਕੇ ਦੂਰ-ਦੂਰ ਨਹੀਂ ਹੋਣਾ ਚਾਹੀਦਾ। ਸਾਡੇ ਵਿੱਚ ਕਈ ਉਜੱਡ ਕਿਸਮ ਦੇ ਬੰਦਿਆਂ ਦੇ ਵੀ ਧੜੇ ਹਨ ਜਿਹੜੇ ਦਿਨ ਰਾਤ ਇਕ-ਦੂਜੇ ਨੂੰ ਫਿੱਕਾ ਬੋਲਦੇ ਹਨ। ਜੇ ਅਸੀਂ ਇਸ ਮੋਰਚੇ ‘ਤੇ ਕੰਮ ਕਰਨਾ ਹੈ ਤਾਂ ਸਾਨੂੰ ਬਿਲਕੁਲ ਵੱਖਰੇ ਤਰੀਕੇ ਨਾਲ ਚੱਲਣਾ ਪਵੇਗਾ। ਕਈ ਸਦੀਆਂ ਸਾਡੇ ਮਹਾਨ ਗੁਰੂਆਂ ਦੇ ਫ਼ਲਸਫ਼ੇ ਨੇ ਨਾਨਕ ਪੰਥੀ ਸਮਾਜ ਨੂੰ ਪ੍ਰੇਰਿਆ। ਪ੍ਰਚਾਰਕਾਂ ਅਤੇ ਮਹੰਤਾਂ ਦਾ ਨਿੱਘ ਅਤੇ ਸਤਿਕਾਰ ਨਾਲ ਸਵਾਗਤ ਕੀਤਾ ਗਿਆ। ਇਹ ਮਹੰਤ ਸਿੱਖੀ ਪ੍ਰਚਾਰ ਦੀ ਸੇਵਾ ਲਈ ਨਿਯੁਕਤ ਹੋ ਕੇ ਮਹੱਤਵਪੂਰਨ ਪੁੱਲ ਦਾ ਕੰਮ ਕਰਦੇ ਸਨ। ਸਥਾਨਕ ਲੋਕਾਂ ਨੂੰ ਉਨ੍ਹਾਂ ਦੀ ਨਾਨਕਸ਼ਾਹੀ ਵਿਰਾਸਤ ‘ਤੇ ਮਾਣ ਸੀ।

**ਸਾਰਅੰਸ਼:**

ਦੁਨੀਆਂ ਭਰ ਦੇ ਸਿੱਖਾਂ ਦੇ ਨਾਲ-ਨਾਲ ਸਾਡੀਆਂ ਸਰਬੋਤਮ ਸੰਸਥਾਵਾਂ ਨੂੰ ਲੋੜੀਂਦੀ ਗੰਭੀਰਤਾ ਨਾਲ ਇਸ ਮਾਮਲੇ 'ਤੇ ਵਿਚਾਰ ਕਰਨੀ ਚਾਹੀਦੀ ਹੈ। ਇਹ ਸਭ ਅਸਥਾਨ ਇਤਿਹਾਸਿਕ ਤੌਰ ਤੇ ਸਿੱਖਾਂ ਲਈ ਬਹੁਤ ਮਹੱਤਵਪੂਰਨ ਹਨ ਜਿਵੇਂ ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਸੱਚਖੰਡ ਸਾਹਿਬ, ਨੰਦੇੜ (ਮਹਾਰਾਸ਼ਟਰ) ਵਰਗੇ ਸਿੱਖ ਧਰਮ ਦੇ ਸ੍ਰੇਸ਼ਟ ਅਸਥਾਨ ਅਤੇ ਪੰਜ ਪਿਆਰਿਆਂ ਨਾਲ ਸਬੰਧਤ ਯਾਦਗਾਰੀ ਅਸਥਾਨ ਪੰਜਾਬ ਤੋਂ ਬਾਹਰ ਸਥਿਤ ਹਨ। ਇਹਨਾਂ ਨਾਲ ਸਬੰਧਤ ਤੱਥਾਂ ਦਾ ਪੁਰਾਣੀਆਂ ਇਤਿਹਾਸਕ ਖੋਜਾਂ ਵਿੱਚ ਜ਼ਿਕਰ ਹੈ ਪਰ ਇਨ੍ਹਾਂ ਵਿੱਚੋਂ ਜ਼ਿਆਦਾਤਰ ਥਾਵਾਂ ਅਣਦੇਖੀ ਦਾ ਸ਼ਿਕਾਰ ਹਨ। ਇਸ ਲਈ ਭਾਈਚਾਰੇ ਨੂੰ ਇਹਨਾਂ ਦੀ ਸਾਂਭ-ਸੰਭਾਲ ਅਤੇ ਪੁਨਰ ਸੁਰਜੀਤੀ ਵੱਲ ਧਿਆਨ ਦੇਣਾ ਚਾਹੀਦਾ ਹੈ। ਇਹਨਾਂ ਵਿੱਚੋਂ ਸਾਨੂੰ ਇਤਿਹਾਸ ਦੀ ਮਿਟਦੀ ਜਾਂਦੀ ਯਾਦ ਦੀ ਕਹਾਣੀ ਸੁਨਾਉਣ ਵਾਲੇ ਥੋੜ੍ਹੇ ਅਸਥਾਨ ਹੀ ਬਚੇ ਹਨ। ਸਾਨੂੰ ਇਹਨਾਂ ਦੇ ਬਚਦੇ ਭਾਗਾਂ ਨੂੰ ਡਿਗਣੋਂ ਬਚਾ ਕੇ ਇਹਨਾਂ ਨੂੰ ਸਿੱਖ ਵਿਰਾਸਤ ਦੀਆਂ ਯਾਦਗਾਰਾਂ ਵਾਂਗ ਸਾਂਭਣਾ ਚਾਹੀਦਾ ਹੈ।

ਇਹਨਾਂ ਦੇ ਬਚਾਅ ਅਤੇ ਬਹਾਲੀ ਦੇ ਪ੍ਰਚਾਰ ਲਈ ਵੱਧ ਤੋਂ ਵੱਧ ਲੋਕਾਂ ਨੂੰ ਆਪਣੇ ਨਾਲ ਜੋੜਨ ਦੀ ਜ਼ਰੂਰਤ ਹੈ। ਇਨ੍ਹਾਂ ਅਸਥਾਨਾਂ ਦੇ ਦਰਸ਼ਨਾਂ ਲਈ ਤੀਰਥ ਯਾਤਰਾ ਦੇ ਨਕਸ਼ੇ ਉਲੀਕੇ ਜਾਣੇ ਬਣਦੇ ਹਨ। ਇਹਨਾਂ ਦੇ ਬਾਹਰ ਬੋਰਡ ਲਗਾ ਕੇ ਇਹਨਾਂ ਦਾ ਸੰਖੇਪ ਇਤਿਹਾਸ ਲਿਖਿਆ ਜਾਣਾ ਚਾਹੀਦਾ ਹੈ। ਇਹਨਾਂ ਅਸਥਾਨਾਂ ਦੇ ਦਰਸ਼ਨਾਂ ਨੂੰ ਆਉਣ ਵਾਲੇ ਯਾਤਰੀਆਂ ਲਈ ਸਲਾਹ ਹੈ ਕਿ ਉਹ ਸਥਾਨਕ ਸਮਾਜ ਅਤੇ ਇਸ ਦੇ ਸੱਭਿਆਚਾਰ ਪ੍ਰਤੀ ਆਦਰ ਭਾਵ ਦਾ ਪ੍ਰਗਟਾਵਾ ਕਰਨ। ਇਸ ਨਾਲ ਸਾਨੂੰ ਯਕੀਨੀ ਤੌਰ ‘ਤੇ ਚਿਰਕਾਲੀ ਮਜ਼ਬੂਤੀ ਮਿਲੇਗੀ। ਹੋ ਸਕਦਾ ਹੈ ਇਹਨਾਂ ਵਿਚੋਂ ਬਹੁਤੀਆਂ ਥਾਵਾਂ ‘ਤੇ ਗੁਰੂ ਗ੍ਰੰਥ ਸਾਹਿਬ

ਦਾ ਪਾਠ ਹੋਣਾ ਬੰਦ ਹੋ ਗਿਆ ਹੋਵੇ ਪਰ ਉਸ ਵਾਤਾਵਰਣ ਨਾਲ ਜੁੜੀਆਂ ਦਿਲ ਟੁੰਬਵੀਆਂ ਕਥਾ ਕਹਾਣੀਆਂ ਹਮੇਸ਼ਾ ਮਾਣੀਆਂ ਜਾਂਦੀਆਂ ਰਹਿਣਗੀਆਂ। ਵਿਭਿੰਨਤਾ ਹੌਲੀ-ਹੌਲੀ ਇੱਕਜੁੱਟਤਾ ਵਿੱਚ ਵਟ ਜਾਵੇਗੀ ਅਤੇ ਗੁਰੂ ਨਾਨਕ ਦੇਵ ਜੀ, ਦੂਸਰੇ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਦੂਸਰੇ ਬਾਣੀਕਾਰਾਂ ਦੇ ਮਹਾਨ ਸੰਦੇਸ਼ ਅਤੇ ਉਪਦੇਸ਼ ਨੂੰ ਮੰਨਿਆਂ ਅਤੇ ਅਪਣਾਇਆ ਜਾਵੇਗਾ। ਡੂੰਘੀ ਸਮੂਹਿਕ ਯਾਦ ਵਿੱਚ ਪਈਆਂ ਕਥਾਵਾਂ ਦੇ ਪ੍ਰਗਟਾਵੇ ਨਾਲ ਹੋਰ ਬਹੁਤ ਸਾਰੀ ਖੋਜ ਪੜਤਾਲ ਸਾਹਮਣੇ ਆ ਸਕਦੀ ਹੈ।

ਸਭਿਆਚਾਰਕ ਭਿੰਨਤਾ ਦਾ ਆਦਰ ਕਰਦੇ ਹੋਏ ਅਤੇ ਵਿਭਿੰਨਤਾ ਨੂੰ ਕਬੂਲਦੇ ਹੋਏ ਅਸੀਂ ਇੱਕ-ਦੂਜੇ ਬਾਰੇ ਵਧੇਰੇ ਅਤੇ ਚੰਗੀ ਤਰ੍ਹਾਂ ਜਾਣ ਸਕਦੇ ਹਾਂ। ਸਭਿਆਚਾਰ ਸਾਡੀ ਜ਼ਿੰਦਗੀ ਦਾ ਸੰਤੁਲਿਤ ਤਾਲਮੇਲ ਬਿਠਾਉਂਦਾ, ਵਿਸ਼ਵ ਭਾਵਨਾ ਦਾ ਬੋਧ ਹਾਸਲ ਕਰਨ ਦਾ ਸਾਧਨ ਬਣਦਾ ਹੈ ਅਤੇ ਸਾਡੇ ਸੁਭਾਅ ਨੂੰ ਸਥਿਰਤਾ ਦਿੰਦਾ ਹੈ। ਸਾਰੇ ਸਭਿਆਚਾਰ ਖਾਸ ਸਮੇਂ, ਸਥਾਨ ਅਤੇ ਹਾਲਤਾਂ ਦੀ ਉਪਜ ਹਨ ਅਤੇ ਸਭਿਆਚਾਰਕ ਇਕਸਾਰਤਾ ਅਤੇ ਵਿਭਿੰਨਤਾ ਦੇ ਦੋ ਕਿਨਾਰਿਆਂ ਅੰਦਰ ਵਗਦਾ ਹੈ। ਇਹ ਸਾਡੇ ਦਿਮਾਗ ਅੰਦਰ ਜਮ੍ਹਾਂ ਹੋਏ ਖ਼ਜ਼ਾਨੇ ਦੀ ਖੋਜ ਵਰਗਾ ਹੈ। ਇਹ ਸੰਭਾਵਨਾ ਹੈ ਕਿ ਸਾਡੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਵਿਚ ਫੈਲੇ ਇੱਕ ਸੰਕਲਪੀ ਸਭਿਆਚਾਰ ਦੇ ਰੂਪ ਵਿਚ ਬਹੁਤ ਸਾਰੇ ਖਜ਼ਾਨੇ ਇਹਨਾਂ ਥਾਵਾਂ ਤੋਂ ਲੱਭੇ ਜਾ ਸਕਦੇ ਹਨ।

ਇਹਨਾਂ ਸਾਰੇ ਅਸਥਾਨਾਂ ਦਾ ਚੱਕਰ ਲਾ ਕੇ ਮੈਂ ਇਸ ਨਤੀਜੇ 'ਤੇ ਪਹੁੰਚਿਆ ਹਾਂ ਕਿ ਇਹ ਸੁਪਨਾ ਲੈਣਾ ਬਣਦਾ ਹੈ। ਮੈਂ ਆਪ ਦੇਸ਼ ਦੇ ਪੂਰਬੀ ਭਾਗ ਵਿੱਚ ਰਹਿੰਦਾ ਹਾਂ ਜੋ ਸਿੱਖੀ ਦਾ ਉਸ ਸਮੇਂ ਮਹੱਤਵਪੂਰਨ ਖੇਤਰ ਰਿਹਾ ਹੈ, ਇਸ ਕਰਕੇ ਮੈਨੂੰ ਇਹ ਕਾਰਜ ਮਹੱਤਵਪੂਰਨ ਅਤੇ ਬਹੁਤ ਜ਼ਰੂਰੀ ਲਗਦਾ ਹੈ। ਜਿਹਨਾਂ ਨੂੰ ਪੁਰਾਣੇ ਜ਼ਮਾਨੇ ਦੀ ਸਿੱਖੀ ਦੀ ਖੋਜ ਵਿੱਚ ਦਿਲਚਸਪੀ ਹੋਵੇ ਉਹਨਾਂ ਲਈ ਇਹ ਯਾਤਰਾ ਬਹੁਤ ਉਤਸ਼ਾਹ ਅਤੇ ਉਤੇਜਨਾ ਭਰਪੂਰ ਹੋਵੇਗੀ ਜੋ ਉਹਨਾਂ ਨੂੰ ਵਿਰਾਸਤ ਦੀ ਖੋਜ ਲਈ ਅੱਗੇ ਤੋਂ ਅੱਗੇ ਖਿੱਚ ਪਾਏਗੀ। ਬਸਤੀਵਾਦੀ ਅੰਗਰੇਜ਼ ਸਰਕਾਰ ਵੇਲੇ ਵੀ ਸਿੱਖ ਧਰਮ ਦੀ ਪ੍ਰਫੁੱਲਤਾ ਅਤੇ ਨਾਨਕਸ਼ਾਹੀ ਪੰਥ ਦੇ ਸੰਚਾਲਕਾਂ ਦੀ ਦੇਣ ਦੇ ਮੱਧਕਾਲੀ ਇਤਿਹਾਸ ਨੂੰ ਮਿਟਾਉਣ ਦੀ ਮਿੱਥ ਕੇ ਕੋਸ਼ਿਸ਼ ਕੀਤੀ ਗਈ ਸੀ।

ਅਠਾਰ੍ਹਵੀ ਤੋਂ ਲੈ ਕੇ ਵੀਹਵੀਂ ਸਦੀ ਦੇ ਆਰੰਭ ਤੱਕ ਇਸ ਪ੍ਰੰਪਰਾ ਦੀ ਤਬਾਹੀ ਦਾ ਇਹ ਮੁੱਖ ਕਾਰਨ ਸੀ। ਇਸ ਖੇਤਰ ਦੇ ਇਤਿਹਾਸ ਦਾ ਇਹ ਪੰਨਾ ਧੁੰਦਲਾ ਕਿਉਂ ਹੈ ਅਤੇ ਇੱਥੇ ਸ਼ਕਤੀਸ਼ਾਲੀ ਸਿੱਖ ਦਰਸ਼ਨ ਦੇ ਪਤਨ ਪਿੱਛੇ ਸਚਾਈ ਕੀ ਹੈ, ਵਰਗੇ ਕਈ ਅਣ ਸੁਲਝੇ ਸਵਾਲ ਸਾਡੇ ਸਨਮੁੱਖ ਹਨ। ਸਾਨੂੰ ਇਹਨਾਂ ਦੇ ਜਵਾਬਾਂ ਦੀ ਬਹੁਤ ਗੰਭੀਰਤਾ ਨਾਲ ਪਹਿਲ ਦੇ ਆਧਾਰ ਤੇ ਤਲਾਸ਼ ਕਰਨੀ ਪਵੇਗੀ ਤਾਂ ਜੋ ਅਸੀਂ ਹੋਰ ਨੁਕਸਾਨ ਨੂੰ ਰੋਕ ਸਕੀਏ। ਹੌਲੀ-ਹੌਲੀ, ਨਿੱਕੇ-ਨਿੱਕੇ ਟੁਕੜੇ ਚੁਣ ਕੇ ਬਹੁਤ ਧੀਰਜ ਨਾਲ ਇਹ ਕਾਰਜ ਸ਼ੁਰੂ ਕਰਨ ਦੀ ਕੋਸ਼ਿਸ਼ ਕਰੀਏ। ਇਸ ਵਾਸਤੇ ਲੰਮਾ ਸਮਾਂ ਚੱਲਣ ਵਾਲੀ ਵਿਸਥਾਰਪੂਰਵਕ ਯੋਜਨਾ ਦੀ ਰੂਪ ਰੇਖਾ ਉਲੀਕਣੀ ਪਵੇਗੀ ਤਦ ਇਹਨਾਂ ਸਥਾਨਾਂ ਦੀ ਸੁੰਦਰਤਾ ਜੀਵੰਤ ਇਤਿਹਾਸ ਅਤੇ ਰੂਹਾਨੀ ਤਾਕਤ ਪ੍ਰਦਾਨ ਕਰਨ ਵਾਲੇ ਸੋਮਿਆਂ ਦੇ ਤੌਰ ਤੇ ਪ੍ਰਗਟ ਹੋਵੇਗੀ। ਬੀਤੇ ਯੁੱਗ ਦੇ ਜੀਵਨ ਅਤੇ ਸੋਹਜ ਦੀ ਗਹਿਰੀ ਅੰਤਰਝਾਤ ਸਿੱਖੀ ਦੀ ਪੁਨਰਖੋਜ ਅਤੇ

ਵਿਕਾਸ ਨੂੰ ਹੁਲਾਰਾ ਦੇਵੇਗੀ ਅਤੇ ਭਾਰਤ ਦੇ ਦੂਰ ਦੁਰਾਡੇ ਇਲਾਕਿਆਂ ਵਿੱਚ ਵਿਚਰਦੇ ਸਿੱਖ ਮਨਾਂ ਲਈ ਸਿਰਜਨਾਤਮਕ ਊਰਜਾ ਦਾ ਸਰੋਤ ਬਣੇਗੀ। ਇਨ੍ਹਾਂ ਰਵਾਇਤਾਂ ਨੂੰ ਪੁਨਰ ਸੁਰਜੀਤ ਕੀਤਾ ਜਾ ਸਕਦਾ ਹੈ ਅਤੇ ਸਾਨੂੰ ਕਰਨਾ ਚਾਹੀਦਾ ਹੈ। ਮੈਂ ਕੁਝ ਸਮਾਜਕ-ਸਭਿਆਚਾਰਕ ਮੁੱਦਿਆਂ ਨੂੰ ਉਠਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਹਨਾਂ ਦੇ ਨਿਕਟ ਅਧਿਅਨ ਅਤੇ ਉਚਿਤ ਕਾਰਵਾਈ ਲਈ ਇਹ ਭਾਈਚਾਰੇ 'ਤੇ ਛੱਡ ਦਿੱਤਾ ਹੈ। ਇੰਝ ਨਾ ਕੀਤਾ ਤਾਂ ਅਸੀਂ ਆਪਣੇ ਲੋਕਾਂ ਨੂੰ ਇਹ ਦੱਸਣ ਵਿੱਚ ਅਸਫਲ ਹੋਵਾਂਗੇ ਕਿ ਸਿੱਖ ਧਰਮ ਸਮੁੱਚੇ ਦੇਸ਼ ਦੀ ਲੰਬਾਈ ਚੌੜਾਈ ਵਿੱਚ ਕਿਵੇਂ ਫੈਲਿਆ। ਅਸੀਂ ਜਿਸ ਮਹਾਨ ਗੁਰੂ ਨਾਨਕ ਦਾ 550ਵਾਂ ਪ੍ਰਕਾਸ਼ ਪੂਰੇ ਵਿਸ਼ਵ ਅੰਦਰ ਵੱਡੇ ਪੱਧਰ 'ਤੇ ਮਨਾਇਆ ਹੈ, ਉਹਨਾਂ ਦੇ ਨਾਮਲੇਵਾ ਹੋਣ ਦੇ ਨਾਤੇ ਆਪਣੇ ਦੂਰ-ਦੁਰਾਡੇ ਵੱਸਦੇ ਸਾਡੇ ਨਾਲ ਰੂਹਾਨੀ ਸਾਂਝ ਵਾਲੇ ਪਰ ਖੇਤਰੀ ਅਤੇ ਨਸਲੀ ਭਿੰਨਤਾ ਰੱਖਦੇ ਭਾਈਚਾਰੇ ਨਾਲ ਆਪਣੇ ਆਪ ਨੂੰ ਮੁੜ ਜੋੜਨ ਦਾ ਇਹ ਅਹਿਦ ਕਰੀਏ।

**ਅੰਗਰੇਜ਼ੀ ਤੋਂ ਤਰਜਮਾ: ਇੰਜੀ: ਜਸਵੰਤ ਸਿੰਘ ਜ਼ਫਰ**



**ਕਲਕੱਤਾ ਨਿਵਾਸੀ ਵਪਾਰੀ ਤੇ ਖੋਜੀ ਜਗਮੋਹਨ ਸਿੰਘ ਗਿੱਲ ਇੱਕ ਸਿਰੜੀ ਤੇ ਜਾਗੀ ਹੋਈ ਰੂਹ ਹੈ, ਜਿਸਦੀ ਮਿਹਨਤ ਲਗਨ, ਸਿਰੜ ਤੇ ਸਮਰਪਣ ਮਾਨਣਾ ਬਣਦਾ ਹੈ। ਡਾ. ਸਰਬਜਿੰਦਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕਥਨ ਮੁਤਾਬਕ, "ਪਾਤਸ਼ਾਹ ਦੀਆਂ ਪੈੜਾਂ ਲੱਭਦਾ ਧੁਰ ਪੂਰਬ ਤੋਂ ਧੁਰ ਪੱਛਮ ਤੇ ਫਿਰ ਉਸੇ ਵੇਗ ਨਾਲ ਉਤਰ ਤੋਂ ਦੱਖਣ ਵੱਲ ਪਰਬਲ ਵੇਗ ਨਾਲ ਉਦਾਸੀ ਤੇ ਉਤਰ ਜਾਂਦਾ ਹੈ, ਨਵੀਂ ਜਾਣਕਾਰੀ, ਨਵਾਂ ਗਿਆਨ, ਸਾਡੇ ਵਰਗਿਆਂ ਦੀ ਥਾਲੀ ਵਿੱਚ ਪਰੋਸ ਦਿੰਦਾ ਹੈ ਜਗਮੋਹਨ ਸਿੰਘ ਗਿੱਲ।" ਸ਼੍ਰੋਮਣੀ ਕਮੇਟੀ ਦੇ ਕਲਕੱਤਾ ਵਿੱਚ ਮਿਸ਼ਮ ਦੇ ਉਹ ਆਗੂ ਹਨ ਤੇ ਉਨ੍ਹਾਂ ਨਾਲ ਈਮੇਲ** jagmohan_s_gill@yahoo.co.in **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਜਿਹਨਾਂ ਤੋਂ ਪੰਥ ਨੂੰ ਵਿਛੋੜਿਆ ਨਹੀਂ ਗਿਆ.........

**ਜਸਵੰਤ ਸਿੰਘ ਜ਼ਫ਼ਰ**

2017 ਦੀ ਜਨਵਰੀ ਦੇ ਪਹਿਲੇ ਹਫਤੇ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਉਤਸਵ ਸਮਾਗਮ 'ਚ ਸ਼ਾਮਲ ਹੋਣ ਲਈ ਪਟਨਾ ਸਾਹਿਬ ਜਾਣ ਦਾ ਮੌਕਾ ਮਿਲਿਆ। ਇਸ ਦੌਰਾਨ ਪਟਨਾ ਤੋਂ ਤਰਕੀਬਨ 100 ਕਿਲੋਮੀਟਰ ਦੂਰ ਗਯਾ ਜਾਣ ਨੂੰ ਜੀਅ ਕੀਤਾ, ਜਿਥੇ ਗੁਰੂ ਨਾਨਕ ਜੀ ਪਹਿਲੀ ਉਦਾਸੀ ਦੌਰਾਨ ਗਏ ਸਨ। ਗੁਰੂ ਜੀ ਕੁਰਕਸ਼ੇਤਰ, ਹਰਿਦੁਆਰ, ਮਥੁਰਾ, ਬ੍ਰਿੰਦਾਬਨ, ਅਯੁੱਧਿਆ, ਪਰਯਾਗ, ਬਨਾਰਸ ਆਦਿ ਤੀਰਥਾਂ ਤੋਂ ਹੁੰਦੇ ਹੋਏ ਇੱਥੇ ਆਏ ਸਨ। ਇੱਥੇ ਲੋਕ ਪੰਡਿਆਂ ਤੋਂ ਪਿੰਡ ਭਰਾਈ (ਪਿਤਰ ਪੂਜਾ) ਲਈ ਦੀਵੇ ਬਾਲ ਕੇ ਪੂਜਾ ਕਰਾਉਂਦੇ ਸਨ। ਇਸ ਪੂਜਾ ਬਦਲੇ ਕਿਰਤੀ ਲੋਕਾਂ ਤੋਂ ਮਾਇਆ ਬਟੋਰੀ ਜਾਂਦੀ ਸੀ। ਪੰਡਿਆਂ ਨੇ ਗੁਰੂ ਜੀ ਨੂੰ ਵੀ ਦੀਵੇ ਬਾਲ਼ ਕੇ ਪਿੰਡ ਭਰਾਉਣ ਲਈ ਪ੍ਰੇਰਿਆ। ਗੁਰੂ ਨਾਨਕ ਨੇ ਪੰਡਿਆਂ ਨਾਲ ਆਪਣੀ ਗਿਆਨ ਚਰਚਾ 'ਚ ਇਸ ਕਰਮਕਾਂਡ ਨੂੰ ਨਿਰਾਰਥਕ ਕਿਹਾ, ਭੋਲ਼ੀ ਲੋਕਾਈ ਦਾ ਸ਼ੋਸ਼ਣ ਦੱਸਿਆ। ਇਸ ਸਬੰਧੀ ਉਹਨਾਂ ਦਾ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ:ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥

**ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ॥੧॥**
**ਲੋਕਾ ਮਤ ਕੋ ਫਕੜਿ ਪਾਇ॥**
**ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥੧॥ਰਹਾਉ॥**
**ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ॥**
**ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ॥੨॥**
**ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ॥**
**ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ॥੩॥**
**ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ॥**
**ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ॥੪॥੨॥੩੨॥**

**-ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ** 358

ਅਸੀਂ ਪਟਨੇ ਤੋਂ ਸਵੇਰੇ ਟੈਕਸੀ ਵਿੱਚ ਸਵਾਰ ਹੋ ਕੇ ਡਰਾਈਵਰ ਨੂੰ ਕਿਹਾ ਕਿ ਉਹ ਸਾਨੂੰ ਗਯਾ ਦੇ ਓਸ ਗੁਰਦੁਆਰੇ ਲੈ ਜਾਵੇ ਜਿੱਥੇ ਕਦੀ ਗੁਰੂ ਨਾਨਕ ਦੇਵ ਜੀ ਆਏ ਸਨ। ਉਸ ਕਿਹਾ ਕਿ ਗਯਾ ਸ਼ਹਿਰ ਵਿੱਚ ਸਿਰਫ਼ ਇੱਕ ਹੀ ਗੁਰਦਵਾਰਾ ਹੈ ਜੋ ਉਹ ਜਾਣਦਾ ਹੈ। ਆਪਣੀ ਜਾਣਕਾਰੀ ਦੇ ਹਿਸਾਬ ਨਾਲ ਉਹ ਸਾਨੂੰ ਜਿਸ ਗੁਰਦਵਾਰੇ ਲੈ ਕੇ ਗਿਆ ਜੋ ਉਹ ਕੋਈ ਸਿੰਘ ਸਭਾ ਗੁਰਦਵਾਰਾ ਸੀ। ਚਾਰੇ ਪਾਸੇ ਘੇਰੇਦਾਰ ਕਮਰੇ ਅਤੇ ਇਹਨਾਂ ਅੱਗੇ ਵਰਾਂਡਾ ਸੀ, ਵਿਚਕਾਰ ਖਾਲੀ ਵਿਹੜਾ ਸੀ ਪਰ ਅੰਦਰ ਸੇਵਾਦਾਰ ਕੋਈ ਨਹੀਂ ਮਿਲਿਆ। ਦਰਬਾਰ ਸਾਹਿਬ ਵਾਲਾ ਕਮਰਾ ਖੁੱਲ੍ਹਾ ਸੀ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ ਪਰ ਅੰਦਰ ਕੋਈ ਮੌਜੂਦ ਨਹੀਂ ਸੀ। ਅਸੀਂ ਮੱਥਾ ਟੇਕ ਕੇ ਆਪ ਹੀ ਪ੍ਰਸ਼ਾਦ ਲੈ ਲਿਆ। ਥੋੜ੍ਹੀ

ਦੇਰ ਉਥੇ ਰੁਕੇ। ਗੁਰਦਵਾਰੇ ਦਾ ਇਤਿਹਾਸ ਦੱਸਣ ਵਾਲਾ ਕੋਈ ਸੱਜਣ ਨਹੀਂ ਮਿਲਿਆ। ਨਾ ਹੀ ਅਜਿਹੀ ਜਾਣਕਾਰੀ ਦੇਣ ਵਾਲਾ ਕੋਈ ਬੋਰਡ ਲੱਗਾ ਸੀ। ਯਕੀਨ ਹੋ ਗਿਆ ਕਿ ਇਹ ਉਹ ਇਤਿਹਾਸਕ ਅਸਥਾਨ ਤਾਂ ਨਹੀਂ ਹੋ ਸਕਦਾ ਜਿਸਦੇ ਦਰਸ਼ਨਾਂ ਦੀ ਜਗਿਆਸਾ ਨਾਲ ਅਸੀਂ ਆਏ ਸਾਂ।

ਬਾਹਰ ਨਿਕਲੇ ਤਾਂ ਇੱਕ ਦੁਕਾਨ ਦੇ ਸਾਹਮਣੇ ਇੱਕ ਬਜ਼ੁਰਗ ਸੱਜਣ ਬੈਂਚ 'ਤੇ ਬੈਠੇ ਸਨ। ਉਸਨੇ ਸਾਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਪੰਜਾਬੀ ਵਿੱਚ ਹਾਲ-ਚਾਲ ਪੁੱਛਿਆ। ਸਾਨੂੰ ਖੁਸ਼ੀ ਅਤੇ ਹੈਰਾਨੀ ਹੋਈ। ਅਸੀਂ ਉਹਨਾਂ ਨੂੰ ਆਪਣੀ ਯਾਤਰਾ ਦਾ ਮਨੋਰਥ ਦੱਸਿਆ। ਉਹਨਾਂ ਦੱਸਿਆ ਕਿ ਗੁਰੂ ਜੀ ਸ਼ਹਿਰ ਦੇ ਦੱਖਣ ਪੂਰਬੀ ਪਾਸੇ ਫਲਗੂ ਨਦੀ ਕੋਲ ਸਥਿਤ ਵਿਸ਼ਨੂੰਪਦ ਮੰਦਰ ਆਏ ਸਨ, ਉਥੇ ਹੀ ਉਹਨਾਂ ਦੀ ਪੰਡਿਆਂ ਨਾਲ ਵਾਰਤਾਲਾਪ ਹੋਈ ਸੀ। ਉਸ ਮੰਦਰ ਦੇ ਨੇੜੇ ਹੀ ਗੁਰੂ ਨਾਨਕ ਦਾ ਇਤਿਹਾਸਕ ਗੁਰਦੁਵਾਰਾ ਹੈ। ਉਹਨਾਂ ਸਾਡੇ ਡਰਾਈਵਰ ਨੂੰ ਮੰਦਰ ਦੇ ਰਸਤੇ ਪਾ ਦਿੱਤਾ ਜਿਸ ਦਾ ਉਹ ਪਹਿਲਾਂ ਹੀ ਜਾਣਕਾਰ ਸੀ।

ਮੰਦਰ ਸਾਹਮਣੇ ਖੁੱਲ੍ਹੀ ਥਾਂ ਜਾ ਕੇ ਸਾਡੀ ਟੈਕਸੀ ਰੁਕੀ ਤਾਂ ਇੱਕ ਪੰਡੇ ਨੇ ਸਾਡਾ ਬਹੁਤ ਨਿਮਰਤਾ ਨਾਲ ਸਵਾਗਤ ਕਰਦਿਆਂ "ਨਮਸਕਾਰ ਸਰਦਾਰ ਜੀ" ਕਿਹਾ। ਮੰਦਰ ਦੇ ਅੰਦਰ ਚੋਖੀ ਭੀੜ ਅਤੇ ਬਾਹਰ ਵੀ ਖ਼ੂਬ ਰੌਣਕ ਸੀ। ਗੂੜ੍ਹੇ ਭੂਸਲੇ ਰੰਗ ਦੇ ਪੱਥਰ ਨਾਲ ਬਣੇ ਮੰਦਰ ਦੀ ਵਿਸ਼ਾਲਤਾ, ਮਜ਼ਬੂਤੀ, ਭਵਨ ਕਲਾ ਅਤੇ ਬਾਹਰੀ ਖੁਬਸੂਰਤੀ ਦੇਖ ਕੇ ਭੁੱਖ ਲਹਿੰਦੀ ਸੀ। ਪੰਡਾ ਜੀ ਨੇ ਸਾਡੇ ਜੋੜੇ ਉਤਰਵਾ ਕੇ ਇੱਕ ਦੁਕਾਨ ਨੁਮਾ ਜੋੜਾਘਰ ਵਿੱਚ ਰਖਵਾ ਦਿੱਤੇ। ਥੋੜ੍ਹਾ ਰੁਕ ਕੇ ਸਾਨੂੰ ਮੁਖਾਤਿਬ ਹੋਏ, "ਸਰਦਾਰ ਜੀ, ਮੰਦਰ ਕੇ ਅੰਦਰ ਸੇ ਦਰਸ਼ਨ ਕਰੇਂਗੇ?"

ਅਸੀਂ ਕਿਹਾ, "ਹਾਂ ਜੀ, ਜ਼ਰੂਰ ਕਰਾਂਗੇ।"

"ਕੋਈ ਪਿੰਡ ਪੂਜਾ ਭੀ ਕਰਵਾਨੀ ਹੈ?"

ਉਸ ਦੀ ਗੱਲ ਦਾ ਜੁਆਬ ਦੇਣ ਦੀ ਬਜਾਏ ਮੈਂ ਪੁੱਛਿਆ, "ਯਹਾਂ ਗੁਰੂ ਨਾਨਕ ਦੇਵ ਜੀ ਆਏ ਥੇ?"

ਉਸ ਬੜੇ ਤਪਾਕ ਨਾਲ ਦੱਸਿਆ, "ਹਾਂ ਜੀ ਬਿਲਕੁਲ।"

ਮੈਂ ਮੁਸਕਰਾ ਕੇ ਕਿਹਾ, "ਫਿਰ ਆਪ ਯਹ ਵੀ ਜਾਨਤੇ ਹੋਂਗੇ ਕਿ ਵੋਹ ਪਿੰਡ ਪੂਜਾ ਕੋ ਨਹੀਂ ਮਾਨਤੇ ਥੇ।"

ਪੰਡਾ ਜੀ ਕੁਛ ਨਾ ਬੋਲੇ ਤਾਂ ਆਪਾਂ ਘਰੋੜ ਕੇ ਕਿਹਾ, "ਹਮ ਵੀ ਗੁਰੂ ਨਾਨਕ ਕੇ ਬੰਦੇ ਹੈਂ।"

ਏਨਾ ਕਹਿਣ ਦੀ ਦੇਰ ਸੀ ਕਿ ਪੰਡਾ ਜੀ ਪਲਾਂ ਛਿਣਾਂ ਵਿੱਚ ਹੀ ਗਾਇਬ ਹੋ ਗਏ। ਉਹਨਾਂ ਸਾਨੂੰ ਇਹ ਪੁੱਛਣ ਦਾ ਮੌਕਾ ਹੀ ਨਾ ਦਿੱਤਾ ਕਿ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਦਵਾਰਾ ਕਿੱਥੇ ਹੈ। ਇਸ ਬਾਰੇ ਆਸ-ਪਾਸ ਦੇ ਯਾਤਰੂਆਂ ਨੂੰ ਵੀ ਨਹੀਂ ਸੀ ਪਤਾ। ਚਾਰੇ ਪਾਸੇ ਕਿਧਰੇ ਕੋਈ ਨਿਸ਼ਾਨ ਸਾਹਿਬ ਵੀ ਦਿਖਾਈ ਨਹੀਂ ਸੀ ਦੇ ਰਿਹਾ ਜਿਸ ਤੋਂ ਕਿਸੇ ਗੁਰਦਵਾਰੇ ਦੀ ਹੋਂਦ ਦੀ ਖ਼ਬਰ ਮਿਲਦੀ। ਫਿਰ ਲਾਗਲੀ ਦੁਕਾਨ ਤੋਂ ਇਸ ਬਾਰੇ ਪੁੱਛਿਆ ਤਾਂ ਪਤਾ ਲੱਗਾ ਕਿ ਮੰਦਰ ਦੇ ਨਾਲੋਂ ਜਾਂਦੀ ਗਲੀ ਵਿੱਚ ਵੀਹ ਕੁ ਦੁਕਾਨਾਂ ਛੱਡ ਕੇ ਨਦੀ ਵੱਲ ਨੂੰ ਮੁੜ ਕੇ ਗੁਰੂ ਨਾਨਕ ਦਾ ਅਸਥਾਨ ਹੈ।

ਅਸੀਂ ਜਾ ਕੇ ਦੇਖਿਆ ਕਿ ਫਲਗੂ ਨਦੀ ਦੇ ਕਿਨਾਰੇ ਇਸ ਇਮਾਰਤ ਦੀ ਬਾਹਰਲੇ ਦਰਵਾਜ਼ੇ ਵਾਲੀ ਦੀਵਾਰ ਤਾਂ ਸਲਾਮਤ ਖੜ੍ਹੀ ਸੀ ਪਰ ਅੰਦਰ ਖੰਡਰਾਂ ਵਰਗੀ ਹਾਲਤ ਸੀ। ਕਾਫੀ ਹਿੱਸੇ ਦੀ ਛੱਤ ਡਿੱਗ ਚੁੱਕੀ ਸੀ। ਨਦੀ ਵੱਲ ਦੀ ਬਾਹੀ ਦੀ ਦੀਵਾਰ ਦਾ ਕਾਫੀ ਹਿੱਸਾ ਢਹਿ ਚੁੱਕਾ ਸੀ। ਅੰਦਰ ਥਾਂ-ਥਾਂ ਕੂੜੇ ਅਤੇ ਮਲਬੇ ਦੇ ਢੇਰ ਸਨ। ਵਿਚਕਾਰ ਇੱਕ ਟੁੱਟੇ ਭੱਜੇ ਗੰਦੇ ਜਿਹੇ ਮੇਜ਼ 'ਤੇ ਗੁਰੂ ਨਾਨਕ ਅਤੇ ਬਾਬਾ ਸ੍ਰੀਚੰਦ ਜੀ ਦੀਆਂ ਮੈਲੀਆਂ ਜਿਹੀਆਂ ਤਸਵੀਰਾਂ ਪਈਆਂ ਸਨ। ਇੱਕ ਨੁੱਕਰੇ ਇੱਕ ਜਟਾਧਾਰੀ ਉਦਾਸੀ ਸਾਧੂ ਮੈਲਾ-ਕੁਚੈਲਾ ਕੰਬਲ ਲਪੇਟੀ ਸੁੱਤਾ ਪਿਆ ਸੀ। ਪਰਵੇਸ਼ ਦੁਆਰ ਦੇ ਮੱਥੇ ਲਿਖੀ ਇਬਾਰਤ ਅਤੇ ਅੰਦਰਲੀ ਹਾਲਤ ਤੋਂ ਸਪੱਸ਼ਟ ਸੀ ਕਿ ਇਹ ਸਿੱਖੀ ਦੇ ਪ੍ਰਚਾਰ ਲਈ ਸਰਗਰਮ ਰਹੇ ਉਦਾਸੀ ਪ੍ਰਚਾਰਕਾਂ ਦਾ ਅਸਥਾਨ ਸੀ।

ਉਦਾਸੀ ਪ੍ਰਚਾਰਕਾਂ ਨੇ ਕਦੀ ਪੂਰੇ ਭਾਰਤ ਵਿੱਚ ਗੁਰਬਾਣੀ ਦਾ ਪ੍ਰਚਾਰ ਕੀਤਾ। ਉਹਨਾਂ ਦੀ ਪ੍ਰੇਰਨਾ ਨਾਲ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਨੂੰ ਮੰਨਣ ਵਾਲਿਆਂ ਨੂੰ ਨਾਨਕਪੰਥੀ ਕਿਹਾ ਜਾਣ ਲੱਗਾ। ਪੂਰਬੀ ਖੇਤਰ ਵਿੱਚ ਗੁਰੂ ਨਾਨਕ ਆਪਣੀ ਪਹਿਲੀ ਉਦਾਸੀ ਦੌਰਾਨ ਜਿਨ੍ਹਾਂ ਤੀਰਥ ਅਸਥਾਨਾਂ ਜਾਂ ਸ਼ਹਿਰਾਂ ਵਿੱਚ ਗਏ, ਉਦਾਸੀ ਸਾਧੂ ਬਾਬਾ ਅਲਮਸਤ ਨੇ ਉਥੇ ਗੁਰੂ -ਯਾਤਰਾ ਦੀ ਯਾਦ ਵਿੱਚ ਗੁਰੂ ਦੇ ਅਮੀਰ ਸ਼ਰਧਾਲੂਆਂ ਦੀ ਸਹਾਇਤਾ ਨਾਲ ਅਜਿਹੇ ਅਸਥਾਨਾਂ ਦੀ ਉਸਾਰੀ ਕਰਵਾਈ। ਉਹਨਾਂ ਤੋਂ ਮਗਰੋਂ ਗਯਾ ਦੇ ਇਲਾਕੇ ਦੇ ਹੀ ਜੰਮਪਲ ਭਗਤ ਭਗਵਾਨ ਨੇ ਇਸ ਕਾਰਜ ਨੂੰ ਜਾਰੀ ਰੱਖਿਆ।

ਉਹਨਾਂ ਛੋਟੀ ਉਮਰੇ ਸੰਨਿਆਸ ਧਾਰਨ ਕਰ ਲਿਆ ਸੀ ਅਤੇ ਗਿਆਨ ਦੀ ਪਿਆਸ ਅਤੇ ਮਾਨਸਕ ਟਿਕਾਅ ਦੀ ਇੱਛਾ ਤਹਿਤ ਆਪ ਕੀਰਤਪੁਰ ਵਿਖੇ ਸੱਤਵੇਂ ਗੁਰੂ ਹਰਿ ਰਾਇ ਸਾਹਿਬ ਦੀ ਸ਼ਰਨ ਗਏ। ਗੁਰੂ ਜੀ ਨੇ ਉਹਨਾਂ ਨੂੰ ਸਿੱਖੀ ਉਪਦੇਸ਼ ਬਖਸ਼ਿਸ਼ ਕੀਤਾ ਅਤੇ ਉਹਨਾਂ ਨੂੰ ਆਪਣੇ ਜੱਦੀ ਖੇਤਰ ਮਗਧ ਸਮੇਤ ਪੂਰਬੀ ਭਾਰਤ ਦਾ ਅਧਿਕਾਰਤ ਪ੍ਰਚਾਰਕ ਥਾਪਿਆ। ਇਹਨਾਂ ਉਦਾਸੀ ਮੁਖੀਆਂ ਦੁਆਰਾ ਸਥਾਪਤ ਕੀਤੇ ਇਹ ਇਤਿਹਾਸਕ ਅਸਥਾਨ ਸਥਾਨਕ ਨਾਨਕਪੰਥੀ ਸੰਗਤ ਦੇ ਜੁੜਨ ਲਈ ਧਰਮਸਾਲ ਹੋਣ ਦੇ ਨਾਲ ਨਾਲ ਦੂਰ-ਦੂਰ ਤੱਕ ਭਰਮਣ ਕਰਕੇ ਸਿੱਖੀ ਪ੍ਰਚਾਰ ਕਰਨ ਵਾਲੇ ਪ੍ਰਚਾਰਕਾਂ ਲਈ ਠਾਹਰਾਂ ਬਣੇ।

ਮੈਂ ਇਤਿਹਾਸਕ ਗੁਰਦੁਆਰਿਆਂ ਦੀਆਂ ਕਈ-ਕਈ ਮੰਜ਼ਿਲਾਂ ਵਾਲੀਆਂ ਉੱਚੀਆਂ ਇਮਾਰਤਾਂ ਅਤੇ ਇਹਨਾਂ ਦੇ ਗੁੰਬਦਾਂ 'ਤੇ ਸੋਨਾ ਲਗਾਉਣ ਦਾ ਕਾਇਲ ਨਹੀਂ। ਨਾ ਹੀ ਬਹੁਤੀ ਆਵਾਜਾਈ ਵਾਲੇ ਗੁਰਦੁਆਰਿਆਂ ਦੀਆਂ ਪਹਿਲਾਂ ਬਣੀਆਂ ਚੰਗੀਆਂ ਭਲੀਆਂ ਇਮਾਰਤਾਂ ਨੂੰ ਢਾਅ ਕੇ ਆਲੀਸ਼ਾਨ ਬਣਾਉਣ ਲਈ ਕਾਰਸੇਵਾ ਵਾਲੇ ਬਾਬਿਆਂ ਵੱਲੋਂ ਥਾਂ-ਥਾਂ ਟੋਕਰੇ ਰੱਖ ਕੇ ਮਾਇਆ ਇਕੱਠੀ ਕਰਨ ਦੇ ਹੱਕ ਵਿੱਚ ਹਾਂ ਪਰ ਗੁਰੂ ਬਾਬੇ ਦੀ ਆਮਦ ਦੀ ਯਾਦ ਵਿੱਚ ਉਸਾਰੇ ਇਸ ਇਤਿਹਾਸਕ ਅਸਥਾਨ ਦੀ ਏਨੀ ਦੁਰਦਸ਼ਾ ਦੇਖ ਕੇ ਬਹੁਤ ਨਿਰਾਸ਼ਾ ਹੋਈ। ਵਾਪਸ ਆਪਣੀ ਟੈਕਸੀ ਤੱਕ ਤੁਰੇ ਆਉਂਦੇ ਇਹ ਸੋਚ ਵਿਚਾਰ ਕਰਦੇ ਆਏ ਕਿ ਇਸ ਅਸਥਾਨ 'ਤੇ ਗੁਰੂ ਨਾਨਕ ਦੀ ਯਾਤਰਾ ਦੇ ਮਨੋਰਥ ਅਤੇ ਮਹੱਤਵ ਨੂੰ ਲਗਾਤਾਰ ਅਤੇ ਅਸਰਦਾਰ ਢੰਗ ਨਾਲ ਯਾਦ ਕਰਾਉਣ ਦੇ ਉਦੇਸ਼ ਨਾਲ ਇਸ ਅਸਥਾਨ ਨੂੰ ਕਿਵੇਂ ਸੰਭਾਲਿਆ ਅਤੇ ਸੰਚਾਲਤ ਕੀਤਾ ਜਾ ਸਕਦਾ ਹੈ।

ਕਾਫੀ ਆਵਾਜਾਈ ਵਾਲੇ ਵਪਾਰਕ ਇਲਾਕੇ ਵਿੱਚ ਸਥਿਤ ਇਸ ਤਿੰਨ ਕੁ ਸੌ ਵਰਗ ਗਜ਼ ਜਗ੍ਹਾ 'ਤੇ ਗੁਰੂ ਨਾਨਕ ਦੇ ਸੰਦੇਸ਼ ਦਾ ਆਧੁਨਿਕ ਢੰਗ ਦਾ ਪ੍ਰਚਾਰ ਕੇਂਦਰ ਉਸਾਰਿਆ ਜਾ ਸਕਦਾ ਹੈ। ਜਿਸ ਵਿੱਚ ਗੁਰਬਾਣੀ, ਗੁਰੂ ਜੀਵਨ, ਇਥੋਂ ਦੇ ਪੁਰਾਣੇ ਨਾਨਕ ਪੰਥੀਆਂ ਦੇ ਇਤਿਹਾਸ, ਗੁਰੂ ਨਾਨਕ ਅਤੇ ਗੁਰੂ ਤੇਗ ਬਹਾਦਰ ਦੀਆਂ ਇਸ ਖੇਤਰ ਵਿੱਚ ਯਾਤਰਾਵਾਂ ਆਦਿ ਬਾਰੇ ਗੁਰਮੁਖੀ ਤੋਂ ਇਲਾਵਾ ਇਸ ਖੇਤਰ ਦੀਆਂ ਬੋਲੀਆਂ ਹਿੰਦੁਸਤਾਨੀ, ਬ੍ਰਜ, ਮੈਥਿਲੀ, ਅਵਧੀ, ਭੋਜਪੁਰੀ ਆਦਿ ਵਿੱਚ ਮੁਫਤ ਕਿਤਾਬਚੇ ਅਤੇ ਮੁੱਲ ਮਿਲਣ ਵਾਲੀਆਂ ਕਿਤਾਬਾਂ ਉਪਲਭਦ ਕਰਾਈਆਂ ਜਾ ਸਕਦੀਆਂ ਹਨ। ਗੁਰਬਾਣੀ ਦੇ ਜਿਹੜੇ ਸ਼ਬਦਾਂ ਵਿੱਚ ਇਹਨਾਂ ਬੋਲੀਆਂ ਦੀ ਸ਼ਬਦਾਵਲੀ ਵਰਤੀ ਗਈ ਹੈ, ਉਹਨਾਂ ਦੇ ਗਾਇਨ (ਰਿਕਾਰਡਡ) ਦਾ ਦਿਨ ਸਮੇਂ ਪ੍ਰਵਾਹ ਚਲਦਾ ਰਹੇ।

ਇਹਨਾਂ ਸ਼ਬਦਾਂ ਦੇ ਕੀਰਤਨ ਦੀਆਂ ਰਿਕਾਰਡਿੰਗਜ਼ ਮਿਲਦੀਆਂ ਹੋਣ। ਗੁਰੂ ਨਾਨਕ ਵੱਲੋਂ ਪਹਿਲੀ ਉਦਾਸੀ ਦੌਰਾਨ ਪ੍ਰਾਪਤ ਕੀਤੀ ਕਬੀਰ ਜੀ, ਰਵਿਦਾਸ ਜੀ, ਜੈਦੇਵ ਜੀ, ਬੇਣੀ ਜੀ ਆਦਿ ਦੀ ਬਾਣੀ ਨਾਲ ਸਬੰਧਤ ਸਮੱਗਰੀ ਵੀ ਮਿਲਦੀ ਹੋਵੇ। ਯਾਤਰੂਆਂ ਦੇ ਆਕਰਸ਼ਨ ਲਈ ਢੁਕਵੇਂ ਆਡੀਓ-ਵੀਡੀਓ ਸ਼ੋਅ ਅਤੇ ਲਾਈਟ ਐਂਡ ਸਾਉਂਡ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਇਸ ਅਸਥਾਨ ਦੇ ਇਤਿਹਾਸਕ ਮਹੱਤਵ ਦੀ ਸਥਾਨਕ, ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਲਿਖੀ ਇਬਾਰਤ ਵਾਲਾ ਸੋਹਣਾ ਬੋਰਡ ਲੱਗਾ ਹੋਵੇ। ਇਸ ਦਾ ਸੰਚਾਲਨ ਕਰਨ ਵਾਲੇ ਵਲੰਟੀਅਰਜ਼ ਲਈ ਰਹਾਇਸ਼ ਦਾ ਪ੍ਰਬੰਧ ਇਸ ਦੇ ਉਪਰ ਪਹਿਲੀ ਮੰਜ਼ਿਲ 'ਤੇ ਹੋ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੂੰ ਪਿਆਰ ਕਰਨ ਵਾਲੇ ਸਵੈ-ਇੱਛਕ ਨੌਜਵਾਨ ਖੋਜਾਰਥੀਆਂ, ਸਰਗਰਮ ਰਿਟਾਇਰਡ ਅਧਿਆਪਕਾਂ / ਅਫਸਰਾਂ, ਵਿਦੇਸ਼ੀਂ ਵੱਸਦੇ ਸਿੱਖਾਂ ਆਦਿ ਨੂੰ ਰੋਸਟਰ ਬਣਾ ਕੇ 1-2 ਦਿਨਾਂ ਦੀ ਸੰਖੇਪ ਟ੍ਰੇਨਿੰਗ ਤੋਂ ਬਾਅਦ ਇੱਕ ਇੱਕ ਮਹੀਨੇ ਲਈ ਬਤੌਰ ਵਲੰਟੀਅਰ ਇਸ ਦੀ ਸੰਭਾਲ ਅਤੇ ਸੰਚਾਲਨ ਦਾ ਜ਼ਿੰਮਾ ਸੌਂਪਿਆ ਜਾ ਸਕਦਾ ਹੈ।

ਇਹ ਵਲੰਟੀਅਰ ਆਏ ਯਾਤਰੂਆਂ ਨੂੰ ਇਸ ਅਸਥਾਨ ਦੇ ਪ੍ਰਮਾਣਕ ਇਤਿਹਾਸ ਬਾਰੇ, ਗੁਰੂ ਨਾਨਕ ਅਤੇ ਉਹਨਾਂ ਦੀਆਂ ਸਿੱਖਿਆਵਾਂ ਬਾਰੇ ਜਾਣਕਾਰੀ ਦੇਣ ਵਾਲੇ, ਸਥਾਨਕ ਬੋਲੀ ਅਤੇ ਸੱਭਿਆਚਾਰ ਪ੍ਰਤੀ ਸੰਵਾਦੀ ਰਵੱਈਆ ਰੱਖਣ ਵਾਲੇ ਅਤੇ ਸਥਾਨਕ ਲੋਕਾਂ ਲਈ ਗੁਰੂ ਉਪਦੇਸ਼ ਅਨੁਸਾਰ ਪਰਉਪਕਾਰੀ ਜੀਵਨ ਜਾਚ ਦੀ ਜਿਉਂਦੀ ਮਿਸਾਲ ਪੇਸ਼ ਕਰਨ ਵਾਲੇ ਹੋਣ। ਆਪਣੀ ਕਮਾਈ ਨਾਲ ਖੁਸ਼ਹਾਲ ਜੀਵਨ ਨਿਰਬਾਹ ਕਰਨ ਵਾਲੇ ਅਤੇ ਰੱਜੀ ਨੀਅਤ ਵਾਲੇ ਸਮਾਂ-ਦਾਨੀਆਂ ਨੂੰ ਹੀ ਇਹ ਸੇਵਾ ਵਾਰੀ ਸਿਰ ਦਿੱਤੀ ਜਾਵੇ। ਅਜਿਹੇ ਹਜ਼ਾਰਾਂ ਵਲੰਟੀਅਰ ਮਿਲ ਜਾਣਗੇ। ਕਿਸੇ ਵੀ ਪ੍ਰਕਾਰ ਦੀ ਮੁੱਲ ਦੀ ਸੇਵਾ (ਤਨਖਾਹਦਾਰ ਮੁਲਾਜ਼ਮ) ਵਾਲਾ ਪ੍ਰਬੰਧ ਤਾਂ ਸਿੱਖ ਸੰਸਥਾਵਾਂ 'ਚੋਂ ਹਰ ਪੱਧਰ 'ਤੇ ਬੰਦ ਹੋਣਾ ਚਾਹੀਦਾ ਹੈ।

ਮਨ ਵਿੱਚ ਇਸ ਤਰ੍ਹਾਂ ਦੀ ਉਧੇੜ ਬੁਣ ਕਰਦੇ ਅਸੀਂ ਵਾਪਸ ਆਪਣੀ ਟੈਕਸੀ ਕੋਲ ਪਰਤੇ ਤਾਂ ਸਾਡਾ ਡਰਾਈਵਰ ਸਾਡੀ ਉਦਾਸੀ ਅਤੇ ਪਰੇਸ਼ਾਨੀ ਨੂੰ ਤਾੜ ਗਿਆ। ਉਸ ਨੇ ਸਾਡਾ ਜੀਅ ਰਾਜੀ ਕਰਨ ਲਈ ਸਾਨੂੰ ਬੋਧ ਗਯਾ ਲਿਜਾਣ ਦੀ ਤਜਵੀਜ਼ ਪੇਸ਼ ਕੀਤੀ। ਬੋਧ ਗਯਾ ਇੱਥੋਂ ਦਸ-ਬਾਰਾਂ ਕਿਲੋਮੀਟਰ ਦੀ ਦੂਰੀ 'ਤੇ ਹੈ। ਜਿਥੇ ਗਯਾ ਗੁਰੂ ਨਾਨਕ ਵੱਲੋਂ

ਗਿਆਨ ਸਾਂਝਾ ਕੀਤੇ ਜਾਣ ਦਾ ਸਥਾਨ ਹੈ ਉਥੇ ਬੋਧ ਗਯਾ ਮਹਾਤਮਾ ਬੁੱਧ ਨੂੰ ਗਿਆਨ ਪ੍ਰਾਪਤੀ ਦਾ ਸਥਾਨ ਹੈ। ਸਾਡੇ ਜਾਣ ਸਮੇਂ ਬੋਧ ਗਯਾ ਵਿਖੇ ਮਹਾਤਮਾ ਬੁੱਧ ਨਾਲ ਸਬੰਧਤ ਸਲਾਨਾ ਉਤਸਵ ਚਲ ਰਿਹਾ ਸੀ। ਦਸ ਕੁ ਕਿਲੋਮੀਟਰ ਦੇ ਘੇਰੇ ਵਿੱਚ ਦੇਸ ਵਿਦੇਸ਼ ਤੋਂ ਲੱਖਾਂ ਬੋਧੀ ਅਤੇ ਦੂਸਰੇ ਲੋਕ ਆਏ ਹੋਏ ਸਨ। ਏਨੀ ਭੀੜ ਕਰਕੇ ਸਾਨੂੰ ਆਪਣੀ ਟੈਕਸੀ ਮੁੱਖ ਮੰਦਰ ਤੋਂ ਤਕਰੀਬਨ ਚਾਰ ਕਿਲੋਮੀਟਰ ਪਹਿਲਾਂ ਛੱਡਣੀ ਪਈ। ਮੁੱਖ ਮੰਦਰ ਦੇ ਚਾਰੇ ਪਾਸੇ ਹਜ਼ਾਰਾਂ ਬੋਧੀ ਧਿਆਨ ਵਿੱਚ ਬੈਠੇ ਸਨ। ਕਮਾਲ ਦਾ ਸ਼ਾਂਤ ਵਾਤਾਵਰਣ ਸੀ।

ਆਸ ਪਾਸ ਤਿੱਬਤ, ਭੂਟਾਨ, ਜਪਾਨ, ਚੀਨ, ਬਰਮਾ, ਥਾਈਲੈਂਡ ਆਦਿ ਦੇਸ਼ਾਂ ਦੀਆਂ ਬੋਧੀ ਸੰਗਤਾਂ ਵੱਲੋਂ ਉਸਾਰੇ ਵੱਖ-ਵੱਖ ਬੋਧੀ ਮੰਦਰ, ਮੱਠ, ਹਾਲ, ਅਜਾਇਬ ਘਰ ਆਦਿ ਸਨ। ਕਮਲ ਤਲਾਅ, 80 ਫੁੱਟ ਉਚੀ ਬੁੱਧ ਮੂਰਤੀ ਅਤੇ ਬੁੱਧ ਕੁੰਡ ਇੱਥੋਂ ਦੇ ਵਿਸ਼ੇਸ਼ ਆਕਰਸ਼ਨ ਹਨ। ਬਾਹਰਲੇ ਦੇਸ਼ਾਂ ਤੋਂ ਬੁੱਧ ਪ੍ਰੇਮੀਆਂ ਦੀ ਆਵਾਜਾਈ ਕਰਕੇ ਇਥੇ ਅੰਤਰਰਾਸ਼ਟਰੀ ਹਵਾਈ ਅੱਡਾ ਹੈ।

ਗਯਾ ਵਿੱਚ ਆ ਕੇ ਆਪਣੇ ਆਪ ਨੂੰ ਗੁਰੂ ਨਾਨਕ ਦੇ ਬੰਦੇ ਦੱਸਣ ਵਾਲੇ ਜਦ ਗੁਰੂ ਨਾਨਕ ਦੇ ਯਾਦਗਾਰੀ ਅਸਥਾਨ ਦੀ ਦੁਰਦਸ਼ਾ ਦੇਖ ਕੇ ਬੋਧ ਗਯਾ ਦੀ ਇਸ ਖ਼ੂਬਸੂਰਤੀ, ਸਾਂਭ ਸੰਭਾਲ, ਵਿਸ਼ਾਲਤਾ ਅਤੇ ਰੌਣਕ ਨੂੰ ਨਿਹਾਰ ਕੇ ਮੁੜ ਰਹੇ ਸਾਂ ਤਾਂ ਸਾਡੇ ਮਨਾਂ ਵਿੱਚ ਕਿਹੜੀਆਂ ਚੜ੍ਹਦੀਆਂ ਉਤਰਦੀਆਂ ਹੋਣਗੇ ਪਾਠਕ ਉਸ ਦਾ ਸਹਿਜੇ ਹੀ ਅੰਦਾਜ਼ਾ ਲਗਾ ਸਕਦੇ ਹਨ। ਵਾਪਸ ਆ ਕੇ ਕੋਲਕੱਤਾ ਦੇ ਜੰਮ-ਪਲ ਆਪਣੇ ਦੋਸਤ ਸ. ਜਗਮੋਹਨ ਸਿੰਘ ਗਿੱਲ ਨਾਲ ਇਸ ਅਸਥਾਨ ਬਾਰੇ ਗੱਲ ਕੀਤੀ। ਉਹਨਾਂ ਦਾ ਪੂਰਬੀ ਭਾਰਤ ਦੇ ਸਿੱਖਾਂ ਅਤੇ ਸੰਸਥਾਵਾਂ ਨਾਲ ਚੰਗਾ ਮੇਲ ਮਿਲਾਪ ਹੈ।

ਉਹਨਾਂ ਦੱਸਿਆ ਕਿ 1666 ਈ. ਵਿੱਚ ਗੁਰੂ ਤੇਗ ਬਹਾਦਰ ਜੀ ਵੀ ਜਦ ਪਰਿਵਾਰ ਸਮੇਤ ਪੰਜਾਬ ਤੋਂ ਬਿਹਾਰ ਆਏ ਸਨ ਤਾਂ ਪਟਨਾ ਵਿਖੇ ਪਹੁੰਚ ਕੇ ਟਿਕਾਣਾ ਕਰਨ ਤੋਂ ਪਹਿਲਾਂ ਆਪ ਕੁਝ ਸਮਾਂ ਗਯਾ ਵਿਖੇ ਰਹੇ ਸਨ। ਇੱਥੋਂ ਦੀ ਨਾਨਕਪੰਥੀ ਸੰਗਤ ਵਿੱਚ ਵਿਚਰੇ ਸਨ। ਪਹਿਲੀ ਉਦਾਸੀ ਦੌਰਾਨ ਗੁਰੂ ਨਾਨਕ ਭਾਰਤ ਦੇ ਉਤਰੀ ਅਤੇ ਪੂਰਬੀ ਖੇਤਰ ਵਿੱਚ ਜਿੱਥੇ ਜਿੱਥੇ ਗਏ ਉਦਾਸੀ ਪ੍ਰਚਾਰਕਾਂ ਨੇ ਉੱਥੇ ਉੱਥੇ ਪਹੁੰਚ ਕੇ ਸਥਾਨਕ ਨਾਨਕਪੰਥੀ ਸੰਗਤਾਂ ਦੇ ਸਹਿਯੋਗ ਨਾਲ ਯਾਦਗਾਰੀ ਅਸਥਾਨਾਂ ਦੀ ਉਸਾਰੀ ਕਰਾਈ। ਇਹਨਾਂ ਤੋਂ ਇਲਾਵਾ ਵੱਖ-ਵੱਖ ਥਾਵਾਂ ‘ਤੇ ਸੰਗਤ ਦੇ ਜੁੜਨ ਲਈ ਅਤੇ ਉਦਾਸੀ ਪ੍ਰਚਾਰਕਾਂ ਦੇ ਟਿਕਾਣੇ ਲਈ ਸਿੱਖ ਕੇਂਦਰਾਂ ਦੀ ਉਸਾਰੀ ਕਰਾਈ। ਇਹਨਾਂ ਸਾਰਿਆਂ ਦੀ ਗਿਣਤੀ ਪੰਜ ਸੌ ਦੇ ਕਰੀਬ ਸੀ। ਇਹਨਾਂ ਅੰਦਰ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤ ਬੀੜਾਂ ਦਾ ਪ੍ਰਕਾਸ਼ ਹੁੰਦਾ ਸੀ।

ਇਹਨਾਂ ਵਿੱਚੋਂ ਬਹੁਤਿਆਂ ਦੀਆਂ ਇਮਾਰਤਾਂ ਸੇਵਾ ਸੰਭਾਲ ਖੁਣੋਂ ਪੂਰੀ ਤਰ੍ਹਾਂ ਢਹਿ ਗਈਆਂ ਹਨ, ਕੁਝ ਇਮਾਰਤਾਂ ਅੱਧ-ਪਚੱਧ ਖੜ੍ਹੀਆਂ ਹਨ, ਕਈਆਂ ਦੇ ਤਾਂ ਨਾਮੋ ਨਿਸ਼ਾਨ ਮਿਟ ਗਏ ਹਨ। ਕਈ ਅਸਥਾਨਾਂ ਦੇ ਨਾਮ ਗੁਰੂ ਨਾਨਕ ਅਤੇ ਗੁਰੂ ਗ੍ਰੰਥ ਸਾਹਿਬ ਪ੍ਰਤੀ ਆਸਥਾ ਰੱਖਣ ਵਾਲੇ ਅਮੀਰ ਸ਼ਰਧਾਲੂਆਂ ਨੇ ਚੋਖੀਆਂ ਜ਼ਮੀਨਾਂ ਵੀ ਲਗਵਾਈਆਂ ਹੋਈਆਂ ਸਨ ਜਿਹਨਾਂ ਦੀ ਆਮਦਨੀ ਨਾਲ ਇਹਨਾਂ ਅਸਥਾਨਾਂ ਦਾ ਸੰਚਾਲਨ ਹੁੰਦਾ ਸੀ। ਹੌਲੀ-ਹੌਲੀ ਇਹ ਲਾਵਾਰਸ ਜਾਇਦਾਦਾਂ ਭੂ-ਮਾਫੀਏ ਜਾਂ ਆਸ-ਪਾਸ ਦੇ ਲੋਕਾਂ ਨੇ ਦੱਬ

ਲਈਆਂ ਹਨ। ਗਯਾ ਸ਼ਹਿਰ ਬਾਰੇ ਇੰਟਰਨੈਟ ਖਾਸਕਰ ਵਿਕੀਪੀਡੀਆ ਤੋਂ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ ਤਾਂ ਗੁਰੂ ਨਾਨਕ ਦਾ ਕਿਧਰੇ ਜ਼ਿਕਰ ਨਹੀਂ ਮਿਲਿਆ। ਇਸ ਨੂੰ ਹਿੰਦੂ ਅਤੇ ਬੁੱਧ ਧਰਮ ਨਾਲ ਸਬੰਧਤ ਸ਼ਹਿਰ ਹੀ ਦੱਸਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਭਾਵੇਂ ਪਾਕਿਸਤਾਨ ਵਿਚਲੇ ਪੰਜਾਬ 'ਚ ਹੈ ਪਰ ਉਹਨਾਂ ਦੀ ਬਰਮਾ ਤੱਕ ਦੀ ਪਹਿਲੀ ਉਦਾਸੀ ਅਤੇ ਲੰਕਾ ਤੱਕ ਦੀ ਦੂਸਰੀ ਉਦਾਸੀ ਨਾਲ ਸਬੰਧਤ ਕਈ ਸੈਂਕੜੇ ਗੁਰਧਾਮ ਭਾਰਤ ਵਿੱਚ ਹਨ। ਇਹਨਾਂ ਤੋਂ ਪੰਥ ਨੂੰ ਵਿਛੋੜਿਆ ਨਹੀਂ ਗਿਆ ਸਗੋਂ ਪੰਥ ਇਹਨਾਂ ਤੋਂ ਵਿਛੜ ਗਿਆ ਹੈ। ਪੰਥ ਨੇ ਇਹਨਾਂ ਦੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਨੂੰ ਵਿਸਾਰ ਦਿੱਤਾ ਹੈ। ਨਤੀਜੇ ਵਜੋਂ ਇਹ ਸਾਰੇ ਸਿੱਖੀ ਦੇ ਮਹਾਨ ਆਸਥਾਨਾਂ ਦੇ ਨਕਸ਼ੇ ਤੋਂ ਮਿਟ ਗਏ ਹਨ। ਦੇਖਿਆ ਜਾਵੇ ਤਾਂ ਗੁਰੂ ਦੀ ਕੁਰਕਸ਼ੇਤਰ, ਹਰਿਦੁਆਰ, ਮਥੁਰਾ, ਬਨਾਰਸ, ਗਯਾ, ਪਰਯਾਗ ਅਤੇ ਪੁਰੀ ਆਦਿ ਆਸਥਾਨਾਂ 'ਤੇ ਆਮਦ ਦਾ ਇਤਿਹਾਸਕ ਮਹੱਤਵ ਪੰਜਾ ਸਾਹਿਬ, ਨਾਨਕਝੀਰਾ ਅਤੇ ਮਨੀਕਰਨ ਸਾਹਿਬ ਨਾਲੋਂ ਕਿਤੇ ਵਡੇਰਾ ਹੈ ਪਰ ਇਹਨਾਂ ਨਾਲ ਕਰਾਮਾਤਾਂ ਦੀਆਂ ਕਹਾਣੀਆਂ ਨਾ ਜੁੜੀਆਂ ਹੋਣ ਕਰਕੇ ਸਾਡੇ ਅੰਦਰ ਇਹਨਾਂ ਦੀ ਯਾਤਰਾ ਦੀ ਉਹ ਖਿੱਚ ਪੈਦਾ ਨਹੀਂ ਹੋਈ। ਗੁਰੂ ਜੀ ਨੇ ਸ਼ਬਦ ਨੂੰ ਕਰਾਮਾਤ ਮੰਨਿਆਂ ਹੈ ਅਤੇ ਇਹਨਾਂ ਅਸਥਾਨਾਂ 'ਤੇ ਜਾ ਕੇ ਉਹਨਾਂ ਸ਼ਬਦ ਦੀ ਕਰਾਮਾਤ ਵਰਤਾਈ ਪਰ ਕੁਝ ਸਾਲ ਪਹਿਲਾਂ ਸੁਣਿਆਂ ਸੀ ਕਿ ਗੁਰੂ ਨਾਨਕ ਦੇਵ ਜੀ ਦੀ ਹਰਿਦੁਆਰ ਫੇਰੀ ਨਾਲ ਸਬੰਧਤ ਉਥੇ ਵੀ ਬਾਜ਼ਾਰ ਵਿੱਚ ਜੋ ਇਤਿਹਾਸਕ ਗੁਰਦੁਆਰਾ ਹੁੰਦਾ ਸੀ ਹੁਣ ਅਲੋਪ ਹੋ ਚੁੱਕਾ ਹੈ।

ਦੂਸਰਾ ਅਤੇ ਵੱਡਾ ਕਾਰਨ ਇਹ ਹੈ ਕਿ ਪਿਛਲੇ ਕਾਫੀ ਸਮੇਂ ਤੋਂ ਪੰਥ ਦਾ ਗੱਡਾ ਹਿੱਕਣ ਵਾਲੇ ਸੱਜਣਾਂ ਦਾ ਧਿਆਨ ਪੰਜਾਬ, ਦਿੱਲੀ ਅਤੇ ਕੁਝ ਹੋਰ ਥਾਵਾਂ ਦੇ ਭਾਰੀ ਭਰਕਮ ਗੋਲਕਾਂ ਵਾਲੇ ਗੁਰਧਾਮਾਂ 'ਤੇ ਕਬਜ਼ੇ ਕਰਨ ਵੱਲ ਹੀ ਰਿਹਾ ਹੈ। ਇਹਨਾਂ ਦੇ ਵਸੀਲਿਆਂ ਨੂੰ ਮੁੱਖ ਤੌਰ 'ਤੇ ਚੌਧਰ ਪ੍ਰਾਪਤੀ ਦੀ ਭੁੱਖ ਪੂਰਤੀ ਲਈ ਵਰਤਿਆ ਜਾਣ ਲੱਗਾ। ਗੁਰੂ ਵੱਲੋਂ ਵਿਸ਼ਾਲ ਖੇਤਰ ਵਿੱਚ ਸਿੱਖੀ ਦੇ ਖਿਲਾਰੇ ਬੀਜਾਂ ਨਾਲ ਥਾਂ-ਥਾਂ ਉੱਗੀ ਫਸਲ ਵੱਲ ਧਿਆਨ ਨਹੀਂ ਦਿੱਤਾ ਗਿਆ। ਨਤੀਜੇ ਵਜੋਂ ਸੈਂਕੜੇ ਗੁਰਧਾਮਾਂ ਦੀ ਹੋਂਦ ਮਿਟਣ ਦੇ ਨਾਲ-ਨਾਲ ਕਰੋੜਾਂ ਨਾਨਕਪੰਥੀ ਲੋਕ ਪੰਥ ਦੀ ਬੁੱਕਲ ਵਿੱਚੋਂ ਕਿਰ ਗਏ। ਕੁਝ ਦਹਾਕਿਆਂ ਤੋਂ ਇਸ ਰਾਜਨੀਤੀ ਦਾ ਪੰਨਾ ਹੋਰ ਵੀ ਛੋਟਾ ਹੋ ਗਿਆ ਹੈ। ਇਹ ਰਾਜਨੀਤੀ ਮਾਇਆ ਹੂੰਝਣ ਲਈ ਚੌਧਰ ਅਤੇ ਚੌਧਰ ਹਥਿਆਉਣ ਲਈ ਮਾਇਆ ਦੀ ਘੁੰਮਣ ਘੇਰੀ ਵਿੱਚ ਫਸ ਗਈ ਹੈ। ਇਸ ਦੀ ਹਾਲਤ ਉਸ ਕੁੱਤੇ ਵਰਗੀ ਹੋ ਗਈ ਹੈ ਜੋ ਆਪਣੀ ਪੂਛ ਦੇ ਸਿਰੇ ਤੇ ਆਪਣੇ ਦੰਦਾਂ ਨਾਲ ਖਾਜ ਕਰਨ ਦੇ ਲਾਲਚ ਵਿੱਚ ਇੱਕੋ ਥਾਵੇਂ ਘੁੰਮੀਂ ਜਾਂਦਾ ਹੈ, ਘੁਮੇਰ ਖਾ ਕੇ ਡਿਗਦਾ ਹੈ, ਉੱਠ ਕੇ ਫਿਰ ਓਹੀ ਕੁਛ ਕਰਨ ਲੱਗਦਾ ਹੈ, ਆਸ ਪਾਸ ਦੀ ਸੁੱਧ-ਬੁੱਧ ਨਹੀਂ ਰਹਿੰਦੀ। ਅਜਿਹੀ ਸਥਿਤੀ ਨੂੰ ਪ੍ਰਾਪਤ ਚੌਧਰੀਆਂ ਬਾਰੇ ਤੀਜੇ ਪਾਤਸ਼ਾਹ ਦਾ ਕਥਨ ਹੈ:

**ਮਾਇਆਧਾਰੀ ਅਤਿ ਅੰਨਾ ਬੋਲਾ॥**
**ਸਬਦੁ ਨ ਸੁਣਈ ਬਹੁ ਰੋਲ ਘਚੋਲਾ॥**
**-ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 313**


ਇਸ ਰੌਲੇ ਘਚੋਲੇ ਦੇ ਆਲਮ ਵਿੱਚ ਗੁਰੂ ਨੂੰ ਨਿਸ਼ਕਾਮ ਭਾਵ ਨਾਲ ਪਿਆਰ ਕਰਨ ਵਾਲੇ ਅਤੇ ਗੁਰੂ ਦੇ ਬਚਨਾਂ ਦਾ ਸਮਾਜਕ ਮਹੱਤਵ ਸਮਝਣ ਵਾਲਿਆਂ ਦੀ ਵੀ ਘਾਟ ਨਹੀਂ ਹੈ। ਜੋ ਲੋਕ ਮਹਿਸੂਸ ਕਰਦੇ ਹਨ ਕਿ ਮਾਨਵ ਕਲਿਆਣ ਲਈ ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼ ਨੂੰ ਪ੍ਰਚਾਰਿਆ ਪ੍ਰਸਾਰਿਆ ਜਾਣਾ ਚਾਹੀਦਾ ਹੈ ਉਹਨਾਂ ਨੂੰ ਇਹਨਾਂ ਅਸਥਾਨਾਂ ਦੀ ਪੁਨਰ ਸੁਰਜੀਤੀ ਕਰਕੇ ਇਹਨਾਂ ਨੂੰ ਉਸ ਵਿਚਾਰਧਾਰਾ ਦੇ ਅਧੁਨਿਕ ਪ੍ਰਚਾਰ ਕੇਂਦਰਾਂ ਵਜੋਂ ਸਥਾਪਤ ਕਰਨ ਲਈ ਸਿਰ ਜੋੜਨੇ ਚਾਹੀਦੇ ਹਨ ਜਿਸ ਵਿਚਾਰਧਾਰਾ ਦੇ ਪ੍ਰਚਾਰ ਲਈ ਗੁਰੂ ਸਾਹਿਬ ਇਹਨਾਂ ਥਾਵਾਂ 'ਤੇ ਪੈਦਲ ਲੰਮੀਆਂ ਵਾਟਾਂ ਮਾਰ ਕੇ ਪਹੁੰਚੇ। ਬਾਬੇ ਨੇ ਜਿੱਥੇ ਵੀ ਜਾ ਕੇ ਲੋਕ ਕਲਿਆਣ ਹਿੱਤ ਜੋ ਗੱਲਾਂ ਕੀਤੀਆਂ ਉਹ ਗੱਲਾਂ ਉਥੇ ਅਸਰਦਾਰ ਢੰਗ ਨਾਲ ਚਲਦੀਆਂ ਰਹਿਣੀਆਂ ਚਾਹੀਦੀਆਂ ਹਨ।



**ਇੰਜੀਨੀਅਰ ਜਸਵੰਤ ਸਿੰਘ ਜ਼ਫਰ ਦੀ ਜਨਮ ਭੂਮੀ ਮਹਿਸਮਪੁਰ ਨੇੜੇ ਫਿਲੌਰ ਹੈ। ਬਤੌਰ ਐਸ ਈ ਪਾਵਰ ਕਾਮ ਲੁਧਿਆਣਾ ਵਿੱਚ ਕਾਰਜਸ਼ੀਲ ਹਨ। ਉਹ ਸ਼ਾਇਰ ਹਨ, ਵਾਰਤਕ ਲਿਖਦੇ ਹਨ, ਕਾਰਟੂਨਿਸਟ ਹਨ, ਅਨੁਵਾਦਕ ਹਨ ਅਤੇ ਖੋਜੀ ਨਿਬੰਧਕਾਰ ਹਨ। ਉਨ੍ਹਾਂ ਦੀਆਂ ਲਿਖਤਾਂ ਅੰਗਰੇਜ਼ੀ ਅਤੇ ਵੱਖ-ਵੱਖ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਹੋਈਆਂ ਹਨ। ਅੱਜ ਕੱਲ ਉਹ ਸਮਾਜਸੇਵੀ ਦੇ ਤੌਰ 'ਤੇ ਉਭਰ ਰਹੇ ਹਨ ਅਤੇ ਲੁਧਿਆਣੇ ਦੇ ਬੁੱਢੇ ਦਰਿਆ ਦੀ ਸਫਾਈ ਦੀ ਮੁਹਿੰਮ ਵਿੱਢੀ ਹੋਈ ਹੈ। ਨਵੇਂ ਸਮਾਜ ਦੀ ਸਿਰਜਣਾ ਵਿੱਚ ਮਸ਼ਰੂਫ ਇਸ ਸ਼ਖਸ਼ੀਅਤ ਨਾਲ ਈਮੇਲ** jaszafar@yahoo.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਬੋਧ ਗਯਾ, ਬਿਹਾਰ, 'ਚ ਗੁਰੂ ਨਾਨਕ ਸਾਹਿਬ ਦੇ ਆਮਦ ਦੇ ਇਤਿਹਾਸਕ ਅਸਥਾਨ ਦੀ ਦੁਰਦਸ਼ਾ ਦੀ ਮੂੰਹ ਬੋਲਦੀ ਤਸਵੀਰ







ਬਿਹਾਰ ਵਿੱਚ ਸੈਂਕੜੇ ਗੁਰਧਾਮਾ ਦੀ ਹੋਂਦ ਮਿਟਣ ਨਾਲ ਨਾਲ ਕਰੋੜਾਂ ਨਾਨਕ ਪੰਥੀ ਵੀ ਪੰਥ ਦੀ ਬੁੱਕਲ ਵਿੱਚੋਂ ਕਿਰ ਗਏ ਹਨ।

# ਹਿੰਦੁਸਤਾਨ ਦੇ ਵੱਖ ਵੱਖ ਕੋਨਿਆਂ ਵਿੱਚ ਬਿਖਰੇ ਤੇ ਵਿਸਰੇ ਸਿੱਖ



ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਾਣੀ ਦੁਰਗਾਵਤੀ ਚੌਂਕ, ਪੰਚਸ਼ੀਲ, ਨਾਗਪੁਰ ਜਿਸ ਦੀ ਉਸਾਰੀ ਵਿੱਚ ਸਾਬਕਾ ਸ਼੍ਰੋਮਣੀ ਕਮੇਟੀ ਪ੍ਰਧਾਨ ਗੁਰਪੁਰਵਾਸੀ ਗੁਰਚਰਨ ਸਿੰਘ ਟੋਹੜਾ ਅਤੇ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ ਮਲਕੀਤ ਸਿੰਘ ਸੱਗੂ ਨੇ ਵੱਡਮੁੱਲਾ ਯੋਗਦਾਨ ਪਾਇਆ



ਜਲੰਧਰ ਦੇ ਸਿਕਲੀਗਰ ਵੀਰਾਂ ਦੀ ਕਿਸੇ ਨੇ ਸਾਰ ਨਾ ਲਈ ਉਹ ਭਾਈ ਬਾਲੇ ਵਾਲੀ ਪੁਰਾਤਨ ਜਨਮਸਾਖੀ ਦਾ ਹੀ ਸ਼ਰਧਾਵੱਸ ਪ੍ਰਕਾਸ਼ ਕਰਦੇ ਰਹੇ ਪ੍ਰੇਰਨਾ ਉਪਰੰਤ ਹੁਣ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ।



ਜਲੰਧਰ ਦੀ ਘੁੱਗਵੱਸਦੀ ਆਬਾਦੀ ਵਿੱਚ ਅੱਜ ਵੀ ਸਿਕਲੀਗਰਾਂ ਦੇ ਪਰਿਵਾਰ ਝੁੱਗੀ ਝੋਂਪੜੀਆਂ 'ਚ ਗੁਜ਼ਾਰਾ ਕਰ ਰਹੇ ਹਨ।



ਕੱਖਾਂ ਕਾਨਿਆਂ ਦੀ ਝੋਂਪੜੀਆਂ ਵਿੱਚ ਜੀਵਨ ਨਿਭਾ ਰਹੇ ਦੋ ਸਿਕਲੀਗਰ ਪਰਿਵਾਰ



ਤੇਰਾ ਦਰਦ ਨਾ ਜਾਣੇ ਕੋਇ ਦੇ ਲੇਖਕ ਸ੍ਰ. ਪ੍ਰੀਤਮ ਸਿੰਘ ਮਟਵਾਣੀ ਉਦੈਪੁਰ ਦੇ ਸਿਕਲੀਗਰ ਵੀਰਾਂ ਨਾਲ

# ਬਿੱਖਰੇ 'ਤੇ ਵਿਸਰੇ ਸਿੱਖ

## ਕ੍ਰਿਪਾਲ ਸਿੰਘ ਚੰਦਨ

ਗੁਰੂ ਨਾਨਕ ਦੇਵ ਜੀ ਨੇ ਦੇਸ਼ ਵਿਦੇਸ਼ ਵਿੱਚ ਪ੍ਰਚਾਰਕ ਯਾਤਰਾਵਾਂ (ਉਦਾਸੀਆਂ) ਕੀਤੀਆਂ। ਜੰਗਲੀ ਜਾਨਵਰਾਂ, ਲੁਟੇਰਿਆਂ, ਨਰ ਭੱਖਸ਼ਾਂ, ਸਰੀਰਕ ਕਸ਼ਟਾਂ, ਦੁੱਖ-ਭੁੱਖ ਨਾ ਸਿਞਦਿਆਂ ਹੋਇਆਂ ਹਜ਼ਾਰਾਂ ਮੀਲਾਂ ਦਾ ਪੈਦਲ ਸਫਰ ਕਰਕੇ ਭੁੱਲੇ ਭਟਕਿਆਂ ਨੂੰ ਪ੍ਰਭੂ ਮਾਰਗ ਤੇ ਤੋਰਿਆ। ਉਨ੍ਹਾਂ ਦੇ ਜੀਵਨ ਵਿੱਚ ਲੱਖਾਂ (ਇੱਕ ਅੰਦਾਜੇ ਅਨੁਸਾਰ 3 ਕਰੋੜ) ਮਨੁੱਖਾਂ-ਇਸਤਰੀਆਂ ਨੇ ਗੁਰੂ ਸਾਹਿਬ ਦੇ ਵਿਚਾਰਾਂ ਨੂੰ ਅਪਣਾਇਆ। ਸਮਾਂ ਪਾ ਕੇ ਕਈ ਲੋਕ ਦੂਜੇ ਧਰਮਾਂ ਨਾਲ ਰਲ-ਗਡ ਗਏ, ਪਰ ਵੱਖ-ਵੱਖ ਥਾਵਾਂ ਤੇ ਗੁਰੂ ਸਾਹਿਬ ਦੇ ਯਾਤਰਾ ਚਿੰਨ੍ਹ ਹੁਣ ਤੱਕ ਮੌਜੂਦ ਹਨ। ਪਿਛਲੇ ਸਮੇਂ ਵਿੱਚ ਕੁਝ ਥਾਵਾਂ ਤੇ ਗੁਰਦੁਆਰੇ ਵੀ ਉਸਾਰੇ ਗਏ।

ਸਿੱਖ ਪੰਥ ਦੀ ਅਣਗਹਿਲੀ ਕਾਰਨ ਕਰੋੜਾਂ ਸਿੱਖ ਸਿੱਖੀ ਤੋਂ ਦੂਰ ਚਲੇ ਗਏ ਹਨ, ਪਰ ਫਿਰ ਵੀ ਉਨ੍ਹਾਂ ਦੇ ਮਨ ਵਿੱਚ ਗੁਰੂ ਸਾਹਿਬਾਨ ਅਤੇ ਗੁਰਬਾਣੀ ਪ੍ਰਤੀ ਸ਼ਰਧਾ ਅਤੇ ਪ੍ਰੇਮ ਦੀ ਭਾਵਨਾ ਮੌਜੂਦ ਹੈ। ਇਹਨਾਂ ਸਤਰਾਂ ਦੇ ਲਿਖਾਰੀ ਨੇ ਕੋਈ 40 ਸਾਲ ਪਹਿਲਾਂ, ਦਿੱਲੀ-ਹਰਿਆਣਾ ਬਾਰਡਰ ਦੇ ਪਿੰਡ ਕੁੰਡਲੀ ਵਿਖੇ ਇੱਕ ਸਤਿਸੰਗ ਵਿੱਚ ਹਾਜਰੀ ਭਰੀ ਸੀ। ਇਹ ਸਤਿਸੰਗ ਦਲਿਤਾਂ ਵੱਲੋਂ ਕੀਤਾ ਗਿਆ ਸੀ ਤੇ ਭਾਗ ਲੈਣ ਵਾਲੇ ਸਥਾਨਕ ਲੋਕ ਸਾਰੇ ਹੀ ਕੇਸ-ਹੀਣ ਸਨ। ਹੈਰਾਨੀ ਇਸ ਗੱਲ ਦੀ ਹੋਈ ਕਿ ਜਿਹੜੇ 'ਸ਼ਬਦ' ਪੜ੍ਹੇ ਗਏ, ਉਹ ਗੁਰਬਾਣੀ ਦੇ ਸਨ, ਹਾਲਾਂਕਿ ਤੁਕਾਂ ਵਿੱਚ ਹਿੰਦੀ ਰਲੀ ਹੋਈ ਸੀ।

ਇਸੇ ਤਰ੍ਹਾਂ ਹੀ ਉਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਦੇ ਇੱਕ ਨੌਜਵਾਨ ਨਾਲ ਮੇਲ ਹੋਇਆ। ਉਹ ਫੋਨ ਤੇ ਆਪਣੇ ਘਰਦਿਆਂ ਦੇ ਨਾਲ ਹਿੰਦੀ ਵਿੱਚ ਗੱਲ ਕਰ ਰਿਹਾ ਸੀ। ਪੁੱਛਣ ਤੇ ਉਸਨੇ ਦੱਸਿਆ ਕਿ ਘਰ ਦੇ ਸਭ ਮੋਨੇ ਹਨ। ਸਭ ਹਿੰਦੀ ਬੋਲਦੇ ਹਨ, ਕੇਵਲ ਉਹ ਹੀ ਧਾਰਮਿਕ ਕਲਾਸ ਦੇ ਪ੍ਰਭਾਵ ਨਾਲ ਸਿੱਖ ਸਜਿਆ ਹੈ। ਉਸ ਨੇ ਹੋਰ ਦੱਸਿਆ ਕਿ ਇਲਾਕੇ ਦੇ ਅਨੇਕਾਂ ਵਸਨੀਕ ਕੇਸ ਰਹਿਤ ਹਨ। ਪਰ ਸਭ ਗੁਰਦੁਆਰੇ ਹਾਜਰੀ ਭਰਦੇ ਹਨ ਅਤੇ ਸਾਰੇ ਪਰਿਵਾਰਿਕ ਕਾਰਜ ਗੁਰਦੁਆਰੇ ਹੀ ਕਰਦੇ ਹਨ। ਜੇ ਸਾਰੇ ਭਾਰਤ ਵਿੱਚ ਖੋਜ ਕੀਤੀ ਜਾਵੇ ਤਾਂ ਇਸ ਤਰ੍ਹਾਂ ਦੀਆਂ ਲੱਖਾਂ ਮਿਸਾਲਾਂ ਸਾਹਮਣੇ ਆ ਜਾਣਗੀਆਂ। ਸਿਕਲੀਗਰ ਵੀ ਉਹ ਸਿੱਖ ਹਨ ਜਿਨ੍ਹਾਂ ਨੂੰ ਛੇਵੇਂ ਪਾਤਸ਼ਾਹ ਗੁਰ ਹਰਿਗੋਬਿੰਦ ਸਾਹਿਬ ਨੇ ਰਾਜਸਥਾਨ ਤੋਂ ਸ਼ਸਤਰ ਤਿਆਰ ਕਰਨ ਲਈ ਮੰਗਵਾਇਆ ਸੀ। ਪਹਿਲਾਂ ਮੁਸਲਮਾਨ ਕਾਰੀਗਰ ਫੌਜਾਂ ਲਈ ਹਥਿਆਰ ਬਣਾਉਂਦੇ ਸਨ ਪਰ ਉਹ ਕੱਚੇ ਲੋਹੇ ਦੇ ਹੋਣ ਕਾਰਨ ਜਲਦੀ ਨਕਾਰੇ ਹੋ ਜਾਂਦੇ ਸਨ।

ਸਿਕਲੀਗਰਾਂ ਨੇ ਬੜੇ ਪ੍ਰੇਮ ਤੇ ਸ਼ਰਧਾ ਨਾਲ ਗੁਰੂ ਸਾਹਿਬ ਲਈ ਹਥਿਆਰ ਤਿਆਰ ਕੀਤੇ। ਇਸ ਤੋਂ ਇਲਾਵਾ ਉਹ ਗੁਰੂ ਘਰ ਤੋਂ ਸਿੱਖੀ ਦੀ ਦਾਤ ਪ੍ਰਾਪਤ ਕਰਕੇ ਜੰਗਾਂ, ਯੁੱਧਾਂ ਵਿੱਚ ਹਿੱਸਾ ਲੈਂਦੇ ਰਹੇ ਤੇ ਸ਼ਹੀਦੀਆਂ ਪ੍ਰਾਪਤ ਕਰਦੇ ਰਹੇ। ਇਨ੍ਹਾਂ ਵਿੱਚੋਂ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਬੜੇ ਪ੍ਰਸਿੱਧ ਸਿੱਖ ਹੋਏ ਹਨ, ਜਿਵੇਂ ਕਿ ਭਾਈ ਮਨੀ ਸਿੰਘ, ਭਾਈ ਬਚਿੱਤਰ ਸਿੰਘ, ਭਾਈ ਉਦੇ ਸਿੰਘ ਤੇ ਉਨ੍ਹਾਂ ਦੇ ਹੋਰ ਭਰਾ। ਭਾਈ ਰਾਮ ਸਿੰਘ ਵੀ ਇਨ੍ਹਾਂ

ਵਿੱਚੋਂ ਸੀ, ਜਿਸ ਨੇ ਦੋਨਾਲੀ ਬੰਦੂਕ ਤਿਆਰ ਕਰਕੇ ਸਾਬੋ ਕੀ ਤਲਵੰਡੀ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੂੰ ਪੇਸ਼ ਕੀਤੀ ਸੀ।

ਨਵੰਬਰ 1997 ਵਿੱਚ ਸ੍ਰ. ਦਇਆ ਸਿੰਘ ਭੌਂਡ, ਪਿੰਡ ਰਜੂਰਾ, ਚੰਦਰਪੁਰ (ਮਹਾਰਾਸ਼ਟਰਾ) ਤੋਂ ਸਿੱਖ ਮਿਸ਼ਨਰੀ ਕਾਲਜ ਦੇ ਦਫਤਰ ਵਿੱਚ ਆਏ ਸਨ ਤੇ ਸਿਕਲੀਗਰਾਂ ਬਾਰੇ ਦਾਸ ਨੂੰ ਜਾਣਕਾਰੀ ਦਿੱਤੀ ਸੀ। ਉਹ ਸਿਕਲੀਗਰਾਂ ਦੀ ਦਸ਼ਾ ਬਾਰੇ ਬਹੁਤ ਚਿੰਤਾਤੁਰ ਸਨ। ਇਸ ਗੱਲ ਤੋਂ ਪ੍ਰੇਸ਼ਾਨ ਸਨ ਕਿ ਸਿੱਖ ਹੋਣ ਦੇ ਬਾਵਜੂਦ ਵੀ ਸਿੱਖ ਪੰਥ ਉਨ੍ਹਾਂ ਵੱਲ ਕੋਈ ਧਿਆਨ ਨਹੀਂ ਦੇ ਰਿਹਾ। 20-25 ਸਾਲਾਂ ਤੋਂ ਪ੍ਰਚਾਰ ਕਰ ਰਹੇ ਸਨ ਅਤੇ ਸਿੱਖ ਲੀਡਰਾਂ ਨੂੰ ਪੱਤਰ ਲਿਖ ਰਹੇ ਸਨ, ਜਿਨ੍ਹਾਂ ਦਾ ਕੋਈ ਉਤਰ ਨਹੀਂ ਦਿੱਤਾ ਗਿਆ। ਸ੍ਰ. ਦਇਆ ਸਿੰਘ ਨੇ ਦੱਸਿਆ ਕਿ ਸਿਕਲੀਗਰ ਗੁਰੂ ਸਾਹਿਬਾਨ ਲਈ ਬੰਦੂਕਾਂ, ਤਲਵਾਰਾਂ ਬਣਾਉਂਦੇ ਸਨ ਅਤੇ ਨਿਕਲ (ਪਾਲਿਸ਼) ਕਰਦੇ। ਨਿਕਲ ਕਰਨ ਤੋਂ ਹੀ ਉਨ੍ਹਾਂ ਦਾ ਨਾਮ ਸਿਕਲੀਗਰ ਪਿਆ।

ਬਾਬਾ ਬੰਦਾ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਉਤੇ ਅੱਤਿਆਚਾਰ ਹੋਣੇ ਸ਼ੁਰੂ ਹੋਏ ਅਤੇ ਸਿੱਖ ਪਹਾੜਾਂ ਦੀਆਂ ਕੁੰਦਰਾਂ, ਜੰਗਲਾਂ-ਬੀਆਬਾਨ ਤੇ ਰੇਗਿਸਤਾਨ ਵਿੱਚ ਰਹਿਣ ਲੱਗੇ। ਬਹੁਤੇ ਸਿਕਲੀਗਰ ਵੀ ਆਪੋ ਆਪਣੇ ਇਲਾਕਿਆਂ ਵਿੱਚ ਚਲੇ ਗਏ। ਉਂਞ ਮਿਸਲਾਂ ਸਮੇਂ ਵੀ ਭੰਗੀ ਤੇ ਰਾਮਗੜ੍ਹੀਆ ਮਿਸਲ ਵਿੱਚ ਸ਼ਾਮਿਲ ਹੋ ਕੇ ਸੰਘਰਸ਼ ਕਰਦੇ ਰਹੇ।

ਕੁਝ ਸਮਾਂ ਪਹਿਲਾਂ ਸਿਕਲੀਗਰ ਟੱਪਰਵਾਸੀਆਂ ਦੇ ਰੂਪ ਵਿੱਚ ਰਹਿੰਦੇ ਸਨ ਅਤੇ ਭਾਰਤ ਦੇ ਦੂਰ ਦਰਾਡੇ ਦੇ ਇਲਾਕਿਆਂ ਵਿੱਚ ਵਿਚਰਦੇ ਸਨ। ਇਹ ਪੰਜਾਬ, ਦਿੱਲੀ, ਹਰਿਆਣਾ, ਉਤਰ ਪ੍ਰਦੇਸ਼, ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਰਾਜਸਥਾਨ, ਕਰਨਾਟਕਾ, ਉੜੀਸਾ, ਬਿਹਾਰ, ਗੁਜਰਾਤ, ਤਾਮਿਲਨਾਡੂ, ਬੰਗਲਾਦੇਸ਼, ਅਸਾਮ ਆਦਿ ਵਿੱਚ ਰਹਿੰਦੇ ਹਨ। ਇਸ ਸਮੇਂ ਲੋਹੇ ਦੇ ਬਰਤਨ, ਬਾਲਟੀਆਂ ਦੇ ਥੱਲੇ, ਕਰਦਾਂ, ਤਾਲਿਆਂ ਦੀਆਂ ਚਾਬੀਆਂ ਆਦਿ ਬਣਾ ਵੇਚ ਕੇ ਪੇਟ ਭਰਦੇ ਹਨ ਅਤੇ ਝੁੱਗੀਆਂ ਝੋਂਪੜੀਆਂ ਵਿੱਚ ਰਹਿੰਦੇ ਹਨ।

ਇਸ ਸਮੇਂ ਇਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਦਰਪੇਸ਼ ਹਨ-ਪਿੰਡਾਂ ਵਿੱਚ ਗੁਰਦੁਆਰੇ ਬਹੁਤ ਦੂਰ ਦੂਰ ਹਨ, ਕਈ ਥਾਵਾਂ ਤੇ ਤਾਂ ਸਿੱਖ ਇਨ੍ਹਾਂ ਨੂੰ ਗੁਰਦੁਆਰੇ ਵਿੱਚ ਵੜਨ ਨਹੀਂ ਦਿੰਦੇ। ਸੋ ਲੋੜ ਅਨੁਸਾਰ ਗੁਰਦੁਆਰੇ ਬਣਾਏ ਜਾਣ। ਝੁੱਗੀਆਂ ਦੀ ਥਾਂ ਤੇ ਮਕਾਨ ਬਣਾਏ ਜਾਣ। ਇਨ੍ਹਾਂ ਨੂੰ ਸਹਾਇਕ ਧੰਦੇ ਮੁਹੱਈਆ ਕਰਵਾਏ ਜਾਣ। ਛੋਟੇ-ਮੋਟੇ ਕਾਰਖਾਨੇ ਖੋਲ ਕੇ ਦਿੱਤੇ ਜਾਣ। ਇਨ੍ਹਾਂ ਨੂੰ ਗੁਰਬਾਣੀ ਦੇ ਗੁਟਕੇ ਤੇ ਧਾਰਮਿਕ ਸਾਹਿਤ ਉਪਲਬਧ ਕਰਵਾਇਆ ਜਾਵੇ ਅਤੇ ਸਕੂਲਾਂ, ਕਾਲਜਾਂ ਦੁਆਰਾ ਵਿੱਦਿਆ ਦੇਣ ਦੇ ਯਤਨ ਕੀਤੇ ਜਾਣ। ਇਹ ਤਸੱਲੀ ਵਾਲੀ ਗੱਲ ਹੈ ਕਿ ਨਾਗਪੁਰ ਦੇ ਇੰਡਸਟਰੀਲਿਸਟ ਸਰਦਾਰ ਮਲਕੀਤ ਸਿੰਘ ਜੀ ਨੇ, ਗੁਰਮਤਿ ਪ੍ਰਚਾਰ ਸੰਸਥਾ ਸਥਾਪਿਤ ਕਰਕੇ ਸਿਕਲੀਗਰਾਂ ਤੇ ਹੋਰ ਕਮਜ਼ੋਰ ਵਰਗਾਂ ਦੇ ਸਿੱਖਾਂ ਦੀ ਸੇਵਾ ਲਈ ਯਤਨ ਆਰੰਭ ਹੋਏ ਹਨ ਅਤੇ ਤਨ, ਮਨ ਅਤੇ ਧਨ ਨਾਲ ਇਸ ਸੇਵਾ ਨੂੰ ਸਮਰਪਿਤ ਹਨ। ਉਨਾਂ ਨੇ ਗੁਰਦੁਆਰੇ ਅਤੇ ਮਕਾਨ ਉਸਾਰੇ ਹਨ ਅਤੇ ਰੁਜ਼ਗਾਰ ਮੁਹੱਈਆ ਕਰਵਾਉਣ ਦੇ ਅਮਲੀ ਰੂਪ ਵਿੱਚ ਯਤਨ ਕੀਤੇ ਹਨ।

ਲੁਧਿਆਣੇ ਦੀ 'ਗੁਰੂ ਅੰਗਦ ਦੇਵ ਵਿੱਦਿਅਕ ਅਤੇ ਭਲਾਈ ਕੌਂਸਲ' ਪੰਜਾਬ ਵਿੱਚ ਸਿਕਲੀਗਰਾਂ ਦੀ ਭਲਾਈ ਲਈ ਯਤਨਸ਼ੀਲ ਹੈ। ਪਹਿਲਾਂ ਸਮਰਾਲੇ ਨੇੜੇ ਪਿੰਡ ਚਾਹਲਾਂ ਵਿੱਚ ਇੱਕ ਗੁਰਦੁਆਰਾ ਅਤੇ ਕੁਝ ਮਕਾਨ ਬਣਵਾਏ ਗਏ ਸਨ। ਇਸ ਤੋਂ ਇਲਾਵਾ ਪੰਜਾਬ ਵਿੱਚ ਵੱਖ ਵੱਖ ਇਲਾਕਿਆਂ ਵਿੱਚ ਭਲਾਈ ਕੇਂਦਰ ਖੋਲ੍ਹੇ ਗਏ ਹਨ।

ਹੋਰਨਾਂ ਸੰਸਥਾਵਾਂ ਦੇ ਉਪਰਾਲਿਆਂ ਨੂੰ ਵੇਖ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਵੀ ਬਜਟ ਵਿੱਚ ਕੁਝ ਰਾਸ਼ੀ ਸਿਕਲੀਗਰਾਂ ਦੀ ਭਲਾਈ ਲਈ ਰੱਖੀ ਜਾਂਦੀ ਹੈ ਪਰ ਇਸਦੀ ਵਰਤੋਂ ਬਾਰੇ ਕਦੇ ਕੁਝ ਪੜ੍ਹਿਆ-ਸੁਣਿਆ ਨਹੀਂ ਹੈ। ਉਂਝ ਵੀ ਇਹ ਰਕਮ ਇੰਨੀ ਥੋੜੀ ਹੁੰਦੀ ਹੈ ਕਿ 13-14 ਕਰੋੜ ਸਿਕਲੀਗਰਾਂ, ਵਣਜਾਰਿਆਂ, ਲੋਹਰੀਆਂ, ਸਤਿਨਾਮੀਆਂ ਤੇ ਹੋਰ ਗਰੀਬ ਨਾਨਕ ਨਾਮ ਲੇਵਾ ਦਾ ਕੁਝ ਵੀ ਨਹੀਂ ਸੰਵਾਰ ਸਕਦੀ।

**ਸਮੇਂ ਦੀ ਲੋੜ ਹੈ ਕਿ ਇਨਾਂ ਵੱਖਰੇ, ਵਿਸਰੇ ਤੇ ਖਾਲਸਾ ਪੰਥ ਵੱਲੋਂ ਅਣਗੋਲੇ ਗਏ ਸਿੱਖਾਂ ਨੂੰ ਖਾਲਸਾ ਪੰਥ ਦੀ ਮੁੱਖ ਧਾਰਾ ਨਾਲ ਜੋੜਿਆ ਜਾਵੇ। ਇਸ ਸਬੰਧ ਵਿੱਚ ਕੱਲਕੱਤੇ ਦੇ ਸਰਦਾਰ ਜਗਮੋਹਨ ਸਿੰਘ ਗਿੱਲ ਦੇ ਇਹ ਸ਼ਬਦ ਬੜੇ ਸਾਰਥਕ ਹਨ: "ਆਪਾਂ ਆਪਣੇ ਭਾਈਆਂ-ਵੀਰਾਂ ਨਾਲ ਸਬੰਧ ਨਾ ਰੱਖਦਿਆਂ ਹੋਇਆਂ ਆਪਣਾ ਜਾਂ ਸਿੱਖ-ਪੰਥ ਦਾ ਬਹੁਤ ਨੁਕਸਾਨ ਕਰਵਾ ਬੈਠੇ ਹਾਂ ਅਤੇ ਇਸ ਦੇ ਅਸਰ ਸਭ ਨੂੰ ਸਪੱਸ਼ਟ ਦਿਖਾਈ ਦਿੰਦੇ ਹਨ। ਸਾਨੂੰ ਉਦਮ-ਉਪਰਾਲਾ ਕਰਨਾ ਪੈਣਾ ਹੈ ਤਾਂ ਜੋ ਸਾਰੇ ਸਿੱਖ ਆਪਸ ਵਿੱਚ ਜੁੜ ਜਾਣ ਅਤੇ ਇੱਕ ਪਰਸਪਰ ਚੰਗੇ ਸਬੰਧ-ਬੰਧਨ ਵਿੱਚ ਬੱਝ ਜਾਣ। ਸਾਨੂੰ ਨੈਟਵਰਕ ਨੂੰ ਮਜ਼ਬੂਤ ਬਨਾਉਣ ਦੀ ਲੋੜ ਹੈ। ਉਹ (ਭੁੱਲੇ-ਵਿਸਰੇ ਸਿੱਖ) ਪੰਜਾਬ ਦੇ ਸਿੱਖਾਂ ਨਾਲ 'ਰੋਟੀ-ਬੇਟੀ ਦੀ ਸਾਂਝ' ਚਾਹੁੰਦੇ ਹਨ ਤਾਂ ਜੋ ਮੂਲ ਵਖਰੇਵੇਂ ਲਾਂਭੇ ਕੀਤੇ ਜਾ ਸਕਣ।**

**(ਸਿੱਖ ਫੁਲਵਾੜੀ, ਜੁਲਾਈ 2011 ਤੋਂ ਧੰਨਵਾਦ ਸਹਿਤ)**



**ਉੱਚ ਦਰਜੇ ਦੇ ਵਿਦਵਾਨ ਲੁਧਿਆਣਾ ਨਿਵਾਸੀ ਕਿਰਪਾਲ ਸਿੰਘ ਚੰਦਨ ਪਿਛਲੇ 55 ਸਾਲ ਤੋਂ ਸਿੱਖ ਮਿਸ਼ਨਰੀ ਲਹਿਰ ਦੇ ਇੱਕ ਅਹਿਮ ਕਾਰਕੁੰਨ ਹਨ ਜਿਨ੍ਹਾਂ ਨੇ ਪੁਰਾਣੇ ਮਿਸ਼ਨਰੀਆਂ ਨਾਲ ਸੇਵਾ ਨਿਭਾਈ ਹੈ ਅਤੇ ਲਗਾਤਾਰ ਅੱਜ ਵੀ ਸਿੱਖ ਫੁਲਵਾੜੀ ਲਈ ਨਿਰੰਤਰ ਲਿਖ ਰਹੇ ਹਨ। ਮਿਸ਼ਨਰੀ ਲਹਿਰ ਦੇ ਮਾਸਿਕ ਪੱਤਰ ਸਿੱਖ ਫੁਲਵਾੜੀ ਨੂੰ ਉਹ ਪਿਛਲੇ 40 ਸਾਲਾਂ ਤੋਂ ਚਲਾ ਰਹੇ ਹਨ। ਉਹ ਮਿਸ਼ਨਰੀ ਵਿਦਵਾਨਾਂ ਵਿੱਚ ਅਹਿਮ ਮੁਕਾਮ ਰੱਖਦੇ ਹਨ। ਹੁਣ ਤੱਕ ਆਪਣੀਆਂ 30 ਕਿਤਾਬਾਂ ਛਾਪ ਚੁੱਕੇ ਹਨ। ਉਨ੍ਹਾਂ ਨਾਲ ਈਮੇਲ** kirpalsinghchandan@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਅਣਗੌਲੇ ਸਿੱਖ ਕਬੀਲੇ

## ਕਰਨਲ (ਰਿਟਾਇਰਡ) ਡਾ. ਦਲਵਿੰਦਰ ਸਿੰਘ ਗਰੇਵਾਲ

ਅੱਜ ਸਿੱਖ ਜਗਤ ਵਿਚ ਇਹ ਗੱਲ ਬੜੀ ਹੈਰਾਨੀ ਨਾਲ ਪੜ੍ਹੀ ਜਾਵੇਗੀ ਕਿ ਹਿੰਦੁਸਤਾਨ ਵਿਚ ਚਾਰ ਕਰੋੜ ਸਿਕਲੀਗਰ, ਪੰਜ ਕਰੋੜ ਵਣਜਾਰੇ ਸਿੱਖ ਤੇ ਇਕ ਕਰੋੜ ਸਤਿਨਾਮੀਏ ਸਿੱਖ ਹਨ ਜੋ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਗੁਜ਼ਾਰ ਰਹੇ ਹਨ। ਇਹ ਸਿੱਖ ਕਰਨਾਟਕ, ਦਿੱਲੀ, ਹਿਮਾਚਲ ਪ੍ਰਦੇਸ਼, ਆਂਧਰਾ ਪ੍ਰਦੇਸ਼, ਉੜੀਸਾ, ਬਿਹਾਰ, ਤਾਮਿਲਨਾਡੂ, ਮਹਾਂਰਾਸ਼ਟਰ, ਜੰਮੂ ਕਸ਼ਮੀਰ, ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ, ਗੁਜਰਾਤ, ਮੱਧ ਪ੍ਰਦੇਸ਼, ਛਤੀਸਗੜ੍ਹ, ਝਾਰਖੰਡ ਤੇ ਪੱਛਮੀ ਬੰਗਾਲ ਆਦਿ ਸੂਬਿਆਂ ਵਿਚ ਖਿਲਰਵੇਂ ਤੌਰ ਤੇ ਰਹਿ ਰਹੇ ਹਨ।

ਸਕਾਟਲੈਂਡ (ਯੂ.ਕੇ.) ਤੋਂ ਸੇਵਾਦਾਰਾਂ ਨੇ ਪੰਜਾਬ ਦੀਆਂ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਨਾਲ ਲੈ ਕੇ ਪੰਜਾਬ ਅਤੇ ਕੇਂਦਰੀ ਭਾਰਤ ਦਾ ਦੌਰਾ ਕੀਤਾ। ਅੱਖੀਂ ਡਿੱਠੇ ਹਾਲਾਤ ਮੁਤਾਬਿਕ ਸਾਡੇ ਧਿਆਨ ਗੋਚਰੇ ਹੇਠ ਲਿਖੇ ਅਹਿਮ ਮੁੱਦੇ ਆਏ:

1. ਸੈਂਕੜੇ ਵਰ੍ਹੇ ਸਿੱਖੀ ਦੀ ਮੁੱਖ ਧਾਰਾ ਤੋਂ ਵਿਛੜੇ ਰਹਿਣ ਦੇ ਬਾਵਜੂਦ ਸਿਕਲੀਗਰ ਪੂਰੇ ਸਿੱਖੀ ਸਰੂਪ ਵਿਚ ਹਨ ਜਦ ਕਿ ਵਣਜਾਰੇ ਅਤੇ ਸਤਿਨਾਮੀਏ ਸਿੱਖਾਂ ਵਿਚ ਇਸ ਪੱਖੋਂ ਢਿੱਲ ਆ ਗਈ ਹੈ।

2. ਗਰੀਬ ਵਣਜਾਰੇ, ਸਿਕਲੀਗਰ ਤੇ ਸਤਿਨਾਮੀਏ ਸਿੱਖਾਂ ਕੋਲ ਨਾ ਤਾਂ ਕੋਈ ਗੁਰੂ ਘਰ ਹਨ ਅਤੇ ਨਾ ਹੀ ਗੁਰਮਤਿ ਦਾ ਕੋਈ ਲਿਟਰੇਚਰ। ਪਰ ਸਿੱਖੀ ਲਈ ਉਹਨਾਂ ਅੰਦਰ ਬੇਹੱਦ ਤਾਂਘ ਹੈ।

3. ਸ਼ਹਿਰ ਤੋਂ ਦੂਰ ਜੰਗਲੀ ਬਸਤੀਆਂ ਵਿਚ ਨਾ ਤਾਂ ਕੋਈ ਡਾਕਟਰੀ ਸਹੂਲਤਾਂ ਹਨ ਅਤੇ ਨਾ ਹੀ ਵਿੱਦਿਆ ਲਈ ਕੋਈ ਸਕੂਲ। ਬਹੁਤ ਸਾਰੀਆਂ ਥਾਵਾਂ ਤੇ ਇਹ ਸਿੱਖ ਪੀਣ ਵਾਲੇ ਪਾਣੀ ਤੋਂ ਵੀ ਵਾਂਝੇ ਹਨ।

4. ਇਹਨਾਂ ਲੋਕਾਂ ਦਾ ਮੁੱਖ ਕਿੱਤਾ ਲੋਹੇ ਦਾ ਸਮਾਨ ਬਣਾਉਣਾ ਤੇ ਵਣਜ ਹੈ ਜੋ ਕਿ ਪਿਤਾ-ਪੁਰਖੀ ਹੈ। ਸ਼ਹਿਰਾਂ ਦੇ ਨੇੜੇ ਰਹਿਣ ਵਾਲੇ ਸਿੱਖ ਹੌਲ਼ੀ ਹੌਲ਼ੀ ਹੋਰ ਕਿੱਤਿਆਂ ਵੱਲ ਰੁਚਿਤ ਹੋ ਰਹੇ ਹਨ। ਦੂਰ ਦੁਰੇਡੇ ਦੀਆਂ ਬਸਤੀਆਂ ਵਿਚ ਇਹ ਗਰੀਬ ਸਿੱਖ ਰੋਟੀ ਤੋਂ ਵੀ ਅਵਾਜ਼ਾਰ ਭੁੱਖਮਰੀ ਦਾ ਸ਼ਿਕਾਰ ਹਨ।

5. ਇਹਨਾਂ ਲੋਕਾਂ ਦੀ ਗਰੀਬੀ ਦਾ ਨਜਾਇਜ਼ ਫ਼ਾਇਦਾ ਲੈ ਕੇ ਦੂਸਰੇ ਧਰਮਾਂ ਵਾਲੇ ਇਹਨਾਂ ਦਾ ਧਰਮ ਬਦਲੀ ਕਰਵਾਉਣ ਲਈ ਬਹੁਤ ਸਰਗਰਮ ਹਨ।

6. ਭਾਰਤ ਸਰਕਾਰ ਇਹਨਾਂ ਲੋਕਾਂ ਦੀ ਵਿਸ਼ਾਲ ਗਿਣਤੀ ਨੂੰ ਭਟਕੀਆਂ ਵਿਮੁਕਤ ਜਾਤੀਆਂ ਕਹਿ ਕੇ ਹਿੰਦੂ ਖ਼ਾਨੇ ਵਿਚ ਹੀ ਪਾਉਂਦੀ ਚਲੀ ਆ ਰਹੀ ਹੈ। ਇਹਨਾਂ 12 ਕਰੋੜ ਸਿੱਖਾਂ ਦੇ ਵਰਗੀਕਰਨ ਲਈ ਵੱਡੀ ਪੱਧਰ ਤੇ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਕੁਝ ਸਮਾਂ ਪਹਿਲਾਂ ਮਹਾਂਰਾਸ਼ਟਰ ਦਾ ਮੀਤ ਮੁੱਖ ਮੰਤਰੀ ਗੋਪੀਨਾਥ ਮੁੰਡੇ 'ਵਣਜਾਰਾ ਕ੍ਰਾਂਤੀ ਦਲ' ਦੇ ਨੁਮਾਇੰਦਿਆਂ ਨੂੰ ਨਾਲ ਲੈ ਕੇ ਇਸ ਸੰਬੰਧੀ ਪ੍ਰਧਾਨ ਮੰਤਰੀ ਅਟੱਲ ਬਿਹਾਰੀ

ਵਾਜਪਾਈ ਨੂੰ ਵੀ ਮਿਲਿਆ ਸੀ।

ਅੱਜ ਪੰਜਾਬ ਦੇ ਮੁੱਖ ਰਸਾਲਿਆਂ ਅਤੇ ਅਖਬਾਰਾਂ ਵਿਚ ਇਹਨਾਂ ਗਰੀਬ ਸਿੱਖਾਂ ਬਾਬਤ ਕਾਫ਼ੀ ਕੁਝ ਲਿਖਿਆ ਜਾ ਰਿਹਾ ਹੈ ਪਰ ਇਸ ਦੇ ਬਾਵਜੂਦ ਸਾਡੀ ਕੋਈ ਵਿਸ਼ੇਸ਼ ਸੰਸਥਾ ਜਾਂ ਵਿਅਕਤੀ ਖ਼ਾਸ ਕਰਕੇ ਇਸ ਪਾਸੇ ਵੱਲ ਰੁਚਿਤ ਨਹੀਂ ਹੈ।

ਇਹ ਕਿੰਨੇ ਦੁਖ ਦੀ ਗੱਲ ਹੈ ਕਿ ਸਾਡੇ ਪੰਥਕ ਆਗੂ ਅਤੇ ਵਿਸ਼ੇਸ਼ ਵਿਅਕਤੀ ਜਾਂ ਤਾਂ ਘਟੀਆ ਰਾਜਨੀਤੀ ਵਿਚ ਲਿਪਿਤ ਹਨ ਜਾਂ ਫਿਰ ਸ਼ਬਦ ਗੁਰੂ ਦੀ ਬਜਾਇ ਦੇਹਧਾਰੀ ਅਖੌਤੀ ਗੁਰੂਆਂ ਦੇ ਹੀ ਪਰਚਾਰਕ ਬਣੇ ਹੋਏ ਹਨ। ਸਿੱਖ ਕੌਮ ਪਿਛਲੀ ਪੌਣੀ ਸਦੀ ਤੋਂ ਸੰਗਮਰਮਰ ਇਤਿਆਦਿ ਲਾਉਣ ਵਿਚ ਹੀ ਮਸਤ ਹੈ ਅਤੇ ਕਰੋੜਾਂ ਦੀ ਗਿਣਤੀ ਵਿਚ ਗਰੀਬ ਸਿੱਖ ਰੋਟੀ ਤੋਂ ਵੀ ਆਤੁਰ ਹਨ ਜੋ ਛੱਪੜਾਂ ਟੋਭਿਆਂ ਤੋਂ ਪਾਣੀ ਪੀ ਕੇ ਦਿਨ ਕਟੀ ਕਰਦੇ ਹਨ। ਅਸੀਂ ਆਪਣੇ ਅੱਖੀਂ ਨਿੱਕੇ ਨਿੱਕੇ ਬਾਲਾਂ ਨੂੰ ਬਿਮਾਰੀ ਕਾਰਨ ਤੜਫਦੇ ਅਤੇ ਰੋਟੀ ਦੁੱਖੋਂ ਵਿਲਕਦੇ ਦੇਖਿਆ ਹੈ। ਇਨ੍ਹਾਂ ਬਾਰੇ ਕੁਝ ਗੱਲਾਂ ਦੀ ਵਿਚਾਰ ਹੀ ਇਸ ਲੇਖ ਦਾ ਵਿਸ਼ਾ ਹੈ।

**ਅੱਜ ਸਿੱਖ ਸਮੁੱਚੀ ਦੁਨੀਆਂ ਵਿੱਚ ਫੈਲੇ ਹੋਏ ਹਨ। ਭਾਰਤ ਵਿੱਚ ਸਿੱਖ ਅਤੇ ਨਾਨਕ ਪੰਥੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:**

| ਨੰ. | ਗਰੁੱਪ | ਇਲਾਕਾ | ਗਿਣਤੀ |
|---|---|---|---|
| 1. | ਸਥਾਨਕ | ਪੰਜਾਬ, ਕਸ਼ਮੀਰ, ਹਰਿਆਣਾ, ਦਿੱਲੀ ਦੇ ਇਰਦ-ਗਿਰਦ ਇਲਾਕੇ | 2 ਕਰੋੜ |
| 2. | ਸਿਕਲੀਗਰ ਅਤੇ ਵਣਜਾਰੇ | ਮਹਾਰਾਸ਼ਟਰਾ, ਆਂਧਰਾ ਪ੍ਰਦੇਸ਼, ਕਰਨਾਟਕਾ, ਮੱਧ ਪ੍ਰਦੇਸ਼, ਪੰਜਾਬ, ਹਰਿਆਣਾ, ਉਤਰ ਪ੍ਰਦੇਸ਼ ਗੁਜਰਾਤ, ਰਾਜਸਥਾਨ ਆਦਿ | 9 ਕਰੋੜ |
| 3. | ਸਤਿਨਾਮੀਏ | ਛੱਤੀਸਗੜ੍ਹ, ਝਾਰਖੰਡ, ਬੰਗਾਲ ਮੱਧ ਪ੍ਰਦੇਸ਼ ਆਦਿ | 1 ਕਰੋੜ |
| 4. | ਜੌਹਰੀ | ਮਹਾਂਰਾਸ਼ਟਰ ਆਦਿ | 2 ਹਜ਼ਾਰ |
| 5. | ਆਸਾਮੀ | ਆਸਾਮ ਦੇ ਵੀਹ ਪਿੰਡ | 2 ਹਜ਼ਾਰ |
| 6. | ਬਿਹਾਰੀ | ਕਿਸ਼ਨ ਗੰਜ ਤੇ ਪਟਨਾ (ਬਿਹਾਰ) ਆਦਿ | 2 ਹਜ਼ਾਰ |
| 7. | ਥਾਰੂ | ਬਿਜਨੌਰ (ਉੱਤਰ ਪ੍ਰਦੇਸ਼) | 2 ਹਜ਼ਾਰ |
| 8. | ਲਾਮੇ | ਕਾਰਮਾਪਾ ਤੇ ਨਾਈਗਮਾਪਾ ਕਬੀਲਿਆਂ ਦੇ ਤਿੱਬਤੀ ਮੂਲ ਦੇ ਨਿਵਾਸੀ | 1 ਲੱਖ |
| 9. | ਸਿੰਧੀ | ਮਹਾਂਰਾਸ਼ਟਰ, ਗੁਜਰਾਤ, ਰਾਜਸਥਾਨ ਆਦਿ | 2 ਲੱਖ |
| 10. | ਹੋਰ ਸਿੱਖ | | 1 ਲੱਖ |
| ਕੁੱਲ | 12.14 ਕਰੋੜ | | |

ਉਪਰੋਕਤ ਅੰਕੜਿਆਂ ਤੇ ਨਜ਼ਰ ਮਾਰਿਆਂ ਪੰਜਾਬੋਂ ਬਾਹਰ ਜੋ ਗਰੁੱਪ ਜਾਂ ਕਬੀਲੇ ਹਨ ਉਨ੍ਹਾਂ ਵਿਚ ਵਣਜਾਰੇ, ਸਿਕਲੀਗਰ ਤੇ ਸਤਿਨਾਮੀਏ ਪ੍ਰਮੁੱਖ ਹਨ ਜਿਨ੍ਹਾਂ ਨੇ ਗੁਰੂ ਸਾਹਿਬਾਨ ਦੇ ਆਜ਼ਾਦੀ ਤੇ ਬਰਾਬਰੀ ਦੇ ਬਚਨਾਂ ਨੂੰ ਮੁੱਖ ਰੱਖਦਿਆਂ ਸਮੇਂ ਦੇ ਹਾਕਮਾਂ ਨਾਲ ਆਢ੍ਹਾ ਲਾਇਆ ਤੇ ਜਿਸ ਦਾ ਖਮਿਆਜ਼ਾ ਇਹ ਹਾਲੇ ਤੱਕ ਭੁਗਤ ਰਹੇ ਹਨ। ਥਾਂ-ਥਾਂ ਦੀਆਂ ਠੋਕਰਾਂ ਖਾਂਦੇ ਖਾਂਦੇ, ਬੁਰੇ ਹਾਲਾਤ ਨਾਲ ਜੂਝਦਿਆਂ ਜਿਸ ਤਰ੍ਹਾਂ ਇਨ੍ਹਾਂ ਨੇ ਸਿੱਖੀ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਿਆ ਹੈ ਉਹ ਆਪਣੇ-ਆਪ ਵਿਚ ਇਕ ਮਿਸਾਲ ਹੈ। ਇਸ ਲਈ ਉਨ੍ਹਾਂ ਦੇ ਪਿਛੋਕੜ ਤੇ ਇਕ ਝਾਤ ਪਾਉਣੀ ਕੁਥਾਂ ਨਹੀਂ ਹੋਵੇਗੀ।

ਜੇ ਸਿਕਲੀਗਰ ਤੇ ਵਣਜਾਰਿਆਂ ਦੀ ਜੜ੍ਹ ਦੇਖੀਏ ਤਾਂ ਸ਼ਜਰਾ ਜੁੜਦਾ ਹੈ-

ਧਜ- ਕੋਧਜ - ਕਰਨ - ਕੈਸ਼ਬ, ਜਿਸ ਅੱਗੇ ਦੋ ਮੂੰਹੀਆਂ ਸਨ ਚਾਡਾ ਤੇ ਥਿੱਡਾ। ਚਾਡਾ ਮੂੰਹੀ ਵਿਚੋਂ ਹਨ: ਨਥਾਡ (ਨਾਥ), ਜੁਗਾਡ (ਜੋਗੀ) ਤੇ ਖਿਮਾਦ (ਸਿਕਲੀਗਰ) ਅਤੇ ਥਿੱਡਾ ਮੂੰਹੀ ਵਿਚੋਂ ਹਨ - ਮੋਤਾ (ਲੁਬਾਣੇ) ਤੇ ਮੋਲਾ (ਵਣਜਾਰੇ)। ਇਹ ਸਾਰੇ ਮਾਰਵਾੜੀ ਕਬੀਲੇ ਆਪਣੇ ਆਪ ਨੂੰ ਰਾਠੌਰ, ਪਰਮਾਰ ਤੇ ਚੌਹਾਨ ਗੋਤਾਂ ਨਾਲ ਜੋੜਦੇ ਹਨ। ਇਨ੍ਹਾਂ ਦੋਨਾਂ ਕਬੀਲਿਆਂ ਦੇ ਯੋਧਿਆਂ ਨੇ ਸਿੱਖ ਸੰਘਰਸ਼ ਵਿਚ ਅਹਿਮ ਹਿੱਸਾ ਪਾਇਆ ਤੇ ਸ਼ਹਾਦਤਾਂ ਦੀਆਂ ਲੜੀਆਂ ਬਣਾ ਦਿੱਤੀਆਂ। **(ਗੁਰਮਤਿ ਪ੍ਰਕਾਸ਼, ਅਕਤੂਬਰ,** 2002)

**ਵਣਜਾਰੇ**

ਜੇ ਸਿੱਖਾਂ ਵਿਚ ਗਿਣਤੀ ਵਜੋਂ ਲਿਆ ਜਾਵੇ ਤਾਂ ਵਣਜਾਰਾ ਕਬੀਲਾ ਸਭ ਤੋਂ ਪ੍ਰਮੁੱਖ ਹੈ ਜੋ ਸਮੁੱਚੇ ਦੱਖਣੀ ਭਾਰਤ ਵਿਚ ਸਭ ਤੋਂ ਵੱਧ ਫੈਲਿਆ ਹੋਇਆ ਹੈ। ਵਣਜਾਰੇ ਉਨ੍ਹਾਂ ਸਿੱਖਾਂ ਵਿਚੋਂ ਹਨ ਜਿਨ੍ਹਾਂ ਨੇ ਸਿੱਖੀ ਦੀ ਜੜ੍ਹ ਲਾਉਣ ਲਈ ਆਪਣੇ ਪੂਰੇ ਦੇ ਪੂਰੇ ਪਰਿਵਾਰਾਂ ਦੇ ਖ਼ੂਨ ਨਾਲ ਸਿੱਖੀ ਦੇ ਬੂਟੇ ਨੂੰ ਸਿੰਜਿਆ। ਬਹਾਦਰ ਏਨੇ ਕਿ ਬਚਿੱਤਰ ਸਿੰਘ ਵਰਗੇ ਹਾਥੀਆਂ ਦੇ ਮੂੰਹ ਮੋੜ ਦਿੰਦੇ। ਗਿਆਨੀ ਏਨੇ ਕਿ ਭਾਈ ਗੁਰਦਾਸ ਤੋਂ ਪਿੱਛੋਂ ਜੇ ਗੁਰਬਾਣੀ ਦੀ ਵਿਆਖਿਆ ਕਿਸੇ ਕੀਤੀ ਤਾਂ ਇਨ੍ਹਾਂ ਵਿਚੋਂ ਹੀ ਸਨ। ਵਣਜਾਰੇ ਸਿੱਖ ਭਾਈ ਮਨੀ ਸਿੰਘ ਜਿਨ੍ਹਾਂ ਦਾ ਸਿਦਕ ਏਨਾ ਕਿ ਬੰਦ-ਬੰਦ ਤਾਂ ਕਟਵਾ ਲਿਆ ਪਰ ਸਿੱਖੀ ਨਾ ਛੱਡੀ। ਗੁਰੂ ਨੂੰ ਲੱਭਣ ਲਈ ਜੇ ਮੱਖਣ ਸ਼ਾਹ ਵਰਗਿਆਂ ਮੋਹਰਾਂ ਵਾਰ ਦਿੱਤੀਆਂ ਤਾਂ ਗੁਰੂ ਦੇ ਧੜ ਦਾ ਸਸਕਾਰ ਕਰਨ ਲਈ ਲਖੀ ਸ਼ਾਹ ਵਣਜਾਰੇ ਵਰਗਿਆਂ ਆਪਣੇ ਘਰ ਨੂੰ ਹੀ ਅੱਗ ਲਾ ਦਿੱਤੀ। ਗੁਰੂ ਘਰ ਦੀ ਦੀਵਾਨਗੀ ਵੀ ਅਜਿਹੀ ਨਿਭਾਈ ਕਿ ਆਪਣਿਆਂ ਨੂੰ ਭੁੱਲ ਕੇ ਗੁਰੂ ਘਰ ਦੇ ਦੀਵਾਨੇ ਹੋਏ।

ਇਤਿਹਾਸ ਅਨੁਸਾਰ ਭਾਈ ਮਨਸੁਖ ਪਹਿਲਾ ਵਣਜਾਰਾ ਸਿੱਖ ਹੈ ਜੋ ਗੁਰੂ ਘਰ ਨਾਲ ਜੁੜਿਆ ਹੀ ਨਹੀਂ ਸਗੋਂ ਜਿਸ ਨੇ ਸ੍ਰੀ ਲੰਕਾ ਦੇ ਰਾਜੇ ਸ਼ਿਵਨਾਭ ਵਰਗਿਆਂ ਨੂੰ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਬਣਾ ਕੇ ਸਿੱਖੀ ਨੂੰ ਭਾਰਤ ਦੀਆਂ ਹੱਦਾਂ ਤੋਂ ਬਾਹਰ ਫੈਲਣ ਵਿਚ ਮਦਦ ਕੀਤੀ। ਛੇਵੇਂ ਗੁਰੂ ਦਾ ਇਕ ਹੋਰ ਸਿੱਖ ਸੀ ਗੜ੍ਹ ਗਵਾਲੀਅਰ ਦਾ ਦਰੋਗਾ ਹਰਿਦਾਸ ਵਣਜਾਰਾ।

ਇਸ ਦੇ ਕੋਲ ਬਾਬਾ ਬੁੱਢਾ, ਭਾਈ ਗੁਰਦਾਸ, ਭਾਈ ਬਲੂ, ਭਾਈ ਪਰਾਣਾ, ਭਾਈ ਕੀਰਤੀਆ ਆਦਿ ਸਿੱਖ ਪੰਜਾਬ ਤੋਂ ਆਉਂਦੇ ਜਾਂਦੇ ਰਹਿੰਦੇ ਸੀ। ਇਹ ਗੁਰੂ ਹਰਿਗੋਬਿੰਦ

ਜੀ ਨੂੰ ਰਾਜ ਦਰਬਾਰ ਦੀ ਸਾਰੀ ਖ਼ਬਰ ਤਾਂ ਦਿੰਦਾ ਹੀ ਸੀ, ਪੂਰੀ ਸੁਖ-ਸੁਵਿਧਾ ਵੀ ਦਿੰਦਾ ਸੀ। ਜਦ ਗੁਰੂ ਜੀ ਤੋਂ ਗਵਾਲੀਅਰ ਦੀ ਰਿਹਾਈ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਇਸ ਦੇ ਮਹੱਤਵਪੂਰਨ ਰੋਲ ਦਾ ਇਸ ਤਰ੍ਹਾਂ ਜ਼ਿਕਰ ਕੀਤਾ, 'ਏਕ ਦਿਵਸ ਹਰਿਦਾਸ ਦਰੋਗਾ ਹਮਾਰੇ ਪਾਸ ਆਇਆ- ਬੋਲਾ ਜੀ ਸੱਚੇ ਪਾਤਸ਼ਾਹ ਜਹਾਂਗੀਰ ਬਾਦਸ਼ਾਹ ਜਬ ਰਾਤ ਕੇ ਸਮੇਂ ਮਹਿਲੋਂ ਮੇਂ ਸੋਤਾ ਹੈ, ਉਸੇ ਡਰਾਵਨੀਆਂ ਸੂਰਤਾਂ ਆਦਿ ਦਿਖਾਈ ਦੇਤੀ ਹੈਂ। ਇਸੇ ਸੁੱਤੇ ਪਏ ਕੋ ਅਗੰਮੀ ਆਵਾਜ਼ ਆਤੀ ਹੈ ਕਿ ਜਿਸ ਹਿੰਦ ਕੇ ਪੀਰ ਕੋ ਗੜ੍ਹ ਗਵਾਲੀਅਰ ਮੇਂ ਬੰਦੀਵਾਨ ਬਨਾ ਰਖਾ ਹੈ, ਉਸੇ ਛੋੜ ਦੇ। (ਗੁਰੂ ਕੀਆਂ ਸਾਖੀਆਂ-ਪ੍ਰੋ. ਪਿਆਰਾ ਸਿੰਘ ਪਦਮ, ਪੰਨਾ 39) ਵਜ਼ੀਰ ਖਾਨ ਨੇ (ਕੈਦੀ ਰਿਹਾ ਕਰਨੇ ਕਾ) ਪਰਵਾਨਾ ਦਰੋਗਾ ਕੋ ਜਾਇ ਦੀਆ। ਪਰਵਾਨਾ ਵਾਚ ਛੋਟੀਆਂ ਕੈਦਾਂ ਵਾਲੇ ਸਾਰੇ ਰਿਹਾ ਕਰ ਦੀਏ ਗਏ।

ਲੰਬੀ ਕੈਦ ਵਾਲੇ 101 ਕੈਦੀ ਰਹਿ ਗਏ। ਦਰੋਗਾ ਸੇ ਹਮ ਨੇ ਪੂਛਾ ਕਿ ਬਾਦਸ਼ਾਹ ਨੇ ਇਨ ਕੇ ਮੁਤੱਲਕ ਕਿਆ ਲਿਖਾ ਹੈ। ਦਰੋਗਾ ਹਾਥ ਬਾਂਧ ਕਰ ਬੋਲਾ - ''ਜੀ ਸੱਚੇ ਪਾਤਸ਼ਾਹ ਤੇਰੀਆਂ ਤੂੰ ਜਾਣੇਂ। ਸ਼ਾਹੀ ਪਰਵਾਨੇ ਮੇਂ ਲਿਖਾ ਹੈ ਕਿ - ਜੋ ਵਡੀਆਂ ਕੈਦਾਂ ਵਾਲੇ ਕੈਦੀ ਹੈਂ - ਉਹ ਆਪ ਕਾ ਜਾਮਾ ਪਕੜ ਜਿਤਨੇ ਬਾਹਰ ਆਇ ਜਾਏਂ ਉਨੇ ਛੋਰ ਦਿਆ ਜਾਏ।'' ਭਾਈ ਨਾਨੂੰ ''ਅਸੀਂ ਹਰਿਦਾਸ ਸੇ ਕਹਾ, ਹਮ ਬਾਦਸ਼ਾਹੀ ਲਿਖਾ ਸੁਨ ਲੀਆ ਹੈ - ਅਸੀਂ ਗੜ੍ਹ ਕਾ ਤਿਆਗ ਫਜ਼ਰੇ ਕਰਾਂਗੇ।'' (ਪੰਨਾ 39) ਦਰੋਗਾ ਗੁਰੂ ਕਾ ਸਿਖ ਥਾ, ਅਸੀਂ ਉਸੇ ਕਹਿ ਕੇ ਏਕ ਸੌ ਏਕ ਕਲੀਆਂ ਵਾਲਾ ਚੋਗਾ ਬਨਵਾਇ ਲੀਆ। ਭੋਰ ਹੋਤੇ ਸਬੋਂ ਰਾਜਯੋਂ ਕੋ ਏਕ ਚੋਗੇ ਕੀ ਕਲੀ ਫੜਾਇ ਸਭ ਕੀ ਬੰਦ ਖਲਾਸੀ ਕਰਾਇ ਦਈ।'' (ਗੁਰੂ ਕੀਆਂ ਸਾਖੀਆਂ, ਪੰਨਾ 4)

ਮੱਖਣ ਸ਼ਾਹ ਛੇਵੇਂ ਗੁਰੂ ਤੋਂ ਹੀ ਸਿੱਖੀ ਨਾਲ ਜੁੜਿਆ ਹੋਇਆ ਸੀ। ਭੱਟ ਵਹੀਆਂ ਇਸ ਦੀ ਸ਼ਾਹਦੀ ਭਰਦੀਆਂ ਹਨ- ''ਭਾਈ ਮੱਖਣ ਸ਼ਾਹ ਜੋ ਗੁਰੂ ਕਾ ਸਿੱਖ ਥਾ, ਇਸ ਕਾ ਟਾਂਡਾ ਕਸ਼ਮੀਰ ਦੇਸ਼ ਮੇਂ ਜਾਇ ਰਹਾ ਥਾ। ਸਤਿਗੁਰੂ ਜੀ ਏਸ ਕੇ ਟਾਂਡੇ ਮੇਂ ਸ਼ਾਮਿਲ ਹੋਏ ਸ੍ਰੀ ਨਗਰ ਜਾਇ ਪ੍ਰਵੇਸ਼ ਕੀਆ। ਭਾਈ ਦਾਸਾ, ਭਾਈ ਅੜੂ ਰਾਮ ਆਦਿ ਸਿੱਖਾਂ ਕੇ ਗੈਲ ਸ੍ਰੀਨਗਰ ਸੇ ਚਲਕੇ ਮਟਨ ਮਾਰਤੰਡ ਤੀਰਥਾਂ ਦੀ ਯਾਤਰਾ ਕਰਕੇ - ਭਾਈ ਮੱਖਣ ਸ਼ਾਹ ਕੀ ਨਗਰੀ ਮੋਟੇ ਟਾਂਡੇ ਮੇਂ ਜਾਇ ਬਿਰਾਜੇ। ਭਾਵੀ ਵਸ ਭਾਈ ਮੱਖਣ ਸ਼ਾਹ ਕਾ ਪਿਤਾ ਭਾਈ ਦਾਸਾ ਮੋਟੇ ਟਾਂਡਾ ਮੇਂ ਗੁਰਪੁਰੀ ਸਿਧਾਰ ਗਿਆ।''

ਸਤਵੇਂ ਗੁਰੂ ਜੀ ਇਸ ਪਾਸ ਜਾ ਕੇ ਕਸ਼ਮੀਰ ਰਹੇ ਜਿਸ ਦਾ ਰਿਕਾਰਡ ਗੁਰੂ ਕੀਆਂ ਸਾਖੀਆਂ ਤੇ ਭੱਟ ਵਹੀ ਵਿਚ ਇਸ ਤਰ੍ਹਾਂ ਹੈ - 'ਗੁਰੂ ਹਰਿ ਰਾਇ ਜੀ ਮਹਿਲ ਸਤਮਾਂ ਬੇਟਾ ਬਾਬਾ ਗੁਰਦਿੱਤਾ ਜੀ ਕਾ। ਸੰਮਤ ਸਤਰਾਂ ਸੌ ਸਤਾਰਾਂ ਕ੍ਰਿਸ਼ਨਾ ਪਖੇ ਜੇਠ ਮਾਸ ਕੀ ਪੰਚਮੀ ਕੇ ਦਿਹੁੰ ਸ੍ਰੀ ਨਗਰ ਆਏ ਕਸ਼ਮੀਰ ਦੇਸ਼ ਮੇਂ, ਗੈਲੇ ਮੱਖਣ ਸ਼ਾਹ ਆਇਆ ਬੇਟਾ ਦਾਸੇ ਕਾ, ਪੋਤਾ ਬਿਨੇ ਕਾ, ਨਾਤੇ ਬਹੋੜੂ ਕੇ ਬੰਸ ਸਉਨ ਕੀ ਪੇਲੀਆਂ ਗੋਤਰ ਬਨਜਾਰਾ'' (ਗੁਰੂ ਕੀਆਂ ਸਾਖੀਆਂ, ਪੰਨਾ 44-45) ਮੱਖਣ ਸ਼ਾਹ ਕੇ ਟਾਂਡੇ ਮੇਂ ਚਾਰ ਮਾਸ ਕਸ਼ਮੀਰ ਦੇਸ ਰਹੇ (ਭੱਟ ਵਹੀ ਤਲਉਂਡਾ ਪ੍ਰਗਣਾ ਜੀਂਦ)।

ਮੱਖਣ ਸ਼ਾਹ ਵਣਜਾਰਾ ਦੁਆਰਾ ਗੁਰੂ ਤੇਗ ਬਹਾਦਰ ਜੀ ਨੂੰ ਗੁਰੂ ਘੋਸ਼ਿਤ ਕਰਨ ਬਾਰੇ ਸਾਖੀਆਂ ਵਿਚ ਇਸ ਤਰ੍ਹਾਂ ਦਰਜ ਹੈ-

'ਸੰਮਤ ਸਤਰਾਂ ਸੌ ਇਕੀਸ ਕੋ ਦੀਵਾਲੀ ਕਾ ਪੁਰਬ ਹੋਆ, ਦੂਰ ਨੇੜੇ ਸੇ ਸਿੱਖ ਸੰਗਤਾਂ ਹੁੰਮ ਹੁਮਾਇ ਗੁਰੂ ਕੇ ਦਰਸ਼ਨ ਪਾਨੇ ਆਈਆਂ। ਬਕਾਲਾ ਗਾਓਂ ਮੇਂ ਬੜਾ ਕੌਤੂਹਲ ਹੂਆ॥ ਮੱਖਨ ਸ਼ਾਹ ਬਨਜਾਰਾ ਸੰਗਤ ਸਾਥ ਲੈ ਕੇ ਗੁਰੂ ਜੀ ਕਾ ਦਰਸ਼ਨ ਪਾਨੇ ਆਇਆ। ਇਸ ਕਾ ਬੇੜਾ ਦਰਿਆਇ ਬੀਚ ਤ੍ਰੇਮੂ ਕੇ ਪਤਨ ਮੇਂ ਭੰਵਰ ਬੀਚ ਫਸਾ ਥਾ। ਇਸੇ ਇੱਕ ਸੌ ਮੋਹਰ ਭੇਟਾ ਦੇਨੀ ਮਾਨੀ ਅਤੇ ਇਹ ਮੁਹਰੇਂ ਲੈ ਕੇ ਬਕਾਲਾ ਨਗਰੀ ਆਇਆ। ਪ੍ਰਿਥਮੇਂ ਸ੍ਰੀ ਧੀਰ ਮੱਲ ਜੀ ਕਾ ਘਰ ਥਾ, ਮਸੰਦ ਬਨਜਾਰੇ ਕੋ ਇਸ ਕੇ ਗ੍ਰਿਹ ਮੇਂ ਲੇ ਆਇ। ਮੱਖਣ ਸ਼ਾਹ ਨੇ ਪਾਂਚ ਮੁਹਰੇਂ ਭੇਟਾ ਕੀ, ਇਸਤਰੀ ਸੋਲਜਈ ਤੇ ਤਿਹਾਂ ਬੇਟਿਆਂ ਦੋ ਦੋ ਮੋਹਰਾਂ ਭੇਟਾ ਰਾਖੀ। ਇਨ ਸਭਨਾਂ ਸ੍ਰੀ ਗ੍ਰੰਥ ਜੀ ਕਾ ਦਰਸ਼ਨ ਪਾਇਆ। ਸ੍ਰੀ ਧੀਰ ਮੱਲ ਨੇ ਇਨਹੇਂ ਸਿਰੋਪਾ ਦੇਕਰ ਵਿਦਾ ਕੀਆ।

ਮੱਖਣ ਸ਼ਾਹ ਯਹਾਂ ਸੇ ਗੁਰੂ ਤੇਗ ਬਹਾਦਰ ਜੀ ਕੇ ਦਰਬਾਰ ਮੇਂ ਆਇਆ। ਪਾਂਚ ਮੁਹਰੇਂ ਭੇਟਾ ਕੀ। ਗੁਰੂ ਜੀ ਮੁਸਕਰਾਏ, ਬਨਜਾਰੇ ਸੇ ਅਪਨੀ ਮਨੌਤ ਮਾਂਗੀ। ਬਚਨ ਹੋਆ ਮੱਖਣ ਸ਼ਾਹ! ਤੇਰੀ ਇਸਤ੍ਰੀ ਸੂਹੇ ਰਾਂਗ ਕੀ ਥੈਲੀ ਮੇਂ ਜਿਸਕਾ ਡੋਰਾ ਹਰੇ ਰੰਗ ਕਾ ਹੈ ਮੋਹਰਾਂ ਪਾਇ ਕਰ ਲਾਈ ਹੈ। ਥੈਲੀ ਤੇਰੇ ਬੜੇ ਬੇਟੇ ਕੇ ਪਾਸ ਹੈ ਜੋ ਪੀਛੇ ਖਲਾ ਹੈ।' ਚੰਦੂ ਲਾਲ ਨੇ ਗੁਰੂ ਜੀ ਕਾ ਬਚਨ ਪਾਇ ਆਗੇ ਆਇ ਮਸਤਕ ਟੇਕ ਕੇ ਥੈਲੀ ਭੇਂਟ ਕੀ। ਮੱਖਣ ਸ਼ਾਹ ਬਾਹਰ ਆਇ ਪਲੂ ਫੇਰਿਆ, ਕਹਾ 'ਭੂਲੀਏ ਸੰਗਤੇ ਗੁਰੂ ਲਾਧੋ ਰੇ' ਤੀਨ ਬਾਰ ਐਸਾ ਬਚਨ ਕੀਆ। ਗੁਰੂ ਜੀ ਬਨਜਾਰੇ ਤੇ ਬਹੁਤ ਬਿਗਸੇ, ਇਸੇ ਸਿੱਖੀ ਦਾਨ ਦੀਆ।' (ਗੁਰੂ ਕੀਆਂ ਸਾਖੀਆਂ ਪੰਨਾ 67-68)

ਇਸੇ ਮੱਖਣ ਸ਼ਾਹ ਬਨਜਾਰੇ ਨੇ ਆਪਣਾ ਆਪਾ ਗੁਰ-ਸਿਖੀ ਵਿਚ ਅਰਪਣ ਕੀਤਾ। ਉਸਦਾ ਬੇਟਾ ਕੁਸ਼ਾਲ ਸਿੰਘ ਗੁਰੂ ਦੀਆਂ ਫੌਜਾਂ ਵਿਚ ਲੜਦਾ ਲੋਹਗੜ੍ਹ ਦੇ ਜੰਗ ਵਿਚ ਬਹਾਦਰੀ ਦਿਖਾਉਂਦਾ ਸ਼ਹੀਦ ਹੋਇਆ।

ਇਸੇ ਤਰ੍ਹਾਂ ਦੀ ਗਾਥਾ ਹੈ ਲੱਖੀ ਸ਼ਾਹ ਵਣਜਾਰੇ ਦੀ ਜਿਸਨੇ ਗੁਰੂ ਤੇਗ ਬਹਾਦਰ ਜੀ ਦਾ ਧੜ ਚਾਂਦਨੀ ਚੌਂਕ ਤੋਂ ਬੜੀ ਬਹਾਦਰੀ ਤੇ ਚੁਸਤੀ ਨਾਲ ਦੁਸ਼ਮਣ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਚੁੱਕ ਲਿਆਂਦਾ ਅਤੇ ਉਨ੍ਹਾਂ ਦਾ ਸਸਕਾਰ ਕਰਨ ਲਈ ਰਾਇਸੀਨਾ ਵਿਚਲਾ ਆਪਣਾ ਘਰ ਚਿਤਾ ਬਣਾ ਦਿੱਤਾ।

ਜਿਤਨੀਆਂ ਸ਼ਹੀਦੀਆਂ ਇਸ ਕਬੀਲੇ ਨੇ ਸਿਖੀ ਬਚਾਉਣ ਲਈ ਕੀਤੀਆਂ ਹੋਰ ਕਿਸੇ ਨੇ ਨਹੀਂ ਕੀਤੀਆਂ। ਇਨ੍ਹਾਂ ਆਂਕੜਿਆਂ ਤੇ ਇਕ ਝਾਤ ਮਾਰਿਆਂ ਜ਼ਾਹਿਰ ਹੋ ਜਾਏਗਾ ਕਿ ਇਨ੍ਹਾਂ ਨੇ ਗੁਰੂ ਸਾਹਿਬ ਦੇ ਹਰ ਯੁੱਧ ਵਿਚ ਭਾਗ ਲਿਆ ਤੇ ਸ਼ਹੀਦੀਆਂ ਪਾਈਆਂ।

ਅਲਬੇਲ ਸਿੰਘ, ਮੇਹਰ ਸਿੰਘ, ਬਾਘ ਸਿੰਘ, ਮਹਾਂ ਸਿੰਘ, ਸੀਤਲ ਸਿੰਘ, ਚਾਚੇ ਨਠੀਆ ਦੇ ਪੁੱਤਰ ਸੰਗਤ ਸਿੰਘ ਬੰਗੇਸ਼ਵਰੀ, ਰਣ ਸਿੰਘ, ਭਗਵੰਤ ਸਿੰਘ, ਕੌਰ ਸਿੰਘ, ਬਾਜ ਸਿੰਘ, ਸ਼ਾਮ ਸਿੰਘ, ਸੁਖਾ ਸਿੰਘ, ਲਾਲ ਸਿੰਘ, ਨੰਦ ਸਿੰਘ ਆਦਿ ਨੇ ਸ਼ਹੀਦੀਆਂ ਦੀਆਂ ਲੜੀਆਂ ਲਾ ਦਿੱਤੀਆਂ।

# ਵਣਜਾਰੇ ਸਿੱਖਾਂ ਦੀਆਂ ਸ਼ਹਾਦਤਾਂ

| ਨੰ: | ਨਾਮ | ਪਿਤਾ | ਸ਼ਹਾਦਤ-ਥਾਂ | ਸ਼ਹਾਦਤ ਮਿਤੀ | ਸਮਾਂ | ਭੱਟ ਵਹੀ |
|---|---|---|---|---|---|---|
| 1 | ਨਾਨੂ | ਮੂਲਾ | ਰੁਹੀਲਾ | 3 ਕੱਤਕ, ਸੰਮਤ 1678 | ਛੇਵੇਂ ਗੁਰੂ | ਮੁਲਤਾਨੀ |
| 2 | ਸੁਖਾ | ਮਾਂਡਨ | ਮਰਾਝਕੇ | 17 ਪੋਹ 1691 | ਛੇਵੇਂ ਗੁਰੂ | ਮੁਲਤਾਨੀ |
| 3 | ਬਲੂ | ਮੂਲਾ | ਅੰਮ੍ਰਿਤਸਰ | 15-4-1634 (ਸੰਨ) | ਛੇਵੇਂ ਗੁਰੂ | ਮੁਲਤਾਨੀ |
| 4 | ਨਠੀਆ | ਬਲੂ | ਕਰਤਾਪੁਰ | 31 ਵਿਸਾਖ 1692 | ਛੇਵੇਂ ਗੁਰੂ | ਮੁਲਤਾਨੀ |
| 5 | ਦਾਸਾ | ਬਲੂ | ਫਗਵਾੜਾ | 1 ਜੇਠ 1692 | ਛੇਵੇਂ ਗੁਰੂ | ਤਲੌਂਡਾ |
| 6 | ਸੁਹੇਲਾ | ਬਲੂ | ਫਗਵਾੜਾ | 1 ਜੇਠ 1692 | ਛੇਵੇਂ ਗੁਰੂ | ਤਲੌਂਡਾ |
| 7 | ਦਿਆਲ ਦਾਸ | ਮਾਈ ਦਾਸ | ਦਿੱਲੀ | 11-11-1675 ਸੰਨ | ਨੌਵੇਂ ਗੁਰੂ | ਤਲੌਂਡਾ |
| 8 | ਹਠੀ ਚੰਦ | ਮਾਈ ਦਾਸ | ਭੰਗਾਣੀ | 18-9-1688 | ਦਸਵੇਂ ਗੁਰੂ | ਮੁਲਤਾਨੀ |
| 9 | ਸੋਹਣ ਚੰਦ | ਮਾਈ ਦਾਸ | ਨਦੌਣ | 20-3-1690 | ਦਸਵੇਂ ਗੁਰੂ | ਮੁਲਤਾਨੀ |
| 10 | ਲਹਿਣਾ ਸਿੰਘ | ਮਾਈ ਦਾਸ | ਗੁਲੇਰ | 20-2-1696 | ਦਸਵੇਂ ਗੁਰੂ | ਭਾਦਸੋਂ |
| 11 | ਰਾਇ ਸਿੰਘ | ਮਾਈ ਦਾਸ | ਮੁਕਤਸਰ | 30-12-1705 | ਦਸਵੇਂ ਗੁਰੂ | ਮੁਲਤਾਨੀ |
| 12 | ਮਾਨ ਸਿੰਘ | ਮਾਈ ਦਾਸ | ਚਿਤੌੜਗੜ੍ਹ | 3-4-1708 | ਦਸਵੇਂ ਗੁਰੂ | ਸਾਖੀਆਂ |
| 13 | ਜੇਠਾ ਸਿੰਘ | ਮਾਈ ਦਾਸ | ਆਲੋਵਾਲ | 11-10-1711 | ਬੰਦਾ ਸਿੰਘ | ਤਲੌਂਡਾ |
| 14 | ਰੁਪ ਸਿੰਘ | ਮਾਈ ਦਾਸ | ਆਲੋਵਾਲ | 11-10-1711 | ਬੰਦਾ ਸਿੰਘ | ਤਲੌਂਡਾ |
| 15 | ਜੇਠਾ ਸਿੰਘ | ਛਬੀਲਾ | ਆਲੋਵਾਲ | 9 ਕੱਤਕ, ਸੰਮਤ 1768 | ਬੰਦਾ ਸਿੰਘ | ਤਲੌਂਡਾ |

| ਨੰ: | ਨਾਮ | ਪਿਤਾ | ਸ਼ਹਾਦਤ-ਥਾਂ | ਸ਼ਹਾਦਤ ਮਿਤੀ | ਸਮਾਂ | ਭੱਟ ਵਹੀ |
|---|---|---|---|---|---|---|
| 16 | ਮਨੀ ਸਿੰਘ | ਮਾਈ ਦਾਸ | ਲਹੌਰ | 24-6-1734 | ਮਨੀ ਸਿੰਘ | ਮੁਲਤਾਨੀ |
| 17 | ਜਗਤ ਸਿੰਘ | ਮਾਈ ਦਾਸ | ਲਹੌਰ | 24-6-1734 | ਮਨੀ ਸਿੰਘ | ਮੁਲਤਾਨੀ |
| 18 | ਕਲਿਆਣ ਸਿੰਘ | ਦਿਆਲ ਦਾਸ | ਤਾਰਾਗੜ੍ਹ | 29 ਭਾਦੋਂ 1757 | ਦਸਵੇਂ ਗੁਰੂ | ਤੋਮਰ |
| 19 | ਭਗਵਾਨ ਸਿੰਘ | ਮਨੀ ਸਿੰਘ | ਫਤੇਗੜ੍ਹ | 31 ਭਾਦੋਂ 1757 | ਦਸਵੇਂ ਗੁਰੂ | ਜਾਦੋਬੰਸੀ |
| 20 | ਨੰਦ ਸਿੰਘ | ਨਠੀਆ | ਫਤੇਗੜ੍ਹ | 31 ਭਾਦੋਂ 1757 | ਦਸਵੇਂ ਗੁਰੂ | ਜਾਦੋਬੰਸੀ |
| 21 | ਬਾਘ ਸਿੰਘ | ਰਾਇ ਸਿੰਘ | ਅਗੰਮਗੜ੍ਹ | 31 ਭਾਦੋਂ 1757 | ਦਸਵੇਂ ਗੁਰੂ | ਤਲੌਂਡਾ |
| 22 | ਘਰਬਾਰਾ ਸਿੰਘ | ਨਾਨੂ | ਅਗੰਮਗੜ੍ਹ | 31 ਭਾਦੋਂ 1757 | ਦਸਵੇਂ ਗੁਰੂ | ਤਲੌਂਡਾ |
| 23 | ਆਲਮ ਸਿੰਘ | ਦਰੀਆ | ਲੋਹਗੜ੍ਹ | 1 ਅੱਸੂ 1757 | ਦਸਵੇਂ ਗੁਰੂ | ਤਲੌਂਡਾ |
| 24 | ਸੁਖਾ ਸਿੰਘ | ਰਾਇ ਸਿੰਘ | ਲੋਹਗੜ੍ਹ | 1 ਅੱਸੂ 1757 | ਦਸਵੇਂ ਗੁਰੂ | ਤਲੌਂਡਾ |
| 25 | ਕੁਸ਼ਾਲ ਸਿੰਘ | ਮੱਖਣਸ਼ਾਹ | ਲੋਹਗੜ੍ਹ | 1 ਅੱਸੂ 1757 | ਦਸਵੇਂ ਗੁਰੂ | ਤਲੌਂਡਾ |
| 26 | ਮਥਰਾ ਸਿੰਘ | ਦਿਆਲ ਦਾਸ | ਨਿਰਮੋਹਗੜ੍ਹ | 7 ਕੱਤਕ 1757 | ਦਸਵੇਂ ਗੁਰੂ | ਮੁਲਤਾਨੀ |
| 27 | ਸੂਰਤ ਸਿੰਘ | ਕੇਵਲ | ਨਿਰਮੋਹਗੜ੍ਹ | 7 ਕੱਤਕ 1757 | ਦਸਵੇਂ ਗੁਰੂ | ਮੁਲਤਾਨੀ |
| 28 | ਹਿੰਮਤ ਸਿੰਘ | ਜੀਤਾ | ਨਿਰਮੋਹਗੜ੍ਹ | 12 ਕੱਤਕ 1757 | ਦਸਵੇਂ ਗੁਰੂ | ਤਲੌਂਡਾ |
| 29 | ਮੋਹਰ ਸਿੰਘ | ਧੂਮਾ | ਨਿਰਮੋਹਗੜ੍ਹ | 12 ਕੱਤਕ 1757 | ਦਸਵੇਂ ਗੁਰੂ | ਤਲੌਂਡਾ |
| 30 | ਜੀਵਨ ਸਿੰਘ | ਪ੍ਰੇਮ ਚੰਦ | ਕਲਮੋਟ | 19 ਕੱਤਕ 1757 | ਦਸਵੇਂ ਗੁਰੂ | ਤਲੌਂਡਾ |
| 31 | ਉਦੈ ਸਿੰਘ | ਮਨੀ ਸਿੰਘ | ਸ਼ਾਹੀ ਟਿਬੀ | 6-12-1705 | ਦਸਵੇਂ ਗੁਰੂ | ਕਰ ਸਿੰਧੂ |
| 32 | ਅਨਿਕ ਸਿੰਘ | ਮਨੀ ਸਿੰਘ | ਚਮਕੌਰ | 7-12-1705 | ਦਸਵੇਂ ਗੁਰੂ | ਸਾਖੀਆਂ |
| 33 | ਅਜਬ ਸਿੰਘ | ਮਨੀ ਸਿੰਘ | ਚਮਕੌਰ | 7-12-1705 | ਦਸਵੇਂ ਗੁਰੂ | ਸਾਖੀਆਂ |

| ਨੰ: | ਨਾਮ | ਪਿਤਾ | ਸ਼ਹਾਦਤ-ਥਾਂ | ਸ਼ਹਾਦਤ ਮਿਤੀ | ਸਮਾਂ | ਭੱਟ ਵਹੀ |
|---|---|---|---|---|---|---|
| 34 | ਅਜੈਬ ਸਿੰਘ | ਮਨੀ ਸਿੰਘ | ਚਮਕੌਰ | 7-12-1705 | ਦਸਵੇਂ ਗੁਰੂ | ਸਾਖੀਆਂ |
| 35 | ਬਚਿਤ੍ਰ ਸਿੰਘ | ਮਨੀ ਸਿੰਘ | ਕੋਟ ਨਿਹੰਗ | 8-12-1705 | ਦਸਵੇਂ ਗੁਰੂ | ਤਲੌਂਡਾ |
| 36 | ਚਿਤ੍ਰ ਸਿੰਘ | ਮਨੀ ਸਿੰਘ | ਲਹੌਰ | 24-6-1734 | ਮਨੀ ਸਿੰਘ | ਮੁਲਤਾਨੀ |
| 37 | ਗੁਰਬਖਸ਼ ਸਿੰਘ | ਮਨੀ ਸਿੰਘ | ਲਹੌਰ | 24-6-1734 | ਮਨੀ ਸਿੰਘ | ਮੁਲਤਾਨੀ |
| 38 | ਕੇਸੋ ਸਿੰਘ | ਚਿਤ੍ਰ ਸਿੰਘ | ਬਿਲਾਸਪੁਰ | 26-12-1711 | ਬੰਦਾ ਸਿੰਘ | ਸਾਖੀਆਂ |
| 39 | ਸੈਣਾ ਸਿੰਘ | ਚਿਤ੍ਰ ਸਿੰਘ | ਸਢੌਰਾ | 22-6-1713 | ਬੰਦਾ ਸਿੰਘ | ਸਾਖੀਆਂ |
| 40 | ਸੰਗਰਾਮ ਸਿੰਘ | ਬਚਿਤ੍ਰ ਸਿੰਘ | ਚਪੜਚਿੜੀ | 13-5-1710 | ਬੰਦਾ ਸਿੰਘ | ਸਾਖੀਆਂ |
| 41 | ਰਾਮ ਸਿੰਘ | ਚਿਤ੍ਰ ਸਿੰਘ | ਦਿੱਲੀ | 9-6-1716 | ਬੰਦਾ ਸਿੰਘ | ਸਾਖੀਆਂ |
| 42 | ਮਹਬੂਬ ਸਿੰਘ | ਉਦੈ ਸਿੰਘ | ਚਪੜਚਿੜੀ | 13-5-1710 | ਬੰਦਾ ਸਿੰਘ | ਸਾਖੀਆਂ |
| 43 | ਫਤੇ ਸਿੰਘ | ਉਦੈ ਸਿੰਘ | ਚਪੜਚਿੜੀ | 13-5-1710 | ਬੰਦਾ ਸਿੰਘ | ਸਾਖੀਆਂ |
| 44 | ਅਲਬੇਲ ਸਿੰਘ | ਉਦੈ ਸਿੰਘ | ਸਢੌਰਾ | 22-6-1713 | ਬੰਦਾ ਸਿੰਘ | ਸਾਖੀਆਂ |
| 45 | ਮੇਹਰ ਸਿੰਘ | ਉਦੈ ਸਿੰਘ | ਸਢੌਰਾ | 22-6-1713 | ਬੰਦਾ ਸਿੰਘ | ਸਾਖੀਆਂ |
| 46 | ਬਾਘ ਸਿੰਘ | ਉਦੈ ਸਿੰਘ | ਬਿਲਾਸਪੁਰ | 26-12-1711 | ਬੰਦਾ ਸਿੰਘ | ਸਾਖੀਆਂ |
| 47 | ਬਾਘ ਸਿੰਘ | ਰਾਇ ਸਿੰਘ | ਅਗੰਮਗੜ੍ਹ | ਭਾਦੋਂ 1757 | ਦਸਵੇਂ ਗੁਰੂ | ਮੁਲਤਾਨੀ |
| 48 | ਮਹਾਂ ਸਿੰਘ | ਰਾਇ ਸਿੰਘ | ਮੁਕਤਸਰ | 30-12-1705 | ਦਸਵੇਂ ਗੁਰੂ | ਮੁਲਤਾਨੀ |
| 49 | ਸੀਤਲ ਸਿੰਘ | ਰਾਇ ਸਿੰਘ | ਮੁਕਤਸਰ | 30-12-1705 | ਦਸਵੇਂ ਗੁਰੂ | ਮੁਲਤਾਨੀ |
| 50 | ਸੰਤ ਸਿੰਘ | ਨਠੀਆ | ਚਮਕੌਰ | 7-12-1705 | ਦਸਵੇਂ ਗੁਰੂ | ਸਾਖੀਆਂ |
| 51 | ਸੰਗਤ ਸਿੰਘ | ਨਠੀਆ | ਲਹੌਰ | 24-6-1734 | ਮਨੀ ਸਿੰਘ | ਕਰ ਸਿੰਧੂ |

| ਨੰ: | ਨਾਮ | ਪਿਤਾ | ਸ਼ਹਾਦਤ-ਥਾਂ | ਸ਼ਹਾਦਤ ਮਿਤੀ | ਸਮਾਂ | ਭੱਟ ਵਹੀ |
|---|---|---|---|---|---|---|
| 52 | ਰਣ ਸਿੰਘ | ਨਠੀਆ | ਲਹੌਰ | 24-6-1734 | ਮਨੀ ਸਿੰਘ | ਕਰ ਸਿੰਧੂ |
| 53 | ਭਗਵੰਤ ਸਿੰਘ | ਨਠੀਆ | ਦਿੱਲੀ | 1 ਹਾੜ 1773 | ਬੰਦਾ ਸਿੰਘ | ਭਾਦਸੋਂ |
| 54 | ਕੌਰ ਸਿੰਘ | ਨਠੀਆ | ਦਿੱਲੀ | 1 ਹਾੜ 1773 | ਬੰਦਾ ਸਿੰਘ | ਭਾਦਸੋਂ |
| 55 | ਬਾਜ ਸਿੰਘ | ਨਠੀਆ | ਦਿੱਲੀ | 1 ਹਾੜ 1773 | ਬੰਦਾ ਸਿੰਘ | ਭਾਦਸੋਂ |
| 56 | ਸ਼ਾਮ ਸਿੰਘ | ਨਠੀਆ | ਦਿੱਲੀ | 1 ਹਾੜ 1773 | ਬੰਦਾ ਸਿੰਘ | ਭਾਦਸੋਂ |
| 57 | ਸੁਖਾ ਸਿੰਘ | ਨਠੀਆ | ਦਿੱਲੀ | 1 ਹਾੜ 1773 | ਬੰਦਾ ਸਿੰਘ | ਭਾਦਸੋਂ |
| 58 | ਲਾਲ ਸਿੰਘ | ਨਠੀਆ | ਦਿੱਲੀ | 1 ਹਾੜ 1773 | ਬੰਦਾ ਸਿੰਘ | ਭਾਦਸੋਂ |
| 59 | ਆਲਮ ਸਿੰਘ | ਦਰੀਆ | ਲਹੌਰ | 24-6-1734 | ਮਨੀ ਸਿੰਘ | ਤਲੌਂਡਾ |
| 60 | ਗੁਲਜ਼ਾਰ ਸਿੰਘ | ਦਰੀਆ | ਲਹੌਰ | 24-6-1734 | ਮਨੀ ਸਿੰਘ | ਤਲੌਂਡਾ |
| 61 | ਨਗਾਹੀ ਸਿੰਘ | ਲਖੀ ਰਾਇ | ਅੰਮ੍ਰਿਤਸਰ | 9 ਵਿਸਾਖ 1766 | ਮਨੀ ਸਿੰਘ | ਸਾਖੀਆਂ |

**ਸਾਖੀਆਂ- ਗੁਰੂ ਕੀਆਂ ਸਾਖੀਆਂ- ਪ੍ਰੋ. ਪਿਆਰਾ ਸਿੰਘ ਪਦਮ, ਗਿਆਨੀ ਗਰਜਾ ਸਿੰਘ**
**ਨੋਟ: ਦੇਸੀ ਮਹੀਨਿਆਂ ਵਾਲੀਆਂ ਤਰੀਕਾਂ ਵਿਚ ਬਿਕਰਮੀ ਸੰਮਤ ਦਿੱਤਾ ਹੈ।**

ਇਨ੍ਹਾਂ ਤੋਂ ਇਲਾਵਾ ਮੁਲਤਾਨ ਦੇ ਨੇੜੇ ਆਲੋਵਾਲ ਵਿਖੇ 11 ਅਕਤੂਬਰ 1711 ਨੂੰ 40 ਹੋਰ ਵਣਜਾਰਿਆਂ ਦੇ ਸ਼ਹੀਦ ਕੀਤੇ ਜਾਣ ਬਾਰੇ ਇਸ ਤਰ੍ਹਾਂ ਦਰਜ ਹੈ, 'ਸਰਬਰਾਹ ਖਾਂ ਕੋਤਵਾਲ ਨੂੰ ਹੁਕਮ ਹੋਇਆ ਕਿ ਮੁਲਤਾਨ ਦੇ ਇਲਾਕੇ ਤੋਂ 40 ਵਣਜਾਰੇ ਸਿਖ ਕੋਤਵਾਲੀ ਲਿਆਂਦੇ ਗਏ ਹਨ। ਜੇ ਉਹ ਇਸਲਾਮ ਕਬੂਲ ਕਰ ਲੈਣ ਤਾਂ ਵਾਹ ਭਲੀ, ਨਹੀਂ ਤਾਂ ਉਨ੍ਹਾਂ ਨੂੰ ਮਾਰ ਦਿੱਤਾ ਜਾਵੇ। ਬਾਦਸ਼ਾਹ ਨੂੰ ਦੱਸਿਆ ਗਿਆ ਕਿ ਉਹ ਨਹੀਂ ਮੰਨੇ, ਕੁਫ਼ਰ ਤੋਂ ਨਹੀਂ ਮੁੜੇ। ਸ਼ਾਹੀ ਹੁਕਮ ਹੋਇਆ ਕਿ ਮਾਰ ਦਿਉ। **(ਅਖ਼ਬਾਰਾਤਿ ਦਰਬਾਰਿ ਮੁਅਲਾ ੧੧ ਅਕਤੂਬਰ ੧੭੧੧, ਦਸ ਰਮਜਾਨ ਹਿਜਰੀ ੧੧੨੩, ਸੰਨ ਪੱਚਮ ਬਹਾਦਰਸ਼ਾਹੀ)।**

ਏਥੇ ਨਮੂਨੇ ਦੇ ਤੌਰ ਤੇ ਸਿਰਫ਼ ਸੌ ਕੁ ਵਣਜਾਰੇ ਸਿੱਖ ਸ਼ਹੀਦਾਂ ਦੀ ਹੀ ਸੂਚੀ ਦਿੱਤੀ ਗਈ ਹੈ ਪਰ ਇਨ੍ਹਾਂ ਦੀ ਗਿਣਤੀ ਬਹੁਤ ਵੱਡੀ ਹੈ।

ਜੇ ਇਸੇ ਸੂਚੀ ਨੂੰ ਵੇਖਿਆ ਜਾਵੇ ਤਾਂ ਇਸ ਵਿਚ ਦੇਗਾਂ ਵਿਚ ਉਬਾਲੇ ਜਾਣ ਵਾਲੇ ਭਾਈ ਦਿਆਲਾ, ਬੰਦ ਬੰਦ ਕਟਵਾਉਣ ਵਾਲੇ ਭਾਈ ਮਨੀ ਸਿੰਘ, ਪੁਠੀਆਂ ਖੱਲਾਂ ਲੁਹਾਉਣ ਵਾਲੇ ਭਾਈ ਜਗਤ ਸਿੰਘ ਤਿੰਨੇ ਭਰਾ ਸਨ। ਇਨ੍ਹਾਂ ਦੇ ਬਾਕੀ ਦੇ ਸੱਤ ਭਰਾ ਵੀ ਇਸੇ ਤਰ੍ਹਾਂ ਸਿੱਖੀ ਬਚਾਉਂਦੇ ਸ਼ਹੀਦ ਹੋਏ। ਜਿਵੇਂ ਉਨ੍ਹਾਂ ਦੇ ਦਾਦੇ ਬਲੂ ਨੇ ਆਪਣਾ ਭਾਈ ਨਾਨੂੰ ਤੇ ਤਿੰਨ ਪੁਤਰ ਨਠੀਆ, ਦਾਸਾ ਤੇ ਸੁਹੇਲਾ ਗੁਰੂ ਹਰਗੋਬਿੰਦ ਜੀ ਦੇ ਯੁਧਾਂ ਵਿਚ ਸ਼ਹੀਦ ਹੋਣ ਲਈ ਭੇਜੇ ਤਿਵੇਂ ਭਾਈ ਮਨੀ ਸਿੰਘ ਨੇ ਆਪਣੇ ਪੁੱਤਰ ਚਿਤ੍ਰ ਸਿੰਘ, ਬਚਿਤ੍ਰ ਸਿੰਘ, ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜੈਬ ਸਿੰਘ, ਭਗਵਾਨ ਸਿੰਘ ਤੇ ਗੁਰਬਖਸ਼ ਸਿੰਘ, ਪੋਤਰੇ ਕੇਸੋ ਸਿੰਘ, ਸੈਣਾ ਸਿੰਘ, ਸੰਗਰਾਮ ਸਿੰਘ, ਰਾਮ ਸਿੰਘ, ਮਹਬੂਬ ਸਿੰਘ, ਫਤੇ ਸਿੰਘ, ਅਲਬੇਲ ਸਿੰਘ, ਮੇਹਰ ਸਿੰਘ, ਬਾਘ ਸਿੰਘ, ਮਹਾਂ ਸਿੰਘ, ਸੀਤਲ ਸਿੰਘ, ਚਾਚੇ ਨਠੀਆ ਦੇ ਪੁੱਤਰ ਸੰਗਤ ਸਿੰਘ ਬੰਗੇਸ਼ਵਰੀ, ਰਣ ਸਿੰਘ, ਭਗਵੰਤ ਸਿੰਘ, ਕੌਰ ਸਿੰਘ, ਬਾਜ ਸਿੰਘ, ਸ਼ਾਮ ਸਿੰਘ, ਸੁਖਾ ਸਿੰਘ, ਲਾਲ ਸਿੰਘ, ਨੰਦ ਸਿੰਘ ਆਦਿ ਨੇ ਸ਼ਹੀਦੀਆਂ ਦੀਆਂ ਲੜੀਆਂ ਲਾ ਦਿੱਤੀਆਂ। ਸ਼ਹੀਦਾਂ ਦੀ ਕਤਾਰ ਵਿਚ ਭਾਈ ਮਨੀ ਸਿੰਘ ਜੀ ਦਾ ਤਾਂ ਤਕਰੀਬਨ ਸਾਰਾ ਹੀ ਪਰਿਵਾਰ ਆ ਜਾਂਦਾ ਹੈ। ਉਨ੍ਹਾਂ ਦੀ ਬਹਾਦਰੀ ਦੇ ਕੁਝ ਕੁ ਨਮੂਨੇ ਪੇਸ਼ ਹਨ–

* ਗੁਰੂ ਕਾ ਬਚਨ ਪਾਇ ਮਨੀ ਸਿੰਘ ਬੇਟਾ ਮਾਈ ਦਾਸ ਪੋਤਾ ਬਲੂ ਕਾ, ਬਚਿਤ੍ਰ ਸਿੰਘ ਬੇਟਾ ਮਨੀ ਸਿੰਘ, ਉਦੈ ਸਿੰਘ ਬੇਟਾ ਮਨੀ ਸਿੰਘ ਕਾ... ਸਾਲ ਸਤਰਾਂ ਸੌ ਸਤਵੰਜਾ ਅਸੂ ਪ੍ਰਵਿਸ਼ਟੇ ਪਹਿਲੀ ਵੀਰਵਾਰ ਕੇ ਦਿਹੁੰ ਕਿਲਾ ਲੋਹਗੜ੍ਹ ਚਰਨਗੰਗਾ ਨਦੀ ਕੇ ਮਲਾਨ ਸਾਹਮੇ ਮਾਥੇ ਘੋਰ ਯੁਧ ਕੀਆ। ਬਚਿਤ੍ਰ ਸਿੰਘ ਨੇ ਹਾਥੀ ਕੋ ਮਾਰ ਭਗਾਇਆ, ਉਦੈ ਸਿੰਘ ਕੇ ਹਾਥ ਸੇ ਕੇਸਰੀ ਚੰਦ ਜਸਵਾਰੀਆ ਮਾਰਾ ਗਿਆ। ਮਨੀ ਸਿੰਘ ਸਖ਼ਤ ਘਾਇਲ ਹੂਏ। ਆਲਮ ਸਿੰਘ ਬੇਟਾ ਦਰੀਆ ਕਾ ਪੋਤਾ ਮੂਲੇ ਕਾ, ਸੁੱਚਾ ਸਿੰਘ ਬੇਟਾ ਰਾਇ ਸਿੰਘ ਕਾ, ਕੁਸ਼ਾਲ ਸਿੰਘ ਬੇਟਾ ਮਖਨ ਸ਼ਾਹ ਬਨਜਾਰਾ ਕਾ ਰਣ ਮੇਂ ਜੂਝ ਮਰੇ। **(ਭੱਟ ਵਹੀ ਤਲਾਉਂਡਾ, ਪਰਗਨਾ ਜੀਂਦ ਖਾਤਾ ਜਲਹਾਨੋਂ ਕਾ)**

* **ਬਾਜ ਸਿੰਘ**:– ਸੰਮਤ ਸਤਰਾਂ ਸੌ ਪੈਂਸਠ ਕਾਰਤਕ ਮਾਸੇ ਸੁਦੀ ਥਿਤ ਤੀਜ ਕੇ ਦਿਹੁੰ ਬੰਦਾ ਸਿੰਘ ਕੋ ਪੰਥ ਕਾ ਜਥੇਦਾਰ ਥਾਪ ਬੰਗੇਸਰੀ ਕੇ ਟਾਂਡੇ ਮੇਂ ਮਦਰ ਦੇਸ ਜਾਨੇ ਕਾ ਬਚਨ ਕੀਆ। ਇਸ ਕੇ ਹਮਰਾਹ ਪਾਂਚ ਚੋਣਵੇਂ ਸਿੱਖ ਭਾਈ ਭਗਵੰਤ ਸਿੰਘ, ਕੋਇਰ ਸਿੰਘ, ਬਾਜ ਸਿੰਘ, ਬਿਨੋਦ ਸਿੰਘ ਤੇ ਕਾਹਨ ਸਿੰਘ ਦੀਏ (ਗੁਰੂ ਕੀਆਂ ਸਾਖੀਆਂ ਪੰਨਾ 199–2)। ਬੰਦੇ ਨੇ ਮਾਝੇ ਦੇ ਜਥੇ ਬਿਨੋਦ ਸਿੰਘ, ਬਾਜ ਸਿੰਘ, ਰਾਮ ਸਿੰਘ ਤੇ ਸ਼ਾਮ ਸਿੰਘ ਦੇ ਤਹਿਤ ਕੀਤਾ।... ਸਾਰੇ ਸਰਹੰਦ ਦੀ ਹਾਕਮੀ ਬਾਜ ਸਿੰਘ ਨੂੰ ਦਿੱਤੀ ਗਈ ਜਿਸ ਦਾ ਤੀਜਾ ਭਰਾ ਸ਼ਾਮ ਸਿੰਘ ਤਾਂ ਉਸ ਪਾਸ ਹੀ ਰਹਿੰਦਾ ਅਤੇ ਚੌਥਾ ਭਰਾ ਕੋਇਰ ਸਿੰਘ ਬੰਦੇ ਦੀ ਅੜਦਲ ਵਿਚ।... ਬੰਦੇ ਦੇ ਸਮੇਂ ਜੋ ਨਾਮ ਬਾਜ ਸਿੰਘ ਨੇ ਪਾਇਆ ਹੋਰ ਕਿਸੇ ਨੇ ਨਹੀਂ ਪਾਇਆ। ਇਹ ਇਕ ਚੋਣਵਾਂ ਯੋਧਾ ਅਤੇ ਪਰਲੇ ਦਰਜੇ ਦਾ ਨਿਰਭੈ ਸੀ ਅਤੇ ਇਸ ਦੇ ਭਾਈ ਵੀ ਘੱਟ ਨਹੀਂ ਸਨ। ਇਹੋ ਕਾਰਨ ਸੀ ਕਿ ਹਕੂਮਤ ਦੇ ਵੱਡੇ–ਵੱਡੇ ਅਹੁਦੇ ਇਨ੍ਹਾਂ ਨੂੰ ਹੀ ਦਿੱਤੇ ਹੋਏ ਸਨ ਅਤੇ ਸਾਰੇ ਦਲ ਵਿਚੋਂ ਇਨ੍ਹਾਂ ਦੀ ਹੀ ਮੰਨੀ ਜਾਂਦੀ ਸੀ।

ਬੰਦੇ ਦਾ ਸਾਰਾ ਹਾਲ ਪੜ੍ਹਨ ਤੋਂ ਪਹਿਲਾਂ ਪਤਾ ਲੱਗ ਜਾਂਦਾ ਹੈ ਕਿ ਉਸ ਨੇ ਬਾਜ ਸਿੰਘ

ਉੱਤੇ ਭਰੋਸਾ ਕਰਨ ਵਿਚ ਭੁਲ ਨਹੀਂ ਕੀਤੀ ਸੀ, ਕਿਉਂਕਿ ਇਹ ਬਹਾਦਰ ਅਖੀਰ ਦਮ ਤੀਕ ਬੰਦੇ ਦੇ ਨਾਲ ਰਿਹਾ ਅਤੇ ਅੰਤ ਬੰਦੇ ਦੇ ਨਾਲ ਹੀ ਦਿੱਲੀ ਜਾ ਸ਼ਹੀਦੀ ਹਾਸਿਲ ਕੀਤੀ। **(ਕਰਮ ਸਿੰਘ ਹਿਸਟੋਰੀਅਨ, ਬੰਦਾ ਸਿੰਘ, ਪੰਨਾ** 34-41)। ਭਗਵੰਤ ਸਿੰਘ, ਕੋਇਰ ਸਿੰਘ, ਬਾਜ ਸਿੰਘ, ਬੇਟੇ ਨਠੀਆ ਕੇ, ਪੋਤੇ ਬਲੂ ਰਾਇ ਕੇ... ਸੰਮਤ 1773 ਅਸਾਢ ਮਾਸੇ ਏਕਮ ਕੇ ਦਿਵਸ ਸਵਾ ਪਹਿਰ ਦਿਹੁੰ ਚਢੇ ਬਖਤਯਾਰ ਕਾਕੀ ਦੇ ਮਕਬਰੇ ਪਾਸ ਜਮਨਾ ਨਦੀ ਕਿਨਾਰੇ ਬਾਬਾ ਬੰਦਾ ਸਿੰਘ ਸਾਹਿਬ ਨਾਲ ਸ਼ਹਾਦਤਾਂ ਪਾਇ ਗਏ। **(ਭੱਟ ਵਹੀ ਭਾਦਸੋਂ, ਪਰਗਣਾ ਥਾਨੇਸਰ)**

ਡਾ. ਹਰਿਭਜਨ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਖੋਜ ਅਨੁਸਾਰ ਵਣਜਾਰਿਆਂ ਦੇ ਭਾਰਤ ਵਿਚ 20,000 ਟਾਂਡੇ ਹਨ ਤੇ ਇਨ੍ਹਾਂ ਦੀ ਗਿਣਤੀ ਪੰਜ ਕਰੋੜ ਹੈ ਜੋ ਭਾਰਤ ਦੇ 22 ਸੂਬਿਆਂ ਵਿਚ ਫ਼ੈਲੀ ਹੈ। ਪਰ ਮੁੱਖ ਤੌਰ ਤੇ ਮੱਧ ਪ੍ਰਦੇਸ਼ (47 ਲੱਖ), ਮਹਾਂਰਾਸ਼ਟਰ (62 ਲੱਖ), ਆਂਧਰਾ ਪ੍ਰਦੇਸ਼ (71 ਲੱਖ), ਕਰਨਾਟਕ (67 ਲੱਖ), ਉੱਤਰ ਪ੍ਰਦੇਸ਼ (58 ਲੱਖ), ਉੜੀਸਾ (33 ਲੱਖ), ਬਿਹਾਰ (35 ਲੱਖ), ਰਾਜਸਥਾਨ (32 ਲੱਖ) ਰਾਜਾਂ ਦੇ ਖਿੱਤਿਆਂ ਵਿਚ ਇਨ੍ਹਾਂ ਦੇ ਟਾਂਡਿਆਂ ਦੀ ਭਰਮਾਰ ਹੈ। ਜਿਸ ਸ਼ਹਿਰ ਗਰਾਂ ਨੇੜੇ ਇਹ ਬਸਤੀ ਵਸਾਉਂਦੇ ਹਨ ਉਸ ਨੂੰ ਟਾਂਡਾ ਕਹਿੰਦੇ ਹਨ ਤੇ ਟਾਂਡੇ ਦਾ ਨਾਮ ਉਸ ਸ਼ਹਿਰ ਗਰਾਂ ਦੇ ਨਾਮ ਤੇ ਹੀ ਰੱਖਦੇ ਹਨ। ਟਾਂਡੇ ਦੇ ਮੁਖੀ ਨੂੰ ਨਾਇਕ ਕਿਹਾ ਜਾਂਦਾ ਹੈ। ਇਹ ਆਪਣਾ ਸੰਬੰਧ ਰਾਠੌਰ, ਚੌਹਾਨ, ਪਵਾਰ ਤੇ ਯਾਦਵਾਂ ਨਾਲ ਜੋੜਦੇ ਹਨ ਤੇ ਰਾਜਪੂਤ ਵੀ ਅਖਵਾਉਂਦੇ ਹਨ। ਮਹਾਂਰਾਸ਼ਟਰ ਵਿਚ ਭਾਰੀ ਗਿਣਤੀ ਕਾਰਨ ਸ੍ਰੀ ਵੀ. ਪੀ. ਨਾਇਕ ਅਤੇ ਸੁਧਾਕਰ ਰਾਓ ਨਾਇਕ ਮਹਾਂਰਾਸ਼ਟਰ ਦੇ ਮੁਖ ਮੰਤਰੀ ਬਣੇ ਪਰ ਇਨ੍ਹਾਂ ਆਪਣੇ ਆਪ ਨੂੰ ਗੁਰੂ ਨਾਨਕ ਦੇ ਸਿੱਖ ਨਾ ਐਲਾਨਿਆ ਪਰ ਟਾਂਡਿਆਂ ਦਾ ਕੁਝ ਸੁਧਾਰ ਤਾਂ ਜ਼ਰੂਰ ਕੀਤਾ।

ਘੁੰਮ ਫਿਰ ਕੇ ਵਣਜ ਕਰਨ ਕਰਕੇ ਇਨ੍ਹਾਂ ਦਾ ਨਾਮ ਵਣਜਾਰਾ ਪਿਆ। ਅੰਗ੍ਰੇਜ਼ ਵਿਉਪਾਰੀ ਕੌਮ ਸੀ ਜਿਨ੍ਹਾਂ ਨੇ ਇਨ੍ਹਾਂ ਦੇ ਕੰਮ ਕਾਜ ਤੇ ਭਾਰੀ ਅਸਰ ਪਾਇਆ ਤੇ ਇਹ ਸ਼ਹਿਰਾਂ ਪਿੰਡਾਂ ਦੇ ਨੇੜੇ ਹੀ ਵਸ ਗਏ ਤੇ ਵਿਉਪਾਰ ਕਰਨ ਲੱਗ ਪਏ। ਪਰ ਨਵੇਂ ਢੰਗ ਦੇ ਵਿਉਪਾਰ ਨੇ ਇਨ੍ਹਾਂ ਨੂੰ ਬੜੀ ਢਾਹ ਲਾਈ ਤੇ ਇਹ ਖੇਤੀ ਵਲ ਮੁੜੇ ਪਰ ਕਮਾਈ ਖੇਤਰੋਂ ਊਣੇ ਹੀ ਰਹੇ। ਅੱਜ ਕੱਲ੍ਹ ਇਹ ਬੜੀਆਂ ਮੁਸ਼ਕਿਲਾਂ ਵਿਚੋਂ ਗੁਜ਼ਰ ਰਹੇ ਹਨ। ਇਸਾਈਆਂ ਨੇ ਇਨ੍ਹਾਂ ਦੀ ਗਰੀਬੀ ਦਾ ਫ਼ਾਇਦਾ ਉਠਾਉਣ ਦੀ ਕੋਸ਼ਿਸ਼ ਕੀਤੀ ਪਰ ਇਨ੍ਹਾਂ ਨੇ ਆਪਣੇ ਗੁਰੂ ਦਾ ਲੜ ਨਾ ਛੱਡਿਆ। ਗੁਰੂ ਨਾਨਕ ਦੇਵ ਨੇ ਇਨ੍ਹਾਂ ਨੂੰ ਲੜ ਲਾਈ ਰੱਖਿਆ। ਸੋ, ਇਨ੍ਹਾਂ ਦਾ ਨਾਅਰਾ ਹੋ ਗਿਆ, 'ਜਿਸ ਘਰ ਨਾਨਕ ਪੂਜਾ, ਉਸ ਘਰ ਦੇਉ ਨ ਦੂਜਾ।' 1699 ਦੀ ਵਿਸਾਖੀ ਨੂੰ ਅੰਮ੍ਰਿਤ ਛਕਣ ਵਿਚ ਸਭ ਤੋਂ ਵੱਧ ਵਣਜਾਰੇ ਹੀ ਸਨ।

ਵਣਜਾਰੇ ਸਿੱਖ ਆਪਣੇ ਨਾਮ ਨਾਲ ਸਿੰਘ ਲਾਉਂਦੇ ਹਨ। ਹਰ ਟਾਂਡੇ ਵਿਚ ਇਕ ਅਰਦਾਸੀਆ ਹੁੰਦਾ ਹੈ। ਦੋ ਧੜਿਆਂ ਵਿਚ ਲੜਾਈ ਹੋ ਰਹੀ ਹੋਵੇ ਤੇ ਅਰਦਾਸੀਆ ਗੁਰੂ ਨਾਨਕ ਦੀ ਅਰਦਾਸ ਕਰ ਦੇਵੇ ਤਾਂ ਦੋਨੋਂ ਧੜੇ ਲੜਾਈ ਅੱਧਵਾਟੇ ਛੱਡ ਕੇ ਆਪੋ ਆਪਣੇ ਘਰਾਂ ਨੂੰ ਤੁਰ ਜਾਂਦੇ ਹਨ। ਲੜਕੇ ਦੇ ਵਿਆਹ ਸਮੇਂ ਪਗੜੀ ਵਿਚ ਗੁਰੂ ਨਾਨਕ ਦੇ ਨਾਮ ਦਾ ਰੁਪਈਆ ਬੰਨ੍ਹੇ ਬਗੈਰ ਸ਼ਾਦੀ ਨਹੀਂ ਹੋ ਸਕਦੀ। ਇਹ ਰੁਪਈਆ ਸ਼ਾਦੀ ਵਿਚ ਸਭ ਤੋਂ

ਕੀਮਤੀ ਤੇ ਜ਼ਰੂਰੀ ਵਸਤੂ ਮੰਨਿਆ ਜਾਂਦਾ ਹੈ। ਵਿਆਂਹਦੜ ਲੜਕੀ ਨਾਨਕ ਸਾਹਿਬ ਦੇ ਨਾਮ ਦਾ ਚੂੜਾ ਪਹਿਨਦੀ ਹੈ। ਸ਼ਾਦੀ ਸਮੇਂ ਸੂਈ ਗਰਮ ਕਰਕੇ ਲਾੜੇ ਦੀ ਬਾਂਹ ਉਤੇ ਗੁਰੂ ਨਾਨਕ ਦੇ ਨਾਮ ਦਾ ਦਾਗ ਦਿੱਤਾ ਜਾਂਦਾ ਹੈ।

75 ਪ੍ਰਤੀਸ਼ਤ ਵਣਜਾਰਿਆਂ ਪਾਸ ਜ਼ਮੀਨ ਹੈ ਪਰ ਉਪਜ ਲੈਣ ਲਈ ਸਾਧਨਾਂ ਦੀ ਘਾਟ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਵਣਜਾਰੇ ਆਪੋ ਆਪਣੇ ਟਾਂਡਿਆਂ ਵਿਚ ਨਗਾਰੇ ਰੱਖਦੇ ਚਲੇ ਆ ਰਹੇ ਹਨ। ਗੁਰੂ ਨਾਨਕ ਸਾਹਿਬ ਦੇ ਨਾਮ ਦੀ ਛਾਪ ਇਨ੍ਹਾਂ ਦੇ ਮਨਾਂ ਤੇ ਅਮਿਟ ਹੈ। ਇਹ ਬੜੇ ਮਾਣ ਨਾਲ ਕਹਿੰਦੇ ਹਨ ਕਿ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸਸਕਾਰ ਲੱਖੀ ਸ਼ਾਹ ਵਣਜਾਰੇ ਨੇ ਕੀਤਾ ਸੀ। ਇਸ ਕਰਕੇ ਅੱਧੀ ਸਿੱਖੀ ਤਾਂ ਇਨ੍ਹਾਂ ਦੀ ਹੈ। ਆਪਣੀ ਮਹਾਂਰਾਸ਼ਟਰ ਫੇਰੀ ਵੇਲੇ, ਅਸੀਂ ਜਦ ਇਨ੍ਹਾਂ ਦੇ ਇਕ ਪਿੰਡ ਪਚੌੜ ਗਏ ਜਿਥੇ ਇਨ੍ਹਾਂ ਨੇ ਗੁਰਦਆਰਾ ਸਾਹਿਬ ਬਣਾਉਣਾ ਸੀ ਤਾਂ ਇਕ ਬੜੀ ਹੈਰਾਨੀਜਨਕ ਗੱਲ ਸਾਹਮਣੇ ਆਈ।

ਇਥੇ ਭਾਈ ਮਾਨ ਸਿੰਘ ਤਲੇਗਾਉਂ ਦਾ ਵਿਆਹ ਮਨੂੰ ਸਿੰਘ ਜੀ ਦੀ ਧੀ ਨਾਲ ਹੋਇਆ ਸੀ। ਮਾਨ ਸਿੰਘ ਚੰਗਾ ਸਿੱਖ ਪ੍ਰਚਾਰਕ ਸੀ ਤੇ ਇਸ ਨੇ ਸਾਰੇ ਪਿੰਡ ਨੂੰ ਅੰਮ੍ਰਿਤ ਛਕਣ ਲਈ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਸਭ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਬਣਾਉਣ ਦੀ ਯੋਜਨਾ ਬਣੀ ਜਿਸ ਲਈ ਪਹਿਲਾਂ ਤਾਂ ਪਿੰਡ ਵਾਲਿਆਂ ਨੇ ਜ਼ਮੀਨ ਦੇਣੀ ਮੰਨ ਲਈ ਪਰ ਪਿੱਛੋਂ ਮੁੱਕਰ ਗਏ। ਮਨੂੰ ਸਿੰਘ ਨੇ ਤਾਂ ਗੁਰਦੁਆਰਾ ਸਾਹਿਬ ਬਣਾਉਣ ਦਾ ਪ੍ਰਣ ਕਰ ਲਿਆ ਸੀ। ਉਸ ਨੇ ਐਲਾਨਿਆ ਕਿ ''ਜੇ ਪਿੰਡ ਵਾਲੇ ਜ਼ਮੀਨ ਨਹੀਂ ਦੇਣਗੇ ਤਾਂ ਮੈਂ ਆਪਣਾ ਘਰ ਢਾਹ ਕੇ ਗੁਰਦੁਆਰਾ ਸਾਹਿਬ ਬਣਾਉਣ ਲਈ ਜ਼ਮੀਨ ਤਿਆਰ ਕਰ ਦਿਆਂਗਾ।''

ਉਸ ਨੇ ਕਿਹਾ, ''ਜੇ ਸਾਡਾ ਬਜ਼ੁਰਗ ਲਖੀ ਸ਼ਾਹ ਵਣਜਾਰਾ, ਆਪਣਾ ਘਰ ਗੁਰੂ ਜੀ ਦੀ ਦੇਹ ਦੇ ਸਸਕਾਰ ਲਈ ਅਗਨ ਭੇਟ ਕਰ ਸਕਦਾ ਹੈ ਤਾਂ ਮੈਂ ਆਪਣਾ ਘਰ ਕਿਉਂ ਨਹੀਂ ਢਾਹ ਸਕਦਾ।'' ਪਿੰਡ ਵਾਲਿਆਂ ਮਜ਼ਾਕ ਸਮਝਿਆ ਪਰ ਕੁਝ ਦਿਨ ਦੇਖ ਕੇ ਮਨੂੰ ਸਿੰਘ ਨੇ ਆਪਣਾ ਘਰ ਢਾਉਣਾ ਸ਼ੁਰੂ ਕਰ ਦਿੱਤਾ। ਜਦ ਅੱਧਾ ਕੁ ਘਰ ਢਹਿ ਗਿਆ ਤਾਂ ਪਿੰਡ ਵਾਲਿਆਂ ਨੂੰ ਆਪਣੇ ਕੀਤੇ ਤੇ ਪਛਤਾਵਾ ਲੱਗਿਆ ਤੇ ਉਨ੍ਹਾਂ ਨੇ ਗੁਰਦਆਰੇ ਲਈ ਜ਼ਮੀਨ ਦੇ ਦਿੱਤੀ। ਏਥੇ ਆਸੇ ਪਾਸੇ ਦਿਆਂ ਪਿੰਡਾਂ ਤੋਂ ਭਾਰੀ ਗਿਣਤੀ ਵਿਚ ਇਕੱਠੇ ਹੋਏ ਵਣਜਾਰਿਆਂ ਵਿਚ ਗੁਰੂ ਲੜ ਲਗਣ ਦਾ ਜੋਸ਼ ਜੋ ਮੈਂ ਵੇਖਿਆ ਅਜਿਹਾ ਜੋਸ਼ ਹੋਰ ਕਿਧਰੇ ਨਹੀਂ ਵੇਖਿਆ। ਚਾਅ ਉਤਸ਼ਾਹ-ਉਮਾਹ ਵਿਆਹ ਵਰਗਾ, ਤੇ ਸ਼ਰਧਾ ਬੇਓੜਕੀ। ਪਰ ਕਾਸ਼ ਅਸੀਂ ਅਜੇ ਤਕ ਕੀਤੇ ਵਾਅਦੇ ਜਿਤਨੀ ਮਾਇਆ ਉਨ੍ਹਾਂ ਨੂੰ ਨਹੀਂ ਪਹੁੰਚਾ ਸਕੇ।

ਆਂਧਰਾ ਵਿਚ ਵਣਜਾਰਿਆਂ ਦਾ ਆਉਣਾ ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਦੇ ਆਉਣ ਨਾਲ ਸਬੰਧ ਰਖਦਾ ਹੈ। ਜੋ 1200 ਸਿਖ ਸਿਪਾਹੀ ਆਏ ਉਨ੍ਹਾਂ ਵਿਚੋਂ ਬਹੁਤੇ ਵਣਜਾਰੇ ਸਨ ਜਿਨ੍ਹਾਂ ਦੇ ਪਰਿਵਾਰਾਂ ਦਾ ਬੜਾ ਫੈਲਾਅ ਹੋਇਆ। ਪਰ 90 ਪ੍ਰਤੀਸ਼ਤ ਵਣਜਾਰੇ ਗਰੀਬੀ ਰੇਖਾ ਤੋਂ ਥੱਲੇ ਹੀ ਹਨ। ਇਨ੍ਹਾਂ ਨੂੰ ਸਾਂਭਣ ਤੇ ਗੁਰੂ ਘਰ ਨਾਲ ਪੱਕੀ ਤਰ੍ਹਾਂ ਜੋੜ ਕੇ ਰੱਖਣ ਦੀ ਬੜੀ ਜ਼ਰੂਰਤ ਹੈ।

**ਸਿਕਲੀਗਰ**

ਜੇ ਸਿੱਖਾਂ ਵਿਚੋਂ ਸਭ ਤੋਂ ਪ੍ਰਪੱਕ ਸਿੱਖ ਦੇਖੇ ਜਾਣ ਤਾਂ ਇਹ ਕਬੀਲਾ ਸਭ ਤੋਂ ਅੱਗੇ ਹੈ।

ਸਰਕਾਰੋਂ ਦਰਬਾਰੋਂ ਕਿਸੇ ਵੀ ਮਦਦ ਤੋਂ ਵਾਂਝੇ, ਬੁਰੇ ਤੋਂ ਬੁਰੇ ਹਾਲਾਤ ਵਿਚ ਵੀ ਚੜ੍ਹਦੀ ਕਲਾ ਵਿਚ ਰਹਿੰਦੇ ਇਹ ਸਿਕਲੀਗਰ, ਸਿੱਖੀ ਲਈ ਮਾਣ ਹਨ ਪਰ ਉਨ੍ਹਾਂ ਦੀ ਅਤਿ ਦਰਜੇ ਦੀ ਗਰੀਬੀ ਨੇ ਉਨ੍ਹਾਂ ਨੂੰ ਖੱਬੀ ਖਾਨ ਕਹਿੰਦੇ ਸਿੱਖ ਸਰਦਾਰਾਂ ਦੀਆਂ ਨਜ਼ਰਾਂ ਤੋਂ ਲਾਂਭੇ ਰੱਖਿਆ ਹੋਇਆ ਹੈ। ਨਾ ਤਾਂ ਕੋਈ ਗੁਰਦਆਰਾ ਕਮੇਟੀ ਇਨ੍ਹਾਂ ਦੀ ਸਾਰ ਲੈਂਦੀ ਹੈ ਤੇ ਨਾ ਹੀ ਕਿਸੇ ਵੱਡੀ ਸੰਸਥਾ ਨੇ ਇਨ੍ਹਾਂ ਨੂੰ ਉਭਾਰਨ ਲਈ ਇਨ੍ਹਾਂ ਦੀ ਬਾਂਹ ਫੜੀ ਹੈ।

ਉਹ ਵੇਲੇ ਪਿੱਛੇ ਰਹਿ ਗਏ ਜਦ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੁਗਲਾਂ ਦੇ ਜ਼ੁਲਮਾਂ ਤੋਂ ਰੱਖਿਆ ਲਈ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨੀਆਂ ਤੇ ਹਥਿਆਰਾਂ ਦੀ ਲੋੜ ਪਈ ਤਾਂ ਉਨ੍ਹਾਂ ਨੇ ਇਨ੍ਹਾਂ ਮਾਰਵਾੜੀ ਵੀਰਾਂ ਦਾ ਚੇਤਾ ਕੀਤਾ। ਇਹ ਉਹੀ ਮਾਰਵਾੜੀ ਵੀਰ ਸਨ ਜਿਨ੍ਹਾਂ ਦੇ ਪ੍ਰਮੁੱਖ ਜਰਨੈਲ ਰਾਣਾ ਪ੍ਰਤਾਪ ਨੂੰ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀਚੰਦ ਜੀ ਨੇ ਧਰਮ ਦੇ ਯੁੱਧ ਲੜਣ ਲਈ ਆਪਾ ਕੁਰਬਾਨ ਕਰਨ ਦੀ ਸਿੱਖਿਆ ਦਿੱਤੀ ਸੀ ਤੇ ਫਿਰ ਜੋ ਮੁਗਲਾਂ ਨਾਲ ਡਟ ਕੇ ਲੜੇ, ਹਥਿਆਰਾਂ ਦਾ ਯੁੱਧ ਹਾਰੇ ਪਰ ਮਨ ਦਾ ਯੁੱਧ ਨਹੀਂ।

ਜੰਗਲਾਂ ਵਿਚ ਭਟਕਣਾ ਸਵੀਕਾਰ ਕੀਤਾ ਪਰ ਮੁਗਲਾਂ ਦੀ ਗੁਲਾਮੀ ਨਹੀਂ ਮਨਜ਼ੂਰ ਕੀਤੀ। ਹਥਿਆਰ ਬਣਾਉਣ ਦਾ ਧੰਦਾ ਅਪਣਾ ਲਿਆ ਤੇ ਗੱਡੀਆਂ ਤੇ ਚੜ੍ਹ ਕੇ ਘਰ ਘਰ ਹਥਿਆਰ ਪਹੁੰਚਾਉਣ ਦਾ ਬੀੜਾ ਚੁੱਕਿਆ ਤਾਂ ਕਿ ਜਦ ਲੋੜ ਪਵੇ ਤਾਂ ਮੁਗਲਾਂ ਵਿਰੁੱਧ ਇਸਤੇਮਾਲ ਕੀਤੇ ਜਾ ਸਕਣ। ਇਨ੍ਹਾਂ ਹੀ ਸਿਕਲੀਗਰਾਂ ਨੂੰ ਜਦ ਗੁਰੂ ਦਾ ਸੱਦਾ ਮਿਲਿਆ ਤਾਂ ਸਦਾ ਲਈ ਹੀ ਗੁਰੂ ਘਰ ਦੇ ਹੋ ਗਏ। ਗੁਰੂ ਘਰ ਲਈ ਵਧੀਆ ਤੋਂ ਵਧੀਆ ਹਥਿਆਰ ਤਾਂ ਬਣਾਉਂਦੇ ਹੀ, ਨਾਲੋ ਨਾਲ ਯੁੱਧਾਂ ਵਿਚ ਵੀ ਹੱਥ ਦਿਖਾਉਂਦੇ ਤੇ ਸ਼ਹੀਦੀਆਂ ਪਾਉਂਦੇ।

ਗੁਰੂ ਜੀ ਨੇ ਭਾਈ ਜੇਠਾ ਤੇ ਭਾਈ ਬਿਧੀ ਚੰਦ ਨੂੰ ਜਦ ਕਾਰੀਗਰਾਂ ਦੀ ਤਲਾਸ਼ ਵਿਚ ਭੇਜਿਆ ਤਾਂ ਸਭ ਤੋਂ ਪਹਿਲਾਂ ਭਾਈ ਕੇਹਰ ਸਿੰਘ ਰਾਜਪੂਤ ਉਨ੍ਹਾਂ ਨਾਲ ਆਇਆ ਤੇ ਆਪਣੀਆਂ ਸੇਵਾਵਾਂ ਅਰਪਣ ਕੀਤੀਆਂ। ਉਸ ਦੁਆਰਾ ਤਿਆਰ ਕੀਤੇ ਹਥਿਆਰਾਂ ਦੀ ਪ੍ਰਬੀਨਤਾ ਅਤੇ ਪੁਖਤਗੀ ਤੋਂ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ ਅਤੇ ਉਸ ਨੂੰ ਹੋਰ ਰਾਜਪੂਤ ਲੁਹਾਰ ਲਿਆਉਣ ਲਈ ਕਿਹਾ। ਕੇਹਰ ਸਿੰਘ ਉਥੋਂ ਕਾਫ਼ੀ ਪਰਿਵਾਰ ਗੁਰੂ ਸਾਹਿਬ ਲਈ ਲਿਆਇਆ ਜੋ ਆਉਂਦੇ ਹੀ ਹਥਿਆਰ ਬਣਾਉਣ ਵਿਚ ਲੱਗ ਗਏ। ਮੁਗਲਾਂ ਨਾਲ ਹੋਈਆਂ ਸਾਰੀਆਂ ਹੀ ਲੜਾਈਆਂ ਵਿਚ ਛੇਵੇਂ ਤੇ ਦਸਵੇਂ ਗੁਰੂ ਸਾਹਿਬ ਨੇ ਇਨ੍ਹਾਂ ਦੇ ਹੀ ਹਥਿਆਰ ਵਰਤੇ। ਪਰ ਵਿਚ ਕੁਝ ਸਮਾਂ ਜੰਗ ਰਹਿਤ ਰਹਿਣ ਕਰਕੇ ਇਨ੍ਹਾਂ ਦੀ ਕਮਾਈ ਦਾ ਸਾਧਨ ਮੁੱਕ ਗਿਆ ਤਾਂ ਕੁਝ ਪਰਿਵਾਰ ਮਾਰਵਾੜ ਪਰਤ ਗਏ।

ਚਿਤੌੜਗੜ੍ਹ ਦੇ ਸਥਾਨਕ ਵਸਨੀਕਾਂ ਨੇ ਇਨ੍ਹਾਂ ਵਾਪਸ ਪਰਤੇ ਭਰਾਵਾਂ ਨਾਲ ਚੰਗਾ ਸਲੂਕ ਨਾ ਕੀਤਾ ਤਾਂ ਉਹ ਘੁਮੱਕੜ ਕਬੀਲਿਆਂ ਦੇ ਰੂਪ ਵਿਚ ਘੁੰਮਣ ਲੱਗੇ। ਰਿਸ਼ਤੇ ਵੀ ਆਪਸੀ ਕਬੀਲਿਆਂ ਵਿਚ ਲਏ ਜਾਂਦੇ ਤੇ ਸਮੇਂ ਦੀ ਲੋੜ ਨੇ ਵੱਟੇ ਦੀ ਸ਼ਾਦੀ ਦਾ ਰਿਵਾਜ਼ ਵੀ ਪਾ ਦਿੱਤਾ।

ਗੁਰੂ ਘਰ ਨਾਲ ਪੱਕੀ ਤਰ੍ਹਾਂ ਜੁੜੇ ਸਿਕਲੀਗਰਾਂ ਵਿਚੋਂ ਕੁਝ ਗੁਰੂ ਤੇਗ ਬਹਾਦਰ ਸਾਹਿਬ ਨਾਲ ਆਸਾਮ ਵੀ ਗਏ ਤੇ ਸ਼ਾਹੀ ਸੈਨਾ ਲਈ ਹਥਿਆਰ ਵੀ ਦਿੰਦੇ ਰਹੇ।

ਗੁਰੂ ਜੀ ਨੇ ਜਦ ਸੰਗਤਾਂ ਨੂੰ ਹਥਿਆਰ ਲਿਆਉਣ ਦਾ ਹੋਕਾ ਦਿੱਤਾ ਤਾਂ ਸਿਕਲੀਗਰ

ਵੀ ਇਕੱਠੇ ਹੋ ਕੇ ਇਸ ਕੰਮ ਵਿਚ ਯੋਗਦਾਨ ਦੇਣ ਲੱਗੇ। ਸਭ ਤੋਂ ਪਹਿਲਾਂ ਭਾਈ ਵੀਰੂ ਗੁਰੂ ਘਰ ਹਾਜ਼ਿਰ ਹੋਏ ਤੇ ਆਪਣੇ ਭਾਈਬੰਦਾਂ ਬਾਰੇ ਜਾਣਕਾਰੀ ਦਿੱਤੀ। ਗੁਰੂ ਸਾਹਿਬ ਨੇ ਹਥਿਆਰਾਂ ਦੀ ਪ੍ਰਦਰਸ਼ਨੀ ਲਾਉਣ ਲਈ ਕਿਹਾ ਤਾਂ ਭਾਈ ਨੰਦ ਸਿੰਘ ਤੇ ਭਾਈ ਚੌਪਾ ਸਿੰਘ ਨੂੰ ਇਨ੍ਹਾਂ ਦੇ ਹਥਿਆਰਾਂ ਨੂੰ ਪਰਖਣ ਦਾ ਆਦੇਸ਼ ਦਿੱਤਾ।

ਹਥਿਆਰ ਇਹੋ ਜਿਹੇ ਸੋਹਣੇ ਕਿ ਇਸ ਤਰ੍ਹਾਂ ਚਮਕਣ ਜਿਵੇਂ ਚਾਂਦੀ ਦੇ ਹੋਣ, ਇਤਨੇ ਤੇਜ਼ ਤਰਾਰ ਕਿ ਹਾਥੀਆਂ ਦੇ ਸਿਰਾਂ ਦੇ ਪਤਰੇ ਵੀ ਚੀਰ ਜਾਣ। ਬਣਾਉਣ ਵਾਲੇ ਆਪ ਯੋਧੇ ਅਜਿਹੇ ਕਿ ਸਵਾ ਲੱਖ ਨਾਲ ਇਕੱਲੇ ਲੜਨ। ਇਨ੍ਹਾਂ ਦੇ ਹਥਿਆਰਾਂ ਦੀ ਚਮਕ ਵੇਖ ਕੇ ਆਪ ਦਸ਼ਮੇਸ਼ ਜੀ ਨੇ ਇਨ੍ਹਾਂ ਨੂੰ ਸਿਕਲੀਗਰ ਦਾ ਨਾਮ ਦਿੱਤਾ ਤੇ ਫਿਰ ਇਨ੍ਹਾਂ ਦੀ ਬਹਾਦਰੀ ਵੇਖ ਕੇ ਗੁਰੂ ਜੀ ਨੇ ਇਨ੍ਹਾਂ ਨੂੰ ਆਪਣੇ ਲਾਡਲੇ ਹੋਣ ਦਾ ਖਿਤਾਬ ਵੀ ਦਿੱਤਾ। ਇਨ੍ਹਾਂ ਦੇ ਬਣਾਏ ਕ੍ਰਿਪਾਨ, ਤੇਗ, ਤਲਵਾਰ, ਖੰਡੇ, ਖੜਗ, ਤੁਬਕ, ਤਬਰ, ਤੀਰ, ਸੈਫ, ਸਰੋਹੀ, ਸੈਹਥੀ, ਭਾਲੇ, ਬਰਛੇ, ਚੱਕਰ, ਨਾਗਦੌਣ, ਜੁੰਬੀਆ, ਜਾਫਰਤਕੀਆ, ਕਿਰਚ, ਕਰੌਤੀ ਆਦਿ ਸਭ ਨੂੰ ਗੁਰੂ ਜੀ ਨੇ ਬੜੇ ਚਾਅ ਨਾਲ ਅਪਣਾਇਆ।

ਲੋਹਗੜ੍ਹ ਕਿਲੇ ਵਿਚ ਸ਼ਸਤਰ ਨਿਰਮਾਣ ਦਾ ਕਾਰਜ ਮਾਰਵਾੜੀ ਕਾਰੀਗਰਾਂ ਦੀ ਦੇਖ ਰੇਖ ਵਿਚ ਸ਼ੁਰੂ ਹੋ ਗਿਆ। ਭਾਈ ਸੰਤੋਖ ਸਿੰਘ ਅਨੁਸਾਰ-'ਸ਼ਸਤਰਾਂ ਸੰਗ ਤਿਆਰ ਕਰਾਨੇ ਲਗੇ ਮਾਰਵਾੜੀਏ' (ਗੁਰ ਪ੍ਰਤਾਪ ਸੂਰਜ ਗ੍ਰੰਥ) ਚਾਰ ਪ੍ਰਕਾਰ ਦੇ ਸ਼ਸਤਰ ਤਿਆਰ ਕੀਤੇ ਜਾਂਦੇ ਸਨ- (1) ਆਮੁਕਤ ਜੋ ਹੱਥੋਂ ਵਰਤੇ ਜਾਣ ਜਿਵੇਂ ਤਲਵਾਰ, ਖੰਡਾ, (2) ਮੁਕਤ ਜੋ ਹੱਥੋਂ ਛੱਡੇ ਜਾਣ ਜਿਵੇਂ ਚੱਕਰ, (3) ਮੁਕਤਾਮੁਕਤ ਜੋ ਹੱਥੋਂ ਨਾ ਛੱਡੇ ਜਾਣ ਤੇ ਛੱਡੇ ਵੀ ਜਾ ਸਕਣ ਜਿਵੇਂ ਨੇਜਾ, ਸੂਆ, ਬਰਛੀ। ਹਥਿਆਰ ਤਿਆਰ ਕਰਨ ਦਾ ਜ਼ਿੰਮੇਵਾਰ ਸੀ ਭਾਈ ਰਾਮ ਸਿੰਘ, ਜਿਸ ਦਾ ਅੰਮ੍ਰਿਤ ਛਕਣ ਤੋਂ ਪਹਿਲਾਂ ਦਾ ਨਾਮ ਰਾਮ ਚੰਦ ਸੀ ਤੇ ਸਿਕਲੀਗਰਾਂ ਵਿਚ ਪਹਿਲਾ ਸੀ ਜੋ ਦਸ਼ਮੇਸ਼ ਜੀ ਤੋਂ ਅੰਮ੍ਰਿਤ ਛਕ ਕੇ ਸਿੰਘ ਬਣਿਆ ਸੀ। ਇਹ ਬੁਘੇਆਣੇ ਦਾ ਰਹਿਣ ਵਾਲਾ ਸੀ।

ਭਾਈ ਰਾਮ ਸਿੰਘ ਨੇ ਚਮਕੌਰ ਦੇ ਯੁੱਧ ਵਿਚ ਆਪਣੀ ਬਹਾਦੁਰੀ ਦੇ ਹੱਥ ਵਿਖਾਏ ਕਿ ਵੈਰੀ ਭੈ-ਭੀਤ ਹੋ ਗਿਆ। ਇਹ ਹਥਿਆਰ ਬੜੀ ਤਨਦੇਹੀ ਤੇ ਲਗਨ ਨਾਲ ਸਾਫ ਕਰਦਾ ਸੀ। ਇਕ ਦਿਨ ਇਹ ਤੇਗ ਨੂੰ ਪੈਰ ਹੇਠ ਦਬਾਕੇ ਮਾਂਜ ਰਿਹਾ ਸੀ। ਸਿੱਖਾਂ ਦਾ ਟੋਲਾ ਉਸ ਨੂੰ ਤਾੜਨ ਲੱਗਾ ਕਿ ''ਤੁਸੀਂ ਸ਼ਸਤਰਾਂ ਨੂੰ ਪੈਰ ਕਿਉਂ ਲਾਉਂਦੇ ਹੋ, ਏਨ੍ਹਾਂ ਦੇ ਆਸਰੇ ਤਾਂ ਦੇਵੀ ਦੇਵਤਾ ਪੂਜੇ ਜਾਂਦੇ ਹਨ।''

ਇਤਨਾ ਕਹਿ ਉਹ ਤਾਂ ਅਗਾਹਾਂ ਚਲੇ ਗਏ ਪਰ ਸਾਰੇ ਸਿਕਲੀਗਰ ਸ਼ਸਤਰਾਂ ਨੂੰ ਸਿਰ ਉਤੇ ਰਖ ਕੇ ਬੈਠ ਰਹੇ। ਤਦੋਂ ਗੁਰੂ ਜੀ ਵੀ ਉਧਰੋਂ ਆ ਗਏ, ਦੇਖ ਕੇ ਅਸਚਰਜ ਹੋਏ ਤੇ ਸਿਕਲੀਗਰਾਂ ਨੂੰ ਕਾਰਨ ਪੁਛਿਆ ਤਾਂ ਰਾਮ ਸਿੰਘ ਨੇ ਸਾਰੀ ਕਥਾ ਸੁਣਾਈ। ਗੁਰੂ ਜੀ ਨੇ ਹੱਸ ਕੇ ਬਚਨ ਕੀਤਾ, ''ਜਿਵੇਂ ਮੂਰਤੀ ਘਾੜਾ ਮੂਰਤੀ ਪੈਰਾਂ ਹੇਠ ਦਬਾ ਕੇ ਘੜਦਾ ਹੈ ਤਾਂ ਹੀ ਲੋਕ ਮੂਰਤੀ ਦੀ ਪੂਜਾ ਕਰਦੇ ਹਨ, ਤਿਵੇਂ ਹੀ ਤੁਸੀਂ ਹਥਿਆਰਾਂ ਨੂੰ ਸ਼ਰਧਾ ਨਾਲ ਮਾਂਜਦੇ ਹੋ, ਤੁਸੀਂ ਬੇਅਦਬੀ ਨਹੀਂ ਸਗੋਂ ਟਹਿਲ ਕਰਦੇ ਹੋ, ਸੋ ਇਹ ਤੁਹਾਨੂੰ ਮਾਫ ਹੈ।'' **(ਗਿਆਨੀ ਗਿਆਨ ਸਿੰਘ, ਤਵਾਰੀਖ ਖਾਲਸਾ, ਭਾਗ 3, ਪੰਨਾ 931)।** ਇਸ ਸਿੰਘ ਨੇ ਚਮਕੌਰ ਵਿਚ ਜੋ ਬਹਾਦਰੀ ਵਿਖਾਂਦਿਆਂ ਸ਼ਹਾਦਤ ਪਾਈ ਉਸ ਦਾ ਬਿਉਰਾ ਸੂਰਜ ਪ੍ਰਕਾਸ਼ ਭਾਗ 8

ਵਿਚ ਦਰਜ ਹੈ।

ਭਾਈ ਬਦਨ ਸਿੰਘ ਤੇ ਮੋਦਨ ਸਿੰਘ ਨੇ ਦਸ਼ਮੇਸ਼ ਜੀ ਦਾ ਆਖਰੀ ਦਿਨਾਂ ਤਕ ਸਾਥ ਦਿੱਤਾ ਪਰ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਪਿੱਛੋਂ ਕਬੀਲੇ ਦੇ ਲੋਕ ਬਿਨਾਂ ਸੰਗਠਨ ਦੇ ਛੋਟੀਆਂ ਇਕਾਈਆਂ ਵਿਚ ਵੰਡੇ ਗਏ ਤੇ ਥਾਂ ਥਾਂ ਭਟਕਣ ਲੱਗੇ। ਕੁਝ ਰਜਵਾੜਿਆਂ ਲਈ ਕੰਮ ਕਰਨ ਲੱਗੇ। ਪਿਛੋਂ ਕੁਝ ਮਹਾਰਾਜਾ ਆਲਾ ਸਿੰਘ ਦੀ ਖਿਦਮਤ ਵਿਚ ਆ ਗਏ ਤੇ ਅਬਦਾਲੀ ਤੋਂ ਹਜ਼ਾਰਾਂ ਹਿੰਦੂ-ਮਰਦ-ਇਸਤ੍ਰੀਆਂ ਛੁਡਵਾਉਣ ਵਿਚ ਬੜਾ ਯੋਗਦਾਨ ਦਿੱਤਾ। ਜਦ ਮਹਾਰਾਜਾ ਨਾਹਣ ਨੇ ਆਲਾ ਸਿੰਘ ਤੋਂ ਹਥਿਆਰ ਤੇ ਹਥਿਆਰ-ਘਾੜੇ ਮੰਗੇ ਤਾਂ ਮੋਹਨ ਸਿੰਘ, ਮਦਨ ਸਿੰਘ, ਟਹਿਲ ਸਿੰਘ, ਮਹਿਲ ਸਿੰਘ ਆਦਿ ਸਿਕਲੀਗਰ ਭੇਜੇ ਗਏ। ਮਹਾਰਾਣੀ ਆਸ ਕੌਰ ਵੇਲੇ ਮਿਸਰ ਨੌਧ ਨੇ ਗਦਾਰੀ ਕੀਤੀ ਤਾਂ ਸਿਕਲੀਗਰ ਸੂਰਮਿਆਂ ਕੇਸਰ ਸਿੰਘ, ਮਹਿਤਾਬ ਸਿੰਘ, ਖੇਮ ਸਿੰਘ, ਗੁਲਾਬ ਸਿੰਘ, ਮਰਗਿੰਦ ਸਿੰਘ, ਜਵਾਹਰ ਸਿੰਘ ਆਦਿ ਨੇ ਅਣਖ ਦਿਖਾਈ ਤੇ ਜਿਤ ਦਿਵਾਈ ਜਿਸ ਕਰਕੇ ਦਰਬਾਰੇ ਸਨਮਾਨੇ ਗਏ ਪ੍ਰੰਤੂ ਬਾਅਦ ਵਿਚ ਇਹ ਮਿਸਰ ਨੇ ਮਰਵਾ ਦਿੱਤੇ।

ਮਹਾਰਾਜਾ ਰਣਜੀਤ ਸਿੰਘ ਵੇਲੇ ਇਨ੍ਹਾਂ ਨੂੰ ਰਾਜ ਵਿਚ ਕੰਮ ਮਿਲਿਆ ਤਾਂ ਇਹ ਹੋਰ ਹਥਿਆਰਾਂ ਤੋਂ ਇਲਾਵਾ ਤੋਪਾਂ, ਰਹਿਲੇ ਤੇ ਬੰਦੂਕਾਂ ਵੀ ਬਣਾਉਣ ਲੱਗੇ। ਤੋੜੇਦਾਰ, ਕੋਟਲੀ, ਪਟਾ, ਚੂੜੀਦਾਰ ਤੇ ਸਾਦਾ ਆਦਿ ਨਾਵਾਂ ਨਾਲ ਮਸ਼ਹੂਰ ਇਹ ਬੰਦੂਕਾਂ ਰਾਜਧਾਨੀ ਲਹੌਰ ਦੀਆਂ ਵਰਕਸ਼ਾਪਾਂ ਵਿਚ ਵੱਡੀ ਪੱਧਰ ਤੇ ਬਣਾਉਣ ਲੱਗੇ।

ਅੰਗ੍ਰੇਜ਼ੀ ਕਾਲ ਇਨ੍ਹਾਂ ਦੀ ਅਧੋਗਤੀ ਦਾ ਸਮਾਂ ਹੈ। ਗੁਜ਼ਾਰੇ ਲਈ ਇਹ ਟਿਕਾਣੇ ਛੱਡ ਕੇ ਗੱਡੀਆਂ ਉੱਪਰ ਫਿਰ ਕੇ ਘੁੰਮਣ ਲੱਗੇ ਤੇ ਤਸਲੇ, ਬਾਲਟੀਆਂ, ਖੁਰਪੀਆਂ, ਰੰਬੇ ਤੇ ਹੋਰ ਘਰਾਂ ਦਾ ਤੇ ਖੇਤੀ ਦਾ ਛੋਟਾ ਮੋਟਾ ਸਮਾਨ ਬਣਾਉਣ ਲੱਗੇ। ਹਥਿਆਰਾਂ ਵਿਚੋਂ ਇਹ ਕੇਵਲ ਬਰਛੀਆਂ, ਛਵੀਆਂ, ਗੰਡਾਸੀਆਂ, ਟਕੂਏ ਤੇ ਤਲਵਾਰਾਂ ਤਕ ਹੀ ਸੀਮਿਤ ਰਹਿ ਗਏ ਜੋ ਵਿਕਦੇ ਘੱਟ ਸਨ।

ਇਸ ਵੇਲੇ ਉਹ ਵੱਖ-ਵੱਖ ਗਰੁੱਪਾਂ ਵਿਚ ਥਾਂ ਥਾਂ ਖਿੰਡੇ ਹੋਏ ਹਨ। ਪੰਜਾਬ ਵਿਚ ਲੁਧਿਆਣਾ, ਚਮਕੌਰ ਸਾਹਿਬ, ਬਾਬਾ ਬਕਾਲਾ ਕਸਬਿਆਂ ਵਿਚ (ਬਸਣੀਏ), ਪਟਿਆਲਾ, ਸਰਹਿੰਦ, ਗੋਬਿੰਦਗੜ੍ਹ, ਫਿਰੋਜ਼ਪੁਰ, ਮੋਗਾ ਆਦਿ ਵਿਚ (ਲਦਣੀਏ) ਤੇ ਟੱਪਰੀਵਾਸਾਂ ਦੇ ਰੂਪ ਵਿਚ (ਉਠਣੀਏਂ) ਅਬਲੋਵਾਲ, ਕਰਨਾਲ, ਪਾਣੀਪਤ, ਬਚਿਤਰ ਨਗਰ ਆਦਿ ਇਲਾਕਿਆਂ ਵਿਚ ਹਨ। ਪੰਜਾਬੋਂ ਬਾਹਰ ਵੱਡੀ ਗਿਣਤੀ ਵਿਚ ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਮੱਧ ਪ੍ਰਦੇਸ਼, ਕਰਨਾਟਕ, ਗੁਜਰਾਤ ਵਿਚ ਹਨ।

ਦਾਸ ਨੇ ਥਾਂ ਥਾਂ ਜਾ ਕੇ ਇਨ੍ਹਾਂ ਦੇ ਹਾਲਾਤ ਦੇਖੇ ਹਨ ਤੇ ਪਾਇਆ ਹੈ ਕਿ ਇਹ ਅਤਿ ਦੀ ਗਰੀਬੀ ਵਿਚ ਜੀਅ ਰਹੇ ਹਨ। ਇਨ੍ਹਾਂ ਦਾ ਕਿੱਤਾ ਮਸ਼ੀਨੀ ਜ਼ਮਾਨੇ ਵਿਚ ਬਹੁਤ ਪਿੱਛੇ ਰਹਿ ਗਿਆ ਹੈ। ਅਣਖ ਦੇ ਮਾਰੇ ਨੌਕਰੀ ਕਰਦੇ ਨਹੀਂ, ਉਪਰੋਂ ਘੋਰ ਅਣਪੜ੍ਹ। ਨਾ ਜ਼ਮੀਨ ਹੈ ਨਾ ਮਕਾਨ, ਨਾ ਚੱਜ ਦਾ ਖਾਣ ਨੂੰ, ਨਾ ਹੰਢਾਣ ਨੂੰ। ਜੋ ਕਮਾ ਲਿਆ ਸੋ ਖਾ ਲਿਆ, ਕਦੇ ਇਕ ਡੰਗ ਕਦੇ ਦੋ ਡੰਗ। ਇਨ੍ਹਾਂ ਕੋਲ ਗੁਰਦਆਰਾ ਬਣਾਉਣ ਜੋਗੀ ਹਿੰਮਤ ਨਹੀਂ ਜੋ ਗੁਰੂ ਘਰ ਨਾਲ ਜੁੜੇ ਰਹਿਣ। ਦਸ਼ਮੇਸ਼ ਜੀ ਦੇ ਹੱਥੋਂ ਅੰਮ੍ਰਿਤ ਛਕਣ ਵਾਲੇ ਇਹ ਸਿਕਲੀਗਰ ਸਿੱਖੀ ਨਾਲ ਲਗਾਤਾਰ ਜੁੜੇ ਰਹੇ ਤੇ ਸਿਰ ਤੇ ਕੇਸ ਤੇ ਪਗੜੀ ਸਜਾਉਂਦੇ ਰਹੇ ਹਨ।

ਨਸ਼ਿਆਂ ਤੋਂ ਵੀ ਪ੍ਰਹੇਜ਼ ਕਰਦੇ ਹਨ। ਸਿੱਖੀ ਰਹਿਤਾਂ ਦਾ ਬਹੁਤ ਹਦ ਤਕ ਪਾਲਣ ਕਰਦੇ ਹਨ ਤੇ ਸਿੱਖੀ ਸੰਸਕਾਰਾਂ ਨੂੰ ਮੰਨਦੇ ਹਨ। ਪਰ ਹੁਣ ਗਰੀਬੀ ਦੇ ਮਾਰੇ, ਸਮਾਜ ਦੇ ਤ੍ਰਿਸਕਾਰੇ ਇਹ ਵਿਚਾਰੇ ਸਿੱਖੀ ਤੋਂ ਵਾਂਝੇ ਹੋਣ ਲੱਗ ਪਏ ਹਨ। ਕਈ ਕੇਸ ਵੀ ਕਤਲ ਕਰਵਾਉਣ ਲੱਗ ਪਏ ਹਨ ਤੇ ਕੁਝ ਹੋਰ ਮਤਾਂ ਨਾਲ ਜਾ ਜੁੜੇ ਹਨ। ਜੇ ਇਨ੍ਹਾਂ ਨੂੰ ਸਮੇਂ ਸਿਰ ਨਾ ਸਾਂਭਿਆ ਗਿਆ ਤਾਂ ਅਸੀਂ ਸਿੱਖੀ ਦੇ ਬਹੁਤ ਵੱਡੇ ਧੁਰੇ ਤੋਂ ਵਾਂਝੇ ਹੋ ਜਾਵਾਂਗੇ।

ਸਿਕਲੀਗਰਾਂ ਬਾਰੇ ਮੁੱਖ ਸ੍ਰੋਤ ਹਨ- 'ਮਹਾਨ ਕੋਸ਼', ਸ਼ੇਰ ਸਿੰਘ ਸ਼ੇਰ ਦਾ 'ਸਿਕਲੀਗਰਜ਼ ਆਫ ਪੰਜਾਬ', ਬੁਢਾ ਦਲ ਵਲੋਂ ਪ੍ਰਕਾਸ਼ਤ 'ਸਿਕਲੀਗਰ ਪ੍ਰਸੰਗ', ਡਾ. ਹਰਜਿੰਦਰ ਸਿੰਘ ਦਿਲਗੀਰ ਦਾ 'ਗੁਰੂ ਦੇ ਸ਼ੇਰ', ਕ੍ਰਿਪਾਲ ਸਿੰਘ ਕਜ਼ਾਕ ਦਾ 'ਸਿਕਲੀਗਰ ਕਬੀਲੇ ਦਾ ਸਭਿਆਚਾਰ', ਗਿਆਨੀ ਗਰਜਾ ਸਿੰਘ ਦਾ 'ਸ਼ਹੀਦ ਬਿਲਾਸ' ਤੇ ਗੁਰੂ ਕੀਆਂ ਸਾਖੀਆਂ, ਗੁਰਮਤਿ ਪ੍ਰਕਾਸ਼ ਦਾ ਅਕਤੂਬਰ 2002 ਦਾ 'ਸਿਕਲੀਗਰ ਵਣਜਾਰਾ ਅੰਕ' ਅਤੇ ਦਾਸ ਵੱਲੋਂ ਸਿਕਲੀਗਰਾਂ ਉਪਰ ਸਿਖ ਰਿਵੀਊ, ਸਚ ਖੰਡ ਪਤ੍ਰਿਕਾ ਤੇ ਦੇਸ਼ ਪੰਜਾਬ ਵਿੱਚ ਛਪੇ ਲੇਖ।

**ਸਤਿਨਾਮੀਏ**

ਇਕ ਕਰੋੜ ਤੋਂ ਵੀ ਵੱਡੀ ਗਿਣਤੀ ਵਿਚ ਛੱਤੀਸਗੜ੍ਹ, ਝਾਰਖੰਡ, ਬੰਗਾਲ ਆਦਿ ਇਲਾਕੇ ਵਿਚ ਫੈਲੇ ਸਤਿਨਾਮੀਆਂ ਬਾਰੇ ਬੜੇ ਘਟ ਲੋਕਾਂ ਨੂੰ ਪਤਾ ਹੈ ਕਿ ਇਹ ਉਹ ਨਾਨਕ ਨਾਮ ਲੇਵਾ ਸਿੱਖ ਹਨ ਜਿਨ੍ਹਾਂ ਨੇ ਅਠਾਰਵੀਂ ਸਦੀ ਵਿਚ ਗੁਰੂ ਤੇਗ ਬਹਾਦਰ ਜੀ ਦੇ ਇਸ਼ਾਰੇ ਤੇ ਮੁਗਲ ਸਰਕਾਰ ਦੇ ਜਜ਼ੀਆ ਲਾਉਣ ਤੇ ਮੰਦਿਰ, ਧਰਮਸਾਲਾਂ ਢਾਉਣ ਦੇ ਹੁਕਮ ਵਿਰੁੱਧ ਬਾਦਸ਼ਾਹ ਔਰੰਗਜ਼ੇਬ ਨਾਲ ਭਰਵੀਂ ਟੱਕਰ ਲਈ ਸੀ ਤੇ ਬਗ਼ਾਵਤ ਕਰਕੇ ਅਜੋਕੇ ਦੱਖਣੀ ਹਰਿਆਣਾ ਤੇ ਉੱਤਰੀ ਰਾਜਸਥਾਨ ਦੇ ਪੂਰੇ ਇਲਾਕੇ ਨੂੰ ਕਬਜ਼ੇ ਵਿਚ ਚੋਖਾ ਚਿਰ ਰੱਖਿਆ ਸੀ। ਗੁਰੂ ਨਾਨਕ ਦੇਵ ਜੀ ਦੇ ਇਸ ਇਲਾਕੇ ਦੀ ਫੇਰੀ ਦੌਰਾਨ ਸਤਿਨਾਮ ਦੇ ਹੋਕੇ ਨਾਲ ਜੁੜੇ ਇਨ੍ਹਾਂ ਸਿੱਖਾਂ ਨੇ ਆਪਣੇ ਆਪ ਨੂੰ ਉਦੋਂ ਤੱਕ ਆਪ ਨਾਲ ਹੀ ਸੰਬੰਧਿਤ ਰਖਿਆ ਜਦ ਤਕ ਔਰੰਗਜ਼ੇਬ ਦੀ ਆਮ ਜੰਤਾ ਉੱਪਰ ਜ਼ੁਲਮਾਂ ਦੀ ਇੰਤਹਾ ਨਾ ਹੋ ਗਈ।

ਔਰੰਗਜ਼ੇਬ ਨੇ ਸੰਨ 1667 ਵਿਚ ਐਲਾਨ ਕੀਤਾ- ਸਾਰੇ ਹਿੰਦੂ 5 ਪ੍ਰਤੀਸ਼ਤ ਜਜ਼ੀਆ ਟੈਕਸ ਭਰਨਗੇ। ਅਪ੍ਰੈਲ 9, 1669 ਨੂੰ ਉਸ ਨੇ ਆਦੇਸ਼ ਦਿਤਾ- ਸਾਰੇ ਹਿੰਦੂ ਮੰਦਿਰ, ਧਰਮਸ਼ਾਲਾਂ ਤੇ ਸਿੱਖਿਆ ਡੇਰੇ ਢਾਹ ਦਿੱਤੇ ਜਾਣ ਤੇ ਉਨ੍ਹਾਂ ਦੀਆਂ ਧਾਰਮਿਕ ਗਤੀਵਿਧੀਆਂ ਤੇ ਰੋਕ ਲਾ ਦਿੱਤੀ ਜਾਵੇ। ਉਸ ਦੇ ਇਸ ਆਦੇਸ਼ ਨੂੰ ਬੜੀ ਸਖ਼ਤੀ ਨਾਲ ਲਾਗੂ ਕੀਤਾ ਗਿਆ। **(ਮਾਸਿਰ-ਇ-ਜਹਾਂਗੀਰੀ** 1947, **ਪੰਨਾ** 51-55, **ਸਰਕਾਰ, ਹਿਸਟਰੀ ਆਫ ਔਰੰਗਜ਼ੇਬ ਭਾਗ** 3, **ਪੰਨਾ** 265)**।** ਹਿੰਦੂ ਮੰਦਿਰ, ਧਰਮਸਾਲਾਂ ਤੇ ਸਿੱਖਿਆ ਡੇਰਿਆਂ ਨੂੰ ਢਾਉਣ ਤੇ ਜਜ਼ੀਆ ਲਾਉਣ ਦੇ ਹੁਕਮ ਸੁਣਦਿਆਂ ਹੀ ਗੁਰੂ ਤੇਗ ਬਹਾਦੁਰ ਜੀ ਆਸਾਮ ਤੋਂ ਦਸੰਬਰ 1671 ਨੂੰ ਪੰਜਾਬ ਵਲ ਪਰਤ ਪਏ ਤੇ ਜਨਵਰੀ 1672 ਵਿਚ ਦਿੱਲੀ ਪਹੁੰਚੇ **(ਪੰਜਾਬ ਪਾਸਟ ਐਂਡ ਪ੍ਰੈਜ਼ੈਂਟ, ਅਪ੍ਰੈਲ** 1975, **ਪੰਨਾ** 234) ਤੇ ਦਿੱਲੀ ਆ ਕੇ ਆਪ ਨੇ- ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ- ਦਾ ਹੋਕਾ ਦਿੱਤਾ ਤਾਂ ਇਹ ਸਤਿਨਾਮੀਏ ਹੀ ਸਨ ਜਿਨ੍ਹਾਂ ਨੇ ਗੁਰੂ ਜੀ ਦੇ ਇਸ ਸੰਦੇਸ਼ੇ ਨੂੰ ਅਮਲੀ ਜਾਮਾ ਪਹਿਨਾਇਆ।

ਇਨ੍ਹੀਂ ਦਿਨੀਂ ਸਤਿਨਾਮੀਆਂ ਦਾ ਆਗੂ ਜਗਜੀਵਨ ਦਾਸ ਸੀ। ਉਹ ਜਨਮੋਂ ਚੰਦੇਲ ਰਾਜਪੂਤ ਸੀ ਤੇ ਸਰਦਾਹੀ ਬਾਰਾਬਾਂਕੀ ਦਾ ਜੰਮਪਲ ਸੀ। ਬਾਬਾ ਲਾਲ ਰਾਹੀਂ ਉਹ ਸਿੱਖੀ ਨਾਲ ਜੁੜਿਆ ਤੇ ਸਤਿਨਾਮ ਦਾ ਉਪਾਸ਼ਕ ਬਣ ਗਿਆ। ਉਸ ਦੀਆਂ ਲਿਖਤਾਂ ਵਿਚੋਂ ਗੁਰਮਤਿ ਦਾ ਝਲਕਾਰਾ ਮਿਲਦਾ ਹੈ।

ਜਦ ਗੁਰੂ ਤੇਗ ਬਹਾਦਰ ਜੀ ਦਿੱਲੀ ਦੇ ਇਲਾਕੇ ਵਿਚ ਸਨ ਤਾਂ ਉਹ ਵੀ ਸੰਗਤਾਂ ਸਮੇਤ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ ਤੇ ਹਿੰਦੂਆਂ ਤੇ ਹੋ ਰਹੇ ਅਤਿਆਚਾਰਾਂ ਦਾ ਖੁਲਾਸਾ ਕੀਤਾ। ਗੁਰੂ ਜੀ ਨੇ ਉਸ ਵੇਲੇ ਸਮਝ ਲਿਆ ਸੀ ਕਿ ਹੁਣ ਜ਼ੁਲਮ ਨਾਲ ਟਾਕਰਾ ਕਰਨ ਦਾ ਵਕਤ ਆ ਗਿਆ ਹੈ ਤੇ ਡਰ ਕੇ ਬੈਠਣ ਨਾਲ ਮੁਗਲਾਂ ਦੇ ਹੌਸਲੇ ਹੋਰ ਬੁਲੰਦ ਹੋਣਗੇ। ਇਸੇ ਨੂੰ ਮੁੱਖ ਰੱਖ ਕੇ ਉਨ੍ਹਾਂ ਨੇ ਹਰ ਸਿੱਖ ਨੂੰ– ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ– ਦਾ ਸੰਦੇਸ਼ਾ ਦਿੱਤਾ, ਜਿਨ੍ਹਾਂ ਵਿਚ ਜਗਜੀਵਨ ਦਾਸ ਵੀ ਸੀ।

ਸਤਿਨਾਮੀਆਂ ਨੇ ਗੁਰੂ ਜੀ ਦਾ ਸੰਦੇਸ਼ ਪਾ ਇੱਕ ਇਕੱਠ ਕੀਤਾ ਤੇ ਫੈਸਲਾ ਲਿਆ ਕਿ ਉਹ ਤਾਂ ਗੁਰੂ ਨਾਨਕ ਭਗਤ ਹਨ ਤੇ ਗੁਰੂ ਘਰ ਤੋਂ ਬਿਨਾਂ ਹੋਰ ਕਿਸੇ ਨੂੰ ਆਪਣੀ ਕਮਾਈ ਦਾ ਹਿੱਸਾ ਨਹੀਂ ਦੇਣਗੇ। ਜਦ ਸਰਕਾਰੀ ਕਾਰਕੁੰਨ ਉਨ੍ਹਾਂ ਦੇ ਘਰੀਂ ਟੈਕਸ ਲੈਣ ਲਈ ਗਏ ਤਾਂ ਉਨ੍ਹਾਂ ਨਾਂਹ ਕਰ ਦਿੱਤੀ। ਸਿਪਾਹੀਆਂ ਨੇ ਜ਼ੋਰ ਜ਼ਬਰਦਸਤੀ ਕੀਤੀ ਤਾਂ ਸਤਿਨਾਮੀਆਂ ਨੇ ਸਿਪਾਹੀ ਕੁੱਟ ਕੱਢੇ। ਜਦ ਇਲਾਕੇ ਦੇ ਹਾਕਮ ਨੇ ਉਨ੍ਹਾਂ ਨੂੰ ਝੁਕਾਉਣ ਲਈ ਸੈਨਾ ਇਕੱਠੀ ਕਰਕੇ ਸਤਿਨਾਮੀਆਂ ਉਪਰ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਤਾਂ ਸਤਿਨਾਮੀਆਂ ਨੇ ਇਕੱਠੇ ਹੋ ਕੇ ਸੈਨਾ ਉੱਪਰ ਧਾਵਾ ਬੋਲ ਦਿੱਤਾ। ਮੁਗਲਈ ਸੈਨਾ ਨਾਰਨੌਲ ਦਾ ਇਲਾਕਾ ਖਾਲੀ ਕਰਕੇ ਦੌੜ ਗਈ ਤੇ ਸਾਰੇ ਇਲਾਕੇ ਵਿਚ ਅਫਵਾਹ ਫੈਲ ਗਈ ਕਿ ਸਤਿਨਾਮੀਆਂ ਉਪਰ ਗੁਰੂ ਦੀ ਮਿਹਰ ਹੈ ਤੇ ਉਨ੍ਹਾਂ ਨੂੰ ਗੁਰੂ ਨੇ ਵਰ ਦਿੱਤਾ ਹੈ ਕਿ ਉਨ੍ਹਾਂ ਨੂੰ ਕੋਈ ਨਹੀਂ ਹਰਾ ਸਕਦਾ।

ਇਧਰ ਸ਼ਾਹੀ ਹਲਕਿਆਂ ਵਿਚ ਡਰ ਫੈਲ ਗਿਆ ਕਿ ਸਤਿਨਾਮੀਆਂ ਦੇ ਹਰਾਏ ਨਾ ਜਾ ਸਕਣ ਦਾ ਨਤੀਜਾ ਬਾਕੀ ਹਿੰਦੁਸਤਾਨੀਆਂ ਵਿਚ ਵੀ ਬਗਾਵਤ ਫੈਲੇਗੀ ਜਿਸ ਨੂੰ ਸੰਭਾਲਣਾ ਮੁਗ਼ਲ ਸੈਨਾ ਦੇ ਵੱਸ ਵਿਚ ਨਹੀਂ ਹੋਵੇਗਾ। ਔਰੰਗਜ਼ੇਬ ਦੀ ਰਾਤਾਂ ਦੀ ਨੀਂਦ ਹਰਾਮ ਹੋਣ ਲੱਗੀ। ਪਹਿਲਾਂ ਅਫ਼ਗਾਨਿਸਤਾਨ ਤੇ ਫਿਰ ਪੇਸ਼ਾਵਰ ਵਿਚ ਹੋਈਆਂ ਬਗਾਵਤਾਂ ਨੇ ਉਸ ਨੂੰ ਪਹਿਲਾਂ ਹੀ ਬੜਾ ਪ੍ਰੇਸ਼ਾਨ ਕਰ ਰਖਿਆ ਸੀ ਕਿਉਂਕਿ ਇਸ ਬਗਾਵਤ ਕਰਕੇ ਉਸ ਨਾਲੋਂ ਅਫ਼ਗਾਨਿਸਤਾਨ ਬਹੁਤ ਚਿਰ ਟੁੱਟਿਆ ਰਿਹਾ ਸੀ। ਦਿੱਲੀ ਦੇ ਐਨ ਨੇੜੇ ਉਠੀ ਇਸ ਬਗਾਵਤ ਦਾ ਭਾਂਬੜ ਜੇ ਸਮੇਂ ਸਿਰ ਨਾ ਰੋਕਿਆ ਗਿਆ ਤਾਂ ਉਸ ਹੱਥੋਂ ਸਾਰੀ ਸਲਤਨਤ ਜਾ ਸਕਦੀ ਸੀ ਤੇ ਉਸ ਲਈ ਭੱਜਣ ਨੂੰ ਵੀ ਕੋਈ ਰਾਹ ਨਹੀਂ ਸੀ ਰਹਿ ਜਾਣਾ।

ਇਧਰ ਸਤਿਨਾਮੀਏ ਵੀ ਅਵੇਸਲੇ ਨਹੀਂ ਸਨ ਬੈਠੇ। ਉਨ੍ਹਾਂ ਨੇ ਆਪਣੇ ਆਗੂ ਜਗਜੀਵਨ ਦਾਸ ਚੰਦੇਲ ਅਧੀਨ ਬੜੇ ਤਕੜੇ ਮੋਰਚੇ ਬਣਾ ਲਏ ਸਨ ਤੇ ਇਸ ਸੰਭਾਵੀ ਖਤਰੇ ਲਈ ਤਿਆਰੀ ਖਿੱਚ ਲਈ ਸੀ ਜਿਸ ਦੀਆਂ ਖ਼ਬਰਾਂ ਔਰੰਗਜ਼ੇਬ ਨੂੰ ਬਰਾਬਰ ਮਿਲ ਰਹੀਆਂ ਸਨ। ਹੁਣ ਉਸ ਨੇ ਇਕ ਤਾਂ ਮੋਰਚੇਬੰਦ ਤੇ ਲਾਮਬੰਦ ਸਤਿਨਾਮੀਆਂ ਨੂੰ ਹਰਾਉਣ ਲਈ ਇਕ ਤਕੜੀ ਫੌਜ ਦਾ ਬੰਦੋਬਸਤ ਕਰਨਾ ਸੀ ਤੇ ਦੂਜੇ ਗੁਰੂ ਦੇ ਵਰ ਸਦਕਾ ਸਤਿਨਾਮੀਆਂ ਦੇ ਅਜਿੱਤ ਹੋਣ ਨਾਲ ਜੁੜੇ ਭਰਮ ਨੂੰ ਤੋੜਨਾ ਸੀ।

# ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਦੇ ਵਣਜਾਰੇ



ਮੱਧ ਪ੍ਰਦੇਸ਼ ਵਿੱਚ ਪੰਜਾਬ ਤੋਂ ਪਹੁੰਚੇ ਸ੍ਰ. ਗੁਰਮੁਖ ਸਿੰਘ, ਸ੍ਰ. ਤਰਸੇਮ ਸਿੰਘ, ਸ੍ਰ. ਚਤਰ ਸਿੰਘ ਤੇ ਹੋਰ ਵਣਜਾਰੇ ਵੀਰ ਖੜੇ ਦਿਖਾਈ ਦੇ ਰਹੇ ਹਨ।



ਮੱਧ ਪ੍ਰਦੇਸ਼ ਦੇ ਪਿੰਡ ਵਿੱਚ ਵਣਜਾਰੇ ਪਰਿਵਾਰਾਂ ਨਾਲ ਖੜੇ ਹਨ ਸ੍ਰ. ਰਣਜੀਤ ਸਿੰਘ ਅਹੂਜਾ, ਗੁਰਮਤਿ ਪ੍ਰਚਾਰ ਸਭਾ, ਇੰਦੌਰ।



ਕੀਰਤਨ ਵਿੱਚ ਮਸਤ ਵਣਜਾਰੇ ਵੀਰ ਪਿੰਡ ਪਚੋੜ (ਮਹਾਰਾਸ਼ਟਰ)



ਝੁੱਗੀ ਝੋਂਪੜੀ ਵਿੱਚ ਜੀਵਨ ਬਸਰ ਕਰ ਰਿਹਾ ਵਣਜਾਰਾ ਪਰਿਵਾਰ। ਪਿੰਡ ਪਚੋੜ (ਮਹਾਰਾਸ਼ਟਰ)

# ਸਾਡੇ ਸਤਿਨਾਮੀ ਵੀਰ



दैनिक भास्कर

रावां - यहीं से निकली थी

आस्था की गंगा

ਸਤਿਨਾਮੀ ਸਮਾਜ ਦਾ ਪੂਜਨੀਕ ਅਸਥਾਨ ਤੇ ਸੁਸ਼ੋਬਿਤ ਗੁਰਦੁਆਰਾ ਸਾਹਿਬ ਜਿੱਥੇ ਪਹਿਲਾਂ ਸਤਿਨਾਮੀ ਸਮਾਜ ਨਾਲ ਸਬੰਧਤ ਸ੍ਰੀ ਤੁਲਾ ਰਾਮ ਦੇ ਘਰ ਨੂੰ ਅੱਗ ਲੱਗੀ ਸੀ। ਸਭ ਕੁਝ ਤੇ ਜਲ ਗਿਆ ਪ੍ਰੰਤੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਸਹੀ ਸਲਾਮਤ ਰਹੇ



ਸਿਲਾਈ ਕਢਾਈ ਦਾ ਕੰਮ ਸਿੱਖ ਰਹੀਆਂ ਸਤਿਨਾਮੀ ਸਮਾਜ ਨਾਲ ਸਬੰਧਤ ਬੀਬੀਆਂ



ਸੰਗਤੀ ਰੂਪ ਵਿੱਚ ਸਤਿਨਾਮੀ ਵੀਰ



ਸਤਿਨਾਮੀ ਸੰਗਤ ਦੇ ਵਿਚਕਾਰ ਖੜ੍ਹੇ ਹਨ ਡਾ. ਰਣਵੀਰ ਸਿੰਘ ਜੀ ਕੌਂਸਲ



ਗੁਰਦੁਆਰਾ 'ਨਾਨਕ ਲਾਮਾ' ਚੋਂਗਥਾਂਗ, ਸਿੱਕਿਮ

ਵਕਤ ਦੀ ਨਜ਼ਾਕਤ ਨੂੰ ਸਮਝ ਕੇ ਔਰੰਗਜ਼ੇਬ ਨੇ ਇਸ ਬਗ਼ਾਵਤ ਨਾਲ ਵੱਡੀ ਪੱਧਰ ਤੇ ਨਿਪਟਣ ਦਾ ਇਰਾਦਾ ਕਰ ਲਿਆ। ਉਸਨੇ ਆਪਣੇ ਸਿਪਾਹ ਸਲਾਰ ਸਯਾਦ ਅਹਿਮਦ ਖਾਨ ਦੇ ਅਧੀਨ ਇਕ ਵੱਡੀ ਸੈਨਾ ਤਿਆਰ ਕੀਤੀ ਤੇ ਸੈਨਾ ਦੇ ਝੰਡਿਆਂ ਤੇ ਕੁਰਾਨ ਦੀਆਂ ਆਇਤਾਂ ਆਪਣੇ ਹੱਥਾਂ ਨਾਲ ਲਿਖ ਕੇ ਲਗਵਾਈਆਂ ਤਾਂ ਜੋ ਸਿਪਾਹੀਆਂ ਦੇ ਦਿਲਾਂ ਵਿਚ ਵਸਿਆ ਇਹ ਖ਼ੌਫ਼ ਕਿ ਉਹ ਅਜਿਹੀ ਸੈਨਾ ਨਾਲ ਲੜਨ ਜਾ ਰਹੇ ਹਨ ਜਿਨ੍ਹਾਂ ਨੂੰ ਗੁਰੂ ਵੱਲੋਂ ਵਰ ਹੈ ਕਿ ਉਹ ਕਦੇ ਨਹੀਂ ਜਿੱਤੇ ਜਾ ਸਕਦੇ- ਦੂਰ ਕੀਤਾ ਜਾ ਸਕੇ। ਕੁਰਾਨ ਦੀਆਂ ਆਇਤਾਂ ਵਿਚ ਹਰ ਜਾਦੂ ਰੋਕਣ ਦੀ ਕਲਾ ਨੂੰ ਔਰੰਗਜ਼ੇਬ ਨੇ ਖ਼ੂਬ ਪਰਚਾਰਿਆ। ਇਸ ਸੈਨਾ ਨੂੰ ਆਪ ਸੰਬੋਧਨ ਕਰਦਿਆਂ ਉਸ ਨੇ ਕਿਹਾ- ''ਤੁਹਾਡੇ ਝੰਡਿਆਂ ਉਪਰ ਕੁਰਾਨ ਦੀਆਂ ਆਇਤਾਂ ਤੁਹਾਡੀ ਰਖਿਆ ਕਰਨਗੀਆਂ ਤੇ ਤੁਹਾਨੂੰ ਕੋਈ ਨਹੀਂ ਹਰਾ ਸਕਦਾ ਕਿਉਂਕਿ ਤੁਸੀਂ ਕਾਫਰਾਂ ਨੂੰ ਮਿਟਾਉਣ ਜਾ ਰਹੇ ਹੋ।'' **(ਮਹਾਨ ਕੋਸ਼ ਪੰਨਾ 147)**

ਵੱਡੇ ਜਰਨੈਲ ਥੱਲੇ ਹਥਿਆਰਾਂ ਤੇ ਤੋਪਾਂ ਨਾਲ ਲੈਸ ਭਾਰੀ ਪੈਦਲ ਫੌਜ ਤੇ ਘੋੜ ਸਵਾਰ, ਜਿਸ ਵਿਚ ਔਰੰਗਜ਼ੇਬ ਨੇ ਆਪ ਜੋਸ਼ ਭਰਿਆ ਸੀ, ਮਾਰੋ ਮਾਰ ਕਰਦੀ ਨਾਰਨੌਲ ਪਹੁੰਚ ਗਈ ਤੇ ਮੁੱਠੀ ਭਰ ਸਤਿਨਾਮੀਆਂ ਨੂੰ ਘੇਰੇ ਵਿਚ ਲੈ ਲਿਆ। ਭਾਰੀ ਗੋਲਾ ਬਾਰੀ ਤੇ ਲਾਮਬੰਦੀ ਅੱਗੇ ਭਲਾ ਹਥਿਆਰਹੀਣ ਸਤਿਨਾਮੀਏ ਕਿਤਨਾ ਕੁ ਚਿਰ ਟਿਕਦੇ? ਪਰ ਉਨ੍ਹਾਂ ਵਿਚੋਂ ਕਿਸੇ ਨੇ ਵੀ ਹਥਿਆਰ ਨਾ ਸੁੱਟੇ ਤੇ ਨਾ ਗੋਡੇ ਟੇਕੇ। ਰਾਤ ਤਕ ਮੁਕਾਬਲਾ ਕੀਤਾ ਤੇ ਰਾਤ ਪੈਂਦਿਆਂ ਹੀ ਨਿਕਲ ਤੁਰੇ। ਹਟਦੇ ਹਟਦੇ ਉਹ ਮੱਧ ਪ੍ਰਦੇਸ਼ ਵਲ ਵਧਦੇ ਗਏ ਤੇ ਮਾਰ ਕਾਟ ਕਰਦੀ ਮੁਗਲ ਸੈਨਾ ਪਿਛੇ ਪਿਛੇ ਵਧਦੀ ਗਈ। ਅਜੋਕੇ ਛਤੀਸਗੜ੍ਹ ਦੇ ਇਲਾਕੇ ਦੇ ਜੰਗਲਾਂ ਵਿਚ ਉਹ ਆਪਣੇ ਪਰਿਵਾਰਾਂ ਸਮੇਤ ਬਿਖਰ ਗਏ। ਪਿੱਛੋਂ ਔਰੰਗਜ਼ੇਬ ਦਾ ਮੁਗਲ ਸੈਨਾ ਨੂੰ ਵਾਪਸੀ ਦਾ ਸੰਦੇਸ਼ਾ ਮਿਲ ਗਿਆ ਤੇ ਉਹ ਵਾਪਿਸ ਪਰਤ ਗਈ।

ਉਸ ਸਮੇਂ ਤੋਂ ਅੱਜ ਤੱਕ ਸਤਿਨਾਮੀਏ ਇਨ੍ਹਾਂ ਜੰਗਲਾਂ ਦੇ ਵਾਸੀ ਹੋ ਕੇ ਰਹਿ ਗਏ। ਦੁੱਖ ਦੀ ਗੱਲ ਹੋਰ ਕਿ ਇਨ੍ਹਾਂ ਨੂੰ ਇਸ ਇਲਾਕੇ ਦੇ ਧਨੀ, ਤਾਕਤਵਰ ਤੇ ਪੰਡਿਤਊ ਤਬਕੇ ਨੇ ਲਗਾਤਾਰ ਦਬਾਈ ਰੱਖਣ ਦੀ ਕੋਸ਼ਿਸ਼ ਕੀਤੀ ਤੇ ਉਤਾਂਹ ਨਾ ਉੱਠਣ ਦਿੱਤਾ। ਸਤਿਨਾਮੀਏ ਆਪਣੀਆਂ ਝੁੱਗੀਆਂ ਵਿਚ ਰਹਿੰਦੇ ਇਕ ਥਾਂ ਇਕੱਠਾ ਹੋ ਕੇ ਸਤਿਨਾਮ ਦਾ ਜਾਪ ਕਰਦੇ ਰਹੇ ਤੇ ਪੰਡਤਾਂ ਦੀਆਂ ਚਲਾਈਆਂ ਰਹੁ-ਰੀਤਾਂ ਤੋਂ ਦੂਰ ਰਹੇ। ਘਾਸੀ ਰਾਮ ਨੇ ਇਨ੍ਹਾਂ ਵਿਚ ਏਕਤਾ ਲਿਆ ਕੇ ਪੰਡਤਾਂ ਤੇ ਜਾਬਰਾਂ ਦੇ ਜ਼ੋਰ ਜ਼ੁਲਮ ਨੂੰ ਠੱਲ੍ਹ ਪਾਈ ਤੇ ਵਿਦਿਆ-ਪ੍ਰਚਾਰ ਵੀ ਕੀਤਾ। ਪਰ ਜਦ ਅੰਗਰੇਜ਼ਾਂ ਦਾ ਰਾਜ ਹੋਇਆ ਤਾਂ ਉਨ੍ਹਾਂ ਨੇ ਕਈ ਸਤਿਨਾਮੀਆਂ ਦਾ ਧਰਮ ਪਰਿਵਰਤਨ ਕਰ ਕੇ ਉਨ੍ਹਾਂ ਨੂੰ ਇਸਾਈ ਬਣਾ ਲਿਆ। ਇਨ੍ਹਾਂ ਵਿਚੋਂ ਛਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਅਜੀਤ ਜੋਗੀ ਦਾ ਪਰਿਵਾਰ ਵੀ ਹੈ।

ਕੁਝ ਸਾਲ ਪਹਿਲਾਂ ਧਮਤਰੀ ਦੇ ਨੇੜੇ ਇਕ ਸਤਿਨਾਮੀ ਘਰ ਵਿਚ ਅੱਗ ਲੱਗ ਗਈ। ਉਸ ਦੇ ਘਰ ਦਾ ਸਭ ਕੁਝ ਜਲ ਗਿਆ ਪਰ ਲਕੜੀ ਦੇ ਇਕ ਬਕਸੇ ਵਿਚ ਪਏ ਇਕ ਗ੍ਰੰਥ ਨੂੰ ਕੁਝ ਨਾ ਹੋਇਆ। ਸਭ ਥਾਂ ਗੱਲ ਫੈਲ ਗਈ ਕਿ ''ਇਕ ਬੜੇ ਗ੍ਰੰਥ ਕੋ ਆਗ ਨਹੀਂ ਲਗੀ ਜਬ ਕਿ ਸਾਰਾ ਘਰ ਸੜ ਗਿਆ।'' ਜਦ ਉਸ ਗ੍ਰੰਥ ਨੂੰ ਖੋਲ੍ਹਿਆ ਗਿਆ ਤਾਂ ਉਸ ਦੀ ਭਾਸ਼ਾ ਕਿਸੇ ਨੂੰ ਸਮਝ ਨਾ ਆਈ। ਗਲ ਫੈਲਦੀ ਗਈ। ਇਸ ਇਲਾਕੇ ਵਿਚ ਕੁਝ ਪੰਜਾਬੀ ਵੀ ਰਹਿੰਦੇ ਸਨ ਜਦ ਉਨ੍ਹਾਂ ਨੇ ਇਸ ਬਾਰੇ ਸੁਣਿਆ ਤੇ ਪੜਤਾਲਿਆ ਤਾਂ ਪਤਾ ਲੱਗਿਆ ਕਿ

ਇਹ ਤਾਂ ਗੁਰੂ ਗ੍ਰੰਥ ਸਾਹਿਬ ਦੀ ਪੁਰਾਤਨ ਬੀੜ ਹੈ ਜਿਸ ਬਾਰੇ ਉਸ ਘਰ ਵਾਲੇ ਨੇ ਦੱਸਿਆ ਕਿ ਉਸ ਦੇ ਬਜ਼ੁਰਗ ਇਹ ਗ੍ਰੰਥ ਪੜ੍ਹਿਆ ਕਰਦੇ ਸਨ ਤੇ ਪੂਜਾ ਕਰਦੇ ਸਨ।

**(ਦੈਨਿਕ ਭਾਸਕਰ, ਰਾਇਪੁਰ ਅੰਕ ਮਿਤੀ** 8-11-2003**)**

ਧਮਤਰੀ ਦੀ ਸੰਗਤ ਨੂੰ ਪਤਾ ਲਗਿਆ ਤਾਂ ਉਨ੍ਹਾਂ ਨੇ ਉਸ ਥਾਂ ਤੇ ਗੁਰਦਆਰਾ ਬਣਾਉਣ ਦੀ ਇੱਛਾ ਪ੍ਰਗਟ ਕੀਤੀ। ਉਸ ਘਰ ਵਾਲੇ ਨੇ ਆਪਣਾ ਘਰ ਗੁਰਦਆਰਾ ਸਾਹਿਬ ਲਈ ਦਾਨ ਦਿੱਤਾ ਤੇ ਇਹ ਜਾਣ ਕੇ ਕਿ ਉਸ ਦੇ ਪੂਰਵਜ਼ ਤਾਂ ਗੁਰੂ ਦੇ ਸਿੱਖ ਸਨ, ਅੰਮ੍ਰਿਤ ਛਕ ਕੇ ਸਿੰਘ ਬਣ ਗਿਆ। ਉਸ ਪਿੱਛੋਂ ਗੁਰੂ ਘਰ ਨਾਲ ਜੁੜਨ ਵਾਲੇ ਸਤਿਨਾਮੀਆਂ ਦਾ ਤਾਂ ਹੜ੍ਹ ਹੀ ਆ ਗਿਆ ਤੇ ਕਈ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣ ਗਏ। ਇਹ ਬੀੜਾ ਰਾਇਪੁਰ ਦੀ ਸਤਿਨਾਮ ਫਾਊਂਡੇਸ਼ਨ ਨੇ ਚੁਕਿਆ ਜਿਸ ਨੂੰ ਬਾਹਰੋਂ 'ਸਕਾਟਿਸ਼ ਸਿੱਖ ਕੌਂਸਿਲ' ਨੇ ਭਰਵਾਂ ਸਹਿਯੋਗ ਦਿਤਾ।

ਇਨ੍ਹਾਂ ਤਿੰਨ ਕਬੀਲਿਆਂ ਦੇ ਭਲੇ ਲਈ ਕੁਝ ਸੰਸਥਾਵਾਂ ਆਪਣਾ ਯਥਾਯੋਗ ਤਾਣ ਲਾ ਰਹੀਆਂ ਹਨ। ਜਿਨ੍ਹਾਂ ਵਿਚੋਂ ਪੰਥ ਪ੍ਰਵਾਣਿਤ ਸੰਸਥਾਵਾਂ ਤੋਂ ਇਲਾਵਾ ਸਥਾਨਕ ਸੰਸਥਾਵਾਂ, ਗੁਰਮਤਿ ਪ੍ਰਚਾਰ ਸੰਸਥਾ ਨਾਗਪੁਰ, ਸਤਿਨਾਮ ਫਾਊਂਡੇਸ਼ਨ ਰਾਇਪੁਰ, ਗੁਰੂ ਅੰਗਦ ਦੇਵ ਵਿਦਿਅਕ ਅਤੇ ਭਲਾਈ ਸੰਸਥਾ ਲੁਧਿਆਣਾ, ਟਰੱਸਟ ਫਾਰ ਵਣਜਾਰਾ ਐਂਡ ਅਦਰ ਵੀਕਰ ਸੈਕਸ਼ਨ ਚੰਡੀਗੜ੍ਹ ਆਦਿ ਆਪਣੇ ਵਿੱਤ ਮੁਤਾਬਕ ਯੋਗਦਾਨ ਪਾ ਰਹੀਆਂ ਹਨ। ਵਿਦੇਸ਼ੀ ਸੰਗਤਾਂ ਵਿਚੋਂ ਸ. ਮਿਹਰ ਸਿੰਘ ਆਫ ਲੰਡਨ ਅਤੇ ਸਕਾਟਿਸ਼ ਸਿੱਖ ਕੌਂਸਲ ਵਲੋਂ ਦਿੱਤਾ ਸਹਿਯੋਗ ਵਰਨਣਯੋਗ ਹੈ। ਪਰ ਇਹ ਉਪਰਾਲੇ ਉਤਨੀ ਵੱਡੀ ਪੱਧਰ ਦੇ ਨਹੀਂ ਜੋ ਕ੍ਰੋੜਾਂ ਦੀ ਗਿਣਤੀ ਵਿਚ ਸਾਰੇ ਹਿੰਦੁਸਤਾਨ ਵਿਚ ਫੈਲੇ ਇਨ੍ਹਾਂ ਗੁਰੂ ਘਰ ਦੇ ਲਾਡਲਿਆਂ ਨੂੰ ਗੁਰੂ ਘਰ ਨਾਲ ਜੋੜਨ ਲਈ ਕਾਫ਼ੀ ਹੋਣ। ਇਸ ਲਈ ਤਾਂ ਵਿਸ਼ਵ ਪੱਧਰ ਤੇ ਸਮੁੱਚਾ ਸਿੱਖ ਜਗਤ ਉਪਰਾਲੇ ਕਰੇ ਤਾਂ ਹੀ ਗੱਲ ਬਣ ਸਕਦੀ ਹੈ।

ਪੂਰਨ ਆਸ ਹੈ ਕਿ ਸਿੱਖ ਸੰਗਤਾਂ ਇੰਨੇ ਵੱਡੇ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ ਵਿਚ ਆਪਣਾ ਪੂਰਾ ਸਹਿਯੋਗ ਬਖ਼ਸ਼ਣਗੀਆਂ।



**ਕਰਨਲ (ਰਿਟਾ.) ਡਾ. ਦਲਵਿੰਦਰ ਸਿੰਘ ਗਰੇਵਾਲ ਮੈਨੇਜਮੈਂਟ ਤੇ ਕੰਪਿਊਟਰ ਸਾਇੰਸ ਦੇ ਪੀ ਐਚ ਡੀ ਹਨ। ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦੇ ਪ੍ਰਿੰਸੀਪਲ ਰਹੇ ਹਨ। ਭਾਰਤੀ ਫੌਜ ਵਿੱਚ** 65 **ਅਤੇ** 71 **ਦੀਆਂ ਲੜਾਈਆਂ ਵੀ ਲੜੀਆਂ ਹਨ। ਗੁਰੂ ਨਾਨਕ ਦੇਵ ਜੀ ਦੀਆਂ ਯਾਤਰਾਵਾਂ ਤੇ ਕੀਤੀ ਖੋਜ ਕੌਮ ਨੂੰ ਉਨ੍ਹਾਂ ਦੀ ਇਕ ਨਿਵੇਕਲੀ ਦੇਣ ਹੈ। ਸਿਕਲੀਗਰ ਵਣਜਾਰਿਆਂ ਨੂੰ ਬੜੀ ਨੇੜਿਓ ਤੱਕ ਕੇ ਲਿਖਿਆ ਹੈ। ਹੁਣ ਤੱਕ ਉਨ੍ਹਾਂ ਨੇ ਅੰਗਰੇਜ਼ੀ ਅਤੇ ਪੰਜਾਬੀ ਵਿੱਚ** 20 **ਪੁਸਤਕਾਂ ਲਿਖੀਆਂ ਹਨ। ਸੰਪਰਕ**
dalvinder45@yahoo.co.in

# ਨਾਨਕ ਨਾਮ ਲੇਵਾ ਸਿੱਖਾਂ ਦੀ ਗਿਣਤੀ 2 ਕਰੋੜ ਕਿ 12 ਕਰੋੜ?

## ਮਲਕੀਤ ਸਿੰਘ ਸੱਗੂ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਿੰਨ ਕਰੋੜ ਲੋਕਾਂ ਨੂੰ ਅਕਾਲ ਪੁਰਖ ਨਾਲ ਜੋੜਿਆ ਸੀ, ਜਿਸ ਤੱਥ ਦਾ ਪ੍ਰਗਟਾਵਾ ਮੁਸਲਮਾਨਾਂ ਦੇ ਕਾਦੀਆਨੀ ਫ਼ਿਰਕੇ ਦੇ ਆਗੂ ਮਿਰਜ਼ਾ ਗ਼ੁਲਾਮ ਅਹਿਮਦ ਕਾਦੀਆਂ ਨੇ ਕੀਤਾ ਹੈ। ਕੀ ਅੱਜ 538 ਸਾਲਾਂ ਪਿੱਛੋਂ ਇਹ ਗਿਣਤੀ ਘਟ ਕੇ ਦੋ ਕਰੋੜ ਰਹਿ ਗਈ ਹੈ? ਐਸਾ ਹਰਗਿਜ਼ ਨਹੀਂ ਹੋ ਸਕਦਾ। ਜੋ ਲੋਕ ਸਿੱਖਾਂ ਦੀ ਗਿਣਤੀ ਘੱਟ ਦੱਸਦੇ ਹਨ, ਉਹ ਠੀਕ ਨਹੀਂ ਹਨ। ਸਾਰੇ ਤੱਥ ਸਾਡੇ ਸਾਹਮਣੇ ਸਪੱਸ਼ਟ ਹਨ। ਪਿੱਛੇ ਜਿਹੇ ਮਹਾਂਰਾਸ਼ਟਰ ਦੇ ਉੱਪ ਮੁੱਖ ਮੰਤਰੀ ਗੋਪੀ ਨਾਥ ਮੁੰਡੇ ਨੇ ਇਕ ਵਿਗਿਆਪਨ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਦਿੱਤਾ ਸੀ, ਜਿਸ ਵਿਚ ਪੰਜ ਕਰੋੜ ਸਿਕਲੀਗਰ ਅਤੇ ਸੱਤ ਕਰੋੜ ਵਣਜਾਰਿਆਂ ਦਾ ਜ਼ਿਕਰ ਵੀ ਕੀਤਾ, ਜਿਨ੍ਹਾਂ ਵਿਚੋਂ ਬਹੁਤੇ ਕੇਸਾਧਾਰੀ, ਸਾਬਤ ਸੂਰਤ ਹਨ ਅਤੇ ਸਾਰੇ ਹੀ ਨਾਨਕ ਨਾਮ-ਲੇਵਾ ਹਨ। ਦਾਸ ਅਤੇ ਸਾਥੀਆਂ ਨੇ ਜਦੋਂ ਘੁੰਮ-ਫਿਰ ਕੇ ਪਿੰਡਾਂ, ਸ਼ਹਿਰਾਂ, ਕਸਬਿਆਂ, ਜੰਗਲਾਂ, ਨਦੀਆਂ, ਨਾਲਿਆਂ ਦੇ ਕੰਢਿਆਂ ਤੇ ਸਰਵੇਖਣ ਕੀਤਾ ਤਾਂ ਸਾਨੂੰ ਪਤਾ ਲੱਗਾ ਕਿ ਇਹ ਲੋਕ ਕਰੋੜਾਂ ਦੀ ਗਿਣਤੀ ਵਿੱਚ ਹਨ।

ਸਿੱਖ ਸਿਧਾਂਤ ਦਾ ਸੰਦੇਸ਼ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ 35000 ਮੀਲ ਦਾ ਪੈਦਲ ਸਫ਼ਰ ਕਰ ਕੇ ਘਰ ਘਰ ਜਾ ਕੇ ਦਿੱਤਾ ਅਤੇ ਦਸਾਂ ਜਾਮਿਆਂ ਵਿਚ ਵਿਚਰ ਕੇ ਦੋ ਸੌ ਉਨਤਾਲੀ ਸਾਲ ਲਗਾਤਾਰ ਸੰਘਰਸ਼ ਕਰ ਕੇ, ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਬੰਦ ਹੋ ਕੇ, ਤੱਤੀਆਂ ਤਵੀਆਂ ਤੇ ਆਸਣ ਲਾ ਕੇ, ਦਿੱਲੀ ਦੇ ਚਾਂਦਨੀ ਚੌਂਕ ਵਿਚ ਸੀਸ ਕੁਰਬਾਨ ਕਰ ਕੇ, ਵੱਡੇ ਅਤੇ ਛੋਟੇ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਦੇ ਕੇ, ਸਿੱਖੀ ਦੇ ਬਾਗ਼ ਨੂੰ ਪ੍ਰਫੁੱਲਤ ਕੀਤਾ ਅਤੇ ਸਿੱਖ ਧਰਮ ਨੂੰ ਦੁਨੀਆਂ ਵਿਚ ਫੈਲਾਉਣ ਵਾਸਤੇ ਕਿਸੇ ਵੀ ਕਿਸਮ ਦੀਆਂ ਕੁਰਬਾਨੀਆਂ ਤੋਂ ਸੰਕੋਚ ਨਹੀਂ ਕੀਤਾ। ਅੱਜ ਸਾਨੂੰ ਵੀ ਸੋਚਣਾ ਚਾਹੀਦਾ ਹੈ ਕਿ ਇਸ ਸੰਬੰਧ ਵਿਚ ਸਾਡਾ ਕੀ ਫਰਜ਼ ਬਣਦਾ ਹੈ। ਦਾਸ ਦੀ ਪੰਥ ਦਰਦੀਆਂ ਅੱਗੇ ਅਪੀਲ ਹੈ ਕਿ ਜਿੰਨੀਆਂ ਵੀ ਧਾਰਮਕ ਜਥੇਬੰਦੀਆਂ, ਧਾਰਮਕ ਸੰਸਥਾਵਾਂ, ਸਿੰਘ ਸਭਾਵਾਂ ਅਤੇ ਹੋਰ ਸੁਸਾਇਟੀਆਂ ਹਨ, ਉਹ ਲੱਕ ਬੰਨ੍ਹ ਕੇ ਅੱਗੇ ਆਉਣ ਅਤੇ ਇਹ ਜਿਹੜੇ 12 ਕਰੋੜ ਲੋਕ ਸਾਡੇ ਵੱਲ ਵੇਖ ਰਹੇ ਹਨ, ਇਹਨਾਂ ਨੂੰ ਆਪਣੇ ਨਾਲ ਲੈ ਕੇ ਯੋਜਨਾਬੱਧ ਤਰੀਕੇ ਨਾਲ ਚੱਲੀਏ।

### ਸਿਕਲੀਗਰ ਸਿੱਖਾਂ ਦੀ ਸੇਵਾ ਦਾ ਧੁਰਾ -ਨਾਗਪੁਰ

ਨਾਗਪੁਰ ਦੇ ਆਲੇ ਦੁਆਲੇ ਸਿਕਲੀਗਰ ਅਤੇ ਵਣਜਾਰਿਆਂ ਦੀ ਬਹੁਤ ਵੱਡੀ ਗਿਣਤੀ ਰਹਿੰਦੀ ਹੈ। ਪਿਛਲੇ ਕਈ ਦਹਾਕਿਆਂ ਤੋਂ ਵੱਖਰੀਅ ਵੱਖਰੀਆਂ ਸਿੱਖ ਸ਼ਖਸ਼ੀਅਤਾਂ ਵੱਲੋਂ ਅਤੇ ਜਥੇਬੰਦੀਆਂ ਵੱਲੋਂ ਨਾਗਪੁਰ ਅਤੇ ਆਲੇ-ਦੁਆਲੇ ਵਿਖੇ ਹੀ ਸਿਕਲੀਗਰ ਪਰਿਵਾਰਾਂ ਦੀ ਸੇਵਾ ਸੰਭਾਲ ਦਾ ਕਾਰਜ ਸ਼ੁਰੂ ਕੀਤਾ ਗਿਆ ਸੀ। ਸੰਨ 1970 ਦੇ ਆਸ-ਪਾਸ ਜਦ ਸਿੱਖ ਜਗਤ ਨੂੰ ਸਿਕਲੀਗਰਾਂ ਦੀ ਹੋਂਦ ਅਤੇ ਹਲਾਤ ਬਾਰੇ ਨਾ ਤਾਂ ਇਲਮ ਸੀ ਤੇ ਨਾ ਹੀ ਕੋਈ ਚਿੰਤਾ। ਉਸ ਵੇਲੇ ਨਾਗਪੁਰ ਅਤੇ ਮੁੰਬਈ ਦੇ ਕੁਝ ਸਮਾਜ ਸੇਵਕਾਂ ਨੇ ਮਿਲ ਕੇ ਭਾਰਤ ਦੇ ਇਸ ਕੇਂਦਰੀ ਸ਼ਹਿਰ ਵਿੱਚ ਸਿਕਲੀਗਰਾਂ ਦੀ ਸੇਵਾ ਦਾ ਬੀੜਾ ਚੁੱਕਿਆ। ਅੱਜ ਵੀ ਉਹ

ਵੱਖ-ਵੱਖ ਸੰਸਥਾਵਾਂ ਵੱਲੋਂ ਬੜੀ ਸੰਜੀਦਗੀ ਨਾਲ ਅਤੇ ਵਿਉਂਤ ਨਾਲ ਸੇਵਾ ਕੀਤੀ ਜਾ ਰਹੀ ਹੈ।

ਆਉ ਸਾਰੇ ਰਲ ਕੇ ਪਿਛਲੀਆਂ ਹੋਈਆਂ ਭੁੱਲਾਂ ਦਾ ਸੁਧਾਰ ਕਰੀਏ ਅਤੇ ਭਾਰਤ ਵਿਚ ਵਸਦੇ ਲੋਕਾਂ ਨੂੰ ਦੱਸੀਏ ਕਿ ਸਿੱਖਾਂ ਦੀ ਗਿਣਤੀ ਇਸ ਵੇਲੇ 2 ਕਰੋੜ ਨਹੀਂ, ਬਲਕਿ 12 ਕਰੋੜ ਤੋਂ ਉੱਪਰ ਹੈ। ਜਿਹੜੇ ਲੋਕ ਨਾਨਕ ਨਾਮ-ਲੇਵਾ ਹਨ, ਉਹ ਸਾਰੇ ਹੀ ਅਸਲ ਸਿੱਖਾਂ ਦੀ ਸੰਤਾਨ ਹਨ ਅਤੇ ਸਾਰੇ ਰਸਮੋ ਰਿਵਾਜ਼ ਸਿੱਖੀ ਸਿਧਾਂਤ ਅਨੁਸਾਰ ਨਿਭਾਉਂਦੇ ਹਨ। ਕੁਝ ਸਾਲ ਪਹਿਲਾਂ ਵਣਜਾਰੇ-ਪਰਿਵਾਰਾਂ ਵਲੋਂ ਬੀਬੀ ਜਗੀਰ ਕੌਰ ਨੂੰ ''ਵਣਜਾਰਾ-ਮਾਂ'' ਦਾ ਸਨਮਾਨ ਦੇਣਾ ਸਿੱਖਾਂ ਨਾਲ ਖ਼ੂਨ ਦੀ ਸਾਂਝ ਦਰਸਾਉਂਦਾ ਹੈ। ਆਪਣੇ ਵੀਰਾਂ ਨੂੰ ਗਲ ਨਾਲ ਲਗਾਉਣ ਲਈ ਗੁਰਦੁਆਰੇ ਸਥਾਪਤ ਕਰ ਕੇ ਉਹਨਾਂ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਾਇਆ ਜਾਣਾ ਬਹੁਤ ਜ਼ਰੂਰੀ ਹੈ।

ਕੁਝ ਅਸਥਾਨਾਂ ਤੇ ਕੇਵਲ ਗੁਰਬਾਣੀ ਦੇ ਗੁਟਕੇ, ਸਿੱਖ ਇਤਿਹਾਸ ਦਾ ਲਿਟਰੇਚਰ ਭੇਜ ਕੇ ਇਹਨਾਂ ਨਾਲ ਆਪਣੀ ਸਾਂਝ ਨੂੰ ਪੱਕਿਆਂ ਕੀਤਾ ਜਾ ਸਕਦਾ ਹੈ। ਇਹ ਲੋਕ ਸਾਡੇ ਕੋਲੋਂ ਹੋਰ ਕੁਝ ਨਹੀਂ ਮੰਗਦੇ, ਕੇਵਲ ਪਿਆਰ-ਸਤਿਕਾਰ ਹੀ ਮੰਗਦੇ ਹਨ। ਜੇ ਅਸੀਂ ਹੁਣ ਇਹਨਾਂ ਦੀ ਸਾਰ ਨਾ ਲਈ ਤਾਂ ਨਵੀਂ ਪੀੜ੍ਹੀ ਤੇ ਇਤਿਹਾਸ ਨੇ ਸਾਨੂੰ ਨਹੀਂ ਬਖ਼ਸ਼ਣਾ। ਆਉ ! ਸਾਰੇ ਨਾਨਕ ਨਾਮ-ਲੇਵਾ ਕੁੰਭਕਰਨੀ ਨੀਂਦ ਨੂੰ ਤਿਆਗ ਕੇ ਜਾਗਣ ਦਾ ਉਪਰਾਲਾ ਕਰੀਏ ਤੇ ਆਪਣੀ ਹੋਂਦ ਨੂੰ ਕਾਇਮ ਰੱਖਦਿਆਂ ਹੋਇਆਂ ਵਿਛੜੇ ਵੀਰਾਂ ਨੂੰ ਗਲਵਕੜੀ ਵਿਚ ਲਈਏ।

ਗੁਰਸਿੱਖ ਫੁਲਵਾੜੀ ਦੇ ਇਹ ਅੰਗ ਕਰਨਾਟਕ, ਦਿੱਲੀ, ਹਿਮਾਚਲ ਪ੍ਰਦੇਸ਼, ਆਂਧਰਾ ਪ੍ਰਦੇਸ਼, ਉੜੀਸਾ, ਬਿਹਾਰ, ਤਾਮਿਲਨਾਡੂ, ਮਹਾਂਰਾਸ਼ਟਰ, ਜੰਮੂ-ਕਸ਼ਮੀਰ, ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ, ਗੁਜਰਾਤ, ਮੱਧ ਪ੍ਰਦੇਸ਼, ਬੰਗਾਲ, ਕੇਰਲ, ਆਸਾਮ ਆਦਿ ਪ੍ਰਾਂਤਾਂ ਵਿਚ ਵਸਦੇ ਹਨ। ਇਹਨਾਂ ਨੂੰ ਜਾਗਰਿਤ ਕਰਨ, ਧਰਮ ਨਾਲ ਜੋੜਨ ਅਤੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਯੋਗ ਬਣਾਉਣ ਲਈ ਹੇਠ ਲਿਖੇ ਕਾਰਜ ਕਰਨ ਦੀ ਫ਼ੌਰੀ ਲੋੜ ਹੈ:

1. ਇਹਨਾਂ ਦੇ ਇਲਾਕਿਆਂ ਵਿਚ, ਜਿਥੇ ਗੁਰਦੁਆਰੇ ਨਹੀਂ, ਗੁਰਦੁਆਰੇ ਸਥਾਪਤ ਕੀਤੇ ਜਾਣ। ਇਸ ਸਮੇਂ 50-50 ਕਿਲੋਮੀਟਰ ਦੀ ਦੂਰੀ ਤੇ ਵੀ ਗੁਰਦੁਆਰੇ ਨਹੀਂ ਹਨ। ਇਹ ਗੁਟਕਾ ਸਾਹਿਬ ਦੇ ਦੁਆਲੇ ਵੀ ਲਾਵਾਂ ਫੇਰੇ ਲੈ ਕੇ ਅਨੰਦ ਕਾਰਜ ਕਰਨ ਲਈ ਮਜਬੂਰ ਹਨ।

2. ਇਹਨਾਂ ਵਿਚ ਗੁਰਬਾਣੀ ਦੇ ਗੁਟਕੇ ਤੇ ਧਾਰਮਕ ਸਾਹਿਤ ਵੰਡਿਆ ਜਾਵੇ।

3. ਇਹਨਾਂ ਲਈ ਵਿਦਿਆਲੇ/ਕਾਲਜ ਖੋਲ੍ਹੇ ਜਾਣ।

4. ਇਹਨਾਂ ਨੂੰ ਰੁਜ਼ਗਾਰ ਮੁਹੱਈਆ ਕਰਨ ਲਈ ਫ਼ੈਕਟਰੀਆਂ ਸਥਾਪਤ ਕੀਤੀਆਂ ਜਾਣ। ਇਹ ਲੋਹੇ ਦੇ ਕੰਮ ਵਿਚ ਨਿਪੁੰਨ ਹਨ ਤੇ ਪੁਰਾਤਨ ਸਮਿਆਂ ਵਿਚ ਫ਼ੌਜਾਂ ਲਈ ਹਥਿਆਰ ਬਣਾਉਂਦੇ ਸਨ।

5. ਇਹਨਾਂ ਲਈ ਕਿੱਤਾਮੁਖੀ ਕਾਰਜਸ਼ਾਲਾਵਾਂ ਖੋਲ੍ਹੀਆਂ ਜਾਣ, ਜਿਥੇ ਵੱਖ-ਵੱਖ ਕਿੱਤਿਆਂ ਦੀ ਸਿਖਲਾਈ ਦਿੱਤੀ ਜਾਵੇ।

# ਮਹਾਰਾਸ਼ਟਰ ਦੇ ਵਣਜਾਰੇ



ਪਿੰਡ ਪਚੌੜ (ਮਹਾਂਰਾਸ਼ਟਰ) ਦੇ ਵਣਜਾਰੇ ਵੀਰ ਗੁਰਦੁਆਰਾ ਸਾਹਿਬ ਦਾ ਨੀਂਹ ਪੱਥਰ ਰੱਖਦੇ ਸਮੇਂ ਅਰਦਾਸ ਕਰਦੇ ਹੋਏ। ਅਰਦਾਸ ਕਰ ਰਹੇ ਹਨ ਸ੍ਰ. ਮਾਨ ਸਿੰਘ ਵਣਜਾਰਾ।
ਸੱਜੇ ਪਾਸੇ ਸ੍ਰ. ਮਲਕੀਤ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ ਵੀ ਅਰਦਾਸ ਵਿੱਚ ਸ਼ਾਮਲ ਹਨ



ਗੁਰਦੁਆਰਾ ਸ੍ਰੀ ਗੁਰੂ ਨਾਨਕ ਆਸ਼ਰਮ ਕੁੰਡਲੀ (ਮਹਾਰਾਸ਼ਟਰ) ਅਤੇ ਉਥੋਂ ਦੇ ਸੇਵਾਦਾਰ, ਜਿਥੇ ਸਵ: ਸ੍ਰ. ਚੰਨਣ ਸਿੰਘ ਜੀ (ਇਨਸੈਂਟ ਵਿੱਚ) ਦੀ ਰਹਿਨੁਮਾਈ ਹੇਠ ਵਣਜਾਰੇ ਅਤੇ ਸਿਕਲੀਗਰ ਪਰਿਵਾਰਾਂ ਦੀ ਭਲਾਈ ਲਈ ਕਾਰਜ ਅਰੰਭੇ ਗਏ



ਬੀਬੀ ਜਗੀਰ ਕੌਰ ਸਾਬਕਾ ਪ੍ਰਧਾਨ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੇ ਨਾਗਪੁਰ ਪਹੁੰਚਣ ਤੇ ਵਣਜਾਰਾ ਕ੍ਰਾਂਤੀ ਦਲ ਵੱਲੋਂ ਸਵਾਗਤ ਕੀਤਾ ਗਿਆ
ਨਾਲ ਹਨ ਸ੍ਰੀ ਹਰਿ ਭਾਓ ਜੀ ਰਾਠੌਰ, ਐਮ. ਪੀ. ਪ੍ਰਿੰ. ਮਧੁਕਰਪਵਾਰ ਅਤੇ ਨਗਰ ਨਿਵਾਸੀ



ਨਾਗਪੁਰ ਦੀ ਸੰਗਤ ਦੇ ਸਹਿਯੋਗ ਅਤੇ ਸ੍ਰ. ਕਰਤਾਰ ਸਿੰਘ ਜੀ ਹੰਸਪਾਲ ਦੇ ਵੱਡਮੁੱਲੇ ਯੋਗਦਾਨ ਸਦਕਾ ਸ੍ਰ. ਮਲਕੀਤ ਸਿੰਘ (ਮੈਂਬਰ ਸ਼੍ਰੋਮਣੀ ਕਮੇਟੀ) ਨਾਗਪੁਰ ਦੀ ਸਰਪ੍ਰਸਤੀ ਹੇਠ ਪਚੋੜ ਵਿਖੇ ਉਸਾਰਿਆ ਗਿਆ ਗੁਰਦੁਆਰਾ ਸਾਹਿਬ

# ਵਣਜਾਰਾ ਸਿੱਖ ਬਰਾਦਰੀ ਵੱਲੋਂ ਆਂਧਰਾ ਪ੍ਰਦੇਸ਼ ਅਤੇ ਤੇਲੰਗਨਾਨਾ ਵਿਖੇ ਉਸਾਰੇ ਗੁਰਦੁਆਰਾ ਸਾਹਿਬ



ਗੁਰਦੁਆਰਾ ਗੁਪਤਸਰ ਸਾਹਿਬਮ ਪਿੰਡ ਨੇਕੋਂਡਾ, ਵਰੰਗਲ



ਗੁਰਦੁਆਰਾ ਵਣਜਾਰਾ ਸਿੰਘ ਸਭਾ, ਯੇਲੀਪਾੜਾ, ਤੇਲੰਗਾਨਾ



"ਦਸ਼ਮੇਸ਼ ਗੁਰਦੁਆਰਾ ਸਾਹਿਬ" ਰਾਜ ਮਹੇਂਦਰੀ, ਆਂਧਰਾ ਪ੍ਰਦੇਸ਼


# बंजारा समाज के साथ न्याय किया जाए

( निज संवाददाता द्वारा )

नागपुर. विदर्भ के बंजारा समाज की विविध मांगों को लेकर बंजारा प्रतिनिधिमंडल का

## वाजपेयी को ज्ञापन सौंपा

शिष्टमंडल जलापूर्तिमंत्री श्री गोपीनाथ मुंडे व दल अध्यक्ष श्री हरिभाऊ राठौड़ के नेतृत्व में पुणे स्थित राजभवन में प्रधानमंत्री श्री अटलबिहारी वाजपेयी से मिला.

दल के पदाधिकारियों ने चर्चा में अनेक समस्याएं रखीं. देश में 7 करोड़ बंजारा व अन्य 5 करोड़ भटके विमुक्त जाति सहित लगभग 12 करोड़ लोगों को अनुसूचित जाति जनजाति के समान केंद्र द्वारा सभी सुविधाएं मुहैया कराने तथा लोकसभा चुनाव में उम्मीदवारी निर्धारित करने, 2001 की जनगणना में बंजारा समाज की भाषा के [illegible] पर शामिल करने की मांग की गई. दल महासचिव प्रा. मधुकर पवार ने बताया कि समाज को 7 करोड़ जनता कर्नाटक, दिल्ली, हिमाचल में अनुसूचित जाति तथा आंध्र प्रदेश, उड़ीसा, बिहार में अनुसूचित जनजाति, तमिलनाडु व महाराष्ट्र में विमुक्त भटक्या जाति, जम्मू कश्मीर, पंजाब, हरियाणा, उत्तर प्रदेश, राजस्थान, गुजरात, मध्यप्रदेश, प. बंगाल, केरल, आसाम आदि राज्यों में अन्य पिछड़े वर्गों में शामिल की गई है. उनकी 6 प्र.श. [illegible] भटक्या जाति को देने की मांग की. विविध वेशभूषा में मौजूद महिला प्रतिनिधियों ने क्षेत्र की [illegible] समस्याओं से अवगत कराया. श्री अटलबिहारी वाजपेयी ने उक्त मांगों को केन्द्रीय कार्यकारिणी की बैठक में प्रस्तुत कर सहानुभूति पूर्वक निर्णय लेने का आश्वासन दिया.

शिष्टमंडल में सर्वश्री नवनाथ [illegible], एल.के. चौहान, शिरोमणि अकाली दल के विधायक मक्खन सिंह बंजारा, केन्द्रीय ग्रामोद्योग महामंडल के संचालक स्वरूपसिंह, ओमप्रकाश नायक, रवि नाईक, के.पी. [illegible], डा. गोकुलसिंह जाधव, रामराव आडेगांवकर, अंकुश नायक, चौहान आदि शामिल थे.

**ਅਖਬਾਰ ਵਿੱਚ ਛਪੀ ਖ਼ਬਰ ਜਿਸ ਅਨੁਸਾਰ ਵਣਜਾਰਿਆਂ ਦੀ ਗਿਣਤੀ 7 ਕਰੋੜ ਅਤੇ ਭਟਕੀ ਜਾਤੀ ਦੀ ਗਿਣਤੀ 5 ਕਰੋੜ ਦੱਸੀ ਗਈ ਹੈ**

ਸਮੂਹ ਸਿੱਖ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਕਾਰਜਾਂ ਵਿਚ ਪੂਰਾ-ਪੂਰਾ ਸਹਿਯੋਗ ਦੇਣ।



**ਪਿੰਡ ਪਲਾਹੀ, ਨੇੜੇ ਫਗਵਾੜਾ ਦੇ ਪਿਛੋਕੜ ਵਾਲੇ ਨਾਗਪੁਰ ਮਹਾਰਾਸ਼ਟਰਾ ਦੇ ਪ੍ਰਸਿੱਧ ਉਦਯੋਗਪਤੀ ਮਲਕੀਤ ਸਿੰਘ ਸੱਗੂ ਸਿੱਖ ਭਾਈਚਾਰੇ ਵਿੱਚ ਆਪਣੀ ਸਿਕਲੀਗਰ ਵਣਜਾਰਾ ਸਮਾਜ ਲਈ ਦਿੱਤੀ ਦੇਣ ਲਈ ਜਾਣੇ ਜਾਂਦੇ ਹਨ। ਮਹਾਰਾਸ਼ਟਰਾ ਤੋਂ ਸ਼੍ਰੋਮਣੀ ਗਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਮਜ਼ਦ ਮੈਂਬਰ ਰਹੇ ਮਲਕੀਤ ਸਿੰਘ ਸੱਗੂ ਸਿਕਲੀਗਰ-ਵਣਜਾਰਾ ਸਮਾਜ ਨੂੰ ਸਿੱਖੀ ਦੀ ਮੁਖਧਾਰਾ ਵਿੱਚ ਲਿਆਉਣ ਲਈ ਯਤਨਸ਼ੀਲ ਹਨ। ਉਨ੍ਹਾਂ ਨਾਲ** saggumalkiatsingh@gmail.com **'ਤੇ ਸੰਪਰਕ ਕੀਤਾ ਜਾ ਸਕਦਾ।**

# ਭੁੱਲੇ ਵਿਸਰੇ ਵੀਰਾਂ ਦੀ ਦਰਦ ਭਰੀ ਦਾਸਤਾਂ!

## ਇੰਜ. ਸੁਖਦੇਵ ਸਿੰਘ 'ਲਾਜ'

ਨਵੰਬਰ 1997 ਦੀ ਗੱਲ ਹੈ ਜਦ ਸਿੱਖ ਮਿਸ਼ਨਰੀ ਕਾਲਜ (ਰਜਿ.) ਲੁਧਿਆਣਾ ਦੇ ਦਫ਼ਤਰ ਸ਼ਾਮ 7.00 ਵਜੇ ਦੇ ਕਰੀਬ ਮੈਂ ਸ. ਕਿਰਪਾਲ ਸਿੰਘ ਜੀ 'ਚੰਦਨ' ਨੂੰ ਮਿਲਣ ਵਾਸਤੇ ਗਿਆ। ਉਹਨਾਂ ਕੋਲ ਇਕ ਬਜ਼ੁਰਗ ਨੀਂਵੀਂ ਪਾਈ ਬੜੇ ਦਰਦ ਭਰੇ ਲਹਿਜੇ ਨਾਲ ਆਪਣੇ ਦੁਖੜੇ ਰੋ ਰਿਹਾ ਸੀ। ਕਿਸੇ ਵਕਤ ਉਸਦੀਆਂ ਅੱਖਾਂ ਵਿਚ ਹੰਝੂ ਵੀ ਵਗ ਤੁਰਦੇ! ਪੁੱਛਣ ਤੇ ਪਤਾ ਲੱਗਾ ਕਿ ਇਹ ਗੁਰਸਿੱਖ ਸ. ਦਇਆ ਸਿੰਘ ਭੋਂਡ ਪਿੰਡ ਰਜੂਰਾ, ਜੋ ਜ਼ਿਲ੍ਹਾ ਚੰਦਰਪੁਰ (ਮਹਾਂਰਾਸ਼ਟਰ) ਵਿਚ ਸਥਿਤ ਹੈ, ਦਾ ਨਿਵਾਸੀ ਹੈ ਅਤੇ ਸਿਕਲੀਗਰ ਗੁਰਸਿਖ ਵੀਰਾਂ ਦੀਆਂ ਕਠਿਨਾਈਆਂ ਦੱਸਣ ਵਾਸਤੇ ਆਇਆ ਹੈ।

ਲੁਧਿਆਣੇ ਸ਼ਹਿਰ ਵਿਚ ਕੋਈ ਉਸਦੀ ਜਾਣ-ਪਛਾਣ ਨਹੀਂ ਸੀ, ਬਸ ਸਿੱਖ ਮਿਸ਼ਨਰੀ ਕਾਲਜ ਦਾ ਪਤਾ ਕਾਲਜ ਵਲੋਂ ਛਪੇ ਕਿਸੇ ਟ੍ਰੈਕਟ ਤੋਂ ਪੜ੍ਹ ਇਥੇ ਪਹੁੰਚ ਗਿਆ। ਉਸਦੀਆਂ ਗੱਲਾਂ ਵਿਚ ਬੜਾ ਦਰਦ ਸੀ। ਠੰਡ ਦੇ ਦਿਨਾਂ ਵਿਚ ਉਹ ਕੰਬ ਰਿਹਾ ਸੀ। ਰਾਤ ਪੈ ਗਈ। ਫ਼ੈਸਲਾ ਹੋਇਆ ਕਿ ਰਾਤ ਉਹ ਸੰਤ ਬਾਬਾ ਸੁੱਚਾ ਸਿੰਘ ਜੀ ਨੂੰ ਆਪਣੇ ਕਬੀਲੇ ਦੀ ਫ਼ਰਿਆਦ ਸੁਣਾਏਗਾ। ਦਾਸ ਨੇ ਉਸ ਨੂੰ ਸਕੂਟਰ ਤੇ ਬਿਠਾ ਲਿਆ ਤੇ ਬਾਬਾ ਸੁੱਚਾ ਸਿੰਘ ਜੀ ਜਵੱਦੀ ਕਲਾਂ (ਲੁਧਿਆਣਾ) ਦੇ ਡੇਰੇ ਵਲ ਚੱਲ ਪਿਆ। ਬਾਬਾ ਜੀ ਨੇ ਉਸ ਨੂੰ ਧਿਆਨ ਨਾਲ ਸੁਣਿਆ ਤੇ ਕਿਹਾ ਰਾਤ ਇਥੇ ਆਰਾਮ ਕਰੋ, ਤੁਹਾਡੀ ਸਮੱਸਿਆ ਕੌਮ ਦੀ ਸਮੱਸਿਆ ਹੈ, ਇਕ ਦਿਨ ਵਿਚ ਹੱਲ ਨਹੀਂ ਹੋ ਸਕਦੀ। ਤੁਸੀਂ ਡੇਰੇ ਤੇ ਰਹੋ, ਜਿਤਨਾ ਵੀ ਮੇਰੇ ਕੋਲੋਂ ਹੋ ਸਕਿਆ, ਕਰਾਂਗਾ।

ਇਸ ਵਿਸ਼ਵਾਸ ਦੇ ਨਾਲ ਸ. ਦਇਆ ਸਿੰਘ ਜੀ ਨੇ ਡੇਰੇ ਵਿਚ ਰਹਿਣਾ ਆਰੰਭ ਕਰ ਦਿੱਤਾ। ਮੈਂ ਉਹਨਾਂ ਨੂੰ ਤਕਰੀਬਨ ਰੋਜ਼ ਮਿਲਦਾ ਰਹਿੰਦਾ। ਉਹਨਾਂ ਨੇ ਜੋ ਆਪਣੇ ਕਬੀਲੇ ਸੰਬੰਧੀ ਜਾਣਕਾਰੀ ਦਿੱਤੀ ਉਹ ਸਚਮੁਚ ਹੈਰਾਨ ਕਰਨ ਵਾਲੀ ਸੀ। ਉਹ ਆਪਣੇ ਕਬੀਲੇ ਦੀਆਂ ਬਹਾਦਰੀਆਂ ਦਾ ਵਰਨਣ ਕਰਦੇ ਕਰਦੇ ਭੁੱਬਾਂ ਮਾਰ ਕੇ ਰੋਣ ਲੱਗ ਪੈਂਦੇ। ਉਹਨਾਂ ਨੂੰ ਬਸ ਇਤਨਾ ਹੀ ਦਰਦ ਸੀ ਕਿ ਸਿੱਖ ਕੌਮ ਨੇ ਉਹਨਾਂ ਦੀ ਸਾਰ ਨਹੀਂ ਲਈ। ਉਹ ਇਕੱਲੇ ਹੀ 25 ਸਾਲ ਤੋਂ ਦਰ ਦਰ ਭਟਕ ਰਹੇ ਹਨ। ਸਭ ਸਿੱਖ ਲੀਡਰਾਂ ਨੂੰ ਚਿੱਠੀਆਂ ਪਾ ਪਾ ਕੇ ਉਹ ਥੱਕ ਚੁੱਕੇ ਸਨ। ਕਿਸੇ ਨੇ ਵੀ ਹੁੰਗਾਰਾ ਨਹੀਂ ਭਰਿਆ। ਉਹ ਸਿਕਲੀਗਰਾਂ ਦੇ ਪਿਛੋਕੜ ਦਾ ਵਰਨਣ ਇਸ ਤਰ੍ਹਾਂ ਕਰਦੇ :

ਸੰਨ 1630 ਈਸਵੀ ਦੀ ਗੱਲ ਹੈ, ਜਦੋਂ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਰਾਜਸਥਾਨ ਤੋਂ ਹੁਕਮਨਾਮੇ ਘੱਲ ਕੇ ਰਾਜਪੂਤ ਸਿਕਲੀਗਰਾਂ ਨੂੰ ਬੁਲਾਇਆ ਤਾਂ ਕਿ ਉਹ ਸਿੱਖ ਸੂਰਮਿਆਂ ਨੂੰ ਤਲਵਾਰਾਂ ਤੇ ਹੋਰ ਹਥਿਆਰ ਬਣਾ ਕੇ ਦੇਣ, ਜਿਨ੍ਹਾਂ ਨਾਲ ਸਿੱਖ ਲੜ ਕੇ ਫ਼ਤਹਿ ਹਾਸਲ ਕਰਨ। ਇਸ ਤੋਂ ਪਹਿਲਾਂ ਪੰਜਾਬ ਵਿਚ ਮੁਸਲਮਾਨ ਸਿਕਲੀਗਰ ਸਨ ਜੋ ਗੁਰੂ ਸਾਹਿਬ ਨੂੰ ਕਚੇ ਲੋਹੇ ਦੀਆਂ ਤਲਵਾਰਾਂ ਬਣਾ ਕੇ ਦਿੰਦੇ ਸਨ, ਜੋ ਜੰਗ ਦੌਰਾਨ ਜਲਦੀ ਹੀ ਖੁੰਢੀਆਂ ਹੋ ਜਾਂਦੀਆਂ ਸਨ। ਹੁਕਮ ਦੀ ਪਾਲਣਾ ਕਰਦੇ ਹੋਏ ਸਿਕਲੀਗਰ ਘਰ ਘਾਟ ਛੱਡ, ਆਪਣਾ ਵਤਨ (ਰਾਜਸਥਾਨ) ਛੱਡ ਕੇ

ਮਹਾਰਾਜ ਦੀ ਸ਼ਰਨ ਚ ਪੰਜਾਬ ਆ ਗਏ।

ਸਿੱਖੀ ਦੇ ਮਹਾਨ ਗੁਣਾਂ ਤੋਂ ਪ੍ਰਭਾਵਿਤ ਹੋ ਕੇ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਕਰ ਕਮਲਾਂ ਤੋਂ ਸਿੱਖੀ ਧਾਰਨ ਕਰ ਲਈ। ਜਿਹੜੇ ਪੰਜਾਬ ਵਿਚ ਨਾ ਆਏ ਅਤੇ ਰਾਜਸਥਾਨ ਵਿਚ ਰਹਿ ਗਏ, ਉਹ ਅੱਜ ਵੀ ਮੋਨੇ (ਰਾਜਪੂਤ) ਹੀ ਹਨ ਤੇ ਉਹ ਵੀ ਆਪਣੇ ਆਪ ਨੂੰ ਸਿਕਲੀਗਰ ਅਖਵਾਉਂਦੇ ਹਨ। ਸਿਕਲੀਗਰ ਗੁਰਸਿਖਾਂ ਦੀ ਜਾਤ 'ਸਿਕਲੀਗਰ' ਨਹੀਂ। ਸਿਕਲੀਗਰ ਜਾਤ ਦੇ ਰਾਜਪੂਤ ਹਨ ਅਤੇ ਰਾਜਸਥਾਨ ਦੇ ਮੂਲ ਵਾਸੀ ਹਨ। ਉਹ ਲੁਹਾਰਾ ਕੰਮ ਕਰਦੇ ਸਨ ਅਤੇ ਅੱਜ ਵੀ ਕਰ ਰਹੇ ਹਨ। ਉਹ ਬੰਦੂਕਾਂ ਤੇ ਤਲਵਾਰਾਂ ਬਣਾਉਂਦੇ ਸਨ। ਸਿਕਲੀਗਰ ਤਲਵਾਰਾਂ ਦੀ ਸਿਕਲ (ਪਾਲਿਸ਼) ਕਰਦੇ ਸਨ। ਇਵੇਂ 'ਸਿਕਲ' ਭਾਵ ਪਾਲਿਸ਼ ਕਰਨ ਵਾਲਾ ਸਿਕਲੀਗਰ ਬਣ ਗਿਆ।ਗੁਰੂ ਮਹਾਰਾਜ ਦੀ ਸ਼ਰਨ ਆਏ ਸਿਕਲੀਗਰ ਗੁਰੂ ਜੀ ਦੀਆਂ ਸਿੱਖ ਫੌਜਾਂ ਨੂੰ ਜਿਥੇ ਚੰਗੇ-ਚੰਗੇ ਹਥਿਆਰ ਬਣਾ ਕੇ ਦਿੰਦੇ ਸਨ, ਉਥੇ ਲੋੜ ਪੈਣ ਤੇ ਸਿੱਖ ਫੌਜਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਦੁਸ਼ਮਣਾਂ ਨਾਲ ਜੰਗ ਵੀ ਕਰਦੇ ਸਨ, ਕਿਉਂਕਿ ਖਾਨਦਾਨੀ ਤਾਂ ਰਾਜਪੂਤ ਹੀ ਸਨ।

ਸੰਨ 1699 ਈਸਵੀ ਵਿਚ ਜਦ ਪੰਜਾਂ ਪਿਆਰਿਆਂ ਨੇ ਸੀਸ ਭੇਟ ਕਰ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਤਾਂ ਉਸੇ ਸਮੇਂ ਸ. ਲਾਲ ਸਿੰਘ ਨੇ, ਜੋ ਸਿਕਲੀਗਰ ਸੀ, ਗੈਂਡੇ ਦੀ ਢਾਲ ਭੇਟ ਕੀਤੀ ਅਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।ਟੁੱਟੇ ਭੱਜੇ ਸ਼ਸਤਰਾਂ ਦੀ ਮੁਰੰਮਤ ਕਰਨ ਵਾਲਾ ਭਾਈ ਰਾਮ ਸਿੰਘ ਵੀ ਸਿਕਲੀਗਰ ਹੀ ਸੀ। ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਵਿਚ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਦੋਨਾਲੀ ਬੰਦੂਕ ਭੇਟ ਕਰਨ ਵਾਲਾ ਵੀ ਸਿਕਲੀਗਰ ਸੀ, ਜਿਸ ਬੰਦੂਕ ਨਾਲ ਡੱਲੇ ਦੇ ਸਿਪਾਹੀਆਂ ਦੀ ਪਰਖ ਕੀਤੀ ਗਈ ਸੀ। ਬਾਰਾਂ ਮਿਸਲਾਂ ਵਿਚ ਭੰਗੀ ਮਿਸਲ ਅਤੇ ਰਾਮਗੜ੍ਹੀਆ ਮਿਸਲ ਵਿਚ ਅਨੇਕਾਂ ਸਿਕਲੀਗਰ ਸ਼ਾਮਲ ਸਨ।

ਹੁਣ ਜਦ ਭਾਰਤ ਆਜ਼ਾਦ ਹੋ ਗਿਆ ਹੈ ਅਤੇ ਸ਼ਸਤਰ ਬਣਾਉਣ ਦੇ ਵੱਡੇ-ਵੱਡੇ ਕਾਰਖਾਨੇ ਲਗ ਗਏ ਹਨ ਤਾਂ ਸਿਕਲੀਗਰ ਵੀਰਾਂ ਦੀ ਪੁੱਛ-ਪ੍ਰਤੀਤ ਵੀ ਘਟ ਗਈ ਹੈ। ਉਹ ਸਿਕਲੀਗਰ ਜਿਹੜੇ ਅਤਿ ਕਠਨ ਸਮੇਂ ਪੰਥ ਦੀ ਸਹਾਇਤਾ ਲਈ ਘਰ ਘਾਟ ਛੱਡ ਕੇ ਆਪਣਾ ਵਤਨ ਛੱਡ ਕੇ, ਸਿੱਖੀ ਦੀ ਸ਼ਾਨ ਵਧਾਉਣ ਵਾਸਤੇ, ਗੁਰੂ ਸਾਹਿਬ ਦੇ ਹੁਕਮਾਂ ਤੇ ਫੁੱਲ ਚੜ੍ਹਾਉਣ ਵਾਸਤੇ ਪੰਜਾਬ ਆਏ ਸਨ, ਅੱਜ ਉਹ ਦਰ ਦਰ ਦੀਆਂ ਠੋਕਰਾਂ ਖਾ ਰਹੇ ਹਨ ਅਤੇ ਟੱਪਰੀਵਾਸੀਆਂ ਵਾਲਾ ਜੀਵਨ ਬਤੀਤ ਕਰ ਰਹੇ ਹਨ। ਸਿਕਲੀਗਰ ਪੰਜਾਬ ਵਿਚ ਹੀ ਨਹੀਂ, ਸਗੋਂ ਹੁਣ ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ, ਕਰਨਾਟਕ ਵਿਚ ਵੀ ਇਨ੍ਹਾਂ ਦਾ ਪਸਾਰਾ ਵਧ ਗਿਆ ਹੈ।

ਅੰਮ੍ਰਿਤਪਾਨ ਕਰਨ ਉਪਰੰਤ ਸਿਕਲੀਗਰ ਗੁਰਸਿਖਾਂ ਦੇ ਜੀਵਨ ਵਿਚ ਨਵਾਂ ਮੋੜ ਆ ਗਿਆ। ਸੁਧਾਰ ਲਹਿਰ ਚਲ ਪਈ। ਇਸ ਤੋਂ ਪਹਿਲਾਂ ਸਿਕਲੀਗਰ ਹਮੇਸ਼ਾ ਟੱਪਰੀਵਾਸ ਹੀ ਰਹਿੰਦੇ ਸਨ, ਉਹ ਆਪਣਾ ਘਰੋਗੀ ਸਮਾਨ ਗਧਿਆਂ (ਖੋਤਿਆਂ) ਤੇ ਲੱਦ ਕੇ ਘੁੰਮਦੇ ਰਹਿੰਦੇ ਸਨ। ਹੁਣ ਇਹ ਕੰਮ ਛੱਡ ਚੁੱਕੇ ਹਨ। ਔਰਤਾਂ ਘੱਗਰੀ ਪਹਿਨਦੀਆਂ ਸਨ, ਉਹ ਹੁਣ ਸਲਵਾਰ ਤੇ ਕੁੜਤਾ ਪਾਣ ਲੱਗ ਪਈਆਂ ਹਨ। ਅੱਗੇ ਵਿਆਹ ਲਈ ਬ੍ਰਾਹਮਣਾਂ ਨੂੰ ਬੁਲਾਇਆ ਜਾਂਦਾ ਸੀ, ਹੁਣ ਅਨੰਦਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਰਣ ਵਿਚ ਹੁੰਦਾ

ਹੈ। ਸਿਕਲੀਗਰ ਹੁਣ ਸਿੱਖੀ ਦੀ ਮੁੱਖ ਧਾਰਾ ਵਿਚ ਸ਼ਾਮਲ ਹੋ ਗਏ ਹਨ। ਨਿੱਕੀ ਨਿੱਕੀ ਰਸਮ ਸਮੇਂ ਵੀ ਉਹ ਗੁਰੂ ਦਾ ਆਸਰਾ ਲੈਂਦੇ ਹਨ ਤੇ ਗੁਰੂ ਨੂੰ ਸਦਾ ਅੱਗ ਸੰਗ ਸਮਝਦੇ ਹਨ।

ਭਾਵੇਂ ਪੂਰੀ ਅਰਦਾਸ ਉਹਨਾਂ ਨੂੰ ਨਾ ਵੀ ਆਉਂਦੀ ਹੋਵੇ, ਪਰੰਤੂ ਜਿਤਨੀ ਵੀ ਕਿਸੇ ਨੂੰ ਅਰਦਾਸ ਆਉਂਦੀ ਹੈ ਉਹ ਹਰ ਕਾਰਜ ਅਰਦਾਸ ਨਾਲ ਅਰੰਭ ਕਰਦੇ ਹਨ। ਪਹਿਲਾਂ ਪੰਜ ਪਿਆਰਿਆਂ ਲਈ ਪ੍ਰਸ਼ਾਦ ਕੱਢਿਆ ਜਾਂਦਾ ਹੈ, ਫਿਰ ਸੰਗਤ ਵਿਚ ਵਰਤਾਇਆ ਜਾਂਦਾ ਹੈ। ਜੇ ਕਿਸੇ ਸਿਕਲੀਗਰ ਗੁਰਸਿਖ ਦੇ ਘਰ ਘੋੜਾ ਹੁੰਦਾ ਹੈ ਤਾਂ ਉਹ ਘੋੜੇ ਨੂੰ ਘੋੜਾ ਨਹੀਂ ਕਹਿੰਦੇ, ਉਹ ਕਹਿੰਦੇ ਹਨ ਫਲਾਣੇ ਘਰ 'ਗੁਰੂ ਦਾ ਘੋੜਾ' ਹੈ। ਕਿਸੇ ਘਰ ਕੋਈ ਗੁਰਬਾਣੀ ਦੀ ਪੋਥੀ ਹੁੰਦੀ ਹੈ ਤਾਂ ਉਹ ਕਹਿੰਦੇ ਹਨ ਕਿ ਫਲਾਣੇ ਘਰ 'ਸ਼ਬਦ-ਗੁਰੂ' ਹੈ, ਉਸ ਨੂੰ ਗੁਰੂ ਦੇ ਹਿੱਸੇ ਦਾ ਵੀ ਪ੍ਰਸ਼ਾਦ ਦਿਉ। ਜਦ ਸਿਕਲੀਗਰਾਂ ਦੇ ਘਰ ਬੱਚਾ ਜਾਂ ਬੱਚੀ ਪੈਦਾ ਹੁੰਦੀ ਹੈ ਤਾਂ ਤਿੰਨਾਂ ਦਿਨਾਂ ਬਾਅਦ ਉਹਨਾਂ ਨੂੰ 'ਅੰਮ੍ਰਿਤਪਾਨ' ਕਰਾਉਂਦੇ ਹਨ। ਪੰਜ ਬਾਣੀਆਂ ਤਾਂ ਕਿਸੇ ਨੂੰ ਆਉਂਦੀਆਂ ਨਹੀਂ, ਬੱਸ ਪੰਜ ਗੁਰਸਿੱਖ ਬਾਟੇ ਵਿਚ ਅੰਮ੍ਰਿਤ ਤਿਆਰ ਕਰਦੇ ਸਮੇਂ ਲਗਾਤਾਰ ਸਤਿਨਾਮ-ਵਾਹਿਗੁਰੂ, ਸਤਿਨਾਮ-ਵਾਹਿਗੁਰੂ ਦਾ ਜਾਪ ਕਰਦੇ ਕਰਦੇ ਅੰਮ੍ਰਿਤ ਤਿਆਰ ਕਰਦੇ ਹਨ।

ਪੰਜ ਚੂਲੇ ਬੱਚਾ/ਬੱਚੀ ਨੂੰ ਵੀ ਪਿਲਾਂਦੇ ਹਨ ਤਾਂ ਉਸ ਉਪਰੰਤ ਮਾਂ ਆਪਣੇ ਦੁੱਧ ਬੱਚੇ/ਬੱਚੀ ਨੂੰ ਪਿਲਾਂਦੀ ਹੈ। ਹਰ ਔਖੀ ਘੜੀ ਗੁਰੂ ਨੂੰ ਯਾਦ ਕੀਤਾ ਜਾਂਦਾ ਹੈ। ਜੇਕਰ ਕੋਈ ਜ਼ਿਆਦਾ ਬਿਮਾਰ ਹੋ ਜਾਏ, ਕੋਈ ਦਵਾਈ ਕਾਟ ਨਾ ਕਰੇ ਤਾਂ ਸਭ ਕਹਿੰਦੇ ਹਨ ਹੁਣ ਗੁਰੂ ਦਾ ਆਸਰਾ ਲਵੋ, ਤੁਹਾਡਾ ਦੁਖ ਦੂਰ ਹੋ ਜਾਵੇਗਾ। ਸਭ ਰਲ ਕੇ ਅਰਦਾਸ ਕਰਦੇ ਹਨ ਕਿ ਗੁਰੂ ਮਹਾਰਾਜ ਇਸ ਵਿਅਕਤੀ ਨੂੰ ਜੀਵਨ ਬਖਸ਼ੋ। ਗੁਰੂ ਸਿੱਖ ਦੀ ਅਰਦਾਸ ਜ਼ਰੂਰ ਸੁਣਦਾ ਹੈ, ਇਹ ਸਿਕਲੀਗਰਾਂ ਦਾ ਪੱਕਾ ਵਿਸ਼ਵਾਸ ਹੈ।

ਸਿਕਲੀਗਰ ਗੁਰਸਿੱਖ ਧੁਰ ਤੋਂ ਹੀ ਸਿੱਖੀ ਦੇ ਸ਼ਰਧਾਵਾਨ ਤੇ ਸਿਦਕੀ ਸਿੱਖ ਹਨ। ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਕਰਨਾਟਕ ਅਤੇ ਮੱਧ ਪ੍ਰਦੇਸ਼ ਵਿਚ ਇਹ ਬਹੁਤ ਵੱਡੀ ਗਿਣਤੀ ਵਿੱਚ ਵੱਸ ਰਹੇ ਹਨ। ਇਨ੍ਹਾਂ ਵਿਚ ਕੋਈ ਵੀ ਸਿਕਲੀਗਰ ਤਨਖਾਹੀਆ ਜਾਂ ਪਤਿਤ ਨਹੀਂ। ਸਮੂਹ ਸਿੱਖ ਸਾਬਤ ਸੂਰਤ ਹਨ। ਅੱਜ ਜਦ ਪੰਥ ਵਿਚ ਪਤਿਤਪੁਣੇ ਦੀ ਲਹਿਰ ਜ਼ੋਰਾਂ ਤੇ ਚੱਲ ਰਹੀ ਹੈ, ਸ਼ਹਿਰਾਂ ਅਤੇ ਪਿੰਡ ਵਿਚ, ਸਕੂਲਾਂ ਅਤੇ ਕਾਲਜਾਂ ਵਿਚ ਬੱਚੇ ਕੇਸ ਕਟਾ ਕੇ ਸਿੱਖੀ ਤੋਂ ਦੂਰ ਜਾ ਰਹੇ ਹਨ, ਪ੍ਰੰਤੂ ਐਨੇ ਭਿਆਨਕ ਸਮੇਂ ਵਿਚ ਵੀ ਸਿਕਲੀਗਰ ਗੁਰਸਿਖ ਸਾਧ ਸੰਗਤ ਤੋਂ ਦੂਰ, ਗੁਰਦੁਆਰਿਆਂ ਤੋਂ ਦੂਰ, ਜੰਗਲਾਂ, ਪਹਾੜਾਂ ਵਿਚ ਨਿੱਕੇ ਨਿੱਕੇ ਪਿੰਡਾਂ ਵਿਚ ਛੋਟਿਆਂ-ਛੋਟਿਆਂ ਘਰਾਂ ਵਿਚ ਜਾਂ ਝੁੱਗੀਆਂ ਵਿਚ ਰਹਿ ਰਹੇ ਹਨ। ਇਹ ਅਨਪੜ੍ਹ ਤੇ ਗਰੀਬ ਹਨ।

ਜੰਗਲਾਂ ਵਿਚ ਖੇਤੀ ਨਹੀਂ, ਪਿੰਡਾਂ ਵਿਚ ਇਹਨਾਂ ਦੀ ਕੋਈ ਪੱਕੀ ਦੁਕਾਨ ਨਹੀਂ, ਰੁੱਖੀ ਸੁੱਖੀ ਖਾ ਕੇ ਵੀ ਝੁੱਗੀਆਂ ਵਿਚ ਜੀਵਨ ਬਤੀਤ ਕਰਦੇ ਹੋਏ ਆਪਣੀ ਗੁਰਸਿੱਖੀ ਸਾਂਭ ਕੇ ਰੱਖੀ ਹੋਈ ਹੈ ਤੇ ਪਤਿਤ ਪੁਣੇ ਦੀ ਹਨੇਰੀ ਦਾ ਇਹਨਾਂ ਤੇ ਕੋਈ ਅਸਰ ਨਹੀਂ ਹੋਇਆ। ਕੋਈ ਵੀ ਸਿਕਲੀਗਰ ਦਾੜ੍ਹੀ ਕੇਸਾਂ ਦੀ ਬੇ-ਅਦਬੀ ਨਹੀਂ ਕਰਦਾ।

ਪੰਥ ਦੀ ਅਣਗਹਿਲੀ ਕਰਕੇ ਅਤੇ ਪ੍ਰਚਾਰ ਦੀ ਘਾਟ ਕਰਕੇ ਦਿੱਲੀ, ਜਲੰਧਰ,

ਪਟਿਆਲਾ, ਲੁਧਿਆਣਾ, ਚੰਡੀਗੜ੍ਹ ਤੇ ਰਾਜਸਥਾਨ 'ਚ ਰਹਿਣ ਵਾਲੇ ਦੋ-ਤਿੰਨ ਲੱਖ ਸਿਕਲੀਗਰ ਸਿੱਖ ਧਰਮ ਤਿਆਗ ਚੁੱਕੇ ਹਨ। ਸਿਕਲੀਗਰਾਂ ਦੇ ਡੇਰਿਆਂ ਵਿਚ, ਪੰਜਾਬ ਤੋਂ ਬਾਹਰ, ਇਸਾਈ ਮਿਸ਼ਨਰੀ ਆਪਣੇ ਧਰਮ ਦਾ ਪ੍ਰਚਾਰ ਕਰ ਰਹੇ ਹਨ। ਸ. ਦਇਆ ਸਿੰਘ ਨੂੰ ਡਰ ਸੀ ਕਿ ਸਾਡੀ ਅਣਗਹਿਲੀ ਕਰਕੇ ਕਿਧਰੇ ਸਿਕਲੀਗਰ ਗੁਰਸਿੱਖ, ਇਸਾਈ ਨਾ ਬਣ ਜਾਣ।

ਸਿਕਲੀਗਰਾਂ ਦੀਆਂ ਹੇਠ ਲਿਖੀਆਂ ਸਮੱਸਿਆਵਾਂ ਬਾਰੇ ਸ. ਦਇਆ ਸਿੰਘ ਜੀ ਚਾਨਣਾ ਪਾਇਆ ਸੀ:

1. ਪੰਜਾਬ ਤੋਂ ਦੂਰ ਬੈਠੇ ਸਿਕਲੀਗਰ ਗੁਰਸਿੱਖਾਂ ਲਈ ਗੁਰਦੁਆਰੇ ਉਸਾਰੇ ਜਾਣ। 200-200 ਕਿਲੋਮੀਟਰ ਦੀ ਦੂਰੀ ਤੇ ਕੋਈ ਗੁਰਦੁਆਰਾ ਨਹੀਂ। ਗੁਰਦੁਆਰੇ ਸਿੱਖੀ ਦਾ ਧੁਰਾ ਹਨ, ਸਿਕਲੀਗਰਾਂ ਨੂੰ ਇਸ ਧੁਰੇ ਨਾਲ ਜੋੜੀ ਰੱਖਣਾ ਹੀ ਸਾਡਾ ਮਨੋਰਥ ਹੈ।
2. ਪੰਜਾਬ ਤੋਂ ਦੂਰ ਬੈਠੇ ਸਿਕਲੀਗਰਾਂ ਨੂੰ ਪੰਜਾਬੀ ਪੜ੍ਹਨੀ ਨਹੀਂ ਆਉਂਦੀ, ਕਈ ਤਾਂ ਪੰਜਾਬੀ ਬੋਲ ਵੀ ਨਹੀਂ ਸਕਦੇ। ਸੋ ਜਿਥੇ ਗੁਰਦੁਆਰਾ ਸਾਹਿਬ ਉਸਾਰੇ ਜਾਣ ਉਥੋਂ ਦੇ ਗ੍ਰੰਥੀ ਸਿੰਘਾਂ ਦਾ ਫਰਜ਼ ਹੋਵੇ ਕਿ ਉਹਨਾਂ ਨੂੰ ਪੰਜਾਬੀ ਬੋਲਣ ਅਤੇ ਲਿਖਣ ਦੀ ਜਾਚ ਦੱਸਣ।
3. ਸਿਕਲੀਗਰ ਝੌਂਪੜੀਆਂ ਵਿਚ ਰਹਿੰਦੇ ਹਨ। ਉਹਨਾਂ ਨੂੰ ਮਕਾਨ ਉਸਾਰ ਕੇ ਦਿੱਤੇ ਜਾਣ।
4. ਸਿਕਲੀਗਰਾਂ ਨੂੰ ਸਹਾਇਕ ਧੰਦੇ ਖੋਲ੍ਹਣ ਵਿਚ ਸਹਾਇਤਾ ਕੀਤੀ ਜਾਵੇ।
5. ਸਰਕਾਰ ਵੱਲੋਂ ਜਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਹਾਇਤਾ ਦਿਵਾ ਕੇ ਉਹਨਾਂ ਦੇ ਰੋਜ਼ਗਾਰ ਵਿਚ ਵਾਧਾ ਕੀਤਾ ਜਾਵੇ। ਸਿਕਲੀਗਰ ਜੰਦਰੇ, ਚਾਬੀਆਂ, ਤਲਵਾਰਾਂ ਅਤੇ ਅਸਲਾ ਬਣਾਉਣ ਤੇ ਮੁਰੰਮਤ ਕਰਨ ਦੇ ਮਾਹਿਰ ਹਨ।

ਸ. ਦਇਆ ਸਿੰਘ ਤਕਰੀਬਨ 8-9 ਮਹੀਨੇ ਪੰਜਾਬ ਵਿਚ ਰਹੇ ਅਤੇ ਉਹਨਾਂ ਨੂੰ ਸ. ਗੁਰਚਰਨ ਸਿੰਘ ਟੌਹੜਾ, ਭਾਈ ਰਣਜੀਤ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸ. ਮਨਜੀਤ ਸਿੰਘ, ਸਾਬਕਾ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ, ਸ. ਚਰਨਜੀਤ ਸਿੰਘ ਅਟਵਾਲ ਡਿਪਟੀ ਵਿਧਾਇਕ, ਸਿੱਖ ਮਿਸ਼ਨਰੀ ਕਾਲਜ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਦੇ ਅਨੇਕਾਂ ਮੈਂਬਰਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਮੈਂਬਰ ਸਾਹਿਬਾਨ ਅਤੇ ਅਨੇਕਾਂ ਹੋਰ ਪੰਥ ਦਰਦੀਆਂ ਨਾਲ ਮਿਲਾਇਆ ਜਿਸ ਦਾ ਵਰਨਣ ਉਹ ਆਪਣੇ ਹਿੰਦੀ ਦੇ ਟ੍ਰੈਕਟ ''ਸਿਕਲੀਗਰਾਂ ਦਾ ਇਤਿਹਾਸ ਤੇ ਉਹਨਾਂ ਦੀਆਂ ਸਮੱਸਿਆਵਾਂ'' ਵਿਚ ਵਰਨਣ ਕਰਦੇ ਹੋਏ ਸਫਾ 21 ਤੇ ਬਹੁਤ ਦਰਦ ਭਰੇ ਲਹਿਜੇ ਨਾਲ ਲਿਖਦੇ ਹਨ ।"ਸੁਖਦੇਵ ਸਿੰਘ ਜੀ ਸੇਵਕ ਦੀ ਲਾਸ਼ ਨੂੰ ਥਾਂ-ਥਾਂ ਖਿੱਚੀ ਫਿਰਦੇ ਰਹੇ। ਇਹ ਉਹਨਾਂ ਦੀ ਮਿਹਰਬਾਨੀ ਹੈ ਕਿ ਮੈਂ ਬਹੁਤ ਸਾਰੇ ਲੀਡਰਾਂ ਨੂੰ ਮਿਲ ਕੇ ਸਿਕਲੀਗਰਾਂ ਦੀਆਂ ਸਮੱਸਿਆਵਾਂ ਦੱਸ ਸਕਿਆ ਹਾਂ।''

ਸੰਨ 1998 ਵਿਚ ਉਹ ਵਾਪਸ ਆਪਣੇ ਵਤਨ ਪਰਤ ਗਏ। ਮੇਰੇ ਨਾਲ ਉਹਨਾਂ ਦੀ ਟੈਲੀਫ਼ੋਨ ਤੇ ਗਲਬਾਤ ਹੁੰਦੀ ਰਹਿੰਦੀ, ਉਹ ਟੈਲੀਫੋਨ ਤੇ ਬਾਰ ਬਾਰ ਕਹਿੰਦੇ ਮੈਂ ਆਪਣੀ

ਜ਼ੁਮੇਵਾਰੀ ਤੁਹਾਨੂੰ ਸੌਂਪ ਰਿਹਾ ਹਾਂ। ਉਹ ਚਿੱਠੀ ਲਿਖਦੇ ਦਾਸ ਉਹਨਾਂ ਨੂੰ ਜਵਾਬ ਦੇ ਦਿੰਦਾ। ਇਕ ਦਿਨ ਸ. ਦਇਆ ਸਿੰਘ ਜੀ ਦੀ ਬੇਰੰਗ ਚਿੱਠੀ ਆਈ ਜਿਸ ਵਿਚ ਉਹਨਾਂ ਲਿਖਿਆ 'ਜੋ ਮੈਂ ਕਰ ਸਕਿਆ ਹਾਂ, ਕੀਤਾ ਹੈ। ਹੁਣ ਮੈਂ ਬੇਵਸ ਹਾਂ ਮੇਰੇ ਨਾਲ ਬਤਾਏ ਸਮੇਂ ਨੂੰ ਯਾਦ ਕਰਦੇ ਹੋਏ ਦਿਲ ਟੁੰਬਵੇਂ ਸ਼ਬਦਾਂ ਨਾਲ ਬੜੇ ਦਰਦ ਭਰੇ ਸ਼ਬਦਾਂ ਵਿਚ ਲਿਖਿਆ ਚਿੱਠੀ ਪੱਤਰ ਲਿਖਦੇ ਸੇਵਕ ਕੋਲੋਂ ਬੇਅੰਤ ਭੁੱਲਾਂ ਚੁੱਕਾਂ ਹੋ ਗਈਆਂ ਹੋਣਗੀਆਂ ਉਹ ਮੁਆਫ਼ ਕਰਨ ਦੀ ਕਿਰਪਾਲਤਾ ਕਰਨੀ। ਮੁਆਫ਼ ਕਰਨਾ ਸੇਵਕ ਦੀ ਇਹ ਮੇਰੀ ਆਖ਼ਰੀ ਚਿੱਠੀ ਹੈ।'

ਕਾਫ਼ੀ ਦਿਨ ਮੈਨੂੰ ਹੋਰ ਚਿੱਠੀ ਨਾ ਮਿਲੀ। ਦਾਸ ਨੇ ਇਕ ਦਿਨ ਅਚਾਨਕ ਉਹਨਾਂ ਦੇ ਪਿੰਡ ਟੈਲੀਫ਼ੋਨ ਕੀਤਾ, ਇਹ ਪੀ.ਪੀ. ਨੰਬਰ ਸੀ। ਸਬੰਧਤ ਸੱਜਣ ਨੇ ਦੱਸਿਆ ਕਿ ਸ. ਦਇਆ ਸਿੰਘ ਜੀ ਇਸ ਸੰਸਾਰ ਤੋਂ ਜਾ ਚੁੱਕੇ ਹਨ। ਅਸੀਂ ਹੁਣੇ ਹੀ ਉਨ੍ਹਾਂ ਦਾ ਸਸਕਾਰ ਕਰਕੇ ਆ ਰਹੇ ਹਾਂ। ਇਹ ਸੁਣਦੇ ਸਾਰ ਮੇਰੀਆਂ ਭੁੱਬਾਂ ਨਿਕਲ ਗਈਆਂ। ਟੈਲੀਫੋਨ ਬੰਦ ਕਰ ਦਿੱਤਾ। ਉਹਨਾਂ ਦੇ ਇਹ ਸ਼ਬਦ ਮੇਰੇ ਹਿਰਦੇ ਵਿਚ ਗੂੰਜਣ ਲਗ ਪਏ ''ਹੁਣ ਇਹ ਜ਼ਿੰਮੇਵਾਰੀ ਤੁਹਾਨੂੰ ਸੌਂਪ ਰਿਹਾ ਹਾਂ।''



**ਹੱਥਲੀ ਪੁਸਤਕ ਦੇ ਰਚਣਹਾਰ ਸੁਖਦੇਵ ਸਿੰਘ 'ਲਾਜ' ਦਾ ਦੂਜਾ ਨਾਮ ਸੇਵਾ ਹੈ ਅਤੇ ਉਹ ਆਪਣੀ ਮਾਂ ਦੇ ਨਾਮ ਨਾਲ ਲਿਖੇ ਤਖੁਲਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਸਿੱਖ ਕੌਮ ਦੀ ਲਾਜ ਬਚਾਉਣ ਵਿੱਚ ਸਦਾ ਤਤਪਰ ਰਹਿੰਦੇ ਹਨ। ਸਿੱਖ ਕੌਮ ਨੂੰ ਸਮਰਪਿਤ ਅਨੇਕਾਂ ਜੱਥੇਬੰਦੀਆਂ ਵਿੱਚ ਉਹ ਵਧ-ਚੜ੍ਹ ਕੇ ਹਿੱਸਾ ਪਾਉਂਦੇ ਹਨ। ਸੇਵਾ ਤੋਂ ਬਗੈਰ ਉਹਨਾਂ ਦਾ ਕੋਈ ਰੁਝੇਵਾਂ ਨਹੀਂ, ਕੋਈ ਰੁਜ਼ਗਾਰ ਨਹੀਂ। ਸਿਕਲੀਗਰਾਂ ਦੇ ਸੱਚੇ ਹਮਦਰਦ ਹਨ, ਚੁੱਪ ਰਹਿਣ ਦੀ ਚਾਹ -ਇਹ ਹੀ ਉਨ੍ਹਾਂ ਦੀ ਸ਼ਖਸ਼ੀਅਤ ਦੇ ਪਹਿਲੂ ਹਨ। ਪੰਜਾਬ ਰਾਜ ਬਿਜਲੀ ਦੇ ਐਸ ਡੀ ਓ ਵਜੋਂ ਵੀ ਉਨ੍ਹਾਂ ਨੇ ਨਿਵੇਕਲੇ ਕਾਰਜ ਕੀਤੇ ਸਨ। ਉਨ੍ਹਾਂ ਨਾਲ ਈਮੇਲ** sukhdevsinghlaaj@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਲੁਬਾਣੇ, ਵਣਜਾਰੇ ਤੇ ਸਿਕਲੀਗਰਾਂ ਨੂੰ ਸਿੱਖ ਪੰਥ ਨਾਲ ਜੋੜਨ ਦੀ ਡਾਢੀ ਲੋੜ

### ਗਿਆਨੀ ਬਚਿੱਤਰ ਸਿੰਘ ਐਡਵੋਕੇਟ

ਲੁਬਾਣੇ, ਵਣਜਾਰੇ ਤੇ ਸਿਕਲੀਗਰ ਸਿੱਖਾਂ ਦੀ, ਪੰਥ ਵਿਚ ਭਾਵੇਂ ਵੱਖਰੀ ਪਹਿਚਾਣ ਚੰਗੀ ਤਰ੍ਹਾਂ ਉਭਰਕੇ ਸਾਹਮਣੇ ਨਹੀਂ ਆਈ, ਪਰੰਤੂ ਇਨ੍ਹਾਂ ਦੀ ਗੁਰੂ ਪੰਥ ਵਿਚ ਵਿਸ਼ੇਸ਼ ਥਾਂ ਰਹੀ ਹੈ। ਲਾਹੌਰ ਦਾ ਵਣਜਾਰਾ ਵਿਉਪਾਰੀ ਭਾਈ ਮਨਸੁੱਖ ਗੁਰੂ ਨਾਨਕ ਸਾਹਿਬ ਦਾ ਅਨਿਨ ਸ਼ਰਧਾਲੂ ਸਿੱਖ ਸੀ ਜਿਸ ਨੇ ਤਿੰਨ ਸਾਲ ਕਰਤਾਰਪੁਰ ਵਿਖੇ ਗੁਰੂ ਚਰਨਾਂ ਵਿਚ ਗੁਜ਼ਾਰੇ ਅਤੇ ਗੁਰੂ ਜੀ ਦੀ ਸਿੱਖਿਆ ਤੋਂ ਪ੍ਰਭਾਵਿਤ ਹੋ ਕੇ ਅਤੇ ਗੁਰੂ ਨਾਨਕ ਸਾਹਿਬ ਦਾ ਹੁਕਮ ਮੰਨ ਕੇ, ਲਾਹੌਰ ਵਿਚ ਸਥਾਪਤ ਕਾਰੋਬਾਰ ਸਮੇਟ ਕੇ, ਲੰਕਾ ਪੁੱਜ ਕੇ, ਆਪਣੇ ਕਾਰੋਬਾਰ ਦੇ ਨਾਲ ਨਾਲ ਦੱਖਣੀ ਭਾਰਤ ਵਿਚ ਸਿੱਖੀ ਦਾ ਪ੍ਰਚਾਰ ਕੀਤਾ।

ਭਾਈ ਮਨਸੁਖ ਦੇ ਪ੍ਰਚਾਰ ਸਦਕਾ ਹੀ ਲੰਕਾ ਦਾ ਰਾਜਾ ਸ਼ਿਵਨਾਭ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਕੇ ਸਿੱਖੀ ਵੱਲ ਪ੍ਰੇਰਿਆ ਗਿਆ। ਇਸ ਤਰ੍ਹਾਂ ਸਿੱਖੀ ਦੀ ਲਹਿਰ ਵਣਜਾਰੇ ਵਿਉਪਾਰੀਆਂ ਵਿਚ ਫੈਲਦੀ ਗਈ ਅਤੇ ਲੱਖਾਂ ਵਣਜਾਰੇ ਸਿੱਖ ਬਣੇ, ਜੋ ਨਾਨਕ-ਪੰਥੀ ਕਰਕੇ ਜਾਣੇ ਜਾਂਦੇ ਹਨ। ਭਾਈ ਮੱਖਣ ਸ਼ਾਹ ਲੁਬਾਣੇ ਨੇ ਬਾਬੇ ਬਕਾਲੇ ਪੁੱਜ ਕੇ ਗੁਰੂ ਤੇਗ ਬਹਾਦਰ ਜੀ ਦੀ ਗੁਰੂ ਵਜੋਂ ਪਛਾਣ ਸਥਾਪਤ ਕੀਤੀ ਸੀ ਅਤੇ ਕੋਠੇ ਤੇ ਚੜ੍ਹ ਕੇ ਹੋਕਾ ਦਿੱਤਾ ਸੀ ''ਗੁਰੂ ਲਾਧੋ ਰੇ, ਗੁਰੂ ਲਾਧੋ ਰੇ।'' ਭਾਈ ਲੱਖੀ ਸ਼ਾਹ ਵਣਜਾਰੇ ਨੇ ਚਾਂਦਨੀ ਚੌਂਕ ਵਿਚੋਂ ਲੰਘਣ ਸਮੇਂ ਗੁਰੂ ਤੇਗ ਬਹਾਦਰ ਜੀ ਦਾ ਧੜ ਆਪਣੇ ਗੱਡੇ ਵਿਚ ਰੱਖ ਕੇ ਆਪਣੇ ਘਰ ਨੂੰ ਅੱਗ ਲਗਾ ਕੇ ਉਸ ਦਾ ਸਸਕਾਰ ਕੀਤਾ। ਭਾਈ ਉਦੇ ਸਿੰਘ ਅਤੇ ਭਾਈ ਬਚਿੱਤਰ ਸਿੰਘ ਦੋਵੇਂ ਸਕੇ ਭਰਾ ਵਣਜਾਰੇ ਸਨ। ਭਾਈ ਬਚਿੱਤਰ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਮੰਨ ਕੇ ਮੁਗ਼ਲੀਆ ਦਲ ਦੇ ਸ਼ਰਾਬੀ ਹਾਥੀ ਦੇ ਮੱਥੇ ਵਿਚ ਨਾਗਣੀ ਬਰਛੀ ਮਾਰ ਕੇ ਮਾਰ ਭਜਾਇਆ ਸੀ। ਬਾਬਾ ਬੰਦਾ ਸਿੰਘ ਬਹਾਦਰ ਦੇ ਪੰਜਾਬ ਅਤੇ ਸਰਹੰਦ ਉਤੇ ਹਮਲੇ ਸਮੇਂ ਵਣਜਾਰੇ ਤੇ ਸਿਕਲੀਗਰ ਸਿੱਖਾਂ ਨੇ ਜਨਸ਼ਕਤੀ, ਰੁਪਈਆ ਅਤੇ ਹਥਿਆਰਾਂ ਨਾਲ ਭਾਰੀ ਮਦਦ ਕੀਤੀ ਸੀ। ਭਾਈ ਬਾਜ ਸਿੰਘ ਰਾਜਪੂਤ-ਜੱਟ ਸਿੱਖ, ਬਾਬਾ ਬੰਦਾ ਸਿੰਘ ਬਹਾਦਰ ਦਾ ਡਿਪਟੀ ਅਤੇ ਸਰਹੰਦ ਦਾ ਪਹਿਲਾ ਗਵਰਨਰ ਬਣਿਆ।

ਡਾਕਟਰ ਹਰਭਜਨ ਸਿੰਘ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਕੀਤੀ ਖੋਜ ਅਨੁਸਾਰ ਵਣਜਾਰਿਆਂ ਦੇ ਦੇਸ਼ ਭਰ ਵਿਚ 20,000 ਟਾਂਡੇ ਹਨ ਅਤੇ ਇਨ੍ਹਾਂ ਦੀ ਗਿਣਤੀ ਪੰਜ ਕਰੋੜ ਹੈ। ਵਣਜਾਰੇ, ਜਿਸ ਸ਼ਹਿਰ ਅਤੇ ਕਸਬੇ ਲਾਗੇ ਆਪਣੀ ਵੱਖਰੀ ਬਸਤੀ ਵਸਾਉਂਦੇ ਹਨ ਉਸ ਨੂੰ ਟਾਂਡਾ ਕਿਹਾ ਜਾਂਦਾ ਹੈ। ਮੱਧ ਪ੍ਰਦੇਸ਼, ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਕਰਨਾਟਕ, ਉੜੀਸਾ, ਬਿਹਾਰ, ਰਾਜਸਥਾਨ ਰਾਜਾਂ ਦੇ ਕੁਝ ਖਿੱਤਿਆਂ ਵਿਚ ਇਨ੍ਹਾਂ ਦੇ ਟਾਂਡਿਆਂ ਦੀ ਭਰਮਾਰ ਹੈ। ਇਹ ਆਪਣਾ ਸੰਬੰਧ ਰਾਜਪੂਤਾਨੇ ਨਾਲ ਜੋੜਦੇ ਹਨ ਅਤੇ ਆਪਣੇ ਆਪ ਨੂੰ ਰਾਜਪੂਤ ਵੀ ਕਹਾਉਂਦੇ ਹਨ। ਇਹ ਰਾਜਪੂਤਾਂ ਦੀਆਂ ਯਾਦਵ, ਰਾਠੌਰ, ਚੌਹਾਨ ਅਤੇ ਪਵਾਰ ਜਾਤਾਂ ਨਾਲ ਸੰਬੰਧਤ ਹਨ। ਵਣਜਾਰਿਆਂ ਦੀ ਭਾਰੀ ਗਿਣਤੀ ਕਾਰਨ

ਸ੍ਰੀ ਵੀ.ਪੀ. ਨਾਇਕ ਅਤੇ ਸ੍ਰੀ ਸੁਧਾਕਰ ਰਾਓ ਨਾਇਕ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਬਣੇ। ਰਾਜਸੀ ਕਾਰਨਾਂ ਕਰਕੇ ਇਨ੍ਹਾਂ ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਦੇ ਸਿੱਖ ਤਾਂ ਨਹੀਂ ਐਲਾਨਿਆ ਪਰੰਤੂ ਇਨ੍ਹਾਂ ਨੇ ਵਣਜਾਰਿਆਂ ਦੇ ਟਾਂਡਿਆਂ ਵਿਚ ਸੁਧਾਰ ਕਰਨ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ।

ਵਣਜਾਰੇ ਘੁੰਮ ਫਿਰ ਕੇ ਵਿਉਪਾਰ ਕਰਦੇ ਸਨ ਜਿਵੇਂ ਸਾਡੇ ਦੇਸ਼ ਦੇ ਵਿਉਪਾਰੀਆਂ ਦਾ ਰੀਤੀ ਰਿਵਾਜ਼ ਸੀ। ਈਸਟ ਇੰਡੀਆ ਕੰਪਨੀ ਦੇ ਭਾਰਤ ਵਿਚ ਪ੍ਰਵੇਸ਼ ਕਰਨ ਨਾਲ ਵਿਉਪਾਰ ਦਾ ਰੁਖ ਬਦਲ ਗਿਆ। ਵਣਜਾਰਿਆਂ ਨੂੰ ਵੀ ਆਪਣੇ ਜੱਦੀ ਪੁਸ਼ਤੀ ਚਲੇ ਆ ਰਹੇ ਕਾਰੋਬਾਰ ਦਾ ਰੁਖ ਬਦਲਣਾ ਪਿਆ। ਜਿਹੜੇ ਜਿਹੜੇ ਸ਼ਹਿਰਾਂ ਅਤੇ ਨਗਰਾਂ ਦੇ ਨੇੜੇ-ਤੇੜੇ ਇਹ ਟਿਕੇ ਹੋਏ ਸਨ ਉਥੇ ਹੀ ਪੱਕੇ ਟਾਂਡੇ ਕਾਇਮ ਕਰਕੇ ਖੇਤੀ ਦੇ ਕੰਮ ਵਿਚ ਲੱਗ ਗਏ। ਆਮ ਤੌਰ ਤੇ ਇਨ੍ਹਾਂ ਆਪਣੇ ਟਾਂਡਿਆਂ ਨੂੰ ਨਵਾਂ ਨਾਮ ਨਹੀਂ ਦਿੱਤਾ ਸਗੋਂ ਲਾਗਲੇ ਸ਼ਹਿਰ/ਪਿੰਡ ਦੇ ਨਾਮ ਉਤੇ ਹੀ ਟਾਂਡੇ ਦਾ ਨਾਮ ਰੱਖ ਦਿੱਤਾ। ਟਾਂਡੇ ਦੇ ਮੁਖੀ ਨੂੰ ਨਾਇਕ ਕਿਹਾ ਜਾਂਦਾ ਹੈ। ਸਾਧਨਾਂ ਦੀ ਘਾਟ ਕਾਰਨ ਮਾਲੀ ਤੌਰ ਤੇ ਇਹ ਬਹੁਤ ਕਠਿਨਾਈਆਂ ਵਿਚੋਂ ਦੀ ਲੰਘ ਰਹੇ ਹਨ। ਮਹਾਂਰਾਸ਼ਟਰ ਵਿਚ ਈਸਾਈ ਮਿਸ਼ਨਰੀਆਂ ਨੇ ਇਨ੍ਹਾਂ ਦੀ ਗਰੀਬੀ ਤੋਂ ਲਾਭ ਉਠਾ ਕੇ ਈਸਾਈ ਮੱਤ ਗ੍ਰਹਿਣ ਕਰਾਉਣ ਦੀਆਂ ਭਰਵੀਆਂ ਕੋਸ਼ਿਸ਼ਾਂ ਕੀਤੀਆਂ, ਪਰੰਤੂ ਵਣਜਾਰਿਆਂ ਨੇ ਗੁਰੂ ਸਾਹਿਬ ਨੂੰ ਨਹੀਂ ਤਿਆਗਿਆ।

ਇਨ੍ਹਾਂ ਵਿਚ ਇਕ ਪੁਰਾਤਨ ਰਵਾਇਤ ਚਲੀ ਆ ਰਹੀ ਹੈ ਕਿ ਕਿਸੇ ਸਮੇਂ ਇਨ੍ਹਾਂ ਦਾ ਗੁਰੂ ਗੋਸਵਾਮੀ ਵਿਭਚਾਰੀ ਹੋ ਗਿਆ ਤਾਂ ਵਣਜਾਰਿਆਂ ਨੇ ਉਸ ਨੂੰ ਕਤਲ ਕਰ ਦਿੱਤਾ। ਗੁਰੂ ਹੱਤਿਆ ਕਾਰਨ ਕੋਈ ਵੀ ਮੱਤ ਇਨ੍ਹਾਂ ਨੂੰ ਗਲੇ ਲਗਾਉਣ ਲਈ ਤਿਆਰ ਨਹੀਂ ਸੀ। ਗੁਰੂ ਨਾਨਕ ਸਾਹਿਬ ਜੀ ਨੇ ਇਨ੍ਹਾਂ ਨੂੰ ਆਪਣੇ ਸਿੱਖ ਸਵੀਕਾਰ ਕੀਤਾ ਅਤੇ ਧਾਰਮਕ ਜੀਵਨ ਜਿਊਣ ਦੀ ਜਾਚ ਸਿਖਾਈ ਤਦੋਂ ਤੋਂ ਇਨ੍ਹਾਂ ਦਾ ਇਹ ਨਾਅਰਾ ਬਣ ਗਿਆ, "**ਜਿਸ ਘਰ ਨਾਨਕ ਪੂਜਾ, ਤਿਸ ਘਰ ਦੇਉ ਨਾ ਦੂਜਾ।**"

ਵਣਜਾਰੇ ਸਿੱਖਾਂ ਦੇ ਨਾਮ ਪ੍ਰਾਚੀਨ ਸਿੰਘਾਂ ਵਾਲੇ ਜਿਵੇਂ ਕਿ ਦਯਾ ਸਿੰਘ, ਜੌਹਰ ਸਿੰਘ, ਬਿਜੇ ਸਿੰਘ ਯਾਦਵ, ਬੱਦਲ ਸਿੰਘ, ਸੂਰਤ ਸਿੰਘ, ਸੱਕਰੂ ਸਿੰਘ, ਜੌਹਰ ਸਿੰਘ, ਮਾਨ ਸਿੰਘ ਰਾਠੌਰ, ਖੇਮਾ ਰਸਾਲ ਸਿੰਘ ਅਤੇ ਪੰਨੂ ਸਿੰਘ ਵਾਲਾ ਆਦਿ ਹਨ।

ਹਰ ਟਾਂਡੇ ਵਿਚ ਇਕ ਅਰਦਾਸੀਆ ਹੁੰਦਾ ਹੈ। ਦੋ ਧੜਿਆਂ ਵਿਚਕਾਰ ਲੜਾਈ ਹੋ ਰਹੀ ਹੋਵੇ ਅਤੇ ਅਰਦਾਸੀਆ ਗੁਰੂ ਨਾਨਕ ਸਾਹਿਬ ਦੀ ਅਰਦਾਸ ਕਰ ਦੇਵੇ ਤਾਂ ਦੋਵੇਂ ਧੜੇ ਲੜਾਈ ਅੱਧਵਾਟੇ ਛੱਡ ਕੇ ਆਪੋ-ਆਪਣੇ ਘਰਾਂ ਨੂੰ ਤੁਰ ਜਾਂਦੇ ਹਨ। ਲੜਕੇ ਦੇ ਵਿਆਹ ਸਮੇਂ ਪਗੜੀ ਵਿਚ ਗੁਰੂ ਨਾਨਕ ਸਾਹਿਬ ਦੇ ਨਾਮ ਦਾ ਰੁਪਈਆ ਬੰਨ੍ਹੇ ਬਗੈਰ ਸ਼ਾਦੀ ਨਹੀਂ ਹੋ ਸਕਦੀ। ਇਹ ਰੁਪਈਆ ਸ਼ਾਦੀ ਵਿਚ ਸਭ ਤੋਂ ਕੀਮਤੀ ਅਤੇ ਜ਼ਰੂਰੀ ਵਸਤੂ ਮੰਨਿਆ ਜਾਂਦਾ ਹੈ। ਵਿਆਂਹਦੜ ਲੜਕੀ ਗੁਰੂ ਨਾਨਕ ਸਾਹਿਬ ਦੇ ਨਾਮ ਦਾ ਚੂੜਾ ਪਹਿਨਦੀ ਹੈ। ਸ਼ਾਦੀ ਸਮੇਂ, ਸੂਈ ਗਰਮ ਕਰਕੇ ਲਾੜੇ ਦੀ ਬਾਂਹ ਉਤੇ ਗੁਰੂ ਨਾਨਕ ਸਾਹਿਬ ਦੇ ਨਾਮ ਦਾ ਦਾਗ਼ ਦਿੱਤਾ ਜਾਂਦਾ ਹੈ।

75 ਫੀਸਦੀ ਵਣਜਾਰਿਆਂ ਪਾਸ ਜ਼ਮੀਨ ਹੈ ਪਰ ਉਪਜ ਲੈਣ ਲਈ ਸਾਧਨਾਂ ਦੀ ਘਾਟ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਵਣਜਾਰੇ ਆਪੋ-ਆਪਣੇ ਟਾਂਡਿਆਂ ਵਿਚ ਨਗਾਰੇ

ਰੱਖਦੇ ਚਲੇ ਆ ਰਹੇ ਹਨ। ਗੁਰੂ ਨਾਨਕ ਸਾਹਿਬ ਨਾਮ ਦੀ ਛਾਪ ਇਨ੍ਹਾਂ ਦੇ ਮਨਾਂ ਉਤੇ ਅਮਿਟ ਹੈ। ਇਹ ਬੜੇ ਮਾਣ ਨਾਲ ਕਹਿੰਦੇ ਹਨ ਕਿ ਗੁਰੂ ਤੇਗ ਬਹਾਦਰ ਜੀ ਦੇ ਸਰੀਰ ਦਾ ਸਸਕਾਰ ਲੱਖੀ ਸ਼ਾਹ ਵਣਜਾਰੇ ਨੇ ਕੀਤਾ ਸੀ ਅਤੇ ਸਰਦਾਰ ਸਿੱਖਾਂ ਦੇ ਹਿੱਸੇ ਤਾਂ ਗੁਰੂ ਜੀ ਦਾ ਸੀਸ ਹੀ ਆਇਆ ਸੀ। ਇਸ ਕਰਕੇ ਅੱਧ ਤੋਂ ਜ਼ਿਆਦਾ ਸਿੱਖੀ ਤਾਂ ਇਨ੍ਹਾਂ ਦੇ ਹਿੱਸੇ ਆਈ ਹੈ।

ਆਂਧਰਾ ਪ੍ਰਦੇਸ਼ ਵਿਚ ਵਸੇ ਭਾਰੀ ਗਿਣਤੀ ਦੇ ਵਣਜਾਰੇ ਸਿੱਖ ਆਪਣੇ ਆਪ ਨੂੰ ਮਹਾਰਾਜਾ ਰਣਜੀਤ ਸਿੰਘ ਵਲੋਂ ਨਿਜ਼ਾਮ ਹੈਦਰਾਬਾਦ ਦੀ ਸਹਾਇਤਾ ਲਈ 19ਵੀਂ ਸਦੀ ਦੇ ਆਰੰਭ ਵਿਚ ਭੇਜੀ ਗਈ 1200 ਸਿੱਖਾਂ ਦੀ ਫੌਜ ਦੇ ਵਾਰਸ ਦੱਸ ਰਹੇ ਹਨ। ਮਹਾਰਾਜਾ ਰਣਜੀਤ ਸਿੰਘ ਨੇ ਇਹ ਖਾਲਸਾ ਫੌਜ ਹੈਦਰਾਬਾਦ ਦੇ ਨਿਜ਼ਾਮ ਸਿਕੰਦਰ ਖਾਂ ਦੀ ਬੇਨਤੀ ਪਰ ਸਟੇਟ ਵਿਚ ਅਮਨ ਤੇ ਕਾਨੂੰਨ ਨੂੰ ਕਾਇਮ ਰੱਖਣ ਵਿਚ ਸਹਾਇਤਾ ਕਰਨ ਲਈ ਭੇਜੀ ਸੀ। ਇਹ ਸਿੱਖ ਫੌਜ ਰਿਆਸਤ ਦੀਆਂ 12 ਥਾਵਾਂ ਉਤੇ ਤਾਇਨਾਤ ਕੀਤੀ ਗਈ, ਜਿਨ੍ਹਾਂ ਨੂੰ ਛਾਉਣੀਆਂ ਕਹਿੰਦੇ ਸਨ। ਨਿਜ਼ਾਮ ਹੈਦਰਾਬਾਦ ਨੇ ਇਨ੍ਹਾਂ ਲਈ ਰਿਆਸਤ ਵਿਚ ਕਈ ਗੁਰਦੁਆਰੇ ਵੀ ਬਣਾਏ ਸਨ।

ਪ੍ਰਸਿੱਧ ਲਿਖਾਰੀ ਸ੍ਰੀ ਅਮਰਨਾਥ ਕੇ. ਮੈਨਨ ਅਨੁਸਾਰ ਆਂਧਰਾ ਪ੍ਰਦੇਸ਼ ਵਿਚ 30 ਲੱਖ ਵਣਜਾਰੇ ਆਬਾਦ ਹਨ। ਮੁੱਢਲਿਆਂ ਸਮਿਆਂ ਵਿਚ ਇਨ੍ਹਾਂ ਵੱਲ ਧਿਆਨ ਨਾ ਦਿੱਤੇ ਜਾਣ ਕਾਰਨ ਇਨ੍ਹਾਂ ਦਾ ਧਿਆਨ ਸਿੱਖ ਮੱਤ ਵੱਲੋਂ ਹਟਣ ਲੱਗ ਗਿਆ ਸੀ, ਪ੍ਰੰਤੂ ਹਰ ਸ਼ਾਦੀ ਸਮੇਂ ਇਹ ਸਦਾ ਰੁਪਈਆ ਗੁਰੂ ਨਾਨਕ ਸਾਹਿਬ ਦੇ ਨਾਮ ਦਾ ਕੱਢਦੇ ਹਨ। ਪ੍ਰੋਫੈਸਰ ਪ੍ਰੇਮ ਸਿੰਘ ਵਣਜਾਰਾ ਨੇ ਵਣਜਾਰੀ ਭਾਸ਼ਾ ਵਿਚ ਬੋਲਦੇ ਕਿਹਾ ਕਿ ਉਹ ਗੁਰੂ ਨਾਨਕ ਦੇ ਹਨ ਅਤੇ ਗੁਰੂ ਨਾਨਕ ਉਨ੍ਹਾਂ ਦਾ ਹੈ।

ਰਾਜਾ ਨਾਇਕ ਟਾਂਡਾ ਦੇ ਮੁਖੀ ਪ੍ਰੀਤਮ ਸਿੰਘ ਦੇ ਦੱਸਣ ਅਨੁਸਾਰ ਭਾਰੀ ਗਿਣਤੀ ਚ ਵਣਜਾਰੇ ਸਿੱਖ ਮੱਤ ਅਪਣਾ ਰਹੇ ਹਨ। ਉਨ੍ਹਾਂ ਅਨੁਸਾਰ ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਦੇ ਆਪਣੇ ਗੁਰੂ ਹਨ। ਸਾਬਕਾ ਕਾਂਗਰਸ ਮੰਤਰੀ ਰਵਿੰਦਰ ਨਾਇਕ ਅਤੇ ਵਾਰੰਗਲ ਜ਼ਿਲ੍ਹੇ ਦੇ ਸੋਮਨ-ਨਾਇਕ ਟਾਂਡਾ ਦੇ ਕਾਲਜ ਵਿਦਿਆਰਥੀ ਬਹਾਦਰ ਸਿੰਘ ਦੇ ਕਥਨ ਅਨੁਸਾਰ ਸਿੱਖ ਮੱਤ ਬਾ-ਜ਼ਾਬਤਾ ਜੀਵਨ ਜਿਊਣਾ ਸਿਖਾਉਂਦਾ ਹੈ ਜਿਸ ਤੋਂ ਉਨ੍ਹਾਂ ਬਹੁਤ ਕੁਝ ਸਿੱਖਿਆ ਪ੍ਰਾਪਤ ਕਰਨੀ ਹੈ।

ਗੁਰਮਤਿ ਕਾਲਜ, ਪਟਿਆਲਾ ਵਲੋਂ ਦਸੰਬਰ 1991 ਵਿਚ ਡਾਕਟਰ ਹਰਭਜਨ ਸਿੰਘ ਜੀ ਦੀ ਅਗਵਾਈ ਹੇਠ ਵਣਜਾਰੇ ਸਿੱਖਾਂ ਬਾਰੇ ਸਰਵੇਖਣ ਕਰਨ ਲਈ ਜੋ ਟੀਮ ਨਾਗਪੁਰ ਪੁੱਜੀ, ਉਸ ਦੀ ਰਿਪੋਰਟ ਅਨੁਸਾਰ ਨਾਗਪੁਰ ਤੋਂ 46.25 ਕਿਲੋਮੀਟਰ ਦੇ ਫ਼ਾਸਲੇ ਤੇ ਨਾਗਪੁਰ ਬੰਬਈ ਸ਼ਾਹਰਾਹ ਤੇ ਸਥਿਤ ਗੁਰੂ ਨਾਨਕ ਆਸ਼ਰਮ ਹੈ, ਜੋ ਸਰਦਾਰ ਚੰਨਣ ਸਿੰਘ ਦੀਆਂ ਗਤੀਵਿਧੀਆਂ ਦਾ ਕੇਂਦਰ ਹੈ। ਏਥੋਂ ਪੂਸਾ ਗੋਦੀ ਦਾ ਟਾਂਡਾ ਸੱਤ ਕਿਲੋਮੀਟਰ ਹੈ। ਇਹ ਸਾਰਾ ਪਿੰਡ ਵਣਜਾਰੇ ਸਿੱਖਾਂ ਦਾ ਹੈ ਜਿਸ ਦੀ ਵਸੋਂ 2000 ਦੇ ਲਗਭਗ ਹੈ। ਪਿੰਡ ਵਿਚ ਸਤਵੀਂ ਜਮਾਤ ਤੱਕ ਸਕੂਲ ਹੈ। 20-24 ਨੌਜਵਾਨ ਦਸਵੀਂ ਪਾਸ ਹਨ ਅਤੇ 100 ਕੁ ਮਿਡਲ ਪਾਸ। ਪਿੰਡ ਦੇ ਮੁਖੀ ਭਾਵ ਨਾਇਕ ਦਾ ਘਰ ਪੱਕਾ ਹੈ ਅਤੇ ਬਾਕੀ ਘਰ ਕੱਚੇ ਅਤੇ ਝੁੱਗੀਆਂ। ਪਿੰਡ ਵਿਚ ਗੁਰਦੁਆਰਾ ਵੀ ਹੈ ਜਿਸ ਦੀ ਇਮਾਰਤ ਖਸਤਾ ਹੈ।

ਗ੍ਰੰਥੀ ਸਿੰਘ ਦਾ ਪ੍ਰਬੰਧ ਨਹੀਂ। ਇਸ ਕਰਕੇ ਗੁਰਦੁਆਰਾ ਬੰਦ ਹੈ। ਲੋਕੀ ਗੁਰਦੁਆਰਾ ਸਾਹਿਬ ਨੂੰ ਚਾਲੂ ਕਰਨ ਦੇ ਇਛੁੱਕ ਹਨ।

ਰਿਪੋਰਟ ਅਨੁਸਾਰ ਲਾਗੇ ਹੀ ਛੋਟਾ ਟਾਂਡਾ ਹੈ ਜਿਸ ਦਾ ਨਾਮ ਮਹਾਂਰਾਸ਼ਟਰ ਦੇ ਸਾਬਕ ਮੁੱਖ ਮੰਤਰੀ ਸ੍ਰੀ ਵੀ.ਪੀ. ਨਾਇਕ ਦੇ ਨਾਮ ਪਰ ਬਸੰਤ ਨਗਰ ਰੱਖਿਆ ਗਿਆ ਹੈ, ਜੋ ਵਣਜਾਰਾ ਸਿੱਖ ਹੈ। ਹੁਣ ਕੁੱਲ 70-80 ਘਰ ਹਨ ਅਤੇ ਵਸੋਂ ਇਕ ਹਜ਼ਾਰ ਦੇ ਕਰੀਬ। ਏਥੋਂ ਦਾ ਵਸਨੀਕ ਗਨਪਤ ਸਿੰਘ ਕੇਸਾਧਾਰੀ ਹੈ ਜੋ ਦਾੜ੍ਹੀ ਪੁਰਾਤਨ ਰੀਤੀ ਅਨੁਸਾਰ ਬੰਨ੍ਹਦਾ ਹੈ। ਜੀ. ਡੀ. ਰਾਠੌਰ ਨਾਮ ਦਾ ਵਣਜਾਰਾ ਸਿੱਖ ਬੰਬਈ ਵਿਚ ਸੇਲਜ਼ ਟੈਕਸ ਕਮਿਸ਼ਨਰ ਹੈ। ਦੋਹਾਂ ਟਾਂਡਿਆਂ ਵਿਚਕਾਰ ਸਰਦਾਰ ਜੋਗਿੰਦਰ ਸਿੰਘ ਇੰਗਲੈਂਡ ਵਾਲਿਆਂ ਦਾ 100 ਏਕੜ ਦਾ ਫਾਰਮ ਹੈ, ਜਿਥੇ ਇਕ ਕੇਸਾਧਾਰੀ ਵਣਜਾਰਾ ਸਿੱਖ ਪਰਵਾਰ ਰਹਿੰਦਾ ਹੈ ਜਿਸ ਨੂੰ ਉਨ੍ਹਾਂ ਗੁਜ਼ਾਰੇ ਲਈ ਜ਼ਮੀਨ ਦਿੱਤੀ ਹੋਈ ਹੈ। ਖਾਪਨ-ਟਾਂਡਾ ਨਾਮ ਦਾ ਇਕ ਪਿੰਡ ਬਸੰਤ ਨਗਰ ਦੇ ਨੇੜੇ ਹੀ ਹੈ ਜਿਸ ਦੀ ਵਸੋਂ 600 ਦੇ ਆਸ-ਪਾਸ ਹੈ। ਪਿੰਡ ਵਿਚ 8-10 ਨੌਜਵਾਨ ਬਾਰ੍ਹਵੀਂ ਪਾਸ ਹਨ ਅਤੇ ਦਸਵੀਂ ਪਾਸ ਕਾਫੀ ਹਨ। ਲੋਕਾਂ ਪਾਸ 5 ਏਕੜ ਤੋਂ ਲੈ ਕੇ 45 ਏਕੜ ਤੱਕ ਜ਼ਮੀਨ ਹੈ। ਕਉੜ ਸਿੰਘ ਅਤੇ ਚੰਨੂੰ ਸਿੰਘ ਚੌਹਾਨ ਨੇ ਪਿੰਡ ਵਿਚ ਗੁਰਦੁਆਰਾ ਬਣਾਉਣ ਦੀ ਇੱਛਾ ਪ੍ਰਗਟ ਕੀਤੀ ਅਤੇ ਜ਼ਮੀਨ ਦੇਣ ਦਾ ਵਾਅਦਾ ਕੀਤਾ। ਇਥੋਂ ਨੇੜੇ ਹੀ ਗਰਮਸੁਰ ਟਾਂਡਾ ਹੈ ਜਿਸ ਦੇ 20 ਕੁ ਘਰ ਹਨ ਅਤੇ ਵਸੋਂ 300 ਦੇ ਨੇੜੇ-ਤੇੜੇ ਹੈ। ਸਭ ਪਾਸ ਪੰਜ ਪੰਜ ਏਕੜ ਜ਼ਮੀਨ ਹੈ। ਇਸ ਤੋਂ ਅੱਗੇ ਮਾਹਰਖੋਰਾ ਟਾਂਡਾ ਹੈ ਜਿਸ ਦੇ 60 ਕੁ ਘਰ ਹਨ ਅਤੇ ਵਸੋਂ 500 ਦੇ ਲਗਭਗ ਹੈ। ਪਿੰਡ ਵਿਚ ਤੀਜੀ ਜਮਾਤ ਤਕ ਸਕੂਲ ਹੈ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਫੌਜਾ ਸਿੰਘ ਨੇ ਇਨ੍ਹਾਂ ਸਤਰਾਂ ਦੇ ਲਿਖਾਰੀ ਨਾਲ 23 ਅਗਸਤ 2000 ਨੂੰ ਹੋਈ ਵਿਸ਼ੇਸ਼ ਮੁਲਾਕਾਤ ਦੌਰਾਨ ਵਣਜਾਰਿਆਂ ਵਿਚ ਸਿੱਖ ਮੱਤ ਦਾ ਪ੍ਰਚਾਰ ਕਰਨ ਦਾ ਵੇਰਵਾ ਦਿੰਦੇ ਦੱਸਿਆ ਕਿ ਉਨ੍ਹਾਂ ਸੱਚਖੰਡ ਨਾਂਦੇੜ ਸਾਹਿਬ ਵਿਖੇ ਸਥਾਪਤ ਵਿਦਿਆਲੇ ਵਿਚ ਕਈ ਸਾਲ ਸੇਵਾ ਕੀਤੀ ਜਿਥੋਂ ਵਣਜਾਰੇ ਸਿੱਖਾਂ ਦੇ 13 ਰਾਗੀ ਜਥੇ ਅਤੇ 30 ਗ੍ਰੰਥੀ ਸਿੰਘ ਟਰੇਨਿੰਗ ਲੈ ਕੇ ਸਿੱਖੀ ਦੇ ਪ੍ਰਚਾਰ ਵਿਚ ਜੁਟੇ ਹੋਏ ਹਨ। ਵਣਜਾਰਿਆਂ ਵਿਚ ਉਨ੍ਹਾਂ ਸਿੱਖੀ ਪ੍ਰਚਾਰ ਦੀ ਵਿਥਿਆ ਸੁਣਾਉਂਦਿਆਂ ਕਿਹਾ ਕਿ ਉਨ੍ਹਾਂ ਵਣਜਾਰਿਆਂ ਦੇ ਪਿੰਡਾਂ ਵਿਚ 7 ਗੁਰਦੁਆਰੇ ਉਸਾਰੇ। ਸ਼ੌਰਾ ਪਿੰਡ ਦੇ 7 ਸਕੇ ਭਰਾ ਅੰਮ੍ਰਿਤ ਛਕ ਕੇ ਸਿੰਘ ਸਜੇ। ਇਕ ਸਮੇਂ ਰਾਤ ਵੇਲੇ ਉਹ ਸੰਘਣੇ ਜੰਗਲ ਵਿਚੋਂ ਜਾਂਦਿਆਂ ਰਸਤਾ ਭੁੱਲ ਗਏ ਅਤੇ ਇਕ ਚਟਾਨ ਤੇ ਚੜ੍ਹ ਕੇ ਵਾਹਿਗੁਰੂ ਦਾ ਜਾਪ ਸ਼ੁਰੂ ਕਰ ਦਿੱਤਾ। ਇਸੇ ਦੌਰਾਨ ਦੋ ਵਣਜਾਰਿਆਂ ਦੀ ਆਵਾਜ਼ ਸੁਣੀ ਜਿਨ੍ਹਾਂ ਦੀ ਸਹਾਇਤਾ ਨਾਲ ਰਾਤ ਦੇ 11 ਵਜੇ ਵਣਜਾਰੇ ਸਿੱਖਾਂ ਦੇ ਪਿੰਡ ਪਹੁੰਚੇ। ਜਥੇਦਾਰ ਫੌਜਾ ਸਿੰਘ ਦੀਆਂ ਅੱਖਾਂ ਦੀ ਰੌਸ਼ਨੀ ਭਾਵੇਂ ਖ਼ਤਮ ਹੋ ਗਈ ਹੈ ਪਰੰਤੂ ਉਹ ਬਹੁਤ ਹੀ ਚੜ੍ਹਦੀਆਂ ਕਲਾਂ ਵਾਲੇ 87 ਸਾਲ ਦੀ ਉਮਰ ਵਿਚੋਂ ਲੰਘ ਰਹੇ ਹਨ। ਆਪ ਮਾਸਟਰ ਤਾਰਾ ਸਿੰਘ ਦੇ ਅਤਿ ਨਿਕਟਵਰਤੀਆਂ ਵਿਚੋਂ ਸਨ ਅਤੇ ਬੀਰ ਖਾਲਸਾ ਦਲ ਇਨ੍ਹਾਂ ਨੇ ਹੀ ਖੜ੍ਹਾ ਕੀਤਾ ਸੀ। ਆਪ ਨੇ ਉਸ ਸਮੇਂ ਸ਼੍ਰੋਮਣੀ ਕਮੇਟੀ ਨੂੰ ਬੇਨਤੀ ਕੀਤੀ ਸੀ ਕਿ ਸਾਲਾਨਾ 10 ਲੱਖ ਖਰਚ ਲਈ ਕੱਢੋ, ਉਹ ਸਾਲਾਨਾ ਇਕ ਲੱਖ ਸਿੰਘ ਬਣਾ ਕੇ ਦੇਣਗੇ। ਆਪ ਨੇ ਦੱਸਿਆ ਕਿ ਈਸਾਈ ਪ੍ਰਚਾਰ ਉਤੇ ਇਕ ਕਰੋੜ

ਰੁਪਈਆ ਰੋਜ਼ਾਨਾ ਖਰਚ ਕਰ ਰਹੇ ਹਨ ਅਤੇ ਉਨ੍ਹਾਂ ਵਲੋਂ ਈਸਾਈ ਬਣ ਗਏ ਪਰਵਾਰ ਨੂੰ 5000 ਰੁਪਏ ਮਹੀਨਾ ਦੀ ਸਹਾਇਤਾ ਦਿੱਤੀ ਜਾਂਦੀ ਹੈ।

ਨਾਨਕਪੁਰਾ ਆਸ਼ਰਮ ਤੋਂ ਢਾਈ ਕਿਲੋਮੀਟਰ ਦੂਰੀ ਦੇ ਫਾਸਲੇ ਤੇ ਸਿਕਲੀਗਰ ਕੜਾਹੀਆਂ ਆਦਿ ਬਣਾਉਂਦੇ ਹਨ। ਸਿਕਲੀਗਰ ਆਮ ਕਰਕੇ ਖ਼ਾਨਾਬਦੋਸ਼ਾਂ ਵਾਂਗ ਘੁੰਮਦੇ ਫਿਰਦੇ ਰਹਿੰਦੇ ਹਨ। ਪੰਜਾਬ ਦੇ ਪਿੰਡਾਂ ਵਿਚ ਇਨ੍ਹਾਂ ਨੂੰ ਗੱਡੀਆਂ ਵਾਲੇ ਕਹਿੰਦੇ ਹਨ। ਇਨ੍ਹਾਂ ਦੀਆਂ ਗੱਡੀਆਂ ਬਹੁਤ ਸੁਹਣੀਆਂ ਅਤੇ ਮਜ਼ਬੂਤ ਬਣੀਆਂ ਹੁੰਦੀਆਂ ਹਨ ਅਤੇ ਨਗੌਰੀ ਬਲਦ ਵੇਖਣ ਨੂੰ ਸੁਹਣੇ-ਸੁਨੱਖੇ। ਪਿੰਡ ਦੇ ਬਾਹਰ ਡੇਰਾ ਲਗਾ ਕੇ ਲੋਹੇ ਦਾ ਛੋਟਾ-ਮੋਟਾ ਸਾਮਾਨ ਜਿਵੇਂ ਤਵੀਆਂ, ਕੜਛੇ, ਕੜਾਹੀਆਂ, ਤੱਕਲੇ, ਚਿਮਟੇ ਅਤੇ ਛਾਨਣੀਆਂ ਆਦਿ ਬਣਾਉਂਦੇ ਅਤੇ ਇਨ੍ਹਾਂ ਦੀਆਂ ਜਨਾਨੀਆਂ ਪਿੰਡ ਵਿਚ ਜਾ ਕੇ ਵਿਕਰੀ ਕਰਦੀਆਂ ਹਨ। ਅੱਜ ਕੱਲ੍ਹ ਘੱਟ-ਵੱਧ ਹੀ ਸਿਕਲੀਗਰਾਂ ਦੇ ਡੇਰੇ ਕਿਸੇ ਪਿੰਡ ਦੇ ਨੇੜੇ ਨਜ਼ਰ ਆਉਂਦੇ ਹਨ। ਸਰਕਾਰ ਵਲੋਂ ਅਲਾਟ ਕੀਤੀ ਜ਼ਮੀਨ ਉਤੇ ਮਕਾਨ ਬਣਾ ਕੇ ਪੱਕੇ ਤੌਰ ਤੇ ਆਬਾਦ ਹੋ ਗਏ ਹਨ। ਸਿਕਲੀਗਰ ਸਿੱਖ ਗੁਰੂ ਦੀਆਂ ਫੌਜਾਂ ਲਈ ਕ੍ਰਿਪਾਨਾਂ, ਬੰਦੂਕਾਂ, ਭਾਲੇ, ਟਕੂਏ ਅਤੇ ਹੋਰ ਹਥਿਆਰ ਬਣਾਉਂਦੇ ਸਨ ਅਤੇ ਗੁਰੂ-ਘਰ ਵਿਚ ਅਥਾਹ ਸ਼ਰਧਾ ਰੱਖਦੇ ਹਨ। ਕੇਸ ਦਾੜ੍ਹੀ ਰੱਖਦੇ ਅਤੇ ਪਗੜੀਆਂ ਬੰਨ੍ਹਦੇ ਹਨ। ਰਿਪੋਰਟ ਅਨੁਸਾਰ ਵਣਜਾਰੇ ਸਿੱਖਾਂ ਦੇ ਟਾਂਡਿਆਂ ਅਤੇ ਸਿਕਲੀਗਰਾਂ ਦੀਆਂ ਬਸਤੀਆਂ ਬਾਰੇ ਇਹ ਛੋਟੀ ਜਿਹੀ ਝਾਕੀ ਪੇਸ਼ ਕੀਤੀ ਗਈ ਜਿਸ ਤੋਂ ਹੋਰ ਪ੍ਰਾਂਤਾਂ ਵਿਚ ਵੱਸਣ ਵਾਲੇ ਵਣਜਾਰੇ ਸਿੱਖਾਂ ਅਤੇ ਸਿਕਲੀਗਰਾਂ ਦੇ ਰਹਿਣ-ਸਹਿਣ, ਉਨ੍ਹਾਂ ਦੀਆਂ ਲੋੜਾਂ, ਵਿੱਦਿਆ ਦੇ ਪਸਾਰ, ਗੁਰਦੁਆਰੇ ਸਥਾਪਨ ਕਰਨ ਦੀ ਲੋੜ ਬਾਰੇ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਮਹਾਂਰਾਸ਼ਟਰ ਦੀ ਦੂਜੀ ਰਾਜਧਾਨੀ ਨਾਗਪੁਰ ਦੇ ਆਲੇ-ਦੁਆਲੇ ਵਣਜਾਰਿਆਂ ਦੇ ਟਾਂਡਿਆਂ ਸਿਕਲੀਗਰਾਂ ਅਤੇ ਮਿਹਤਰਾਂ ਦੀਆਂ ਬਸਤੀਆਂ ਵਿਚ ਸਿੱਖ ਮੱਤ ਦਾ ਪ੍ਰਚਾਰ ਕਰਨ ਲਈ ਉਥੋਂ ਦੇ ਧਨਾਢ ਅਤੇ ਚੰਗੀ ਜਾਇਦਾਦ ਦੇ ਮਾਲਕ ਸਰਦਾਰ ਚੰਨਣ ਸਿੰਘ ਨੇ ਬਹੁਤ ਹੀ ਸ਼ਲਾਘਾਯੋਗ ਅਤੇ ਭਰਵੀਆਂ ਕੋਸ਼ਿਸ਼ਾਂ ਕੀਤੀਆਂ ਹਨ ਜਿਨ੍ਹਾਂ ਨਾਗਪੁਰ, ਬੰਬਈ ਸ਼ਾਹਰਾਹ ਉਤੇ ਗੁਰੂ ਨਾਨਕ ਆਸ਼ਰਮ ਸਥਾਪਤ ਕੀਤਾ, ਜਿਥੇ ਟਰੱਕਾਂ ਦੇ ਡਰਾਇਵਰ ਰੁਕ ਕੇ ਵਿਸ਼ਵਾਮ ਕਰਦੇ ਲੱਸੀ, ਚਾਹ ਅਤੇ ਗੁਰੂ ਕੇ ਲੰਗਰ ਵਿਚ ਪ੍ਰਸ਼ਾਦਾ ਛਕ ਕੇ ਗੁਰੂ ਨਾਨਕ ਦੇ ਨਾਮ ਦੀ ਜੈ ਜੈ ਕਾਰ ਕਰਦੇ ਹਨ। ਸਰਦਾਰ ਚੰਨਣ ਸਿੰਘ ਡਰਾਇਵਰਾਂ ਨੂੰ ਗੁਰੂ ਦੀ ਮੋਹਰ ਕੇਸ ਅਤੇ ਦਾੜ੍ਹੀ ਰੱਖਣ, ਨਸ਼ੇ ਛੱਡਣ ਅਤੇ ਨਾਮ ਜਪਣ ਲਈ ਵੀ ਪ੍ਰੇਰਦੇ ਹਨ। ਅਮਰੀਕਨ ਸਿੰਘ ਸਜਾ ਰਹੇ ਹਰਭਜਨ ਸਿੰਘ ਯੋਗੀ ਵੀ ਵਣਜਾਰਿਆਂ ਵਿਚ ਸਿੱਖੀ ਲਹਿਰ ਨੂੰ ਪ੍ਰਫੁੱਲਤ ਕਰਨ ਵਿਚ ਡੂੰਘੀ ਦਿਲਚਸਪੀ ਲੈਂਦੇ ਰਹੇ ਹਨ। ਥਾਈਲੈਂਡ ਤੋਂ ਸਰਦਾਰ ਕੁਲਦੀਪ ਸਿੰਘ ਅਤੇ ਸਰਦਾਰ ਨਿਰੰਜਨ ਸਿੰਘ ਨੇ ਵੀ ਮਾਇਕ ਤੌਰ ਤੇ ਚੋਖਾ ਯੋਗਦਾਨ ਪਾਇਆ ਹੈ।

ਲੁਬਾਣੇ ਸਿੱਖਾਂ ਦੀ ਵੀ ਪੰਥ ਵਿਚ ਵਿਸ਼ੇਸ਼ ਥਾਂ ਹੈ। ਮੱਖਣ ਸ਼ਾਹ ਲੁਬਾਣਾ ਇਸ ਬਰਾਦਰੀ ਦਾ ਧਨਾਢ ਵਿਉਪਾਰੀ ਸੀ ਜੋ ਬਰਤਨਾਂ ਦਾ ਵਪਾਰ ਕਰਦਾ ਸੀ। ਇਹ ਪਾਕਿਸਤਾਨੀ ਕਸ਼ਮੀਰ ਵਿਚ ਸਥਿਤ ਸ਼ਹਿਰ ਮੁਜ਼ੱਫਰਾਬਾਦ ਦਾ ਜੰਮਪਲ ਸੀ। ਬਾਬਾ ਬਕਾਲਾ ਵਿਖੇ ਮੱਖਣ ਸ਼ਾਹ ਨੇ ਹੀ ਗੁਰੂ ਤੇਗ ਬਹਾਦਰ ਦੀ ਗੁਰੂ ਵਜੋਂ ਪਛਾਣ ਕੀਤੀ ਸੀ

ਜਿਥੇ 22 ਹੋਰ ਵਿਅਕਤੀ ਮੰਜੀਆਂ ਲਗਾ ਕੇ ਗੁਰੂ ਹੋਣ ਦਾ ਦਾਅਵਾ ਕਰ ਰਹੇ ਸਨ। ਆਪ ਨੇ ਜੀਵਨ ਦਾ ਬਹੁਤ ਸਮਾਂ ਗੁਰੂ ਤੇਗ ਬਹਾਦਰ ਜੀ ਨਾਲ ਪੰਜਾਬ ਦੇ ਦੌਰੇ ਸਮੇਂ ਗੁਰੂ ਜੀ ਨਾਲ ਗੁਜ਼ਾਰਿਆ। ਜਿਸ ਸਮੇਂ ਮਸੰਦਾਂ ਪੁਜਾਰੀਆਂ ਨੇ ਗੁਰੂ ਤੇਗ ਬਹਾਦਰ ਜੀ ਨੂੰ ਹਰਿਮੰਦਰ ਸਾਹਿਬ ਵਿਚ ਦਾਖਲ ਹੋਣ ਤੋਂ ਰੋਕ ਦਿੱਤਾ ਸੀ, ਉਸ ਸਮੇਂ ਮੱਖਣ ਸ਼ਾਹ ਲੁਬਾਣਾ ਗੁਰੂ ਜੀ ਦੇ ਨਾਲ ਸੀ।

ਸ਼੍ਰੋਮਣੀ ਕਮੇਟੀ ਦੀ ਪਹਿਲੀ ਇਸਤਰੀ ਪ੍ਰਧਾਨ ਬੀਬੀ ਜਗੀਰ ਕੌਰ ਲੁਬਾਣਾ ਬਰਾਦਰੀ ਨਾਲ ਸੰਬੰਧ ਰੱਖਦੀ ਹੈ। ਆਪ ਦੇ ਸਹੁਰਾ ਸਾਹਿਬ ਬਾਬਾ ਹਰਨਾਮ ਸਿੰਘ ਪੰਜਾਬ ਮੰਤਰੀ ਮੰਡਲ ਵਿਚ ਡਿਪਟੀ ਮੰਤਰੀ ਸਨ। ਲੁਬਾਣਾ ਬਰਾਦਰੀ ਦੇ ਮੁਖੀ ਨੇ ਪੱਛਮੀ ਪੰਜਾਬ ਵਿਚ ਹਜ਼ਾਰਾਂ ਕਬੀਲਿਆਂ ਨੂੰ ਸਿੰਘ ਸਜਾਇਆ, ਜਿਥੇ ਇਨ੍ਹਾਂ ਦਾ ਮੁੱਖ ਡੇਰਾ ਸੀ। ਪਾਕਿਸਤਾਨ ਬਣਨ ਪਿੱਛੋਂ ਮੁੱਖ ਡੇਰਾ ਬੇਗੋਵਾਲ ਜ਼ਿਲ੍ਹਾ ਕਪੂਰਥਲਾ ਵਿਚ ਹੈ। ਜਥੇਦਾਰ ਫੌਜਾ ਸਿੰਘ ਅਨੁਸਾਰ ਲੁਬਾਣੇ ਸਿੱਖ ਵਧੇਰੇ ਕਰਕੇ ਪੰਜਾਬ ਵਿਚ ਹੀ ਆਬਾਦ ਹਨ। ਯੂ.ਪੀ. ਵਿਚ ਵੀ ਕਾਫ਼ੀ ਗਿਣਤੀ ਲੁਬਾਣੇ ਸਿੱਖਾਂ ਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲੁਬਾਣੇ, ਵਣਜਾਰੇ, ਅਤੇ ਸਿਕਲੀਗਰਾਂ ਵਿਚ ਸਿੱਖ ਪੰਥ ਦਾ ਪ੍ਰਚਾਰ ਕਰਨ ਲਈ ਵਿਸ਼ੇਸ਼ ਦਿਲਚਸਪੀ ਲੈਣੀ ਸ਼ੁਰੂ ਕੀਤੀ ਹੈ ਅਤੇ ਇਸ ਮਕਸਦ ਦੀ ਪ੍ਰਾਪਤੀ ਲਈ ਚੀਫ ਜਸਟਿਸ (ਰਿਟਾਇਰਡ) ਹਰਬੰਸ ਸਿੰਘ ਦੀ ਪ੍ਰਧਾਨਗੀ ਹੇਠ ਵਣਜਾਰਾ ਟਰੱਸਟ ਕਾਇਮ ਕੀਤਾ ਹੈ, ਜਿਸ ਦੇ ਸੈਕਟਰੀ ਡਾਕਟਰ ਖੜਕ ਸਿੰਘ ਹਨ। ਸ਼੍ਰੋਮਣੀ ਕਮੇਟੀ ਨੇ 15 ਲੱਖ ਰੁਪਈਆ ਟਰੱਸਟ ਦੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤਾ ਹੈ ਜਿਸ ਦੇ ਵਿਆਜ ਤੋਂ ਪ੍ਰਾਪਤ ਰਕਮ ਧਰਮ ਪ੍ਰਚਾਰ ਲਈ ਖਰਚ ਕੀਤੀ ਜਾਵੇਗੀ ਅਤੇ ਸ਼੍ਰੋਮਣੀ ਕਮੇਟੀ ਦੀ ਦੇਖ-ਰੇਖ ਹੇਠ ਕਾਇਮ ਟਰੱਸਟ ਸਿੱਖਾਂ ਦੇ ਪ੍ਰਚਾਰ ਲਈ ਨਿੱਗਰ ਅਤੇ ਅਸਰਦਾਇਕ ਢੰਗ ਨਾਲ ਕੰਮ ਕਰ ਸਕੇਗਾ।

**ਕੁਝ ਸੁਝਾਅ:**

1. ਲੁਬਾਣੇ ਸਿੱਖਾਂ ਦੇ ਪਿੰਡਾਂ, ਵਣਜਾਰੇ ਸਿੱਖਾਂ ਦੇ ਟਾਂਡਿਆਂ ਅਤੇ ਸਿਕਲੀਗਰਾਂ ਦੀਆਂ ਬਸਤੀਆਂ ਵਿਚ ਗੁਰਦੁਆਰੇ ਸਥਾਪਤ ਕੀਤੇ ਜਾਣ ਅਤੇ ਸੇਵਾ-ਸੰਭਾਲ ਲਈ ਗ੍ਰੰਥੀਆਂ ਦੀ ਨਿਯੁਕਤੀ ਕੀਤੀ ਜਾਵੇ। ਗੁਰਦੁਆਰੇ ਸਥਾਪਤ ਕੀਤੇ ਬਿਨਾਂ ਇਨ੍ਹਾਂ ਵਿਚ ਸਿੱਖੀ ਸ਼ਰਧਾ ਅਤੇ ਉਤਸ਼ਾਹ ਪੈਦਾ ਨਹੀਂ ਕੀਤਾ ਜਾ ਸਕਦਾ।

2. ਇਨ੍ਹਾਂ ਬਰਾਦਰੀਆਂ ਦੇ ਬੱਚਿਆਂ ਲਈ ਪੰਜਾਬੀ ਪੜ੍ਹਾਉਣ ਦਾ ਪ੍ਰਬੰਧ ਕੀਤਾ ਜਾਵੇ। ਮਹਾਂਰਾਸ਼ਟਰ ਸਰਕਾਰ ਉਨ੍ਹਾਂ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਵਾਲੇ ਅਧਿਆਪਕ ਦਿੰਦੀ ਹੈ ਜਿਹੜੇ ਸਕੂਲ ਦੇ ਨਿਸ਼ਚਿਤ ਗਿਣਤੀ ਦੇ ਬੱਚੇ ਪੰਜਾਬੀ ਪੜ੍ਹਨ ਦੇ ਇੱਛੁਕ ਹੋਣ। ਇਹੀ ਫਾਰਮੂਲਾ ਹੋਰਨਾਂ ਸੂਬਿਆਂ ਵਿਚ ਲਾਗੂ ਕਰਨ ਲਈ ਸਬੰਧਤ ਸਰਕਾਰਾਂ ਪਾਸ ਪਹੁੰਚ ਕੀਤੀ ਜਾ ਸਕਦੀ ਹੈ। ਪੰਜਾਬੀ ਪੜ੍ਹੇ ਬਗ਼ੈਰ ਬੱਚੇ ਗੁਰਬਾਣੀ ਅਤੇ ਸਿੱਖੀ ਨਾਲ ਲਗਾਓ ਨਹੀਂ ਰੱਖ ਸਕਣਗੇ।

3. ਵਣਜਾਰੇ ਸਿੱਖਾਂ ਪਾਸ ਜ਼ਮੀਨ ਤਾਂ ਭਾਵੇਂ ਹੈ, ਪਰੰਤੂ ਸਾਧਨਾਂ ਦੀ ਘਾਟ ਕਾਰਨ ਜ਼ਮੀਨ ਬੇ-ਆਬਾਦ ਪਈ ਹੈ। ਇਨ੍ਹਾਂ ਦੀ ਆਰਥਕ ਸਹਾਇਤਾ ਕੀਤੀ ਜਾਵੇ ਅਤੇ

ਸਹਿਕਾਰੀ ਸਭਾਵਾਂ ਬਣਾ ਕੇ ਜ਼ਮੀਨੀ ਉਪਜ ਵਧਾਉਣ ਦੇ ਉਪਰਾਲੇ ਕੀਤੇ ਜਾਣ। ਇਸ ਸੰਬੰਧੀ ਹਰ ਤਰ੍ਹਾਂ ਦੀਆਂ ਸਰਕਾਰਾਂ ਪਾਸ ਪਹੁੰਚ ਕਰਕੇ ਲੋੜੀਂਦੀ ਸਹਾਇਤਾ ਕੀਤੀ ਜਾਵੇ।

4. ਸਿਕਲੀਗਰ ਸਿੱਖਾਂ ਵਾਸਤੇ ਛੋਟੀ ਪੱਧਰ ਤੇ ਕਾਰਖਾਨੇ ਖੋਲ੍ਹੇ ਜਾਣੇ ਚਾਹੀਦੇ ਹਨ ਜਿਥੇ ਲੋਹੇ ਦਾ ਸਾਮਾਨ ਤਿਆਰ ਕਰ ਸਕਦੇ ਹਨ। ਸਹਿਕਾਰੀ ਸਭਾਵਾਂ ਸਥਾਪਤ ਕਰਨ ਲਈ ਉਨ੍ਹਾਂ ਦੀ ਅਗਵਾਈ ਕੀਤੀ ਜਾਵੇ।

5. ਬੇਰੋਜ਼ਗਾਰ ਵਣਜਾਰੇ ਅਤੇ ਸਿਕਲੀਗਰ ਸਿੱਖਾਂ ਨੂੰ ਹੋਰ ਮਜ਼ਦੂਰਾਂ ਨਾਲੋਂ ਤਰਜੀਹ ਦੇ ਕੇ ਪੰਜਾਬ ਅਤੇ ਹੋਰ ਥਾਵਾਂ ਤੇ ਕੰਮ ਦਿੱਤਾ ਜਾਵੇ ਅਤੇ ਰੋਜ਼ਗਾਰ ਦੇ ਵੱਧ ਤੋਂ ਵੱਧ ਸਾਧਨ ਪੈਦਾ ਕੀਤੇ ਜਾਣ।

6. ਲੁਬਾਣੇ, ਵਣਜਾਰੇ ਅਤੇ ਸਿਕਲੀਗਰ ਸਿੱਖਾਂ ਦੇ ਪਿੰਡਾਂ ਅਤੇ ਬਸਤੀਆਂ ਵਿਚ ਗੁਰਪੁਰਬ ਮਨਾਉਣ ਲਈ ਉਚੇਚੇ ਪ੍ਰਬੰਧ ਕੀਤੇ ਜਾਣ। ਇਨ੍ਹਾਂ ਬਰਾਦਰੀਆਂ ਦੇ ਗਰੀਬ ਵਿਅਕਤੀਆਂ ਲਈ ਸਰਦੇ-ਪੁੱਜਦੇ ਸਿੱਖਾਂ ਦੇ ਘਰਾਂ ਤੋਂ ਕੱਪੜੇ ਲੀੜੇ ਇਕੱਤਰ ਕਰਕੇ ਇਨ੍ਹਾਂ ਦੇ ਪਿੰਡਾਂ ਵਿਚ ਵੰਡੇ ਜਾਣ। ਹਰ ਪਿੰਡ ਵਿਚ ਪ੍ਰਾਇਮਰੀ ਸਕੂਲ ਦੇ ਨਾਲ, ਦਵਾਈ ਬੂਟੀ ਕੇਂਦਰ ਵੀ ਸਥਾਪਤ ਕੀਤੇ ਜਾਣ।

ਗੁਰੂ ਪੰਥ ਨੂੰ ਇਹ ਸਚਾਈ ਸਮਝ ਲੈਣੀ ਚਾਹੀਦੀ ਹੈ ਕਿ ਅੱਜ ਦੇ ਜਮਹੂਰੀਅਤ ਦੇ ਯੁੱਗ ਵਿਚ ਵੋਟਾਂ ਦੀ ਸ਼ਕਤੀ ਨਾਲ ਹਕੂਮਤਾਂ ਬਣਦੀਆਂ ਅਤੇ ਟੁੱਟਦੀਆਂ ਹਨ। ''ਰਾਜ ਬਿਨਾਂ ਨਾ ਧਰਮ ਚਲੇ ਹੈਂ, ਧਰਮ ਬਿਨਾਂ ਸਭ ਦਲੇ ਮਲੇ ਹੈਂ'' ਦੀ ਸਚਾਈ ਨੂੰ ਵੀ ਭੁਲਾਇਆ ਨਹੀਂ ਜਾਣਾ ਚਾਹੀਦਾ। ਪੰਥਕ ਸ਼ਕਤੀ ਵਧਾਉਣ ਲਈ ਦੇਸ਼ ਦੇ ਕੋਨੇ ਕੋਨੇ ਵਿਚ ਜਿਥੇ ਗੁਰੂ ਨਾਨਕ ਨਾਮ ਲੇਵਾ ਬੈਠੇ ਹਨ, ਸਿੱਖੀ ਨਾਲ ਸਦੀਵੀ ਤੌਰ ਤੇ ਜੋੜਨਾ ਗੁਰੂ ਪੰਥ ਦੀ ਸ਼ਕਤੀ ਵਧਾਉਣਾ ਹੈ। ਹਰ ਗੁਰਸਿੱਖ ਨੂੰ ਇਸ ਯੱਗ ਵਿਚ ਵਿੱਤ ਅਨੁਸਾਰ ਹਿੱਸਾ ਪਾਉਣਾ ਚਾਹੀਦਾ ਹੈ।

**ਧੰਨਵਾਦ ਸਹਿਤ ਗੁਰਮਤਿ ਪ੍ਰਕਾਸ਼, (ਅਕਤੂਬਰ 2002)**
**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਿਚੋਂ)**

**ਲਿਖਾਰੀ ਬਚਿੱਤਰ ਸਿੰਘ ਐਡਵੋਕੇਟ ਪੰਜਾਬ ਦੇ ਉਘੇ ਵਕੀਲਾਂ ਵਿੱਚੋਂ ਹਨ ਜਿਨ੍ਹਾਂ ਨੂੰ ਸਿੱਖਾਂ ਦੇ ਕਮਜ਼ੋਰ ਵਰਗਾਂ ਦਾ ਖਿਆਲ ਅਤੇ ਚਿੰਤਾ ਹੈ।**

# ਵਣਜਾਰੇ

## ਪ੍ਰੋ. ਪਿਆਰਾ ਸਿੰਘ ਪਦਮ

ਵਣਜਾਰਾ ਜਾਤੀ, ਭਾਰਤ ਦੀ ਪੁਰਾਣੀ ਚੱਕ੍ਰਵਰਤੀ ਵਪਾਰੀ ਜਮਾਤ ਹੈ ਜੋ ਕਿ ਸਦੀਆਂ ਤੋਂ ਘੁੰਮ ਫਿਰ ਕੇ ਹਰ ਥਾਂ ਹਰ ਚੀਜ਼ ਪਹੁੰਚਾਉਣ ਦਾ ਕਾਰਜ ਕਰਦੀ ਹੈ। ਇਸ ਦੀ ਪ੍ਰਫੁੱਲਤਾ ਦਾ ਵੱਡਾ ਸਬੱਬ ਇਹ ਬਣਿਆ ਕਿ ਵੇਲੇ ਦੀ ਹਰ ਸਰਕਾਰ ਨੂੰ ਫੌਜ ਦੀ ਲੋੜ ਲਈ ਤਰ੍ਹਾਂ ਤਰ੍ਹਾਂ ਦਾ ਸਮਾਨ ਸਮੇਂ ਸਿਰ ਮਿਲਣਾ ਜ਼ਰੂਰੀ ਸੀ ਤੇ ਇਹ ਠੇਕੇਦਾਰ ਵਪਾਰੀ ਹੀ ਇਸ ਤਰ੍ਹਾਂ ਹਰ ਮਾਲ ਮੁਹੱਈਆ ਕਰਨ ਦਾ ਮੁਕੰਮਲ ਪ੍ਰਬੰਧ ਕਰ ਸਕਦੇ ਸਨ। ਸੋ ਅਸੀਂ ਇਤਿਹਾਸ ਵਿਚ ਪੜ੍ਹਦੇ ਹਾਂ ਕਿ ਜਿਥੇ ਵੀ ਵੱਡਾ ਫੌਜੀ ਡੇਰਾ ਹੁੰਦਾ, ਉਥੇ ਨਾਲ ਹੀ 'ਉਰਦੂ ਬਾਜ਼ਾਰ' ਲਗਦਾ ਸੀ। ਉਰਦੂ ਤੁਰਕੀ ਪਦ ਹੈ ਜਿਸਦਾ ਅਰਥ ਹੀ ਫੌਜੀ ਛਾਉਣੀ ਹੈ। ਹਿੰਦੁਸਤਾਨੀ ਵਪਾਰੀ ਤੇ ਤੁਰਕ, ਮੁਗਲ ਪਠਾਣ ਫੌਜੀ ਇਸ ਬਾਜ਼ਾਰ ਵਿਚ ਆ ਕੇ ਜੋ ਮਿੱਸੀ ਜੇਹੀ ਜ਼ਬਾਨ ਵਰਤਦੇ, ਉਹੋ 'ਉਰਦੂ' ਅਖਵਾਈ, ਭਾਵ ਸੀ ਲਸ਼ਕਰੀ ਜ਼ਬਾਨ।

ਇਹ ਗੱਲ ਇਥੇ ਦੱਸਣੀ ਇਸ ਲਈ ਜ਼ਰੂਰੀ ਹੋ ਗਈ ਕਿ ਸਾਡੀ ਵਪਾਰੀ ਜਮਾਤ ਇਨ੍ਹਾਂ ਦੇਸ਼ ਵਿਦੇਸ਼ ਦੇ ਤਰ੍ਹਾਂ ਤਰ੍ਹਾਂ ਦੇ ਲੋਕਾਂ, ਨਸਲਾਂ, ਜ਼ਬਾਨਾਂ ਤੇ ਮਜ਼੍ਹਬੀ ਅਕੀਦਿਆਂ ਦੀ ਸੁਹਬਤ ਨਾਲ ਕਈ ਨਵੀਆਂ ਗੱਲਾਂ ਸਿੱਖ ਸਿੱਖ ਵਧੇਰੇ ਸਿਆਣੀ ਹੁੰਦੀ ਗਈ। ਇਹ ਤਜਰਬਾ, ਵਣਜਾਰਾ ਜਾਤੀ ਦੇ ਬਹੁਤਾ ਹਿੱਸੇ ਆਇਆ। ਕਾਰਣ ਇਹ ਸੀ ਕਿ ਹਰ ਬਾਦਸ਼ਾਹ ਨਵੇਂ ਨਵੇਂ ਇਲਾਕੇ ਜਿੱਤਣ ਲਈ ਮੁਹਿੰਮਾਂ ਤੇ ਚੜ੍ਹੇ ਰਹਿੰਦੇ ਸਨ। ਜੇ ਅਸੀਂ ਤੁਰਕਾਂ ਜਾਂ ਪਠਾਣਾਂ ਵੇਲੇ ਦੀ ਗੱਲ ਨਾ ਹੀ ਕਰੀਏ, ਕੇਵਲ ਮੁਗ਼ਲਕਾਲ ਦੀਆਂ ਫੌਜੀ ਚੜ੍ਹਾਈਆਂ ਦਾ ਮੁਲਾਹਜ਼ਾ ਕਰ ਕੇ ਦੇਖੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਹਜ਼ਾਰਾਂ ਦੀ ਤਾਦਾਦ ਵਿਚ ਚੜ੍ਹੇ ਹਮਲਾਵਰ ਫੌਜੀਆਂ ਦੀਆਂ ਲੋੜਾਂ ਕਿੰਨੀਆਂ ਬੇਹਿਸਾਬ ਹੁੰਦੀਆਂ ਤੇ ਉਨ੍ਹਾਂ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਕਿਵੇਂ ਚਤੁਰ ਠੇਕੇਦਾਰ ਨਿਭਾਉਂਦੇ ਸਨ। ਇਸ ਕਰਕੇ ਵਣਜਾਰਿਆਂ ਦੀ ਚੰਗੀ ਕਦਰ ਸੀ। ਕਹਿੰਦੇ ਹਨ ਕਿ ਅਕਬਰ ਨੇ ਇਨ੍ਹਾਂ ਦੇ ਹਰ ਤਰ੍ਹਾਂ ਦੇ ਟੈਕਸ ਮਾਫ਼ ਕਰ ਛੱਡੇ ਸਨ। ਹੈਦਰਾਬਾਦ ਅਜਾਇਬ ਘਰ ਵਿਚ ਇਕ ਤਾਂਬੇ ਦੀ ਪਲੇਟ ਤੇ ਐਸਾ ਲਿਖਿਆ ਮਿਲਦਾ ਹੈ –

'ਰੱਜਣ ਕਾ ਪਾਣੀ, ਛੱਪਰ ਕਾ ਘਾਸ, ਦਿਨ ਕਾ ਤਿਨ ਖ਼ੂਨ ਮਾਫ਼।
ਔਰ ਜਹਾਂ ਆਸਫ਼ ਜਾਹ ਕੇ ਘੋੜੇ, ਵਹਾਂ ਭਾਂਗੀ ਝਾਂਗੀ ਕੇ ਬੈਲ।'

ਨਵਾਬ ਅਸਫ਼ ਜਾਹ, ਸ਼ਾਹਜਹਾਨ ਦਾ ਵਜ਼ੀਰ ਪ੍ਰਸਿੱਧ ਰਾਜਨੀਤੱਗ ਹੋਇਆ, ਜਿਸਨੇ ਦਿੱਲੀ ਵਿਚ ਮੁਗ਼ਲ-ਰਾਜ ਦੇ ਕਮਜ਼ੋਰ ਪੈਣ ਸਮੇਂ ਦੱਖਣ ਵਿਚ ਆਪਣੀ ਆਜ਼ਾਦ ਹੈਦਰਾਬਾਦ ਰਿਆਸਤ ਸਥਾਪਤ ਕਰ ਲਈ ਸੀ।

ਲੁਬਾਣਾ ਜਾਤੀ ਵੀ ਵਪਾਰੀ ਜਮਾਤ ਦਾ ਅੰਗ ਸੀ। 'ਪਦਮ ਚੰਦ੍ਰ ਸੰਸਕ੍ਰਿਤ ਕੋਸ਼' ਵਿਚ ਲਿਖਿਆ ਹੈ ਕਿ ਮੂਲ ਪਦ 'ਲਾਵਣਿਕ' ਹੈ, ਜਿਸਦਾ ਭਾਵ ਹੈ ਲੂਣ ਦਾ ਕਾਰੋਬਾਰ ਕਰਨ ਵਾਲਾ ਵਪਾਰੀ। ਖਾਣ ਪੀਣ ਦਾ ਹੋਰ ਸਮਾਨ ਅੰਨ, ਫ਼ਲ ਜਾਂ ਸਾਗ ਪਾਤ ਆਦਿ ਤਾਂ ਹਰ ਕੋਈ ਜ਼ਮੀਨ ਵਿਚੋਂ ਪੈਦਾ ਕਰ ਸਕਦਾ ਹੈ ਪਰ ਲੂਣ ਨਹੀਂ, ਤੇ ਲੂਣ ਤੋਂ ਬਗੈਰ ਕੋਈ

ਨਮਕੀਨ ਪਦਾਰਥ ਤਿਆਰ ਨਹੀਂ ਕੀਤਾ ਜਾ ਸਕਦਾ। ਸੋ ਲੂਣ ਵੇਚਣ ਵਾਲੇ ਲੁਬਾਣਿਆਂ ਦਾ ਕਾਰੋਬਾਰ ਤੇ ਸਤਿਕਾਰ ਵਿਸ਼ੇਸ਼ ਰਿਹਾ ਹੈ ਤੇ ਹੌਲੀ ਹੌਲੀ ਵਣਜਾਰੇ ਤੇ ਲੁਬਾਣੇ ਦੋਵੇਂ ਜਾਤੀਆਂ ਘੁਲ-ਮਿਲ ਗਈਆਂ। ਇਹ ਗੁਜਰਾਤ ਵਿਚ ਲੁਹਾਣੇ, ਆਂਧਰਾ, ਕਰਨਾਟਕ ਵਿਚ ਲਬਾਨੇ ਜਾਂ ਲੰਬਾੜੀ ਕਹੇ ਜਾਂਦੇ ਹਨ। ਪੰਜਾਬ ਵਿਚ ਵਸਦੇ ਲੁਬਾਣਿਆਂ ਦੇ 10-12 ਗੋਤ ਪ੍ਰਸਿੱਧ ਹਨ ਜਿਵੇਂ ਕਿ ਅਜਰਾਵਤ, ਦਾਤਲਾ, ਪੀਲੀਆ, ਪੁਰਵਾਲ, ਖਸਾਰੀਆ, ਗੋਜਾਲੀਆ, ਗੁੱਜਰ, ਤਦਰਨ, ਵਾਮਿਆਲ ਤੇ ਨਾਰੋਵਾਲ। ਵਣਜਾਰਾ ਜਾਤੀ ਨਾਲ ਰਲਾ ਮਿਲਾ ਹੋਣ ਕਰਕੇ ਰਮਾਣਾ, ਉਦਾਨਾ, ਗਰਗਰੀਆ, ਗਗਨੌਤ, ਡਹੌਤ, ਬੰਜਰਉਂਤ ਤੇ ਬੜਤੀਆ ਆਦਿ ਹੋਰ ਗੋਤ ਵੀ ਸ਼ਾਮਲ ਹੁੰਦੇ ਹਨ। ਬਹਾਵਲਪੁਰ ਰਿਆਸਤ ਵਿਚ ਇਹ ਰਠੌਰ ਕਹਾਉਂਦੇ ਹਨ। ਬਹੂ-ਰੂਪੀਏ ਵੀ ਇਨ੍ਹਾਂ ਦੀ ਸ਼ਾਖ ਹੈ।

ਅਧਵਈਆ, ਇਕ ਹੋਰ ਵਪਾਰੀ ਜਾਤ ਹੈ ਜੋ ਪੱਛਮੀ ਹਿੰਦ ਵਿਚ ਕੰਮ ਕਰਦੀ ਹੈ, ਇਹ ਤਮਾਮ ਵਪਾਰੀ ਜੰਗਲ ਦੇ ਲੁਟੇਰਿਆਂ ਤੋਂ ਬਚਣ ਲਈ ਸਦਾ ਇਕੱਠਿਆਂ ਕਾਫ਼ਲਿਆਂ ਦੇ ਰੂਪ ਵਿਚ ਚਲਦੇ ਜਿਸ ਵਿਚ ਬੈਲ, ਘੋੜੇ, ਖੱਚਰ, ਗਧੇ ਤੇ ਕੁੱਤੇ ਕਾਫ਼ੀ ਗਿਣਤੀ ਵਿਚ ਹੁੰਦੇ। ਬੈਲਾਂ ਦੀ ਗਿਣਤੀ ਵਧੇਰੇ ਹੁੰਦੀ ਕਿਉਂਕਿ ਬਹੁਤਾ ਮਾਲ ਗੱਡਿਆਂ ਉੱਤੇ ਲੱਦਕੇ ਬੈਲ ਹੀ ਮੋਹਰੇ ਚੱਲਦੇ ਸਨ। ਦੱਖਣ ਤੇ ਧਾਵੇ ਸਮੇਂ ਇਕ ਕਾਫ਼ਲਾ ਲਗਭਗ ਦੋ ਲੱਖ ਬੈਲਾਂ ਦਾ ਤੇ ਭਗਵਾਨ ਦਾਸ ਨਾਇਕ ਦਾ 52 ਹਜ਼ਾਰ ਬਲਦਾਂ ਦਾ ਦੱਸਿਆ ਗਿਆ ਹੈ। ਪੀਟਰ ਮੁੰਡੀ ਨੇ 1632 ਈ. ਵਿਚ ਲਿਖੇ ਸਫ਼ਰਨਾਮੇ ਵਿਚ ਦੱਸਿਆ ਹੈ ਕਿ ਚੌਦਾਂ ਹਜ਼ਾਰ ਬੈਲ-ਲੱਦੀ ਵਣਜਾਰੇ ਜਾ ਰਹੇ ਸਨ ਤੇ ਮੂਹਰੇ ਜਾਂਦੇ ਬਾਂਕੇ ਬਲਵਾਨ ਬੈਲ ਨੂੰ 'ਗੁਰੂ ਬੈਲ' ਤੇ ਕਾਫ਼ਲੇ ਦੇ ਮਾਲਕ ਨੂੰ 'ਨਾਇਕ' ਸੱਦਦੇ ਸਨ ਤੇ ਇਸਦੇ ਗਲ ਵਿਚ ਮੋਤੀਆਂ ਦਾ ਹਾਰ ਹੁੰਦਾ ਸੀ। ਕਈ ਵਾਰ ਇਹ ਰਮਤੇ ਨਾਇਕ ਸੁਦਾਗਰ, ਕਿਸੇ ਗੱਲੋਂ ਲੜ-ਝਗੜ ਵੀ ਪੈਂਦੇ ਤਾਂ ਬੜੀ ਸਮੱਸਿਆ ਖੜ੍ਹੀ ਹੋ ਜਾਂਦੀ, ਖ਼ਾਸ ਕਰਕੇ ਮੁਹਿੰਮ ਤੇ ਚੜ੍ਹੀ ਫੌਜ ਲਈ ਇਹ ਇਕ ਤਰ੍ਹਾਂ ਅੜਿੱਕਾ ਸਾਬਤ ਹੁੰਦੀ। ਇਕ ਵਾਰ ਔਰੰਗਜ਼ੇਬ ਨੇ ਦੋ ਨਾਇਕਾਂ ਨੂੰ ਪਾਸ ਬੁਲਾ ਕੇ ਸਮਝੌਤਾ ਕਰਾਇਆ ਤੇ ਉਨ੍ਹਾਂ ਦੇ ਗਲਾਂ ਵਿਚ ਲੱਖ ਲੱਖ ਦੇ ਹਾਰ ਪਾ ਕੇ ਸ਼ਾਂਤ ਕੀਤਾ। ਜੇ ਕੋਈ ਇਸ ਵੱਡੇ ਕਾਫ਼ਲੇ ਤੋਂ ਕਿਸੇ ਸਮੇਂ ਵਿਛੜ ਵੀ ਜਾਂਦਾ ਤਾਂ ਮੁਸੀਬਤ ਬਣ ਜਾਂਦੀ ਸੀ। ਕਹਾਵਤ ਹੈ:

ਟਾਂਡਾ ਵਾਂਕਾ ਲਦਿ ਗਇਆ, ਕੋਈ ਨ ਸੰਗੀ ਸਾਥਿ।

ਇਨ੍ਹਾਂ ਦੇ ਜਲ-ਮਾਹਰ ਸ਼ੁੱਧ ਪਾਣੀ ਦੀ ਜ਼ਰੂਰਤ ਪੂਰਾ ਕਰਨ ਲਈ ਦੋ ਤਿੰਨ ਦਿਨਾਂ ਵਿਚ ਖੂਹ ਪੁੱਟ ਲੈਂਦੇ ਸਨ।

'ਟਾਂਡਾ' ਇਕ ਕਾਫ਼ਲੇ ਜਾਂ ਸੰਗ ਨੂੰ ਕਹਿੰਦੇ ਸਨ, ਜਿਥੇ ਇਹ ਲੋਕ ਜਾ ਕੇ ਟਿਕਾਣਾ ਕਰਦੇ, ਉਹ ਕੈਂਪ ਜਾਂ ਡੇਰਾ ਵੀ 'ਟਾਂਡਾ' ਕਹਾਉਂਦਾ ਸੀ। ਕੋਈ ਇਸ ਪਦ 'ਟਾਂਡੇ' ਨੂੰ ਤੈਲਗੂ ਦੱਸਦਾ ਹੈ ਤੇ ਕੋਈ ਮਰਾਠੀ ਜਾਂ ਹੋਰ ਬੋਲੀ ਦਾ। ਪਰ ਮੇਰੇ ਖ਼ਿਆਲ ਵਿਚ ਇਸ ਕਾਫ਼ਲੇ ਅੰਦਰ ਬਹੁਤਾਤ ਬੈਲਾਂ ਦੀ ਹੁੰਦੀ ਸੀ। ਬਾਲਗ ਬੈਲ ਨੂੰ 'ਦਾਂਦ' ਕਿਹਾ ਜਾਂਦਾ ਸੀ, ਭਾਵ ਜਿਸਦੇ ਪੂਰੇ ਦੰਦ ਆ ਗਏ ਹੋਣ। ਹੁਣ ਵੀ ਵੱਡੇ ਹੋ ਰਹੇ ਵੱਛੇ ਨੂੰ ਦੁੱਗਾ ਜਾਂ ਚੌਗਾ ਕਹਿ ਦਿੱਤਾ ਜਾਂਦਾ ਹੈ। ਸੋ ਇਹ ਪੰਜਾਬੀ ਸ਼ਬਦ ਹੈ। ਲਹਿੰਦੀ ਵਿਚ ਅਜੇ ਵੀ ਬਲਦ ਨੂੰ 'ਦਾਂਦ' ਹੀ ਕਹਿੰਦੇ ਹਨ ਤੇ ਇਸੇ 'ਦਾਂਦ' ਤੋਂ ਬਦਲ ਕੇ 'ਟਾਂਡ' ਜਾਂ 'ਟਾਂਡਾ' ਪਦ ਬਣਿਆ ਹੈ।

ਇਨ੍ਹਾਂ ਚੱਕਰਵਰਤੀ ਵਪਾਰੀਆਂ ਦੇ ਰਸਤੇ ਵੀ ਬੜੇ ਲੰਮੇ ਹੁੰਦੇ ਸਨ, ਦਿੱਲੀ ਤੋਂ

ਹੈਦਰਾਬਾਦ ਤੇ ਦੂਜੇ ਪਾਸੇ ਕਾਬਲ ਤੋਂ ਕੰਧਾਰ ਤੱਕ। ਡਾ. ਅਬੁਲ ਖ਼ੈਰ ਮੁਹੰਮਦ ਫਾਰੂਕੀ ਨੇ ਆਪਣੀ ਕਿਤਾਬ 'ਰੋਡਜ਼ ਐਂਡ ਕਮਿਊਨੀਕੇਸ਼ਨਜ਼ ਇਨ ਮੁਗ਼ਲ ਇੰਡੀਆ' (1977 ਈ.) ਵਿਚ ਚਾਰੇ ਪਾਸਿਆਂ ਤੋਂ ਆਉਂਦੇ ਜਾਂਦੇ ਸ਼ਾਹੀ ਰਾਹਾਂ ਦੀ ਸੂਚੀ ਪੜਾਵਾਂ ਤੇ ਸਰਾਵਾਂ ਸਮੇਤ ਦਿੱਤੀ ਹੈ।

**ਆਗਰੇ ਜਾਂ ਦਿੱਲੀ ਤੋਂ ਕਾਬਲ ਤੱਕ ਦੇ ਪੜਾਵਾਂ ਦਾ ਬਿਊਰਾ ਇਉਂ ਹੈ:**

**ੳ**. ਆਗਰਾ, ਰਣਕਾਟਾ, ਬਾਦ ਕੀ ਸਰਾਂ, ਅਕਬਰਪੁਰਾ, ਹੋਡਲ, ਪਲਵਲ, ਫਰੀਦਾਬਾਦ, ਦਿੱਲੀ, ਸਰਾਇ, ਬਾਉਲੀ, ਨਰੇਲਾ, ਸੋਨੀਪਤ, ਕਨੂਰ, ਪਾਨੀਪਤ, ਘਰੌਂਡਾ, ਕਰਨਾਲ, ਆਜ਼ਮਾਬਾਦ, ਥਾਨੇਸਰ, ਸ਼ਾਹਾਬਾਦ, ਅੰਬਾਲਾ, ਸਰਾਇ ਅਲੂਣਾ, ਸਰਹੰਦ, ਸਰਾਇ ਲਸ਼ਕਰ ਖਾਂ, ਲੁਧਿਆਣਾ, ਫਿਲੌਰ, ਨੂਰਮਹਲ ਦੇ ਖਾਨੀ, ਨਕੋਦਰ, ਸੁਲਤਾਨਪੁਰ, ਫਤਿਹਪੁਰ, ਹਾਜੀ ਮੁਹੱਯੁਦੀਨ, ਖਾਨ ਖਾਨਾ ਕੀ ਸਰਾਇ, ਲਾਹੌਰ, ਫਜ਼ਲਾਬਾਦ, ਪੁਲ ਸ਼ਾਹ ਦੌਲਾ, ਏਮਨਾਬਾਦ, ਸਰਾਇ ਕੱਛੀ, ਕਾਸ਼ਗਰੀਆ, ਔਰੰਗਾਬਾਦ, ਰੁਹਤਾਸ, ਸਰਾਇ ਕੁਸੀਆ, ਪੀਰ ਜਲਾਲ, ਸਰਾਇ ਡਾਕਾ, ਸਰਾਇ ਕਾਲੇ ਖਾਂ, ਸਰਾਇ ਤਕੀਆ, ਰਾਵਲ ਪਿੰਡੀ, ਸਰਾਇ ਖਰਬੂਜ਼ਾ, ਹਸਨ ਅਬਦਾਲ, ਸਰਾਇ ਵੀਰਾਂ, ਸ਼ਮਸਾਬਾਦ, ਖੈਰਾਬਾਦ, ਕੋਰਾ, ਸਾਹਾਬਾਦ, ਪਿਸ਼ਾਵਰ, ਜਮਰੌਦ, ਅਲੀ ਮਸਜਿਦ, ਡਾਕਾ ਬਸੂਲ, ਜਲਾਲਾਬਾਦ, ਚਾਹ ਬਾਗ, ਫਤਿਹਾਬਾਦ, ਬਾਗ ਨਿਮਲਾ, ਕੁੰਡਮਾਕ, ਸੁਰਖਾਬ, ਬੈਰਕ ਆਬ, ਬੁਤਖਾਕ ਤੇ ਕਾਬਲ 70-75 ਪੜਾਉ ਹਨ।

ਇਸੇ ਤਰ੍ਹਾਂ ਆਗਰੇ ਤੋਂ ਬੰਗਾਲ, ਆਗਰੇ ਤੋਂ ਸੂਰਤ ਬਰਾਸਤਾ ਬ੍ਰਹਿਮਪੁਰ ਤੇ ਆਗਰੇ ਤੋਂ ਸੂਰਤ ਬਰਾਸਤਾ ਅਹਿਮਦਾਬਾਦ ਦੇ ਵੇਰਵੇ ਇਸੇ ਤਰ੍ਹਾਂ ਹਨ :-

**ਅ. ਆਗਰਾ, ਪਟਨਾ, ਬੰਗਾਲ:**

ਨੂਰਮਹਲ ਕੀ ਸਰਾਂ, ਫਿਰੋਜ਼ਾਬਾਦ ਸਰਾਇ ਮੁਰਲੀਦਾਸ, ਏਟਾਵਾ, ਅਜੀਤਮੱਲ, ਸਕੰਦਰ, ਸੈਂਕੁਆਇਲ, ਸਰਾਇ ਸ਼ਹਿਜ਼ਾਦਾ, ਆਲਮਚੰਦ, ਇਲਾਹਾਬਾਦ, ਬਾਰਾਂਮਹਲ ਕੀ ਸਰਾਂ, ਜਗਦੀਸ਼ ਸਰਾਇ, ਬਾਬੂ ਸਰਾਇ, ਬਨਾਰਸ, ਬਹਾਦਰਪੁਰ, ਸਰਾਇ, ਸਿਰਸੀ, ਮੋਹਨੀਆਂ ਕੀ ਸਰਾਇ, ਖੁਰਮਾਬਾਦ, ਸਸਰਾਮ, ਦਾਊਦ ਨਗਰ ਸਰਾਇ, ਪਟਨਾ, ਦਰੀਆਪੁਰ, ਮੁੰਘੇਰ, ਭਾਗਲਪੁਰ, ਰਾਜਮਹਲ, ਹਜਰਾਪੁਰ, ਡਾਊਲੌਢੀਆ, ਦਾਸਪੁਰ, ਜਾਤਰਾਪੁਰ, ਬਾਘਮਾਰੀ, ਢਾਕਾ।

**ੲ. ਸੂਰਤ ਆਗਰਾ ਮਾਰਗ ਬਰਾਸਤਾ ਬ੍ਰਹਿਮਪੁਰ:**

ਸੂਰਤ, ਖੰਜਰੀਆ, ਬਰੋਲੀ, ਵਿਆਰ, ਕਿਰਕ, ਨਾਰਾਇਣਪੁਰ, ਧੈਤਾ, ਭਦਵੜ ਨੰਦਰ ਬਾਰ, ਨਿੰਮੁਲ, ਟੇਕਵਾੜਾ, ਤਲਨੇਰ, ਚੋਪੜਾ, ਅਦਾਵਦ, ਬਿਆਵਲ, ਨਾਵੀ, ਭਦੂਪੁਰ, ਅਸੀਰ, ਬਾਰਹ ਕੀ ਸਰਾਇ, ਨੌ ਸਰਾਇ, ਦੀਨਪੁਰ, ਚਾਰਵਾ, ਬਿਛੋਤਾ, ਹਾਂਡੀਆ, ਤੁਮਰੀ, ਇਦਾਵਰ, ਸਿਹਰੇ, ਡਿਲਾਉਂਢ, ਪਾਮਾਰੀਆ, ਸਰੋਜ, ਮੁਗ਼ਲ ਕੀ ਸਰਾਇ, ਸ਼ਾਹ ਦੌਰਾਂ, ਹਸਾਨਪੁਰ, ਕੁਲਾਰਸ, ਸਿਪਰੀ, ਨਰਵਰ, ਪਾਰੀਚੀ, ਬਾਰਾਂ ਕੀ ਸਰਾਂ, ਗੁਆਲੀਅਰ, ਮੁੰਡੀਆ ਖੇੜਾ, ਢੋਲਪੁਰ, ਆਗਰਾ।

# ਵਣਜਾਰਿਆਂ ਨੇ ਦਸਮ ਪਾਤਸ਼ਾਹ ਦਾ 352ਸਾਲਾ ਪ੍ਰਕਾਸ਼ ਪੁਰਬ ਨੇਤਾਜੀ ਟਾਂਡਾ, ਜ਼ਿਲਾ ਮਹਿਬੂਬਾਬਾਦ, ਤੇਲੰਗਾਨਾ ਵਿਖੇ ਮਨਾਇਆ







## ਵਣਜਾਰੇ ਪਰਿਵਾਰਾਂ ਦੇ ਵਿਆਹ ਦਾ ਦ੍ਰਿਸ਼,
## ਸੋਮਲਾ ਟਾਂਡਾ, ਤੇਲੰਗਾਨਾ











**ਸ. ਸੂਰਤ, ਆਗਰਾ, ਬਰਾਸਤਾ ਅਹਿਮਦਾਬਾਦ:**

ਆਗਰਾ, ਫਤਿਹਪੁਰ, ਸੀਕਰੀ, ਬਿਆਨਾ, ਹਿੰਦੂਆਨਾ, ਲਾਵਾਲੀ, ਚਕਸੂ, ਲੁਡਾਣਾ, ਬਾਂਦਰ, ਸਿੰਦਰੀ, ਬਰੂੰਦਾ ਮੇੜਤਾ, ਪਿਪਰ, ਸੁਤਲਾਨਾ, ਖਾਨਾਬਾਦ, ਜਲੌਰ, ਮੋਦਰਾ, ਭੀਮੇਲ, ਵਾ ਗਾਉਂ, ਦਾਂਤੀਵਾੜਾ, ਪਾਲਮਪੁਰ, ਸਿਸਪੁਰ, ਮੇਹਸਾਨਾ, ਪੋਨਸਿਰ, ਅਹਿਮਦਾਬਾਦ, ਨਾਦੀਆਤ, ਬੜੌਦਾ, ਬੜੋਚ, ਸੂਰਤ।

ਇਸ ਭੂਗੋਲਕ ਪਸਾਰੇ ਤੋਂ ਪਤਾ ਲੱਗਦਾ ਹੈ ਕਿ ਇਹ ਚੱਕ੍ਰਵਰਤੀ ਵਪਾਰੀ, ਵਣਜਾਰੇ ਕਿਥੇ ਕਿਥੇ ਤੇ ਕਿਵੇਂ ਕਿਵੇਂ ਪਹੁੰਚਦੇ ਸਨ। ਇਹ ਲੋਕ, ਕੋਈ ਮਾਮੂਲੀ ਜੁੱਲੀ-ਚੁੱਕ ਵਪਾਰੀ ਵੀ ਨਹੀਂ ਸਨ, ਸਗੋਂ ਇਹ ਯਾਦਵ, ਤੋਮਰ, ਪਰਮਾਰ, ਚੌਹਾਨ ਤੇ ਰਠੌਰ ਆਦਿ ਰਾਜਪੂਤ ਘਰਾਣਿਆਂ ਦੇ ਨੌਂ ਨਿਹਾਲ ਸਨ, ਜਿਨ੍ਹਾਂ ਦਾ ਰਾਜ ਭਾਗ ਤੁਰਕਾਣੀ ਹਮਲਿਆਂ ਕਾਰਣ ਖੋਹਿਆ ਗਿਆ ਸੀ ਤੇ ਹੁਣ ਇਹ ਧਨਾਢ ਲੋਕ, ਵਪਾਰ ਰਾਹੀਂ ਰੁਜ਼ਗਾਰ ਦਾ ਕਾਰ-ਵਿਹਾਰ ਚਲਾਉਂਦੇ ਸਨ। ਦੂਜੀ ਗੱਲ ਇਹ ਵੀ ਸਮਝਣ ਵਾਲੀ ਹੈ ਕਿ ਜੋਗੀ, ਸੰਨਿਆਸੀ, ਹਾਜੀ ਤੇ ਹੋਰ ਤੀਰਥ-ਯਾਤਰੀ ਵੀ ਇਕੱਲੇ ਨਹੀਂ ਸੀ ਨਿਕਲਦੇ, ਉਹ ਵੀ ਅਜੇਹੇ ਕਾਫ਼ਲਿਆਂ ਦੇ ਸੰਗ ਵਿਚ ਹੀ ਚਲਦੇ ਸਨ ਕਿਉਂਕਿ ਰਸਤੇ ਬਿਖੜੇ ਸਨ ਤੇ ਤਾਂ ਥਾਂ ਚੋਰਾਂ ਡਾਕੂਆਂ ਤੇ ਖ਼ਤਰਨਾਕ ਜਾਨਵਰਾਂ ਦੇ ਹਮਲਿਆਂ ਦਾ ਸਦਾ ਡਰ ਬਣਿਆ ਰਹਿੰਦਾ ਸੀ। ਹੁਣ ਅਸੀਂ ਇਹ ਗੱਲ ਸੌਖੀ ਤਰ੍ਹਾਂ ਜਾਣ ਜਾਵਾਂਗੇ ਕਿ ਗੁਰੂ ਨਾਨਕ ਸਾਹਿਬ ਵਰਗਾ ਘੁਮੱਕੜ ਮਹਾਤਮਾ, ਜੋ ਚਾਰੇ ਦਿਸ਼ਾਵਾਂ ਦੇ ਦੌਰਿਆਂ ਦਾ ਪ੍ਰੋਗਰਾਮ ਰਚਦਾ ਹੈ, ਉਹ ਵੀ ਜ਼ਰੂਰ ਕਿਤੇ ਨ ਕਿਤੇ ਵਣਜਾਰਿਆਂ ਦੇ ਟਾਂਡਿਆਂ ਦਾ ਸਹਾਰਾ ਲੈਂਦਾ ਹੋਵੇਗਾ। ਸਾਡਾ ਇਤਿਹਾਸ ਅਜੇਹੇ ਵੇਰਵਿਆਂ ਤੋਂ ਸੱਖਣਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਗੁਰੂਆਂ ਤੇ ਭਗਤਾਂ ਦੇ ਅਨੇਕਾਂ ਪਦਿਆਂ ਤੋਂ ਪਤਾ ਲੱਗਦਾ ਹੈ ਕਿ ਇਹ ਟਾਂਡੇ ਜਾਂ ਕਾਫ਼ਲੇ ਥਾਂ ਥਾਂ ਬੜਾ ਡੂੰਘਾ ਪ੍ਰਭਾਵ ਰੱਖਦੇ ਸਨ। ਕੁਝ ਉਦਾਹਰਣ ਪੁਸ਼ਟੀ ਲਈ ਜ਼ਰੂਰੀ ਹਨ:

**ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥...**

**-ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭੪**

**ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ॥**
**ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ॥**

**-ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭੪**

**ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ॥**
**ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ॥**

**-ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨੨**

**ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥**
**ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥**

**-ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪੧੮**

ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ॥੧॥
ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ॥੧॥ ਰਹਾਉ॥

–ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪੧੮

ਤਨੁ ਹਟੜੀ ਇਹੁ ਮਨੁ ਵਣਜਾਰਾ॥ ਨਾਨਕ ਸਹਜੇ ਸਚੁ ਵਾਪਾਰਾ॥੩੯॥

–ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੪੨

ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ॥

–ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੫੯੫

ਵਣਜੁ ਵਾਪਾਰੁ ਵਣਜੈ ਵਾਪਾਰੀ ॥

–ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੨੯

ਵਣਜਾਰਾ ਜਗੁ ਆਪਿ ਹੈ ਪਿਆਰਾ ਆਪੇ ਸਾਚਾ ਸਾਹੁ॥
ਆਪੇ ਵਣਜੁ ਵਾਪਾਰੀਆ ਪਿਆਰਾ ਆਪੇ ਸਚੁ ਵੇਸਾਹੁ॥੧॥

–ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੬੦੪

ਧੰਨੁ ਧੰਨੁ ਸੇ ਸਾਹ ਹੈ ਜਿ ਨਾਮਿ ਕਰਹਿ ਵਾਪਾਰੁ॥
ਵਣਜਾਰੇ ਸਿਖ ਆਵਦੇ ਸਬਦਿ ਲਘਾਵਣਹਾਰੁ॥

–ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੧੩

ਮੈ ਬਨਜਾਰਨਿ ਰਾਮ ਕੀ॥ ਤੇਰਾ ਨਾਮੁ ਵਖਰੁ ਵਾਪਾਰੁ ਜੀ॥੧॥ਰਹਾਉ॥

–ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੫੭

ਗੁਰੂ ਸਾਹਿਬਾਨ ਤੋਂ ਪਹਿਲਾਂ ਹੋਏ ਭਗਤਾਂ ਦੇ ਦੋ ਹਵਾਲੇ ਵਾਚਣੇ ਜ਼ਰੂਰੀ ਹਨ:

**ਭਗਤ ਕਬੀਰ:**

ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ॥
ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ॥੧॥...

–ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੨੩

ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ ਗਿਆਨ ਗੋਨਿ ਭਰਿ ਡਾਰੀ॥
ਕਹਤੁ ਕਬੀਰੁ ਸੁਨਹੁ ਰੇ ਸੰਤਹੁ ਨਿਬਹੀ ਖੇਪ ਹਮਾਰੀ॥੪॥੨॥...

–ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੨੩

ਨਾਇਕੁ ਏਕੁ ਬਨਜਾਰੇ ਪਾਚ॥ ਬਰਧ ਪਚੀਸਕ ਸੰਗੁ ਕਾਚ॥
ਨਉ ਬਹੀਆਂ ਦਸ ਗੋਨਿ ਆਹਿ॥ ਕਸਨਿ ਬਹਤਰਿ ਲਾਗੀ ਤਾਹਿ॥੧॥
ਮੋਹਿ ਐਸੇ ਬਨਜ ਸਿਉ ਨਹੀਨ ਕਾਜੁ॥ ਜਿਹ ਘਟੈ ਮੂਲੁ ਨਿਤ ਬਢੈ ਬਿਆਜੁ॥ਰਹਾਉ॥
ਸਾਤ ਸੂਤ ਮਿਲਿ ਬਨਜੁ ਕੀਨ॥ ਕਰਮ ਭਾਵਨੀ ਸੰਗ ਲੀਨ॥
ਤੀਨਿ ਜਗਾਤੀ ਕਰਤ ਰਾਰਿ॥ ਚਲੋ ਬਨਜਾਰਾ ਹਾਥ ਝਾਰਿ॥੨॥

**ਪੂੰਜੀ ਹਿਰਾਨੀ ਬਨਜੁ ਟੂਟ॥ ਦਹ ਦਿਸ ਟਾਂਡੋ ਗਇਓ ਫੂਟਿ॥**

**–ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੯੪**

**ਭਗਤ ਰਵਿਦਾਸ:**

**ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ॥**
**ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ॥੧॥**
**ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ॥੧॥ ਰਹਾਉ ॥**
**ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯ੍ਾਪਾਰੁ॥**
**ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ॥੨॥ (ਗਉੜੀ ਬੈਰਾਗਣਿ)**

**–ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੪੫**

ਇਹ ਠੀਕ ਹੈ ਕਿ ਬਹੁਤੇ ਇਹ ਅਲੰਕਾਰਕ ਬਿਆਨ ਹਨ ਪਰ ਅਲੰਕਾਰ ਵੀ ਤਾਂ ਹੀ ਸਾਕਾਰ ਹੁੰਦੇ ਹਨ ਜਦ ਕਿ ਸਮਾਜ ਵਿਚ ਕਿਸੇ ਵਸਤੂ ਜਾਂ ਵਿਅਕਤੀ ਦਾ ਭਰਪੂਰ ਵਰਤਾਰਾ ਹੋਵੇ। ਸੋ ਵਣਜਾਰੇ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸਿੱਖੀ ਮੰਡਲ ਵਿਚ ਪ੍ਰਵੇਸ਼ ਕਰ ਗਏ ਸਨ ਕਿਉਂਕਿ ਗੁਰੂ ਬਾਬੇ ਦਾ ਜਲਾਲੀ ਤੇ ਜਾਮਾਲੀ ਰੂਹਾਨੀ ਦਰਸ਼ਨ, ਐਵੇਂ ਜਾਣ ਵਾਲਾ ਨਹੀਂ ਸੀ ਤੇ ਨਾ ਹੀ ਜੰਗਲਾਂ ਵਿਚ ਮਰਦਾਨੇ ਦੀ ਰਬਾਬੀ ਗੂੰਜ ਅਣਸੁਣੀ ਕੀਤੀ ਜਾ ਸਕਦੀ ਸੀ।

ਇਸ ਵਿਚਾਰ ਚਰਚਾ ਤੋਂ ਚਾਰ ਗੱਲਾਂ ਸਪੱਸ਼ਟ ਹੁੰਦੀਆਂ ਹਨ, ਪਹਿਲੀ ਇਹ ਕਿ ਇਹ ਇਕ ਥਾਂ ਨਹੀਂ ਸੀ ਬਹਿੰਦੇ, ਫੇਰੇਦਾਰੀ ਕਾਰਣ ਡੇਰੇਦਾਰੀ ਜਾਂ ਵਿਅਕਤੀ ਪੂਜਾ ਦੀ ਜਕੜ ਵਿਚ ਨਹੀਂ ਆਏ, ਅੱਜ ਇਥੇ ਕੱਲ੍ਹ ਉਥੇ, ਖੁੱਲ੍ਹਾਂ-ਭਰਿਆ ਜੀਵਨ। ਦੂਜੇ, ਗੁਰੂ ਨਾਨਕ ਸਾਹਿਬ ਵੀ ਐਸੇ ਅਨੋਖੇ ਅਰਸ਼ੀ ਯਾਤਰੀ ਸਨ, ਜਿਨ੍ਹਾਂ ਵਰਗੀਆਂ ਲੰਮੀਆਂ ਯਾਤ੍ਰਾਵਾਂ ਕਿਸੇ ਹੋਰ ਪੀਰ ਪੈਗ਼ੰਬਰ ਜਾਂ ਰਿਸ਼ੀ ਮੁਨੀ ਅਵਤਾਰ ਨੇ ਨਹੀਂ ਕੀਤੀਆਂ। ਇਹ ਅਨੁਮਾਨ ਵੀ ਇਤਿਹਾਸਕ ਪ੍ਰਮਾਣ ਵਰਗਾ ਹੀ ਹੈ ਕਿ ਕਈ ਥਾਈਂ, ਬਾਬਾ ਨਾਨਕ ਇਨ੍ਹਾਂ ਟਾਂਡਿਆਂ ਜਾਂ ਕਾਫ਼ਲਿਆਂ ਵਿਚ ਰਲ ਕੇ ਵੀ ਆਪਣੇ ਮਿਥੇ ਨਿਸ਼ਾਨੇ ਤੇ ਪਹੁੰਚਦੇ ਸਨ। ਇਸ ਸੰਪਰਕ ਦਾ ਨਤੀਜਾ ਹੀ ਸੀ ਕਿ ਹਜ਼ਾਰਾਂ ਵਣਜਾਰੇ 'ਨਾਨਕ ਪੰਥੀ' ਬਣੇ, ਜਿਨ੍ਹਾਂ ਦਾ ਸਬੂਤ ਦੱਖਣ ਵੱਲ ਹੈਦਰਾਬਾਦ ਤੱਕ ਤੇ ਉਤਰ ਵੱਲ ਪਰਬਤੀ ਬਸਤੀਆਂ ਅੰਦਰ ਇਨ੍ਹਾਂ ਦੀ ਮੌਜੂਦਗੀ ਦੱਸਦੀ ਹੈ। ਤੀਜੀ ਗੱਲ ਇਹ ਹੈ ਕਿ ਇਹ ਰੱਜੇ-ਪੁੱਜੇ ਧਨਾਢ ਘਰਾਣਿਆਂ ਦੇ ਲੋਕ ਸਨ, ਜਿਸ ਕਰਕੇ ਖਾਨਦਾਨੀ ਰਵਾਇਤ ਅਨੁਸਾਰ ਆਪਣਾ ਭੱਟ ਪਰੋਹਤ ਵੀ ਨਾਲ ਰੱਖਦੇ ਸਨ। ਸੋ ਜਿਨ੍ਹਾਂ ਖਾਨਦਾਨਾਂ ਦੇ ਸੂਰਬੀਰਾਂ, ਸਿੱਖੀ ਮੰਡਲ ਵਿਚ ਆ ਕੇ ਕੋਈ ਨਿਰਾਲੇ ਕਾਰਨਾਮੇ ਕੀਤੇ, ਉਹ ਉਨ੍ਹਾਂ ਦੀਆਂ ਵਹੀਆਂ ਵਿਚ ਅੰਕਿਤ ਹੋ ਗਏ।

ਇਨ੍ਹਾਂ ਲਿਖਤਾਂ ਤੋਂ ਸਾਨੂੰ ਪਤਾ ਲਗਦਾ ਹੈ ਕਿ ਵਣਜਾਰੇ ਲੁਬਾਣੇ ਕੇਹੋ ਜੇਹੀਆਂ ਚਮਤਕਾਰੀ ਗੱਲਾਂ ਕਰਕੇ ਆਪਣਾ ਨਾਂ ਰੌਸ਼ਨ ਕਰ ਗਏ। ਅਣਲਿਖੀਆਂ ਘਟਨਾਵਾਂ ਤਾਂ ਬਹੁਤ ਹੋਣਗੀਆਂ। ਪਰ ਇਹ ਪੰਜ ਮਹਾਂਪੁਰਸ਼ਾਂ ਦੀ ਹਸਤੀ ਤੇ ਕਰਣੀ ਭੁਲਾਈ ਜਾਣ ਵਾਲੀ ਨਹੀਂ:

1. ਮੱਖਣ ਸ਼ਾਹ ਲੁਬਾਣਾ 2. ਲੱਖੀ ਸ਼ਾਹ ਵਣਜਾਰਾ

3. ਨਗਾਹੀਆ ਸਿੰਘ                4. ਭਾਗੂ ਵਣਜਾਰਾ

5. ਭਾਈ ਮਨੀ ਸਿੰਘ ਪੁਆਰ ਤੇ ਉਸਦਾ ਬੰਸ।

1. **ਭਾਈ ਮੱਖਣ ਸ਼ਾਹ ਲੁਬਾਣਾ:** ਇਹ ਪਿੰਡ ਮੋਟਾ ਟਾਂਡਾ ਪਰਗਣਾ ਮੁਜ਼ੱਫਰਾਬਾਦ (ਕਸ਼ਮੀਰ) ਦਾ ਵਸਨੀਕ ਸੀ। ਪਿਤਾ ਦਾਸੇ ਸ਼ਾਹ, ਦਾਦਾ ਅਰਬਾ ਤੇ ਪੜਦਾਦਾ ਬਿੰਨਾ ਵੀ ਸ਼ਰਧਾਵਾਨ ਨਾਨਕਪੰਥੀ ਸਨ। ਮੱਖਣ ਸ਼ਾਹ ਦਾ ਜਨਮ 1646 ਬਿ. ਵਿਸਾਖ ਵਦੀ ਪੰਚਮੀ ਨੂੰ ਪਿਸ਼ਾਵਰ ਹੋਇਆ। ਜਦ ਗੁਰੂ ਹਰਗੋਬਿੰਦ ਕਸ਼ਮੀਰ ਆਏ ਤਾਂ ਇਹ ਸਿੱਖ ਬਣਿਆ। 1717 ਬਿ. ਜੇਠ ਦੀ ਪੱਚਮੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਪੁਰ ਮੰਡਲ (ਕਸ਼ਮੀਰ) ਪਹੁੰਚੇ ਤਾਂ ਤਿੰਨ ਚਾਰ ਮਹੀਨੇ ਇਸੇ ਦੇ ਟਾਂਡੇ ਭਾਵ – ਕੈਂਪ ਵਿਚ ਰਹੇ ਸਨ। ਇਹ ਉਦੋਂ ਦੀ ਗੱਲ ਹੈ, ਜਦੋਂ ਕਿ ਔਰੰਗਜ਼ੇਬ ਕ੍ਰੋਧ ਵਿਚ ਆ ਕੇ ਇਨ੍ਹਾਂ ਨੂੰ ਦਿੱਲੀ ਬੁਲਾ ਰਿਹਾ ਸੀ ਤੇ ਇਹ ਸਿਆਲਕੋਟ ਵੱਲ ਆਏ ਹੋਏ ਸਨ। ਹਾਲਾਤ ਦੇਖ ਕੇ ਉਥੋਂ ਹੀ ਜੰਮੂ ਕਸ਼ਮੀਰ ਵਲ ਨਿਕਲ ਗਏ ਸਨ। 1721 ਬਿ. ਦੀ ਦੀਵਾਲੀ (9 ਅਕਤੂਬਰ 1664 ਈ.) ਨੂੰ ਮੱਖਣ ਸ਼ਾਹ ਪਰਿਵਾਰ ਸਮੇਤ ਬਕਾਲੇ ਸੀ ਤੇ ਇਸ ਗੁਰੂ ਤੇਗ ਬਹਾਦਰ ਜੀ ਨੂੰ ਪ੍ਰਗਟ ਕਰਨ ਵਿਚ ਮੋਹਰੀ ਹਿੱਸਾ ਪਾਇਆ ਸੀ। ਇਸ ਦੇ ਪੁੱਤਰ ਲਾਲ ਚੰਦ, ਖੁਸ਼ਹਾਲ ਚੰਦ ਤੇ ਚੰਦੂ ਲਾਲ ਵੀ ਨਾਲ ਸਨ। ਇਸ ਨੇ ਤ੍ਰਿਮੂ (ਰਾਵੀ, ਝਨਾਂ, ਜੇਹਲਮ ਦਾ ਸੰਗਮ) ਦੇ ਮੁਕਾਮ ਤੇ ਲੱਦਿਆ ਬੇੜਾ ਪਾਰ ਲਗ ਜਾਣ ਕਾਰਨ ਬਕਾਲੇ ਆ ਸੌ ਮੋਹਰ ਭੇਟਾ ਕਰਕੇ ਆਪਣੀ ਕ੍ਰਿਤੱਗਤਾ ਪ੍ਰਗਟਾਈ ਸੀ।

ਲੁਬਾਣਿਆਂ ਵਿਚ ਇਸ ਅਜ਼ਮਤ ਕਾਰਣ ਗੁਰੂ ਘਰ ਦੀ ਬਹੁਤ ਮਹਿਮਾ ਫੈਲੀ। ਹੁਣ ਤਕ ਇਹ ਗੀਤ ਬਾਰ ਬਾਰ ਗਾਇਆ ਜਾਂਦਾ ਹੈ:

'ਤੂੰ ਲੇ ਲੇ ਗੁਰੂ ਕਾ ਨਾਮ ਕੀਰਤਪੁਰ ਵਾਲੇ ਕਾ, ਗੁਰੂ ਅੰਬਰਸਰ ਵਾਲੇ ਕਾ।
ਨੰਗਾ ਕਬੀ ਨ ਰਹੇਂਗਾ, ਭੂਖਾ ਕਬੀ ਨ ਰਹੇਂਗਾ, ਭੂਖੇ ਕੋ ਦੇਵੇ ਗੁਰੂ ਭੋਜਨ
ਪਿਆਸੇ ਕੋ ਦੇਵੇ ਗੁਰੂ ਪਾਣੀ, ਤੂੰ ਤੋ ਲੇ ਲੇ ਗੁਰੂ ਕਾ ਨਾਮ।
ਮੇਰੀ ਤੋ ਜਹਾਜ਼ ਅਟਕੀ, ਤ੍ਰਿਮੂ ਕੀ ਕਾਲੀ ਦਾਹ ਮੇਂ
ਗੁਰੂ ਕੀਰਤਪੁਰ ਵਾਲਾ ਇਸੇ, ਲੰਘਾਏ ਪਇਲੀ ਪਾਰਿ
ਤੂੰ ਲੇ ਲੇ ਗੁਰੂ ਕਾ ਨਾਮ, ਤੂੰ ਲੇ ਲੇ ਗੁਰੂ ਕਾ ਨਾਮ।'

2. **ਭਾਈ ਲੱਖੀ ਸ਼ਾਹ ਵਣਜਾਰਾ:** ਇਹ ਪਿੰਡ ਖੈਰ ਪੁਰ ਸੱਦਾਤ ਤਹਸੀਲ ਅਲੀਪੁਰ ਜ਼ਿਲ੍ਹਾ ਮੁਜ਼ੱਫ਼ਰਗੜ੍ਹ ਦਾ ਰਹਿਣ ਵਾਲਾ, ਭਾਈ ਗੋਧੂ ਦਾ ਪੁੱਤਰ ਤੇ ਬਾਬੇ ਠਾਕੁਰ ਦਾ ਪੋਤਾ ਸੀ। ਚੰਗਾ ਧਨਪਤਿ ਹੋਣ ਕਰਕੇ ਰਾਇਸੀਨਾ, ਦਿੱਲੀ ਵਿਚ ਨਿਵਾਸ ਰੱਖਦਾ ਸੀ। ਇਸ ਦੇ ਅੱਠੇ ਪੁੱਤਰ–ਨਗਾਹੀਆ, ਹੇਮਾ, ਹਾੜੀ, ਸੀਤੂ, ਪੰਡਾਰਾ, ਬਖਸ਼ੀ, ਬਾਲਾ, ਜਵਾਹਰ ਚੰਗੇ ਤਕੜੇ ਸ਼ਰਧਾਲੂ ਸਿੱਖ ਸਨ। ਲੱਖੀਸ਼ਾਹ ਦੀ ਸਪੁੱਤਰੀ ਸੀਤੋ ਬਾਈ ਭਾਈ ਮਨੀ ਸਿੰਘ ਦੀਵਾਨ ਨੂੰ ਵਿਆਹੀ ਹੋਈ ਸੀ ਜਿਸਦੇ ਦਸ ਸਪੁੱਤਰ ਗੁਰੂ ਜੀ ਲਈ ਕੁਰਬਾਨ ਹੋਏ। ਸੋ ਲੱਖੀ ਸ਼ਾਹ ਦਾ ਘਰਾਣਾ ਸਿੱਖੀ ਸਿਦਕ ਤੇ ਧਨ ਦੌਲਤ ਨਾਲ ਭਰਪੂਰ ਸੀ। ਇਸਦੇ ਵੱਡੇ ਸਪੁੱਤਰ ਨਗਾਹੀਏ ਦਾ ਹੀ ਕੰਮ ਸੀ ਕਿ ਉਸਨੇ ਆਪਣੇ ਪਿਤਾ, ਭਾਈਆਂ ਅਤੇ ਦਿਲਵਾਲੀ ਮੁਹੱਲੇ ਵਾਲੇ ਸਿੱਖਾਂ ਨਾਲ ਵਿਉਂਤ ਕਰਕੇ ਗੁਰੂ ਤੇਗ ਬਹਾਦਰ ਜੀ ਦਾ ਧੜ ਰੂੰ ਦੇ ਭਰੇ ਗੱਡੇ

ਵਿਚ ਪਾ ਕੇ, ਰਾਤ ਨੂੰ ਆਪਣੀ ਬਸਤੀ ਰਾਇਸੀਨਾ (ਰਕਾਬ ਗੰਜ) ਲਿਆ ਕੇ ਆਪਣੇ ਕੀਮਤੀ ਤੰਬੂ ਨੂੰ ਅੱਗ ਲਾ ਕੇ ਸਸਕਾਰਨਾ ਬਹੁਤ ਹੀ ਦਲੇਰੀ ਦਾ ਸਾਕਾ ਸੀ ਤੇ ਇਕ ਤਰ੍ਹਾਂ ਔਰੰਗਜ਼ੇਬ ਜੇਹੇ ਜਾਬਰ ਨਾਲ ਸਿੱਧੀ ਟੱਕਰ ਲੈਣ ਬਰਾਬਰ ਸੀ ਤੇ ਫਿਰ ਆਪਣੇ ਕਾਰ ਵਿਹਾਰ ਨੂੰ ਖ਼ਤਰਿਆਂ ਵਿਚ ਪਾਉਣ ਦੀ ਗੱਲ ਸੀ। ਦੇਹਾਂਤ 30 ਜੇਠ 1737 ਬਿ. ਨੂੰ ਦਿੱਲੀ ਹੋਇਆ।

3. **ਭਾਈ ਨਗਾਹੀਆ ਸਿੰਘ:** ਇਹ ਲੱਖੀ ਸ਼ਾਹ ਵਣਜਾਰੇ ਦਾ ਵੱਡਾ ਸਪੁੱਤਰ ਹੈਸੀ, ਜਿਸ ਗੁਰੂ ਤੇਗ ਬਹਾਦਰ ਦੀ ਲਾਸ਼ ਘਰ ਲਿਆ ਅੰਦਰੋ ਅੰਦਰ ਦਾਹ ਦਿੱਤੀ ਸੀ। ਇਹ ਬੜਾ ਨਿਰਭੈ ਸੂਰਬੀਰ ਜੋਧਾ ਸੀ ਜੋ ਮੁਗ਼ਲ ਸੈਨਾ ਦੀਆਂ ਅੰਮ੍ਰਿਤਸਰ ਉਤੇ ਹੋਈ ਅਚਾਨਕ ਚੜ੍ਹਾਈ ਦੀ ਖ਼ਬਰ ਸੁਣਕੇ ਦਿੱਲੀ ਤੋਂ ਅੰਮ੍ਰਿਤਸਰ ਪੁੱਜਿਆ ਤੇ ਉਥੇ ਹੀ 9 ਵਿਸਾਖ 1766 (ਬਿ. 29 ਮਾਰਚ 1709 ਈ.) ਨੂੰ ਰਣਭੂਮੀ ਵਿਚ ਜੂਝ ਕੇ ਸ਼ਹੀਦ ਹੋਇਆ ਸੀ। ਇਹ ਉਦੋਂ ਦੀ ਗੱਲ ਹੈ ਜਦੋਂ ਕਿ ਦਸ਼ਮੇਸ਼ ਗੁਰੂ ਦੇ ਜੋਤੀ ਜੋਤਿ ਸਮਾਉਣ ਉਪਰੰਤ, ਸਿੰਘ ਬੜੀ ਉਦਾਸੀਨਤਾ ਦੇ ਦਿਨ ਲੰਘਾ ਰਹੇ ਸਨ ਤੇ ਬਾਬਾ ਬੰਦਾ ਸਿੰਘ ਬਹਾਦਰ ਅਜੇ ਪੰਜਾਬ ਨਹੀਂ ਪੁੱਜਾ ਸੀ ਲੇਕਿਨ ਅਜੇਹੀ ਹਾਲਤ ਵਿਚ ਭਾਈ ਨਗਾਹੀਆ ਸਿੰਘ ਨੇ ਅਗਵਾਈ ਕੀਤੀ। ਕੇਸੋ ਭੱਟ ਨੇ ਇਸ ਦਾ ਜਸ ਗਾਉਂਦਿਆਂ ਇਹ ਪਉੜੀ ਕਹੀ ਸੀ:

ਸਿਮਰ ਸੁਲਤਾਨ ਹਿਰਦੈ ਦੇ ਗਿਆਨ ਸਾਹਿਬ ਕੋ
ਕਰੂੰ ਯਾਦ ਸਤਿਗੁਰ ਕਰੈਂ ਸਹਾਇ ਨਗਾਹੀਏ,
ਤਉ ਲੱਖੀ ਕੇ ਜਨਮ ਲੀਆ, ਰਉਂਤ ਰਾਣੇ ਸਭ ਢਾਇ
ਰਣੇ ਛੋਰਾ ਨਹੀਂ ਦਾਣਾ, ਪੂਤ ਜਨਮਿਆ ਨਗਾਹੀਆ,
ਪਾਂਚ ਸੈ ਹੇੜੀ ਮਾਰਿ ਭਗਾਇ।
ਗੁਰੂ ਕੀ ਲੋਥ ਉਠਾਇ ਲਿਆਨੀ ਜਸ ਜਗ ਮੇਂ ਪਾਯਾ,
ਪਿਤਾ ਪੂਤ ਰੌਸ਼ਨ ਭਏ ਆਇ
ਜਸ ਗਾਊਂ ਤਉ ਲਖੀਏ ਗੋਧੂ ਠਾਕੁਰ ਕਾ,
ਤਾਜ਼ੀ ਬੰਧੇ ਬਾਰ, ਊਠੋਂ ਬੈਲੋਂ ਕੀ ਸੋਹੇ ਲਾਰ
ਬ੍ਰਾਹਮਣ ਭੱਟੋਂ ਕੋ ਦੀਆ ਦਾਨ-ਬੇਲ ਤੇਰੀ ਕਉ ਗੁਰੂ ਵਧਾਇ।
ਜਸੁ ਜੋੜਿ ਕੇਸੋ ਭੱਟ ਭਣਿਆ, ਸਾਲ ਸਤ੍ਰਾਂ ਸੈ ਅਠੱਤੀਆਂ
ਰਕਾਬ ਗੰਜ ਕੈ ਮਲ੍ਹਾਨ ਕੰਗਨੈਂ ਕੀ ਜੋੜੀ ਮੁਹਰੋਂ ਕੀ ਮਾਲਾ,
ਭੱਟੋਂ ਕੋ ਪਹਿਨਾਇ।
(ਭੱਟ ਵਹੀ ਜਾਦੋਬੰਸੀ ਬੜਤੀਆ ਕੀ)

4. **ਨਾਇਕ ਭਗਵੰਤ ਸਿੰਘ:** ਇਹ ਭਾਗੂ ਵਣਜਾਰਾ ਕਰਕੇ ਪ੍ਰਸਿੱਧ ਹੈ ਜੋ ਭਾਈ ਮਨੀ ਸਿੰਘ ਜੀ ਦੇ ਚਾਚੇ ਨਠੀਏ ਦਾ ਪੁੱਤਰ ਸੀ। ਇਹ ਅੱਠ ਭਾਈ ਸਨ- ਭਗਵੰਤ ਸਿੰਘ, ਕੁਇਰ ਸਿੰਘ, ਬਾਜ਼ ਸਿੰਘ, ਸ਼ਾਮ ਸਿੰਘ -ਇਹ ਚਾਰੇ ਬਾਬਾ ਬੰਦਾ ਸਿੰਘ ਬਹਾਦਰ ਨਾਲ 11 ਹਾੜ 1773 ਨੂੰ ਸ਼ਹੀਦ ਹੋਏ, ਮੰਗਤ ਸਿੰਘ ਤੇ ਰਣ ਸਿੰਘ ਭਾਈ ਮਨੀ ਸਿੰਘ ਨਾਲ ਹਾੜ ਸੁਦੀ ਪੰਚਮੀ 1791 ਬਿ. ਨੂੰ ਸ਼ਹੀਦ ਤੇ ਸੁਖਾ ਸਿੰਘ ਤੇ ਲਾਲ ਸਿੰਘ ਨੇ 15 ਮੱਘਰ 1767

ਬਿ. ਨੂੰ ਸਰਹੰਦ ਵਿਖੇ ਜੂਝ ਕੇ ਸ਼ਹੀਦੀ ਪਾਈ। ਭਗਵੰਤ ਸਿੰਘ ਬੜਾ ਦਾਨਾ ਪੁਰਸ਼ ਸੀ ਜੋ ਕਿ ਦੱਖਣ ਵਾਲੇ ਆਪਣੇ ਟਾਂਡੇ ਸਮੇਤ ਸਰਕਾਰੀ ਠੇਕੇਦਾਰੀ ਕਰਦਾ ਸੀ ਤੇ ਮੁਗ਼ਲ ਫ਼ੌਜਾਂ ਨੂੰ ਰਸਦਾਂ ਭੇਜਦਾ ਹੁੰਦਾ ਸੀ।

ਇਸ ਦੇ ਕੰਮ ਤੇ ਔਰੰਗਜ਼ੇਬ ਨੇ ਖ਼ੁਸ਼ ਹੋ ਕੇ ਇਸ ਨੂੰ 'ਪੰਜ ਹਜ਼ਾਰੀ' ਦਾ ਮਨਸਬ ਪ੍ਰਦਾਨ ਕੀਤਾ ਸੀ। ਹਾਲਾਤ ਬਦਲੇ ਤਾਂ ਨਾਇਕ ਭਗਵੰਤ ਸਿੰਘ ਨੇ ਯੂਸਫਜ਼ਈ ਅਫ਼ਗਾਨਾਂ ਨਾਲ ਰਲਕੇ ਬੰਨੂ ਲਾਗੇ ਬੰਗਸ਼, ਛੋਟੀ ਜੇਹੀ ਅਜ਼ਾਦ ਸਟੇਟ ਬਣਾ ਲਈ। ਇਹ ਜਾਣ ਕੇ ਔਰੰਗਾ ਬਹੁਤ ਔਖਾ ਹੋਇਆ ਤੇ ਉਸਨੇ ਇਸਦਾ 'ਪੰਜ ਹਜ਼ਾਰੀ' ਮਨਸਬ ਖੋਹ ਲਿਆ ਲੇਕਿਨ ਇਹ ਦਾਨਾ ਪੁਰਸ ਸੀ, ਇਸਨੇ ਮੁਗ਼ਲ ਫ਼ੌਜਾਂ ਨੂੰ ਰਸਦ ਪਹੁੰਚਾਉਣ ਦਾ ਕੰਮ ਜਾਰੀ ਰੱਖਿਆ। ਇਸ ਕਰਕੇ ਬਾਦਸ਼ਾਹ ਨੇ ਇਸ ਨੂੰ ਮਾਫ਼ ਕਰ ਦਿੱਤਾ ਤੇ ਮੁੜ ਬਹਾਲ ਕਰਕੇ ਪੰਜ-ਹਜ਼ਾਰੀ ਦਾ ਮਨਸਬ, ਖਿਲਅਤ ਤੇ ਘੋੜਾ ਤੇ ਹਾਥੀ ਦੇ ਕੇ ਸਨਮਾਨਿਆ।

ਫਿਰ ਜਦ ਬੰਦਾ ਸਿੰਘ ਬਹਾਦਰ ਨੂੰ 4 ਕੱਤਕ 1765 ਬਿ. ਨੂੰ ਪੰਜਾਬ ਵੱਲ ਭੇਜਣ ਦੀ ਵਿਉਂਤ ਬਣੀ ਤਾਂ ਇਸੇ ਭਗਵੰਤ ਸਿੰਘ ਨਾਇਕ ਨੇ ਆਪਣੇ ਟਾਂਡੇ ਵਿਚ ਬੰਦਾ ਸਿੰਘ ਨੂੰ ਲੁਕਾ-ਛੁਪਾ ਕੇ ਪੰਜਾਬ ਲਿਆਂਦਾ ਸੀ।

ਪਹਿਲੇ ਸਿੰਘ ਬਨਜਾਰੇ ਰਲੇ। ਫੜ ਹਥ ਬਰਛੇ ਬੈਲ ਲੱਦ ਬਲੇ।

ਤੇ ਜਿਤਨੀਆਂ ਮੁਹਿੰਮਾਂ ਹੋਈਆਂ ਤੇ ਮੁਗ਼ਲ ਫ਼ੌਜਾਂ ਨਾਲ ਟਾਕਰੇ ਹੋਏ, ਉਸ ਵਿਚ ਇਹ ਚਾਰੇ ਭਾਈ ਸ਼ਾਮਲ ਸਨ ਤੇ ਬਾਜ਼ ਸਿੰਘ ਨੂੰ ਤਾਂ ਸਰਹੰਦ ਦਾ ਸੂਬੇਦਾਰ ਹੀ ਥਾਪ ਦਿੱਤਾ ਗਿਆ ਸੀ। ਅਖ਼ੀਰ ਗੁਰਦਾਸ ਨੰਗਲ ਤੋਂ ਸਭੇ ਗ੍ਰਿਫ਼ਤਾਰ ਕਰਕੇ ਦਿੱਲੀ ਲਿਆਂਦੇ ਗਏ ਤੇ ਬੰਦਾ ਸਿੰਘ ਬਹਾਦਰ ਦੇ ਨਾਲ ਹੀ ਤਸੀਹੇ ਦੇ ਦੇ ਕੇ ਸ਼ਹੀਦ ਕੀਤੇ ਗਏ।

**ਭੱਟ ਵਹੀ ਦਾ ਲੇਖ ਹੈ:**

ਭਗਵੰਤ ਸਿੰਘ ਬੇਟਾ ਨਠੀਆ ਕਾ,
ਕਉਰ ਸਿੰਘ ਬੇਟਾ ਨਠੀਆ ਕਾ,
ਬਾਜ਼ ਸਿੰਘ ਬੇਟਾ ਨਠੀਆ ਕਾ,
ਸ਼ਾਮ ਸਿੰਘ ਬੇਟਾ ਨਠੀਏ ਕਾ,
ਪੋਤੇ ਬੱਲੂ ਰਾਉ ਕੇ, ਸੰਮਤ
1773, ਅਸਾਢ ਮਾਸੇ ਸੁਦੀ ਏਕਮ ਕੇ
ਦਿਵਸ ਸਵਾ ਪਹਿਰ ਦਿਨ ਚਢੇ
ਬਖਤਯਾਰ ਕਾਕੀ ਕੇ ਮਕਬਰੇ ਕੇ ਪਾਸ,
ਜਮਨਾ ਨਦੀ ਦੇ ਕਿਨਾਰੇ
ਬਾਬਾ ਬੰਦਾ ਸਿੰਘ ਸਾਹਿਬ ਨਾਲ ਸ਼ਹਾਦਤਾਂ ਪਾਇ ਗਏ।
ਆਗੇ ਗੁਰੂ ਆਪ ਭਾਣੇ ਦਾ ਖਾਵਿੰਦ,
ਗੁਰੂ ਕੀ ਗਤਿ ਗੁਰੂ ਜਾਣੇ,
ਗੁਰੂ ਗੁਰੂ ਜਪਣਾ,
ਜਨਮ ਸਉਰੈਗਾ। **(ਭੱਟ ਵਹੀ ਭਾਦਸੋਂ, ਪਰਗਣਾ ਥਾਨੇਸਰ, ਪੱਤਰਾ 94)**

5. **ਭਾਈ ਮਨੀ ਸਿੰਘ ਜੀ:** ਪੰਜਾਹ ਵਰ੍ਹੇ ਗੁਰੂ ਚਰਨਾਂ ਵਿਚ ਤੇ ਪੱਚੀ ਵਰ੍ਹੇ ਪੰਥ ਦੀ ਅਗਵਾਈ ਵਿਚ ਲਾਉਣ ਵਾਲੇ ਨੱਬੇ ਵਰ੍ਹਿਆਂ ਦੀ ਭਾਈ ਮਨੀ ਸਿੰਘ ਜੀ ਦੀ ਬਜ਼ੁਰਗ ਸ਼ਖ਼ਸੀਅਤ (ਜਨਮ ਚੇਤ ਸੁਦੀ ਦੁਆਦਸ਼ੀ 1701-ਸ਼ਹੀਦੀ ਹਾੜ ਸੁਦੀ ਪੰਚਮੀ 1791 ਬਿ.) ਬਚਿੱਤ੍ਰ ਕਿਸਮ ਦੀ ਹੈ, ਜਿਨ੍ਹਾਂ ਧਰਮ ਲਈ ਖ਼ੁਦ ਹੀ ਸ਼ਹੀਦੀ ਨਹੀਂ ਪਾਈ ਬਲਕਿ ਉਹਨਾਂ ਦੇ ਬਜ਼ੁਰਗਵਾਰ ਦਾਦਾ, ਭਾਈ ਜਾਨ, ਪੁੱਤਰ ਪੋਤਰਿਆਂ ਤੇ ਹੋਰ ਸਬੰਧੀਆਂ ਵੀ ਖ਼ੁਸ਼ੀ ਖ਼ੁਸ਼ੀ ਆਪਣੇ ਬਲੀਦਾਨ ਦਿੱਤੇ। ਮਨੀ ਸਿੰਘ ਜੀ ਦੇ ਬਾਬਾ ਬੱਲੂ ਰਾਉ ਨੇ 17 ਵਿਸਾਖ 1691 ਬਿ. ਨੂੰ ਗੁਰੂ ਕੇ ਚੱਕ (ਅੰਮ੍ਰਿਤਸਰ) ਦੀ ਲੜਾਈ ਵਿਚ ਗੁਰੂ ਅਰਜਨ ਸਾਹਿਬ ਦੇ ਕਾਤਿ ਮੁਗ਼ਲ ਜਰਨੈਲ ਮੁਰਤਜ਼ਾ ਖਾਂ ਨੂੰ ਰਣਖੇਤਰ ਵਿਚ ਮਾਰ ਮੁਕਾ ਕੇ ਖ਼ੁਦ ਸ਼ਹੀਦੀ ਪਾਈ ਸੀ। ਬੱਲੂ ਦੇ ਛੋਟੇ ਭਾਈ ਨਾਨੂਰਾਉ ਨੇ 3 ਕੱਤਕ 1678 ਬਿ. ਨੂੰ ਰੁਹੀਲੇ ਦੀ ਜੰਗ ਵਿਚ ਜੂਝ ਕੇ ਪ੍ਰਾਣ ਦਿੱਤੇ ਸਨ ਤੇ ਇਸੇ ਤਰ੍ਹਾਂ ਇਸ ਦੇ ਭਾਈ ਦਰੀਏ ਦੀ ਸੰਤਾਨ ਨੇ ਗੁਰੂ ਖ਼ਾਤਰ ਆਪਣੇ ਤਨ ਨਿਛਾਵਰ ਕੀਤੇ। ਦਰੀਏ ਦਾ ਪੁੱਤਰ ਆਲਮ ਸਿੰਘ 1 ਅੱਸੂ 1757 ਬਿ. ਨੂੰ ਨਿਰਮੋਹਗੜ੍ਹ (ਅਨੰਦਪੁਰ) ਜੂਝ ਮੋਇਆ ਸੀ।

ਬੱਲੂਰਾਉ ਦੇ 12 ਪੁੱਤਰ ਸਨ- ਮਲੂਕਾ, ਮਾਈਦਾਸ, ਰੂੜੀਆ, ਰੂਪੀਆ, ਜੈਮੱਲ, ਬੀਰੀਆ, ਨਠੀਆ ਨੇਤਾ, ਸਾਹੂ, ਸੁੰਦਰ, ਮਾਧੋ, ਰਯਾ, ਸੁਹੇਲਾ। ਇਕ ਧੀ ਮਲੂਕੀ ਸੀ ਜੋ ਸੁਖੀਏ ਮਾਂਡਨ (ਰਾਠੌਰ) ਨੂੰ ਵਿਆਹੀ ਹੋਈ ਸੀ ਤੇ ਇਹ ਸੁਖੀਆ ਮਰਾਝ ਦੀ ਜੰਗ ਵਿਚ 17 ਪੋਹ 1691 ਬਿ. ਨੂੰ ਸ਼ਹੀਦੀ ਪਾ ਗਿਆ ਸੀ।

ਮਾਧੋ ਤੇ ਸੁਹੇਲਾ ਤਾਂ ਕਰਤਾਰਪੁਰ ਦੀ ਜੰਗ ਵਿਚ ਵਿਸਾਖ 1692 ਬਿ. ਵਿਚ ਸ਼ਹੀਦ ਹੋ ਗਏ ਸਨ। ਮਾਈਦਾਸ ਸ਼ਾਹ ਜਹਾਨ ਬਾਦਸ਼ਾਹ ਸਮੇਂ ਚੰਗੇ ਸਰਕਾਰੀ ਅਹੁਦੇ 'ਤੇ ਸੀ। ਇਸ ਦੀਆਂ ਦੋ ਪਤਨੀਆਂ (ਮਧੁਰੀ ਬਾਈ ਤੇ ਲਡਿਕੀ) ਤੋਂ 12 ਸਪੁੱਤਰ ਸਨ- ਜੇਠਾ, ਦਿਆਲਾ, ਮਨੀ ਰਾਮ, ਦਾਨ ਚੰਦ, ਮਾਨ ਚੰਦ। ਸਿਵਾਇ ਅਮਰ ਚੰਦ ਦੇ ਇਹ 11ਵੀਂ ਸ਼ਹੀਦੀ ਮਾਰਗ ਦੇ ਪਾਂਧੀ ਬਣੇ। ਜੇਠਾ ਤੇ ਰੂਪ ਚੰਦ 9 ਕੱਤਕ 1768 ਬਿ. ਅਲੋਵਾਲ (ਲਾਹੌਰ) ਦੇ ਮੁਕਾਮ ਤੇ 38 ਸਾਥੀਆਂ ਸਮੇਤ ਸ਼ਹੀਦ, ਬਾਈ ਦਿਆਲਾ ਦੇਗ ਵਿਚ ਉਬਾਲਿਆ ਜਾ ਕੇ ਦਿੱਲੀ ਸ਼ਹੀਦ, ਭਾਈ ਮਨੀ ਸਿੰਘ ਬੰਦ ਬੰਦ ਕਟਵਾ ਕੇ ਲਾਹੌਰ ਸ਼ਹੀਦ, ਇਨ੍ਹਾਂ ਨਾਲ ਭਾਈ ਜਗਤ ਸਿੰਘ ਸ਼ਹੀਦ, ਇਨ੍ਹਾਂ ਨਾਲ ਹੀ ਜੇਠੇ ਦਾ ਪੁੱਤਰ ਭੂਪਤਿ ਸਿੰਘ ਅੱਖਾਂ ਕੱਢ ਕੇ ਤੇ ਆਲਮ ਸਿੰਘ ਤੇ ਆਲਮ ਸਿੰਘ ਦਾ ਪੁੱਤਰ ਗੁਲਜ਼ਾਰਾ ਸਿੰਘ ਪੁੱਠੀ ਖੱਲ ਲਾਹ ਕੇ ਆਪਣੇ ਵੱਡੇ ਪੁੱਤਰ ਚਿਤ੍ਰ ਸਿੰਘ ਤੇ ਗੁਰਬਖਸ਼ ਸਿੰਘ ਤੇ ਨਾਲ ਚਾਚੇ ਨਠੀਏ ਦੇ ਪੁੱਤਰ ਸੰਗਤ ਸਿੰਘ ਤੇ ਰਣ ਸਿੰਘ ਆਦਿ ਕਈ ਗੱਭਰੂ ਸਿੱਖ ਸ਼ਹੀਦ ਕੀਤੇ ਗਏ ਸਨ। ਚਿਤਰ ਸਿੰਘ ਨੂੰ ਚਰਖੜੀ ਚਾੜ੍ਹਿਆ ਗਿਆ ਸੀ।

ਸੋਹਣ ਚੰਦ 22 ਚੇਤ 1747 ਜੰਗ ਨਦੌਣ ਵਿਚ ਸ਼ਹੀਦ, ਹਠੀ ਚੰਦ 18 ਅੱਸੂ 1745 ਬਿ. ਨੂੰ ਜੰਗ ਭੰਗਾਣੀ ਵਿਚ ਸ਼ਹੀਦ, ਲਹਿਣਾ ਸਿੰਘ 23 ਫੱਗਣ 1752 ਬਿ. ਨੂੰ ਗੁਲੇਰ ਦੀ ਜੰਗ ਵਿਚ ਸ਼ਹੀਦ, ਦਾਨ ਸਿੰਘ ਚਮਕੌਰ ਸ਼ਹੀਦ, ਮਾਨ ਸਿੰਘ 6 ਵਿਸਾਖ, 1765 ਬਿ. ਨੂੰ. ਚਿਤੌੜ ਸ਼ਹੀਦ ਅਤੇ ਭਾਈ ਰਾਇ ਸਿੰਘ ਨੇ ਸਣੇ ਆਪਣੇ ਦੋ ਸਪੁੱਤਰਾਂ- ਸੀਤਲ ਸਿੰਘ ਤੇ ਮਹਾਂ ਸਿੰਘ ਦੇ 30 ਪੋਹ 1762 ਬਿ. ਨੂੰ ਮੁਕਤਸਰ ਸ਼ਹੀਦੀ ਪ੍ਰਾਪਤ ਕੀਤੀ ਸੀ। ਇਸੇ ਰਾਇ ਸਿੰਘ ਦੇ ਦੋ ਪੁੱਤਰ ਸੁੱਖਾ ਸਿੰਘ ਲੋਹਗੜ੍ਹ ਤੇ ਬਾਘ ਸਿੰਘ 31 ਭਾਦਰੋਂ 1757 ਬਿ. ਨੂੰ

ਅਨੰਦਪੁਰ ਵਿਚ ਜੂਝ ਮੋਏ ਸਨ।

ਭਾਈ ਮਨੀ ਸਿੰਘ ਦੇ 10 ਸਪੁੱਤਰ ਸਨ- ਚਿਤਰ ਸਿੰਘ, ਬਚਿੱਤਰ ਸਿੰਘ, ਉਦੇ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਗੁਰਬਖਸ਼ ਸਿੰਘ, ਭਗਵਾਨ ਸਿੰਘ, ਬਲਰਾਮ ਸਿੰਘ ਤੇ ਦੇਸਾ ਸਿੰਘ। ਪਹਿਲੇ ਅੱਠਾਂ ਸ਼ਹੀਦੀ ਜਾਮ ਪੀਤਾ। ਚਿਤਰ ਸਿੰਘ ਤੇ ਗੁਰਬਖਸ਼ ਸਿੰਘ ਪਿਤਾ ਜੀ ਨਾਲ ਸ਼ਹੀਦ, ਬਚਿੱਤਰ ਸਿੰਘ 9 ਪੋਹ 1762 ਬਿ. ਨੂੰ ਕੋਟਲਾ ਨਿਹੰਗ ਖਾਂ, ਉਦੇ ਸਿੰਘ ਸ਼ਾਹੀ ਟਿੱਬੀ ਪਾਸ 7 ਪੋਹ 1762 ਨੂੰ ਲੜ ਕੇ ਸ਼ਹੀਦ, ਅਨਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ ਤਿੰਨੇ ਚਮਕੌਰ ਸ਼ਹੀਦ, ਭਗਵਾਨ ਸਿੰਘ ਇਸ ਤੋਂ ਪਹਿਲਾਂ ਹੀ 30 ਭਾਦਰੋਂ 1757 ਬਿ. ਨੂੰ ਫਤੇਹਗੜ੍ਹ (ਅਨੰਦਪੁਰ) ਦੀ ਜੰਗ ਵਿਚ ਜੂਝ ਮਰਿਆ ਸੀ।

ਚਿਤਰ ਸਿੰਘ ਦੇ ਪੁੱਤਰ ਕੇਸੋ ਸਿੰਘ ਪੋਹ 1768 ਬਿ. ਨੂੰ ਬਿਲਾਸਪੁਰ, ਸੈਣਾ ਸਿੰਘ ਸਢੌਰੇ ਤੇ ਹਾਠੂ ਸਿੰਘ ਚੇਤ 1815 ਬਿ. ਵਿਚ ਸਰਹੰਦ ਸ਼ਹੀਦ, ਬਚਿੱਤਰ ਸਿੰਘ ਦਾ ਪੁੱਤਰ ਸੰਗ੍ਰਾਮ ਸਿੰਘ ਚਪੜ ਚਿੜੀ ਦੀ ਜੰਗ ਵਿਚ ਤੇ ਦੂਜਾ ਪੁੱਤਰ ਰਾਮ ਸਿੰਘ ਬੰਦਾ ਬਹਾਦਰ ਨਾਲ ਹਾੜ੍ਹ 1773 ਨੂੰ ਦਿੱਲੀ ਸ਼ਹੀਦ, ਇਵੇਂ ਜਿਵੇਂ ਉਦੇ ਸਿੰਘ ਦੇ ਦੋ ਪੁੱਤਰ ਮਹਿਬੂਬ ਸਿੰਘ ਤੇ ਫਤਿਹ ਸਿੰਘ ਚਪੜ ਚਿੜੀ ਦੀ ਲੜਾਈ ਵਿਚ ਕੰਮ ਆਏ ਅਤੇ ਅਲਬੇਲ ਸਿੰਘ ਦੇ ਮੋਹਰ ਸਿੰਘ ਸਢੌਰੇ ਦੀ ਜੰਗ ਵਿਚ।

ਭਾਈ ਮਨੀ ਸਿੰਘ ਦਾ ਚਾਚਾ ਨਠੀਆ ਸੀ ਤੇ ਨਠੀਏ ਦੇ ਬੀਰ ਸਪੂਤ ਸਨ- ਭਾਗੂ, ਕੁਰੀਆ, ਬਾਜੂ, ਰਣ ਸੀ, ਸਾਮਾ, ਸੁਖਾ, ਸੰਤਾ ਤੇ ਸੰਗਤ। ਇਹੋ ਸਿੰਘ ਸਜ ਕੇ ਭਗਵੰਤ ਸਿੰਘ, ਕੌਰ ਸਿੰਘ, ਬਾਜ ਸਿੰਘ, ਸ਼ਾਮ ਸਿੰਘ ਆਦਿ ਕਹਿਲਾਏ ਤੇ ਬੰਦਾ ਬਹਾਦਰ ਦੇ ਨਾਲ ਹੀ ਹਾੜ੍ਹ ਸੁਦੀ ਏਕਮ 1773 ਬਿ. ਨੂੰ ਦਿੱਲੀ ਸ਼ਹੀਦ ਕੀਤੇ ਗਏ। ਨਠੀਏ ਦਾ ਇਕ ਪੁੱਤਰ ਲਾਲ ਸਿੰਘ 15 ਮੱਘਰ 1767 ਨੂੰ ਸਰਹੰਦ ਸ਼ਹੀਦੀ ਪਾਉਣ ਵਾਲਾ ਤੇ ਚਮਕੌਰ ਦੀ ਜੰਗ ਵਿਚ ਆਖਰ ਤੱਕ ਜੂਝਣ ਵਾਲਾ ਸੰਤ ਸਿੰਘ ਬੰਗੇਸ਼ਰੀ ਵੀ ਇਸੇ ਦਾ ਹੀ ਬੇਟਾ ਸੀ।

1802 ਬਿ. ਵਿਚ ਭੀਮ ਸਿੰਘ ਭੱਟ ਨੇ ਇਸ ਘਰਾਣੇ ਦੇ ਮੋਢੀ ਸ਼ਹੀਦਾਂ ਬਾਰੇ ਇਕ ਪ੍ਰਭਾਵਸ਼ਾਲੀ ਪਉੜੀ ਗਾ ਕੇ ਸੁਣਾਈ ਸੀ:

ਜੱਲ੍ਹਾਨੇ ਪੰਵਾਰ ਬੰਸ ਜੱਲ੍ਹੇ ਕਾ, ਚਹੁੰਕੁੰਟੀਂ ਨਾਉਂ ਤਊ ਦਾ ਪੜ੍ਹਿਆ
ਜਸ ਗਾਊਂ ਤਉ ਬਾਬੇ ਬੱਲੂ ਕਾ, ਜੂਝਿ ਸੂਰਾ ਰਣ ਭੀਤਰ ਮਰਿਆ
ਜਸ ਗਾਊਂ ਤਉ ਦਾਦੇ ਜੇਠਾ ਸਿੰਘ ਕਾ, ਭਾਈ ਪੁੱਤ ਸਾਕਾ ਜਿਹ ਕਰਿਆ
ਧੰਨ, ਧੰਨ ਮਨੀ ਸਿੰਘ ਜਸ ਤਊ ਕਾ, ਬੰਦ ਬੰਦ ਕਟਿ ਪੋਸ਼ਿਸ਼ ਉਖਰਿਆ
ਬਚਿਤਰ ਸਿੰਘ ਜਸ ਤਊ ਕਾ ਗਾਊਂ, ਸਾਂਹਵੇਂ ਜੂਝਾ ਨਹਿ ਤਉ ਡਰਿਆ
ਧੰਨ ਧੰਨ ਉਦੇ ਸਿੰਘ ਜਸ ਤਊ ਕਾ, ਦਵਾਦਸ ਘਰੀ ਇਕੇਲਾ ਲਰਿਆ
ਘੋੜਾ ਦਾਨ ਦੀਓ ਤਵ੍ ਉਜਲ, ਭੱਟੋਂ ਕਾ ਮੂੰਡ ਭਾਗੂ ਸਿੰਘ ਭਰਿਆ
ਭੀਮ ਸਿੰਘ ਜਸ ਜੋੜ ਕੇ ਭਣਿਆ,
ਸਾਲ ਅਠਾਰਾਂ ਸੈਦੋ, ਗਾਂਵ ਸਿਖਿਆੜੇ ਭੀਤਰ ਰਰਿਆ
ਬੇਲ ਬਧੇ ਤਉ ਬੀਰ ਸੰਗ੍ਰਾਮ ਸਿੰਘ, ਭੱਟ ਗਾਵੈਂ ਦਰ ਤਊ ਤੇ ਖੜ੍ਹਿਆ।

**(ਭੱਟ ਵਹੀ ਤਲਉਂਢਾ, ਪਰਗਣਾ ਜੀਂਦ)**

# ਭਾਈ ਮਨੀ ਸਿੰਘ ਜੀ ਦੇ ਪਰਿਵਾਰਾਂ ਦੀਆਂ ਸ਼ਹੀਦੀਆਂ ਦੀ ਦਾਸਤਾਂ



**ਭਾਈ ਉਦੇ ਸਿੰਘ ਜੀ**



**ਭਾਈ ਬਚਿੱਤਰ ਸਿੰਘ ਜੀ**

**ਬੱਲੂ ਸ਼ਹੀਦੀ 15 ਅਪ੍ਰੈਲ 1634 ਈ: (ਅੰਮ੍ਰਿਤਸਰ)**

ਮਲੂਕਾ | **ਮਾਈਦਾਸ** | ਰੁੜੀਆ | ਰੂਪੀਆ | ਜੈਮਲ | ਬੀਰੀਆ | ਨੇਤਾ | ਸਾਹੂ | ਸੁੰਦਰ | ਮਾਧੋ

**ਮਾਈਦਾਸ:**

| | | | | | | |
|---|---|---|---|---|---|---|
| ਜੇਠਾ ਸਿੰਘ<br>ਸ਼ਹੀਦੀ<br>11 ਅਕਤੂਬਰ<br>1711<br>ਆਲੋਵਾਲ | ਦਿਆਲ ਦਾਸ<br>ਸ਼ਹੀਦੀ<br>11 ਨਵੰਬਰ<br>1675<br>ਦਿੱਲੀ | ਮਨੀ ਸਿੰਘ<br>ਸ਼ਹੀਦੀ<br>24 ਜੂਨ<br>1704<br>ਲਾਹੌਰ | ਦਾਨ ਸਿੰਘ<br>ਸ਼ਹੀਦੀ<br>7 ਦਸੰਬਰ<br>1705<br>ਚਮਕੌਰ | ਮਾਨ ਸਿੰਘ<br>ਸ਼ਹੀਦੀ<br>3 ਅਪ੍ਰੈਲ<br>1708<br>ਚਤੌੜਗੜ੍ਹ | ਅਮਰ ਚੰਦ | ਰੂਪ ਸਿੰਘ<br>ਸ਼ਹੀਦੀ<br>11 ਅਕਤੂਬਰ<br>1711<br>ਆਲੋਵਾਲ |
| ਜਗਤ ਸਿੰਘ<br>ਸ਼ਹੀਦੀ<br>24 ਜੂਨ<br>1734<br>ਲਾਹੌਰ | ਸੋਹਣ ਚੰਦ<br>ਸ਼ਹੀਦੀ<br>20 ਮਾਰਚ<br>1691<br>ਨਦਾਵਣ | ਲਹਿਣਾ ਸਿੰਘ<br>ਸ਼ਹੀਦੀ<br>20 ਫਰਵਰੀ<br>1696<br>ਗੁਲੇਰ | ਰਾਇ ਸਿੰਘ<br>ਸ਼ਹੀਦੀ<br>30 ਦਸੰਬਰ<br>1705<br>ਮੁਕਤਸਰ | ਹਠੀ ਚੰਦ<br>ਸ਼ਹੀਦੀ<br>18 ਸਤੰਬਰ<br>1688<br>ਭੰਗਾਣੀ | | |

# ਭਾਈ ਮਨੀ ਸਿੰਘ ਜੀ ਦੇ ਪਰਿਵਾਰਾਂ ਦੀਆਂ ਸ਼ਹੀਦੀਆਂ ਦੀ ਦਾਸਤਾਂ



**ਭਾਈ ਮਨੀ ਸਿੰਘ ਜੀ**

**ਮਨੀ ਸਿੰਘ**

| ਚਿਤ੍ਰ ਸਿੰਘ | ਬਚਿਤ੍ਰ ਸਿੰਘ | ਉਦੇ ਸਿੰਘ | ਅਨਿਕ ਸਿੰਘ | ਅਜਬ ਸਿੰਘ | ਅਜਾਇਬ ਸਿੰਘ |
|---|---|---|---|---|---|
| ਸ਼ਹੀਦੀ 24 ਜੂਨ 1734 ਲਾਹੌਰ | ਸ਼ਹੀਦੀ 8 ਦਸੰਬਰ 1705 ਕੋਟਲਾ ਨਿਹੰਗ | ਸ਼ਹੀਦੀ 6 ਦਸੰਬਰ 1705 ਸ਼ਾਹੀ ਟਿੱਬੀ | ਸ਼ਹੀਦੀ 7 ਦਸੰਬਰ 1705 ਚਮਕੌਰ | ਸ਼ਹੀਦੀ 7 ਦਸੰਬਰ 1705 ਚਮਕੌਰ | ਸ਼ਹੀਦੀ 7 ਦਸੰਬਰ 1705 ਚਮਕੌਰ |

| ਗੁਰਬਖਸ਼ ਸਿੰਘ | ਭਗਵਾਨ ਸਿੰਘ | ਬਲਰਾਮ ਸਿੰਘ | ਦੇਸਾ ਸਿੰਘ |
|---|---|---|---|
| ਸ਼ਹੀਦੀ 24 ਜੂਨ 1734 ਲਾਹੌਰ | | | (ਰਹਿਤਨਾਮੀਆ) |

**ਬਚਿਤ੍ਰ ਸਿੰਘ**

| ਸੰਗਰਾਮ ਸਿੰਘ | ਰਾਮ ਸਿੰਘ |
|---|---|
| ਸ਼ਹੀਦੀ 13 ਮਈ 1710 ਈ: ਚੱਪੜ ਚਿੜੀ | ਸ਼ਹੀਦੀ 9 ਜੂਨ 1716 ਈ: ਦਿੱਲੀ |

**ਚਿਤ੍ਰ ਸਿੰਘ**

| ਕੇਸੋ ਸਿੰਘ | ਸੈਣਾ ਸਿੰਘ | ਗਰਜਾ ਸਿੰਘ | ਹਾਠੂ ਸਿੰਘ |
|---|---|---|---|
| ਸ਼ਹੀਦੀ 28 ਦਸੰਬਰ 1711 ਈ:ਬਿਲਾਸਪੁਰ (ਹਿਮਾਚਲ ਪ੍ਰ.) | ਸ਼ਹੀਦੀ 22 ਜੂਨ 1713 ਈ: ਸਢੌਰਾ | (ਨਿਰਮਲਾ) | |

**ਉਦੇ ਸਿੰਘ**

| ਮਹਬੂਬ ਸਿੰਘ | ਅਜੂਬ ਸਿੰਘ | ਫਤੇ ਸਿੰਘ | ਅਲਬੇਲ ਸਿੰਘ | ਮੋਹਰ ਸਿੰਘ | ਬਾਘ ਸਿੰਘ | ਅਨੋਖ ਸਿੰਘ |
|---|---|---|---|---|---|---|
| ਸ਼ਹੀਦੀ 13 ਮਈ 1710 ਚਪੜ ਚਿੜੀ | | ਸ਼ਹੀਦੀ 13 ਮਈ 1710 ਚਪੜ ਚਿੜੀ | ਸ਼ਹੀਦੀ 22 ਜੂਨ 1713 ਸਢੌਰਾ | ਸ਼ਹੀਦੀ 22 ਜੂਨ 1713 ਸਢੌਰਾ | ਸ਼ਹੀਦੀ 28 ਦਸੰਬਰ 1711 ਬਿਲਾਸਪੁਰ (ਹਿਮਾਚਲ) | |

**ਭਾਈ ਮਨੀ ਸਿੰਘ ਦੀ ਭੂਆ ਦਾ ਬੰਸ**

ਇਹ ਭੂਆ ਮਲੂਕੀ ਰਾਠੌਰ ਰਾਜਪੂਤਾਂ ਦੇ ਸੁਖੀਏ ਮਾਂਡਨ ਨੂੰ ਵਿਆਹੀ ਹੋਈ ਸੀ। ਭੱਟਾਂ ਨੇ ਇਸ ਦੀ ਮਹਿਮਾ ਕਰਦਿਆਂ ਇਹ ਵੀ ਲਿਖਿਆ ਹੈ ਕਿ ਅਕਬਰ ਨੇ ਇਸ ਨੂੰ ਆਪਣੀ ਧੀ ਕਹਿ ਕੇ ਸਨਮਾਨਿਆ ਅਤੇ ਤਾਂਬਾ-ਪੱਤਰ ਉਤੇ ਨਿਸ਼ਾਨ ਨਗਾਰੇ ਦੀ ਬਖਸ਼ਿਸ਼ ਲਿਖ ਕੇ ਦਿੱਤੀ ਸੀ। ਇਹ ਪਰਿਵਾਰ ਪਹਿਲੇ ਸੋਧਰੇ (ਵਜ਼ੀਰਾਬਾਦ) ਰਹਿੰਦਾ ਸੀ, ਪਿਛੋਂ ਇਹਨਾਂ ਦੇ ਪੁੱਤਰ ਪੋਤੇ ਲਾਡਵੇ (ਥਾਨੇਸਰ) ਆ ਗਏ ਸਨ। ਨੱਥੂ ਦੇ ਦੋ ਪੁੱਤਰ ਸਨ- ਊਦਾ ਤੇ ਰਾਮਾ, ਊਦੇ ਦਾ ਮਾਂਡਨ ਸੀ, ਮਾਂਡਨ ਦਾ ਸੁਖੀਆ ਜੋ ਭਾਈ ਮਨੀ ਸਿੰਘ ਦਾ ਫੁੱਫੜ ਲੱਗਦਾ ਸੀ। ਅੱਗੇ ਸੁਖੀਏ ਦੇ ਬੇਟੇ ਸਹਸਾ, ਤੇਗਾ, ਰਾਮਾ ਤੇ ਮੱਖਣ ਸਨ। ਰਾਮੇ ਦੇ ਪੁੱਤਰ ਸਨ- ਜੀਤਾ ਸਿੰਘ, ਨੇਤਾ ਸਿੰਘ ਤੇ ਬੱਜ੍ਰ ਸਿੰਘ। ਅੱਗੇ ਜੀਤਾ ਸਿੰਘ ਦੇ 7 ਪੁੱਤਰ ਸਨ- ਹਿੰਮਤ ਸਿੰਘ, ਸੇਵਾ ਸਿੰਘ, ਮੋਹਰ ਸਿੰਘ, ਤਿੰਨੇ ਹੀ ਪਿਤਾ ਦੇ ਨਾਲ ਹੀ ਨਿਰਮੋਹਗੜ੍ਹ ਜੂਝ ਮੋਏ ਸਨ। ਮਾਨ ਸਿੰਘ 19 ਚੇਤ 1764 ਬਿ. ਨੂੰ ਗੰਭੀਰ ਨਦੀ ਕੰਢੇ ਬਘੋਰ ਸ਼ਹੀਦ ਹੋ ਗਿਆ ਸੀ। ਪ੍ਰਸੰਨ ਸਿੰਘ, ਅਨੂਪ ਸਿੰਘ ਤੇ ਕੇਹਰ ਸਿੰਘ ਤਿੰਨੇ 9 ਕੱਤਕ 1768 ਬਿ. ਨੂੰ ਅੱਲੋਵਾਲ ਦੇ ਮੁਕਾਬ ਦੇ ਸ਼ਾਹੀ ਮੁਕਾਮ ਨਾਲ ਬਾਕੀ ਸਾਥੀਆਂ ਸਮੇਤ ਧਰਤੀ ਵਿਚ ਗੱਡ ਕੇ ਸ਼ਹੀਦ ਕਰ ਦਿੱਤੇ ਗਏ ਸਨ। ਮਾਨ ਸਿੰਘ ਦਾ ਪੁੱਤਰ ਚਾਨਣ ਸਿੰਘ ਵੀ ਇਹਨਾਂ ਵਿਚ ਹੀ ਸੀ। ਨੇਤਾ ਦਾ ਬੇਟਾ ਆਲਮ ਸਿੰਘ ਤੇ ਕੀਰਤ ਸਿੰਘ ਬੇਟਾ ਫਤਿਹ ਸਿੰਘ, ਭਾਈ ਮਨੀ ਸਿੰਘ ਨਾਲ ਸ਼ਹੀਦ ਹੋਇਆ ਸੀ। ਨੇਤਾ ਸਿੰਘ ਦਾ ਬੇਟਾ ਕਾਨ੍ਹ ਸਿੰਘ ਮੱਘਰ ਪੱਚਮੀ 1760 ਬਿ. ਨੂੰ ਅਨੰਦਪੁਰ ਜੰਗ ਵਿਚ ਸ਼ਹੀਦੀ ਪਾ ਗਿਆ ਸੀ ਤੇ ਇਸੇ ਦਾ ਤੀਜਾ ਪੁੱਤਰ ਤਾਰੂ ਸਿੰਘ, ਜੇਠ ਵਦੀ ਇਕਾਦਸ਼ੀ 1767 ਬਿ. ਨੂੰ ਚਪੜ ਚਿੜੀ ਦੀ ਜੰਗ ਵਿਚ ਮਾਰਿਆ ਗਿਆ ਤੇ ਨਾਲ ਹੀ ਬੱਜਰ ਸਿੰਘ। ਬੱਜਰ ਸਿੰਘ ਦਸਮ ਗੁਰੂ ਜੀ ਦਾ ਸ਼ਸਤ੍ਰ-ਅਧਿਆਪਕ ਸੀ।

ਉਪਰੋਕਤ ਬੰਸ ਵਿਚੋਂ ਸਹਸੇ ਦਾ ਪੁੱਤਰ ਅੜੂ ਤੇ ਇਸ ਦੇ ਅੱਗੇ ਗੁੱਲੂ, ਮਲੂਕਾ ਤੇ ਭੂਰਾ ਤਿੰਨ ਪੁੱਤਰ ਸਨ। ਭੂਰੇ ਦਾ ਪੁੱਤਰ ਮੁਰਾਰੀ ਸੀ। ਇਹ ਪਰਿਵਾਰ ਮਾਛੀਵਾੜੇ ਵਾਸ ਰੱਖਦਾ ਸੀ। ਅੱਗੇ ਮੁਰਾਰੀ ਦੇ ਛਬੀਲ ਸਿੰਘ, ਭੀਖਾ ਸਿੰਘ ਆਦਿਕ ਸਨ। ਛਬੀਲ ਸਿੰਘ ਸਣੇ ਆਪਣੇ ਦੋ ਪੁੱਤਰਾਂ ਗੁਰਮੁਖ ਸਿੰਘ ਤੇ ਸੰਗਤ ਸਿੰਘ ਦੇ 9 ਵਿਸਾਖ 1766 ਬਿ. ਨੂੰ ਅੰਮ੍ਰਿਤਸਰ ਦੀ ਜੰਗ ਵਿਚ ਜੂਝ ਮੋਇਆ ਸੀ। ਗੁੱਲੂ ਦਾ ਬੇਟਾ ਦਿਆਲ ਸਿੰਘ 1 ਅੱਸੂ 1757 ਬਿ. ਨੂੰ ਅਗੰਮਗੜ੍ਹ ਦੀ ਰਣਭੂਮੀ ਵਿਚ ਸ਼ਹੀਦੀ ਪਾ ਗਿਆ ਸੀ। ਭੀਖੇ ਦੇ ਪੁੱਤਰ ਮਾਹੀ ਸਿੰਘ ਤੇ ਦਰਗਾਹੀ ਸਿੰਘ 9 ਅੱਸੂ 1769 ਬਿ. ਨੂੰ ਸਾਂਬਾ ਦੇ ਮੁਕਾਮ ਤੇ ਪਰਗਣਾ ਜੰਮੂ ਲੋਗੜ ਵਿਚ ਲਪੇਟ ਕੇ ਫੂਕ ਦਿੱਤੇ ਗਏ ਸਨ। ਗੁੱਲੂ ਦਾ ਬੇਟਾ ਡੂਗਰ ਜਨਮ 1708 ਤੇ ਡੂਗਰ ਦਾ ਬੇਟਾ ਮਨੀ ਸਿੰਘ 5 ਮਾਘ 1802 ਬਿ. ਨੂੰ ਮਾਛੀਵਾੜੇ, ਪੁੱਠੀ ਖੱਲ ਲਾਹ ਕੇ ਸ਼ਹੀਦ ਕਰ ਦਿੱਤਾ ਸੀ। ਇਹ ਖਾਨਦਾਨ 'ਸਹਸੀਆਣਾ' ਕਹਾਉਂਦਾ ਹੈ, ਕਿਉਂਕਿ ਇਨ੍ਹਾਂ ਦਾ ਵਡਾਰੂ ਸਹਸਾ, ਸੁਖੀਏ ਦਾ ਵੱਡਾ ਪੁੱਤਰ ਸੀ। ਅਰਥਾਤ ਭਾਈ ਮਨੀ ਸਿੰਘ ਜੀ ਦੀ ਭੂਆ ਦਾ ਪੁੱਤਰ। ਇਹ ਰਾਠੌਰ ਸਨ ਤੇ ਭਾਈ ਮਨੀ ਸਿੰਘ ਪੁਆਰ। ਤੇ ਰਾਠੌਰ ਬੰਸ ਦੇ ਵੇਰਵੇ ਮੋਹਰਾਂ ਵਾਲੀ ਵਹੀ ਵਿਚ ਅੰਕਿਤ ਹਨ ਜੋ ਇਸ ਖਾਨਦਾਨ ਦੀਆਂ ਸ਼ਾਨਦਾਰ

ਸ਼ਹੀਦੀਆਂ ਦਾ ਪਤਾ ਦਿੰਦੇ ਹਨ।

ਆਮ ਛਪੀਆਂ ਪੁਸਤਕਾਂ ਵਿਚ ਇਹ ਵੇਰਵੇ ਤੇ ਨਾਮ ਨਹੀਂ ਮਿਲਦੇ। ਲੋੜ ਹੈ ਕਿ ਹੋਰ ਵਹੀਆਂ ਦਾ ਪੂਰਾ ਅਧਿਐਨ ਕਰਕੇ ਇਸ ਵਣਜਾਰਾ ਜਾਤੀ ਦੇ ਬੀਰ ਸਪੂਤਾਂ ਦਾ ਸੰਪੂਰਣ 'ਸ਼ਹੀਦੀ ਮਹਾਂਭਾਰਤ' ਤਿਆਰ ਕੀਤਾ ਜਾਵੇ ਤਾਂ ਕਿ ਪਤਾ ਲੱਗੇ ਕਿ ਇਹ ਨਾਨਕਪੰਥੀ, ਅੰਮ੍ਰਿਤਧਾਰੀ ਤੇ ਸ਼ਸਤ੍ਰਧਾਰੀ ਹੋ ਕੇ, ਕੀ ਕੀ ਕੁਝ ਕਰ ਗੁਜ਼ਰੇ ਹਨ।

**'ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥'**

**–ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪੮੮**



**100 ਪੁਸਤਕਾਂ ਦੇ ਰਚਨਹਾਰ ਪ੍ਰੋ. ਪਿਆਰਾ ਸਿੰਘ ਪਦਮ ਹੁਰਾਂ ਨੇ ਸਿੱਖ ਜਮਾਤ ਤੇ ਪੰਜਾਬੀ ਸਾਹਿਤ ਨੂੰ ਅਮੀਰ ਕਰਨ ਵਿੱਚ ਸਾਰੀ ਜਿੰਦਗੀ ਲਗਾ ਦਿੱਤੀ। ਉਨ੍ਹਾਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿੱਚ ਅਧਿਆਪਕ ਦੇ ਤੌਰ 'ਤੇ ਕਾਰਜ ਕੀਤਾ ਤੇ ਲੰਬਾ ਸਮਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਖੋਜ ਕੀਤੀ ਤੇ ਨਾਲ 'ਪੰਜਾਬੀ ਦੁਨੀਆਂ' ਮਾਸਿਕ ਪੱਤਰ ਦਾ ਸੰਪਾਦਨ ਕੀਤਾ। ਸ਼੍ਰੋਮਣੀ ਕਮੇਟੀ ਦੇ ਪੱਤਰ 'ਗੁਰਦੁਆਰਾ ਗਜ਼ਟ' ਦੀ ਸੰਪਾਦਨਾਂ ਵੀ ਕਈ ਵਰ੍ਹੇ ਕੀਤੀ। ਉਹਨਾਂ ਨੇ ਪੰਜਾਬੀ ਬੋਲੀ ਦਾ ਇਤਿਹਾਸ ਅਤੇ ਗੁਰਮੁਖੀ ਦਾ ਇਤਿਹਾਸ ਨਾਮੀ ਖੋਜ ਭਰਪੂਰ ਪੁਸਤਕਾਂ ਦੀ ਰਚਨਾ ਕੀਤੀ ਜੋ ਪੰਜਾਬੀ ਸਾਹਿਤ ਵਿੱਚ ਅਹਿਮ ਮੁਕਾਮ ਰੱਖਦੀਆਂ ਹਨ।**

# ਭੁੱਲੇ ਵਿਸਰੇ ਵੀਰਾਂ ਨੂੰ ਪੰਥਕ ਮੁੱਖ ਧਾਰਾ ਵਿੱਚ ਲਿਆਂਦਾ ਜਾਏ

## ਹਰਬੀਰ ਸਿੰਘ ਭੰਵਰ

ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਜਗਤ ਜਲੰਦੇ' ਨੂੰ ਤਾਰਨ ਲਈ ਆਪਣੀਆਂ ਚਾਰ ਉਦਾਸੀਆਂ ਦੌਰਾਨ ਹਿੰਦੁਸਤਾਨ ਅਤੇ ਕਈ ਦੇਸ਼ਾਂ ਵਿਚ ਆਪਣੇ ਪਾਵਨ ਚਰਨ ਪਾਏ। ਇਲਾਹੀ ਬਾਣੀ ਤੇ ਆਪਣੇ ਉਪਦੇਸ਼ਾਂ ਨਾਲ ਮਲਕ ਭਾਗੋ ਦੀ ਲੁਟ ਖਸੁੱਟ ਦੀ ਕਮਾਈ ਚੋਂ ਲਹੂ ਅਤੇ ਦਸਾਂ ਨੌਹਾਂ ਦੀ ਸੱਚੀ ਸੁੱਚੀ ਕਿਰਤ ਕਰਨ ਵਾਲੇ ਗਰੀਬ ਭਾਈ ਲਾਲੋ ਦੇ ਘਰ ਕੋਧਰੇ ਦੀ ਰੋਟੀ ਚੋਂ ਦੁੱਧ ਕੱਢਿਆ, ਠੱਗਾਂ ਨੂੰ ਸੱਜਣ ਬਣਾਇਆ, ਕੌਡੇ ਰਾਖਸ਼ਿਸ਼ ਵਰਗੇ ਸ਼ੈਤਾਨਾਂ ਨੂੰ ਸਿੱਧੇ ਰਸਤੇ ਪਾਇਆ। ਉਹ ਜਿਥੇ ਵੀ ਗਏ, ਉਥੋਂ ਦੇ ਅਨੇਕਾਂ ਲੋਕ ਉਨ੍ਹਾਂ ਦੇ ਸ਼ਰਧਾਲੂ ਬਣ ਗਏ ਅਤੇ ਉਹਨਾਂ ਵਲੋਂ ਦਰਸਾਏ ਗਏ ਮਾਰਗ ਤੇ ਚਲਣ ਲਗੇ। ਦੂਸਰੇ ਗੁਰੂ ਸਾਹਿਬਾਨ ਵੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਅਗੇ ਤੋਰਦੇ ਰਹੇ। ਸਿਕਲੀਗਰਾਂ ਤੇ ਵਣਜਾਰਿਆਂ ਸਮੇਤ ਭਾਰਤੀ ਉਪ-ਮਹਾਂਦੀਪ ਦੇ ਤਕਰੀਬਨ ਹਰ ਖੇਤਰ ਵਿਚ ਗੁਰੂ ਸਾਹਿਬਾਨ ਦੇ ਸ਼ਰਧਾਲੂ ਆਪਣੀ ਸੱਚੀ ਸੁੱਚੀ ਕਿਰਤ ਕਰਨ ਦੇ ਨਾਲ ਨਾਲ ਪਰਮਾਤਮਾ ਦੇ ਨਾਮ ਜਪ ਕੇ ਵੀ ਅਪਣਾ ਜੀਵਨ ਸਫਲਾ ਕਰਦੇ ਰਹੇ।

ਗੁਰੂ ਸਹਿਬਾਨ ਦੀ ਮੁੱਖ ਕਰਮ ਭੂਮੀ ਅਣਵੰਡਿਆ ਪੰਜਾਬ ਸੀ। ਗੁਰੂ ਸਾਹਿਬਾਨ ਤੋਂ ਬਾਅਦ ਦੇਸ਼ ਵਿਚ ਅਫਰਾ ਤਫਰੀ ਰਹੀ ਜਿਸ ਕਾਰਨ ਪੰਜਾਬ ਵਿਚ ਵੀ ਕਾਫੀ ਉੱਥਲ ਪੁੱਥਲ ਰਹੀ। ਪੱਛਮ ਵਲੋਂ ਹਮਲਾਵਰ ਤੇ ਧਾੜਵੀ ਆਉਂਦੇ, ਪੰਜਾਬ ਨੂੰ ਰੌਂਦਦੇ ਹੋਏ ਦਿੱਲੀ ਵਲ ਵਧਦੇ। ਉਹ ਲੁਟ ਮਾਰ ਕਰ ਕੇ ਵਾਪਸ ਮੁੜਦੇ ਤਾਂ ਸਿੰਘ ਉਨ੍ਹਾਂ ਤੋਂ ਹਿੰਦੁਸਤਾਨੀ ਬੀਬੀਆਂ ਛੁਡਵਾ ਕੇ ਘਰੋ ਘਰ ਪਹੁੰਚਾਉਂਦੇ ਅਤੇ ਲੁੱਟ ਖਸੁੱਟ ਦਾ ਮਾਲ ਖੋਹ ਲੈਂਦੇ। ਸਿੱਖਾਂ ਦਾ ਨਾਮੋ ਨਿਸ਼ਾਨ ਮਿਟਾਉਣ ਲਈ ਉਹਨਾਂ ਦੇ ਸਿਰਾਂ ਦੇ ਮੁਲ ਪੈਣ ਲਗੇ। ਸਿੰਘ ਜੰਗਲਾਂ ਵਿਚ ਜਾ ਕੇ ਰਹਿਣ ਲਗੇ ਅਤੇ ਅਗਲੀ ਰਣਨੀਤੀ ਘੜਦੇ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਆਇਆ ਤਾਂ ਪੰਜਾਬ ਤੋਂ ਬਿਨਾਂ ਸਾਰਾ ਹਿੰਦੁਸਤਾਨ ਅੰਗਰੇਜ਼ਾਂ ਦੇ ਅਧੀਨ ਹੋ ਚੁੱਕਾ ਸੀ। ਮਹਾਰਾਜੇ ਦੀ ਮੌਤ ਤੋਂ ਥੋੜ੍ਹੇ ਸਾਲਾਂ ਬਾਅਦ ਹੀ ਸਿੱਖ ਸਰਦਾਰਾਂ ਦੀ ਆਪਸੀ ਫੁੱਟ, ਡੋਗਰਿਆਂ ਦੀ ਗੱਦਾਰੀ ਅਤੇ ਅੰਗਰੇਜ਼ ਦੀ ਮੱਕਾਰੀ ਕਾਰਨ ਪੰਜਾਬ ਵੀ ਅੰਗਰੇਜ਼ੀ ਸਾਮਰਾਜ ਦੇ ਅਧੀਨ ਆ ਗਿਆ।

ਇਸ ਪਿਛੋਂ ਇਸਾਈ ਮਿਸ਼ਨਰੀਆਂ ਦਾ ਮੁਕਾਬਲਾ ਕਰਨ ਲਈ ਸਿੰਘ ਸਭਾ ਲਹਿਰ, ਗੁਰਦੁਆਰਾ ਸੁਧਾਰ ਲਹਿਰ ਅਤੇ ਫਿਰ ਹਿੰਦੁਸਤਾਨ ਦੀ ਆਜ਼ਾਦੀ ਲਈ ਸੰਘਰਸ਼ ਸ਼ੁਰੂ ਹੋ ਗਿਆ। ਇਸ ਸਾਰੇ ਸਮੇਂ ਦੌਰਾਨ ਪੰਜਾਬ ਤੋਂ ਬਾਹਰਲੇ ਸਿੱਖਾਂ, ਸਿਕਲੀਗਰਾਂ, ਵਣਜਾਰਿਆਂ ਤੇ ਗੁਰੂ ਨਾਨਕ ਨਾਮ ਲੇਵਾ ਲੋਕਾਂ ਵਲ ਕਿਸੇ ਦਾ ਧਿਆਨ ਨਾ ਦਿਤਾ ਜਾ ਸਕਿਆ। ਇਸ ਦੇ ਬਾਵਜੂਦ ਇਹ ਸਾਰੇ ਲੋਕ ਗੁਰੂ ਨਾਲ ਜੁੜੇ ਰਹੇ। ਸਮੇਂ ਦੇ ਫੇਰ ਨਾਲ ਭਾਵੇਂ ਉਹ ਗਰੀਬ ਹੋ ਗਏ ਅਤੇ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਪਰ ਉਹਨਾਂ ਦਾ ਸਿੱਦਕ ਕਾਇਮ ਰਿਹਾ। ਸਮਾਜਕ ਤੌਰ ਤੇ ਅਨੇਕਾਂ ਕੁਰੀਤੀਆਂ ਨੇ ਵੀ ਆ ਘੇਰਿਆ।

ਇਹਨਾਂ ਲੋਕਾਂ ਵਿਚ ਵਿਸ਼ੇਸ਼ ਤੌਰ ਤੇ ਵਣਜਾਰੇ ਅਤੇ ਸਿਕਲੀਗਰ ਲੋਕ ਹਨ, ਜੋ ਮੱਧ ਭਾਰਤ ਤੇ ਦੱਖਣੀ ਭਾਰਤ ਦੇ ਸਾਰੇ ਖੇਤਰਾਂ ਵਿਚ ਕਈ ਕਰੋੜ ਦੀ ਗਿਣਤੀ ਵਿਚ ਹਨ। ਕਈ ਸਿੱਖ ਸੰਸਥਾਵਾਂ ਤੇ ਜੱਥੇਬੰਦੀਆਂ ਨੇ ਹੁਣ ਉਨ੍ਹਾਂ ਨੂੰ ਪੰਥ ਦੀ ਮੁਖ ਧਾਰਾ ਵਿਚ ਲਿਆਉਣ ਦਾ ਕਾਰਜ ਆਰੰਭਿਆ ਹੈ। ਇਹ ਬਹੁਤ ਵੱਡਾ ਤੇ ਸਮੁਚੇ ਸਿੱਖ-ਪੰਥ ਦਾ ਸਾਂਝਾ ਕਾਰਜ ਹੈ। ਸ੍ਰੀ ਗੁਰੂ ਅੰਗਦ ਦੇਵ ਵਿਦਿਅਕ ਤੇ ਭਲਾਈ ਕੌਂਸਲ ਲੁਧਿਆਣਾ ਵੱਲੋਂ ਪਿਛਲੇ ਕਈ ਸਾਲਾਂ ਤੋਂ ਸਿਕਲੀਗਰ ਤੇ ਵਣਜਾਰਾ ਸਮਾਜ ਦੇ ਲੋਕਾਂ ਨੂੰ ਸਿੱਖ-ਪੰਥ ਦੀ ਮੁੱਖ-ਧਾਰਾ ਵਿਚ ਲਿਆਉਣ ਲਈ ਸੇਵਾ ਕੀਤੀ ਜਾ ਰਹੀ ਹੈ। ਤਾਜਪੁਰ ਰੋਡ ਲੁਧਿਆਣਾ ਵਿਖੇ ਇਸ ਵਲੋਂ ਇਕ ਕੇਂਦਰ ਬੜੀ ਹੀ ਸੁਹਿਰਦਤਾ ਨਾਲ ਚਲਾਇਆ ਜਾ ਰਿਹਾ ਹੈ, ਜਿਥੇ ਤਕਰੀਬਨ 700 ਸਿਕਲੀਗਰ ਬੱਚਿਆਂ ਨੂੰ ਆਪਣੇ ਪਾਸੋਂ ਕਿਤਾਬਾਂ, ਕਾਪੀਆਂ ਤੇ ਵਰਦੀਆਂ ਦੇ ਕੇ ਸਕੂਲੀ ਵਿਦਿਆ ਦੇ ਨਾਲ ਨਾਲ ਗੁਰਮਤਿ ਗਿਆਨ ਵਿਚ ਵੀ ਪਰਪੱਕ ਕੀਤਾ ਜਾ ਰਿਹਾ ਹੈ। ਬੱਚੀਆਂ ਨੂੰ ਸਿਲਾਈ ਕਢਾਈ ਦੀ ਸਿਖਿਆ ਦੇ ਨਾਲ ਗੁਰਮਤਿ ਸਿਖਿਆ ਵੀ ਦਿਤੀ ਜਾ ਰਹੀ ਹੈ। ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਦੇ ਮੀਡੀਆ ਐਡਵਾਈਜ਼ਰ ਵਜੋਂ ਦਾਸ ਨੂੰ ਤਤਕਾਲੀ ਪ੍ਰਧਾਨ ਬੀਬੀ ਜਗੀਰ ਕੌਰ ਨਾਲ ਇਕ ਵਾਰੀ ਚਾਰ ਕੁ ਦਿਨ ਲਈ ਨਾਗਪੁਰ ਤੇ ਇਕ ਵਾਰੀ ਹਫਤੇ ਕੁ ਵਾਸਤੇ ਹੈਦਰਾਬਾਦ ਅਤੇ ਨਾਂਦੇੜ ਦੇ ਇਲਾਕੇ ਵਿਚ ਜਾਣ ਅਤੇ ਸਿਕਲੀਗਰ ਤੇ ਵਣਜਾਰਾ ਸਮਾਜ ਨੂੰ ਨੇੜਿਓਂ ਦੇਖਣ ਦਾ ਮੌਕਾ ਲੱਗਾ।

ਕੌਂਸਲ ਵਲੋਂ ਸ਼੍ਰੋਮਣੀ ਕਮੇਟੀ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿਕਲੀਗਰਾਂ ਤੇ ਵਣਜਾਰਿਆਂ ਦੀ ਭਲਾਈ ਲਈ ਵੱਧ ਤੋਂ ਵੱਧ ਫੰਡ ਮੁਹੱਈਆ ਕਰਵਾਉਣ ਲਈ ਲਿਖੇ ਗਏ ਪੱਤਰਾਂ ਦੀਆਂ ਕਾਪੀਆਂ ਵੀ ਦਾਸ ਨੂੰ ਭੇਜੀਆਂ ਜਾਂਦੀਆਂ ਰਹੀਆਂ। ਸ਼੍ਰੋਮਣੀ ਕਮੇਟੀ ਤੇ ਦਿੱਲੀ ਗੁਰਦੁਆਰਾ ਕਮੇਟੀ ਦੀ ਸੇਵਾ ਤੋਂ ਵਿਹਲਾ ਹੋ ਕੇ ਆਪਣੇ ਸ਼ਹਿਰ ਲੁਧਿਆਣਾ ਆਇਆ ਤਾਂ ਕੌਂਸਲ ਦੇ ਅਹੁਦੇਦਾਰ ਸ. ਕਰਮਜੀਤ ਸਿੰਘ ਔਜਲਾ ਤੇ ਜਨਰਲ ਸਕੱਤਰ ਸ. ਸੁਖਦੇਵ ਸਿੰਘ ਨਾਲ ਅਕਸਰ ਮੁਲਾਕਾਤ ਹੋਣ ਲਗੀ। ਉਹ ਅਕਸਰ ਆਖਦੇ ਕਿ ਕਦੀ ਸਾਡੇ ਨਾਲ ਜਾ ਕੇ ਮਹਾਰਾਸ਼ਟਰ ਦੇ ਪੇਂਡੂ ਖੇਤਰਾਂ ਵਿਚ ਸਾਡੇ ਵਲੋਂ ਕੀਤੀਆਂ ਜਾ ਰਹੀਆਂ ਸੇਵਾਵਾਂ ਦੇਖੋ। ਅਪਰੈਲ 2007 ਦੇ ਪਹਿਲੇ ਹਫਤੇ ਉਨ੍ਹਾਂ ਦਾ ਫੋਨ ਆਇਆ ਕਿ ਅਸੀਂ 20 ਅਪਰੈਲ ਨੂੰ ਨਾਗਪੁਰ ਜਾਣਾ ਹੈ, ਸਾਡੇ ਨਾਲ ਚੱਲੋ। ਦਾਸ ਨੇ 'ਹਾਂ' ਕਰ ਦਿਤੀ। ਮਿਥੇ ਪ੍ਰੋਗਰਾਮ ਅਨੁਸਾਰ ਲੁਧਿਆਣਾ ਤੋਂ ਸ. ਸੁਖਦੇਵ ਸਿੰਘ ਦੀ ਅਗਵਾਈ ਵਿਚ ਦਾਸ ਸਮੇਤ ਨੌਂ ਵਿਅਕਤੀਆਂ ਦਾ ਇਕ ਜੱਥਾ ਨਾਗਪੁਰ ਲਈ ਰਵਾਨਾ ਹੋਇਆ, ਦਿੱਲੀ ਜਾ ਕੇ ਨਿਸ਼ਕਾਮ ਸਿੱਖ ਕੌਂਸਲ ਦੇ ਸ. ਲਖਵਿੰਦਰ ਸਿੰਘ ਵੀ ਆ ਮਿਲੇ।

ਅਗਲੇ ਦਿਨ ਦੁਪਹਿਰੇ ਨਾਗਪੁਰ ਪਹੁੰਚ ਗਏ, ਸ. ਮਲਕੀਤ ਸਿੰਘ, ਮੈਂਬਰ ਸ਼੍ਰੋਮਣੀ ਕਮੇਟੀ ਖੁਦ ਸਾਨੂੰ ਲੈਣ ਲਈ ਸਟੇਸ਼ਨ ਤੇ ਆਏ। ਸ਼ਾਮ ਨੂੰ ਹਵਾਈ ਜਹਾਜ਼ ਰਾਹੀਂ ਇੰਗਲੈਂਡ ਤੋਂ ਬੀਬੀ ਜਸਵਿੰਦਰ ਕੌਰ ਦਿਓਲ ਤੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਵੀ ਸ. ਮਲਕੀਤ ਸਿੰਘ ਦੇ ਗ੍ਰਹਿ ਵਿਖੇ ਪਹੁੰਚ ਗਏ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਪਹਿਲਾਂ ਹੀ ਨਾਗਪੁਰ ਪਹੁੰਚੇ ਹੋਏ ਸਨ। ਐਤਵਾਰ ਸਵੇਰ ਕਈਆਂ ਕਾਰਾਂ ਦੇ ਕਾਫਲੇ ਰਾਹੀਂ ਸਾਰੇ ਪਚੌੜ ਤਹਿਸੀਲ ਆਰਵੀ ਜ਼ਿਲਾ ਵਾਰਧਾ ਜਾਣ ਲਈ ਰਵਾਨਾ ਹੋਏ। ਰਸਤੇ ਵਿਚ ਤਲੇਗਾਓਂ ਵਿਖੇ ਗੁਰਦੁਆਰਾ

ਸਾਹਿਬ ਦੇ ਸਾਰਿਆਂ ਨੇ ਦਰਸ਼ਨ ਕੀਤੇ। ਬੀਬੀ ਜਗੀਰ ਕੌਰ ਨੇ ਸੰਗਤਾਂ ਅੱਗੇ ਸੰਖੇਪ ਜਿਹੇ ਭਾਸ਼ਨ ਰਾਹੀਂ ਆਪਣੇ ਵਿਚਾਰ ਰਖੇ। ਉਨ੍ਹਾਂ ਤੇ ਕਈ ਹੋਰ ਪੰਥਕ ਆਗੂਆਂ ਨੂੰ ਸਿਰੋਪਾ ਬਖ਼ਸ਼ਿਸ਼ ਕਰਕੇ ਸਨਮਾਨਿਤ ਕੀਤਾ ਗਿਆ।

ਪਚੌੜ ਪਿੰਡ ਪਹੁੰਚੇ ਤਾਂ ਸ਼ਬਦ ਕੀਰਤਨ ਦਾ ਪ੍ਰੋਗਰਾਮ ਚਲ ਰਿਹਾ ਸੀ। ਇਸ ਗੁਰਦੁਆਰੇ ਦਾ ਨਵ-ਨਿਯੁਕਤ ਗ੍ਰੰਥੀ ਮਾਨ ਸਿੰਘ ਜੋ ਪਹਿਲਾਂ ਤਲੇਗਾਓ ਸੇਵਾ ਕਰਦਾ ਸੀ, ਖੰਡਵਾ (ਮੱਧ ਪ੍ਰਦੇਸ਼) ਦਾ ਰਹਿਣ ਵਾਲਾ ਹੈ ਤੇ ਉਸ ਦੀ ਸ਼ਾਦੀ ਇਸੇ ਪਿੰਡ ਵਿਚ ਹੋਈ ਹੈ। ਉਸ ਨੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਗ੍ਰੰਥੀ ਵਜੋਂ ਸਿਖਿਆ ਪ੍ਰਾਪਤ ਕੀਤੀ ਹੋਈ ਹੈ। ਇਲਾਕੇ ਚੋਂ ਬੀਬੀਆਂ ਤੇ ਬੱਚਿਆਂ ਸਮੇਤ ਵਣਜਾਰਾ ਸਮਾਜ ਦੇ ਸੈਂਕੜੇ ਹੀ ਸ਼ਰਧਾਲੂ ਪਹੁੰਚੇ ਹੋਏ ਸਨ। ਇਸ ਗੁਰਦੁਆਰੇ ਦੀ ਸਥਾਪਨਾ ਦਾ ਚਾਅ ਬਹੁਤਿਆਂ ਦੇ ਚਿਹਰਿਆਂ ਤੋਂ ਪੜ੍ਹਿਆ ਜਾ ਸਕਦਾ ਸੀ।

ਲਾਗੇ ਹੀ ਗ੍ਰੰਥੀ ਲਈ ਪੱਕਾ ਕੁਆਟਰ ਬਣਾ ਦਿਤਾ ਗਿਆ ਹੈ, ਜਿਸ ਤੋਂ ਉਸ ਦੇ ਸਟੇਟਸ ਦਾ ਪਤਾ ਲਗਦਾ ਹੈ, ਪਿੰਡ ਵਿਚ ਤਾਂ ਘਰ, ਕੱਚੇ ਅਤੇ ਝੌਂਪੜੀ ਨੁਮਾ ਹਨ। ਗ੍ਰੰਥੀ ਦਾ ਸਹੁਰਾ ਮੁਨੀ ਲਾਲ ਸੁਰ ਸਿੰਘ ਰਾਠੌਰ ਬਹੁਤ ਖੁਸ਼ ਸੀ ਕਿ ਉਸ ਦੀ ਬੇਟੀ ਤੇ ਜਵਾਈ ਇਸ ਪੱਕੇ ਘਰ ਵਿਚ ਰਹਿਣਗੇ, ਜੋ ਇਲਾਕੇ ਵਿਚ ਸਭ ਤੋਂ ਸੁਹਣਾ ਹੈ, ਭਾਵੇਂ ਹਾਲੇ ਬੂਹਿਆਂ ਨੂੰ ਦਰਵਾਜ਼ੇ ਤੇ ਬਾਰੀਆਂ ਨੂੰ ਖਿੜਕੀਆਂ ਲੱਗਣ ਵਾਲੇ ਸਨ। ਇਕ ਵਿਸ਼ਾਲ ਦੀਵਾਨ ਨੂੰ ਸੰਬੋਧਨ ਕਰਦਿਆਂ ਬੀਬੀ ਜਗੀਰ ਕੌਰ ਨੇ ਕਿਹਾ ਕਿ ਸਿਕਲੀਗਰ ਤੇ ਵਣਜਾਰੇ ਸਿੱਖ-ਪੰਥ ਦਾ ਅਟੁੱਟ ਅੰਗ ਹਨ। ਉਨ੍ਹਾਂ ਨੇ ਸੰਮੂਹ ਸਿੱਖ ਸੰਸਥਾਵਾਂ ਤੇ ਜੱਥੇਬੰਦੀਆਂ ਨੂੰ ਅਪੀਲ ਕੀਤੀ ਕਿ ਸਿਕਲੀਗਰਾਂ ਤੇ ਵਣਜਾਰਿਆਂ ਨੂੰ ਪੰਥ ਦੀ ਮੁੱਖ ਧਾਰਾ ਵਿਚ ਲਿਆਉਣ ਲਈ ਆਪਣਾ ਯੋਗਦਾਨ ਪਾਉਣ।

ਉਨ੍ਹਾਂ ਦਸਿਆ ਕਿ ਉਨ੍ਹਾਂ ਦੇ ਦਾਦਾ ਦਾਦੀ ਅਤੇ ਨਾਨਾ ਨਾਨੀ ਉਨ੍ਹਾਂ ਨੂੰ ਦੱਸਿਆ ਕਰਦੇ ਸਨ ਕਿ ਉਹ ਕਿਹੋ ਜਿਹਾ ਲਿਬਾਸ ਪਹਿਣਦੇ ਸਨ ਤੇ ਕਿਸ ਤਰ੍ਹਾਂ ਦੀ ਜ਼ਿੰਦਗੀ ਬਤੀਤ ਕਰਦੇ ਰਹੇ ਹਨ, ਉਸੇ ਤਰ੍ਹਾਂ ਦੀ ਜ਼ਿੰਦਗੀ ਇਸ ਖੇਤਰ ਦੇ ਸਿਕਲੀਗਰ ਤੇ ਵਣਜਾਰੇ ਬਿਤਾ ਰਹੇ ਹਨ। ਉਹ ਭਾਵੇਂ ਬੜੇ ਹੀ ਗਰੀਬ ਹਨ, ਅਨਪੜ੍ਹਤਾ ਤੇ ਬੇਰੋਜ਼ਗਾਰੀ ਦਾ ਸ਼ਿਕਾਰ ਹਨ, ਪਰ ਉਹ ਸਦੀਆਂ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਜੁੜੇ ਰਹੇ ਹਨ ਅਤੇ ਆਪਣੇ ਸਾਰੇ ਕਾਰਜ ਸ੍ਰੀ ਗੁਰੂ ਸਾਹਿਬ ਨੂੰ ਸਮਰਪਿਤ ਹੋ ਕੇ ਕਰਦੇ ਹਨ। ਉਨ੍ਹਾਂ ਕਿਹਾ ਕਿ ਧਰਮ ਪ੍ਰਚਾਰ ਕਮੇਟੀ ਵਲੋਂ ਨਾਗਪੁਰ ਵਿਖੇ ਸਿੱਖ ਮਿਸ਼ਨ ਦੀ ਇਮਾਰਤ ਦੀ ਉਸਾਰੀ ਦਾ ਕੰਮ ਛੇਤੀ ਹੀ ਸ਼ੁਰੂ ਕੀਤਾ ਜਾਏਗਾ।

ਸ਼੍ਰੋਮਣੀ ਕਮੇਟੀ ਦੇ ਮੈਂਬਰ ਮਲਕੀਤ ਸਿੰਘ ਵਲੋਂ ਮਿਸ਼ਨ ਲਈ 8 ਏਕੜ ਜ਼ਮੀਨ ਦੇਣ ਲਈ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਉਪਰੰਤ ਉਥੇ ਇਕ ਗੁਰਮਤਿ ਵਿਦਿਆਲਾ ਵੀ ਸਥਾਪਤ ਕੀਤਾ ਜਾਏਗਾ ਤਾਂ ਜੋ ਇਸ ਖੇਤਰ ਦੇ ਗੁਰਸਿੱਖ ਨੌਜਵਾਨਾਂ ਨੂੰ ਗ੍ਰੰਥੀ, ਪ੍ਰਚਾਰਕ ਤੇ ਹੋਰ ਗੁਰਮਤਿ ਸੇਵਾਵਾਂ ਲਈ ਸਿਖਿਆ ਦਿਤੀ ਜਾ ਸਕੇ। ਉਨ੍ਹਾਂ ਇਸ ਗੁਰਦੁਆਰੇ ਦੀ ਇਮਾਰਤ ਮੁਕੰਮਲ ਕਰਨ ਲਈ ਸ਼੍ਰੋਮਣੀ ਕਮੇਟੀ ਵਲੋਂ ਦੋ ਲੱਖ ਰੁਪਏ ਦੀ ਸਹਾਇਤਾ ਦਾ ਐਲਾਨ ਵੀ ਕੀਤਾ। ਦੀਵਾਨ ਨੂੰ ਸੰਬੋਧਨ ਕਰਦਿਆਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜੱਥੇਦਾਰ ਗਿਆਨੀ ਕੇਵਲ ਸਿੰਘ ਨੇ ਵਣਜਾਰਾ ਸਮਾਜ ਨਾਲ ਸਬੰਧਤ

ਭਾਈ ਮੱਖਣ ਸ਼ਾਹ ਲੁਬਾਣਾ, ਭਾਈ ਲੱਖੀ ਸ਼ਾਹ ਵਣਜਾਰਾ, ਭਾਈ ਮਨੀ ਸਿੰਘ ਸ਼ਹੀਦ ਅਤੇ ਹੋਰ ਅਨੇਕਾਂ ਸ਼ਹੀਦਾਂ ਵਲੋਂ ਸਿੱਖ ਪੰਥ ਲਈ ਕੀਤੀਆਂ ਗਈਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ।

ਸ਼੍ਰੋਮਣੀ ਕਮੇਟੀ ਦੇ ਮੈਂਬਰ ਮਲਕੀਤ ਸਿੰਘ ਨੇ ਕਿਹਾ ਕਿ ਸਿਕਲੀਗਰ ਅਤੇ ਵਣਜਾਰਾ ਭਾਈਚਾਰੇ ਨਾਲ ਸਬੰਧਤ ਲੋਕ, ਜਿਨ੍ਹਾਂ ਦੀ ਗਿਣਤੀ ਕਈ ਕਰੋੜ ਹੈ, ਅਣਗੌਲੇ ਰਹੇ ਹਨ। ਉਹ ਬੜੇ ਹੀ ਗਰੀਬ, ਅਨਪੜ੍ਹ, ਬੇਰੋਜ਼ਗਾਰ ਤੇ ਪਛੜੇ ਹੋਏ ਹਨ, ਪੰਥਕ ਸੰਸਥਾਵਾਂ ਇਨ੍ਹਾਂ ਨੂੰ ਆਪਣੀ ਛਾਤੀ ਨਾਲ ਲਗਾ ਕੇ ਮੁੱਖ ਧਾਰਾ ਵਿਚ ਲਿਆਉਣ। ਬ੍ਰਿਟਿਸ਼ ਸਿੱਖ ਕੌਂਸਲ ਲੰਡਨ ਦੀ ਸਕੱਤਰ ਬੀਬੀ ਜਸਵਿੰਦਰ ਕੌਰ ਦਿਓਲ, ਗੁਰੂ ਅੰਗਦ ਦੇਵ ਵਿਦਿਅਕ ਤੇ ਭਲਾਈ ਕੌਂਸਲ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਲਾਜ, ਗੁਰਦੁਆਰਾ ਬਾਬਾ ਬੁੱਢਾ ਸਾਹਿਬ ਨਾਗਪੁਰ ਦੇ ਪ੍ਰਧਾਨ ਮਲਕੀਤ ਸਿੰਘ ਬਲ, ਸਤਿਨਾਮੀ ਫਾਊਂਡੇਸ਼ਨ ਦੇ ਜਨਰਲ ਸਕੱਤਰ ਸ. ਮਨਮੋਹਨ ਸਿੰਘ ਸੈਲਾਨੀ, ਪੱਤਰਕਾਰ ਹਰਬੀਰ ਸਿੰਘ ਭੰਵਰ, ਮੁੱਖ ਪ੍ਰਚਾਰਕ ਭਾਈ ਚਤਰ ਸਿੰਘ, ਦਾਸ ਤੇ ਹੋਰ ਕਈ ਸੱਜਣਾਂ ਨੇ ਵੀ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਅਹੁਦੇਦਾਰਾਂ ਨੂੰ ਸਿਰੋਪਾਓ ਬਖ਼ਸ਼ਿਸ਼ ਕਰਕੇ ਸਨਮਾਨਿਤ ਕੀਤਾ ਗਿਆ।

ਸਾਰੀਆਂ ਸੰਗਤਾਂ ਨੇ ਗੁਰੂ ਕਾ ਲੰਗਰ ਇਕੱਠੇ ਪੰਗਤ ਵਿਚ ਬੈਠ ਕੇ ਛਕਿਆ। ਇਥੇ ਲਾਗਲੇ ਪਿੰਡ ਹੈਲਥ ਸਹਾਇਕ (ਅਫ਼ਸਰ) ਵਜੋਂ ਸੇਵਾ ਕਰਦੇ ਸਰਦਾਰ ਬਲਰਾਮ ਜਾਦਵ ਨੇ ਦੱਸਿਆ ਕਿ ਉਹ ਨਾਂਦੇੜ ਦੇ ਨੇੜਲੇ ਇਲਾਕੇ ਦਾ ਰਹਿਣ ਵਾਲਾ ਹੈ। ਉਨ੍ਹਾਂ ਦੇ ਵਿਆਹ ਤੇ ਹੋਰ ਸਾਰੇ ਮਹੱਤਵਪੂਰਨ ਕਾਰਜ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਹੋ ਕੇ ਹੀ ਕੀਤੇ ਜਾਂਦੇ ਹਨ।

ਆਪਣੇ ਵਿਆਹ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਦਸਿਆ ਕਿ ਸ਼ਾਦੀ ਸਮੇਂ ਲਾੜੇ ਦੀ ਪੱਗੜੀ ਦੇ ਲ਼ੜ ਗੁਰੂ ਨਾਨਕ ਦੇਵ ਜੀ ਦੇ ਨਾਂਅ ਦਾ ਇਕ ਚਾਂਦੀ ਦਾ ਰੁਪਿਆ ਬੰਨ੍ਹ ਦਿਤਾ ਜਾਂਦਾ ਹੈ, ਜੋ ਬਹੁਤ ਹੀ ਕੀਮਤੀ ਸਮਝਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਨਾ ਮਿਲੇ, ਤਾਂ ਨਿਤਨੇਮ ਦੇ ਗੁਟਕੇ ਦੁਆਲੇ ਹੀ ਲਾਵਾਂ ਲੈ ਲਈਆਂ ਜਾਂਦੀਆਂ ਹਨ।

ਗਿਆਨੀ ਕੇਵਲ ਸਿੰਘ ਦੇ ਸੁਝਾਅ ਉਤੇ ਰਾਤ ਨੂੰ ਸ. ਮਲਕੀਤ ਸਿੰਘ ਦੇ ਗ੍ਰਹਿ ਵਿਖੇ ਸਥਾਨਕ ਲੀਡਰਾਂ ਤੇ ਲੁਧਿਆਣਾ ਤੋਂ ਗਈ ਟੀਮ ਦੀ ਇਕ ਸਾਂਝੀ ਇਕਤ੍ਰੱਤਾ ਹੋਈ ਜਿਸ ਵਿਚ ਸਾਰੇ ਮਿਸ਼ਨ ਅਤੇ ਅਗਲੇ ਪ੍ਰੋਗਰਾਮ ਬਾਰੇ ਚਰਚਾ ਹੋਈ, ਸਭਨਾਂ ਨੇ ਆਪਣੇ ਆਪਣੇ ਸੁਝਾਓ ਦਿਤੇ। ਆਮ ਵਿਚਾਰ ਇਹ ਸੀ ਕਿ ਫਿਲਹਾਲ ਹੋਰ ਗੁਰਦੁਆਰੇ ਨਾ ਉਸਾਰੇ ਜਾਣ, ਸਭ ਤੋਂ ਪਹਿਲਾਂ ਤਾਂ ਵਣਜਾਰਾ ਸਮਾਜ ਨੂੰ ਭਾਈ ਮੱਖਣ ਸ਼ਾਹ ਲੁਬਾਣਾ, ਭਾਈ ਲੱਖੀ ਸ਼ਾਹ ਵਣਜਾਰਾ, ਭਾਈ ਮਨੀ ਸਿੰਘ ਸ਼ਹੀਦ ਤੇ ਹੋਰ ਸ਼ਹੀਦਾਂ ਵਲੋਂ ਪੰਥ ਲਈ ਕੀਤੀਆਂ ਮਹਾਨ ਸੇਵਾਵਾਂ ਤੇ ਕੁਰਬਾਨੀਆਂ ਬਾਰੇ ਦਸ ਕੇ ਗੁਰੂ ਘਰ ਨਾਲ ਜੋੜਿਆ ਜਾਏ। ਗੁਰਦੁਆਰਿਆਂ ਦੀ ਥਾਂ ਸਕੂਲ ਜਾਂ ਸੇਵਾ ਕੇਂਦਰ ਸਥਾਪਤ ਕਰ ਕੇ ਬੱਚਿਆਂ ਨੂੰ ਵਰਣਮਾਲਾ, ਮੂਲ ਮੰਤਰ ਯਾਦ ਕਰਨ ਆਦਿ ਬਾਰੇ ਦਸਿਆ ਜਾਏ, ਤੇ ਬੀਬੀਆਂ ਨੂੰ ਸਿਲਾਈ ਕਢਾਈ ਦੀ ਸਿਖਿਆ ਦਿਤੀ ਜਾਏ, ਛੋਟੀਆਂ ਮੋਟੀਆਂ ਬੀਮਾਰੀਆਂ ਲਈ ਦਵਾਈਆਂ ਦਾ ਪ੍ਰਬੰਧ ਕੀਤਾ ਜਾਏ,

ਇਹਨਾਂ ਤੋਂ ਨਸ਼ੇ ਛੁਡਾਏ ਜਾਣ।


ਇਹਨਾਂ ਦੀ ਆਰਥਿਕ ਦਸ਼ਾ ਸੁਧਾਰਨ ਲਈ ਯੋਗ ਕਦਮ ਉਠਾਏ ਜਾਣ। ਸੋਮਵਾਰ 23 ਅਪਰੈਲ ਲੁਧਿਆਣਾ ਵਾਲਾ ਜੱਥਾ ਨਾਗਪੁਰ ਤੋਂ ਰਾਏਪੁਰ ਆ ਗਿਆ, ਸੈਲਾਨੀ ਸਾਹਿਬ ਨਾਲ ਹੀ ਆਏ। ਸ਼ਾਮ ਨੂੰ ਦੇਵਪੁਰੀ ਇਲਾਕੇ ਵਿਚ ਮੁੱਖ ਸੜਕ ਉਤੇ ਸਤਿਨਾਮੀ ਸਮਾਜ ਲਈ ਬਣਾਏ ਗਏ ਪਹਿਲੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ। ਇਹ ਜ਼ਮੀਨ ਸਤਿਨਾਮੀਆਂ ਨੇ ਦਿਤੀ ਸੀ ਤੇ ਗੁਰਦੁਆਰਾ ਸਾਹਿਬ ਦੀ ਉਸਾਰੀ ਲਈ ਸਕਾਟਲੈਂਡ ਦੀਆਂ ਸੰਗਤਾਂ ਨੇ ਵਡਮੁੱਲਾ ਯੋਗਦਾਨ ਪਾਇਆ ਹੈ। ਸ਼੍ਰੋਮਣੀ ਕਮੇਟੀ ਨੇ ਇਸੇ ਗੁਰਦੁਆਰਾ ਵਿਚ ਆਪਣਾ ਮਿਸ਼ਨ ਖੋਲ੍ਹਿਆ ਹੈ। ਮੰਗਲਵਾਰ ਸਵੇਰੇ ਇਹ ਕਾਫਲਾ ਰਾਏਪੁਰ ਤੋਂ ਲਗਭਗ 85 ਕਿਲੋਮੀਟਰ ਦੂਰ ਪਿੰਡ ਲਰੀਆ ਤਹਿਸੀਲ ਪਲਾਰੀ ਵਾਸਤੇ ਰਵਾਨਾ ਹੋਇਆ। ਰਸਤੇ ਵਿਚ ਦੇਖਿਆ ਕਿ ਸਤਿਨਾਮੀ ਸਮਾਜ ਨਾਲ ਸਬੰਧਤ ਲੋਕਾਂ ਨੇ ਆਪਣੇ ਆਪਣੇ ਘਰ ਅਗੇ ਇਕ ਛੋਟਾ ਜਿਹਾ ਸਫੈਦ ਥੜਾ ਬਣਾ ਕੇ ਉਪਰ ਸਫੈਦ ਰੰਗ ਦਾ ਹੀ ਛੋਟਾ ਜਿਹਾ ਝੰਡਾ (ਨਿਸ਼ਾਨ ਸਾਹਿਬ) ਲਗਾਇਆ ਹੋਇਆ ਹੈ।

ਪਲਾਰੀ ਅਤੇ ਲਰੀਆ ਪਿੰਡ ਦੇ ਬਾਹਰ ਹੀ ਸਵਾਗਤੀ ਗੇਟ ਬਣਾਏ ਗਏ, ਉਹ ਵੀ ਸਫੈਦ ਕਪੜੇ ਨਾਲ ਸਜਾਏ ਗਏ ਸਨ। ਲਰੀਆ ਵਿਖੇ ਉਸਾਰੇ ਗਏ ਗੁਰਦੁਆਰੇ ਦੀ ਇਮਾਰਤ ਦੇ ਬਾਹਰ ਕੇਸਰੀ ਨਿਸ਼ਾਨ ਸਾਹਿਬ ਦੇ ਲਾਗੇ ਹੀ ਇਕ ਸਫੈਦ ਰੰਗ ਦਾ ਨਿਸ਼ਾਨ ਸਾਹਿਬ ਵੀ ਸਥਾਪਤ ਕੀਤਾ ਹੋਇਆ ਸੀ। ਸਭ ਤੋਂ ਪਹਿਲਾਂ ਜੈਕਾਰਿਆਂ ਦੀ ਗੂੰਜ ਵਿਚ ਨਿਸ਼ਾਨ ਸਾਹਿਬ ਨੂੰ ਕੇਸਰੀ ਪੋਸ਼ਾਕਾ ਨਾਲ ਸਜਾਇਆ ਗਿਆ, ਇਸ ਉਪਰੰਤ ਗੁਰਦੁਆਰਾ ਸਾਹਿਬ ਅੰਦਰ ਦੀਵਾਨ ਸਜਿਆ। ਰਾਏਪੁਰ ਤੋਂ ਗਏ ਰਾਗੀ ਜੱਥੇ ਨੇ ਸ਼ਬਦ ਕੀਰਤਨ ਤੇ ਸ਼੍ਰੋਮਣੀ ਕਮੇਟੀ ਦੇ ਢਾਡੀ ਜੱਥੇ ਨੇ ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮੇਂ ਇਸ ਦੀਵਾਨ ਨੂੰ ਸੰਬੋਧਨ ਕਰਦਿਆਂ ਇਸ ਹਲਕੇ ਦੇ ਵਿਧਾਇਕ ਸ਼ਿਵ ਕੁਮਾਰ ਡੇਹਰੀਆਂ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸਤਿਨਾਮੀ ਸਮਾਜ ਦੇ ਮੋਢੀ ਬਾਬਾ ਘਾਸੀ ਰਾਮ ਨੇ ਲੋਕਾਂ ਨੂੰ 'ਸਤਿਨਾਮ' ਦਾ ਜਾਪ ਕਰਨ ਅਤੇ ਇਕ ਸਿੱਧਾ ਸਾਦਾ, ਸੱਚਾ ਸੁੱਚਾ ਤੇ ਪਰ-ਉਪਕਾਰੀ ਜੀਵਨ ਜਿਉਣ ਦੀ ਸਿਖਿਆ ਦਿਤੀ।

ਉਨ੍ਹਾਂ ਕਿਹਾ ਇਹ ਗੁਰਦੁਆਰਾ ਸ਼ਰਧਾਲੂਆਂ ਨੂੰ ਪਰਮਾਤਮਾ ਨਾਲ ਜੋੜੇਗਾ। ਸਤਿਨਾਮੀ ਫਾਊਂਡੇਸ਼ਨ ਦੇ ਜਨਰਲ ਸਕੱਤਰ ਮਨਮੋਹਨ ਸਿੰਘ ਸੈਲਾਨੀ, ਅੰਮ੍ਰਿਤਪਾਨ ਕਰ ਕੇ ਪਹਿਲੇ ਸਿੰਘ ਸਜੇ। ਡਾ. ਰਨਬੀਰ ਸਿੰਘ ਕੌਸ਼ਲ, ਸ਼ੈਲੇਂਦਰ ਸਿੰਘ ਕੌਸ਼ਲ, ਗੁਰਦੁਆਰਾ ਕਮੇਟੀ ਦੁਰਗ ਦੇ ਪ੍ਰਧਾਨ ਸਰਬਜੀਤ ਸਿੰਘ, ਪੰਥਕ ਆਗੂ ਸਵਰਨ ਸਿੰਘ ਓਬਰਾਏ, ਸ. ਸੁਖਦੇਵ ਸਿੰਘ ਲਾਜ, ਪੱਤਰਕਾਰ ਹਰਬੀਰ ਸਿੰਘ ਭੰਵਰ ਤੇ ਬਾਬਾ ਅਮਰੀਕ ਸਿੰਘ ਨੇ ਸਤਿਨਾਮੀ ਸਮਾਜ ਦੀ ਸਿੱਖ ਧਰਮ ਨਾਲ ਨੇੜਤਾ ਬਾਰੇ ਜਾਣਕਾਰੀ ਦਿਤੀ। ਉਨ੍ਹਾਂ ਸਕਾਟਿਸ਼ ਸਿੱਖ ਕੌਂਸਲ ਵਲੋਂ ਦਿਤੇ ਗਏ ਆਰਥਿਕ ਸਹਿਯੋਗ ਲਈ ਹਾਰਦਿਕ ਧੰਨਵਾਦ ਵੀ ਕੀਤਾ।

ਦੀਵਾਨ ਵਿਚ ਦੁਰਗ ਤੇ ਭਲਾਈ ਤੋਂ ਹੀ ਕੁਝ ਬੀਬੀਆਂ ਆਈਆਂ ਹੋਈਆਂ ਸਨ, ਸਥਾਨਕ ਬੀਬੀਆਂ ਦੀ ਘਾਟ ਖੜਕਦੀ ਰਹੀ, ਬੱਚੇ ਕਾਫੀ ਆਏ ਹੋਏ ਸਨ ਅਤੇ ਉਹ ਆਪਣੇ ਸਿਰ ਉਤੇ ਬੰਨ੍ਹਣ ਲਈ ਕੇਸਰੀ ਪਟਕਿਆਂ ਦੀ ਮੰਗ ਕਰ ਰਹੇ ਸਨ, ਜੋ ਉਹਨਾਂ ਦੇ

ਸਿਰਾਂ ਉਤੇ ਬੰਨ੍ਹ ਦਿਤੇ ਗਏ ਜਿਸ ਉਤੇ ਉਹ ਬੜੇ ਖੁਸ਼ ਨਜ਼ਰ ਆ ਰਹੇ ਸਨ। ਇਸ ਉਪਰੰਤ ਗੁਰੂ ਕਾ ਅਟੁੱਟ ਲੰਗਰ ਵਰਤਾਇਆ ਗਿਆ। ਬੁੱਧਵਾਰ 25 ਅਪ੍ਰੈਲ ਨੂੰ ਅਸੀਂ ਸਵੇਰੇ ਹੀ ਰਾਏਪੁਰ ਤੋਂ ਰਵਾਨਾ ਹੋਏ। ਦਿੱਲੀ ਸਟੇਸ਼ਨ ਉਤੇ ਨਿਸ਼ਕਾਮ ਸਿੱਖ ਮਿਸ਼ਨ ਨਵੀਂ ਦਿੱਲੀ ਦੇ ਪ੍ਰਧਾਨ ਸ. ਕੁਲਵਿੰਦਰ ਸਿੰਘ ਮਿਲਣ ਲਈ ਆਏ। ਇਸ ਸੰਸਥਾ ਵਲੋਂ ਕਰਨਾਟਕ ਵਿਚ ਬਹੁਤ ਹੀ ਸੁਚੱਜੇ ਤੇ ਸਿਸਟੇਮੈਟਿਕ ਢੰਗ ਨਾਲ ਸਿਕਲੀਗਰਾਂ ਨੂੰ ਮੁੱਖ ਧਾਰਾ ਵਿਚ ਲਿਆਉਣ ਦਾ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਇਸ ਪੰਥਕ ਕਾਰਜ ਬਾਰੇ ਖੁਲ੍ਹ ਕੇ ਵਿਚਾਰ ਵਟਾਂਦਰਾ ਕੀਤਾ। 26 ਅਪ੍ਰੈਲ ਵੀਰਵਾਰ ਸ਼ਾਮ ਨੂੰ ਗੁਰੂ ਦੀ ਕ੍ਰਿਪਾ ਦੁਆਰਾ ਠੀਕ-ਠਾਕ ਲੁਧਿਆਣਾ ਵਾਪਸ ਪਰਤ ਆਏ।



**ਇੰਡੀਅਨ ਐਕਸਪ੍ਰੈਸ ਅਤੇ ਪੰਜਾਬੀ ਟ੍ਰਿਬਿਊਨ ਦੇ ਮਸ਼ਹੂਰ ਸੀਨੀਅਰ ਪਤਰਕਾਰ ਹਰਬੀਰ ਸਿੰਘ ਭੰਵਰ ਹੁਰਾਂ ਪੱਤਰਕਾਰੀ ਜਗਤ ਵਿੱਚ ਅਹਿਮ ਸਥਾਨ ਪਾਇਆ ਹੈ। ਖਬਰ ਏਜੰਸੀ ਯੂ ਐਨ ਆਈ ਤੇ ਬੀ ਬੀ ਸੀ ਲਈ ਵੀ ਰਿਪੋਰਟਿੰਗ ਕੀਤੀ ਹੈ। ਉਨ੍ਹਾਂ ਪੰਜਾਬੀ ਚੈਨਲ ਫਾਸਟ ਵੇਅ ਦੇ ਨਿਊਜ਼ ਐਡੀਟਰ ਵਜੋਂ ਵੀ ਕੰਮ ਕੀਤਾ ਹੈ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਮੀਡੀਆ ਸਲਾਹਕਾਰ ਰਹੇ ਹਨ। ਪੰਥਕ ਕਾਰਜਾਂ ਅਤੇ ਸਿੱਖ ਕੌਮ ਦੇ ਹਿਤਾਂ ਬਾਰੇ ਨਿਝੱਕ ਲਿਖਦੇ ਰਹੇ ਹਨ।**

# ਨਾਨਕਪੰਥੀਆਂ ਨਾਲ ਪੰਥਕ ਸਾਂਝ ਪਾਉਣ ਲਈ ਮਹਾਰਾਸ਼ਟਰ ਪਹੁੰਚਿਆ ਪੰਜਾਬ ਤੋਂ ਵਫਦ



ਦਿਆ ਸਿੰਘ ਭੌਂਡ ਦਾ ਬੇਟਾ, ਜਸਵਿੰਦਰ ਸਿੰਘ, ਗਿਆਨੀ ਕੇਵਲ ਸਿੰਘ ਅਤੇ ਲੇਖਕ ਨਾਲ



ਜਥੇ ਦੇ ਮੈਂਬਰ ਅਮਰਇਕਬਾਲ ਸਿੰਘ, ਇੰਜ. ਸੁਖਪਾਲ ਸਿੰਘ ਵਿਰਕ, ਮਨਜਿੰਦਰ ਸਿੰਘ, ਮਨਜਿੰਦਰ ਸਿੰਘ ਖਾਲਸਾ, ਹਰਬੀਰ ਸਿੰਘ ਭੰਵਰ, ਮਨਮੋਹਣ ਸਿੰਘ ਸੈਲਾਨੀ, ਲਖਵਿੰਦਰ ਸਿੰਘ ਨਿਸ਼ਕਾਮ ਕੌਂਸਲ, ਜਸਵੰਤ ਸਿੰਘ ਆਦਿ ਖੜੇ ਦਿਖਾਈ ਦੇ ਰਹੇ ਹਨ।



ਸ੍ਰੀ ਬਲਰਾਮ ਯਾਦਵ ਵਣਜਾਰਿਆਂ ਦੀ ਪਰੰਪਰਾ ਦੱਸਦੇ ਹੋਏ



ਡਾ. ਰਣਵੀਰ ਸਿੰਘ ਕੌਸ਼ਲ ਰਾਏਪੁਰ ਸਤਿਨਾਮੀ ਸਮਾਜ ਬਾਰੇ ਦੱਸਦੇ ਹੋਏ



ਐਸ. ਐਸ. ਕੌਸ਼ਲ ਲੇਖਕ ਨੂੰ ਸਤਿਨਾਮੀ ਸਮਾਜ ਦਾ ਗੌਰਵਮਈ ਇਤਿਹਾਸ ਦੱਸਦੇ ਹੋਏ

# ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਵਿਜੇਵਾੜਾ ਤੇਲੰਗਾਨਾ ਦਾ ਸਿਕਲੀਗਰ ਵਣਜਾਰੇ ਬੱਚਿਆਂ ਦਾ ਰਿਹਾਇਸ਼ੀ ਸਕੂਲ



ਸਕੂਲ ਦੇ ਹੋਣਹਾਰ ਛੋਟੇ ਬੱਚੇ



ਬੀਬੀ ਕੁਲਦੀਪ ਕੌਰ ਜੀ ਦੀ ਸਰਪ੍ਰਸਤੀ ਹੇਠ ਵਿਜੇਵਾੜਾ ਦੇ ਵਣਜਾਰਿਆਂ ਦੇ ਬੱਚਿਆਂ ਨੇ ਰਾਏਪੁਰ (ਛਤੀਸਗੜ੍ਹ) ਵਿਖੇ ਗਤਕਾ ਮੁਕਾਬਲੇ ਵਿੱਚ ਦੂਜਾ ਸਥਾਨ ਹਾਸਿਲ ਕੀਤਾ

# ਕੱਲ ਤੱਕ ਭੁੱਲੇ ਸਿਕਲੀਗਰ ਸਿੱਖ ਜਿਨ੍ਹਾਂ ਲਈ ਕੌਮ ਹੁਣ ਬਹੁੜ ਪਈ

ਪ੍ਰੋ. ਜਗਮੋਹਨ ਸਿੰਘ

**ਮੁੱਢ:**

ਮੇਰੀ ਇਹ ਕਹਾਣੀ ਉਨ੍ਹਾਂ ਵਿਸਰੇ ਹੋਏ ਸਿੱਖਾਂ ਦੀ ਹੈ ਜਿਨ੍ਹਾਂ ਨੂੰ ਸਿਕਲੀਗਰ ਸਿੱਖ ਕਿਹਾ ਜਾਂਦਾ ਹੈ। ਡੇਢ ਦਹਾਕੇ ਪਹਿਲਾਂ ਜਦ ਮੇਰਾ ਇਨ੍ਹਾਂ ਨਾਲ ਸਫਰ ਸ਼ੁਰੂ ਹੋਇਆ ਤਾਂ ਸਿੱਖ ਕੌਮ ਉਨ੍ਹਾਂ ਨੂੰ ਪੂਰੀ ਤਰ੍ਹਾਂ ਭੁਲਾਈ ਬੈਠੀ ਸੀ, ਪਰ ਅੱਜ ਕੌਮ ਦਾ ਇੱਕ ਸੁਹਿਰਦ ਹਿੱਸਾ ਇਨ੍ਹਾਂ ਬਾਰੇ ਚਿੰਤਤ ਹੈ ਭਾਵੇਂ ਕਿ ਵੱਡਾ ਹਿੱਸਾ ਹਲੇ ਵੀ ਗਫਲਤ ਦੀ ਨੀਂਦ ਸੌਂ ਰਿਹਾ ਹੈ।

ਇਹ ਕਹਾਣੀ ਹੈ ਉਨ੍ਹਾਂ ਦੀ ਜਿਨ੍ਹਾਂ ਨੇ ਆਪਣੀਆਂ ਜੜ੍ਹਾਂ ਨੂੰ ਨਹੀਂ ਭੁਲਾਇਆ। ਅਤਿ ਮੁਸ਼ਕਲ ਹਾਲਾਤਾਂ ਨਾਲ ਜੂਝਦੇ ਹੋਏ ਵੀ ਸਿੱਖੀ ਨਾਲ ਜੁੜੇ ਰਹਿਣ ਦੀ ਇਨ੍ਹਾਂ ਦੀ ਤਾਂਘ ਨੇ ਮੈਨੂੰ ਇਨ੍ਹਾਂ ਬਾਰੇ ਹੋਰ ਜਾਨਣ ਲਈ ਪ੍ਰੇਰਿਆ ਸੀ।

ਮੇਰੀ ਸਿਕਲੀਗਰ ਸਿੱਖਾਂ ਲਈ ਖੋਜ ਉਸ ਵੇਲੇ ਸ਼ੁਰੂ ਹੋਈ ਜਦ ਇੱਕ ਦਹਾਕੇ ਤੋਂ ਵੀ ਵੱਧ ਸਮਾਂ ਪਹਿਲਾਂ ਮੈਂ ਮਹਾਰਾਸ਼ਟਰ ਵਿੱਚ ਸਿਕਲੀਗਰ ਸਿੱਖਾਂ ਦੇ ਸੋਲਾਪੁਰ ਡੇਰੇ, ਮੁੰਬਈ ਨਿਵਾਸੀ ਮਿੱਤਰ ਕੁਲਵੰਤ ਸਿੰਘ ਨਾਲ ਉੱਥੇ ਗਿਆ ਤੇ ਨੇੜੇ ਹੋ ਕੇ ਉਨ੍ਹਾਂ ਦੇ ਜੀਵਨ ਨੂੰ ਦੇਖਿਆ। ਇੱਕ ਦਿਨ ਵਿੱਚ ਹੀ ਮੈਨੂੰ ਜੀਉਣ ਅਤੇ ਸੇਵਾ ਕਰਨ ਦਾ ਇੱਕ ਹੋਰ ਮਕਸਦ ਮਿਲ ਗਿਆ। ਸੋਲਾਪੁਰ ਦੇ ਸਫਰ ਤੋਂ ਪਹਿਲਾਂ, ਵਿਦਿਆਰਥੀ ਜੀਵਨ ਵਿਚ ਮੈਂ ਨਾਗਪੁਰ ਦੇ ਸਿਕਲੀਗਰ ਸਿੱਖਾਂ ਦੇ ਡੇਰੇ ਵੀ ਗਿਆ ਹੋਇਆ ਸੀ। ਉਨ੍ਹਾਂ ਗਰੀਬ ਅਤੇ ਪੱਕੇ ਇਰਾਦੇ ਵਾਲੇ ਸਿੱਖਾਂ ਦੀ ਤਸਵੀਰ ਮੇਰੇ ਦਿਮਾਗ ਤੇ ਛਪੀ ਹੋਈ ਸੀ।

ਨਾਗਪੁਰ ਨਿਵਾਸੀ ਸਰਜੀਕਲ ਸੰਧਾਂ ਦੇ ਵਪਾਰੀ ਤੇ ਸਮਾਜ ਸੇਵਕ ਸਰਦਾਰ ਉੱਪਲ, ਜਿਨ੍ਹਾਂ ਨਾਲ ਮੈਂ ਨਾਗਪੁਰ ਦੇ ਡੇਰਿਆਂ ਵਿਚ ਗਿਆ ਸੀ, ਦੇ ਸ਼ਬਦ "ਇਹ ਸਾਰਾ ਦਿਨ ਲੋਹੇ ਨੂੰ ਕੁੱਟਣ ਦੀ ਸਖਤ ਮਿਹਨਤ ਵਾਲਾ ਕੰਮ ਕਰਨ ਤੋਂ ਬਾਅਦ, ਬਹੁਤ ਹੀ ਥੱਕਣ ਤੋਂ ਬਾਅਦ ਸ਼ਾਮ ਨੂੰ ਸ਼ਰਾਬ ਪੀ ਲੈਂਦੇ ਹਨ। ਇਨ੍ਹਾਂ ਦੇ ਪਰਿਵਾਰ ਵੱਡੇ ਹੁੰਦੇ ਹਨ। ਉਹ ਬਹੁਤ ਹੀ ਮਿਹਨਤੀ ਅਤੇ ਮਰਦਾਵੇਂ ਲੋਕ ਹਨ, ਜੋ ਆਪਣੀਆਂ ਜੜ੍ਹਾਂ ਨੂੰ ਨਹੀਂ ਭੁੱਲੇ। ਸਿਰਫ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਜਾਣਦੇ ਹਨ" ਅਜੇ ਤੱਕ ਮੇਰੇ ਕੰਨਾਂ ਵਿੱਚ ਗੂੰਜਦੇ ਹਨ। ਨਾਗਪੁਰ ਨਿਵਾਸੀ ਚੰਨਣ ਸਿੰਘ ਨਾਲ ਇਨ੍ਹਾਂ ਦੇ ਹਾਲਾਤਾਂ ਬਾਰੇ ਵਿਚਾਰ-ਵਟਾਂਦਰਾ ਅਤੇ ਮੁੰਬਈ ਤੋਂ ਛਪਦੀ ਹਫਤਾਵਰੀ ਪੰਜਾਬੀ ਪਤ੍ਰਿਕਾ ਰਣਜੀਤ ਵੀਕਲੀ ਵਿਚ ਇਨ੍ਹਾਂ ਦੇ ਜੀਵਨ ਬਾਰੇ ਪੜ੍ਹੇ ਲੇਖ ਅੱਜ ਵੀ ਯਾਦ ਦਾ ਹਿੱਸਾ ਹਨ।

2010-11 ਦੇ ਆਸ-ਪਾਸ, ਮੈਂ ਸਿਕਲੀਗਰਾਂ ਦੀਆਂ ਰਿਹਾਇਸ਼ੀ ਥਾਵਾਂ ਤੇ -ਜਿਨ੍ਹਾਂ ਨੂੰ ਉਹ 'ਡੇਰਾ' ਕਹਿੰਦੇ ਹਨ, ਬਹੁਤ ਜ਼ਿਆਦਾ ਯਾਤਰਾ ਕੀਤੀ। ਮੈਂ ਹੈਦਰਾਬਾਦ, ਬੈਂਗਲੋਰ, ਮੈਸੂਰ, ਪੂਨਾ, ਗਵਾਲੀਅਰ, ਡਬਰਾ, ਲੁਧਿਆਣਾ, ਜੈਪੁਰ, ਅਲਵਰ ਤੇ ਦਿੱਲੀ ਵਿੱਚ ਰਵਾਇਤੀ ਹਥਿਆਰ ਬਣਾਉਣ ਵਾਲੇ ਤੇ ਪਾਲਸ਼ ਕਰਨ ਵਾਲੇ ਇਨ੍ਹਾਂ ਸਿੱਖਾਂ ਦੇ ਘਰ

ਪਹੁੰਚ ਕੇ ਰਾਹ ਤਿਆਰ ਕਰਨ ਲੱਗਾ ਕਿ ਕਿਸ ਤਰ੍ਹਾਂ ਤੇ ਕਿਹੜੇ ਉਪਰਾਲੇ ਕੀਤੇ ਜਾਣ ਜਿਸ ਨਾਲ ਇਹ ਬਰਾਦਰੀ ਕੌਮ ਤੋਂ ਪੂਰੀ ਤਰ੍ਹਾਂ ਵਿਸਰ ਨਾ ਜਾਏ ਤੇ ਇਨ੍ਹਾਂ ਦੇ ਬੱਚਿਆਂ ਲਈ ਵਿੱਦਿਆ ਦੇ ਕੋਈ ਠੋਸ ਕਦਮ ਚੁੱਕੇ ਜਾਣ।

ਨਾ ਤਾਂ ਮੈਂ ਸਮਾਜ ਸ਼ਾਸ਼ਤ੍ਰੀ (sociologist) ਹਾਂ ਤੇ ਨਾ ਹੀ ਮੈਂ ਮਨੁੱਖੀ ਵਿਗਿਆਨ ਸ਼ਾਸ਼ਤ੍ਰੀ (anthropologist) ਹਾਂ। ਮੇਰੀ ਇਤਿਹਾਸਕਾਰ ਦੀ ਸਿਖਲਾਈ ਵੀ ਨਹੀਂ ਹੈ ਪਰ ਮੈਂ ਇਹ ਕਹਿ ਸਕਦਾ ਹਾਂ ਕਿ ਮੈਨੂੰ ਇਤਿਹਾਸ ਦੀ ਮੁਢਲੀ ਸਮਝ ਹੈ। ਮੈਂ ਭਾਸ਼ਾਈ ਵਿਗਿਆਨ ਦਾ ਮਾਹਿਰ ਵੀ ਨਹੀਂ ਹਾਂ ਪਰ ਮੇਰਾ ਵੱਖ-ਵੱਖ ਜ਼ੁਬਾਨਾ ਨਾਲ ਪਿਆਰ ਮੈਨੂੰ ਸਿਕਲੀਗਰਾਂ ਦੀ ਜ਼ੁਬਾਨ ਦੇ ਨਿਵੇਕਲੇਪਨ ਨੂੰ ਸਮਝਣ ਵਿੱਚ ਸਹਾਈ ਹੋਇਆ।

ਇਸ ਲੇਖ ਵਿੱਚ ਮੇਰੇ ਖਿਆਲ ਅਤੇ ਮੇਰੇ ਸੁਝਾਅ ਮੂਲ ਰੂਪ ਵਿੱਚ ਇੱਕ ਸਮਾਜਕ ਅਤੇ ਇਨਸਾਨੀ ਹਕੂਕਾਂ ਲਈ ਜੂਝਣ ਵਾਲੇ ਦੇ ਹਨ। ਮੇਰੀ ਸਿਕਲੀਗਰ ਸਿੱਖਾਂ ਦੇ ਪਿਛੋਕੜ ਅਤੇ ਅਜੋਕੇ ਜੀਵਨ ਤੇ ਝਾਤ ਇੱਕ ਮੈਦਾਨੀ ਪੜਚੋਲ ਹੈ ਜਿਸਨੂੰ ਮੈਂ ਵਿਦਿਅਕ ਸੰਜੀਦਗੀ ਨਾਲ ਕੀਤਾ ਹੈ ਅਤੇ ਜਿਸ ਵਿੱਚੋਂ ਇੱਕ ਖੋਜੀ ਪੱਤਰਕਾਰ ਦੀ ਝਲਕ ਵੀ ਨਜ਼ਰ ਆਵੇਗੀ।

ਮੈਂ ਜਾਗਰੁਕ ਹਾਂ ਅਤੇ ਇਸ ਗੱਲ ਨੂੰ ਕਬੂਲਦਾ ਹਾਂ ਕਿ ਮੇਰੀ ਖੋਜ ਕੇਵਲ ਇੱਕ ਮੁੱਢਲਾ ਕਦਮ ਹੈ ਅਤੇ ਬਹੁਤ ਕੁਝ ਕਰਨਾ ਬਾਕੀ ਹੈ। ਮੇਰੀ ਤੁਹਾਡੇ ਅੱਗੇ ਗੁਜਾਰਿਸ਼ ਹੈ ਕਿ ਮੇਰੇ ਵਿਚਾਰਾਂ ਅਤੇ ਖੋਜ ਨੂੰ ਸੁਹਿਰਦਤਾ ਅਤੇ ਢੂੰਗਾਈ ਨਾਲ ਵਿਚਾਰਨਾ।

**ਸਿਕਲੀਗਰ ਸਿੱਖਾਂ ਦਾ ਪਿਛੋਕੜ:**

ਸਿਕਲੀਗਰ ਲਫਜ਼ ਫਾਰਸੀ ਜਾਂ ਅਰਬੀ ਅੱਖਰਾਂ ਤੋਂ ਬਣਿਆ ਹੈ। ਸਿਕਲ+ਗਰ ਜਿਸ ਦਾ ਅਰਥ ਹੈ 'ਹਥਿਆਰ ਨੂੰ ਪਾਲਿਸ਼ ਕਰਨ ਵਾਲਾ'। ਸਮੇਂ ਦੇ ਨਾਲ-ਨਾਲ ਇਹ ਸਿਕਲਗਾਰ ਹਥਿਆਰ ਬਣਾਉਣ ਵਾਲੇ ਬਣ ਗਏ। ਅਖਬਾਰ ਇੰਡੀਅਨ ਐਕਸਪ੍ਰੈੱਸ ਪੂਨੇ ਐਡੀਸ਼ਨ ਦੇ 21 ਜਨਵਰੀ 2009 ਅੰਕ ਦੇ ਇੱਕ ਲੇਖ ਵਿੱਚ ਸੀਨੀਅਰ ਪੱਤਰਕਾਰ ਮੋਇਜ਼ ਮੈਨਨ ਹੱਕ ਨੇ ਸਿਕਲੀਗਰ ਸਿੱਖਾਂ ਨੂੰ ਸਮੁਰਾਇ (ਮਸ਼ਹੂਰ ਜਪਾਨੀ ਯੋਧੇ) ਸਿੱਖ ਕਿਹਾ। ਉਸਦੀ ਮਹਾਰਾਸ਼ਟਰ ਦੇ ਤਾਲੇਗਾਓਂ ਪਿੰਡ ਵਿਖੇ ਰਹਿ ਰਹੇ ਸਿਕਲੀਗਰ ਸਿੱਖਾਂ ਦੀ ਵਿਆਖਿਆ ਬਹੁਤ ਵਧੀਆ ਹੈ:

"ਖੜਗ ਸਿੰਘ ਜੂਨੀ ਆਪਣੀ ਜ਼ਿੰਦਗੀ ਦੇ ਬਿਤਾਏ ਹੋਏ ਸਾਲਾਂ ਦੀ ਗਿਣਤੀ ਭੁੱਲ ਚੁੱਕਾ ਹੈ। ਅੱਖਾਂ ਦੇ ਮੋਟੇ ਸ਼ੀਸ਼ੇ ਜੋ ਕਿ ਇੰਝ ਜਾਪਦਾ ਸੀ ਕਿ ਜਦ ਦੇ ਪਾਏ ਹਨ ਪੂੰਜੇ ਨਾ ਹੋਣ, ਵਿਚੋਂ ਝਾਕਦੇ ਹੋਏ ਸਵਾਲੀਆ ਰੂਪ ਵਿੱਚ ਕਹਿੰਦਾ, 'ਮੈਂ 110 ਸਾਲ ਦਾ ਹਾਂ।"

ਇਕ ਦੇਸੀ ਮਜ਼ਲ-ਲੋਡਰ ਬੰਦੂਕ ਤੇ ਪੁੱਤਰਾਂ ਵਾਂਘ ਲਾਡ ਨਾਲ ਹੱਥ ਫੇਰਦੇ ਹੋਏ, ਇੰਝ ਵਿਖਾ ਰਿਹਾ ਸੀ ਜਿਵੇਂ ਕੋਈ ਆਪਣੇ ਬੱਚੇ ਨੂੰ ਸਲਾਹ ਕੇ ਉਸ ਬਾਰੇ ਦੱਸ ਰਿਹਾ ਹੋਵੇ। ਫਿਰ ਬੜੇ ਮਾਣ ਨਾਲ ਬੰਦੂਕ ਦਾ ਲਾਇਸੈਂਸ ਕੱਢਦਾ ਹੈ ਜੋ ਕਿ ਮੁੰਬਈ ਸਰਕਾਰ ਦੇ ਇੱਕ ਜੀ. ਆਰ. ਤਹਿਤ 17 ਸਤੰਬਰ 1895 ਨੂੰ ਉਸਨੂੰ ਜਾਰੀ ਕੀਤਾ ਗਿਆ ਸੀ। .....

ਖੜਗ ਸਿੰਘ ਇੱਕ ਸਿੱਖ ਹੈ। ਉਹ ਗੁਰੂਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਵਾਰੇ ਜਾਂਦਾ ਹੈ। ਉਹ ਕੇਸ, ਕੰਘਾ, ਕਿਰਪਾਨ, ਕਛਹਿਰੇ ਅਤੇ ਕੜੇ ਦਾ ਧਾਰਨੀ ਹੈ। ਪਰ ਉਸਦੀ ਇਹ ਸਰਦਾਰ ਜੀ ਵਜੋਂ ਪਹਿਚਾਣ ਇੱਥੋਂ ਤੱਕ ਹੀ ਸੀਮਤ ਹੈ। ਉਹ ਪੰਜਾਬੀ ਦਾ

ਇੱਕ ਅੱਖਰ ਵੀ ਨਹੀਂ ਜਾਣਦਾ ਅਤੇ ਨਾ ਹੀ ਗੁਰਮੁਖੀ ਪੜ੍ਹ ਸਕਦਾ ਹੈ। ਉਹ ਪੱਕੇ ਰੰਗ ਦਾ ਹੈ ਅਤੇ ਅਤਿ ਗਰੀਬ ਹੈ। ਉਹ ਸਿਕਲੀਗਰ ਹੈ। ਰਾਜਸਥਾਨ ਮੂਲ ਦਾ ਇਹ ਕਬੀਲਾ ਮੱਧ ਅਤੇ ਪੂਰਬ ਮਹਾਰਾਸ਼ਟਰ ਦੇ ਹਿੱਸਿਆ ਵਿੱਚ ਖਿੰਡਿਆ ਹੈ।

ਇਕੱਲਪੁਣਾ ਅਤੇ ਕੰਗਾਲੀ ਨੇ ਉਨ੍ਹਾਂ ਨੂੰ ਅਣਜਾਨ ਵਿਅਕਤੀਆਂ ਤੋਂ ਸਾਵਧਾਨ ਰਹਿਣਾ ਸਿਖਾ ਦਿੱਤਾ ਹੈ। ਜਦੋਂ ਇਨ੍ਹਾਂ ਦੇ ਡੇਰੇ ਅੰਦਰ ਚਲੇ ਜਾਉ ਤਾਂ ਇੰਝ ਜਾਪਦਾ ਹੈ ਕਿ ਜਿਵੇਂ ਘੜੀ ਤੁਹਾਨੂੰ ਕੁਝ ਸਦੀਆਂ ਪੁਰਾਣੇ ਸਮੇਂ ਵਿੱਚ ਲੈ ਗਈ ਹੋਵੇ।"

ਸਿਕਲੀਗਰ ਕਿੱਥੋਂ ਆਏ? ਉਹ ਸਿਕਲੀਗਰ ਤੋਂ ਸਿੱਖ ਕਦੋਂ ਬਣੇ? ਇਸ ਬਾਰੇ ਦੋ ਮੱਤਾਂ ਹਨ ਜੋ ਇਤਿਹਾਸਕ ਤੌਰ ਤੇ ਵੀ ਠੀਕ ਜਾਪਦੀਆਂ ਹਨ। ਸਿਕਲੀਗਰ ਪਹਿਲਾਂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਅਤੇ ਦੂਸਰਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਿੱਖਾਂ ਦੇ ਸੰਪਰਕ ਵਿੱਚ ਆਏ। ਇਸ ਤੋਂ ਪਹਿਲਾਂ ਇਹ ਰਾਜਸਥਾਨ ਦੇ ਮਾਰਵਾੜ ਖੇਤਰ ਵਿੱਚ ਰਹਿੰਦੇ ਸਨ। ਮਨੁੱਖੀ ਵਿਗਿਆਨ ਸ਼ਾਸ਼ਤ੍ਰੀ (anthropologist) ਅਤੇ ਲਿਖਾਰੀ ਸ਼ੇਰ ਸਿੰਘ ਸ਼ੇਰ ਨੇ ਆਪਣੀ ਖੋਜ ਭਰਪੂਰ ਕਿਤਾਬ "ਦ ਸਿਕਲੀਗਰਜ਼ ਆਫ ਪੰਜਾਬ" ਵਿੱਚ ਦੋਵੇਂ ਹੀ ਧਾਰਨਾਵਾਂ ਨਾਲ ਸਹਿਮਤੀ ਪ੍ਰਗਟਾਈ ਹੈ। 1966 ਵਿੱਚ ਪ੍ਰਕਾਸ਼ਤ ਹੋਈ ਇਹ ਖੋਜ, ਲੇਖਕ ਮੁਤਾਬਿਕ ਸਿਕਲੀਗਰਾਂ 'ਤੇ ਪਹਿਲੀ ਆਪਣੀ ਕਿਸਮ ਦੀ ਖੋਜ ਹੈ ਜਿਸ ਵਿੱਚ ਉਨ੍ਹਾਂ ਨੇ ਸਿਕਲੀਗਰਾਂ ਨੂੰ 'ਜਿਪਸੀ ਕਬੀਲੇ' ਦਾ ਵੰਸ਼ਜ ਕਿਹਾ ਹੈ।

ਸਿਕਲੀਗਰ ਸਿੱਖਾਂ ਦੁਆਰਾਂ ਬੋਲੀ ਜਾਂਦੀ ਭਾਸ਼ਾਂ ਸਾਫ ਤੋਰ 'ਤੇ ਇਸ ਗੱਲ ਦਾ ਇਸ਼ਾਰਾ ਕਰਦੀ ਹੈ ਕਿ ਉਨ੍ਹਾਂ ਦੀ ਸ਼ੁਰੂਆਤ ਮਾਰਵਾੜ ਤੋਂ ਹੋਈ ਸੀ। ਸਿਕਲੀਗਰ ਸ਼ਾਇਦ ਗੁਰੂ ਘਰ ਨਾਲ ਉਦੋਂ ਜੁੜੇ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਵਿਖੇ ਗਏ ਅਤੇ ਦੂਸਰੀ ਸੋਚ ਮੁਤਾਬਿਕ ਸਿਕਲੀਗਰ ਗੁਰੂ ਘਰ ਨਾਲ ਉਦੋਂ ਜੁੜੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਗਏ। ਇਤਿਹਾਸਿਕ ਤੌਰ 'ਤੇ ਇਹ ਪੜਤਾਲਨਾ ਜਰੂਰੀ ਹੋਵੇਗਾ ਕਿ ਕੀ ਸਿਕਲੀਗਰ ਸਿੱਖ ਪੰਜਾਬ ਕਦੋਂ ਆਏ? ਜਾਂ ਉਹਨਾਂ ਨੇ ਸਿੱਖੀ ਦਾ ਰਸਤਾ ਕਦੋਂ ਅਪਣਾਇਆ? ਸਿਕਲੀਗਰ ਸਿੱਖ ਜੋ ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼ ਅਤੇ ਕਰਨਾਟਕਾ ਵਿੱਚ ਰਹਿ ਰਹੇ ਨੇ ਉਹ ਇਸ ਬਾਰੇ ਪੱਕੇ ਤੌਰ 'ਤੇ ਕੁਝ ਨਹੀਂ ਕਹਿ ਸਕਦੇ ਸਨ।

ਉਹ ਸਿਰਫ ਇਹੀ ਜਾਣਦੇ ਹਨ ਕਿ ਉਨ੍ਹਾਂ ਦੇ ਵੱਡੇ-ਵਡੇਰੇ ਇਹੀ ਕੰਮ ਕਰਦੇ ਸਨ ਅਤੇ ਉਹ ਵੀ ਇਹੀ ਕੰਮ ਕਰਦੇ ਹਨ ਅਤੇ ਨਾਂਦੇੜ ਤੋਂ ਆਏ ਹਨ। ਇੱਕ ਚੀਜ਼ ਜੋ ਪੱਕੇ ਤੌਰ 'ਤੇ ਇੱਕ ਪੀੜੀ ਤੋਂ ਦੂਜੀ ਤੱਕ ਚੱਲਦੀ ਆ ਰਹੀ ਹੈ, ਉਹ ਇਹ ਹੈ ਕਿ "ਕੇਸ਼ ਸੰਭਾਲ ਕੇ ਰੱਖਣਾ ਹੈ, ਕੇਸ਼ ਨਹੀਂ ਕਾਟਨੇ ਚਾਹੇ ਜਾਨ ਚਲੀ ਜਾਏ"। ਕੇਵਲ ਇਹੀ ਇੱਕ ਸੰਦੇਸ਼ ਹੈ ਜੋ ਉਨ੍ਹਾਂ ਨੇ ਇੱਕ ਪੀੜੀ ਤੋਂ ਦੂਸਰੀ ਪੀੜੀ ਅਤੇ ਦੂਸਰੀ ਪੀੜੀ ਨੇ ਪਹਿਲੀ ਤੋਂ ਲਿਆ ਹੈ ਅਤੇ ਮੇਰੇ ਲਈ ਇਹ ਖੁੱਲੇ ਤੌਰ 'ਤੇ ਬਿਆਨ ਕਰਦੀ ਹੈ ਕਿ ਉਹ ਸਿੱਖੀ ਨਾਲ ਜੁੜੇ ਹੋਏ ਹਨ, ਇਹੀ ਸਾਡਾ ਵਿਰਸਾ ਅਤੇ ਸਰਮਾਇਆ ਹੈ।

ਸਿਕਲੀਗਰ ਜੋ ਮੱਧ ਪ੍ਰਦੇਸ਼, ਰਾਜਸਥਾਨ ਅਤੇ ਦਿੱਲੀ ਵਿੱਚ ਰਹਿੰਦੇ ਹਨ ਉਨ੍ਹਾਂ ਦੀ ਆਪਣੀਆਂ ਜੜ੍ਹਾਂ ਰਾਜਸਥਾਨ ਤੋਂ ਜੁੜੀਆਂ ਪ੍ਰਤੀਤ ਹੁੰਦੀਆਂ ਹਨ ਭਾਵੇਂ ਇਹ ਸੋਚ ਸਿਰਫ ਅੰਗਰੇਜ਼ੀ ਹਕੂਮਤ ਤੋਂ ਪਹਿਲਾਂ ਅਤੇ ਬਾਅਦ ਦੇ ਸਮਿਆਂ ਦੀ ਜਾਣਕਾਰੀ ਤੱਕ ਸੀਮਤ ਹੈ।

ਇਸ ਲਈ ਇਹ ਕਹਿਣਾ ਸਹੀ ਹੈ ਕਿ ਸਿਕਲੀਗਰ ਰਵਾਇਤੀ ਤੌਰ ਤੇ ਹਥਿਆਰ

ਪਾਲਿਸ਼ ਕਰਨ ਵਾਲੇ ਅਤੇ ਹਥਿਆਰ ਬਣਾਉਣ ਵਾਲੇ ਸਨ। ਇਹ ਸਿੱਖੀ ਵਿਚਾਰਾਂ ਤੋਂ ਪ੍ਰਭਾਵਿਤ ਸਨ। ਟੱਪਰੀਵਾਸਾਂ ਦੀ ਜ਼ਿੰਦਗੀ ਜਿਊਂਦੇ ਹੋਏ ਵੀ ਇਨ੍ਹਾਂ ਨੇ ਸਿੱਖੀ ਨੂੰ ਅਪਣਾਈ ਰੱਖਿਆ।

ਮਸ਼ਹੂਰ ਇਤਿਹਸਕਾਰ, ਲੇਖਕ ਅਤੇ ਹਮਰਾਹੀ, ਹੈਦਰਾਬਾਦ ਨਿਵਾਸੀ ਨਾਨਕ ਸਿੰਘ 'ਨਿਸ਼ਤਰ' ਦਾ ਕਹਿਣਾ ਹੈ ਕਿ, "ਕਈ ਪੀੜ੍ਹੀਆਂ ਤੋਂ ਉਹ ਹਥਿਆਰ ਬਣਾਉਂਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਪੁੰਨਤਾ ਦੂਰ-ਦੂਰ ਤੱਕ ਜਾਣੀ ਜਾਂਦੀ ਸੀ। ਯੁੱਧ ਦੇ ਤਕਨੀਕੀ ਬਦਲਾਵ ਦੇ ਨਾਲ, ਨਵੇਂ ਹਥਿਆਰ ਅਤੇ ਜੰਗੀ ਸਮਾਨ ਦੀ ਵਰਤੋਂ ਅਤੇ ਆਮ ਹਥਿਆਰ ਬਣਾਉਣ ਤੇ ਸਖਤ ਪਾਬੰਦੀ ਨੇ ਇਨ੍ਹਾਂ ਨੂੰ ਅੱਜ ਘਰੇਲੂ-ਵਰਤੋਂ ਵਿੱਚ ਆਉਣ ਵਾਲੇ ਭਾਂਡੇ ਆਦਿ ਬਨਾਉਣ ਲਈ ਮਜ਼ਬੂਰ ਕਰ ਦਿੱਤਾ ਹੈ।"

**ਅੰਗਰੇਜ ਹਕੂਮਤ ਵੇਲੇ ਸਿਕਲੀਗਰ ਸਿੱਖ:**

ਸਿਕਲੀਗਰ ਸਿੱਖਾਂ ਦੇ ਹਥਿਆਰ ਬਨਾਉਣ ਦਾ ਹੁਨਰ ਅਤੇ ਟੱਪਰੀਵਾਸਪੁਣਾ ਅੰਗਰੇਜ਼ਾਂ ਦੀ ਅੱਖ ਵਿੱਚ ਹਮੇਸ਼ਾਂ ਰੜਕਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ 'ਚ ਜਾਂ ਉਸਤੋਂ ਵੀ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਸਿਕਲੀਗਰ ਸਿੱਖਾਂ ਦਾ ਰੁਤਬਾ ਜ਼ਾਂ ਹੈਸੀਅਤ ਕੀ ਸੀ ਇਸ ਬਾਰੇ ਬਹੁਤਾ ਚਾਨਣਾ ਮੈਂ ਨਹੀਂ ਪਾ ਸਕਦਾ ਤੇ ਨਾਲ ਹੀ ਦੱਸਣਾ ਚਾਹੁੰਦਾਂ ਹੈ ਕਿ ਹੱਲੇ ਤੱਕ ਇਤਿਹਾਸਕਾਰਾਂ ਵੱਲੋਂ ਵੀ ਇਸ ਸਮੇਂ ਬਾਰੇ ਲਿਖਿਆ ਮੈਨੂੰ ਕੁਝ ਨਹੀਂ ਮਿਲਿਆ ਹੈ। ਪਰ ਕੁਝ ਬਜ਼ੁਰਗ ਸਿੱਖ ਸਿਕਲੀਗਰ ਸਿੱਖ ਜਿਨ੍ਹਾਂ ਨੂੰ ਮੈਂ ਲੁਧਿਆਣਾ, ਅਲਵਰ ਅਤੇ ਦਿੱਲੀ ਵਿੱਚ ਸੁਲਤਾਨਪੁਰੀ ਵਿਖੇ ਮਿਲਿਆ ਤੇ ਉਨ੍ਹਾਂ ਨਾਲ ਗੱਲ-ਬਾਤ ਕਰਨ 'ਤੇ ਇਹ ਪਤਾ ਲੱਗਾ ਕਿ ਬਹੁਤ ਸਾਰੇ ਸਿਕਲੀਗਰ ਅੱਜ ਦੇ ਪਾਕਿਸਤਾਨ ਵਿੱਚ ਸਥਿਤ ਮੁਲਤਾਨ ਅਤੇ ਸਿੰਧ ਇਲਾਕਿਆਂ ਵਿੱਚ ਰਹਿਣ ਵਾਲੇ ਸਨ।

ਸਿੰਧ ਦੇ ਪਿੰਡਾਂ ਤੋਂ ਹਿਜਰਤ ਕਰਕੇ ਆਏ ਕੁਝ ਬਜ਼ੁਰਗ ਸਿੱਖ ਪ੍ਰਵਾਸੀ ਆਪਣੀ ਭਾਸ਼ਾ ਤੋਂ ਇਲਾਵਾ ਬਹੁਤ ਤੇਜੀ ਨਾਲ ਅਤੇ ਵਧੀਆਂ ਸਿੰਧੀ ਬੋਲਦੇ ਹਨ।ਸੁਲਤਾਨਪੁਰੀ ਦਿੱਲੀ ਵਿੱਚ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ 90 ਸਾਲਾ ਨਿਹਾਲ ਸਿੰਘ, ਅਲਵਰ ਦੇ 82 ਸਾਲਾ ਹਰਗੁਣ ਸਿੰਘ ਦੋਨੋਂ ਆਪਣੀਆਂ ਯਾਤਰਾਵਾਂ ਦੀਆਂ ਮਜ਼ੇਦਾਰ ਕਹਾਣੀਆਂ ਸੁਣਾਉਂਦੇ ਹਨ। ਹਰਗੁਣ ਸਿੰਘ ਨੂੰ ਆਪਣੇ ਦਾਦਾ ਅਤੇ ਪੜਦਾਦਾ ਤੱਕ ਅੱਠ ਪੀੜੀਆਂ ਦੇ ਨਾਮ ਪਤਾ ਹਨ -ਘਰੀਬ ਸਿੰਘ, ਹਰੀ ਸਿੰਘ, ਬੋਜਾ ਸਿੰਘ, ਨਿਘਾਈਆਂ ਸਿਓ, ਛੱਤਰ ਸਿਓ, ਪੂਲਾ ਸਿਓ ਅਤੇ ਫਿਰ ਭਰਤੁ ਜੋ ਕਿ ਸਿਕਲੀਗਰ ਕਦੋਂ ਸਿੱਖ ਬਣੇ ਦਾ ਪਰਤੱਖ ਪਰਮਾਣ ਹੈ।

**ਅੰਗਰੇਜ਼ ਹਕੂਮਤ ਤੋਂ ਬਾਅਦ ਦੇ ਸਮੇਂ ਦੇ ਸਿਕਲੀਗਰ ਸਿੱਖ:**

ਅੰਗਰੇਜ਼ ਹਕੂਮਤ ਦੀ ਪੁਲਿਸ ਸ਼ਿਕਾਰੀ ਕੁੱਤਿਆਂ ਵਾਂਗੂੰ ਸਿਕਲੀਗਰ ਸਿੱਖਾਂ ਦੀ ਭਾਲ ਕਰਕੇ ਉਨ੍ਹਾਂ ਨੂੰ ਪ੍ਰੇਸ਼ਾਨ ਕਰਦੀ ਸੀ। ਇਸ ਤੋਂ ਬਚਣ ਲਈ ਅਤੇ ਹਥਿਆਰ ਬਣਾਉਣ ਦੀ ਨਿਪੁੰਨਤਾ ਕਰਕੇ, ਕੰਮ ਦੀ ਭਾਲ ਕਰਨ ਲਈ ਸਿਕਲੀਗਰਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਮਜ਼ਬੂਰ ਹੋਣਾ ਪਿਆ। ਉਹ ਸਿੱਖ ਜੋ ਹਥਿਆਰ ਵੀ ਨਹੀਂ ਸੀ ਬਣਾਓਂਦੇ ਉਹ ਵੀ ਇੱਕ ਥਾਂ ਤੋਂ ਦੂਜੀ ਥਾਂ ਤੱਕ ਘੁੰਮਦੇ ਸਨ ਕਿਉਂਕਿ ਉਨ੍ਹਾਂ ਕੋਲ ਕੋਈ ਸਥਾਈ ਤੌਰ 'ਤੇ

# ਸਿਕਲੀਗਰਾਂ ਦੇ ਇਤਿਹਾਸ ਅਤੇ ਵਿਦਿਆ ਨੂੰ ਸਮਰਪਤ ਏ ਲਿਟਲ ਹੈਪੀਨੈਸ ਫਾਊਂਡੇਸ਼ਨ




8 ਸਾਲ ਪਹਿਲਾਂ ਅਮਰੀਕਾ ਨਿਵਾਸੀ ਮਨਦੀਪ ਸਿੰਘ ਸੇਠੀ ਨੇ ਕੈਨੇਡਾ ਨਿਵਾਸੀ ਬੀਬੀ ਸਮਨ ਬਰਾੜ ਦੇ ਸਾਥ ਨਾਲ ਅਲਵਰ ਅਤੇ ਆਗਰਾ ਦੇ ਸਿਕਲੀਗਰਾਂ 'ਤੇ ਇੱਕ ਡਾਕੂਮੈਂਟਰੀ 'ਸਿਕਲੀਗਰ' ਤਿਆਰ ਕੀਤੀ। ਇਸ ਨੂੰ ਵੈਬਸਾਈਟ www.alittlehappiness.org ਅਤੇ youtube 'ਤੇ ਦੇਖਿਆ ਜਾ ਸਕਦਾ ਹੈ।



ਗਵਾਲੀਅਰ ਡੇਰੇ ਤੋਂ ਸਿਕਲੀਗਰ ਬੱਚੀਆਂ ਦਿਪਤੀ ਕੌਰ, ਕਲਪਨਾ ਕੌਰ ਅਤੇ ਸੀਮਾ ਕੌਰ



ਪਨਵਾਰੀ, ਆਗਰਾ ਡੇਰੇ ਤੋਂ ਸਿਕਲੀਗਰ ਬੱਚੀਆਂ ਆਰਤੀ ਕੌਰ, ਨਤਾਸ਼ਾ ਕੌਰ ਅਤੇ ਆਰਤੀ ਕੌਰ

ਇਹਨਾਂ ਸਿਕਲੀਗਰ ਬੱਚੀਆਂ ਨੂੰ ਏ ਲਿਟਲ ਹੈਪੀਨੈਸ ਫਾਊਂਡੇਸ਼ਨ ਨੇ ਪਹਿਲੀ ਜਮਾਤ ਤੋਂ ਪੜ੍ਹਾਉਣਾ ਸ਼ੁਰੂ ਕੀਤਾ। ਗਵਾਲੀਅਰ ਦੀਆਂ ਬੱਚੀਆਂ ਨੇ 12ਵੀਂ ਬਹੁਤ ਵਧੀਆ ਨੰਬਰਾਂ ਨਾਲ ਪਾਸ ਕਰ ਕਾਲਜ ਵਿੱਚ ਦਾਖਲਾ ਲਿਆ ਹੈ। ਪਨਾਵਾਰੀ ਦੀਆਂ ਬੱਚੀਆਂ ਨੇ ਡਿਸਟਿੰਕਸ਼ਨ ਨੰਬਰਾਂ ਨਾਲ ਦਸਵੀਂ ਪਾਸ ਕੀਤੀ ਹੈ ਅਤੇ ਅਗਲੇਰੀ ਪੜ੍ਹਾਈ ਦੀ ਤਿਆਰੀ ਵਿੱਚ ਹਨ।



ਸਿਕਲੀਗਰ ਬੱਚਿਆਂ ਨੂੰ ਸਮਰੱਥ ਬਨਾਉਣ ਲਈ ਨੌਜਵਾਨ ਸਿਕਲੀਗਰ ਬੱਚੇ-ਬੱਚੀਆਂ ਨੂੰ ਜੱਥੇਬੰਦੀ ਸਹਾਇਤਾ ਅਤੇ ਏ ਲਿਟਲ ਹੈਪੀਨੈਸ ਫਾਊਂਡੇਸ਼ਨ ਯੂ. ਐਸ. ਏ. ਦੇ ਸਹਿਯੋਗ ਨਾਲ ਜਲੰਧਰ ਰਿਹਾਇਸ਼ੀ ਟਰੇਨਿੰਗ ਦੌਰਾਨ ਲੈਪਟੌਪ ਵੰਡੇ ਗਏ।

# ਸਿਕਲੀਗਰ ਬਰਾਦਰੀ ਦੇ ਹੀਰੇ



ਇਹ ਹੀਰਾ ਗਵਾਚ ਗਿਆ। ਸਿਕਲੀਗਰ ਬਰਾਦਰੀ ਦਾ ਪਹਿਲਾ Bachelor of Social Work (BSW) ਅਲਵਰ ਵਾਸੀ ਹਰਵਿੰਦਰ ਸਿੰਘ ਏ ਲਿਟਲ ਹੈਪੀਨੈਸ ਫਾਊਂਡੇਸ਼ਨ ਦਾ ਥੰਮ ਸੀ, ਜਿਸ ਨੇ ਸਿਕਲੀਗਰਾਂ ਲਈ ਸਮਾਜ ਸੇਵਾ ਕਰਨ ਵਾਲਿਆਂ ਦੀ ਫੌਜ ਅਤੇ ਉਨ੍ਹਾਂ ਲਈ ਯੂਨੀਵਰਸਿਟੀ ਬਨਾਉਣ ਦਾ ਸੁਪਨਾ ਲਿਆ ਸੀ। ਅਕਾਲਪੁਰਖ ਦੇ ਭਾਣੇ ਵਿੱਚ ਸੰਨ 2017 ਵਿੱਚ ਛੋਟੀ ਉਮਰ 'ਚ ਹੀ ਉਹ ਸਾਨੂੰ ਅਲਵਿਦਾ ਕਹਿ ਗਿਆ। ਹਰਵਿੰਦਰ ਸਿੰਘ ਦੀ ਯਾਦ ਵਿੱਚ ਹਰ ਸਾਲ ਹੋਣਹਾਰ ਸਿਕਲੀਗਰ ਵਿਦਿਆਰਥੀ ਨੂੰ ਉਚੇਰੀ ਵਿਦਿਆ ਲਈ ਵਜ਼ੀਫਾ ਦਿੱਤਾ ਜਾਂਦਾ ਹੈ।



ਏ ਲਿਟਲ ਹੈਪੀਨੈਸ ਫਾਊਂਡੇਸ਼ਨ ਨੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਜੀ ਦੇ ਸਹਿਯੋਗ ਨਾਲ ਉਨ੍ਹਾਂ ਦੇ ਤਰਨ ਤਾਰਨ ਵਿਖੇ ਸਕੂਲ ਵਿੱਚ ਨੌਜਵਾਨ ਸਿਕਲੀਗਰ ਬੱਚੇ ਬੱਚੀਆਂ ਦਾ 2 ਸਾਲਾ ਰਿਹਾਇਸ਼ੀ ਟਰੇਨਿੰਗ ਕੈਂਪ ਲਗਾਇਆ। ਇਸ ਤਸਵੀਰ ਵਿੱਚ ਬੱਚਿਆਂ ਨੂੰ ਅਸੀਸ ਦੇਣ ਅਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕਰਨ ਪਹੁੰਚੇ ਮਸ਼ਹੂਰ ਮੈਰਾਥਨ ਦੌੜਾਕ, ਇੰਗਲੈਂਡ ਨਿਵਾਸੀ 103 ਸਾਲਾ ਫੌਜਾ ਸਿੰਘ ਜੀ।



ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਚੇਨਈ ਵਿਖੇ ਉਚੇਰੀ ਵਿਦਿਆ ਪ੍ਰਾਪਤ ਕਰਦੇ ਹੋਏ ਸਿਕਲੀਗਰ ਅਤੇ ਹੋਰ ਲੋੜਵੰਦ ਵਿਦਿਆਰਥੀ



ਕਾਨਪੁਰ ਤੋਂ ਆਏ ਲੁਧਿਆਣਾ ਵੱਸੇ ਜਤਿੰਦਰ ਸਿੰਘ ਡਾਈ ਮੇਕਰ



ਜੈਪੁਰ ਵਾਸੀ ਕਮਲਜੀਤ ਸਿੰਘ ਭਵਿੱਖ ਦਾ ਪਹਿਲਾ ਸਿਕਲੀਗਰ ਪੱਤਰਕਾਰ

ਮਕਾਨ, ਸਰਮਾਇਆ ਨਹੀਂ ਸੀ ਹੁੰਦਾ। ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਅੰਗਰੇਜ਼ਾਂ ਨੇ ਕ੍ਰਿਮਿਨਲ ਟਰਾਈਬਸ ਐਕਟ 1871 ਦੇ ਤਹਿਤ ਸਿਕਲੀਗਰਾਂ ਨੂੰ ਅਪਰਾਧੀ ਕਬੀਲਾ (ਕ੍ਰਿਮਿਨਲ ਟਰਾਈਬ) ਕਰਾਰ ਕਰ ਦਿੱਤਾ ਸੀ। ਇਹ ਸੱਚਾਈ ਨਹੀਂ ਹੈ।

ਸ਼ੇਰ ਸਿੰਘ ਸ਼ੇਰ ਨੇ ਆਪਣੀ ਕਿਤਾਬ 'ਸਿਕਲੀਗਰਜ਼ ਆਫ ਪੰਜਾਬ 'ਚ ਇਹ ਬਿਆਨ ਕੀਤਾ ਹੈ ਕਿ ਸਿਕਲੀਗਰਾਂ ਦੀ ਇਹੀ ਖੁਸ਼ਕਿਸਮਤੀ ਸੀ ਕਿ ਉਨ੍ਹਾਂ ਨੂੰ ਅੰਗਰੇਜ਼ਾਂ ਨੇ ਤੰਗ ਪਰੇਸ਼ਾਨ ਤਾਂ ਖੂਬ ਕੀਤਾ, ਇੱਕ ਥਾਂ ਤੇ ਵਸਣ ਨਹੀਂ ਦਿੱਤਾ, ਪਰ ਉਨ੍ਹਾਂ ਨੂੰ ਜ਼ਰਾਇਮ ਪੇਸ਼ਾਂ ਕੌਮ ਨਹੀਂ ਐਲਾਨਿਆ। ਦਾਸ ਨੇ ਵੀ ਇਸ ਕਾਨੂੰਨ ਨੂੰ ਵਾਚਿਆ ਹੈ ਅਤੇ ਇਹ ਗੱਲ ਬਿਲਕੁਲ ਠੀਕ ਹੈ। ਮੈਂ ਇੱਥੇ ਇਹ ਦੱਸਣਾ ਚਾਹਾਂਗਾ ਕਿ ਮਹਾਂਰਾਸ਼ਟਰ ਦੇ ਸੋਲਾਪੁਰ ਕਸਬੇ ਵਿੱਚ ਕਈ ਟੱਪਰੀਵਾਸ (nomadic) ਕਬੀਲੇ ਦੇ ਸਰਕਾਰੀ ਸਰਟੀਫੀਕੇਟ ਮੈਂ ਦੇਖੇ ਹਨ।

ਅਲਵਰ ਅਤੇ ਸੁਲਤਾਨਪੁਰ ਦਿੱਲੀ ਵਿਖੇ ਰਹਿ ਰਹੇ ਸਿਕਲੀਗਰ ਸਿੱਖ, ਪਾਕਿਸਤਾਨ ਵਿੱਚੋਂ ਮੀਰਪੁਰ, ਸਿੰਧ ਤੋਂ ਆਏ ਹਨ। ਸਾਧੂ ਸਿੰਘ ਪੁੱਤਰ ਵੀਰ ਸਿੰਘ ਪੁੱਤਰ ਦਿੱਤਾ ਸਿੰਘ ਪੁੱਤਰ ਨਿਹਾਲ ਸਿੰਘ -ਬਜ਼ੁਰਗ ਗ੍ਰੰਥੀ, ਨੇ ਆਪਣੇ ਪੁੱਤਰ ਨਾਲ ਆਪਣੀ ਜਾਨ ਖਤਰੇ ਵਿੱਚ ਪਾ ਕੇ 1 ਨਵੰਬਰ 1984 ਨੂੰ ਸਿੱਖਾਂ ਖਿਲਾਫ ਹੋਏ ਕਤਲੇਆਮ ਦੋਰਾਨ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਸਰੂਪ ਬਚਾਏ ਸਨ।

ਬਜ਼ੁਰਗ ਸਿੱਖ ਨੇ ਮੈਨੂੰ ਦੱਸਿਆ ਕਿ ਬਟਵਾਰੇ ਤੋਂ ਬਾਅਦ ਵੀ ਉਹ ਪਾਕਿਸਤਾਨ ਵਿਚ ਇੱਕ ਥਾਂ 'ਤੇ ਇੱਕ ਸਾਲ ਰਹੇ (ਬਜ਼ੁਰਗ ਜਗ੍ਹਾਂ ਦਾ ਨਾਂ ਭੁਲ ਚੁਕਾ ਸੀ) ਕਿਉਂਕਿ ਉਥੋਂ ਦਾ ਮੁਸਲਮਾਨ ਆਗੂ ਬਹੁਤ ਪਰਉਪਕਾਰੀ ਬੰਦਾ ਸੀ। ਜਦ ਮੁਸਲਿਮ ਆਗੂ -ਸਯੀਅਦ ਚੌਧਰੀ, ਜਿਸ ਕੋਲ ਬਹੁਤ ਸਾਰੀ ਜ਼ਮੀਨ-ਜਾਇਦਾਦ ਸੀ ਅਤੇ ਉਹ ਉਨ੍ਹਾਂ ਨੂੰ ਕਿਹਾ ਕਰਦਾ ਸੀ ਕਿ 50 ਕੋਸ ਤੱਕ ਕੋਈ ਤੁਹਾਨੂੰ ਹੱਥ ਵੀ ਨਹੀਂ ਲਗਾ ਸਕਦਾ, ਦੀ ਮੌਤ ਹੋ ਗਈ ਤਾਂ ਉਨ੍ਹਾਂ ਨੂੰ ਇਹ ਅਹਿਸਾਸ ਹੋਇਆ ਕਿ ਹੁਣ ਹਾਲਾਤ ਠੀਕ ਨਹੀ ਰਹਿਣੇ, ਇਸ ਲਈ ਉਹ ਉਥੋਂ ਆ ਗਏ।

ਅਗਲੇਰੀ ਕਹਾਣੀ ਦਿਲਸਪ ਹੈ। ਸਮੁੰਦਰੀ ਜਹਾਜ਼ ਰਾਹੀ ਪਹਿਲਾਂ ਸਿੰਧ ਤੋਂ ਕਰਾਚੀ ਤੱਕ, ਫਿਰ ਕਰਾਚੀ ਤੋਂ ਮੁੰਬਈ ਤੱਕ। ਮੁੰਬਈ ਵਿੱਚ 17 ਸਾਲਾ ਨਿਹਾਲ ਸਿੰਘ ਆਪਣੀ ਘਰਵਾਲੀ ਹਾਜਰਾ ਕੌਰ ਨਾਲ 3-4 ਮਹੀਨੇ ਕਲਯਾਨ ਮੁੜਵਸੇਬਾ ਕੈਂਪ'ਚ ਰਹੇ। ਫਿਰ ਉਨ੍ਹਾਂ ਦਾ ਕਬੀਲਾ ਵੰਡਿਆ ਗਿਆ, ਕੋਈ ਮੁੰਬਈ ਦੇ ਆਸ-ਪਾਸ ਵੱਸ ਗਏ ਅਤੇ ਬਾਕੀ ਜੋਧਪੁਰ, ਜੈਪੁਰ, (ਇੱਥੇ ਕਰੀਬ 8 ਕੁ ਮਹੀਨੇ ਤੱਕ ਰਹੇ) ਅਤੇ ਅਖੀਰ ਅਲਵਰ ਵਿੱਚ ਵੱਸ ਗਏ। ਇੱਥੇ ਇਨ੍ਹਾਂ ਨੂੰ ਸਰਕਾਰ ਵੱਲੋਂ ਹਰ ਇੱਕ ਪਰਿਵਾਰ ਨੂੰ 16 ਏਕੜ ਜਮੀਨ ਦਿੱਤੀ ਗਈ ਜੋ ਜ਼ਮੀਨਾਂ ਉਨ੍ਹਾਂ ਮੁਸਲਮਾਨਾਂ ਦੀਆਂ ਸੀ ਜੋ ਵੰਡ ਦੇ ਦੌਰਾਨ ਉਨਾਂ ਜਮੀਨਾਂ ਨੂੰ ਛੱਡ ਕੇ ਚਲੇ ਗਏ ਸੀ। ਅਲਵਰ ਦੇ ਪਿੰਡਾਂ ਦੇ ਅਣਸੁਖਾਵੇਂ ਹਾਲਾਤਾਂ ਅਤੇ ਖੇਤੀ ਬਾਰੇ ਬਿਲਕੁਲ ਜਾਣਕਾਰੀ ਨਾ ਹੋਣ ਕਰ ਕੇ ਬਹੁਤੇ ਸਿਕਲੀਗਰ ਜ਼ਮੀਨਾਂ ਵੇਚ ਕੇ ਜ਼ਾਂ ਛੱਡ ਕੇ ਇਧਰ-ਉਧਰ ਚਲੇ ਗਏ।

ਅਨੋਖੀ ਗੱਲ ਇਹ ਹੈ ਕਿ ਨਿਹਾਲ ਸਿੰਘ ਨੇ ਮੈਨੂੰ ਦੱਸਿਆ ਕਿ ਜਦੋਂ ਉਹ ਸਿੰਧ ਵਿੱਚ

ਰਹਿੰਦੇ ਸੀ ਤਾਂ ਉਹ ਠੇਕੇ ਤੇ ਵਾਹੀ ਕਰਦਾ ਸੀ। ਇਧਰ-ਉਧਰ ਘੁੰਮਣ ਤੋਂ ਬਾਅਦ ਉਹ ਦਿੱਲੀ ਵੱਸ ਗਏ। ਉਨ੍ਹਾਂ ਅਤੇ ਉਨ੍ਹਾਂ ਦੀ ਪਤਨੀ ਨੇ ਹੋਰ ਅਨੇਕਾਂ ਸਿੱਖਾਂ ਦੇ ਨਾਲ ਮਾਸਟਰ ਤਾਰਾ ਸਿੰਘ ਵੱਲੋਂ ਬੰਗਲਾ ਸਾਹਿਬ ਗੁਰਦੁਆਰੇ ਵਿੱਚ ਅੰਮ੍ਰਿਤ ਪ੍ਰਚਾਰ ਸਮਾਗਮ ਵਿੱਚ ਅੰਮ੍ਰਿਤ ਛਕਿਆ। ਉਹ ਦਿੱਲੀ ਦੇ ਪ੍ਰੇਮ ਨਗਰ ਅਤੇ ਅਨੰਦ ਪ੍ਰਬਤ ਨਗਰ ਦੇ ਇਲਾਕਿਆ ਵਿੱਚ ਵੱਸ ਗਏ ਤੇ 1977 ਵਿੱਚ ਕਬੂਤਰਖਾਨੇ ਵਰਗੇ ਘਰ ਸੁਲਤਾਨਪੁਰੀ ਵਿਖੇ ਅਲਾਟ ਕੀਤੇ ਗਏ। ਨਵੰਬਰ 1984 ਵਿੱਚ ਕਈਆਂ ਕੋਲੋਂ ਉਹ ਵੀ ਖੁੱਸ ਗਏ। ਕੁਝ ਲੋਕ ਤਾਂ ਮਾਰੇ ਗਏ ਅਤੇ ਕੁਝ ਉਜੜ ਗਏ।

ਨਿਹਾਲ ਸਿੰਘ ਨੇ ਮੈਨੂੰ ਦੱਸਿਆ ਕਿ ਸਿੰਧ ਤੋਂ ਲੈ ਕੇ ਪ੍ਰੇਮ ਨਗਰ, ਦਿੱਲੀ ਵਿੱਚ ਕਦੇ ਵੀ ਪੱਕੇ ਘਰ ਨਹੀਂ ਮਿਲੇ ਤੇ ਉਹ ਭਟਕਦੇ ਹੀ ਰਹੇ। ਉਸ ਨੇ ਕਿਹਾ ਕਿ ਉਨ੍ਹਾਂ ਦੇ ਬਜ਼ੁਰਗ ਪੰਜਾਬ ਤੋਂ ਰਾਜਸਥਾਨ ਚਲੇ ਗਏ ਹੋਰ ਕਿਤੇ ਨਹੀਂ ਗਏ ਪਰ ਉਹ ਇਸ ਬਾਰੇ ਯਕੀਨ ਨਾਲ ਨਹੀ ਸੀ ਕਹਿ ਸਕਦਾ। ਇਸ ਪਹਿਲੂ ਦੀ ਪੜਤਾਲ ਦੀ ਜਰੂਰਤ ਹੈ। ਦੂਸਰਾ ਧਿਆਨ ਯੋਗ ਸੱਚ ਇਹ ਹੈ ਕਿ ਉਹ ਪੂਰੇ ਮਾਣ ਨਾਲ ਬਿਆਨ ਕਰਦਾ ਹੈ ਕਿ ਉਸ ਦੇ ਮਾਮੇ ਨੇ ਉਸਨੂੰ ਗੁਰਮੁਖੀ ਅਤੇ ਪੰਜਾਬੀ ਸਿਖਾਈ ਅਤੇ ਉਸਦੇ 4 ਪੁੱਤਰ ਕੀਰਤਨ ਕਰਨ ਵਿੱਚ ਮਾਹਿਰ ਸਨ ਜੋ ਕਿ ਹਰਮੋਨੀਅਮ ਅਤੇ ਤਬਲਾ ਵਜਾਉਂਦੇ ਹਨ ਜਦ ਕਿ ਉਹ ਕੋਈ ਪੇਸ਼ੇਵਰ ਕੀਰਤਨੀਏ ਨਹੀਂ ਹਨ। ਉਸ ਦੇ ਮੁਤਾਬਕ ਕੋਈ 80 ਨਾਲੋਂ ਜਿਆਦਾ ਸਿਕਲੀਗਰ ਸਿੱਖ ਸੁਲਤਾਨਪੁਰੀ ਦੇ 'ਏ' ਬਲਾਕ ਵਿੱਚ ਨਵੰਬਰ 1984 ਵਿੱਚ ਮਾਰੇ ਗਏ ਸਨ।

ਮੈਂ ਇਹ ਵੀ ਜਾਣਿਆ ਕਿ ਸੁਲਤਾਨਪੁਰੀ ਦੇ ਰਹਿਣ ਵਾਲੇ ਕੁਝ ਸਿਕਲੀਗਰ ਅੱਜ ਵੀ ਆਪਣੀਆਂ ਅਲਵਰ ਦੀਆਂ ਜ਼ਮੀਨਾਂ ਦੇ ਕੇਸ ਲੜ ਰਹੇ ਹਨ ਜਿਨ੍ਹਾਂ ਨੂੰ ਧੱਕੇ ਨਾਲ ਸ਼ਰਾਰਤੀ ਅਨਸਰ ਅਤੇ ਸਰਕਾਰ ਦੇ ਕੁਝ ਮਹਿਕਮਿਆਂ ਨੇ ਹੜੱਪਿਆ ਹੋਇਆ ਹੈ।

**ਸਿਕਲੀਗਰ ਸਿੱਖਾਂ ਦੀ ਬੋਲੀ:**

ਸਿਕਲੀਗਰ ਸਿੱਖਾਂ ਦੀ ਬੋਲੀ ਕਮਾਲ ਦੀ ਹੈ। ਇਹ ਬਹੁ-ਭਾਸ਼ੀ ਜੱਥਾ ਹੈ। ਮੈਂ ਦੇਖਿਆ ਕਿ ਇਹ ਜਿੱਥੇ ਰਹਿੰਦੇ ਹਨ ਉਥੋਂ ਦੀ ਜ਼ੁਬਾਨ ਬੋਲਦੇ ਹਨ, ਹਿੰਦੀ ਬੋਲਦੇ ਹਨ, ਗੁਰਮੁਖੀ ਵਿੱਚ ਪਾਠ ਕਰਦੇ ਹਨ, ਆਪਣੀ ਸਿਕਲੀਗਰੀ ਅਤੇ 'ਲੁਕਵੀਂ' ਜ਼ੁਬਾਨ'ਚ ਵੀ ਆਪਸ ਵਿੱਚ ਬੋਲਦੇ ਹਨ। ਘਰ ਦੇ ਅੰਦਰ ਜ਼ਾ ਬਾਹਰ ਪਰਿਵਾਰ ਤੇ ਕੁਨਬੇ ਨਾਲ ਉਹ ਸਿਕਲੀਗਰੀ ਭਾਸ਼ਾ ਹੀ ਬੋਲਦੇ ਹਨ। ਮੈਂ ਸਮਝਿਆ ਹੈ ਕਿ ਇਹ ਬੋਲੀ ਜਾਣ ਵਾਲੀ ਭਾਸ਼ਾ ਸਿਕਲੀਗਰ ਸਿੱਖਾਂ ਦੇ ਵਿੱਚ ਆਮ ਜੋੜਨ ਵਾਲੀ ਕੜੀ ਹੈ। ਇਹ ਭਾਸ਼ਾ ਮਾਰਵਾੜੀ ਭਾਸ਼ਾ, ਪੰਜਾਬੀ, ਹਿੰਦੀ ਤੇ ਲੋਕਲ ਭਾਸ਼ਾ ਦਾ ਮਿਸ਼ਰਣ ਹੈ। ਮੇਰਾ ਅੰਦਾਜਾ ਹੈ ਕਿ ਇਹ 70 ਫੀਸਦੀ ਮਾਰਵਾੜੀ, ਕੁਝ 10 ਤੋਂ 15 ਫੀਸਦੀ ਹਿੰਦੀ ਅਤੇ ਬਾਕੀ ਪੰਜਾਬੀ ਹੈ, ਜਿਸ ਵਿੱਚ ਪੰਜਾਬੀ ਦੇ ਅੱਖਰ ਗੁਰਬਾਣੀ ਵਿੱਚੋਂ ਲਏ ਗਏ ਹਨ।

ਉਨ੍ਹਾਂ ਵਿਚੋਂ ਉਹ, ਜੋ ਕੁਝ ਸੁਲਤਾਨਪੁਰੀ ਜਾਂ ਅਲਵਰ ਵਾਲੇ ਸਿਕਲੀਗਰ ਹਨ, ਉਨ੍ਹਾਂ ਦੀ ਜ਼ੁਬਾਨ ਵਿੱਚ ਸਿੰਧੀ ਲਫਜ਼ਾਂ ਦੀ ਝਲਕ ਮਿਲਦੀ ਹੈ। ਲੁਧਿਆਣਾ ਵਿੱਚ ਰਹਿੰਦੇ ਕੁਝ ਸਿਕਲੀਗਰਾਂ ਦੀ ਜ਼ੁਬਾਨ ਵਿੱਚ ਮੁਲਤਾਨੀ ਦਾ ਅਸਰ ਵੇਖਣ ਨੂੰ ਮਿਲਿਆ ਸੀ।

ਸਿਕਲੀਗਰ ਸਿੱਖਾਂ ਦੀ ਜ਼ੁਬਾਨ ਬਾਰੇ ਇੱਕ ਹੋਰ ਕਾਬਲੇ ਗੌਰ ਗੱਲ ਇਹ ਹੈ ਕਿ ਉਹ ਆਪਣੀ ਇੱਕ ਹੋਰ ਜ਼ੁਬਾਨ ਨੂੰ 'ਲੁਕਵੀਂ (secret) ਕੋਡ ਜ਼ੁਬਾਨ' ਦਸਦੇ ਹਨ। ਇਸ ਭਾਸ਼ਾ ਨੂੰ 'ਪਾਰਸੀ' ਕਹਿੰਦੇ ਹਨ। ਜਿਹੜੇ ਸਿਕਲੀਗਰ ਨਹੀਂ ਹਨ, ਉਹ ਇਸ ਨੂੰ ਸਮਝ ਨਹੀਂ ਸਕਦੇ। ਮੈਂ ਇਸ ਨੂੰ ਰਿਕਾਰਡ ਕੀਤਾ ਅਤੇ ਬਿਨਾਂ ਕੁਝ ਸਮਝੇ ਹੋਏ ਵਾਰ-ਵਾਰ ਚਲਾ ਕੇ ਸੁਣਿਆ। ਸਿਕਲੀਗਰ ਸਿੱਖਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਜ਼ੁਬਾਨ ਕਈ ਸਦੀਆਂ ਪਹਿਲਾਂ ਹਥਿਆਰ ਬਣਾਉਣ ਦੇ ਕੰਮ ਕਾਜ ਵਿੱਚ ਦੁਸ਼ਮਣ ਤੋਂ ਬਚਣ ਲਈ ਬਹੁਤ ਕੰਮ ਆਉਂਦੀ ਸੀ। ਮਾਨਯੋਗ ਇਤਿਹਾਸਕਾਰ ਡਾ. ਹਿਮਦਾਰੀ ਬੈਨਰਜੀ ਨੇ ਮੈਨੂੰ ਕਿਹਾ ਹੈ ਕਿ "ਸਿਕਲੀਗਰਾਂ ਦੀ ਭਾਸ਼ਾ ਅਸਲ ਵਿੱਚ ਉਨ੍ਹਾਂ ਦਾ ਅੰਦਰੂਨੀ ਹਥਿਆਰ ਅਤੇ ਉਨ੍ਹਾਂ ਦਾ ਸੁਰੱਖਿਆ ਕਵਚ ਹੈ।"

1990 ਵਿੱਚ ਆਪਣੀ ਡੂੰਘੀ ਖੋਜ ਭਰਪੂਰ ਕਿਤਾਬ 'ਸਿਕਲੀਗਰ ਕਬੀਲਿਆ ਦਾ ਸੱਭਿਆਚਾਰ' ਵਿੱਚ ਪੰਜਾਬੀ ਯੂਨੀਵਰਸਿਟੀ ਦੇ ਕਿਰਪਾਲ ਕਜਾਕ ਨੇ ਦੱਸਿਆ ਹੈ ਕਿ ਸਿਕਲੀਗਰ ਕਿਸੇ ਗੈਰ-ਸਿਕਲੀਗਰ ਨੂੰ ਪਾਰਸੀ ਸਿੱਖਣ ਨਹੀਂ ਦਿੰਦੇ ਅਤੇ ਇਸ ਦੀਆਂ ਗੁੰਜਲਾਂ ਬਾਰੇ ਉਕਾ ਹੀ ਨਹੀਂ ਦੱਸਦੇ। ਸਿਕਲੀਗਰ ਸਿੱਖ ਸਮਝਦੇ ਹਨ ਕਿ ਜਿਸ ਦਿਨ ਉਨ੍ਹਾਂ ਦੀ ਇਹ ਲੁਕਵੀਂ ਜ਼ੁਬਾਨ ਕਿਸੇ ਗੈਰ ਸਿਕਲੀਗਰ ਨੂੰ ਸਮਝ ਪੈ ਜਾਵੇਗੀ ਉਸ ਦਿਨ ਸਿਕਲੀਗਰ ਕਬੀਲਾ ਖਤਮ ਹੋ ਜਾਵੇਗਾ।

ਕਿਰਪਾਲ ਕਜ਼ਾਕ ਨੇ ਸਿਕਲੀਗਰ ਬਜ਼ੁਰਗਾਂ ਨਾਲ ਦੋਸਤੀ ਕਰਕੇ ਕੁਝ ਪਾਰਸੀ ਜ਼ੁਬਾਨ ਦੇ ਵਾਕ ਆਪਣੀ ਕਿਤਾਬ ਵਿੱਚ ਛਾਪੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਭਾਸ਼ਾ ਪੀੜੀ ਦਰ ਪੀੜੀ ਕੇਵਲ ਬੋਲਾਂ ਰਾਹੀ ਅੱਗੇ ਵਧਾਈ ਜਾ ਰਹੀ ਹੈ। ਮੈਂ ਇਹ ਕਹਿਣਾ ਚਾਹਾਂਗਾ ਕਿ ਸਮਾਂ ਬਦਲ ਗਿਆ ਹੈ। ਬੈਂਗਲੋਰ, ਅਲਵਰ ਅਤੇ ਹੋਰ ਥਾਵਾਂ ਤੇ ਨੌਜਵਾਨ ਪਾਰਸੀ ਸਮਝ ਅਤੇ ਬੋਲ ਸਕਦੇ ਹਨ, ਪਰ ਸੁਲਤਾਨਪੁਰੀ, ਦਿੱਲੀ ਦੇ ਨੌਜਵਾਨ ਪਾਰਸੀ ਨੂੰ ਨਾ ਤਾਂ ਬੋਲ ਸਕਦੇ ਹਨ ਅਤੇ ਨਾ ਹੀ ਸਮਝ ਸਕਦੇ ਹਨ। ਕਈ ਤਾਂ ਸਿਕਲੀਗਰੀ ਭਾਸ਼ਾ ਨੂੰ ਵੀ ਭੁੱਲ ਚੁੱਕੇ ਹਨ। ਇਨ੍ਹਾਂ ਦੋਵੇਂ ਭਾਸਾਵਾਂ ਦੀ ਲਿਪੀ ਨਹੀਂ ਹੈ। ਇਹ ਕੇਵਲ ਬੋਲੀਆਂ ਜਾ ਸਕਦੀਆਂ ਹਨ।

**ਸਿਕਲੀਗਰਾਂ ਦੇ ਨਾਮ:**

ਸਿਕਲੀਗਰ ਪੁਰਸ਼ਾਂ, ਔਰਤਾਂ, ਲੜਕਿਆਂ ਅਤੇ ਲੜਕੀਆਂ ਦੇ ਨਾਮ ਬੜੇ ਸੌਖੇ ਹਨ। ਮੈਂ ਬਹੁਤ ਹੀ ਘੱਟ ਦੇਖਿਆ ਹੈ ਕਿ ਉਹਨਾਂ ਦੇ ਨਾਂ ਦੋ ਭਾਗਾਂ ਤੋਂ ਜਿਆਦਾ ਹੋਣ। ਜਿਆਦਤਰ ਇਨ੍ਹਾਂ ਸਿੱਖਾਂ ਦੇ ਨਾਮ ਪੁਰਾਣੇ ਜ਼ਮਾਨੇ ਦੇ ਹਨ ਅਤੇ ਪੁਰਾਤਨ ਸਿੰਘਾਂ ਵਾਲੇ ਹਨ।ਅੱਜਕੱਲ ਸਿਕਲੀਗਰ ਦਿੱਲੀ ਵਿੱਚ ਬਹੁਤੇ ਨਵ-ਜਨਮੀਆਂ ਬੱਚੀਆਂ ਦੇ ਨਾਮ ਭਾਰਤੀ ਫਿਲਮਾਂ ਦੀਆਂ ਹੀਰੋਇਨਾਂ ਦੇ ਨਾਮ 'ਤੇ ਰੱਖਦੇ ਹਨ ਭਾਵੇਂ 'ਕੌਰ' ਲਾਉਣਾ ਨਹੀਂ ਭੁੱਲਦੇ।

ਮੈਂ ਦੁਹਰਾਉਣਾ ਚਾਹਾਂਗਾ ਕਿ ਸਿਕਲੀਗਰਾਂ ਦੀ ਭਾਸ਼ਾ ਸਿਕਲੀਗਰ ਸਿੱਖਾਂ ਨਾਲ ਜੁੜੇ ਸਮਾਜਕ ਅਤੇ ਇਤਿਹਾਸਕ ਪਿਛੋਕੜ ਅਤੇ ਮਸਲਿਆ ਨੂੰ ਜਾਨਣ ਦੀ ਕੁੰਝੀ ਹੈ। ਕ੍ਰਿਪਾਲ ਕਜ਼ਕ ਅਤੇ ਸ਼ੇਰ ਸਿੰਘ ਸ਼ੇਰ ਦੇ ਇਸ ਪ੍ਰਥਾਇ ਕੀਤੇ ਕੰਮਾਂ ਤੇ ਹੋਰ ਖੋਜ ਹੋਣੀ ਚਾਹੀਦੀ ਹੈ।

**ਸਿਕਲੀਗਰ ਸਿੱਖਾਂ ਦੇ ਡੇਰੇ:**

ਸਿਕਲੀਗਰ ਸਿੱਖ ਡੇਰਿਆਂ ਵਿੱਚ ਰਹਿੰਦੇ ਹਨ, ਹਰ ਇੱਕ ਡੇਰੇ ਵਿੱਚ ਵੱਡੇ ਪਰਿਵਾਰ ਜਿਸ ਵਿੱਚ ਇੱਕ ਤੋਂ ਦੋ ਬਜ਼ੁਰਗ ਅਜੇ ਵੀ ਡੇਰਿਆਂ ਦੇ ਆਗੂ ਬਣ ਕੇ ਰਹਿ ਰਹੇ ਹਨ। ਇਹ ਵਡੇਰੇ ਮੰਜੀਆਂ 'ਤੇ ਬੈਠ ਕੇ ਇਸ ਤਰ੍ਹਾਂ ਜਾਪਦੇ ਹਨ ਜਿਵੇਂ ਵੇਲੜ੍ਹ ਹੋਣ ਪਰ ਉਹ ਸਾਰੇ ਡੇਰੇ 'ਤੇ ਤਿਰਛੀ ਨਜ਼ਰ ਰੱਖਦੇ ਹਨ। ਉਹ ਬੜੇ ਮਾਣ ਨਾਲ ਕਹਿੰਦੇ ਹਨ ਕਿ 'ਯੇ ਸਾਰੇ ਮੇਰੇ ਦਾਦੇ ਕੇ ਪਰਿਵਾਰ ਕੇ ਲੋਗ ਹੈਂ।"

ਬਹੁਤੇ ਸਿਕਲੀਗਰ ਜੋ ਸ਼ਹਿਰਾਂ ਵਿੱਚ ਰਹਿੰਦੇ ਹਨ ਉਹ ਗਰੀਬ ਬਸਤੀਆਂ ਵਿੱਚ ਜਾਂ ਕਈ ਸਰਕਾਰੀ ਜ਼ਮੀਨਾਂ 'ਤੇ ਵੀ ਰਹਿੰਦੇ ਆਏ ਹਨ। ਕਈ ਥਾਵਾਂ ਤੇ ਉਹ ਰੇਲਵੇ ਦੀ ਪਟੜੀ ਦੇ ਨਾਲ ਲਗਦੀ ਜ਼ਮੀਨਾਂ 'ਤੇ ਕਈ ਦਹਾਕਿਆਂ ਤੋਂ ਰਹਿੰਦੇ ਆ ਰਹੇ ਹਨ। ਹੁਣ ਸਰਕਾਰਾਂ ਤੇ ਜ਼ਮੀਨ ਮਾਫੀਆ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕਰ ਰਹੇ ਹਨ।

ਜਿਹੜੇ ਸਿਕਲੀਗਰ ਦਿੱਲੀ ਵਿੱਚ ਸੁਲਤਾਨਪੁਰੀ ਵਿੱਚ ਰਹਿ ਰਹੇ ਸਨ ਉਨ੍ਹਾਂ ਨੂੰ ਇੰਦਰਾ ਗਾਂਧੀ ਸਰਕਾਰ ਵੱਲੋਂ ਮਕਾਨ (ਜੇ ਤੁਸੀਂ 22 ਗਜ਼ ਦੇ ਮਕਾਨ ਨੂੰ ਘਰ ਕਹਿ ਸਕਦੇ ਹੋ) ਅਲਾਟ ਕੀਤੇ ਗਏ ਸਨ। 1977 ਵਿੱਚ ਪ੍ਰੇਮ ਨਗਰ ਤੋਂ ਕੱਢੇ ਜਾਣ ਮਗਰੋਂ ਉਨਾਂ ਨੂੰ ਇਹ ਮਕਾਨ ਅਲਾਟ ਕੀਤੇ ਗਏ ਸਨ। ਇਸ ਵਿੱਚ ਇੱਕ ਕਮਰਾ, ਇੱਕ ਕਿਚਨ ਅਤੇ ਇੱਕ ਬਾਥਰੂਮ ਨਾਲ ਇੱਕ ਸਾਂਝੀ ਟਾਇਲਟ 200 ਗਜ਼ ਦੀ ਦੂਰੀ 'ਤੇ ਬਣੀ ਹੋਈ ਹੈ।

ਅੱਜ ਦੇ ਯੁੱਗ ਵਿੱਚ ਜਿਸ ਤਰ੍ਹਾਂ ਪਸ਼ੂਆਂ ਨੂੰ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਲਿਜਾਂਦੇ ਹਾਂ ਉਸੇ ਤਰ੍ਹਾਂ ਦੇ ਹਾਲਾਤਾਂ ਵਿਚ ਸੁਲਤਾਨਪੁਰੀ ਅਤੇ ਦਿੱਲੀ ਦੀਆਂ ਹੋਰ ਬਸਤੀਆਂ ਵਿੱਚ ਰਹਿੰਦੇ ਸਿੱਖਾਂ ਦੀ ਇਸ ਅਫਸੋਸ ਭਰੀ ਹਾਲਤ ਨੂੰ ਬਿਆਨ ਕਰਦੇ ਹੋਏ ਮੈਨੂੰ ਸ਼ਰਮ ਮਹਿਸੂਸ ਹੁੰਦੀ ਹੈ। ਇਕ ਜ਼ਿਕਰਯੋਗ ਗੱਲ ਹੈ ਕਿ ਹੁਣ ਸਿਕਲੀਗਰ ਟੱਪਰੀਵਾਸ ਨਹੀਂ ਰਹੇ ਤੇ ਪੱਕੇ ਭਾਵੇਂ ਛੋਟੇ ਘਰਾਂ ਵਿੱਚ ਰਹਿਣ ਲੱਗ ਪਏ ਹਨ। ਵੱਖ-ਵੱਖ ਜਥੇਬੰਦੀਆਂ ਵੱਲੋਂ ਸਿਕਲੀਗਰਾਂ ਲਈ ਘਰ ਬਨਾਉਣ ਦਾ ਕੰਮ ਸੁਰੂ ਕੀਤਾ ਗਿਆ ਹੈ ਅਤੇ ਇਸ ਖੇਤਰ ਵਿਚ ਬਹੁਤ ਕੰਮ ਹੋਇਆ ਹੈ, ਪਰ ਹੋਰ ਬਹੁਤ ਕਰਨ ਦੀ ਜ਼ਰੂਰਤ ਹੈ।

ਸਿਕਲੀਗਰਾਂ ਦੇ ਜੀਵਨ ਦੇ ਹੋਰ ਕਈ ਪੱਖ ਮੈਂ ਨੇੜੇ ਹੋਕੇ ਵੇਖੇ ਹਨ ਜਿਨ੍ਹਾਂ ਬਾਰੇ ਜ਼ਿਕਰ ਮੈਂ ਹੋਰ ਖੋਜ ਤੋਂ ਬਾਅਦ ਸਾਂਝ ਕਰਾਂਗਾ।

**ਏ ਲਿਟਲ ਹੈਪੀਨੈਸ ਫਾਉਂਡੇਸ਼ਨ:**

ਸਿਕਲੀਗਰਾਂ ਦੇ ਸਮੁੱਚੇ ਹਾਲਾਤਾਂ 'ਤੇ ਗੌਰ ਕਰਦੇ ਹੋਏ ਮੇਰੇ ਸਾਥੀ ਗੁਰਮੀਤ ਸਿੰਘ ਅਤੇ ਹੋਰ ਪੰਥ ਪਿਆਰ ਵਾਲੇ ਸੱਜਣਾ ਦੇ ਨਾਲ ਮਿਲ ਕੇ ਸਿਕਲੀਗਰਾਂ ਦੀ ਵਿੱਦਿਆ ਲਈ ਜੱਥੇਬੰਦੀ 'ਏ ਲਿਟਲ ਹੈਪੀਨੈਸ ਫਾਉਂਡੇਸ਼ਨ' ਬਣਾਈ ਗਈ ਜੋ ਪਿਛਲੇ ਇੱਕ ਦਹਾਕੇ ਤੋਂ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਵੱਸਦੇ ਸਿਕਲੀਗਰ ਸਿੱਖਾਂ ਤੱਕ ਪਹੁੰਚ ਕਰਕੇ ਸਿਕਲੀਗਰਾਂ ਦੇ ਬੱਚਿਆਂ ਨੂੰ ਵਿੱਦਿਆ ਦਵਾਉਣ ਲਈ ਉਪਰਾਲੇ ਕਰਦੀ ਆ ਰਹੀ ਹੈ। ਇਸ ਜਥੇਬੰਦੀ ਨੂੰ ਬਨਾਉਣ ਅਤੇ ਇਸਦਾ ਪਸਾਰ ਕਰਨ ਵਿਚ ਅਲਵਰ ਵਾਸੀ ਨੌਜਵਾਨ ਸਿਕਲੀਗਰ ਹਰਵਿੰਦਰ ਸਿੰਘ ਅਲਵਰ ਦਾ ਬਹੁਤ ਹੀ ਵਡਮੁੱਲਾ ਯੋਗਦਾਨ ਸੀ। ਹਰਵਿੰਦਰ ਸਿੰਘ ਸਾਡੀ ਜੱਥੇਬੰਦੀ ਦਾ ਪਹਿਲਾ ਗਰੈਜੂਏਟ ਸੀ ਜਿਸਨੇ ਸਮਾਜ ਸੇਵਾ ਵਿਚ

ਪੜ੍ਹਾਈ ਕੀਤੀ। ਉਹ ਚਾਹੁੰਦਾ ਸੀ ਕਿ ਸਿਕਲੀਗਰਾਂ ਦੀ ਸਮਾਜ ਸੇਵਾ ਕਰਨ ਵਾਲਿਆਂ ਦੀ ਫੌਜ ਤਿਆਰ ਕਰਾਂਗੇ ਅਤੇ ਸਿਕਲੀਗਰਾਂ ਦਾ ਮੁਹਾਂਦਰਾ ਬਦਲ ਦਿਆਂਗੇ। ਅਕਾਲਪੁਰਖ ਦੇ ਭਾਣੇ ਵਿਚ ਹਰਵਿੰਦਰ ਸਿੰਘ ਅਲਵਰ ਨੂੰ ਅਜਿਹੀ ਬਿਮਾਰੀ ਹੋਈ ਕਿ ਉਹ ਜਲਦ ਹੀ ਸਾਨੂੰ ਅਲਵਿਦਾ ਕਹਿ ਗਿਆ। ਜੱਥੇਬੰਦੀ ਵਲੋਂ ਉਸਦੇ ਨਾਮ ਤੇ ਹਰ ਸਾਲ ਵਜ਼ੀਫਾ ਦਿੱਤਾ ਜਾਂਦਾ ਹੈ। 'ਏ ਲਿਟਲ ਹੈਪੀਨੈਸ ਫਾਊਂਡੇਸ਼ਨ' ਡਬਰਾ, ਗਵਾਲੀਅਰ, ਆਗਰਾ, ਕਾਸਗੰਜ, ਅਲਵਰ ਅਤੇ ਜੈਪੁਰ ਵਿਖੇ ਸਿਕਲੀਗਰਾਂ ਲਈ ਵਿੱਦਿਆ ਪਸਾਰ ਦਾ ਕੰਮ ਕਰ ਰਿਹਾ ਹੈ।

ਅੰਤ ਵਿੱਚ ਮੈਂ ਡਾ. ਹਿਮਾਦਰੀ ਬੈਨਰਜੀ ਦੇ ਇਹ ਲਫਜ਼ ਜ਼ਰੂਰ ਦੁਹਰਾਉਣਾ ਚਾਹੁੰਦਾ ਹਾਂ, "ਇਹ ਠੀਕ ਹੈ ਕਿ ਸਿੱਖ ਕੌਮ ਦਾ ਇੱਕ ਸੁਹਿਰਦ ਹਿੱਸਾ ਸਿਕਲੀਗਰਾਂ ਅਤੇ 'ਹੋਰ ਸਿੱਖਾਂ' ਨੂੰ ਮੁੱਖ ਧਾਰਾ ਨਾਲ ਜੋੜਨਾ ਚਾਹੁੰਦਾ ਹੈ ਪਰ ਉਨ੍ਹਾਂ ਦੀ ਵਿਲੱਖਣਤਾ ਵੀ ਕਾਇਮ ਰਹੇ ਇਸ ਦਾ ਵੀ ਖਿਆਲ ਰੱਖਣਾ ਜ਼ਰੂਰੀ ਹੈ।"

ਮੇਰੀ ਸਿੱਖ ਕੌਮ ਨੂੰ ਵੰਗਾਰ ਹੈ ਕਿ ਸਿਕਲੀਗਰਾਂ ਦੀ ਪੁਕਾਰ ਸੁਣੋ। ਉਹ ਕਈ ਸਦੀਆਂ ਦੀ ਮਾਰ ਸਹਿੰਦੇ ਹੋਏ ਸਿੱਖ ਬਣੇ ਰਹੇ, ਸਿੱਖੀ ਨਿਭਾਉਂਦੇ ਰਹੇ ਅਤੇ ਕੌਮੀ ਪਿਆਰ ਵਿੱਚ ਭਿੱਜੇ ਰਹੇ। ਹੁਣ ਸਮਾਂ ਅਤਿ ਮੁਸ਼ਕਲ ਦਾ ਹੈ ਤੇ ਕੌਮ-ਵਿਰੋਧੀ ਤਾਕਤਾਂ ਕਈ ਹੱਥਕੰਢੇ ਅਪਣਾ ਰਹੀਆਂ ਹਨ। ਬਹੁਤ ਕੁਝ ਕਰਨ ਦੀ ਜ਼ਰੂਰਤ ਹੈ। ਆਉ, ਸਿਰ-ਜੋੜ ਕੇ ਉਦਮ ਕਰੀਏ, ਗੁਰੂ ਭਲੀ ਕਰੇ।



**ਲੁਧਿਆਣੇ ਦੇ ਜੰਮਪਲ ਅਤੇ ਬਹੁਤੀ ਜ਼ਿੰਦਗੀ ਮੁੰਬਈ ਵਿਚ ਬਿਤਾ, ਉੱਥੇ ਹੀ ਪੜ੍ਹੇ ਅਤੇ ਪੜ੍ਹਾਉਂਦੇ ਹੁਣ ਫਿਰ ਮਾਂ-ਧਰਤ ਪੰਜਾਬ ਨੂੰ ਅਪੜੇ ਜਗਮੋਹਨ ਸਿੰਘ ਕੌਮ ਦੇ ਸਮਾਜਕ, ਮਨੁਖੀ ਅਧਿਕਾਰ, ਧਾਰਮਕ ਅਤੇ ਸਿਆਸੀ ਪਿੜ ਵਿਚ ਸੇਵਾ ਨਿਭਾਉਂਦੇ ਆ ਰਹੇ ਹਨ। ਕੋਈ** 12 **ਸਾਲ ਪਹਿਲਾਂ ਉਨ੍ਹਾਂ ਨੇ ਸਿਕਲੀਗਰ ਸਿੱਖਾਂ ਦੀ ਬਾਂਹ ਫੜੀ ਤੇ ਲਗਾਤਾਰ ਵਿਦਿਆ ਅਤੇ ਉਨ੍ਹਾਂ ਬਾਰੇ ਖੋਜ ਦੇ ਕਾਰਜ ਕਰ ਰਹੇ ਹਨ। ਉਹ ਜਥੇਬੰਦੀ** A Little Happiness Foundation **ਦੇ ਬਾਨੀ ਹਨ ਜੋ ਸਿਕਲੀਗਰਾਂ ਲਈ ਵਿਦਿਆ ਪਸਾਰ ਦੇ ਕਾਰਜ ਕਰਦੀ ਹੈ। ਅੱਜ ਕੱਲ ਉਹ ਅੰਗਰੇਜ਼ੀ ਵੈਬਸਾਈਟ** The World Sikh News **ਦੇ ਸੰਪਾਦਕ ਵੀ ਹਨ। ਉਨ੍ਹਾਂ ਨਾਲ** theworldsikhnews@gmail.com **ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਹਾਸ਼ੀਏ ਤੇ ਰਹਿ ਰਹੇ ਸਿੱਖਾਂ ਨੂੰ ਵਿਕਾਸ ਦੀ ਮੁੱਖ ਧਾਰਾ ਵਿਚ ਲਿਆਉਣ ਦੀ ਲੋੜ

## ਹਰਚਰਨ ਸਿੰਘ ਜੋਸ਼

'ਸਿੱਖ' ਸ਼ਬਦ ਦੀ ਉਤਪਤੀ ਸੰਸਕ੍ਰਿਤ ਭਾਸ਼ਾ ਵਿੱਚ ਇਸ ਦੀਆਂ ਜੜ੍ਹਾਂ ਲੱਭਦੀ ਹੈ ਜਿਸ ਵਿੱਚ 'ਸ਼ਿਸ਼ਯ' ਸ਼ਬਦ ਦਾ ਅਰਥ ਵਿਦਿਆਰਥੀ ਜਾਂ ਚੇਲਾ ਅਤੇ 'ਸਿਕਸ' ਦਾ ਮਤਲਬ ਸਿੱਖਿਆ ਹੈ। ਸਿੱਖ ਧਰਮ ਦੇ ਪੈਰੋਕਾਰ ਪਵਿੱਤਰ ਗ੍ਰੰਥ – ਗੁਰੂ ਗ੍ਰੰਥ ਸਾਹਿਬ – ਨੂੰ ਸਭ ਤੋਂ ਪਵਿੱਤਰ ਮੰਨਦੇ ਹਨ ਕਿਉਂਕਿ ਇਹ ਗੁਰੂ ਨਾਨਕ ਦੇਵ ਜੀ ਦੀਆਂ ਹਦਾਇਤਾਂ ਅਤੇ ਨਿਰੰਤਰ ਸਿੱਖ ਗੁਰੂਆਂ ਦੇ ਨਾਲ-ਨਾਲ ਵੱਖ-ਵੱਖ ਧਰਮਾਂ ਦੇ ਸੰਤਾਂ ਅਤੇ ਸੰਤਾਂ ਦੀਆਂ ਸਿੱਖਿਆਵਾਂ ਦਾ ਸੰਯੁਕਤ ਸੰਗ੍ਰਹਿ ਹੈ। ਗੁਰੂ ਗ੍ਰੰਥ ਸਾਹਿਬ ਨੂੰ ਦਸਵੇਂ ਅਤੇ ਆਖਰੀ ਸਿੱਖ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅਕਤੂਬਰ 1708 ਵਿਚ ਗੁਰੂ ਹੋਣ ਦਾ ਫਰਮਾਨ ਦਿੱਤਾ ਗਿਆ ਸੀ।

ਸਿੱਖ ਧਰਮ ਇੱਕ, ਇੱਕ-ਈਸ਼ਵਰਵਾਦੀ ਧਰਮ ਹੈ ਜੋ ਪਰਮਾਤਮਾ ਦੇ ਗੈਰ-ਮਾਨਵ-ਵਿਹਾਰਕ ਵਿਚਾਰਾਂ ਦੀ ਵਕਾਲਤ ਕਰਦਾ ਹੈ। ਸਿੱਖ ਧਰਮ ਦੇ ਅਨੁਯਾਈਆਂ ਨੂੰ ਸਿੱਖ ਕਿਹਾ ਜਾਂਦਾ ਹੈ ਅਤੇ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਦੁਨੀਆ ਭਰ ਵਿੱਚ ਉਨ੍ਹਾਂ ਦੀ ਗਿਣਤੀ 23 ਮਿਲੀਅਨ ਤੋਂ ਵੱਧ ਹੈ। ਸਿੱਖ ਧਰਮ ਦੀ ਸਥਾਪਨਾ ਗੁਰੂ ਨਾਨਕ ਦੇਵ ਜੀ ਅਤੇ ਪੰਦਰਵੀਂ ਸਦੀ ਵਿਚ ਨੌਂ ਲਗਾਤਾਰ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ 'ਤੇ ਕੀਤੀ ਗਈ। ਇਹ ਦੁਨੀਆ ਦਾ ਪੰਜਵਾਂ ਵੱਡਾ ਸੰਗਠਿਤ ਧਰਮ ਹੈ।

ਸਿੱਖਾਂ ਨੂੰ ਪੰਜ ਧਾਰਮਕ ਭਾਈਚਾਰਿਆਂ ਵਿਚੋਂ ਇਕ ਮੰਨਿਆ ਜਾਂਦਾ ਹੈ, ਜਿਨ੍ਹਾਂ ਨੂੰ ਨੈਸ਼ਨਲ ਕਮਿਸ਼ਨ ਫਾਰ ਮਾਈਨਰਟੀਜ਼ ਐਕਟ 1992 ਦੀ ਧਾਰਾ 2 (ਸੀ) ਦੇ ਤਹਿਤ ਘੱਟ ਗਿਣਤੀ ਸਮੂਹਾਂ ਵਜੋਂ ਸੂਚਿਤ ਕੀਤਾ ਗਿਆ ਹੈ। ਉਹ ਭਾਰਤ ਵਿਚ ਰਹਿ ਰਹੇ ਹਨ ਅਤੇ ਭਾਰਤ ਦੀ 2011 ਦੀ ਮਰਦਮਸ਼ੁਮਾਰੀ ਅੰਦਾਜ਼ੇ ਮੁਤਾਬਕ ਦੇਸ਼ ਦੀ ਪੂਰੀ ਆਬਾਦੀ ਦਾ 1.9% ਹਿੱਸਾ ਹਨ। ਸਿੱਖ ਆਬਾਦੀ ਦੀ ਰਚਨਾ ਤਿੰਨ ਵਰਗਾਂ ਦੇ ਸਿਰਾਂ, ਆਮ (46.4%), ਅਨੁਸੂਚਿਤ ਜਾਤੀਆਂ (31.1%) ਅਤੇ ਓ ਬੀ ਸੀ (21.8%) ਦੇ ਅਧੀਨ ਵੰਡੀ ਗਈ ਹੈ। ਸਿੱਖਾਂ ਵਿਚਲੇ ਅਨੁਸੂਚਿਤ ਕਬੀਲਿਆਂ ਦੀ ਪ੍ਰਤੀਸ਼ਤ ਮਹੱਤਵਹੀਣ (0.8%) ਹੈ। ਦੇਸ਼ ਦੀਆਂ ਸਾਰੀਆਂ ਸੂਚਿਤ ਘੱਟ ਗਿਣਤੀ ਵਾਲੀਆਂ ਜਾਤੀਆਂ ਵਿਚੋਂ, ਸਿਰਫ ਸਿੱਖ ਹੀ ਹਨ ਜੋ ਖੇਤੀਬਾੜੀ ਦੇ ਕੰਮਾਂ ਵਿਚ ਰੁੱਝੇ ਹੋਏ ਮੁੱਖ ਤੌਰ ਤੇ ਇੱਕ ਦਿਹਾਤੀ ਜੀਵਨ ਜੀ ਰਹੇ ਹਨ।

ਸਿੱਖਾਂ ਦਾ ਇਤਿਹਾਸ ਦੇਸ਼ ਦੇ ਇਤਿਹਾਸ ਅਤੇ ਸੱਭਿਆਚਾਰ ਨਾਲ ਖਾਸ ਤੌਰ 'ਤੇ ਪੰਜਾਬ ਦੇ ਨਾਲ ਜੁੜਿਆ ਹੋਇਆ ਹੈ। ਸਿਖ ਉਪ-ਕਬੀਲੇ ਅਰਥਾਤ ਸਿਕਲੀਗਰ, ਵਣਜਾਰਾ, ਲਬਾਣਾ ਅਤੇ ਦੱਖਣੀ ਸਿੱਖਾਂ ਨੂੰ ਸਿੱਖ ਧਰਮ ਦਾ ਇਕ ਅਨਿੱਖੜਵਾਂ ਅੰਗ ਸਵੀਕਾਰ ਕੀਤਾ ਗਿਆ ਹੈ ਅਤੇ ਉਹਨਾਂ ਨੇ ਸਿਖ ਧਰਮ ਪ੍ਰਤੀ ਅਤੇ ਮਨੁੱਖਤਾ ਦੇ ਲਈ ਬਹੁਤ ਜ਼ਿਆਦਾ ਕੁਰਬਾਨੀਆਂ ਕੀਤੀਆਂ।

ਸਿੱਖ ਭਾਈਚਾਰੇ ਦੇ ਇਹ ਉਪ ਸਮੂਹਾਂ ਦੀ ਉਤਪਤੀ ਛੇਵੇਂ ਸਿੱਖ ਗੁਰੂ, ਸ੍ਰੀ ਗੁਰੂ ਹਰਗੋਬਿੰਦ ਜੀ ਦੇ ਸਮੇਂ ਦੌਰਾਨ 1595 ਈ. ਵਿਚ ਹੋਈ ਅਤੇ ਗੁਰੂ ਮਹਾਰਾਜ ਨੇ ਉਨ੍ਹਾਂ ਨੂੰ ਤਲਵਾਰਾਂ / ਬਰਛੇ / ਢਾਲਾਂ ਆਦਿ ਵਰਗੇ ਸ਼ਸਤਰ ਪੈਦਾ ਕਰਨ ਲਈ ਸ਼ਾਮਲ ਕੀਤਾ। ਦਸਵੇਂ ਸਿੱਖ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਥਿਆਰਾਂ ਦੀ ਸਪਲਾਈ ਲਈ ਉਨ੍ਹਾਂ ਦੀਆਂ ਸੇਵਾਵਾਂ ਦੀ ਵਰਤੋਂ ਕੀਤੀ ਅਤੇ ਬਾਅਦ ਵਿੱਚ ਉਹ ਵੀ ਗੁਰੂ ਦੀ ਸੈਨਾ ਦਾ ਹਿੱਸਾ ਬਣ ਗਏ।

ਉਸ ਸਮੇਂ ਤੋਂ ਇਹਨਾਂ ਉਪ-ਗੋਤਾਂ ਦੀ ਪੀੜ੍ਹੀਆਂ ਨੇ ਧਰਮ ਦੀਆਂ ਸਿਖਿਆਵਾਂ ਉੱਤੇ ਅਮਲ ਕਰਨਾ ਜਾਰੀ ਰੱਖਿਆ ਹੈ ਜਿਵੇਂ ਕਿ ਗੁਰੂ ਸਾਹਿਬਾਨ ਦੁਆਰਾ ਵਕਾਲਤ ਕੀਤੀ ਗਈ ਹੈ। ਹਾਲਾਂਕਿ, ਉਨ੍ਹਾਂ ਦੀ ਹੋਂਦ ਅਤੇ ਯੋਗਦਾਨ ਨੂੰ ਅਣਡਿੱਠਾ ਕੀਤਾ ਗਿਆ ਹੈ। ਇਹ ਉਪ-ਗੋਤ ਦੇਸ਼ ਦੇ ਵੱਖ-ਵੱਖ ਰਾਜਾਂ ਅਤੇ ਵਿਦੇਸ਼ਾਂ ਵਿੱਚ ਰਹਿ ਰਹੇ ਹਨ।

**ਸਿੱਖ ਭਾਈਚਾਰੇ ਦੇ ਉਪ ਸਮੂਹ ਹਨ:** ਸਿਕਲੀਗਰ, ਵਣਜਾਰਾ, ਲੁਬਾਣਾ ਅਤੇ ਦੱਖਣੀ ਸਿੱਖ। ਉਹ ਦੇਸ਼ ਭਰ ਵਿੱਚ ਛੋਟੇ-ਛੋਟੇ ਖੇਤਰਾਂ ਵਿੱਚ ਖਿੰਡੇ ਹੋਏ ਹਨ, ਮੁੱਖ ਤੌਰ 'ਤੇ ਸ਼ਹਿਰਾਂ ਅਤੇ ਬਸਤੀਆਂ ਦੇ ਬਾਹਰਲੇ ਖੇਤਰਾਂ ਵਿੱਚ ਰਹਿੰਦੇ ਹਨ ਅਤੇ ਦੂਰ ਦੁਰਾਡੇ ਖੇਤਰਾਂ ਦੇ ਅੰਦਰਲੇ ਹਿੱਸੇ ਵਿੱਚ ਸਥਿਤ ਹਨ। ਇਹਨਾਂ ਸਮਾਜਾਂ ਦੇ ਮੈਂਬਰਾਂ ਨੂੰ ਸਿੱਖ ਵਜੋਂ ਮਾਨਤਾ ਨਹੀਂ ਦਿੱਤੀ ਗਈ ਅਤੇ ਉਨ੍ਹਾਂ ਨੂੰ ਹਿੰਦੂ ਜਾਂ ਭੰਗਚਾਰੀ ਜਨਜਾਤੀਆਂ ਦੇ ਮੈਂਬਰਾਂ ਵਜੋਂ ਗਿਣਿਆ ਹੈ ਅਤੇ ਵੱਖਰੇ ਰਾਜਾਂ ਅਤੇ ਜਨਗਣਨਾ ਅਧਿਐਨ ਦੇ ਓ ਬੀ ਸੀ ਸ਼੍ਰੇਣੀਆਂ ਵਿਚ ਵੀ ਸ਼ਾਮਲ ਹੈ। ਇਹ ਇਸ ਲਈ ਹੋ ਸਕਦਾ ਹੈ ਕਿਉਂਕਿ ਇਹ ਕਮਿਊਨਿਟੀ ਛੋਟੇ ਸਮੂਹਾਂ ਵਿਚ ਰਹਿੰਦੇ ਹਨ, ਖੇਤਾਂ ਵਿਚ ਰਹਿੰਦੇ ਹਨ, ਖੇਤਰੀ ਭਾਸ਼ਾ ਲੋਕਲ ਦੇ ਤੌਰ 'ਤੇ ਬੋਲਦੇ ਅਤੇ ਸਥਾਨਕ ਲੋਕਾਂ ਵਾਂਗ ਕੱਪੜੇ ਪਾਉਂਦੇ ਹਨ।

ਭਾਰਤ ਦੀ ਆਜ਼ਾਦੀ ਤੋਂ ਬਾਅਦ, ਇਹ ਉਪ-ਗਰੁੱਪ ਵਿਕਾਸ ਦੀ ਪ੍ਰਕਿਰਿਆ ਦੇ ਬਾਹਰ ਰਹੇ ਅਤੇ ਉਨ੍ਹਾਂ ਨੂੰ ਦੁਖੀ ਹਾਲਤ ਵਿਚ ਰਹਿਣਾ ਪਿਆ। ਉਹ ਗ਼ਰੀਬਾਂ ਦੇ ਗਰੀਬ ਹਨ, ਕੇਂਦਰ ਅਤੇ ਰਾਜ ਸਰਕਾਰਾਂ ਨੂੰ ਇਹਨਾਂ ਵੱਲ ਧਿਆਨ ਦੇਣ ਦੀ ਲੋੜ ਹੈ। ਇਹਨਾਂ ਵਿਚੋਂ ਜ਼ਿਆਦਾਤਰ ਪੰਜ ਤੋਂ ਛੇ ਮੈਂਬਰ ਦੇ ਪਰਿਵਾਰ ਦਾ ਸਮਰਥਨ ਕਰਨ ਲਈ 3000 ਰੁਪਏ ਪ੍ਰਤੀ ਮਹੀਨਾ ਤੋਂ ਘੱਟ ਕਮਾਉਂਦੇ ਹਨ। ਜਸਟਿਸ ਸੱਚਰ ਕਮੇਟੀ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਮੁਸਲਿਮ ਭਾਈਚਾਰੇ ਦੇ 5% ਤੋਂ ਘੱਟ ਬੱਚੇ ਪ੍ਰਾਇਮਰੀ ਸਕੂਲਾਂ ਵਿਚ ਦਾਖਲਾ ਲੈ ਸਕਦੇ ਹਨ ਅਤੇ ਪੋਸ਼ਕ ਭੋਜਨ ਜਿਵੇਂ ਕਿ ਦੁੱਧ, ਫਲ ਆਦਿ ਤੋਂ ਵਾਂਝੇ ਹਨ, ਜੋ ਕਿ ਉਹ ਕੇਵਲ ਸੁਪਨਾ ਹੀ ਲੈ ਸਕਦੇ ਹਨ। ਸਿੱਖ ਸਮੁਦਾਏ ਦੇ ਉਪ-ਸਮੂਹਾਂ ਦੀ ਹਾਲਤ ਵੀ ਬਰਾਬਰ ਬਦਤਰ ਹੈ। ਉਨ੍ਹਾਂ ਵਿਚੋਂ ਜ਼ਿਆਦਾਤਰ ਅਣ-ਮਨੁੱਖੀ ਹਾਲਤਾਂ ਵਿਚ ਰਹਿ ਰਹੇ ਹਨ।

ਘੱਟ ਗਿਣਤੀ ਲੋਕਾਂ ਦੇ ਕੌਮੀ ਕਮਿਸ਼ਨ ਦੁਆਰਾ ਮਾਰਚ, 2008 ਵਿੱਚ ਚਾਰ ਨੋਟੀਫਾਈਡ ਘੱਟ ਗਿਣਤੀ ਭਾਈਚਾਰਿਆਂ – ਈਸਾਈ, ਪਾਰਸੀ, ਬੋਧੀ ਅਤੇ ਸਿੱਖਾਂ – ਦੇ ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਵਿਦਿਅਕ ਪਹਿਲੂਆਂ ਦਾ ਮੁਲਾਂਕਣ ਕਰਨ ਲਈ ਕਰਵਾਏ ਗਏ ਇੱਕ ਅਧਿਐਨ ਨੇ ਸਿੱਟਾ ਕੱਢਿਆ ਕਿ ਦੇਸ਼ ਦੇ ਹੋਰ ਸੂਚਿਤ ਘੱਟ

ਗਿਣਤੀ ਭਾਈਚਾਰਿਆਂ ਦੀ ਤੁਲਨਾ ਵਿਚ ਸਿੱਖ ਅਬਾਦੀ ਵਿੱਚ ਗਰੀਬੀ ਦੀ ਸਭ ਤੋਂ ਘੱਟ ਦਰ ਹੈ (5%)। ਹਾਲਾਂਕਿ, ਸਾਲ 2009 ਵਿੱਚ ਘੱਟ ਗਿਣਤੀ ਕਮਿਸ਼ਨ ਦੁਆਰਾ ਸਿਕਲੀਗਰਾਂ, ਵਣਜਾਰਾ, ਲੁਬਾਣਾ, ਦੱਖਣੀ ਸਿੱਖਾਂ ਦੇ ਸਮਾਜਿਕ, ਆਰਥਿਕ, ਵਿਦਿਅਕ, ਸੱਭਿਆਚਾਰਕ, ਪਰੰਪਰਾਗਤ ਅਤੇ ਆਕੂਪੇਸ਼ਨਲ ਰੁਤਬੇ 'ਤੇ ਕਰਵਾਏ ਗਏ ਪਹਿਲੇ ਅਧਿਐਨ ਦੇ ਨਤੀਜਿਆਂ ਨੇ ਇਨ੍ਹਾਂ ਸਿੱਖ ਉਪ ਸਮੂਹਾਂ ਲਈ ਪੂਰੀ ਤਰ੍ਹਾਂ ਵੱਖਰੀ ਹਕੀਕਤ ਪ੍ਰਗਟ ਕੀਤੀ ਹੈ, ਜੋ ਸਮਾਜਕ-ਆਰਥਿਕ ਤੌਰ ਤੇ ਕਮਜ਼ੋਰ ਹਨ ਅਤੇ ਉਨ੍ਹਾਂ ਦੇ ਆਪਣੇ ਅਧਿਕਾਰਾਂ ਤੋਂ ਬਹੁਤ ਵਾਂਝੇ ਹਨ।

ਘੱਟ ਗਿਣਤੀਆਂ ਲਈ ਰਾਸ਼ਟਰੀ ਕਮਿਸ਼ਨ ਦੀਆਂ ਲਗਾਤਾਰ ਕੋਸ਼ਿਸ਼ਾਂ ਕਾਰਨ ਕਰਨਾਟਕ, ਆਂਧਰਾ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਦੀਆਂ ਰਾਜ ਸਰਕਾਰਾਂ ਨੇ ਆਪਣੇ ਰਾਜਾਂ ਵਿੱਚ ਘੱਟ ਗਿਣਤੀ ਭਾਈਚਾਰੇ ਵਜੋਂ ਸਿੱਖ ਸਮੁਦਾਏ ਨੂੰ ਦੁਬਾਰਾ ਘੱਟ ਗਿਣਤੀ ਭਾਈਚਾਰੇ ਵਜੋਂ ਸੂਚਿਤ ਕੀਤਾ ਅਤੇ ਬਾਅਦ ਵਿੱਚ ਕਮਿਸ਼ਨ ਨੇ ਦੂਜੇ ਰਾਜਾਂ ਨੂੰ ਵੀ ਸੰਸਦ ਦੁਆਰਾ ਪਾਸ ਕੀਤੇ ਘੱਟ ਗਿਣਤੀ ਕਾਨੂੰਨ ਕਮਿਸ਼ਨ 1992, ਜਿਸ ਵਿੱਚ ਪੰਜ ਭਾਈਚਾਰਿਆਂ ਨੂੰ ਘੱਟ ਗਿਣਤੀ ਸਮੂਹਾਂ, ਮੁਸਲਮਾਨਾਂ, ਸਿੱਖਾਂ, ਈਸਾਈਆਂ, ਪਾਰਸੀ ਅਤੇ ਬੋਧੀਆਂ ਨੂੰ ਸੂਚਿਤ ਕੀਤਾ ਹੈ, ਦੇ ਆਧਾਰ ਤੇ ਸਿੱਖ ਭਾਈਚਾਰੇ ਨੂੰ ਵੀ ਘੱਟ ਗਿਣਤੀ ਭਾਈਚਾਰੇ ਵਜੋਂ ਸੂਚਿਤ ਕਰਨ ਲਈ ਪ੍ਰੇਰਿਤ ਕੀਤਾ ਹੈ।

ਇਨ੍ਹਾਂ ਸਿੱਖ ਉਪ-ਸਮੂਹਾਂ ਵਿੱਚੋਂ ਹਰ ਇੱਕ ਨੂੰ ਸਿੱਖ ਧਰਮ ਅਤੇ ਰਾਸ਼ਟਰ ਵਿੱਚ ਉਸਦੇ ਯੋਗਦਾਨ ਦੇ ਨਾਲ-ਨਾਲ ਆਪਣੀ ਵਰਤਮਾਨ ਦੁਰਦਸ਼ਾ ਬਾਰੇ ਇੱਕ ਸੰਖੇਪ ਵਰਣਨ ਜ਼ਰੂਰੀ ਹੈ, ਜੋ ਉਨ੍ਹਾਂ ਨੂੰ ਮੁੱਖ ਧਾਰਾ ਦੇ ਵਿਕਾਸ ਵਿੱਚ ਲਿਆਉਣ ਲਈ ਜ਼ਰੂਰੀ ਉਪਾਅ ਕਰਨ ਵਿਚ ਸਹਾਇਕ ਸਿੱਧ ਹੋ ਸਕੇ।

**ਸਿਕਲੀਗਰਾਂ**

ਸਿਕਲੀਗਰਾਂ ਦਾ ਇਤਿਹਾਸ 1595 ਈ. ਤੋਂ ਬਾਅਦ ਹੀ ਖੋਜਿਆ ਜਾ ਸਕਦਾ ਹੈ ਜਦੋਂ ਗੁਰੂ ਹਰਿਗੋਬਿੰਦ ਸਾਹਿਬ, ਛੇਵੇਂ ਗੁਰੂ ਨੇ 'ਮੀਰੀ' ਅਤੇ 'ਪੀਰੀ' ਦੀਆਂ ਤਲਵਾਰਾਂ ਪਹਿਨੀਆਂ ਸਨ।ਗੁਰੂ ਦੁਆਰਾਂ ਸਜਾਈਆਂ ਹੋਈਆਂ ਦੋ ਤਲਵਾਰਾਂ ਸਿਧਾਂਤ ਦੇ ਅਧਿਆਤਮਿਕ ਅਤੇ ਅਲੌਕਿਕ ਪਹਿਲੂਆਂ ਦਾ ਪ੍ਰਤੀਕ ਸਨ। ਛੇਵੇਂ ਗੁਰੂ ਦੇ ਸਮੇਂ, ਸਿੱਖਾਂ ਨੇ ਇੱਕ ਸੰਗਠਿਤ ਅਤੇ ਸਿਖਲਾਈ ਪ੍ਰਾਪਤ ਕੌਮ ਦੇ ਤੌਰ ਤੇ ਵਿਕਾਸ ਕਰਨਾ ਸ਼ੁਰੂ ਕਰ ਦਿੱਤਾ ਜੋ ਮੁਗਲਾਂ ਦੀ ਤਾਨਾਸ਼ਾਹੀ ਨਾਲ ਲੜਨ ਅਤੇ ਆਪਣੀ ਆਜ਼ਾਦੀ ਦਾ ਬਚਾਅ ਕਰਨ ਦੇ ਸਮਰੱਥ ਸੀ।

ਇਸ ਸਮੇਂ ਦੌਰਾਨ ਮਾਰਵਾੜੀ ਅਤੇ ਰਾਜਪੂਤ ਭਰਾ ਸਿੱਖੀ ਨਾਲ ਸੰਬੰਧਿਤ ਹੋ ਗਏ ਸੀ ਅਤੇ ਸਮੁਦਾਏ ਦੇ ਦਸਤਕਾਰਾਂ ਨੇ ਸਿੱਖ ਗੁਰੂਆਂ ਨਾਲ ਜੰਗ ਦੇ ਹਥਿਆਰਾਂ ਦਾ ਉਤਪਾਦਨ ਅਤੇ ਸਪਲਾਈ ਕਰਨਾ ਅਰੰਭ ਕੀਤਾ ਸੀ, ਖਾਸ ਕਰਕੇ ਛੇਵੇਂ ਗੁਰੂ ਜੀ - ਹਰਿਗੋਬਿੰਦ ਸਾਹਿਬ ਜੀ ਅਤੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ। ਇਸ ਸਾਂਝ ਦਾ ਹੋਰ ਇਤਿਹਾਸਕ ਸੰਬੰਧ ਇਸ ਤੱਥ ਤੋਂ ਪੈਦਾ ਹੁੰਦਾ ਹੈ ਕਿ ਮਾਰਵਾੜੀ ਭਰਾਵਾਂ ਦੇ ਮੁਖੀ ਰਾਣਾ ਪ੍ਰਤਾਪ ਨੂੰ ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤਰ ਬਾਬਾ ਸ੍ਰੀਚੰਦ ਦੁਆਰਾ ਧਰਮ ਦੇ ਲਈ ਸਭ ਕੁਝ ਕੁਰਬਾਨ ਕਰਨ ਲਈ ਪ੍ਰੇਰਿਤ ਕੀਤਾ ਗਿਆ ਸੀ। ਇਸ ਲਈ, ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੱਦੇ ਤੇ,

## ਘੱਟ-ਗਿਣਤੀ ਕਮਿਸ਼ਨ ਸਾਬਕਾ ਮੈਂਬਰ ਹਰਚਰਨ ਸਿੰਘ ਜੋਸ਼ ਵੱਲੋਂ ਲਈਆਂ ਸਿਕਲੀਗਰਾਂ ਦੀਆਂ ਤਸਵੀਰਾਂ









# ਆਓ ਸਾਰ ਲਈਏ ਗੁਰਬਤ ਵਿੱਚ ਪਲਦੇ ਸਿਕਲੀਗਰ ਪਰਿਵਾਰ ਅਤੇ ਉਨ੍ਹਾਂ ਦੇ ਬੱਚਿਆਂ ਦੀ







ਮਾਰਵਾੜੀ ਦਸਤਕਾਰਾਂ ਨੇ ਮੁਗਲਾਂ ਦੇ ਡਰ ਤੋਂ ਬਗੈਰ, ਹਮੇਸ਼ਾਂ ਸਿੱਖਾਂ ਨਾਲ ਜੁੜੇ।

ਇਤਿਹਾਸਕ ਰਿਕਾਰਡ ਅੱਗੇ ਦੱਸਦੇ ਹਨ ਕਿ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਸਿੰਘ ਭਾਈ ਜੇਠਾ ਅਤੇ ਭਾਈ ਬਿਧੀ ਚੰਦ ਨੂੰ ਕਾਰੀਗਰ ਲੱਭਣ ਲਈ ਭੇਜਿਆ ਤਾਂ ਭਾਈ ਕੇਹਰ ਸਿੰਘ ਰਾਜਪੂਤ ਉਨ੍ਹਾਂ ਵਿੱਚੋਂ ਪਹਿਲਾ ਸੀ ਜਿਸ ਨੇ ਤਲਵਾਰਾਂ, ਢਾਲਾਂ ਆਦਿ ਵਰਗੇ ਹਥਿਆਰਾਂ ਦੀ ਸਪਲਾਈ ਕਰਨ ਅਤੇ ਉਨ੍ਹਾਂ ਨੂੰ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਦਸਵੇਂ ਗੁਰੂ ਬਣੇ ਤਾਂ ਰਾਜਪੂਤ ਕਾਰੀਗਰਾਂ ਅਤੇ ਸਿੱਖ ਭਾਈਚਾਰੇ ਵਿਚਕਾਰ ਹਥਿਆਰਾਂ ਦੀ ਮੰਗ ਅਤੇ ਸਪਲਾਈ ਦਾ ਸਬੰਧ ਜਾਰੀ ਰਿਹਾ। ਇਨ੍ਹਾਂ ਕਾਰੀਗਰਾਂ ਨੇ ਹਥਿਆਰ-ਨਿਰਮਾਣ ਦੀ ਕਾਬਲੀਅਤ ਨੂੰ ਹਾਸਿਲ ਕੀਤਾ ਜੋ ਦੋਵੇਂ ਸੁਹਜ ਤੇ ਸ਼ਾਨਦਾਰ ਅਤੇ ਕਾਰਜਸ਼ੀਲ ਮਾਰੂ ਸਨ, ਅਤੇ ਉਨ੍ਹਾਂ ਦੀਆਂ ਪ੍ਰਤਿਭਾਵਾਂ ਦੀ ਪ੍ਰਸ਼ੰਸਾ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਨੂੰ ਖ਼ੁਦ 'ਸਿਕਲੀਗਰ' ਨਾਮ ਦਿੱਤਾ ਸੀ (ਇਕ ਸ਼ਬਦ 'ਸਿਕਲੀਗਰ' ਇਕ ਫ਼ਾਰਸੀ ਸ਼ਬਦ 'ਸਿਯੁਕਲ' ਤੋਂ ਪੈਦਾ ਹੋਇਆ ਜਿਸਦਾ ਅਰਥ ਹੈ ਕਿ ਇਕ ਵਿਅਕਤੀ ਜੋ ਧਾਤ ਨੂੰ ਪਾਲਿਸ਼ ਮਾਰਦਾ ਹੈ।) ਇਸ ਸਮੇਂ ਦੌਰਾਨ ਸਿਕਲੀਗਰਾਂ ਨੇ ਸਿੱਖਾਂ ਵਿਚ ਤਬਦੀਲ ਹੋਣ ਦੀ ਸ਼ੁਰੂਆਤ ਕੀਤੀ ਅਤੇ ਭਾਈ ਰਾਮ ਚੰਦ ਸਿੱਖ ਧਰਮ ਵਿਚ ਸ਼ਾਮਲ ਹੋਣ ਵਾਲਾ ਪਹਿਲਾ ਸਿਕਲੀਗਰ ਸੀ ਅਤੇ ਇਸਨੂੰ ਹੁਣ ਰਾਮ ਸਿੰਘ ਵਜੋਂ ਜਾਣਿਆ ਜਾਣ ਲੱਗਾ।

ਸਿਕਲੀਗਰਾਂ ਨੇ ਲੋਹਗੜ ਦੇ ਕਿਲ੍ਹੇ ਵਿਚ ਵੱਡੇ ਪੈਮਾਨੇ 'ਤੇ ਹਥਿਆਰਾਂ ਦਾ ਨਿਰਮਾਣ ਸ਼ੁਰੂ ਕੀਤਾ ਅਤੇ ਅਣ-ਸਹਿਜ ਹਿੰਮਤ ਅਤੇ ਸ਼ਹਾਦਤ ਦੀ ਭਾਵਨਾ ਦੇ ਨਾਲ ਯੋਧਿਆਂ ਵਜੋਂ ਸਿਖਲਾਈ ਪ੍ਰਾਪਤ ਕੀਤੀ। ਸਿੱਖ ਧਰਮ ਦੇ ਇਤਿਹਾਸ ਵਿਚ ਚਮਕੌਰ ਦੀ ਲੜਾਈ ਬਹੁਤ ਅਹਿਮ ਹੈ, ਸਿਕਲੀਗਰਾਂ ਦਾ ਯੋਗਦਾਨ, ਖਾਸ ਤੌਰ ਤੇ ਰਾਮ ਸਿੰਘ ਜੋ ਬਹਾਦਰੀ ਨਾਲ ਲੜਿਆ ਸੀ ਅਤੇ ਸ਼ਹਾਦਤ ਪ੍ਰਾਪਤ ਕੀਤੀ, ਜਿਸਦਾ ਵਰਣਨ ਸੂਰਜ ਪ੍ਰਕਾਸ਼ (ਭਾਗ 8) ਵਿਚ ਦਿੱਤਾ ਗਿਆ ਹੈ।

ਇਸ ਤੋਂ ਅੱਗੇ, ਜਦੋਂ ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਲਈ ਰਵਾਨਾ ਹੋਏ ਤਾਂ ਸਿਕਲੀਗਰ ਉਹਨਾਂ ਦੇ ਨਾਲ ਭਾਈ ਬਦਨ ਸਿੰਘ ਅਤੇ ਭਾਈ ਮੋਹਨ ਸਿੰਘ ਦੀ ਅਗਵਾਈ ਵਿਚ ਉਨ੍ਹਾਂ ਦੇ ਵਫ਼ਾਦਾਰ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ, ਇਸ ਕਬੀਲੇ ਨੂੰ ਛੋਟੇ ਸਮੂਹਾਂ ਵਿਚ ਵੰਡਿਆ ਗਿਆ ਅਤੇ ਉਨ੍ਹਾਂ ਨੇ ਆਪਣੇ ਸਾਮਾਨ ਬਣਾਉਣ ਅਤੇ ਵੇਚਣ ਲਈ ਸ਼ਹਿਰਾਂ ਅਤੇ ਪਿੰਡਾਂ ਵਿਚ ਘੁੰਮਣਾ ਸ਼ੁਰੂ ਕਰ ਦਿੱਤਾ। ਕੁਝ ਨੇ ਤਾਂ ਸ਼ਾਹੀ ਘਰਾਣੇ ਦੀ ਸੇਵਾ ਕੀਤੀ ਅਤੇ ਬਾਅਦ ਵਿਚ, ਉਹਨਾਂ ਵਿਚੋਂ ਕੁਝ ਮਹਾਰਾਜਾ ਆਲਾ ਸਿੰਘ ਦੀ ਸੇਵਾ ਵਿਚ ਆਏ ਅਤੇ ਅਹਿਮਦ ਸ਼ਾਹ ਅਬਦਾਲੀ ਦੀ ਕੈਦ ਤੋਂ ਹਜ਼ਾਰਾਂ ਹਿੰਦੂ ਮਰਦਾਂ ਅਤੇ ਔਰਤਾਂ ਨੂੰ ਮੁਕਤ ਕਰਨ ਵਿਚ ਮਹੱਤਵਪੂਰਨ ਯੋਗਦਾਨ ਦਿੱਤਾ।

ਸਮੇਂ ਦੇ ਬੀਤਣ ਨਾਲ, ਸਿਕਲੀਗਰਾਂ ਦੇ ਹਥਿਆਰ ਬਣਾਉਣ ਦੇ ਹੁਨਰ ਹੋਰ ਅੱਗੇ ਵਧੇ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨਕਾਲ ਦੌਰਾਨ, ਉਨ੍ਹਾਂ ਨੇ ਲਾਹੌਰ ਦੇ ਵਰਕਸ਼ਾਪਾਂ ਵਿਚ ਵੱਡੇ ਪੱਧਰ ਤੇ ਤੋਪਾਂ ਅਤੇ ਰਾਈਫਲਾਂ ਦੀ ਸਥਾਪਨਾ ਕੀਤੀ।

ਆਪਣੇ ਆਪ ਨੂੰ ਕਾਇਮ ਰੱਖਣ ਲਈ, ਉਹਨਾਂ ਨੇ ਛੋਟੀਆਂ ਧਾਤੂ ਦੇ ਪਰਿਵਾਰ-ਉਪਕਰਣ, ਜਿਵੇਂ ਕਿ ਚਾਕੂ ਆਦਿ, ਬਣਾਉਣਾ ਸ਼ੁਰੂ ਕੀਤਾ, ਜਿਸ ਨੇ ਉਨ੍ਹਾਂ ਨੂੰ ਆਪਣੀ ਰੋਜ਼ੀ ਕਮਾਉਣ ਨਹੀਂ ਦਿੱਤੀ। ਹੁਣ ਵੀ, ਉਹ ਭਾਰਤ ਦੇ ਵੱਖਰੇ-ਵੱਖਰੇ ਹਿੱਸਿਆਂ ਵਿਚ ਖਿੰਡੇ ਹੋਏ ਹਨ ਜੋ ਗ਼ਰੀਬੀ ਦੀ ਮਾਰ ਹੇਠ ਰਹਿ ਰਹੇ ਹਨ। ਕਈ ਪੀੜ੍ਹੀਆਂ ਤੋਂ, ਉਨ੍ਹਾਂ ਨੇ ਧਾਤੂ ਕੰਟੇਨਰਾਂ, ਚਾਕੂਆਂ ਅਤੇ ਘਰੇਲੂ ਉਪਯੋਗਤਾ ਦੇ ਉਤਪਾਦਾਂ ਦੇ ਨਿਰਮਾਣ ਦਾ ਕੰਮ ਜਾਰੀ ਰੱਖਿਆ ਹੈ, ਪਰ ਆਧੁਨਿਕ ਉਦਯੋਗ ਯੁਗ ਵਿਚ ਮਸ਼ੀਨ-ਤਿਆਰ ਸਮੱਗਰੀ ਨਾਲ ਤਾਲਮੇਲ ਰੱਖਣ ਵਿਚ ਅਸਮਰਥ ਰਹੇ ਹਨ।

ਸਿਕਲੀਗਰ ਆਪਣੇ ਆਪ ਨੂੰ ਗੁਰੂ ਦੇ ਸਿਪਾਹੀਆਂ ਦੀ ਵੰਸ਼ਾਵਲੀ ਮੰਨਦੇ ਹਨ ਅਤੇ ਆਪਣੀ ਵਿਰਾਸਤ ਵਿਚ ਮਾਣ ਕਰਦੇ ਹਨ ਅਤੇ ਘਟੀਆ ਨੌਕਰੀਆਂ ਤੋਂ ਦੂਰ ਰਹਿੰਦੇ ਹਨ। ਸਿਕਲੀਗਰ ਸਿੱਖ ਧਰਮ ਦੇ ਅਨੁਆਈ ਬਣੇ ਰਹਿੰਦੇ ਹੋਏ ਅਤੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪ੍ਰਵਾਨਿਤ ਕਰਦੇ ਹੋਏ, ਪਗੜੀ ਸਜਾਉਂਦੇ ਹਨ ਅਤੇ ਆਪਣੇ ਵਾਲਾਂ ਨੂੰ ਕੱਟਦੇ ਨਹੀਂ। ਸਿੱਖਾਂ ਦੇ ਪਵਿੱਤਰ ਪਾਠ 'ਗੁਟਕਾ' ਦੀ ਹਾਜ਼ਰੀ ਵਿਚ ਵਿਆਹਾਂ ਨੂੰ 1.25 ਰੁਪਇਆ ਅਤੇ ਮਿੱਠੇ 'ਕੜਾਹ ਪ੍ਰਸਾਦ' ਨਾਲ ਇਕੋ ਜਿਹੇ ਤਰੀਕੇ ਨਾਲ ਪੇਸ਼ ਕੀਤਾ ਜਾਂਦਾ ਹੈ। ਹਾਲਾਂਕਿ ਉਨ੍ਹਾਂ ਨੂੰ ਰੋਜ਼ਾਨਾ ਜ਼ਿੰਦਗੀ ਵਿਚ ਕਈ ਤਰਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਉਹਨਾਂ ਦੀ ਆਤਮਾ ਅਜੇ ਵੀ ਸੱਚੇ ਸਿੱਖ ਵਾਂਗ ਉੱਚੀ ਹੈ।

**ਵਣਜਾਰਾ:** ਬਿਨਾਂ ਸ਼ੱਕ, ਵਣਜਾਰਾ ਕਬੀਲੇ ਮੁੱਖ ਤੌਰ ਤੇ ਦੱਖਣੀ ਭਾਰਤੀ ਖੇਤਰ ਵਿਚ ਫੈਲੇ ਹੋਏ ਹਨ, ਫਿਰ ਵੀ, ਉਹਨਾਂ ਦੀਆਂ ਜੜ੍ਹਾਂ ਸਿੱਖੀ ਵਿਚ ਡੂੰਘੀਆਂ ਹਨ। ਰਵਾਇਤੀ ਤੌਰ ਤੇ, ਵੰਜਾਰੀਆਂ ਦਾ ਇਕ ਮੋਬਾਈਲ ਭਾਈਚਾਰਾ ਸੀ ਜੋ ਵੱਡੇ-ਵੱਡੇ ਕਾਫ਼ਲੇ ਵਿਚ ਇਕ ਥਾਂ ਤੋਂ ਦੂਜੇ ਥਾਂ ਜਾਂਦੇ ਸਨ, ਕਈ ਬਲਦ-ਗੱਡੀਆਂ ਸਨ ਅਤੇ ਅਨਾਜ ਦੇ ਵਪਾਰੀ ਅਤੇ ਟਰਾਂਸਪੋਰਟਰ ਸਨ। ਉਨ੍ਹਾਂ ਦੇ ਕਾਫਲੇ 'ਟਾਂਡਾ' ਦੇ ਨਾਂ ਨਾਲ ਜਾਣੇ ਜਾਂਦੇ ਸਨ। ਵਣਜਾਰੇ ਉਨ੍ਹਾਂ ਸਿੱਖਾਂ ਵਿਚੋਂ ਹਨ ਜਿਨ੍ਹਾਂ ਨੇ ਧਰਮ ਲਈ ਮਹਾਨ ਕੁਰਬਾਨੀਆਂ ਕੀਤੀਆਂ ਅਤੇ ਸ਼ਾਬਦਿਕ ਤੌਰ ਤੇ ਇਸ ਨੂੰ ਆਪਣੇ ਖੂਨ ਨਾਲ ਸਿੰਜਿਆ।

ਆਪਣੀਆਂ ਉਦਾਸੀਆਂ ਦੌਰਾਨ, ਗੁਰੂ ਨਾਨਕ ਸਾਹਿਬ ਜੀ ਦੇ ਸੰਪਰਕ ਵਿੱਚ ਬਹੁਤ ਸਾਰੇ ਵਣਜਾਰੇ ਆਏ। ਭਾਈ ਮਨਸੁੱਖ ਪਹਿਲਾ ਵਣਜਾਰਾ ਸੀ ਜੋ ਗੁਰੂਘਰ ਦੇ ਨਾਲ ਜੁੜਿਆ ਹੋਇਆ ਸੀ। ਇਹ ਉਹਨਾਂ ਦੀ ਪ੍ਰੇਰਣਾ ਸੀ ਕਿ ਸ੍ਰੀਲੰਕਾ ਦੇ ਰਾਜੇ ਸ਼ਿਵਨਾਭ ਨੇ ਸਿੱਖ ਧਰਮ ਨੂੰ ਅਪਣਾ ਲਿਆ ਅਤੇ ਇਸ ਤਰ੍ਹਾਂ ਸਿੱਖ ਧਰਮ ਭਾਰਤ ਦੀਆਂ ਹੱਦਾਂ ਤੋਂ ਬਾਹਰ ਫੈਲਿਆ ਹੋਇਆ ਸੀ।

ਗਵਾਲੀਅਰ ਦੇ ਕਿਲ੍ਹੇ ਦਾ ਦਰੋਗਾ, ਇਕ ਹੋਰ ਵਣਜਾਰਾ, ਹਰਿਦਾਸ ਵੀ ਇਕ ਸਿੱਖ ਬਣ ਗਿਆ ਜਦੋਂ ਛੇਵੇਂ ਸਿੱਖ ਗੁਰੂ ਹਰਿਗੋਬਿੰਦ ਸਾਹਿਬ ਨੂੰ ਕਈ ਹੋਰ ਬਾਦਸ਼ਾਹਾਂ ਸਮੇਤ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਲਿਆ ਗਿਆ ਸੀ।

ਜਦੋਂ ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ, ਤਾਂ ਲਖੀ ਸ਼ਾਹ ਵਣਜਾਰੇ ਨੇ ਚੁਪ-ਚੁਪੀਤੇ ਆਪਣੇ ਘਰ ਨੂੰ ਅੱਗ ਲਾ ਦਿੱਤੀ। ਮਸ਼ਹੂਰ ਇਤਿਹਾਸਿਕ ਗੁਰਦੁਆਰਾ

ਰਕਾਬ ਗੰਜ ਸਾਹਿਬ ਇਸ ਥਾਂ ਤੇ ਸਥਿਤ ਹੈ। ਸਿੱਖ ਧਰਮ ਨੂੰ ਬਚਾਉਣ ਲਈ ਇਸ ਕਬੀਲੇ ਨੇ ਬਹੁਤ ਸਾਰੀਆਂ ਬੇਮਿਸਾਲ ਕੁਰਬਾਨੀਆਂ ਕੀਤੀਆਂ ਹਨ।

ਨਾਇਕ ਭਗਵੰਤ ਸਿੰਘ ਨੂੰ ਔਰੰਗਜ਼ੇਬ ਨੇ ਪੰਜ ਹਜ਼ਾਰੀ ਦਾ ਖਿਤਾਬ ਦਿੱਤਾ ਸੀ। ਇਸ ਦੇ ਬਾਵਜੂਦ, ਉਸਨੇ ਆਪਣੇ ਘਰ ਨੂੰ ਸਿੱਖਾਂ ਲਈ ਇੱਕ ਸੁਰੱਖਿਅਤ ਘਾਟਰਾ ਬਣਾਇਆ ਅਤੇ ਸਿੱਖ ਕੌਮ ਨੂੰ ਬਚਾਉਣ ਲਈ ਉਸ ਦੇ ਗੋਤ ਦੇ ਜੀਆਂ ਨੇ ਕਈ ਕੁਰਬਾਨੀਆਂ ਦਿੱਤੀਆਂ। ਤਿੰਨ ਵਣਜਾਰਾ ਭਰਾਵਾਂ ਦੇ ਤਸ਼ੱਦਦ ਦਾ ਵਰਣਨ – ਭਾਈ ਦਿਆਲਾ ਜੀ ਜਿਸ ਨੂੰ ਦੇਗ ਵਿਚ ਜਿਊਂਦਾ ਉਬਾਲ ਦਿੱਤਾ ਗਿਆ ਸੀ, ਭਾਈ ਮਨੀ ਸਿੰਘ ਜਿਸ ਦੇ ਸਰੀਰ ਦੇ ਟੁਕੜੇ ਕੱਟੇ ਗਏ, ਇਕ ਸਰਬਸੰਮਾਰੀ ਉਦਾਹਰਨ ਹੈ। ਕਿਹਾ ਜਾਂਦਾ ਹੈ ਕਿ ਭਾਈ ਮਨੀ ਸਿੰਘ ਨੇ ਆਪਣੇ ਸਾਰੇ ਬੇਟੇ ਅਤੇ ਪੋਤਰਿਆਂ ਦੀ ਕੁਰਬਾਨੀ ਵੀ ਦਿੱਤੀ ਸੀ ਅਤੇ ਇਸ ਤਰ੍ਹਾਂ ਭਾਈ ਮਨੀ ਸਿੰਘ ਦਾ ਸਮੁੱਚਾ ਪਰਿਵਾਰ ਸ਼ਹੀਦਾਂ ਦੀ ਸੂਚੀ ਵਿੱਚ ਦਾਖਲ ਹੋ ਗਿਆ।

ਇਸ ਤੋਂ ਇਲਾਵਾ 40 ਹੋਰ ਵਣਜਾਰਿਆਂ ਦੀ ਸ਼ਹਾਦਤ, ਜਿਨ੍ਹਾਂ ਨੇ ਮੁਲਤਾਨ ਨੇੜੇ ਅਲੋਵਾਲ ਦੀ ਕੋਤਵਾਲੀ ਵਿਚ ਇਸਲਾਮ ਨੂੰ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ, 11 ਅਕਤੂਬਰ, 1711 ਨੂੰ ਅਕਬਰੇ-ਦਰਬਾਰ-ਏ-ਮੁਆਲਾ ਵਿਚ 10 ਰਮਜਾਨ ਹਿਜ਼ਰੀ 1123 ਸਾਲ ਦੇ ਪੰਚਮ ਬਹਾਦੁਰਸ਼ਾਹੀ ਦਰਜ ਹਨ।

ਭਾਰਤ ਵਿਚ ਬ੍ਰਿਟਿਸ਼ ਰਾਜ ਦੇ ਸਮੇਂ ਦੌਰਾਨ, ਵਣਜਾਰਿਆਂ ਨੇ ਲੋਡਰ ਅਤੇ ਮਜ਼ਦੂਰ ਦੇ ਤੌਰ ਤੇ ਕੰਮ ਕੀਤਾ ਅਤੇ ਆਜ਼ਾਦੀ ਘੁਲਾਟੀਆਂ ਦੀ ਮਦਦ ਕੀਤੀ, ਹਾਲਾਂਕਿ, ਉਦਯੋਗੀਕਰਨ ਅਤੇ ਰੇਲਵੇ ਦੇ ਆਗਮਨ ਦੇ ਨਾਲ, ਉਨ੍ਹਾਂ ਨੇ ਆਪਣੇ ਟਰਾਂਸਪੋਰਟ ਅਤੇ ਵਪਾਰ ਰਵਾਇਤੀ ਕੰਮ ਗੁਆ ਦਿੱਤੇ ਅਤੇ ਉਨ੍ਹਾਂ ਦੇ ਸਮਾਜਕ-ਆਰਥਕ ਹਾਲਾਤ ਵਿਗੜ ਗਏ। ਸਿੱਖ ਧਰਮ ਦੇ ਇਤਿਹਾਸ ਨਾਲ ਵਣਜਾਰਿਆਂ ਦਾ ਇੱਕ ਉਚਾ ਸਥਾਨ ਹੈ ਅਤੇ ਇਹ ਭਾਈਚਾਰਾ ਅਜੇ ਵੀ ਸਿੱਖ ਧਰਮ ਦੀ ਪਾਲਣਾ ਕਰਦਾ ਰਹਿੰਦਾ ਹੈ।

**ਲੁਬਾਣਾ**

ਲੁਬਾਣਾ ਕਮਿਊਨਿਟੀ ਵਣਜਾਰਿਆਂ ਦੀ ਇੱਕ ਸ਼ਾਖਾ ਹੈ ਅਤੇ ਭਾਰਤ ਭਰ ਵਿੱਚ ਫੈਲਿਆ ਹੋਇਆ ਹੈ। ਉਹ 'ਲੂਬੈਂਕ' ਬੋਲਦੇ ਹਨ ਜੋ ਪੰਜਾਬੀ ਦੀ ਉਪਭਾਸ਼ਾ ਹੈ, ਹਾਲਾਂਕਿ, ਪੰਜਾਬ ਵਿੱਚ ਰਹਿ ਰਹੇ ਲੁਬਾਣਾ ਪੰਜਾਬੀ ਬੋਲਦੇ ਹਨ ਅਤੇ ਹੋਰ ਸਥਾਨਾਂ ਵਾਲੇ ਲੋਕ ਸਥਾਨਕ ਭਾਸ਼ਾ ਬੋਲਦੇ ਹਨ। ਸ਼ਬਦ 'ਲੁਬਾਣਾ' ਸ਼ਬਦ 'ਲੂਨ' (ਲੂਣ) ਅਤੇ ਬਾਣਾ / ਵਨਾ (ਵਪਾਰ) ਤੋਂ ਲਿਆ ਗਿਆ ਹੈ। ਲੋਬਾਨਾ ਅਸਲ ਵਿੱਚ ਲੂਣ ਵਪਾਰਕ ਭਾਈਚਾਰੇ ਹਨ। ਮਸ਼ਹੂਰ ਲੇਖਕ ਖੁਸ਼ਵੰਤ ਸਿੰਘ ਨੇ ਉਨ੍ਹਾਂ ਨੂੰ 'ਧਰਤੀ ਦਾ ਲੂਣ' ਕਿਹਾ ਹੈ।

ਸਿਖ ਧਰਮ ਦੇ ਨਾਲ ਲੁਬਾਨਾ ਦਾ ਸਬੰਧ ਸਿੱਖ ਗੁਰੂਆਂ ਦੇ ਸਮੇਂ ਤੋਂ ਹੈ। ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਇਹ ਦਰਜ ਹੈ ਕਿ ਲੁਬਾਣਾ ਨੇ ਬੰਦਾ ਬਹਾਦੁਰ ਨੂੰ ਪੈਸੇ ਦੇ ਕੇ ਮਦਦ ਕੀਤੀ ਸੀ। ਦਸਵੇਂ ਗੁਰੂ ਦੀ ਮੌਤ ਤੋਂ ਬਾਅਦ, ਬੰਦਾ ਸਿੰਘ ਬਹਾਦਰ ਨੇ ਸਿੱਖ ਫੌਜਾਂ ਦੀ ਅਗਵਾਈ ਕੀਤੀ ਅਤੇ ਮੁਗ਼ਲਾਂ ਨਾਲ ਭਿਆਨਕ ਲੜਾਈ ਲੜੇ। ਲੁਬਾਨਾ ਦਾ ਯੋਗਦਾਨ

"ਆਯਾ ਲੁਬਾਣੇ ਲਗੇ ਗੇਹੀ ਲਾਰ, ਦਿਨੋ ਦਸਵੰਧ ਯੂਨ ਹਾਜ਼ਾਰ"

ਦੇ ਰੂਪ ਵਿਚ ਦਿੱਤਾ ਗਿਆ ਹੈ।

ਮੱਖਣ ਸ਼ਾਹ ਲੋਬਾਣਾ ਦੇ ਨੌਵੇਂ ਸਿੱਖ ਗੁਰੂ, ਤੇਗ ਬਹਾਦੁਰ ਨੂੰ, ਪਿੰਡ ਬਕਾਲਾ ਵਿਚ ਸੱਚਾ

ਗੁਰੂ ਦੇ ਤੌਰ 'ਤੇ ਐਲਾਨ ਕਰਨ', ਇਹ ਬਿਰਤਾਂਤ 'ਗੁਰੂ ਕੀਆਂ ਸਾਖੀਆਂ' ਵਿਚ ਦਰਜ ਹੈ। ਗੁਰੂ ਜੀ ਨੇ ਉਨ੍ਹਾਂ ਨੇ ਬਖਸ਼ਿਸ਼ ਕੀਤੀ ਅਤੇ ਗੁਰੂ ਦੁਆਰ ਸੱਚੇ ਸਿੱਖ ਹੋਣ ਦਾ ਐਲਾਨ ਕੀਤਾ। ਮੱਖਣਸ਼ਾਹ ਲੁਬਾਣਾ ਨੇ ਆਪਣੀ ਸਾਰੀ ਜ਼ਿੰਦਗੀ ਵਿਚ ਇਕ ਸੱਚੇ ਸਿੱਖ ਵਾਂਗ ਰਹਿਣਾ ਜਾਰੀ ਰੱਖਿਆ ਅਤੇ ਆਪਣੀ ਆਉਣ ਵਾਲੀਆਂ ਪੀੜ੍ਹੀਆਂ ਵੀ ਇਸੇ ਤਰ੍ਹਾਂ ਜਾਰੀ ਰੱਖੀਆਂ। ਉਸ ਦੇ ਪੁੱਤਰ ਕੁਸ਼ਲ ਸਿੰਘ ਨੇ ਲੋਹਗੜ੍ਹ ਕਿਲ੍ਹੇ ਵਿੱਚ ਗੁਰੂ ਜੀ ਦੀਆਂ ਫ਼ੌਜਾਂ ਨਾਲ ਲੜਦੇ ਹੋਏ ਆਪਣੀ ਜਿੰਦਗੀ ਕੁਰਬਾਨ ਕਰ ਦਿੱਤੀ। ਜਦੋਂ ਬੰਦਾ ਸਿੰਘ ਬਹਾਦੁਰ ਨੂੰ ਆਪਣੀ ਫ਼ੌਜ ਲਈ ਸਿਪਾਹੀਆਂ ਦੀ ਲੋੜ ਸੀ ਤਾਂ ਲੁਬਾਣੇ ਉਹਨਾਂ ਨਾਲ ਮਿਲ ਕੇ ਲੜੇ।

ਮਿਸਲ ਕਾਲ ਦੇ ਦੌਰਾਨ, ਲੁਬਾਣਿਆਂ ਨੇ ਵੱਖੋ-ਵੱਖਰੇ ਮਿਸਲਦਾਰਾਂ ਦੀ ਸੇਵਾ ਕੀਤੀ। ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਦੁਆਰਾ ਉਹਨਾਂ ਨੂੰ ਸਿੱਖ ਫ਼ੌਜ ਵਿਚ ਭਰਤੀ ਕੀਤਾ ਗਿਆ ਸੀ ਅਤੇ ਸ਼ਾਨਦਾਰ ਸੈਨਿਕ ਸਾਬਤ ਹੋਏ। ਮਹਾਰਾਜਾ ਰਣਜੀਤ ਸਿੰਘ ਨੇ ਖੇਤੀਬਾੜੀ ਨੂੰ ਵਧਾਉਣ ਲਈ ਖੇਤੀ ਨੀਤੀ ਲਾਗੂ ਕੀਤੀ ਸੀ। ਕਿਸਾਨ ਨੂੰ ਘੱਟ ਦਰ ਤੇ ਜ਼ਮੀਨ ਦਿੱਤੀ ਗਈ ਅਤੇ ਇਸ ਨੇ ਲੁਬਾਣਿਆਂ ਨੂੰ ਆਪਣੀ ਰੋਜ਼ੀ ਕਮਾਉਣ ਲਈ ਕਿਸਾਨ ਬਣਨ ਦਾ ਮੌਕਾ ਦਿੱਤਾ। 18 ਵੀਂ ਸਦੀ ਦੇ ਅਖੀਰ ਵਿਚ ਉਹ ਛੋਟੇ ਪਿੰਡ ਦੀਆਂ ਬਸਤੀਆਂ ਵਿਚ ਵੱਸਣ ਲੱਗੇ ਜਿਨ੍ਹਾਂ ਨੂੰ ਟਾਂਡਾ ਕਿਹਾ ਜਾਂਦਾ ਸੀ।

**ਦੱਖਣੀ ਸਿੱਖ**

1832 ਵਿਚ, ਹੈਦਰਾਬਾਦ ਦੇ ਨਿਜ਼ਾਮ ਨੇ ਗੁਆਂਢੀ ਰਾਜਾਂ ਦੇ ਹਮਲੇ ਤੋਂ ਉਸ ਦੀ ਰੱਖਿਆ ਲਈ ਮਹਾਰਾਜਾ ਰਣਜੀਤ ਸਿੰਘ, ਪੰਜਾਬ ਦੇ ਉਸ ਸਮੇਂ ਦੇ ਸ਼ਾਸਕ, ਨੂੰ ਬੇਨਤੀ ਕੀਤੀ। ਮਹਾਰਾਜਾ ਰਣਜੀਤ ਸਿੰਘ ਨੇ 2,000 ਸਿੱਖ ਸਿਪਾਹੀਆਂ ਦੀ ਫ਼ੌਜ ਭੇਜੀ, ਜਿਨ੍ਹਾਂ ਨੇ ਨਿਜ਼ਾਮ ਨੂੰ ਆਪਣੇ ਦੁਸ਼ਮਣਾਂ ਉੱਤੇ ਜਿੱਤ ਪ੍ਰਾਪਤ ਕਰਨ ਵਿਚ ਸਹਾਇਤਾ ਕੀਤੀ। ਬਾਅਦ ਵਿੱਚ, ਇਹਨਾਂ ਵਿੱਚੋਂ ਕੁਝ ਫੌਜੀ ਵਾਪਸ ਪੰਜਾਬ ਗਏ ਸਨ ਅਤੇ ਬਾਕੀਆਂ ਨੇ ਉਥੇ ਰਹਿਣ ਦਾ ਫ਼ੈਸਲਾ ਕੀਤਾ। ਜਿਹੜੇ ਸਿਪਾਹੀ ਉਥੇ ਠਹਿਰੇ ਸਨ ਉਹਨਾਂ ਨੂੰ ਨਿਜ਼ਾਮ ਦੀਆਂ ਸਥਾਪਨਾਵਾਂ ਦੇ ਰੱਖ-ਰਖਾਓ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ ਅਤੇ ਉਨ੍ਹਾਂ ਨੂੰ ਦੱਖਣੀ ਸਿੱਖਾਂ ਵਜੋਂ ਜਾਣਿਆ ਜਾਣ ਲੱਗਾ। ਦੱਖਣੀ ਸਿਖਾਂ ਦੀ ਆਬਾਦੀ ਸਿਕਲੀਗਰ ਅਤੇ ਵਣਜਾਰਿਆਂ ਦੀ ਆਬਾਦੀ ਦੇ ਮੁਕਾਬਲੇ ਘੱਟ ਹੈ।

ਸਿੱਖਾਂ ਦੇ ਉਪਰੋਕਤ ਉਪ-ਸਮੂਹ ਸਿੱਖ ਧਰਮ ਦੇ ਸਾਰੇ ਸਿਧਾਂਤਾਂ ਦੀ ਪਾਲਣਾ ਕਰਦੇ ਹੋਏ ਸਿੱਖ ਧਰਮ ਦੇ ਸਿਧਾਂਤਾਂ ਦੀ ਅਸਲੀ ਸੱਚਾਈ ਵਿਚ ਸਿੱਖ ਹਨ, ਹਾਲਾਂਕਿ, ਉਨ੍ਹਾਂ ਵਿਚ ਬਹੁਮਤ ਪ੍ਰੇਸ਼ਾਨ ਅਤੇ ਅਣ-ਮਨੁੱਖੀ ਹਾਲਤਾਂ ਵਿਚ ਜੀਉਂਦੇ ਹਨ। ਉਹ ਇਸ ਤਰ੍ਹਾਂ ਸਾਰੇ ਲਾਭ ਪ੍ਰਾਪਤ ਕਰਨ ਦੇ ਹੱਕਦਾਰ ਹਨ ਜਿਵੇਂ ਸੱਚਰ ਕਮੇਟੀ ਦੁਆਰਾ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਸਾਰੇ ਘੱਟ ਗਿਣਤੀ ਮੁਸਲਮਾਨ ਭਾਈਚਾਰੇ ਨੂੰ ਦਿੱਤਾ ਗਿਆ ਹੈ।

**ਸਿੱਟਾ:** ਭਾਵੇਂ ਲਾਭਾਂ ਦਾ ਇੱਕ ਵਿਆਪਕ ਖਾਤਾ ਜੋ ਕਿ ਸਾਰੇ ਪੰਜ ਸੂਚਿਤ ਘੱਟ ਗਿਣਤੀ ਭਾਈਚਾਰਿਆਂ ਨੂੰ ਆਪਣੇ ਸਮਾਜਿਕ, ਆਰਥਿਕ ਅਤੇ ਵਿਦਿਅਕ ਭਲਾਈ ਲਈ ਹੱਕਦਾਰ ਹਨ। ਇਹ ਮੌਜੂਦਾ ਅਧਿਐਨ ਤੋਂ ਵੀ ਸਪੱਸ਼ਟ ਹੈ ਕਿ ਸਿਕਲੀਗਰਾਂ, ਵਣਜਾਰਾ, ਲੁਬਾਣਾ ਦੇ ਉਪ ਸਮੂਹ ਅਤੇ ਦੱਖਣੀ ਸਿੱਖ ਇਹਨਾਂ ਲਾਭਾਂ ਦਾ ਲਾਭ ਨਹੀਂ ਲੈ

ਰਹੇ ਜਿਸ ਦੇ ਉਹ ਹੱਕਦਾਰ ਹਨ। ਮੁੱਖ ਤੌਰ ਤੇ ਇਸ ਲਈ ਕਿ ਇਨ੍ਹਾਂ ਭਾਈਚਾਰਿਆਂ ਨੂੰ ਸਬੰਧਤ ਰਾਜ ਸਰਕਾਰਾਂ ਦੁਆਰਾ ਘੱਟ ਗਿਣਤੀ ਦਾ ਦਰਜਾ ਨਹੀਂ ਦਿੱਤਾ ਗਿਆ ਹੈ ਅਤੇ ਇਹ ਵੀ ਕਿ ਇਨ੍ਹਾਂ ਸਮੁਦਾਇਆਂ ਵਿਚ ਜਾਗਰੂਕਤਾ ਦੀ ਘਾਟ ਹੈ।

ਇਹਨਾਂ ਸਿੱਖ ਉਪ-ਗੋਤਾਂ ਨੂੰ ਮੁੱਖ ਧਾਰਾ ਦੇ ਵਿਕਾਸ ਵਿਚ ਲਿਆਉਣ ਲਈ, ਭਾਰਤ ਸਰਕਾਰ ਅਤੇ ਰਾਜ ਸਰਕਾਰ ਨੂੰ ਗਜ਼ਟ ਨੋਟੀਫਿਕੇਸ਼ਨ ਰਾਹੀਂ ਇਹਨਾਂ ਸਿੱਖ ਸਬ-ਗਰੁੱਪਾਂ ਨੂੰ ਘੱਟ ਗਿਣਤੀ ਦਾ ਦਰਜਾ ਦੇਣ ਲਈ ਇਕ ਯੂਨੀਫਾਰਮ ਮਾਪਦੰਡ ਅਪਣਾਉਣ ਦੀ ਲੋੜ ਹੈ ਤਾਂ ਜੋ ਉਨ੍ਹਾਂ ਨੂੰ ਕੇਂਦਰੀ ਅਤੇ ਰਾਜ ਸਰਕਾਰਾਂ ਦੀਆਂ ਵੱਖ ਵੱਖ ਸਕੀਮਾਂ ਅਧੀਨ ਲਾਭਾਂ ਦਾ ਲਾਭ ਮਿਲ ਸਕੇ।

ਮੈਨੂੰ ਲਗਦਾ ਹੈ ਕਿ ਇਨ੍ਹਾਂ ਸਿੱਖ ਉਪ-ਗਰੁੱਪਾਂ ਨੂੰ ਉੱਚਾ ਚੁੱਕਣ ਲਈ ਸਰਕਾਰ ਦੇ ਖੋਖਲੇ ਤੇ ਨਿਵੇਕਲੀ ਨਿਰਭਰਤਾ ਉਨ੍ਹਾਂ ਨੂੰ ਵਿਕਾਸ ਦੇ ਮੁੱਖ ਧਾਰਾ ਵਿਚ ਲਿਆਉਣ ਲਈ ਕੋਈ ਦਵਾਈ ਨਹੀਂ ਹੈ। ਇਹ ਸਾਡੇ ਸਾਰਿਆਂ ਉੱਤੇ ਇਕੋ ਜਿਹਾ ਕੰਮ ਕਰਨ ਲਈ, ਨਿਯੋਜਤ ਢੰਗ ਨਾਲ ਕੰਮ ਕਰਨ ਲਈ ਸਮਰਪਿਤ ਹੋਣਾ ਜ਼ਰੂਰੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਨ੍ਹਾਂ ਸਿੱਖ ਉਪ-ਗਰੁੱਪਾਂ ਦੇ ਮੈਂਬਰ ਪਿੱਛੇ ਨਹੀਂ ਰਹਿ ਜਾਣ ਅਤੇ ਮੁੱਖ ਧਾਰਾ ਦੇ ਵਿਕਾਸ ਵਿਚ ਸਰਗਰਮ ਭਾਗੀਦਾਰ ਬਣ ਸਾਕਣ।



**ਭਾਰਤੀ ਕੌਮੀ ਘੱਟ-ਗਿਣਤੀ ਕਮਿਸ਼ਨ ਦੇ ਮੈਂਬਰ ਰਹੇ ਹਰਚਰਨ ਸਿੰਘ ਜੋਸ਼ ਸੁਪਰੀਮ ਕੋਰਟ ਦੇ ਵਕੀਲ ਹਨ ਅਤੇ ਸਿਆਸਤ ਵਿਚ ਵੀ ਲੰਮਾ ਸਮਾਂ ਬਿਤਾਇਆ ਹੈ। ਉਹਨਾਂ ਨੇ ਘੱਟ-ਗਿਣਤੀ ਕਮਿਸ਼ਨ ਵਿੱਚ ਕੰਮ ਕਰਦਿਆਂ ਸਿਕਲੀਗਰ, ਵਣਜਾਰਿਆਂ, ਦੱਖਣੀ ਸਿੱਖਾਂ ਬਾਰੇ** 14 **ਸੂਬਿਆਂ ਵਿੱਚ ਜਾ ਕੇ ਉਨਾਂ ਦਾ ਰਹਿਣ-ਸਹਿਣ ਦੇਖਿਆ ਤੇ ਇੱਕ ਰਿਪੋਰਟ ਤਿਆਰ ਕਰ ਭਾਰਤ ਦੇ ਗ੍ਰਹਿ ਮੰਤ੍ਰਾਲੇ ਨੂੰ ਸੌਂਪੀ ਹੈ। ਇਸ ਰਿਪੋਰਟ ਨਾਲ ਉਨ੍ਹਾਂ ਨੇ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਦੇ ਧਿਆਨ ਵਿੱਚ ਲਿਆਂਦਾ ਕਿ ਇਹਨਾਂ ਗਰੀਬ ਸਿੱਖਾਂ ਦੀ ਸਾਰ ਲਈ ਜਾਵੇ। ਉਨ੍ਹਾਂ ਨਾਲ ਈਮੇਲ** harcharanjosh@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਸਿਕਲੀਗਰ-ਗੁਰਸਿੱਖਾਂ ਦੇ ਰੌਚਕ ਤੱਥ ਅਤੇ ਵਿਸ਼ੇਸ਼ ਜਾਣਕਾਰੀ

ਡਾ. ਹਰਪ੍ਰੀਤ ਕੌਰ ਖੁਰਾਣਾ

ਸਿਕਲੀਗਰ ਗੁਰਸਿੱਖ ਸਮੇਂ ਤੋਂ ਹੀ ਡੇਰਿਆਂ ਵਿੱਚ ਰਹਿੰਦੇ ਆ ਰਹੇ ਹਨ। ਵਰਤਮਾਨ ਵਿੱਚ ਉਦਾਰੀਕਰਨ, ਨਿੱਜੀਕਰਨ, ਵਿਸ਼ਵੀਕਰਨ ਅਤੇ ਐਲ. ਪੀ. ਜੀ. ਇਸ ਦੌਰ ਵਿੱਚ ਵੀ ਸਿਕਲੀਗਰਾਂ ਦੇ ਡੇਰੇ ਮੌਜੂਦ ਹਨ। ਇਨ੍ਹਾਂ ਦੀ ਖਾਸੀਅਤ ਇਹ ਹੈ ਕਿ ਆਮ ਤੌਰ ਤੇ ਜੇ ਕੋਈ ਸਿਕਲੀਗਰ ਜੇਕਰ ਆਪਣੇ ਇਲਾਕੇ ਤੋਂ ਬਾਹਰ ਦੂਜੇ ਇਲਾਕੇ ਵਿੱਚ ਜਾਵੇਗਾ ਤਾਂ ਵੀ ਉਹ ਦੂਸਰੇ ਇਲਾਕੇ ਦੇ ਡੇਰੇ ਵਿੱਚ ਹੀ ਰਹੇਗਾ। ਜਿਵੇਂ ਕਿ ਭੋਪਾਲ ਦੇ ਕਿਸੇ ਸਿਕਲੀਗਰ ਨੂੰ ਨਾਗਪੁਰ ਜਾਣਾ ਹੋਵੇ ਤਾਂ ਉਹ ਨਾਗਪੁਰ ਦੇ ਡੇਰੇ ਵਿੱਚ ਹੀ ਜਾ ਕੇ ਰਹੇਗਾ। ਸਿਕਲੀਗਰ ਕਿਤੇ ਆਉਣ-ਜਾਣ ਤੋਂ ਪਹਿਲਾਂ ਆਪਣੇ ਡੇਰੇ ਦੀ ਜਾਣਕਾਰੀ ਲੈ ਲੈਂਦਾ ਹੈ। ਡੇਰੇ ਤੋਂ ਇਲਾਵਾ ਕਿਸੇ ਹੋਰ ਥਾਂ ਤੇ ਕੰਮ-ਧੰਦੇ ਜਾਂ ਕਿਸੀ ਹੋਰ ਕਾਰਨ ਕਰਕੇ ਜਾਣ ਤੇ ਕਮਰਾ, ਲਾਜ ਕਿਰਾਏ ਤੇ ਵੀ ਲੈ ਲੈਂਦੇ ਹਨ ਜੇਕਰ ਉਸ ਇਲਾਕੇ ਵਿੱਚ ਡੇਰਾ ਨਾ ਹੋਵੇ ਮਤਲਬ ਜੇ ਉਥੇ ਸਿਕਲੀਗਰ ਨਿਵਾਸ ਨਾ ਕਰਦੇ ਹੋਣ। ਇਹ ਆਮ ਤੋਰ ਤੇ ਇਕੱਠੇ ਹੀ ਰਹਿੰਦੇ ਹਨ ਅਤੇ ਕਿਤੇ ਵੀ ਇਕੱਠ ਵਿੱਚ ਹੀ ਜਾਂਦੇ ਹਨ। ਆਮ ਤੌਰ ਤੇ ਡੇਰਿਆਂ ਦੀ ਬਨਾਵਟ ਵੀ ਇੱਕੋ ਜਿਹੀ ਹੁੰਦੀ ਹੈ।

ਕਿਸੇ ਅਸਥਾਨ ਦੇ ਡੇਰੇ ਨੂੰ ਦੇਖ ਕੇ ਉਥੋਂ ਦੇ ਸਿਕਲੀਗਰਾਂ ਦੀ ਆਰਥਿਕ ਹਾਲਤ ਦਾ ਅੰਦਾਜਾ ਲਗਾਇਆ ਜਾ ਸਕਦਾ ਹੈ। ਆਮ ਤੌਰ ਤੇ ਡੇਰਿਆਂ ਦੀ ਬਾਹਰਲੀ ਦਿੱਖ ਇਨ੍ਹਾਂ ਦੀ ਆਰਥਿਕ ਹਾਲਤ ਨੂੰ ਸਪੱਸ਼ਟ ਕਰਦੀ ਹੈ।

ਇਨ੍ਹਾਂ ਵਿੱਚ ਟੈਲੀਵਿਜ਼ਨ, ਮੋਬਾਇਲ ਅਤੇ ਆਉਣ-ਜਾਣ ਦਾ ਕੋਈ ਨਾ ਕੋਈ ਸਾਧਨ ਵਧੇਰੇ ਪਰਿਵਾਰਾਂ ਵਿੱਚ ਹੈ। ਇਸ ਤਰ੍ਹਾਂ ਟੈਲੀਵਿਜ਼ਨ ਰਾਹੀਂ ਇਹ ਬਾਹਰਲੀ ਦੁਨੀਆਂ ਨਾਲ ਜੁੜੇ ਹੋਏ ਹਨ। ਇਹ ਲੋਕ ਸੰਚਾਰ ਸਾਧਨਾਂ ਦੀ ਵਰਤੋਂ ਆਪਣੇ ਰਿਸ਼ਤੇਦਾਰਾਂ ਅਤੇ ਹੋਰ ਇਲਾਕਿਆਂ ਦੇ ਡੇਰਿਆਂ ਨਾਲ ਜੁੜੇ ਰਹਿਣ ਲਈ ਕਰਦੇ ਹਨ। ਇਨ੍ਹਾਂ ਆਉਣ-ਜਾਣ ਦੇ ਸਾਧਨਾਂ ਵਿੱਚ ਸਾਈਕਲ, ਮੋਟਰ ਸਾਈਕਲ, ਕਈ ਰੱਜੇ-ਪੁੱਜੇ ਜਿਮੀਂਦਾਰ ਕਾਰਾਂ ਦੀ ਵੀ ਵਰਤੋਂ ਕਰਦੇ ਹਨ। ਪਰਿਵਾਰ ਦੇ ਕਿਸੇ ਇੱਕ ਆਦਮੀ ਕੋਲ ਆਉਣ-ਜਾਣ ਦਾ ਸਾਧਨ ਹੋਣ ਤੇ ਬਾਕੀ ਪਰਿਵਾਰ ਵਾਲੇ ਮਿਲ ਕੇ ਉਸ ਦੀ ਵਰਤੋਂ ਕਰਦੇ ਹਨ। ਇਸ ਤੋਂ ਸਪੱਸ਼ਟ ਹੈ ਕਿ ਸਿਕਲੀਗਰ ਸੰਚਾਰ,ਆਉਣ-ਜਾਣ ਦੇ ਸਾਧਨਾਂ ਦੀ ਵਰਤੋਂ ਕਰ ਰਹੇ ਹਨ।

ਸਿਕਲੀਗਰਾਂ ਵਿੱਚ ਰਾਜਨੀਤੀ ਚੇਤਨਾ ਹੈ। ਇਨ੍ਹਾਂ ਨੂੰ ਕਿਸੇ ਵੀ ਸਰਕਾਰੀ ਯੋਜਨਾ, ਲਾਭ, ਸੁਵਿਧਾ (ਸਹੂਲਤ) ਆਦਿ ਦੀ ਜਾਣਕਾਰੀ ਹੁੰਦੀ ਹੈ ਅਤੇ ਇਹ ਆਪਣੀ ਲੋੜ ਅਨੁਸਾਰ ਉਸ ਦਾ ਲਾਭ ਵੀ ਉਠਾਉਂਦੇ ਹਨ। ਸਿਕਲੀਗਰ ਇੱਕ ਮਹੱਤਵਪੂਰਨ ਵੋਟ ਬੈਂਕ ਸਮਝੇ ਜਾਂਦੇ ਹਨ ਕਿਉਂਕਿ ਇਹਨਾਂ ਦੀ ਦਸ਼ਾ ਸਥਾਨਕ ਕੌਸਲਰ, ਨੇਤਾ ਤੇ ਵਿਧਾਇਕ ਦੀ ਜਿੱਤ ਨੂੰ ਪ੍ਰਭਾਵਿਤ ਕਰਦੀ ਹੈ। ਇਨ੍ਹਾਂ ਵਿੱਚ ਰਾਜਨੀਤਕ ਸਰਗਰਮੀ ਦੇਖਣ ਨੂੰ ਮਿਲਦੀ ਹੈ। ਰਾਜਨੀਤਕ ਸਰਗਰਮੀ ਕਾਰਨ ਇਨਹਾਂ ਨੂੰ ਆਮ ਕਰ ਕੇ ਜਮੀਨ ਦੇ ਪਟੇ, ਗਰੀਬੀ

ਰੇਖਾ ਕਾਰਡ, ਰਾਸ਼ਨ ਕਾਰਡ, ਵੋਟਰ ਕਾਰਡ (ਪਹਿਚਾਣ ਪੱਤਰ) ਸਰਕਾਰੀ ਦਸਤਾਵੇਜ ਅਸਾਨੀ ਨਾਲ ਪ੍ਰਾਪਤ ਹੋ ਜਾਂਦੇ ਹਨ ਅਤੇ ਲਗਭਗ ਸਭ ਨੇ ਬਣਵਾ ਲਏ ਹਨ।

ਅਜੋਕੇ ਸਮੇਂ ਵਿੱਚ ਕਈ ਸਿਕਲੀਗਰ ਜੀਵਨ ਦੀਆਂ ਮੁਢਲੀਆਂ ਲੋੜਾਂ ਜਿਵੇਂ ਰੋਟੀ, ਕੱਪੜਾ, ਮਕਾਨ ਅਤੇ ਹੋਰ ਜਰੂਰੀ ਸੁਵਿਧਾਵਾਂ ਜਿਵੇਂ ਪੀਣ ਵਾਲਾ ਪਾਣੀ, ਜਲ ਨਿਕਾਸੀ ਸਿਹਤ ਆਦਿ ਤੋਂ ਵੰਚਿਤ ਹਨ। ਭੋਪਾਲ ਵਿੱਚ ਸਿੱਖ ਸਿਕਲੀਗਰਾਂ ਦੇ ਡੇਰੇ ਵਿੱਚ ਯਤਨ ਕਰਨ ਤੇ ਵੇਖਿਆ ਗਿਆ ਹੈ ਕਿ ਸਿਕਲੀਗਰ ਪਰਿਵਾਰ ਇੱਕ ਮੁਸਲਮਾਨ ਫਕੀਰ (ਭਿਖਾਰੀ) ਤੋਂ ਆਟਾ ਖਰੀਦ ਰਿਹਾ ਸੀ। ਇਸ ਪਰਿਵਾਰ ਦੇ ਅਨੁਸਾਰ ਇੱਕ ਮੁਸਲਮਾਨ ਫਕੀਰ ਸਾਨੂੰ ਬਜਾਰ ਮੁੱਲ ਨਾਲੋਂ ਘੱਟ ਮੁੱਲ ਤੇ ਆਟਾ ਵੇਚਦਾ ਹੈ ਇਸ ਲਈ ਅਸੀਂ ਇਸ ਤੋਂ ਆਟਾ ਖਰੀਦਦੇ ਹਾਂ ਜਿਸ ਨਾਲ ਕੁਝ ਰੁਪਏ ਬਚ ਜਾਂਦੇ ਹਨ। ਇਸ ਫਕੀਰ ਤੋਂ ਕੁਝ ਸਿਕਲੀਗਰ ਪਰਿਵਾਰ ਵਾਰੀ ਵਾਰੀ ਆਟਾ ਖਰੀਦਦੇ ਹਨ। ਜਿਵੇਂ ਇੱਕ ਵਾਰ ਇੱਕ ਪਰਿਵਾਰ ਆਟਾ ਖਰੀਦਦਾ ਹੈ ਫਿਰ ਦੂਜੀ ਵਾਰ ਦੂਸਰਾ ਪਰਿਵਾਰ ਆਟਾ ਖਰੀਦਦਾ ਹੈ। ਇਹ ਫਕੀਰ ਇੱਕ ਘਰ ਵਿੱਚ ਇੱਕ ਪਰਿਵਾਰ ਨੂੰ 10-15 ਕਿਲੋ ਆਟਾ ਵੇਚਦਾ ਹੈ। ਜਿਸ ਕਰਕੇ ਸਾਨੂੰ ਇੱਕ ਵਾਰ ਵਿੱਚ 35-50 ਰੁਪਏ ਬਜਾਰ ਮੁੱਲ ਤੋਂ ਆਟਾ ਖਰੀਦਣ ਤੇ ਬਚਦੇ ਹਨ।

ਕਈ ਡੇਰਿਆਂ ਵਿੱਚ ਪੁਰਾਣੇ ਕੱਪੜੇ ਵੇਚਣ ਵਾਲੇ ਆਉਂਦੇ ਹਨ। ਇਹ ਲੋਕ ਸਥਾਨਕ ਬਜਾਰ ਤੋਂ ਵੀ ਪੁਰਾਣੇ ਕੱਪੜੇ ਖਰੀਦਦੇ ਹਨ। ਇਸ ਤਰ੍ਹਾਂ ਦੇ ਕੱਪੜੇ ਉਹ ਹੀ ਖਰੀਦਦੇ ਹਨ ਜਿਨ੍ਹਾਂ ਦੀ ਹਾਲਤ ਕਾਫੀ ਕਮਜ਼ੋਰ ਹੁੰਦੀ ਹੈ। ਆਮ ਤੌਰ ਤੇ ਸਿਕਲੀਗਰ ਬੀਬੀਆਂ ਮਹਾਵਾਰੀ ਦੇ ਦਿਨਾਂ ਵਿੱਚ ਵਿੱਚ ਕੱਪੜਾ ਇਸਤੇਮਾਲ ਕਰਦੀਆਂ ਹਨ। ਇਸ ਵਰਤੋਂ ਲਈ ਹਰ ਮਹੀਨੇ ਬਜਾਰ ਤੋਂ ਲਗਭਗ 10-20 ਰੁਪਏ ਦਾ ਪੁਰਾਣਾ ਸੂਤੀ ਕੱਪੜਾ, ਸਾੜੀ ਆਦਿ ਖਰੀਦ ਦੀਆਂ ਹਨ। ਕਈ ਸਿਕਲੀਗਰ ਆਪਣੀ ਆਰਥਕ ਹਾਲਤ ਅਨੁਸਾਰ ਨਵੇਂ ਕੱਪੜੇ ਖਰੀਦਦੇ ਹਨ।

ਸਿਕਲੀਗਰਾਂ ਦੇ ਮਕਾਨ ਕੱਚੇ, ਪੱਕੇ ਜਾਂ ਰਲਵੇਂ ਹੁੰਦੇ ਹਨ। ਲੇਕਿਨ ਅੱਜ ਵੀ ਇਨ੍ਹਾਂ ਵਿੱਚ , ਹਰੇਕ ਪਰਿਵਾਰ ਵਿੱਚ, ਇਸ਼ਨਾਨ ਘਰ ਜਾਂ ਸੌਚ ਘਰ ਨਹੀਂ ਹੈ। ਇਨ੍ਹਾਂ ਵਿੱਚ 3-4 ਪਰਿਵਾਰ ਇਕੱਠੇ ਹੋ ਕੇ ਇੱਕ ਹੀ ਇਸ਼ਨਾਨ ਘਰ ਜਾਂ ਸ਼ੋਚ ਘਰ ਇਸਤੇਮਾਲ ਕਰਦੇ ਹਨ ਜਾਂ ਟੀਨ ਦੇ ਸ਼ੈਡ ਜਾਂ ਪਲਾਸਟਿਕ, ਬੋਰੀ ਆਦਿ ਨੂੰ ਲਗਾ ਕੇ ਇਸ਼ਨਾਨ ਘਰ ਜਿਹਾ ਬਣਾ ਲੈਂਦੇ ਹਨ ਅਤੇ ਹਾਜ਼ਤ ਲਈ ਬਾਹਰ ਖੁੱਲੇ ਵਿੱਚ ਜਾਂਦੇ ਹਨ।

ਕਈ ਡੇਰਿਆਂ ਵਿੱਚ ਪੀਣ ਵਾਲੇ ਪਾਣੀ ਦੀ ਸੁਵਿਧਾ ਨਹੀਂ ਹੈ ਜਾਂ ਬਹੁਤ ਕਮੀ ਹੈ ਜਿਸ ਕਰਕੇ ਇਨ੍ਹਾਂ ਨੂੰ ਕਾਫੀ ਪ੍ਰੇਸ਼ਾਨੀ ਹੁੰਦੀ ਹੈ।

ਕਈ ਡੇਰਿਆਂ ਵਿੱਚ ਜਲ ਨਿਕਾਸੀ ਲਈ ਪੱਕੀਆਂ ਨਾਲੀਆਂ ਨਹੀਂ ਹਨ। ਇਨ੍ਹਾਂ ਡੇਰਿਆਂ ਵਿੱਚ ਕਈ ਵਾਰ ਬਾਰਿਸ਼ ਦੇ ਮੌਸਮ ਵਿੱਚ ਪਾਣੀ ਭਰ ਜਾਂਦਾ ਹੈ, ਜਿਸ ਕਰਕੇ ਇਨ੍ਹਾਂ ਨੂੰ ਕਾਫੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ।

ਸਿਕਲੀਗਰਾਂ ਦੇ ਰਿਵਾਇਤੀ ਰੀਤੀ ਰਿਵਾਜਾਂ ਅਤੇ ਮਹਿੰਗਾਈ ਦੇ ਚਲਦੇ ਇਨ੍ਹਾਂ ਵਿੱਚ ਵਧੇਰੇ ਕਰਕੇ ਗੈਸ ਸਿਲੰਡਰ ਦੀ ਵਰਤੋਂ ਨਹੀਂ ਹੁੰਦੀ। ਅੱਜ ਵੀ ਜਿਆਦਾਤਰ ਇਹ ਲੋਕ ਚੁੱਲੇ ਵਿੱਚ ਲੱਕੜੀ ਜਲਾ ਕੇ ਭੋਜਨ ਬਣਾਉਂਦੇ ਹਨ।

ਸਿਕਲੀਗਰਾਂ ਨੂੰ ਸਿਹਤ ਸਬੰਧੀ ਵੀ ਅਨੇਕਾਂ ਸਮੱਸਿਆਂ ਹਨ, ਜਿਵੇਂ ਏਡਜ਼, ਕੈਂਸਰ, ਟੀ.ਬੀ. ਲਕਵਾ, ਦਿਲ ਦੇ ਰੋਗ ਆਦਿ। ਗਰੀਬੀ ਕਾਰਨ ਇਹ ਆਮ ਤੌਰ ਤੇ ਇਲਾਜ ਨਹੀਂ ਕਰਵਾ ਸਕਦੇ। ਪਰਿਵਾਰ ਦੇ ਕਿਸੇ ਮੈਂਬਰ ਦੇ ਬਿਮਾਰ ਹੋਣ ਤੇ ਆਰਥਿਕ ਹਾਲਤ ਤੇ ਸਿੱਧਾ ਅਸਰ ਪੈਂਦਾ ਹੈ ਅਤੇ ਜੇਕਰ ਪਰਿਵਾਰ ਦਾ ਮੁਖੀ ਹੀ ਬੀਮਾਰ ਹੋ ਜਾਵੇ ਤਾਂ ਪਰਿਵਾਰ ਦੀ ਹਾਲਤ ਬਹੁਤ ਤਰਸਯੋਗ ਹੋ ਜਾਂਦੀ ਹੈ।

ਆਰਥਿਕ ਮੁਕਾਬਲੇ ਦੇ ਇਸ ਯੁੱਗ ਵਿੱਚ ਸਿਕਲੀਗਰ ਲੋਹੇ ਦੀ ਦਸਤਕਾਰੀ ਦੇ ਪਰੰਪਰਾਗਤ ਕੰਮਾਂ ਤੋਂ ਇਲਾਵਾ ਹੋਰ ਕੰਮ ਵੱਲ ਵੀ ਰੁਚਿਤ ਹੋਏ ਹਨ। ਅਜੋਕੀ ਬਦਲਦੀ ਤਕਨੀਕ ਦੀ ਉਪਲਬਧਤਾ ਅਤੇ ਹੋਰ ਬਜ਼ਾਰ ਦੇ ਬਦਲ ਕਾਰਨ ਸਿਕਲੀਗਰਾਂ ਦੀ ਸੰਦ ਬਣਾਉਣ ਦੇ ਕੰਮ ਵਿੱਚ ਵੀ ਮੰਦੀ ਆਈ ਹੈ। ਸਿਕਲੀਗਰਾਂ ਦੀ ਰਿਵਾਇਤ ਲੋਹ ਦਸਤਕਾਰੀ ਕਲਾ ਅਧੋਗਤੀ ਵਿੱਚ ਪੁੱਜ ਗਈ ਹੈ।

ਸਿਕਲੀਗਰਾਂ ਦੇ ਆਰਥਿਕ ਕਾਰਜਾਂ ਵਿੱਚ ਸਮਾਨਤਾ ਦੇਖੀ ਗਈ ਹੈ। ਜਿਵੇਂ ਲੋਹੇ ਦੇ ਔਜ਼ਾਰ ਬਣਾਉਣਾ, ਤਾਲਾ-ਚਾਬੀ ਬਣਾਉਣਾ, ਬਾਲਟੀਆਂ, ਤੱਸਲਿਆਂ ਆਦਿ ਦੀ ਮੁਰੰਮਤ ਕਰਨਾ, ਲੋਹੇ ਦੇ ਘਰੇਲੂ ਸਮਾਨ ਬਣਾਉਣਾ, ਚਾਦਰ-ਕੰਬਲ ਆਦਿ ਦੀ ਫੇਰੀ ਕਰਾਉਣਾ, ਸੂਰ ਪਾਲਣਾ ਆਦਿ। ਇੱਕ ਅੰਦਾਜੇ ਮੁਤਾਬਕ ਇਹ ਲੋਕ 70 ਪ੍ਰਤੀਸ਼ਤ ਉਪਰੋਕਤ ਕੰਮ ਕਰਦੇ ਹਨ। ਬਾਕੀ 30 ਪ੍ਰਤੀਸ਼ਤ ਹੋਰ ਕੰਮਾਂ ਵਿੱਚ ਰੁੱਝੇ ਰਹਿੰਦੇ ਹਨ। ਵਧੇਰੇ ਕਰਕੇ ਸਿਕਲੀਗਰਾਂ ਦੀ ਇਨ੍ਹਾਂ ਕੰਮਾਂ ਕਰਕੇ ਕੋਈ ਪੱਕੀ ਮਾਸਿਕ ਆਮਦਨ ਨਹੀਂ ਹੈ। ਇਹ ਆਪਣੀ ਮਾਸਿਕ ਆਮਦਨ ਬਾਰੇ ਜਿਆਦਾਤਰ ਇਹੀ ਕਹਿੰਦੇ ਹਨ "ਜਦੋਂ ਅਸੀਂ ਜਿਆਦਾ ਕੰਮ ਕਰਦੇ ਹਾਂ ਤਦ ਜਿਆਦਾ ਕਮਾ ਲੈਂਦੇ ਹਾਂ, ਨਹੀਂ ਤਾਂ ਦੋ ਵਕਤ ਦੀ ਰੋਟੀ ਜੋਗੇ ਤਾਂ ਕਮਾ ਹੀ ਲੈਂਦੇ ਹਾਂ"।

ਮੱਧ ਪ੍ਰਦੇਸ਼ ਦੇ ਜਿਆਦਾਤਰ ਸਿਕਲੀਗਰਾਂ ਦੀ ਸਿੱਖਿਆ ਦੀ ਹਾਲਤ ਚਿੰਤਾਜਨਕ ਹੈ। ਮੱਧ ਪ੍ਰਦੇਸ਼ ਦੇ ਕਈ ਡੇਰਿਆਂ ਨੂੰ ਨਿੱਜੀ ਤੌਰ ਤੇ ਵੇਖਣ ਮਗਰੋਂ ਇੱਕ ਅਨੁਮਾਨ ਮੁਤਾਬਕ ਪੂਰੇ ਦੇਸ਼ ਪ੍ਰਦੇਸ਼ ਵਿੱਚ ਗਿਣੇ ਚੁਣੇ ਹੀ ਬੀ. ਏ. ਪਾਸ ਹੋਣਗੇ। ਇਨ੍ਹਾਂ ਵਿੱਚ ਆਮ ਤੌਰ ਤੇ ਲੜਕੇ 10ਵੀਂ ਜਾਂ 12ਵੀਂ ਮਗਰੋਂ ਪੜ੍ਹਾਈ ਛੱਡ ਦਿੰਦੇ ਹਨ ਅਤੇ ਲੜਕੀਆਂ ਛੇਵੀਂ, ਅੱਠਵੀਂ, ਦਸਵੀਂ ਤੱਕ ਪੜ੍ਹਦੀਆਂ ਹਨ। ਸਿੱਖਿਆ ਦੇ ਖੇਤਰ ਵਿੱਚ ਲੜਕੀਆਂ ਦੀ ਦਸ਼ਾ ਲੜਕਿਆਂ ਨਾਲੋਂ ਵਧੇਰੇ ਕਮਜ਼ੋਰ ਹੈ।

ਸਿਕਲੀਗਰ ਅੱਜ ਵੀ ਬੱਚਿਆਂ ਦੀ ਪੜਾਈ ਵੱਲ ਬਹੁਤਾ ਧਿਆਨ ਨਹੀਂ ਦਿੰਦੇ। ਡੇਰੇ ਵਿੱਚ ਲੜਕੇ-ਲੜਕੀਆਂ ਨਾਲ ਖੇਡਦੇ, ਪੜ੍ਹਦੇ ਤੇ ਵੱਡੇ ਹੁੰਦੇ ਹਨ। ਇਨਾਂ ਵਿੱਚ ਵਿਰੋਧੀ ਸੈਕਸ ਲਈ ਖਿੱਚ ਪ੍ਰਭਾਵਿਤ ਹੈ। ਇਹ ਲੋਕ ਕਈ ਵਾਰ ਆਪਣੇ ਹੀ ਡੇਰੇ ਦੇ ਮੁੰਡੇ-ਕੁੜੀਆਂ ਦਾ ਵਿਆਹ ਵੀ ਕਰ ਦਿੰਦੇ ਹਨ। ਇਸ ਲਈ ਲੜਕੀ ਦਾ ਘਰ ਬਦਲਦਾ ਹੈ, ਉਹ ਵਿਦਾ ਹੋ ਕੇ ਸਹੁਰੇ ਘਰ ਜਾਂਦੀ ਹੈ ਪਰ ਮਹੌਲ ਉਹ ਹੀ ਰਹਿੰਦਾ ਹੈ। ਆਮ ਕਰਕੇ ਸਿਕਲੀਗਰ ਆਪਣੇ ਡੇਰੇ ਜਾਂ ਨਜਦੀਕੀ ਡੇਰੇ ਵਿੱਚ ਵਿਆਹ ਸੰਬੰਧ ਜੋੜਨ ਵੇਲੇ ਲੜਕੀਆਂ ਦੀ ਪੜ੍ਹਾਈ, ਨੌਕਰੀ ਜਾਂ ਕੰਮ-ਕਾਰ, ਸ਼ਹਿਰੀ ਸਹੂਲਤਾਂ ਆਦਿ ਗੱਲਾਂ ਵੱਲ ਧਿਆਨ ਨਹੀਂ ਦਿੱਤਾ ਜਾਂਦਾ। ਇਨ੍ਹਾਂ ਵਿੱਚ ਇਹ ਹੀ ਵੇਖਿਆ ਜਾਂਦਾ ਹੈ ਕਿ ਪਰਿਵਾਰ ਖਾਂਦਾ-ਪੀਂਦਾ ਹੋਵੇ। ਇਨ੍ਹਾਂ ਵਿੱਚ ਵਿਆਹ ਜਿਆਦਾਤਰ 16 ਤੋਂ 20 ਸਾਲ ਦੀ ਉਮਰ ਤੱਕ ਹੋ ਜਾਂਦੇ

# ਮੱਧ ਪ੍ਰਦੇਸ਼ ਦੇ ਸਿਕਲੀਗਰ ਸਿੱਖ



ਧਾਵੜੀ, ਤਹਿਸੀਲ ਪਾਨਸੇਮਲ, ਜ਼ਿਲਾ ਬਡਵਾਨੀ



ਗੁਰਦੁਆਰਾ ਸਾਹਿਬ, ਭਗਵਾਨਪੁਰ, ਜ਼ਿਲਾ ਖਰਗੋਨ ਨਾਲ ਡਾ. ਹਰਪ੍ਰੀਤ ਕੌਰ ਜੀ ਖੁਰਾਨਾ ਵੀ ਨਜ਼ਰ ਆ ਰਹੇ ਹਨ।

# ਭੋਪਾਲ ਡੇਰੇ ਵਿਚ ਸ਼ਰਧਾਵਾਨ ਸਿਕਲੀਗਰਾਂ ਦੀ ਸੇਵਾ ਕਰ ਰਹੀ ਮੱਧ ਪ੍ਰਦੇਸ਼ ਛਤੀਸਗੜ੍ਹ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਭੋਪਾਲ



ਮੱਧ ਪ੍ਰਦੇਸ਼ ਛਤੀਸਗੜ੍ਹ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਭੋਪਾਲ ਵੱਲੋਂ ਸਨ 2003 ਤੋਂ ਭੋਪਾਲ ਸ਼ਹਿਰ ਵਿੱਚ ਰਹਿੰਦੇ ਸਿਕਲੀਗਰ ਸਿੱਖਾਂ ਦੀ ਵਿੱਦਿਆ ਅਤੇ ਸੇਵਾ-ਸੰਭਾਲ ਲਈ 'ਹਜ਼ੂਰੀ ਸਿੰਘ ਵੈਲਫੇਅਰ ਪ੍ਰੋਜੈਕਟ' ਚਲਾਇਆ ਜਾ ਰਿਹਾ ਹੈ ਜਿਸ ਤਹਿਤ ਅਨੇਕਾਂ ਬੱਚੇ ਅਤੇ ਪਰਿਵਾਰਾਂ ਦੀ ਜ਼ਿੰਦਗੀਆਂ ਬਦਲ ਰਹੀਆਂ ਹਨ।





ਤਸਵੀਰ ਵੱਲੋਂ ਡਾ. ਹਰਪ੍ਰੀਤ ਕੌਰ ਖੁਰਾਣਾ

ਇਹ ਹੈ ਬਚਪਨ ਤੋਂ ਬੁਢਾਪੇ ਤੱਕ ਸਿਕਲੀਗਰਾਂ ਦਾ ਜੀਵਨ ਸਫਰ

ਹਨ। ਜਿੱਥੇ ਹੋਰ ਭਾਈਚਾਰਿਆਂ ਦੇ ਲੜਕੇ-ਲੜਕੀਆਂ ਪੜ੍ਹਾਈ, ਕੈਰੀਅਰ, ਆਰਥਿਕ ਸੁਤੰਤਰਤਾ ਲਈ ਯਤਨਸ਼ੀਲ ਹਨ, ਉਥੇ ਸਿਕਲੀਗਰ ਸਮਾਜ ਇਨ੍ਹਾਂ ਤੋਂ ਅਛੂਤਾ ਹੈ। ਆਮ ਤੌਰ ਤੇ ਸਿਕਲੀਗਰ ਲੜਕੇ-ਲੜਕੀਆਂ ਅੱਜ-ਕੱਲ ਵੀ ਪੜ੍ਹਾਈ, ਕੈਰੀਅਰ, ਆਰਥਕ ਆਤਮ-ਨਿਰਭਰਤਾ ਆਦਿ ਲਈ ਯਤਨਸ਼ੀਲ ਨਹੀਂ ਹਨ।

ਸਿਕਲੀਗਰ ਸ਼ਹਿਰ ਦੇ ਵਿੱਚ ਰਹਿਣ ਦੇ ਬਾਵਜੂਦ ਵੀ ਸਮਾਜਕ, ਵਿੱਦਿਅਕ, ਆਰਥਕ, ਸੱਭਿਆਚਾਰ ਦ੍ਰਿਸ਼ਟੀ ਤੋਂ ਪਛੜੇ ਹੋਏ ਕਿਉਂ ਹਨ, ਕੀ ਕਾਰਨ ਹੈ ਕਿ ਸਿੱਖ ਸਿਕਲੀਗਰ ਆਰਥਕ ਤਰੱਕੀ ਨਾਲ ਨਹੀਂ ਜੁੜ ਸਕਦੇ, ਅੱਜ ਵੀ ਸਿਕਲੀਗਰਾਂ ਦੇ ਡੇਰਿਆਂ ਦੀ ਜਰੂਰਤ ਕਿਉਂ ਹੈ? ਸਿਕਲੀਗਰ ਸ਼ਹਿਰ ਦਾ ਹਿੱਸਾ ਕਿਉਂ ਨਹੀਂ ਬਣਦੇ? ਇਨ੍ਹਾਂ ਦਾ ਡੇਰਾ ਸ਼ਹਿਰ ਦੇ ਵਿੱਚੋ-ਵਿੱਚ ਹੋਣ ਦੇ ਬਾਵਜੂਦ ਵੀ ਹੋਰ ਵੱਸਦੇ ਇਲਾਕਿਆਂ ਦੀ ਤਰ੍ਹਾਂ ਕਿਉਂ ਨਹੀਂ ਬਣਦੇ? ਇਨ੍ਹਾਂ ਦਾ ਪਿਛੜਾਪਣ ਕੇਵਲ ਰੁਪਏ ਪੈਸੇ ਦੀ ਕਮੀ ਕਾਰਨ ਨਹੀਂ ਹੈ। ਧੰਨ ਹੋਣ ਦੇ ਬਾਵਜੂਦ ਵੀ ਇਹ ਪਛੜੇ ਹੋਏ ਹਨ। ਇਹ ਸਿਕਲੀਗਰਾਂ ਦੀ ਆਪਣੀ ਚੋਣ ਹੈ। ਇਨ੍ਹਾਂ ਦੇ ਕੰਮ ਦੀ ਪ੍ਰਕਿਰਤੀ ਹੀ ਅਜਿਹੀ ਹੈ ਜਿਸ ਦੇ ਕਾਰਨ ਇਹ ਸਮਾਜਕ, ਵਿਦਿਅਕ, ਆਰਥਕ, ਸੱਭਿਆਚਾਰਕ ਦ੍ਰਿਸ਼ਟੀ ਤੋਂ ਪਛੜੇ ਹਨ। ਇਨ੍ਹਾਂ ਦਾ ਸੰਗਠਨ ਇਸ ਪ੍ਰਕਾਰ ਦਾ ਹੈ, ਜੋ ਇਨ੍ਹਾਂ ਨੂੰ ਬਾਕੀ ਸਮਾਜ ਤੋਂ ਵੱਖ ਕਰਦਾ ਹੈ।

ਸਿਕਲੀਗਰ ਸਮਾਜ ਬਾਹਰਲੇ ਲੋਕਾਂ ਨਾਲ ਜਲਦੀ ਹੀ ਲੜਨ-ਝਗੜਨ ਤੇ ਆ ਜਾਂਦਾ ਹੈ। ਇਨ੍ਹਾਂ ਤੋਂ ਜਾਣਕਾਰੀ ਪ੍ਰਾਪਤ ਕਰਨਾ ਮੁਸ਼ਕਿਲ ਹੁੰਦਾ ਹੈ। ਇਹ ਆਮ ਤੌਰ ਤੇ ਆਪਣੀ ਪ੍ਰਥਾ, ਰੀਤ-ਰਿਵਾਜ, ਭਾਸ਼ਾ, ਪੁਰਾਤਨ, ਡੇਰਾ ਆਦਿ ਬਾਰੇ ਜਾਣਕਾਰੀ ਦੇਣੀ ਪਸੰਦ ਨਹੀਂ ਕਰਦੇ। ਇਨ੍ਹਾਂ ਦੇ ਬਾਰੇ ਕਈ ਅਜਿਹੀਆਂ ਗੱਲਾਂ ਹਨ ਜਿਨ੍ਹਾਂ ਦੀ ਜਾਣਕਾਰੀ ਗੈਰ-ਸਿਕਲੀਗਰਾਂ ਨੂੰ ਨਹੀਂ ਹੈ ਜਾਂ ਬਹੁਤ ਘੱਟ ਹੈ। ਆਮ ਤੌਰ ਤੇ ਤਾਂ ਹੋਰਨਾਂ ਲੋਕਾਂ ਨੂੰ ਜਾਣਕਾਰੀ ਦੇਣਾ ਪਸੰਦ ਨਹੀਂ ਕਰਦੇ ਅਤੇ ਜੇਕਰ ਕੋਈ ਸਿਕਲੀਗਰ ਹੋਰਨਾਂ ਲੋਕਾਂ (ਗੈਰ-ਸਿਕਲੀਗਰਾਂ) ਨੂੰ ਜਾਣਕਾਰੀ ਦੇ ਰਿਹਾ ਹੋਵੇ ਤਾਂ ਦੂਜੇ ਸਿਕਲੀਗਰ ਜਾਣਕਾਰੀ ਦੇਣ ਤੋਂ ਰੋਕ ਦਿੰਦੇ ਹਨ। ਕੀ ਕਾਰਨ ਹੈ ਕਿ ਇਹ ਲੋਕ ਆਪਣੇ ਬਾਰੇ ਇੰਨੀ ਨਿੱਜਤਾ ਰੱਖਦੇ ਹਨ ਅਤੇ ਕਿਉਂ ਇੰਨੀ ਜਲਦੀ ਲੜਨ-ਝਗੜਨ ਤੇ ਆ ਜਾਂਦੇ ਹਨ?

ਅਜੋਕੇ ਸਮੇਂ ਪਹਿਚਾਣ ਦੀ ਰਾਜਨੀਤੀ ਬਹੁਤ ਮਹੱਤਵਪੂਰਨ ਹੋ ਗਈ ਹੈ ਜਿਸ ਕਰਕੇ ਛੋਟੇ ਛੋਟੇ ਭਾਈਚਾਰਿਆਂ ਵਿੱਚ ਵੀ ਕੱਟੜਤਾ ਵਧਦੀ ਦਿਖਾਈ ਦਿੰਦੀ ਹੈ। ਸਿਕਲੀਗਰਾਂ ਵਿੱਚ ਮਿਲੇ-ਜੁਲੇ ਸੱਭਿਆਚਾਰ ਦੀ ਝਲਕ ਦਿਖਾਈ ਦੇਣ ਦੇ ਬਾਵਜੂਦ ਵੀ ਆਪਣੀ ਇੱਕ ਖਾਸ ਕਿਸਮ ਦੀ ਪਹਿਚਾਣ ਨੂੰ ਜ਼ਿਆਦਾ ਮਹੱਤਵ ਦਿੰਦੇ ਹੋਏ, ਆਪਣੀ ਇੱਕ ਵੱਖਰੀ ਦਿੱਖ ਬਨਾਉਣ ਦੀ ਕੋਸ਼ਿਸ਼ ਵਿਖਾਈ ਦਿੰਦੀ ਹੈ। ਸਿੱਖ ਸਿਕਲੀਗਰ ਆਪਣੀ ਸਿੱਖ ਪਹਿਚਾਣ ਨੂੰ ਖੁੱਲੇ ਰੂਪ ਵਿੱਚ ਸਵਿਕਾਰਦੇ ਹਨ। ਇਸ ਦੇ ਨਾਲ ਹੀ ਕਈ ਰੀਤਾਂ-ਰਿਵਾਜਾਂ, ਪ੍ਰਥਾ ਆਦਿ ਨਾਲ ਹੋਰ ਸਮਾਜ-ਧਰਾਵਾਂ ਨੂੰ ਜਨਤਕ ਤੌਰ ਤੇ ਸਵਿਕਾਰਨਾ ਨਹੀਂ ਚਾਹੁੰਦੇ।

ਕਈ ਸਿਕਲੀਗਰ ਡੇਰਿਆਂ ਵਿੱਚ ਗੁਰਦੁਆਰਾ ਸਾਹਿਬ ਮੌਜੂਦ ਹਨ। ਡੇਰਿਆਂ ਵਿੱਚ ਇਹ ਗੁਰਦੁਆਰੇ ਸਿਕਲੀਗਰਾਂ ਨੇ ਖੁਦ ਬਣਾਏ ਹਨ ਜਾਂ ਕਿਸੀ ਸਿੱਖ ਸੰਸਥਾ ਜਾਂ ਵਿਅਕਤੀ ਦੇ ਸਹਿਯੋਗ ਨਾਲ ਬਣਾਏ ਗਏ ਹਨ। ਇਨ੍ਹਾਂ ਗੁਰਦੁਆਰਿਆਂ ਦੀ ਦੇਖ ਭਾਲ ਜਾਂ ਸੇਵਾ-ਸੰਭਾਲ ਵੀ ਸਿਕਲੀਗਰ ਖੁਦ ਕਰਦੇ ਹਨ ਜਾਂ ਕੋਈ ਸਿੱਖ ਸੰਸਥਾ, ਵਿਅਕਤੀ

ਆਦਿ ਦੁਆਰਾ ਗ੍ਰੰਥੀ ਪ੍ਰਚਾਰਕ ਆਦਿ ਇੱਥੇ ਲਗਾਏ ਜਾਂਦੇ ਹਨ। ਡੇਰੇ ਵਿੱਚ ਗੁਰਦੁਆਰਾ ਸਾਹਿਬ ਹੋਣ ਦਾ ਇੱਕ ਪਹਿਲੂ ਇਹ ਵੀ ਵੇਖਣ ਵਿੱਚ ਆਇਆ ਹੈ ਕਿ ਇਹ ਲੋਕ ਸ਼ਹਿਰ ਦੇ ਹੋਰ ਗੁਰਦੁਆਰਿਆਂ ਵਿੱਚ ਘੱਟ ਹੀ ਜਾਂਦੇ ਹਨ ਜਿਸ ਕਾਰਨ ਇਹ ਸਿੱਖ ਸਮਾਜ ਨਾਲ ਜੁੜ ਨਹੀਂ ਸਕਦੇ ਅਤੇ ਇਨ੍ਹਾਂ ਵਿੱਚ ਸਿੱਖ ਸਮਾਜ ਨਾਲ ਵੱਖਰੇਵਾਂ ਬਣਿਆ ਰਹਿੰਦਾ ਹੈ।

ਅੱਜ ਕੱਲ ਸਿਕਲੀਗਰ ਭਾਈਚਾਰਾ ਸਮਾਜ ਵਿੱਚ ਹਾਸ਼ੀਏ ਉਤੇ ਹੈ। ਇਹ ਇੱਕ ਪਾਸੇ ਕੀਤਾ ਹੋਇਆ ਵਰਗ ਹੈ। ਇਹ ਸਿੱਖ ਪੰਥ ਵਿੱਚ ਬਹੁ-ਗਿਣਤੀ ਵਿੱਚ ਹੋਣ ਦੇ ਬਾਵਜੂਦ ਵੀ ਆਰਥਕ, ਧਾਰਮਕ ਜਾਂ ਰਾਜਨੀਤਕ ਸੱਤਾ ਵਿੱਚ ਬਹੁ-ਗਿਣਤੀ ਦੇ ਰੂਪ ਵਿੱਚ ਮਹੱਤਵਪੂਰਨ ਦਰਜੇ ਨੂੰ ਹਾਸਿਲ ਕਰ ਨਹੀਂ ਸਕਦੇ।

ਸਿਕਲੀਗਰ ਇੱਕ ਅਜਿਹਾ ਸਮਾਜਿਕ ਸਮੂਹ ਹੈ ਜਿਹੜਾ ਆਪਣੀਆਂ ਪ੍ਰੰਪਰਾਵਾਂ ਦੀ ਰੱਖਿਆ ਕਰਦਾ ਹੋਇਆ ਵੀ ਸਮਾਜਿਕ ਵਿਕਾਸ ਵਿੱਚ ਹਿੱਸੇਦਾਰ ਬਣਨਾ ਚਾਹੁੰਦਾ ਹੈ। ਇੱਹ ਕਿਸੇ ਹੱਦ ਤੱਕ ਹੀ ਬਦਲਾਅ ਚਾਹੁੰਦੇ ਹਨ ਜਿਹੜਾ ਸਿਕਲੀਗਰ ਪਹਿਚਾਣ ਅਤੇ ਪ੍ਰੰਪਰਾਵਾਂ ਨੂੰ ਜਿਆਦਾ ਨਾ ਬਦਲ ਦੇਵੇ।

ਸਿਕਲੀਗਰਾਂ ਤੋਂ ਕੰਨਿਆ ਭਰੂਣ ਹੱਤਿਆ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ। ਇਹ ਭਾਈਚਾਰੇ ਦੀ ਇਹ ਵਿਸ਼ੇਸ਼ਤਾ ਹੈ ਕਿ ਇਨ੍ਹਾਂ ਵਿੱਚ ਲੜਕੀਆਂ ਨਾਲ ਭੇਦਭਾਵ ਨਹੀਂ ਕੀਤਾ ਜਾਂਦਾ। ਇਨ੍ਹਾਂ ਵਿੱਚ ਬੱਚੇ-ਬੱਚੀਆਂ ਦਾ ਪਾਲਣ-ਪੋਸ਼ਣ ਇੱਕੋ ਜਿਹਾ ਕੀਤਾ ਜਾਂਦਾ ਹੈ। ਇਨ੍ਹਾਂ ਵਿੱਚ ਦਹੇਜ ਦੀ ਪ੍ਰਥਾ ਵੀ ਨਹੀਂ ਹੈ।

ਸਿਕਲੀਗਰ ਭਾਈਚਾਰੇ ਵਿੱਚ ਬਜ਼ੁਰਗ ਵਿਅਕਤੀਆਂ ਦਾ ਸਨਮਾਨਜਨਕ ਸਥਾਨ ਹੁੰਦਾ ਹੈ। ਪਰਿਵਾਰ ਵਾਲੇ ਮਿਲ ਕੇ ਬਿਰਧਾਂ ਦੀ ਦੇਖਭਾਲ ਕਰਦੇ ਹਨ। ਆਮ ਤੌਰ ਤੇ ਬਜ਼ੁਰਗਾਂ ਤੋਂ ਵੀ ਸਲਾਹ ਲਈ ਜਾਂਦੀ ਹੈ। ਇਹ ਲੋਕ ਬਿਰਧਾਂ ਨੂੰ ਭਾਰ ਨਹੀਂ ਸਮਝਦੇ ਅਤੇ ਨਾ ਹੀ ਬਿਰਧਾਂ ਨੂੰ ਕਿਸੇ ਬਿਰਧ ਆਸ਼ਰਮ ਵਿੱਚ ਭੇਜਦੇ ਹਨ।

ਸਿੱਖ ਸਿਕਲੀਗਰ ਭਾਈਚਾਰੇ ਦੀ ਮਹੱਤਵਪੂਰਨ ਵਿਸ਼ੇਸ਼ਤਾ ਮੱਧ ਪ੍ਰਦੇਸ਼ ਦੇ ਕਈ ਇਲਾਕਿਆਂ ਵਿੱਚ ਕੰਮ ਕਰਨ ਦੇ ਦੌਰਾਨ ਵੇਖੀ ਗਈ ਹੈ ਕਿ ਇਹ ਅੱਜ ਵੀ ਆਪਣੇ ਸਿੱਖੀ ਸਰੂਪ ਨੂੰ ਕਾਇਮ ਰੱਖ ਰਹੇ ਹਨ ਅਤੇ ਸਿੱਖੀ ਲਈ ਸਿਕਲੀਗਰਾਂ ਵਿੱਚ ਪਿਆਰ ਤੇ ਸਨਮਾਨ ਦੀ ਭਾਵਨਾ ਹੈ। ਸਿੱਖ ਰਹਿਤ ਮਰਿਆਦਾ ਦਾ ਪਾਲਣ ਕਰਦਿਆਂ ਹੋਇਆਂ, ਆਮ ਤੌਰ ਤੇ, ਸਿਕਲੀਗਰ ਕੇਸ ਕਤਲ ਨਹੀਂ ਕਰਵਾਉਂਦੇ, ਭਾਵੇਂ ਕਿ ਇਨ੍ਹਾਂ ਨੂੰ ਰਹਿਤ ਮਰਿਆਦਾ ਦੀ ਬਹੁਤੀ ਜਾਣਕਾਰੀ ਨਹੀਂ ਹੈ। ਇਹ ਜਿਆਦਾਤਰ ਆਪਣਾ ਧਰਮ ਸਿਕਲੀਗਰ, ਸਿਕਲੀਗਰ ਸਰਦਾਰ, ਸਿਕਲੀਗਰ ਸਿੱਖ, ਸਿੱਖ ਸਿਕਲੀਗਰ, ਵਾਹਿਗੁਰੂ ਖਾਲਸਾ ਦੱਸਦੇ ਹਨ। ਸਭ ਸਿਕਲੀਗਰਾਂ ਨੂੰ ਇਹ ਨਹੀਂ ਪਤਾ ਕਿ ਉਪਰੋਕਤ ਧਰਮ ਨਹੀਂ, ਸਗੋਂ ਧਰਮ ਸਿੱਖ ਹੈ ਅਤੇ ਸਿੱਖ ਸਿਕਲੀਗਰ ਸਿੱਖ ਧਰਮ ਵਿੱਚ ਆਉਂਦੇ ਹਨ।

ਬਹੁਤੇ ਸਿਕਲੀਗਰਾਂ ਨੂੰ ਗੁਰਮੁਖੀ ਲਿਪੀ ਦੀ ਜਾਣਕਾਰੀ ਨਹੀਂ ਹੈ। ਇਨ੍ਹਾਂ ਵਿੱਚੋਂ ਬਹੁਤ ਘੱਟ ਲੋਕ ਪੰਜਾਬੀ ਭਾਸ਼ਾ ਬੋਲ ਸਕਦੇ ਹਨ ਪ੍ਰੰਤੂ ਸਿੱਖ ਸਿਕਲੀਗਰ ਬਹੁਤ ਮਾਣ ਨਾਲ ਕਹਿੰਦੇ ਹਨ ਕਿ "ਸਾਡੇ ਵੱਡੇ ਵਡੇਰੇ ਗੁਰੂ ਮਹਾਰਾਜ ਸਿੱਖ ਗੁਰੂਆਂ ਦੇ ਲਈ ਸ਼ਸਤਰ ਬਣਾਉਂਦੇ ਸਨ। ਗੁਰੂ ਮਹਾਰਾਜ ਦੇ ਲਈ ਸ਼ਸਤਰ ਬਨਾਉਣ ਵਾਲੀ ਜਾਤੀ ਸਿਕਲੀਗਰ ਹੈ। ਸਾਨੂੰ ਬਹੁਤ ਜ਼ਿਆਦਾ ਪਾਠ-ਪੂਜਾ ਨਹੀਂ ਆਉਂਦੀ ਪ੍ਰੰਤੂ ਅਸੀਂ ਵਾਹਿਗੁਰੂ ਵਾਹਿਗੁਰੂ

ਬੋਲ ਕੇ ਅਰਦਾਸ ਕਰਦੇ ਹਾਂ, ਉਹ (ਅਕਾਲ ਪੁਰਖ) ਸਭ ਜਾਣਦਾ ਹੈ। ਅਸੀਂ ਸਿੱਖ ਸਿਕਲੀਗਰ ਗੁਰੂ ਨਾਨਕ ਦੇ ਹਾਂ ਅਤ ਗੁਰੂ ਨਾਨਕ ਸਾਡਾ ਸਿੱਖ ਸਿਕਲੀਗਰਾਂ ਦਾ ਹੈ।"

**ਹਿੰਦੀ ਤੋਂ ਤਰਜਮਾ: ਇੰਜੀ: ਮੰਗਤ ਸਿੰਘ ਰਾਹੀ**



**ਸਿਕਲੀਗਰਾਂ ਦੇ ਜੀਵਨ-ਜਾਚ ਤੇ ਭਾਰਤ ਵਿੱਚ ਪਹਿਲ਼ੀ ਡਾਕਟਰੇਟ ਕਰਨ ਦਾ ਮਾਣ ਡਾ. ਹਰਪ੍ਰੀਤ ਕੌਰ ਖੁਰਾਣਾ ਨੂੰ ਹੈ ਜਿਨ੍ਹਾਂ ਨੇ ਭਾਰਤੀ ਸੂਬੇ ਮੱਧ-ਪ੍ਰਦੇਸ਼ ਦੇ ਸਿਕਲੀਗਰਾਂ ਬਾਰੇ ਖੋਜ ਭਰਪੂਰ ਕੰਮ 'ਸਿੱਖ ਸਿਕਲੀਗਰ - ਅਤੀਤ ਕੇ ਝਰੋਖੇ ਸੇ ਵਰਤਮਾਨ ਤੱਕ ਪਰੰਪਰਾ ਏਂਵੇ ਪਰਿਵਰਤਨ ਕੇ ਮਾਇਨੇ ਮੇਂ ਸਿੱਖ ਸਿਕਲੀਗਰ।' ਵਿਸ਼ੇ 'ਤੇ ਪੀ ਐਚ ਡੀ ਕੀਤੀ ਹੈ। ਉਨ੍ਹਾਂ ਵੱਲੋਂ ਹਿੰਦੀ ਜ਼ੁਬਾਨ ਵਿੱਚ ਕੀਤਾ ਇਹ ਕੰਮ ਅਜਿਹੀ ਹੋਰ ਖੋਜ ਵੱਲ ਇਸ਼ਾਰਾ ਕਰਦਾ ਹੈ ਜਿਸਨੂੰ ਸੁਹਿਰਦ ਖੋਜਆਰਥੀਆਂ ਨੂੰ ਵੇਖਣਾ ਚਾਹੀਦਾ ਹੈ। ਉਨ੍ਹਾਂ ਨਾਲ ਈਮੇਲ** herpreetkhurana05@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਆਉ, ਸਿਕਲੀਗਰ ਵਣਜਾਰੇ ਸਿੱਖਾਂ ਦਾ ਭਵਿੱਖ ਸਵਾਰੀਏ

## ਰਣਜੀਤ ਸਿੰਘ ਖ਼ਾਲਸਾ

ਸਿੱਖ ਕੌਮ ਦੇ ਅਹਿਮ ਅੰਗ ਮੰਨੇ ਜਾਂਦੇ ਸਿਕਲੀਗਰ ਵਣਜਾਰੇ ਸਿੱਖਾਂ ਦਾ ਪਿਛੋਕੜ ਬਹੁਤ ਹੀ ਗੌਰਵ ਭਰਪੂਰ ਤੇ ਸੰਘਰਸ਼ ਵਾਲਾ ਰਿਹਾ ਹੈ। ਪਰ ਸਮੇਂ ਦੇ ਚੱਲਦੇ ਚੱਕਰ ਅਨੁਸਾਰ ਪੰਥ ਦੇ ਇਹ ਅਨਮੋਲ ਹੀਰੇ ਸਿਕਲੀਗਰ ਵਣਜਾਰੇ ਸਿੱਖਾਂ ਦਾ ਜੀਵਨ ਬਹੁਤ ਹੀ ਰਸਾਤਲ ਵੱਲ ਜਾਣ ਕਰਕੇ ਇਹ ਸਿੱਖ ਕੌਮ ਦੀ ਮੁੱਖ ਧਾਰਾ ਨਾਲੋਂ ਕਾਫੀ ਸਮਾਂ ਟੁੱਟੇ ਰਹੇ। ਬੇਸ਼ੱਕ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਵਾਲੀ ਪੰਥ ਦੀ ਸਿਰਮੌਰ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰ ਸਾਲ ਆਪਣੇ ਕੁੱਲ ਬਜਟ ਅੰਦਰ ਸਿਕਲੀਗਰ ਵਣਜਾਰੇ ਸਿੱਖਾਂ ਦੇ ਜੀਵਨ ਪੱਧਰ ਨੂੰ ਉੱਪਰ ਚੁੱਕਣ ਅਤੇ ਉਨ੍ਹਾਂ ਨੂੰ ਸਮੇਂ ਦੇ ਹਾਣੀ ਬਣਾਉਂਣ ਲਈ ਵੱਡੀ ਰਾਸ਼ੀ ਰੱਖਣ ਦਾ ਦਾਅਵਾ ਕਰਦੀ ਹੈ, ਪਰ ਬਹੁਤ ਅਫਸੋਸ ਦੀ ਗੱਲ ਹੈ ਕਿ ਸੱਚੇ ਦਿੱਲੋਂ ਕੋਈ ਠੋਸ ਕਾਰਵਾਈ ਤੇ ਵਿਉਂਤ ਬੱਧੀ ਨਾ ਹੋਣ ਕਾਰਨ ਅੱਜ ਵੀ ਦੇਸ਼ ਦੇ ਵੱਖ-ਵੱਖ ਰਾਜਾਂ ਅੰਦਰ ਵੱਡੀ ਗਿਣਤੀ ਵਿੱਚ ਵੱਸਦੇ ਸਿਕਲੀਗਰ, ਵਣਜਾਰੇ ਸਿੱਖ ਅਤਿ ਦੀ ਗਰੀਬੀ ਕਾਰਨ ਦਰ-ਦਰ ਦੀਆਂ ਠੋਕਰਾਂ ਖਾਣ ਨੂੰ ਮਜ਼ਬੂਰ ਹਨ। ਪਰ ਸਿੱਖ ਕੌਮ ਦੇ ਆਗੂ ਨਿੱਜੀ ਖੁਦਗਰਜੀਆਂ ਵਿੱਚ ਫਸੇ ਹੋਣ ਕਰਕੇ ਉਹਨਾਂ ਨੇ ਇਨ੍ਹਾਂ ਦੀ ਸੰਭਾਲ ਕਰਨ ਦੀ ਕੋਈ ਵਿਸ਼ੇਸ਼ ਲੋੜ ਨਹੀਂ ਸਮਝੀ। ਜਿਸ ਕਾਰਨ ਅੱਜ ਸਿਕਲੀਗਰ ਵਣਜਾਰੇ ਸਿੱਖ ਪੰਥ ਨਾਲੋ ਤੋੜ ਵਿਛੋੜਾ ਕਰਕੇ ਆਪਣਾ ਧਰਮ ਪਰਿਵਰਤਨ ਕਰਨ ਦੀਆਂ ਗੱਲ ਕਰਨ ਲਈ ਮਜਬੂਰ ਹੋ ਰਹੇ ਹਨ।

ਇਸ ਸਬੰਧੀ ਮੀਡੀਏ ਵੱਲੋਂ ਪ੍ਰਕਾਸ਼ਿਤ ਖਬਰਾਂ ਤੇ ਰਿਪੋਰਟਾਂ ਕਾਰਨ ਸਮੁੱਚੀ ਸਿੱਖ ਕੌਮ ਇਸ ਮੁੱਦੇ ਪ੍ਰਤੀ ਪੂਰੀ ਗੰਭੀਰਤਾ ਨਾਲ ਸੋਚਣ ਲੱਗ ਪਈ ਹੈ। ਇਸੇ ਸੱਚਾਈ ਨੂੰ ਜਾਣਨ ਅਤੇ ਅਸਲ ਸੱਚਾਈ ਪਾਠਕਾਂ ਦੇ ਅੱਗੇ ਲਿਆਉਂਣ ਲਈ ਜਦੋਂ ਸਾਡੀ ਟੀਮ ਨੇ ਮੱਧ ਪ੍ਰਦੇਸ਼ ਦੇ ਵੱਖ-ਵੱਖ ਜਿਲਿਆਂ ਜਿਵੇਂ ਭੁਪਾਲ, ਇੰਦੌਰ, ਹੋਸ਼ੰਗਾਬਾਦ, ਬੁਹਰਾਨਪੁਰ, ਖਰਗੋਨ, ਬਡਵਾੜੀ, ਦੇਵਾਸ, ਛਿੱਦਵਾੜਾ ਆਦਿ ਦਾ ਦੌਰਾ ਕੀਤਾ ਅਤੇ ਖਾਸ ਕਰਕੇ ਪਾਚੋਰੀ ਇਲਾਕੇ ਵਿੱਚ ਵੱਸਣ ਵਾਲੇ ਸਿਕਲੀਗਰ ਵਣਜਾਰੇ ਸਿੱਖਾਂ ਦੇ ਨਾਲ ਸਿੱਧੇ ਰੂਪ ਵਿੱਚ ਆਪਣਾ ਧਰਮ ਪਰਿਵਰਤਨ ਕਰਨ ਸਬੰਧੀ ਦਿੱਤੇ ਗਏ ਬਿਆਨ ਸਬੰਧੀ ਗੱਲਬਾਤ ਕੀਤੀ ਤਾਂ ਉਹਨਾਂ ਨੇ ਸਪੱਸ਼ਟ ਰੂਪ ਵਿੱਚ ਕਿਹਾ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਬਹਾਦਰ ਸਿੱਖ ਹਾਂ — ਅਸੀਂ ਜੀਵਾਂਗੇ ਵੀ ਸਿੱਖੀ ਵਿੱਚ ਤੇ ਅਸੀਂ ਮਰਾਂਗੇ ਵੀ ਸਿੱਖੀ ਵਿੱਚ— ਸਾਡੇ ਤੇ ਸਰਕਾਰ ਤੇ ਪੁਲਿਸ ਜਿੰਨਾ ਮਰਜ਼ੀ ਜ਼ੁਲਮ ਤੇ ਤਸ਼ੱਦਦ ਦਾ ਕਹਿਰ ਢਾਹ ਲਵੇ।

ਸਿਕਲੀਗਰ ਭਾਈਚਾਰੇ ਨਾਲ ਸਬੰਧਤ ਆਗੂਆਂ ਗਿਆਨੀ ਤਕਦੀਰ ਸਿੰਘ ਤੇ ਗਿਆਨੀ ਦੀਦਾਰ ਸਿੰਘ ਨੇ ਜਾਣਕਾਰੀ ਦੇਂਦਿਆਂ ਕਿਹਾ ਕਿ ਸਾਡੇ ਕੁੱਝ ਬੇਕਸੂਰ ਵਿਅਕਤੀਆਂ ਨੂੰ ਪੁਲਿਸ ਵੱਲੋਂ ਨਜਾਇਜ਼ ਹਥਿਆਰ ਬਣਾਉਂਣ ਬਦਲੇ ਗਿਰਫਤਾਰ ਕਰਕੇ ਉਨ੍ਹਾਂ ਉਪਰ ਅੰਨ੍ਹਾ ਤਸ਼ੱਦਦ ਢਾਹਿਆ ਗਿਆ ਤਾਂ ਸਾਡੇ ਕੁੱਝ ਜ਼ਜ਼ਬਾਤੀ ਵੀਰਾਂ ਨੇ ਉਨ੍ਹਾਂ ਦੀਆਂ ਜਮਾਨਤਾ ਕਰਵਾਉਂਣ ਲਈ ਤੇ ਸਥਾਨਕ ਲੀਡਰਾਂ ਉਪਰ ਆਪਣਾ ਦਬਾਅ ਬਣਾਉਣ ਹਿੱਤ ਆਪਣੇ ਤੌਰ ਤੇ ਮੀਡੀਏ ਵਿੱਚ ਧਰਮ ਪਰਿਵਰਤਨ ਕਰਨ ਦਾ ਗਲਤ

# ਸਿੱਖ ਕੌਮ ਦੇ ਅਣਗੌਲੇ ਹੀਰਿਆਂ (ਸਿਕਲੀਗਰ, ਵਣਜਾਰਿਆ ਦੇ ਬੱਚਿਆਂ) ਨੂੰ ਆਪਣੇ ਕਲੇਵੇ ਵਿੱਚ ਸਮੇਂ ਦਾ ਹਾਣੀ ਬਣਾਉ





ਗੁਰੁਕੁਲ ਅਕੈਡਮੀ ਖਖਨਾਰ ਦੇ ਪ੍ਰਿੰਸੀਪਲ ਨਾਲ ਵਿਚਾਰ ਵਟਾਂਦਰਾ ਕਰਦੇ ਹੋਏ ਆਰ ਐਸ ਖਾਲਸਾ



ਗਰੀਬੀ ਦੀ ਹਾਲਤ ਵਿੱਚ ਵਿਚਰ ਰਹੇ ਸਿਕਲੀਗਰ-ਵਣਜਾਰਿਆਂ ਦੇ ਬੱਚੇ



ਆਉ ਗੁਰੂ ਨਾਨਕ ਨਾਮ ਲੇਵਾ ਸਿਕਲੀਗਰ, ਵਣਜਾਰਿਆ, ਸਤਨਾਮੀਆਂ ਅਤੇ ਸਮੂਹ ਨਾਨਕ ਪੰਥੀਆਂ ਨੂੰ ਕੌਮ ਦੀ ਮੁੱਖ ਧਾਰਾ ਦਾ ਹਿੱਸਾ ਬਣਾਈਏ, ਸੁਮੱਚੇ ਵਿਸ਼ਵ ਅੰਦਰ ਸਿੱਖੀ ਦੀ ਸ਼ਾਨ ਵਧਾਈਏ।

# ਮੱਧ ਪ੍ਰਦੇਸ਼ ਦੇ ਵਣਜਾਰੇ ਸਿੱਖਾਂ ਦਾ ਵੱਖਰਾ ਅੰਦਾਜ਼



ਪਿੰਡ ਗਰਦਾ, ਜ਼ਿਲ੍ਹਾ ਬੇਤੁਲ, ਮੱਧ ਪ੍ਰਦੇਸ਼, ਵਣਜਾਰਾ ਸੰਮੇਲਨ





ਵਣਜਾਰਾ ਵੀਰਾਂ ਦਾ ਸੰਮੇਲਨ, ਭੋਪਾਲ, ਮੱਧ ਪ੍ਰਦੇਸ਼

ਬਿਆਨ ਦੇ ਦਿੱਤਾ ਸੀ ਜਿਸ ਨਾਲ ਸਮੁੱਚੇ ਸਿਕਲੀਗਰ ਭਾਈਚਾਰੇ ਦਾ ਕੋਈ ਲੈਣ ਦੇਣ ਨਹੀਂ ਹੈ। ਅਸੀਂ ਸਿੱਖ ਕੌਮ ਦਾ ਅਟੁੱਟ ਅੰਗ ਹਾਂ ਤੇ ਅੰਗ ਰਹਾਂਗੇ। ਇਸ ਦੌਰਾਨ ਉਹਨਾਂ ਨੇ ਸਮੁੱਚੇ ਮੀਡੀਏ ਨੂੰ ਵੀ ਬੇਨਤੀ ਕੀਤੀ ਕਿ ਉਹ ਅਸਲ ਤੱਥਾਂ ਦੇ ਅਧਾਰ ਤੇ ਸਾਡੀਆਂ ਖਬਰਾਂ ਪ੍ਰਕਾਸ਼ਿਤ ਕਰੇ ਤਾਂ ਕਿ ਸਮੁੱਚੀ ਕੌਮ ਵਿੱਚ ਭੰਬਲ ਭੂਸੇ ਵਾਲੀ ਸਥਿਤੀ ਪੈਦਾ ਨਾ ਹੋ ਸਕੇ।

ਉਨ੍ਹਾਂ ਨੇ ਕਿਹਾ ਕਿ ਸਾਡੀਆਂ ਆਰਥਿਕ, ਸਮਾਜਿਕ, ਮਜਬੂਰੀਆਂ ਤੇ ਧਾਰਮਕ ਭਾਵਨਾਵਾਂ ਦੀ ਅਸਲ ਤਸਵੀਰ ਹੀ ਮੀਡੀਆ ਪ੍ਰਕਾਸ਼ਿਤ ਕਰੇ ਤਾਂ ਕਿ ਦੁਨੀਆਂ ਭਰ ਵਿੱਚ ਵੱਸਦੇ ਸਿੱਖ ਵੀਰਾਂ ਨੂੰ ਸਾਡੀ ਅਸਲ ਸਥਿਤੀ ਦਾ ਗਿਆਨ ਹੋ ਸਕੇ। ਧਰਮ ਪਰਿਵਰਤਨ ਸਬੰਧੀ ਛਪੇ ਬਿਆਨ ਦੀ ਗੱਲ ਕਰਦਿਆ ਹੋਇਆਂ ਗਿਆਨੀ ਤਕਦੀਰ ਸਿੰਘ ਦਾ ਕਹਿਣਾ ਸੀ ਕਿ ਬਾਹਰੋਂ ਆਏ ਕੁਝ ਘੜੱਮ ਚੌਧਰੀ ਲੀਡਰ ਅਤੇ ਕੁੱਝ ਨਿੱਜੀ ਟੀ.ਵੀ ਚੈਨਲਾਂ ਵਾਲੇ ਆਪਣਾ ਲਾਹਾ ਲੈਣ ਲਈ ਸਾਡੇ ਅਸਲ ਮੁੱਦਿਆਂ ਨੂੰ ਛੱਡ ਕੇ ਸਿਕਲੀਗਰ ਸਿੱਖਾਂ ਨੂੰ ਜਰਾਇਮ ਪੇਸ਼ਾਂ ਲੋਕਾਂ ਦੇ ਰੂਪ ਵੱਜੋਂ ਦੁਨੀਆਂ ਦੇ ਅੱਗੇ ਪੇਸ਼ ਕਰ ਰਹੇ ਹਨ ਅਤੇ ਧਰਮ ਪਰਿਵਰਤਨ ਦੀਆਂ ਬਿਆਨ ਬਾਜ਼ੀਆਂ ਕਰਵਾ ਰਹੇ ਹਨ ਜੋ ਕਿ ਇਕ ਗਲਤ ਰੁਝਾਨ ਹੈ।

ਉਹਨਾਂ ਨੇ ਸਮੁੱਚੀਆਂ ਦੇਸ਼-ਵਿਦੇਸ਼ ਵਿੱਚ ਵੱਸਦੀਆਂ ਸਿੱਖ ਸੰਗਤਾਂ ਨੂੰ ਜੋਰਦਾਰ ਅਪੀਲ ਕੀਤੀ ਕਿ ਉਹ ਸਿੱਖੀ ਸਰੂਪ ਤੇ ਧਰਮ ਵਿੱਚ ਪੂਰੀ ਤਰ੍ਹਾਂ ਪ੍ਰਪੱਕ ਹਨ ਅਤੇ ਅਸੀਂ ਆਪਣੇ ਇਨਸਾਫ ਤੇ ਹੱਕਾਂ ਦੀ ਲੜਾਈ ਲੜ ਰਹੇ ਹਾਂ। ਦੂਜੇ ਪਾਸੇ ਮੱਧ ਪ੍ਰਦੇਸ਼ ਦੇ ਜ਼ਿਲਾ ਖਰਗੋਨ ਦੇ ਪਿੰਡਾ ਸਿੰਗਨੂਰ, ਕਾਜਲਪੁਰਾ, ਭਗਵਾਨਪੁਰਾ ਅਤੇ ਜ਼ਿਲਾ ਬੁਹਰਾਨਪੁਰ ਦੇ ਇਲਾਕੇ ਪਾਚੋਰੀ ਅਤੇ ਜ਼ਿਲਾ ਬਡਵਾਨੀ ਦੇ ਕਸਬੇ ਪਰਸੂਦ ਤੋਂ ਨਜ਼ਾਇਜ ਹਥਿਆਰ ਬਣਾਉਣ ਦੇ ਦੋਸ਼ ਅਧੀਨ ਮੱਧ ਪ੍ਰਦੇਸ਼ ਦੀ ਪੁਲਿਸ ਵੱਲੋਂ 26 ਅਪ੍ਰੈਲ 2017 ਨੂੰ ਗ੍ਰਿਫਤਾਰ ਕੀਤੇ ਗਏ 46 ਸਿਕਲੀਗਰ ਵਣਜਾਰੇ ਸਿੱਖਾਂ ਦੀ ਰਿਹਾਈ ਲਈ ਸਿੱਖਾਂ ਨੇ ਪੂਰਾ ਤਾਣ ਲਾ ਦਿੱਤ ਕਿਉਂਕਿ 25/54/59 ਆਰਮਜ਼ ਐਕਟ ਅਧੀਨ ਹੋਏ ਉਕਤ ਦੋਸ਼ਾਂ ਵਿੱਚ ਗ੍ਰਿਫਤਾਰ ਹੋਏ ਜਿਆਦਾਤਰ ਸਿਕਲੀਗਰ ਸਿੱਖਾਂ ਦੀ ਜਮਾਨਤ ਨਹੀਂ ਹੋ ਸਕਦੀ ਸੀ।

ਬੇਸ਼ੱਕ ਇਸ ਮੁੱਦੇ ਸਬੰਧੀ ਪਿਛਲੇ ਦਿਨੀਂ 13 ਮਈ  2017 ਨੂੰ ਇੰਦੋਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਪ੍ਰਮੁੱਖ ਸਿੱਖ ਧਾਰਮਿਕ ਜੱਥੇਬੰਦੀਆਂ ਦੇ ਪ੍ਰਮੁੱਖ ਆਗੂਆਂ ਵੱਲੋਂ ਸਿਕਲੀਗਰ ਮਹਾ ਪੰਚਾਇਤ ਦਾ ਆਯੋਜਨ ਕੀਤਾ ਗਿਆ ਸੀ ਤਾਂ ਕਿ ਗ੍ਰਿਫਤਾਰ ਕੀਤੇ ਗਏ ਸਿਕਲੀਗਰ ਵਣਜਾਰੇ ਸਿੱਖਾਂ ਦੀ ਜਮਾਨਤ ਤੇ ਰਿਹਾਈ ਕਰਵਾ ਕੇ ਉਨ੍ਹਾਂ ਖਿਲਾਫ ਦਰਜ ਹੋਏ ਕੇਸਾਂ ਦੀ ਕਾਨੂੰਨੀ ਲੜਾਈ ਲੜੀ ਜਾ ਸਕੇ।

ਮਹਾਂ ਪੰਚਾਇਤ ਦੌਰਾਨ ਸਮੂਹ ਜੱਥੇਬੰਦੀਆਂ ਨੇ ਸਿਕਲੀਗਰ ਸਿੱਖਾਂ ਦੀ ਰਿਹਾਈ ਲਈ ਵੱਡੇ ਪੱਧਰ ਤੇ ਹਾਅ ਦਾ ਨਾਅਰਾ ਮਾਰਦਿਆਂ ਇਨ੍ਹਾਂ ਦੀ ਰਿਹਾਈ ਲਈ ਠੋਸ ਢੰਗ ਨਾਲ ਕਾਨੂੰਨੀ ਲੜਾਈ ਲੜਨ ਦਾ ਐਲਾਨ ਵੀ ਕੀਤਾ ਗਿਆ ਸੀ। ਪਰ ਸਿੱਖ ਜੱਥੇਬੰਦੀਆਂ ਦੀ ਆਪਸੀ ਸੂਝ ਬੂਝ ਤੇ ਇਕਸੁਰਤਾ ਦੀ ਘਾਟ ਕਾਰਨ ਹੁਣ ਤੱਕ ਗ੍ਰਿਫਤਾਰ ਕੀਤੇ ਗਏ ਬਹੁਤੇ  ਸਿਕਲੀਗਰਾਂ ਦੀ ਰਿਹਾਈ ਨਹੀਂ ਹੋ ਸਕੀ। ਇਸ ਗੱਲ ਦਾ ਦਰਦ ਹਰ ਗੁਰਸਿੱਖ ਨੂੰ ਪੂਰੀ ਸ਼ਿੱਦਤ ਨਾਲ ਸਤਾ ਰਿਹਾ ਹੈ। ਇਸੇ ਤਰ੍ਹਾਂ ਜ਼ਿਲਾ ਖਰਗੋਨ ਦੀ ਹੇਠਲੀ ਅਦਾਲਤ

ਵੱਲੋਂ ਗ੍ਰਿਫ਼ਤਾਰ ਕੀਤੇ ਗਏ 46 ਸਿਕਲੀਗਰ ਵਣਜਾਰੇ ਸਿੱਖਾਂ ਦੀਆਂ ਜਮਾਨਤਾਂ ਰੱਦ ਕਰ ਦਿੱਤੀਆਂ ਹਨ ਪਰ ਇਸ ਦੇ ਬਾਵਜੂਦ ਕੁੱਝ ਪੰਥ ਦਰਦੀ ਲੋਕ ਤੇ ਜੱਥੇਬੰਦੀਆਂ ਆਪੋ-ਆਪਣੇ ਢੰਗ ਤਰੀਕਿਆਂ ਦੇ ਨਾਲ ਸੂਝਵਾਨ ਮਾਹਿਰ ਵਕੀਲਾਂ ਦੀ ਸਹਾਇਤਾ ਨਾਲ ਇਨ੍ਹਾਂ ਦੀ ਰਿਹਾਈ ਲਈ ਯਤਨ ਕਰ ਰਹੀਆਂ ਹਨ ਪਰ ਕਾਨੂੰਨੀ ਲੜਾਈ ਕਾਫੀ ਵੱਡੀ ਤੇ ਖਰਚੀਲੀ ਹੋਣ ਕਰਕੇ ਵੀ ਸਿਕਲੀਗਰ ਸਿੱਖਾਂ ਦੀ ਰਿਹਾਈ ਦਾ ਮਾਮਲਾ ਦਿਨੋ-ਦਿਨ ਲਟਕਦਾ ਜਾ ਰਿਹਾ ਹੈ।

ਇਸ ਸਬੰਧੀ ਟੀਮ ਨਾਲ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਸਿੱਖ ਕੌਂਸਲ ਆਫ ਸਕਾਟਲੈਂਡ ਦੇ ਮੈਂਬਰ ਭਾਈ ਤਰਨਦੀਪ ਸਿੰਘ ਨੇ ਕਿਹਾ ਕਿ ਸਿਕਲੀਗਰ ਸਿੱਖਾਂ ਦੀ ਰਿਹਾਈ ਦਾ ਮਸਲਾ ਸਮੁੱਚੇ ਸਿੱਖ ਪੰਥ ਦਾ ਕੌਮੀ ਮਸਲਾ ਹੈ, ਜਿਸ ਦੇ ਲਈ ਸਮੂਹ ਸਿੱਖ ਸੰਸਥਾਵਾਂ ਨੂੰ ਆਪਸੀ ਵਖਰੇਵਿਆਂ ਤੋਂ ਉਪਰ ਉਠ ਕੇ ਆਪਣੀ ਜ਼ੋਰਦਾਰ ਆਵਾਜ਼ ਸਾਂਝੇ ਰੂਪ ਵਿੱਚ ਸਰਕਾਰ ਦੇ ਅੱਗੇ ਬੁਲੰਦ ਕਰਨੀ ਹੋਵੇਗੀ, ਉਥੇ ਨਾਲ ਹੀ ਸਿਕਲੀਗਰ ਸਿੱਖਾਂ ਦੀ ਰਿਹਾਈ ਲਈ ਠੋਸ ਢੰਗ ਨਾਲ ਕਾਨੂੰਨੀ ਲੜਾਈ ਵੀ ਲੜਨੀ ਪਵੇਗੀ ਤਾਂ ਹੀ ਕੁੱਝ ਸਾਰਥਕ ਸਿੱਟੇ ਨਿਕਲ ਸਕਦੇ ਹਨ।

ਉਨ੍ਹਾਂ ਨੇ ਕਿਹਾ ਕਿ ਸਿਕਲੀਗਰ ਸਿੱਖਾਂ ਦੀ ਭਲਾਈ ਲਈ ਸਿੱਖ ਕੌਂਸਲ ਆਫ ਸਕਾਟਲੈਂਡ ਵੱਲੋਂ ਕਈ ਵੱਡੇ ਪ੍ਰੋਜੈਕਟ ਮੱਧ ਪ੍ਰਦੇਸ਼ ਦੇ ਵੱਖ-ਵੱਖ ਭਾਗਾਂ ਵਿੱਚ ਚੱਲ ਰਹੇ ਹਨ ਤਾਂ ਕਿ ਗੁਰਬੱਤ ਦਾ ਸ਼ਿਕਾਰ ਸਿਕਲੀਗਰ ਸਿੱਖ ਸਮੇਂ ਦੇ ਹਾਣੀ ਬਣ ਸਕਣ। ਸਾਡੀ ਸੰਸਥਾ ਵੱਲੋਂ ਸਮੂਹ ਜੱਥੇਬੰਦੀਆਂ, ਸੁਸਾਇਟੀਆਂ ਨੂੰ ਜ਼ੋਰਦਾਰ ਅਪੀਲ ਹੈ ਕਿ ਸਿਕਲੀਗਰ ਸਿੱਖਾਂ ਦੀ ਰਿਹਾਈ ਲਈ ਉਹ ਆਪਣੇ-ਆਪਣੇ ਤੌਰ ਤੇ ਕਾਨੂੰਨੀ ਲੜਾਈ ਲੜਨ ਨਾਲੋਂ ਸਾਂਝੇ ਰੂਪ ਵਿੱਚ ਇਕ ਮਾਹਿਰ ਵਕੀਲਾਂ ਦਾ ਪੈਨਲ ਬਣਾਉਣ ਤਾਂ ਕਿ ਸਮੇਂ ਤੇ ਪੈਸੇ ਦੀ ਬਰਬਾਦੀ ਨਾ ਕਰਦਿਆਂ ਹੋਇਆਂ ਪਹਿਲ ਦੇ ਅਧਾਰ ਤੇ ਇਨ੍ਹਾਂ ਦੀ ਰਿਹਾਈ ਕਰਵਾਈ ਜਾ ਸਕੇ।

ਮੱਧ ਪ੍ਰਦੇਸ਼ ਦੇ ਆਦੀਵਾਸੀ ਪਿੰਡ ਸਿੰਗਨੂਰ ਵਿੱਚ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਗਏ ਸਿਕਲੀਗਰ ਸਿੱਖ ਨੌਜਵਾਨ ਬੀਰਪਾਲ ਸਿੰਘ, ਗੁਰਦਿਆਲ ਸਿੰਘ ਤੇ ਬਦਾਮ ਸਿੰਘ ਇੱਕੋ ਪਰਿਵਾਰ ਦੇ ਸਿੰਘ ਦੀ ਮਾਤਾ ਕਲਾ ਬਾਈ ਨੇ ਆਪਣੀ ਹੱਡ ਬੀਤੀ ਟੀਮ ਦੇ ਮੈਬਰਾਂ ਨੂੰ ਦੱਸਦਿਆਂ ਕਿਹਾ ਕਿ 26 ਅਪ੍ਰੈਲ 2017 ਨੂੰ ਤੜਕੇ ਜਿਸ ਤਰ੍ਹਾਂ ਮੇਰੇ ਤਿੰਨਾਂ ਪੁੱਤਰਾਂ ਨੂੰ ਮਾਰ ਕੁੱਟ ਕਰਕੇ ਪੁਲਿਸ ਨੇ ਝੂਠੇ ਹਥਿਆਰਾਂ ਦੀ ਬਰਾਮਦਗੀ ਦੇ ਕੇਸ ਪਾ ਕੇ ਗ੍ਰਿਫਤਾਰ ਕੀਤਾ ਉਹ ਸਿੱਧੇ ਰੂਪ 'ਚ ਸਾਨੂੰ ਜਰਾਇਮ ਪੇਸ਼ਾ ਲੋਕ ਸਾਬਤ ਕਰਨਾ ਸੀ। ਜਦ ਕਿ ਅਸਲ ਸੱਚਾਈ ਤਾਂ ਇਹ ਹੈ ਕਿ ਮੇਰੇ ਬੱਚੇ ਰਵਾਇਤੀ ਹਥਿਆਰ ਬਣਾਉਣ ਦਾ ਧੰਦਾ ਕਾਫੀ ਦੇਰ ਪਹਿਲਾਂ ਹੀ ਛੱਡ ਚੁੱਕੇ ਹਨ ਪਰ ਪੁਲਿਸ ਜਾਣ ਬੁੱਝ ਕੇ ਬਦਲਾਖੋਰੀ ਵਾਲੀ ਭਾਵਨਾ ਦੇ ਨਾਲ ਮੇਰੇ ਪੁੱਤਰਾਂ ਨੂੰ ਮੁੜ ਝੂਠੇ ਕੇਸਾਂ ਵਿੱਚ ਫਸਾ ਰਹੀ ਹੈ। ਉਨ੍ਹਾਂ ਭਰੇ ਮਨ ਨਾਲ ਕਿਹਾ ਕਿ ਪਿਛਲੇ ਇੱਕ ਮਹੀਨੇ ਦੇ ਸਮੇਂ ਦੌਰਾਨ ਦੇਸ਼ਾਂ-ਵਿਦੇਸ਼ਾਂ ਤੋਂ ਵੱਖ-ਵੱਖ ਜੱਥੇਬੰਦੀਆਂ ਦੇ ਆਗੂ ਸਾਨੂੰ ਦਿਲਾਸਾ ਦੇਣ ਲਈ ਆਉਂਦੇ ਹਨ।

ਉਹ ਸਾਨੂੰ ਝੂਠੇ ਭਰੋਸੇ ਦੇ ਕੇ ਸਾਡੇ ਪਰਿਵਾਰਾਂ ਨੂੰ ਅਨਾਜ ਅਤੇ ਕੱਪੜੇ ਵੰਡ ਕੇ ਸਾਡੇ ਨਾਲ ਫੋਟੋ ਕਰਵਾਉਂਦੇ ਹਨ। ਪਰ ਮੈਂ ਸਮੁੱਚੇ ਸਿੱਖ ਸਮਾਜ ਨੂੰ ਅਪੀਲ ਕਰਦੀ ਹਾਂ ਕਿ ਸਾਨੂੰ

ਅਨਾਜ ਕੱਪੜਿਆਂ ਦੀ ਲੋੜ ਨਹੀਂ ਬਲਕਿ ਰੁਜ਼ਗਾਰ ਦੀ ਲੋੜ ਹੈ, ਤਾਂ ਕਿ ਅਸੀਂ ਗੁਰੂ ਨਾਨਕ ਦੇਵ ਜੀ ਦੇ ਕਿਰਤ ਦੇ ਸਿਧਾਂਤ ਉਪਰ ਚੱਲ ਕੇ ਆਪਣਾ ਚੰਗਾ ਜੀਵਨ ਗੁਜ਼ਰ-ਬਸਰ ਕਰ ਸਕੀਏ। ਦੂਜੀ ਗੱਲ ਮੇਰੇ ਬੱਚਿਆਂ ਨੂੰ ਝੂਠੇ ਕੇਸਾਂ ਵਿੱਚੋ ਰਿਹਾ ਕਰਵਾਉਣ ਲਈ ਕੇਂਦਰ ਸਰਕਾਰ ਤੱਕ ਸਿੱਖ ਆਗੂ ਆਪਣੀ ਜ਼ੋਰਦਾਰ ਅਵਾਜ਼ ਪਹੁੰਚਾਉਣ ਤਾਂ ਹੀ ਅਸੀਂ ਜਿਉਂਦੇ ਰਹਿ ਸਕਾਂਗੇ। ਇਸੇ ਤਰ੍ਹਾਂ ਸਿੰਗਨੂਰ ਪਿੰਡ ਦੇ ਗ੍ਰਿਫਤਾਰ ਸਿਕਲੀਗਰ ਨੌਜਵਾਨ ਸਤਪਾਲ ਸਿੰਘ ਤੇ ਸਤਨਾਮ ਸਿੰਘ ਦੀ ਮਾਤਾ ਰਾਧਾ ਬਾਈ ਨੇ ਦੱਸਿਆ ਕਿ 6 ਭੈਣਾਂ ਦੇ ਵੀਰਾਂ ਨੂੰ ਝੂਠੇ ਕੇਸਾਂ ਵਿੱਚ ਫਸਾ ਕੇ ਮੱਧ ਪ੍ਰਦੇਸ਼ ਦੀ ਪੁਲਿਸ ਨੇ ਸਾਬਤ ਕਰ ਦਿੱਤਾ ਹੈ ਕਿ ਅਸੀਂ ਆਜ਼ਾਦ ਦੇਸ਼ ਦੇ ਗੁਲਾਮ ਨਿਵਾਸੀ ਹਾਂ ਜਿੱਥੇ ਸਾਡੀ ਕੋਈ ਸੁਣਵਾਈ ਨਹੀਂ ਹੈ।

ਆਪਣੀ ਹੱਡ ਬੀਤੀ ਦੱਸਦਿਆਂ ਉਨ੍ਹਾਂ ਨੇ ਕਿਹਾ ਕਿ ਸਾਡਾ ਪਰਿਵਾਰ ਗੁਰੂ ਸਾਹਿਬਾਂ ਦੇ ਸਮੇਂ ਤੋਂ ਰਵਾਇਤੀ ਹਥਿਆਰ ਬਣਾਉਂਦਾ ਆ ਰਿਹਾ ਹੈ ਅਤੇ ਮੇਰੇ ਬੱਚਿਆਂ ਨੂੰ ਵੀ ਰਵਾਇਤੀ ਹਥਿਆਰ ਬਣਾਉਣ ਦਾ ਕੰਮ ਹੀ ਆਉਂਦਾ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਪੂਰੀ ਤਰ੍ਹਾਂ ਅਨਪੜ੍ਹ ਹਾਂ ਤੇ ਅਸੀਂ ਚਾਹੁੰਦੇ ਹਾਂ ਕਿ ਸਰਕਾਰ ਸਾਨੂੰ ਹੋਰ ਕੰਮ ਧੰਦੇ ਕਰਨ ਲਈ ਮਾਇਕ ਸਹਾਇਤਾ ਦੇਵੇ ਪਰ ਸਰਕਾਰ ਸਾਡੀ ਕਿਸੇ ਵੀ ਕੀਮਤ ਤੇ ਮਦਦ ਕਰਨ ਨੂੰ ਤਿਆਰ ਹੀ ਨਹੀਂ ਹੈ ਜਿਸ ਕਰਕੇ ਸਿਕਲੀਗਰਾਂ ਦੇ ਬੱਚੇ ਮੁੜ ਲੋਹਾ ਕੁੱਟਣ ਨੂੰ ਮਜ਼ਬੂਰ ਹਨ। ਸਿੰਗਨੂਰ ਪਿੰਡ ਦੇ ਬੁਜ਼ਰਗ ਸਿਕਲੀਗਰ ਸਿੱਖ ਮਹਿੰਦਰ ਸਿੰਘ ਨੇ ਟੀਮ ਦੇ ਮੈਬਰਾਂ ਨਾਲ ਜ਼ਜ਼ਬਾਤੀ ਹੁੰਦਿਆ ਕਿਹਾ ਕਿ ਪਿਛਲੇ 1 ਸਾਲ ਤੋਂ ਸਾਡੇ ਪਿੰਡ ਵਿੱਚ ਵੱਸਣ ਵਾਲੇ ਸਮੂਹ ਸਿਕਲੀਗਰ ਵਣਜਾਰੇ ਸਿੱਖਾਂ ਦੀ ਸਥਿਤੀ ਬਾਂਦਰ ਤੇ ਮਦਾਰੀ ਵਾਲੇ ਤਮਾਸ਼ੇ ਵਰਗੀ ਹੋ ਕੇ ਰਹਿ ਗਈ ਹੈ।

ਉਨ੍ਹਾਂ ਕਿਹਾ ਕਿ ਪੁਲਿਸ ਆਉਂਦੀ ਹੈ ਤੇ ਸਾਡੇ ਬੇਕਸੂਰ ਲੜਕਿਆਂ ਨੂੰ ਜ਼ਬਰੀ ਚੁੱਕ ਕੇ ਲੈ ਜਾਂਦੀ ਹੈ ਅਤੇ ਉਨ੍ਹਾਂ ਉਪਰ ਨਜਾਇਜ਼ ਹਥਿਆਰ ਬਣਾਉਣ ਦੇ ਕੇਸ ਦਰਜ ਕਰਕੇ ਜੇਲ੍ਹਾਂ ਵਿੱਚ ਸੁੱਟ ਦਿੰਦੀ ਹੈ ਜੋ ਕਿ ਖੁੱਲੇ ਰੂਪ ਵਿੱਚ ਲੋਕਤਾਂਤਰਿਕ ਕਦਰਾਂ ਕੀਮਤਾਂ ਦਾ ਘਾਣ ਹੈ। ਦੂਜੇ ਪਾਸੇ ਆਪਣੀਆਂ ਰਾਜਸੀ ਗਰਜਾਂ ਦੀ ਪ੍ਰਾਪਤੀ ਲਈ ਵੱਡੇ-ਵੱਡੇ ਆਗੂ ਤੇ ਲੀਡਰ ਅਤੇ ਹੋਰ ਧਾਰਮਿਕ ਜੱਥੇਬੰਦੀਆਂ ਦੇ ਆਗੂ ਸਾਡਾ ਤਮਾਸ਼ਾ ਦੇਖਣ ਲਈ ਆਉਂਦੇ ਹਨ। ਉਹ ਕੁਝ ਸਹਾਇਤਾ ਰਾਸ਼ੀ ਪੀੜਤ ਪਰਿਵਾਰ ਨੂੰ ਦੇ ਕੇ ਸਾਡਾ ਤਮਾਸ਼ਾ ਸਮੁੱਚੇ ਸੰਸਾਰ ਦੇ ਲੋਕਾਂ ਨੂੰ ਦਿਖਾਉਂਦੇ ਹਨ ਕਿ ਅਸੀਂ ਇਨ੍ਹਾਂ ਦੇ ਸੱਚੇ ਰਹਿਬਰ ਹਾਂ। ਜਦਕਿ ਅਸਲ ਸੱਚਾਈ ਆਪ ਜੀ ਦੇ ਸਾਹਮਣੇ ਹੈ ਕਿ ਕਿਵੇਂ ਕੌਮ ਦਾ ਭਵਿੱਖ -ਸਿਕਲੀਗਰ ਵਣਜਾਰਿਆਂ ਦੇ ਬੱਚੇ ਮੱਧ ਪ੍ਰਦੇਸ਼ ਦੀਆਂ ਗਰੀਬ ਬਸਤੀਆਂ ਵਿੱਚ ਰੁਲ ਰਿਹਾ ਹੈ।

ਇਸੇ ਤਰ੍ਹਾਂ ਅਣਗੌਲੇ ਸਿਕਲੀਗਰ ਵਣਜਾਰੇ ਸਿੱਖਾਂ ਦੀ ਬਸਤੀ ਪਾਚੋਰੀ ਇੱਕ ਅਜਿਹੀ ਬਸਤੀ ਹੈ ਜਿਸ ਨੂੰ ਦੇਖ ਕੇ ਹਰ ਕੋਈ ਵਿਅਕਤੀ ਹੈਰਾਨ ਰਹਿ ਜਾਂਦਾ ਹੈ ਕਿ ਦੁਨੀਆਂ ਦੀ ਸਭ ਤੋਂ ਵੱਧ ਅਮੀਰ ਸਿੱਖ ਕੌਮ ਦੇ ਵਾਰਸ ਜੋ ਕਿ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦੇ ਸਿੱਖ ਅਖਵਾਉਣ ਵਿੱਚ ਆਪਣਾ ਮਾਣ ਮਹਿਸੂਸ ਕਰਦੇ ਹਨ ਪਰ ਉਨ੍ਹਾਂ ਦੇ ਵਾਰਿਸ ਅੱਜ ਵੀ ਗੁਰਬੱਤ ਦਾ ਜੀਵਣ ਜਿਊਣ ਲਈ ਮਜ਼ਬੂਰ ਹਨ। ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਲੈ ਕੇ ਹੁਣ ਤੱਕ ਹੋਈਆਂ ਪ੍ਰਮੁੱਖ ਜੰਗਾਂ-ਯੁੱਧਾਂ ਵਿੱਚ ਸ਼ਸਤਰ ਬਣਾਉਣ ਦੀ ਸੇਵਾ ਕਰਨ ਵਾਲੇ ਸਿੱਖ ਕੌਮ ਦੇ ਇਨ੍ਹਾਂ ਅਣਖੀ ਲਾਲਾਂ ਦੀ ਬਸਤੀ ਅੰਦਰ

ਅੱਜ ਵੀ ਅਜਿਹੇ ਕਈ ਪਰਿਵਾਰ ਹਨ ਜਿਨ੍ਹਾਂ ਦੇ ਸਿਰ ਤੇ ਕੋਈ ਛੱਤ ਨਹੀਂ ਅਤੇ ਨਾ ਹੀ ਰਹਿਣ ਲਈ ਕੋਈ ਅਸਥਾਈ ਮਕਾਨ। ਕੇਵਲ ਕੱਚੇ ਮਕਾਨਾਂ ਤੇ ਕਾਨੇ ਦੀਆਂ ਝੁੱਗੀਆਂ ਝੌਂਪੜੀਆਂ ਅੰਦਰ ਅੱਜ ਸਿੱਖ ਕੌਮ ਦਾ ਭਵਿੱਖ ਖੁੱਲ੍ਹੇ ਅਸਮਾਨ ਥੱਲ੍ਹੇ ਪਲ ਰਿਹਾ ਹੈ।

ਗੌਰਤਲਬ ਹੈ ਕਿ ਜਿੱਥੇ ਅੱਜ ਸਿੱਖ ਕੌਮ ਹਰ ਖੇਤਰ ਅੰਦਰ ਬੜੀ ਤੇਜ਼ੀ ਨਾਲ ਬੁਲੰਦ ਉਚਾਈਆਂ ਵੱਲ ਵੱਧਦੀ ਨਜ਼ਰ ਆ ਰਹੀ ਹੈ, ਉਥੇ ਪਾਚੋਰੀ ਵਿੱਚ ਵੱਸਦੇ ਸਿਕਲੀਗਰ ਸਿੱਖ ਪਰਿਵਾਰਾਂ ਦੀ ਹਾਲਤ ਦੇਖ ਕੇ ਹਰ ਪੰਥ ਦਰਦੀ ਦਾ ਸਿਰ ਸ਼ਰਮ ਨਾਲ ਝੁੱਕ ਜਾਂਦਾ ਹੈ। ਇਕੱਤਰ ਕੀਤੀ ਗਈ ਜਾਣਕਾਰੀ ਅਨੁਸਾਰ ਇਹ ਕਹਾਣੀ ਕੇਵਲ ਮੱਧ ਪ੍ਰਦੇਸ਼ ਵਿੱਚ ਵੱਸਦੇ ਸਿਕਲੀਗਰ ਸਿੱਖ ਵਣਜਾਰਿਆਂ ਦੀ ਹੀ ਨਹੀਂ ਬਲਕਿ ਮੱਧ ਪ੍ਰਦੇਸ਼, ਮਹਾਰਾਸ਼ਟਰਾਂ, ਛਤੀਸਗੜ ਰਾਜਾਂ ਦੇ ਵੱਖ ਵੱਖ ਸ਼ਹਿਰਾਂ ਸਮੇਤ ਦੇਸ਼ ਦੇ ਹੋਰਨਾਂ ਭਾਗਾਂ ਵਿੱਚ ਵੱਸਦੇ ਸਿਕਲੀਗਰ ਸਿੱਖਾਂ ਦੀ ਗੁਰਬੱਤ ਤੇ ਤਰਾਸਦੀ ਦੀ ਮੂੰਹ ਬੋਲਦੀ ਤਸਵੀਰ ਹੈ, ਜੋ ਕਿ 21ਵੀਂ ਸਦੀ ਵਿੱਚ ਵੀ ਸਿੱਖ ਕੌਮ ਦੇ ਵਾਰਸ ਆਪਣੇ ਆਗੂਆਂ ਦੀ ਅਣਗਹਿਲੀ ਕਰਕੇ ਦੁੱਭਰ ਭਰੀ ਜਿੰਦਗੀ ਜਿਊਣ ਲਈ ਮਜ਼ਬੂਰ ਹਨ।

ਸਿਕਲੀਗਰ, ਵਣਜਾਰੇ ਸਿੱਖਾਂ ਦੀ ਭਲਾਈ ਲਈ ਆਵਾਜ਼ ਬੁਲੰਦ ਕਰ ਰਹੇ ਮੱਧ ਪ੍ਰਦੇਸ਼ ਦੇ ਸਿਕਲੀਗਰ ਆਗੂ ਗਿਆਨੀ ਦੀਦਾਰ ਸਿੰਘ ਨੇ ਉਕਤ ਵਿਸ਼ੇ ਤੇ ਵਿਸ਼ੇਸ਼ ਤੌਰ ਤੇ ਗੱਲਬਾਤ ਕਰਦਿਆਂ ਕਿਹਾ ਕਿ ਬੇਸ਼ੱਕ ਸਿਕਲੀਗਰ ਵਣਜਾਰੇ ਸਿੱਖਾਂ ਦੇ ਜੀਵਨ ਪੱਧਰ ਨੂੰ ਉਪਰ ਚੁੱਕਣ ਲਈ ਅਤੇ ਉਹਨਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰ ਸਾਲ ਆਪਣੇ ਬਜਟ ਅੰਦਰ ਵੱਡੀ ਰਾਸ਼ੀ ਰੱਖਦੀ ਹੈ, ਪਰ ਬਹੁਤ ਹੀ ਅਫਸੋਸ ਦੀ ਗੱਲ ਹੈ ਕਿ ਇਹ ਰਾਸ਼ੀ ਦੇਸ਼ ਭਰ ਵਿੱਚ ਵੱਸਦੇ ਸਿਕਲੀਗਰ ਵਣਜਾਰੇ ਸਿੱਖਾਂ ਦੀ ਗਿਣਤੀ ਦੇ ਮੁਤਾਬਕ ਬਹੁਤ ਥੋੜੀ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਵੀ ਮੱਧ ਪ੍ਰਦੇਸ਼ ਅੰਦਰ ਸਿਕਲੀਗਰ ਸਿੱਖਾਂ ਦੇ ਪਰਿਵਾਰ ਕੱਚੇ ਘਰਾਂ ਅਤੇ ਗੰਦਗੀ ਦੇ ਢੇਰਾਂ ਤੇ ਰੁਲ ਰਹੇ ਹਨ।

ਗਿਆਨੀ ਦੀਦਾਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 1992 ਅੰਦਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਬਜਟ ਅੰਦਰ ਸਿਕਲੀਗਰ ਸਿੱਖਾਂ ਦੀ ਭਲਾਈ ਲਈ 1 ਕਰੋੜ ਰੁਪਏ ਦੀ ਰਾਸ਼ੀ ਰੱਖੀ ਸੀ, ਫਿਰ 2006 ਦੇ ਬਜਟ ਅੰਦਰ 20 ਲੱਖ ਰੁਪਏ ਅਤੇ 2008 ਦੇ ਵਿੱਚ ਕੇਵਲ 10 ਲੱਖ ਰੁਪਏ ਦੀ ਰਾਸ਼ੀ ਰੱਖੀ ਪਰ ਪਿਛਲੇ ਸਮੇਂ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜੱਥੇਦਾਰ ਅਵਤਾਰ ਸਿੰਘ ਨੇ ਨਿੱਜੀ ਦਿਲਚਸਪੀ ਲੈ ਕੇ ਸਿਕਲੀਗਰ ਸਿੱਖ ਵਣਜਾਰਿਆਂ ਦੀ ਆਰਥਿਕ ਹਾਲਤ ਨੂੰ ਸੁਧਾਰਨ ਦੇ ਲਈ ਜਿੱਥੇ ਸ਼੍ਰੋਮਣੀ ਕਮੇਟੀ ਦੇ ਬਜਟ ਅੰਦਰ ਵੱਡੀ ਰਕਮ ਰਾਖਵੀਂ ਰੱਖੀ, ਉਥੇ ਨਾਲ ਹੀ ਸਾਡੇ ਪਰਿਵਾਰਾਂ ਤੇ ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਦੇ ਲਈ ਕਈ ਵੱਡੇ ਪ੍ਰੋਜੈਕਟ ਵੀ ਸ਼ੁਰੂ ਕੀਤੇ ਸਨ ਜੋ ਕਿ ਕੇਵਲ ਪੰਜਾਬ ਰਾਜ ਵਿੱਚ ਵੱਸਦੇ ਸਿਕਲੀਗਰ ਪਰਿਵਾਰਾਂ ਤੱਕ ਸੀਮਿਤ ਹੋ ਕੇ ਰਹਿ ਗਏ ਹਨ।

ਉਨ੍ਹਾਂ ਨੇ ਆਪਣੀ ਗੱਲਬਾਤ ਦੌਰਾਨ ਇਸ ਗੱਲ ਤੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੀ ਜਾ ਰਹੀ ਸਹਾਇਤਾ ਦੇਸ਼ ਭਰ ਅੰਦਰ ਵੱਸਦੇ ਕਰੋੜਾਂ ਸਿਕਲੀਗਰ ਸਿੱਖ ਵਣਜਾਰਿਆਂ ਦੇ ਲਈ ਬਹੁਤ ਥੋੜੀ ਹੈ ਜਿਸਦੇ ਸਦਕਾ ਮੌਜੂਦਾ ਸਮੇਂ ਅੰਦਰ ਸਿਕਲੀਗਰ ਸਿੱਖਾਂ ਦੇ ਪਰਿਵਾਰਾਂ ਦੀ ਹਾਲਤ ਬਹੁਤ ਹੀ ਤਰਸਯੋਗ ਬਣੀ ਹੋਈ ਹੈ,

ਖਾਸ ਕਰਕੇ ਮੱਧ ਪ੍ਰਦੇਸ਼ ਸਮੇਤ ਦੇਸ਼ ਦੇ ਵੱਖ ਵੱਖ ਸ਼ਹਿਰਾਂ ਵਿਚ ਵੱਡੀ ਗਿਣਤੀ ਵਿੱਚ ਵੱਸਦੇ ਸਿਕਲੀਗਰ ਸਿੱਖ ਗੁਰਬੱਤ ਦੀ ਜਿੰਦਗੀ ਜਿਉਣ ਲਈ ਮਜ਼ਬੂਰ ਹਨ। ਆਪਣੀ ਦਰਦ ਭਰੀ ਦਾਸਤਾਨ ਨੂੰ ਸੁਣਾਉਂਦਿਆਂ ਹੋਇਆਂ ਗਿਆਨੀ ਦੀਦਾਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਜ਼ੋਰਦਾਰ ਅਪੀਲ ਕਰਦਿਆਂ ਹੋਇਆਂ ਕਿਹਾ ਕਿ ਜੇਕਰ ਗਰੀਬ ਸਿਕਲੀਗਰ ਸਿੱਖਾਂ ਨੂੰ ਗੱਲ ਨਾਲ ਲਾ ਕੇ ਰੱਖਣਾ ਹੈ ਤਾਂ ਉਹਨਾਂ ਨੂੰ ਸਿਕਲੀਗਰ ਸਿੱਖਾਂ ਬਾਰੇ ਜਰੂਰ ਸੋਚਣਾ ਹੀ ਪਵੇਗਾ, ਨਹੀਂ ਤਾਂ ਸਿਕਲੀਗਰ ਬਰਾਦਰੀ ਕੋਈ ਸਖਤ ਫੈਸਲਾ ਲੈਣ ਲਈ ਮਜ਼ਬੂਰ ਹੋ ਸਕਦੀ ਹੈ।

ਟੀਮ ਦੇ ਮੈਬਰਾਂ ਨਾਲ ਗਲ ਕਰਦਿਆਂ ਹੋਇਆਂ ਖਾਲਸਾ ਸ਼ੋਸ਼ਲ ਵੈਲਫੇਅਰ ਸੁਸਾਇਟੀ ਦੇ ਪ੍ਰਮੁੱਖ ਮੈਂਬਰ ਤਰਨਜੀਤ ਸਿੰਘ ਨੇ ਸਰਕਾਰ ਨੂੰ ਬੇਨਤੀ ਕੀਤੀ ਕਿ ਹਥਿਆਰ ਬਣਾਉਣ ਦੇ ਮਾਹਿਰ ਸਿਕਲੀਗਰਾਂ ਦੇ ਹੁਨਰ ਨੂੰ ਦੇਖਦਿਆਂ ਹੋਇਆਂ ਇਨ੍ਹਾਂ ਨੂੰ ਜਿੱਥੇ ਸਰਕਾਰੀ ਹਥਿਆਰ ਬਣਾਉਣ ਵਾਲੀਆਂ ਫੈਕਟਰੀਆਂ ਅੰਦਰ ਨੌਕਰੀਆਂ ਦਿੱਤੀਆਂ ਜਾਣ ਉਥੇ ਨਾਲ ਹੀ ਹਥਿਆਰ ਬਣਾਉਣ ਦੇ ਸਰਕਾਰੀ ਲਾਈਸੰਸ ਦੇ ਕੇ ਉਦਯੋਗ ਸਥਾਪਤ ਕਰਨ ਦੀ ਇਜਾਜ਼ਤ ਵੀ ਦਿੱਤੀ ਜਾਵੇ ਤਾਂ ਕਿ ਇਨ੍ਹਾਂ ਦਾ ਸਮਾਜਿਕ ਜੀਵਨ ਉੱਚਾ ਹੋ ਸਕੇ। ਇਸ ਦੇ ਨਾਲ ਹੀ ਸਿਕਲੀਗਰਾਂ ਦੇ ਆਧਾਰ ਕਾਰਡ, ਰਾਸ਼ਨ ਕਾਰਡ, ਵੋਟਰ ਕਾਰਡ ਅਤੇ ਬੀ.ਪੀ.ਐਲ ਕਾਰਡ ਤੁਰੰਤ ਬਣਾਏ ਜਾਣ ਅਤੇ ਸਿਕਲੀਗਰਾਂ ਨੂੰ ਰਾਖਵਾਂਕਰਨ ਦਾ ਅਧਿਕਾਰ ਦਿਵਾ ਕੇ ਇਨ੍ਹਾਂ ਨੂੰ ਸਰਕਾਰੀ ਨੌਕਰੀਆਂ ਸਮੇਤ ਰਾਜਨੀਤੀ ਅਤੇ ਸਰਕਾਰੀ ਸਹੂਲਤਾਂ ਚ ਹਿੱਸੇਦਾਰ ਬਣਾਇਆ ਜਾਵੇ। ਆਪਣੀ ਗੱਲਬਾਤ ਦੌਰਾਨ ਤਰਨਜੀਤ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਸਮੂਹ ਸਿੱਖ ਸੰਸਥਾਵਾਂ ਨੂੰ ਬੇਨਤੀ ਕੀਤੀ ਕਿ ਜੇਕਰ ਉਹ ਸੱਚੇ ਮਨੋ ਸਿਕਲੀਗਰ ਭਾਈਚਾਰੇ ਦੀ ਮਦਦ ਕਰਨਾ ਚਾਹੁੰਦੀਆਂ ਹਨ ਤਾਂ ਸਭ ਤੋਂ ਪਹਿਲਾਂ ਸਿਕਲੀਗਰ ਭਾਈਚਾਰੇ ਦੀਆਂ ਵੱਸੋਂ ਵਾਲੀਆਂ ਬਸਤੀਆਂ ਦੀ ਸਹੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਦੀਆਂ ਸਹੀ ਸੂਚੀਆਂ ਤਿਆਰ ਕਰਕੇ ਇਨ੍ਹਾਂ ਦੇ ਬੱਚਿਆਂ ਲਈ ਸਕੂਲੀ ਪੜ੍ਹਾਈ ਤੇ ਸਿਹਤ ਸਹੂਲਤਾਂ ਦਾ ਉਚਿਤ ਪ੍ਰਬੰਧ ਕੀਤਾ ਜਾਵੇ ਤਾਂ ਕਿ ਇਨ੍ਹਾਂ ਭੁੱਲੇ ਵਿਸਰੇ ਵੀਰਾਂ ਨੂੰ ਨਰਕ ਭਰੀ ਜ਼ਿੰਦਗੀ ਵਿੱਚੋਂ ਕੱਢ ਕੇ ਮੁੱਖ ਧਾਰਾ ਨਾਲ ਜੋੜਿਆ ਜਾ ਸਕੇ।



**ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਮੀਡੀਆ ਸਲਾਹਕਾਰ ਰਹੇ ਸੁਲਝੇ ਹੋਏ ਪੱਤਰਕਾਰ ਰਣਜੀਤ ਸਿੰਘ ਖਾਲਸਾ ਪੱਤ੍ਰਿਕਾਰਤਾ ਦੇ ਮਾਹਿਰ ਹਨ ਅਤੇ ਫੋਟੋ ਆਰਟ ਦਾ ਵੀ ਪੂਰਾ ਸ਼ੌਂਕ ਰੱਖਦੇ ਹਨ। ਸਿਕਲੀਗਰ ਵਣਜਾਰਿਆਂ ਬਾਰੇ ਜਾਨਣ ਦੀ ਤਾਂਘ ਉਨ੍ਹਾਂ ਨੂੰ ਪੰਥਕ ਜਥੇਬੰਦੀਆਂ ਨਾਲ ਦੂਰ ਦਰਾਡੇ ਲੈ ਗਈ ਜਿੱਥੋਂ ਉਨ੍ਹਾਂ ਨੇ ਇਨ੍ਹਾਂ ਲੋਕਾਂ ਦੇ ਅਜੋਕੇ ਹਾਲਾਤਾਂ ਤੋਂ ਕੌਮ ਨੂੰ ਆਪਣੀ ਰਿਪੋਰਟਿੰਗ ਰਾਹੀਂ ਜਾਣੂ ਕਰਵਾਇਆ। ਉਨ੍ਹਾਂ ਨਾਲ ਈਮੇਲ** khalsaldh@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਸਿੱਖੀ ਦਿਓ ਵਾਰਸੋ

## ਸਤਿਨਾਮ ਸਿੰਘ ਕੋਮਲ

ਸਿੱਖੀ ਦਿਓ ਵਾਰਸੋ, ਉੱਠੋ ਜਾਗੋ ਲੱਕ ਬੰਨ੍ਹੋ,
ਬਣੋ ਹਾਣੀ ਸਿੱਖੀ ਦੇ, ਹੈ ਸਿੱਖੀ ਪਈ ਵੰਗਾਰਦੀ।
ਪਹਿਰਾ ਦਿਓ ਡਟ ਕੇ, ਗੁਰੂ ਦਿਆਂ ਬੋਲਾਂ ਉੱਤੇ,
ਪੜ੍ਹੋ ਬਾਣੀ ਤਪਦਿਆਂ ਜੋ ਹਿਰਦਿਆਂ ਨੂੰ ਠਾਰਦੀ।

ਜੁੜੋਗੇ ਜੇ ਬਾਣੀ ਨਾਲ, ਪਾ ਲਵੋਗੇ ਬਾਣਾ ਆਪੇ
ਹਉਮੈ ਦੂਈ ਵਿਤਕਰੇ ਜੋ ਮਨਾਂ ਤੋਂ ਵਿਸਾਰੋਗੇ।
ਆਪਣੇ ਹੀ ਸਭ ਨੇ, ਪਰਾਇਆ ਨਾ ਹੈ ਕੋਈ ਏਥੇ,
ਮੋਹ ਭਰੇ ਬੋਲਾਂ ਸੰਗ ਮਨੁੱਖਤਾ ਪਿਆਰੋਗੇ।
ਵਰੋਸਾਏ ਗੁਰੂ ਘਰੋਂ, ਮਾਲਕ ਖਜ਼ਾਨਿਆਂ ਦੇ,
ਮੰਜ਼ਿਲ ਤਾਂ ਖੜ੍ਹੀ ਤੁਹਾਨੂੰ ਆਪ ਹੈ ਨਿਹਾਰਦੀ।
ਸਿੱਖੀ ਦਿਓ ਵਾਰਸੋ....

ਥੋੜ੍ਹ-ਚਿਰੇ ਰਾਜਭਾਗ, ਐਨੀ ਤੇਰੀ ਭੱਜ ਦੌੜ,
ਹੰਭਲਾ ਸਦੀਵੀ ਰਾਜ ਲਈ, ਕਿਉਂ ਨਹੀਂ ਮਾਰਦੇ।
ਗਰੀਬੀ ਦੀ ਗਰਦ ਵਿੱਚ, ਰੁਲਦੇ ਜੋ ਵੀਰ ਵੇਖ,
ਗਲੇ ਲਾ ਕੇ ਓਨ੍ਹਾਂ ਤਾਈਂ, ਕਿਉਂ ਨਹੀਂ ਪਿਆਰ ਦੇ।
ਸਿਕਲੀਗਰ, ਵਣਜਾਰੇ ਜੌਹਰੀ ਸਤਿਨਾਮੀਏ ਨੇ,
ਨਾਨਕ ਨਾਮ ਲੇਵਾ ਹੈਣ ਕਿਰਤ ਕਰਤਾਰ ਦੀ।
ਸਿੱਖੀ ਦਿਓ ਵਾਰਸੋ...

ਸਦੀਆਂ ਤੋਂ ਸਾਂਭੀ ਬੈਠੇ, ਹਿਰਦਿਆਂ 'ਚ ਸਿੱਖੀ ਜੇਹੜੇ,
ਗੁਰੂ ਦੀਆਂ ਗੋਲਕਾਂ ਤੇ, ਹੱਕ ਉਹ ਵੀ ਰੱਖਦੇ।
ਗਰੀਬੀ ਹੀ ਨਸੀਬ ਕਿਉਂ? ਤੜਪ ਜਦ ਸਿੱਖੀ ਦੀ ਹੈ,
ਮਾੜੇ ਸਮੇਂ ਅਜੇ ਵੀ, ਸਿਦਕ ਨੇ ਪਰਖਦੇ।
ਮੋਹ ਦੇ ਧਾਗੇ 'ਚ ਪਰੋ ਇਹਨਾਂ ਹੀਰਿਆਂ ਨੂੰ,
ਕੀਮਤ ਅਦਾ ਕਰੋ, ਗੁਰੂ ਦੇ ਵਿਚਾਰ ਦੀ।
ਸਿੱਖੀ ਦਿਓ ਵਾਰਸੋ...

ਉਸਾਰੂ ਰਖ ਸੋਚ ਸਦਾ, ਬਣ ਨਾ ਤੂੰ ਕਰਮ ਕਾਂਡੀ
ਸ਼ੋਭਦੇ ਨਹੀਂ ਇੰਝ ਦੇ, ਵਿਖਾਵੇ ਕਦੇ ਸਿੱਖ ਨੂੰ।

ਬਣ ਧਿਰ ਮਾੜਿਆਂ ਦੀ, ਯਾਦ ਰੱਖ ਗੁਰੂ ਸਦਾ,
ਬਹੁਤੀ ਵੀ ਮਾਇਆ ਨਾ, ਭੁਲਾਏ ਕਦੇ ਸਿੱਖ ਨੂੰ
ਗੁਰੂ ਆਖੇ ਮੰਨ ਓਹੀ, ਮੰਨ ਪਰ ਖਿੜੇ ਮੱਥੇ,
ਏਹ ਨਾ ਤੂੰ ਵੇਖ ਕੀ ਹੈ ਰੀਤ ਸੰਸਾਰ ਦੀ।
ਸਿੱਖੀ ਦਿਓ ਵਾਰਸੋ...

ਸੁਨਹਿਰੀ ਅਤੇ ਮਰਮਰੀ, ਮੁਬਾਰਕ ਨੇ ਗੁਰੂ ਘਰ,
ਉਹ ਵੀ 'ਸਿਰ' ਲੱਭ ਜੋ ਝੁਕਣ ਓਹਦੇ ਦਰ ਤੇ।
ਬਾਹਰੋਂ ਹੋਣ ਘੋਨਮੋਨ, ਕਹਿੰਦੇ ਨੇ ਅੰਦਰ ਸਿੱਖੀ,
ਬਹੁਤੇ ਸਿਰ ਓਹੀ ਹੁਣ ਢੁੱਕਣ ਓਹਦੇ ਦਰ 'ਤੇ।
ਸ਼ਤਾਬਦੀਆਂ ਨਗਰ ਕੀਰਤਨ, ਸ਼ਾਨ ਤੇਰੀ ਬੇਸ਼ਕ,
ਫ਼ਿਲਮੀ-ਰਾਗੀ ਬਣੀ ਜਾਂਦੇ ਸ਼ਾਨ ਦਰਬਾਰ ਦੀ।
ਸਿੱਖੀ ਦਿਓ ਵਾਰਸੋ...

ਗੁਰੂ ਦੀਆਂ ਗੋਲਕਾਂ ਦੇ, ਮੂੰਹ ਮੋੜ ਇਹਨਾਂ ਵੱਲ,
ਏਹ ਨੇ ਉਹ ਬੂਟੇ, ਜੋ ਬਾਬੇ ਹੱਥੀਂ ਲਾਏ ਨੇ।
ਏਹਨਾਂ ਦੀ ਸੰਭਾਲ ਦਾ ਫਰਜ਼ ਹਰ ਸਿੱਖ ਦਾ ਹੈ,
ਤੁਹਾਡੀ ਹੋਂਦ ਵਿਚ ਏਹ ਕਿਉਂ ਕੁਮਲਾਏ ਨੇ।
ਗੁਰੂ ਕਰੇ ਸੋਝੀ ਆਵੇ, 'ਕੋਮਲ' ਅਰਦਾਸ ਕਰ,
ਜੱਗ ਵਿਚ ਉੱਚੀ ਹੋਵੇ ਸ਼ਾਨ ਦਸਤਾਰ ਦੀ।

ਸਿੱਖੀ ਦਿਓ ਵਾਰਸੋ, ਉਠੋ ਜਾਗੋ ਲੱਕ ਬੰਨ੍ਹੋ,
ਬਣੋ ਹਾਣੀ ਸਿੱਖੀ ਦੇ, ਸਿੱਖੀ ਹੈ ਵੰਗਾਰਦੀ।
ਦਿਓ ਪਹਿਰਾ ਡੱਟ ਕੇ, ਗੁਰੂ ਦਿਆਂ ਬੋਲਾਂ ਉੱਤੇ,
ਪੜ੍ਹੋ ਬਾਣੀ ਤਪਦਿਆਂ ਜੋ ਹਿਰਦਿਆਂ ਨੂੰ ਠਾਰਦੀ।



**ਸਤਿਨਾਮ ਸਿੰਘ ਕੋਮਲ ਇੱਕ ਕਵੀ ਹੈ ਜਿਸ ਦੀਆਂ ਰਚਨਾਵਾਂ ਦੋ ਦਹਾਕਿਆਂ ਤੋਂ ਧਾਰਮਿਕ ਮੈਗਜੀਨਾਂ ਵਿੱਚ ਛਪਦੀਆਂ ਹਨ। ਧਾਰਮਿਕ ਸਾਹਿਤ ਦੇ ਨਾਲ-ਨਾਲ ਗਜ਼ਲਾਂ, ਗੀਤ ਤੇ ਨਜ਼ਮਾਂ ਲਿਖਦੇ ਹਨ। ਟੀ. ਵੀ., ਰੇਡੀਓ ਤੇ ਅਖਬਾਰਾਂ ਰਾਹੀਂ ਸਮਾਜ ਦੇ ਅਕਸਰ ਰੂਬਰੂ ਹੁੰਦੇ ਹਨ। ਹੁਣ ਤੱਕ ਉਨ੍ਹਾਂ ਦੀਆਂ ਛੇ ਕਿਤਾਬਾਂ ਛਪ ਚੁੱਕੀਆਂ ਹਨ। ਹੱਥਲੀ ਪੁਸਤਕ ਦਾ ਸਹਿ-ਸੰਪਾਦਨ ਵੀ ਕੀਤਾ ਹੈ। ਉਨ੍ਹਾਂ ਨਾਲ ਈਮੇਲ** singhsatnam@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਨਾਨਕ ਨਿਰਮਲ ਪੰਥ ਚਲਾਇਆ

## ਡਾ. ਪਰਮਜੀਤ ਸਿੰਘ

ਦੁਨੀਆਂ ਦੇ ਇਤਿਹਾਸ ਅੰਦਰ ਅਜਿਹੀਆਂ ਮਿਸਾਲਾਂ ਮਿਲਦੀਆਂ ਹਨ ਕਿ ਜਦੋਂ ਵੀ ਕੋਈ ਨਵਾਂ ਧਰਮ, ਮਨੁੱਖ ਹਿਤੈਸ਼ੀ ਧਰਮ ਹੋਂਦ ਵਿੱਚ ਆਉਂਦਾ ਹੈ ਤਾਂ ਕੁਝ ਲੋਕਾਂ ਨੂੰ ਇਸ ਤਰ੍ਹਾਂ ਮੰਤਰ ਮੁਗਧ ਕਰਦਾ ਹੈ ਕਿ ਉਹ ਅੱਗੋਂ ਲਈ ਇਸੇ ਜੋਗੇ ਹੀ ਹੋ ਕੇ ਰਹਿ ਜਾਂਦੇ ਹਨ। ਇਸ ਤਰ੍ਹਾਂ ਦੇ ਲੋਕ ਆਪਣਾ ਤਨ, ਮਨ ਅਤੇ ਧਨ ਨਿਰਸੰਕੋਚ ਨਵੇਂ ਧਾਰੇ ਧਰਮ ਦੇ ਲੇਖੇ ਲਾਉਣ ਲਈ ਤਿਆਰ ਹੁੰਦੇ ਤੇ ਲੋੜ ਪੈਣ ਉਤੇ ਉਸੇ ਧਰਮ ਦੀ ਖਾਤਿਰ ਅਸਹਿ ਤੇ ਅਕਹਿ ਕਸ਼ਟ ਖਿੜੇ ਮੱਥੇ ਸਹਾਰਦੇ ਰਹੇ ਹਨ। ਜਿਸ ਕਰਕੇ ਧਰਮਾਂ ਦੀ ਪ੍ਰਫੁੱਲਤਾ ਉਪਰੋਕਤ ਸ਼੍ਰੇਣੀ ਦੇ ਲੋਕਾਂ ਦੀ ਅਡੋਲਤਾ, ਮਿਠ ਭਾਸ਼ਤਾ, ਸਹਿਣਸ਼ੀਲਤਾ, ਆਚਰਣ-ਸ਼ੁੱਧਤਾ, ਲੋਭ ਤਿਆਗ ਕੇ ਪ੍ਰਚਾਰ ਦੀ ਲਗਨ ਵਿੱਚੋਂ ਲੱਭੇ ਜਾ ਸਕਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਆਰੰਭਿਆ ਨਿਰਮਲ ਪੰਥ ਨੂੰ "ਨਾਨਕ ਨਿਰਮਲ ਪੰਥ ਚਲਾਇਆ" ਭਾਈ ਗੁਰਦਾਸ ਜੀ ਨੇ ਬਿਆਨ ਕੀਤਾ ਹੈ। ਇਹ ਨਿਰਮਲ ਪੰਥ ਇੱਕ ਵੱਡੀ ਨਦੀ ਵਾਂਗ ਹੈ ਜਾਂ ਇੱਕ ਦਰਿਆ ਵਾਂਗ ਹੈ, ਜੋ ਕਿ ਆਪਣੀ ਮੂਲ ਧਾਰਾ ਵਿੱਚ ਛੋਟੇ ਛੋਟੇ ਝਰਨਿਆਂ ਅਥਵਾ ਸੋਮਿਆਂ ਅਤੇ ਨਾਲਿਆਂ ਆਦਿ ਦੇ ਪਾਣੀ ਨੂੰ ਆਪਣੇ ਨਾਲ ਮਿਲਾ ਕੇ ਵਿਸ਼ਾਲ ਰੂਪ ਧਾਰਣ ਕਰਦੇ ਹੋਏ ਮੈਦਾਨਾਂ ਵਿੱਚ ਲਿਆਉਂਦੀ ਹੈ। ਭਾਵੇਂ ਪਾਣੀ ਤਾਂ ਨਦੀ ਜਾਂ ਦਰਿਆ ਦਾ ਹੀ ਹੁੰਦਾ ਹੈ ਪਰ ਉਸ ਦੀ ਮਹਾਨਤਾ ਵਧਾਉਣ ਲਈ ਛੋਟੇ ਛੋਟੇ ਸੋਮਿਆਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਇਹ ਗੱਲ ਵੀ ਸਪੱਸ਼ਟ ਹੈ ਕਿ ਜੇਕਰ ਇਹਨਾਂ ਛੋਟੇ ਛੋਟੇ ਨਾਲਿਆਂ ਅਤੇ ਸੋਮਿਆਂ ਦਾ ਮੂੰਹ ਬੰਦ ਕਰ ਦਿੱਤਾ ਜਾਵੇ ਤਾਂ ਦਰਿਆ ਦੀ ਆਪਣੀ ਮਹਾਨਤਾ ਸੀਮਤ ਹੋ ਕੇ ਰਹਿ ਜਾਵੇਗੀ।

ਸੰਸਾਰ ਦੇ ਇਤਿਹਾਸ ਤੋਂ ਇਹ ਭਲੀ ਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਦੁਨੀਆਂ ਦਾ ਅਜਿਹਾ ਕੋਈ ਵੀ ਹਿੱਸਾ ਨਹੀਂ ਹੈ ਜਿੱਥੇ ਧਰਮ ਦੀ ਹੋਂਦ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਅਨੁਭਵ ਨਾ ਕੀਤੀ ਜਾ ਸਕਦੀ ਹੋਵੇ। ਧਰਮ ਮਨੁੱਖੀ ਜੀਵਨ ਦਾ ਅਨਿੱਖੜਵਾਂ ਅੰਗ ਹੈ। ਦੁਨੀਆਂ ਦਾ ਅਜਿਹਾ ਕੋਈ ਧਰਮ ਨਹੀਂ ਜਿਸ ਵਿੱਚ ਸੰਪ੍ਰਦਾਵਾਂ ਨਾ ਹੋਣ। ਸੰਪ੍ਰਦਾਵਾਂ ਨੇ ਧਰਮਾਂ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਵਿਉਂਤਬੰਦੀ ਦੀ ਦ੍ਰਿਸ਼ਟੀ ਤੋਂ ਸੰਪ੍ਰਦਾ ਸ਼ਬਦ ਮੂਲ 'ਦ ਧਾਤੂ' ਹੈ। ਜਿਸ ਦਾ ਅਰਥ ਹੈ ਦੇਣਾ। 'ਦ' ਦੇ ਅਗੇਤਰ 'ਸੰ' ਅਤੇ 'ਪ੍ਰ' ਹਨ। ਇਹਨਾਂ ਦੋ ਅਗੇਤਰਾਂ ਦੇ ਮੇਲ ਨਾਲ ਸ਼ਬਦ ਸੰਪ੍ਰਾਦਾਇ ਹੋਂਦ ਵਿੱਚ ਆਇਆ ਹੈ। ਇਸ ਸਮੁੱਚੇ, ਸ਼ਬਦ ਦਾ ਅਰਥ ਹੈ ਸੰਸਕ੍ਰਿਤੀ ਵਿੱਚੋਂ ਜੋ ਲਿਆ ਉਹ ਦੂਸਰਿਆਂ ਨੂੰ ਅੱਗੇ ਦੇਣਾ। ਮਹਾਨ ਕੋਸ਼ ਵਿੱਚ ਸੰਪ੍ਰਦਾ ਸ਼ਬਦ ਨੂੰ ਅਨੇਕ ਅਰਥਾਂ ਦਾ ਧਾਰਣੀ ਦਰਸਾਇਆ ਗਿਆ ਹੈ, ਜਿਵੇ: 1. ਪਰੰਪਰਾ ਤੋਂ ਉਪਦੇਸ਼ ਦੇਣ ਦੀ ਚਲੀ ਆਈ ਰੀਤੀ, 2. ਧਰਮ ਰੀਤੀ, 3. ਗੁਰੂ ਚੇਲੇ ਦੀ ਪੱਧਤੀ, 4. ਗੁਰ ਉਪਦੇਸ਼ ਧਾਰਣ ਵਾਲੀ ਜਮਾਤ, 5. ਉਪਦੇਸ਼ ਵਿੱਦਿਆ ਆਦਿ ਦੇਣ ਦਾ ਸਿਲਸਿਲੇਵਾਰ ਕ੍ਰਮ, 6. ਕਿਸੇ ਵਿਚਾਰ ਜਾ ਸਿਧਾਂਤ ਦੇ ਸੰਬੰਧ ਵਿੱਚ ਇੱਕ ਹੀ ਤਰ੍ਹਾਂ ਦੇ ਵਿਚਾਰ ਜਾਂ ਮਤ ਰੱਖਣ ਵਾਲੇ ਲੋਕਾਂ

ਦਾ ਵਰਗ ਆਦਿ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੀ ਨਿਰਮਲ ਪੰਥ ਆਰੰਭ ਹੁੰਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ 'ਮਾਰਿਆ ਸਿੱਕਾ ਜਗਤ ਵਿੱਚ ਨਾਨਕ ਨਿਰਮਲ ਪੰਥ ਚਲਾਇਆ'।

ਸੰਸਾਰ ਵਿੱਚ ਬਹੁਤ ਸਾਰੇ ਰਾਜੇ ਮਹਾਂਰਾਜੇ ਆਏ ਉਨ੍ਹਾਂ ਨੇ ਆਪਣੇ ਸਰਕਾਰੀ ਸਿੱਕੇ ਚਲਾਏ। ਪਰਤੇ ਸਮੇਂ ਦੇ ਨਾਲ ਨਾਲ ਉਹ ਸਿੱਕੇ ਖਤਮ ਹੁੰਦੇ ਰਹੇ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਇਆ ਨਿਰਮਲ ਪੰਥ ਦਾ ਸਿੱਕਾ ਸਦੈਵ ਤੇ ਸਥਿਰ ਰਹੇਗਾ। ਨਿਰਮਲ ਪੰਥ ਅਨੁਸਾਰ ਚੱਲਣ ਵਾਲਿਆਂ ਦਾ ਜੀਵਨ ਲੋਕ ਪਰਲੋਕ ਵਿੱਚ ਵੀ ਸਫਲ ਹੁੰਦਾ ਰਹੇਗਾ।

ਨਿਰਮਲ ਤੋਂ ਭਾਵ ਹੈ ਸ਼ੁੱਧ। ਜੋ ਮੈਲ ਤੋਂ ਰਹਿਤ ਹੋਵੇ। ਇਸੇ ਨਿਰਮਲ ਸ਼ਬਦ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੇ ਰੂਪ ਵਿੱਚ ਵਰਤਿਆ ਤੇ ਨਿਰਮਲ ਪੰਥ ਨੂੰ ਖਾਲਸਾ ਪੰਥ ਕਿਹਾ ਜਾਣ ਲੱਗ ਪਿਆ। ਖਾਲਸਾ ਦੇ ਅਰਥ ਵੀ ਨਿਰੋਲ ਖਾਲਸਾ, ਮੈਲ ਤੋਂ ਰਹਿਤ, ਸ਼ੁੱਧ ਹੀ ਕੀਤੇ ਜਾਂਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਰਬ ਕਲਾਂ ਸਮਰੱਥ ਸਨ। ਹਿੰਦੂ ਧਰਮ ਦੀ ਰੱਖਿਆ, ਭਾਰਤੀ ਸੰਸਕ੍ਰਿਤੀ, ਸੱਭਿਆਚਾਰ ਦੀ ਰੱਖਿਆ, ਗੁਰੂ ਸਾਹਿਬ ਨੇ ਆਪਣੀਆਂ ਕੁਰਬਾਨੀਆਂ ਦੇ ਕੇ ਕਾਇਮ ਰੱਖੀਆਂ। ਗੁਰੂ ਸਾਹਿਬ ਮਨ ਬਾਣੀ ਕਰਕੇ ਦ੍ਰਿੜ ਰੂਪ ਸਨ। ਭਾਰਤੀ ਲੋਕਾਂ ਅੰਦਰ ਜੋ ਕਾਇਰਤਾ, ਨਿਪੁੰਸਕਤਾ ਘਰ ਕਰ ਗਈ ਸੀ ਉਸ ਨੂੰ ਉਨ੍ਹਾਂ ਦੇ ਮਨਾਂ ਅੰਦਰੋਂ ਖਤਮ ਕਰਨ ਦਾ ਨਿਰਣਾ ਕਰਕੇ ਆਮ ਜਨਤਾ ਵਿੱਚ ਸਵੈ ਵਿਸ਼ਵਾਸ, ਸਵੈਮਾਨ, ਦ੍ਰਿੜ੍ਹਤਾ, ਆਤਮ ਬਲ ਦੀ ਪੂਰਤੀ ਕਰਨ ਲੱਗੇ। ਭਾਰਤੀ ਲੋਕਾਂ ਵਿੱਚ ਅਣਖ ਤੇ ਗੈਰਤ ਪੈਦਾ ਕਰਨ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਬਲੀਦਾਨ ਦਿੱਤਾ। ਗੁਲਾਮੀ ਭਰੇ ਜੀਵਨ ਨੂੰ ਸਤਿਗੁਰੂ ਜੀ ਨੇ ਪ੍ਰਵਾਨ ਨਹੀਂ ਕੀਤਾ। ਬਲਕਿ ਗੁਰਬਾਣੀ ਰਾਹੀਂ ਸੁਚੇਤ ਕੀਤਾ ਜੋ ਕਿ ਜਿਉਂਦੇ ਜੀਅ ਇੱਜਤ ਨਹੀਂ ਤਾਂ ਅਜਿਹਾ ਜੀਵਨ ਗੁਲਾਮੀ ਭਰਿਆ ਅਤੇ ਵਿਅਰਥ ਹੈ। ਜਿਨ੍ਹਾਂ ਦੀ ਜਿਉਂਦੇ ਜੀਅ ਇੱਜ਼ਤ ਨਹੀਂ ਉਹ ਮੁਰਦਿਆਂ ਦੇ ਤੁੱਲ ਹਨ। ਗੁਰੂ ਵਾਕ ਹੈ:

ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥ (ਪੰਨਾ 142)

ਜਿਨ ਜੀਵੰਦਿਆ ਪਤਿ ਨਹੀ ਮੁਇਆ ਮੰਦੀ ਸੋਇ॥ (ਪੰਨਾ 1242)

**ਮਹਾਰਾਜ ਜੀ ਨੇ ਨਿਰਮਲ ਪੰਥ ਰਾਹੀਂ ਹਲੇਮੀ ਰਾਜ ਦੀ ਸਥਾਪਨਾ ਕੀਤੀ:**

"ਇਹ ਹੋਆ ਹਲੇਮੀ ਰਾਜੁ ਜੀਉ" ਜਿਸ ਵਿੱਚੋਂ ਹਰ ਇੱਕ ਵਰਗ ਦੇ ਲੋਕ ਸੁੱਖ ਨਾਲ ਤੇ ਇੱਜ਼ਤ ਮਾਣ ਨਾਲ ਜੀਵਨ ਜਿਊ ਸਕਦੇ ਹਨ। ਸਾਡਾ ਮੁੱਖ ਵਿਸ਼ਾ ਨਿਰਮਲ ਪੰਥ ਨਾਲ ਸਬੰਧਤ ਹੈ। ਨਿਰਮਲ ਪੰਥ ਨੂੰ ਅੱਗੇ ਵਧਾਉਂਦੇ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਵਿਖੇ ਸ਼ਸਤਰ ਅਤੇ ਸ਼ਾਸਤਰ ਦਾ ਸੁਮੇਲ ਕੀਤਾ। ਸਤਿਗੁਰੂ ਜੀ ਆਪ ਖੁਦ

ਸੰਪੂਰਨ ਬਾਣੀ ਉਚਾਰਣ ਕਰਿਆ ਕਰਦੇ ਸਨ। ਪਾਉਂਟਾ ਸਾਹਿਬ ਵਿਖੇ ਆਪ ਜੀ ਦੇ ਦਰਬਾਰ ਵਿੱਚ ਬ੍ਰਜ ਭਾਸ਼ਾ, ਹਿੰਦੀ, ਪੰਜਾਬੀ, ਫਾਰਸੀ ਅਤੇ ਅਰਬੀ ਦੇ ਵਿਦਵਾਨ, ਆਲਮ ਫਾਜ਼ਲ ਮੌਜੂਦ ਸਨ ਪਰ ਫੇਰ ਵੀ ਆਪ ਜੀ ਪੁਰਾਤਨ ਭਾਰਤੀ ਸਾਹਿਤ, ਦਰਸ਼ਨ ਸਾਹਿਤ, ਕਾਵਿ, ਇਤਿਹਾਸ ਦੇ ਅਧਿਐਨ ਲਈ ਸੰਸਕ੍ਰਿਤ ਦਾ ਪੜਨਾ ਪੜ੍ਹਾਉਣਾ ਵੀ ਜਰੂਰੀ ਸਮਝਦੇ ਸਨ।

ਪਾਉਂਟਾ ਸਾਹਿਬ ਵਿਖੇ ਸ੍ਰੀ ਗੁਰੂ ਜੀ ਦੇ ਦਰਬਾਰ ਵਿੱਚ ਰਘੁਨਾਥ ਨਾਂ ਦਾ ਪੰਡਿਤ ਸੰਸਕ੍ਰਿਤ ਗ੍ਰੰਥਾਂ ਦੀ ਕਥਾ ਕਰਦਾ ਸੀ। ਸਤਿਗੁਰੂ ਜੀ ਨੇ ਰਘੁਨਾਥ ਨੂੰ ਕਿਹਾ ਤੁਸੀਂ ਸਾਡੇ ਸਿੱਖਾਂ ਨੂੰ ਵੀ ਸੰਸਕ੍ਰਿਤ ਪੜ੍ਹਾਇਆ ਕਰੋ। ਪਰ ਪੰਡਿਤ ਜੀ ਨੇ ਸਿੱਖਾਂ ਨੂੰ ਸੰਸਕ੍ਰਿਤ ਪੜਾਉਣ ਤੋਂ ਕੋਰੀ ਨਾਂਹ ਕਰ ਦਿੱਤੀ ਕਿ ਸਿੱਖ ਸ਼ੂਦਰ ਹਨ, ਨੀਵੀਆਂ ਜਾਤਾਂ ਨਾਲ ਸੰਬੰਧਤ ਹਨ। ਇਸ ਲਈ ਸਿੱਖ ਦੇਵ ਭਾਸ਼ਾ ਸੰਸਕ੍ਰਿਤ ਪੜ੍ਹਨ ਦੇ ਅਧਿਕਾਰੀ ਨਹੀਂ।

"ਪੰਡਿਤ" ਜੀ ਦੇ ਬਚਨ ਸੁਣ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਫੁਰਮਾਇਆ ਜਿਨ੍ਹਾਂ ਨੂੰ ਤੁਸੀਂ ਸ਼ੂਦਰ ਕਹਿੰਦੇ ਹੋ ਇਹਨਾਂ ਦੇ ਚਰਨਾਂ ਵਿੱਚ ਬੈਠ ਕੇ ਵੱਡੇ ਵੱਡੇ ਬ੍ਰਾਹਮਣ ਵੇਦ ਸ਼ਾਸਤ੍ਰ ਆਦਿ ਵਿੱਦਿਆ ਪੜ੍ਹਿਆ ਕਰਨਗੇ। ਅੱਜ ਇਹ ਗੱਲ ਜ਼ਾਹਰ ਹੈ ਕਿ ਬਨਾਰਸ ਤੋਂ ਵਿੱਦਿਆ ਪ੍ਰਾਪਤੀ ਕਰਨ ਲਈ ਬ੍ਰਾਹਮਣਾ ਦੇ ਬੱਚੇ ਨਿਰਮਲ ਪੰਚੈਤੀ ਅਖਾੜੇ ਦੁਆਰਾ ਸੰਚਾਲਿਤ ਸੰਸਕ੍ਰਿਤ ਵਿਦਿਆਲੇ ਵਿੱਚ ਸੰਸਕ੍ਰਿਤ ਵਿੱਦਿਆ ਗ੍ਰਹਿਣ ਕਰਨ ਲਈ ਆਉਂਦੇ ਹਨ। ਪਰ ਅਫਸੋਸ ਇਹ ਹੈ ਕਿ ਪੰਜਾਬ ਤੋਂ ਕੋਈ ਵੀ ਵਿਦਿਆਰਥੀ ਉਥੇ ਸੰਸਕ੍ਰਿਤ ਪ੍ਰਾਪਤ ਕਰਨ ਨਹੀਂ ਜਾਂਦਾ ਜਿਸ ਦੀ ਚਿੰਤਾ ਨਿਰਮਲ ਪੰਚੈਤੀ ਅਖਾੜੇ 'ਚ ਸ੍ਰੀ ਮਹੰਤ ਜੀ ਮੇਰੇ ਨਾਲ ਕਈ ਵਾਰ ਕਰ ਚੁੱਕੇ ਹਨ। ਮਹਾਰਾਜ ਜੀ ਦੇ ਬਚਨਾਂ ਨੂੰ "ਪੰਥ ਪ੍ਰਕਾਸ਼" ਵਿੱਚ ਗਿਆਨੀ ਗਿਆਨ ਸਿੰਘ ਜੀ ਇਉਂ ਫੁਰਮਾਉਨਦੇ ਹਨ:

ਬੋਲੇ ਗੁਰ ਸੁਨਿ ਦੂਜ ਕੀ ਬਾਨੀ। ਹੇ ਦੂਜ ਮਹਾ ਮੂਢ ਅਭਿਆਨੀ।
ਜੋ ਵਿੱਦਿਆ ਪਢਿ ਤੂੰ ਗਰਬੈ। ਸਭ ਸਿਖਨ ਕੋ ਸੂਦਰ ਕਹ ਹੈ।
ਇਨ ਹੀ ਮੇਰੇ ਸਿਖਨ ਤੇ ਲਖਿ। ਬਿਦਯਾ ਬੇਦ ਪਢੈਂਗੇ ਦਖ।
ਲੌ ਚੋਕਸ ਬਿਦਯਾ॥ ਮੈ ਨਿਜ ਪੇਥੈ ਕਈ ਪ੍ਰਸਿੱਧ।
ਜਿਨ ਦੋ ਤੂੰ ਸੂਦਰ ਬਤੈ ਹੈ। ਦਿਬਯਾ ਗੁਰੂ ਦਿਜਨ ਇਹ ਥੈ ਹੈ।
ਪੰਥ ਪ੍ਰਕਾਸ਼ ਪੰਨ 2787

ਸੰਨ 1686 ਨੂੰ ਮਹਾਰਾਜ ਜੀ ਨੇ ਪੰਜ ਸਿੱਖਾਂ ਦੀ (ਰਾਮ ਸਿੰਘ, ਕੁਇਰ ਸਿੰਘ, ਗੰਡਾ ਸਿੰਘ, ਕਰਮ ਸਿੰਘ ਤੇ ਸੈਣਾ ਸਿੰਘ) ਚੋਣ ਕਰਕੇ ਬਨਾਰਸ ਵਿੱਦਿਆ ਗ੍ਰਹਿਣ ਕਰਨ ਲਈ ਭੇਜਿਆ। ਮਹਾਰਾਜ ਜੀ ਤੋਂ ਆਗਿਆ ਲੈ ਕੇ ਪੰਜੇ ਸਿੱਖ ਬਨਾਰਸ ਨੂੰ ਚੱਲ ਪਏ। ਪੰਜਾਂ ਨੇ ਉਥੇ ਬੇਅੰਤ ਪ੍ਰਕਾਰ ਦੀਆਂ ਔਕੜਾ ਦਾ ਸਾਹਮਣਾ ਕਰਦੇ ਹੋਏ ਵੇਦ ਵਿਆਕਰਣ ਵੇਦਾਂਗ ਨਯਾਯ ਆਦਿ ਸ਼ਾਸਤਰਾਂ ਦਾ ਅਧਿਐਨ ਪ੍ਰਾਪਤ ਕਰਕੇ 13 ਸਾਲਾ ਬਾਅਦ ਸ੍ਰੀ ਅਨੰਦਪੁਰ ਸਾਹਿਬ ਸਤਿਗੁਰ ਦੇ ਚਰਨਾਂ ਵਿੱਚ ਬਿਰਾਜੇ। ਮਹਾਰਾਜ ਜੀ ਪੰਜਾਂ ਦੇ ਨਿਰਮਲ ਬਸਤਰ ਦੇਖ ਕੇ, ਚਿਹਰੇ ਖਿੜੇ ਹੋਏ ਦੇਖ ਕੇ ਬੋਲੇ ਆਉ ਮੇਰੇ ਨਿਰਮਲੇ ਸੰਤੋ। ਕਿਉਂਕਿ ਪੰਜਾਂ ਨੇ ਦੁੱਧ ਧੋਤੇ ਸਫੈਦ ਬਸਤਰ ਧਾਰਣ ਕੀਤੇ ਹੋਏ ਸਨ ਜਿਨ੍ਹਾਂ ਨੂੰ ਦੇਖ ਕੇ ਸਤਿਗੁਰਾਂ ਨੇ ਕਿਹਾ ਇਹ ਮੇਰੇ ਨਿਰਮਲੇ ਸੰਤ ਹਨ। ਜੋ ਸਮੁੱਚੇ ਨਿਰਮਲ ਪੰਥ ਵਿੱਚ ਗਿਆਨ ਦਾ ਪ੍ਰਚਾਰ ਤੇ

ਪ੍ਰਸਾਰ ਕਰਨਗੇ। ਸੋ ਸਤਿਗੁਰੂ ਜੀ ਪੰਜ ਸਿੱਖਾਂ ਨੂੰ ਸ਼ਾਸਤਰ ਵਿੱਦਿਆ ਬਖਸ਼ੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪੰਜ ਸਿੱਖਾਂ ਦੀ ਚੋਣ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤੀ। ਜਿਨ੍ਹਾਂ ਨੂੰ ਖੰਡੇ ਬਾਟੇ ਦੀ ਪਾਹੁਲ ਬਖਸ਼ ਕੇ ਦਾਸ ਤੋਂ ਸਿੰਘ ਬਣਾ ਦਿੱਤਾ। ਦਇਆ ਰਾਮ ਤੋਂ ਭਾਈ ਦਇਆ ਸਿੰਘ, ਧਰਮ ਚੰਦ ਤੋਂ ਭਾਈ ਧਰਮ ਸਿੰਘ, ਹਿੰਮਤ ਰਾਏ ਤੋਂ ਭਾਈ ਹਿੰਮਤ ਸਿੰਘ ਅਤੇ ਮੋਹਕਮ ਚੰਦ ਤੇ ਸਾਹਿਬ ਚੰਦ ਤੋਂ ਕ੍ਰਮਵਾਰ ਭਾਈ ਮੋਹਕਮ ਸਿੰਘ ਤੇ ਭਾਈ ਸਾਹਿਬ ਸਿੰਘ ਦਾ ਸਰੂਪ ਦਿੱਤਾ। ਇਨ੍ਹਾਂ ਪੰਜਾਂ ਦੇ ਹੱਥਾਂ ਵਿੱਚ ਮਹਾਰਾਜ ਜੀ ਨੇ ਖੜਗ ਪਕੜਾਈ। ਪੰਜਾਂ ਸਿੰਘ ਦੇ ਹੱਥਾਂ ਵਿੱਚ ਕਲਮਾਂ ਤੇ ਸ਼ਸਤਰ ਪਕੜਾਏ। ਦੇਖੋ ਮਹਾਰਾਜ ਜੀ ਦੀ ਕਰਾਮਾਤ ਉਹ ਲੋਕ ਜਿਹੜੇ ਕਹਿੰਦੇ ਸੀ ਕਿ ਉਹ ਚਿੜੀ ਦੇ ਉਡਣ ਨਾਲ ਡਰ ਜਾਂਦੇ ਹਨ। ਜਿਨ੍ਹਾਂ ਨੇ ਨੰਗੀ ਕਰਦ ਕਦੇ ਫੜੀ ਨਹੀਂ। ਗਊਆਂ ਵਰਗੇ ਕਦੇ ਮੁਗਲਾਂ ਦਾ ਸਾਹਮਣਾ ਨਾ ਕਰਨ ਸਕਣ ਵਾਲੇ, ਹੁਣ ਖੰਡੇ ਬਾਟੇ ਦੀ ਪਾਹੁਲ ਲੈ ਕੇ ਬੱਬਰ ਸ਼ੇਰ ਬਣ ਗਏ। ਹਰ ਜ਼ੁਲਮ ਤੇ ਜ਼ਬਰ ਦਾ ਮੁਕਾਬਲਾ ਕਰਨ ਵਾਲੇ ਬਣ ਗਏ।

ਕਿਸੇ ਕਵੀ ਨੇ ਕਿੰਨਾ ਸੁੰਦਰ ਲਿਖਿਆ ਹੈ:

ਗਿਦੜੋਂ ਸੇ ਮੈਂ ਸ਼ੇਰ ਬਣਾਊਂ॥
ਚਿੜੀਓਂ ਸੇ ਮੈਂ ਬਾਜ ਤੜਾਊਂ॥
ਸਵਾ ਲਾਖ ਸੇ ਏਕ ਲੜਾਊਂ॥
ਤਬੈ ਗੋਬਿੰਦ ਸਿੰਘ ਨਾਮ ਕਹਾਊਂ॥

ਐਸੀ ਕਰਾਮਾਤ ਕੀਤੀ ਸਤਿਗੁਰੂ ਜੀ ਨੇ ਇਕੱਲਾ ਇਕੱਲਾ ਸਿੱਖ ਸਵਾ ਲੱਖ ਨਾਲ ਲੜਿਆ। ਹੁਣ ਨਿਰਮਲ ਪੰਥ ਦਾ ਸਰੂਪ ਖਾਲਸਾ ਪੰਥ ਹੋ ਗਿਆ। ਖਾਲਸਾ ਤੋਂ ਭਾਵ ਵੀ ਸ਼ੁੱਧ ਹੈ। ਜੋ ਮੈਲ ਤੋਂ ਰਹਿਤ, ਨਿਰੋਲ ਸ਼ੁੱਧ। ਜਿਸ ਨੂੰ ਗੁਰੂ ਜੀ ਨੇ ਕਿਹਾ:

**ਖ਼ਾਲਸਾ ਮੇਰੋ ਰੂਪ ਹੈ ਖ਼ਾਸ। ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥**
**ਖ਼ਾਲਸਾ ਮੇਰੋ ਮੁਖ ਹੈ ਅੰਗਾ। ਖ਼ਾਲਸੇ ਕੇ ਹੌਂ ਸਦ ਸਦ ਸੰਗਾ॥**

ਸੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਿਰਮਲ ਪੰਥ ਨੂੰ ਖਾਲਸਾ ਪੰਥ ਵਿੱਚ ਸਾਜਿਆ। ਖਾਲਸਾ ਦਾ ਸੰਬੰਧ ਸ਼ਸਤਰ ਤੇ ਸ਼ਾਸਤਰ ਨਾਲ ਜੋੜਿਆ। ਕਹਿਣ ਤੋ ਭਾਵ ਬਾਣੀ ਤੇ ਬਾਣੇ ਨਾਲ। ਜਿੱਥੇ ਖਾਲਸੇ ਨੇ ਹੱਥ ਵਿੱਚ 'ਖੜਗ, ਨੇਜੇ, ਬਰਛੇ, ਨਾਗਣੀਆਂ, ਤੀਰ, ਧਨੁੱਖ, ਤਲਵਾਰ ਲੈ ਕੇ ਜਾਲਮਾਂ ਦਾ ਨਾਸ਼ ਕੀਤਾ। ਉਥੇ ਹੀ ਨਿਰਮਲੇ ਸੰਤਾਂ ਨੇ ਹੱਥਾਂ ਵਿੱਚ ਕਲਮਾਂ ਲੈ ਕੇ ਗੁਰਬਾਣੀ ਦੀ ਟੀਕਾਕਾਰੀ, ਇਤਿਹਾਸਕਾਰੀ 'ਤੇ ਭਰਪੂਰ ਕਲਮਾਂ ਚਲਾਈਆਂ। ਨਿਰਮਲੇ ਸੰਤਾਂ ਨੇ ਵੱਡੇ ਵੱਡੇ ਖੱਬੀਖਾਨਾਂ, ਸੰਨਿਆਸੀਆਂ, ਬੈਰਾਗੀਆਂ ਨੂੰ ਬਹਿਸ ਮੁਬਾਹਸਿਆਂ ਵਿੱਚ ਧੂਲ ਚਟਾਈ। ਪੰਡਿਤ ਗੁਲਾਬ ਸਿੰਘ, ਪੰਡਿਤ ਤਾਰਾ ਸਿੰਘ ਨਿਰੋਤਮ, ਪੰਡਿਤ ਈਸ਼ਰ ਸਿੰਘ ਆਦਿ ਨਿਰਮਲੇ ਸੰਤਾਂ ਨੇ ਗੁਰਬਾਣੀ ਦੀ ਟੀਕਾਕਾਰੀ, ਕੋਸ਼ਕਾਰੀ, ਇਤਿਹਾਸਕਾਰੀ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਅੱਜ ਜਿੰਨੀ ਵੀ ਟੀਕਾਕਾਰੀ ਹੋ ਰਹੀ ਹੈ ਜਾਂ ਇਤਿਹਾਸਕਾਰੀ, ਕੋਸ਼ਕਾਰੀ ਇਹਨਾਂ ਸਭਨਾਂ ਦਾ ਆਧਾਰ ਨਿਰਮਲੇ ਸੰਤਾਂ ਦਾ ਰਚਿਆ ਸਾਹਿਤ ਹੀ ਹੈ।

ਇਹ ਸਾਡੀ ਬਦਕਿਸਮਤੀ ਹੈ ਕਿ ਅੱਜ ਅਸੀਂ ਇਹਨਾਂ ਵਿਦਵਾਨਾਂ ਬਾਰੇ ਬਹੁਤ ਘੱਟ

ਜਾਣਕਾਰੀ ਰੱਖਦੇ ਹਾਂ। ਨਾ ਹੀ ਅਸੀਂ ਇਹਨਾਂ ਦੀਆਂ ਰਚਨਾਵਾਂ ਦਾ ਡੂੰਘਾ ਅਧਿਐਨ ਕੀਤਾ ਹੈ।ਅੱਜ ਤਾਂ ਗੁਰਬਾਣੀ ਦਾ ਬਹੁਤ ਚਾਨਣ ਹੈ। ਅੱਜ ਵਰਗੇ ਪਹਿਲਾਂ ਸਾਧਨ ਨਹੀਂ ਸਨ। ਨਾ ਮੋਟਰਾਂ, ਗੱਡੀਆਂ ਨਾ ਮੋਬਾਇਲ ਫੋਨ, ਸੰਚਾਰ ਸਾਧਨ ਦੀ ਕਮੀ ਸੀ। ਫਿਰ ਵੀ ਇਹ ਸਭ ਗੁਰਬਾਣੀ ਦੇ ਕੋਸ਼, ਟੀਕੇ ਤੇ ਹੋਰ ਗ੍ਰੰਥਾਂ ਦੀ ਰਚਨਾ ਕਰਦੇ ਭੁੱਖੇ ਪਿਆਸੇ ਰਹਿ ਕੇ, ਉਦੋਂ ਅੱਜ ਵਰਗੇ ਆਲੀਸ਼ਾਨ ਡੇਰੇ ਨਹੀਂ ਸਨ। ਇਹ ਤਾਂ ਡੂੰਘਾ ਅਧਿਐਨ ਕੀਤਿਆਂ ਪਤਾ ਲੱਗਦਾ ਹੈ। ਅੱਜ ਸਾਡੇ ਪੱਲੇ ਇਹਨਾਂ ਸੰਤਾਂ ਦੀ ਨਿੰਦਿਆ ਪੈ ਗਈ ਹੈ। ਗਿਆਨ ਵਾਲਾ ਪਾਸਾ ਸਾਡਾ ਖਾਲੀ ਹੋ ਰਿਹਾ ਹੈ। ਇਹ ਸੰਤ ਪੁਰਸ਼ ਸਮਾਜ ਵਿੱਚ ਏਕਤਾ ਬਣਾਈ ਰੱਖਦੇ ਸਨ। ਹਿੰਦੂ ਸਿੱਖ ਸਭ ਇਹਨਾਂ ਦਾ ਸਤਿਕਾਰ ਕਰਦੇ ਸਨ। ਅੱਜ ਵੀ ਇਹਨਾਂ ਦੇ ਸਥਾਨਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਨਿਰਮਲੇ ਸੰਤ ਹੀ ਦੇਸ਼ਾਂ ਵਿਦੇਸ਼ਾਂ ਵਿੱਚ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਕਰਦੇ ਰਹੇ ਹਨ। ਮਹਾਰਾਣੀ ਜਿੰਦਾਂ ਨੂੰ ਨੇਪਾਲ ਤੱਕ ਪਹੁੰਚਾਉਣ ਵਾਲੇ ਵੀ ਨਿਰਮਲੇ ਸੰਤ ਸਨ। ਗੁਰੂ ਕੇ ਬਾਗ ਦੇ ਮੋਰਚੇ ਵਿੱਚ ਗੰਗਸਰ ਜੈਤੋ ਦੇ ਮੋਰਚੇ ਵਿੱਚ ਨਿਰਮਲੇ ਸੰਤਾਂ ਨੇ ਵੱਧ ਚੜ੍ਹ ਕੇ ਕੁਰਬਾਨੀਆਂ ਦਿੱਤੀਆਂ। ਸ਼੍ਰੋਮਣੀ ਕਮੇਟੀ ਵੱਲੋਂ ਇਨ੍ਹਾਂ ਨੂੰ ਪੰਜ ਸੀਟਾਂ ਦੇ ਕੇ ਨਿਵਾਜਿਆ ਜਾਂਦਾ ਰਿਹਾ ਹੈ।

ਮਹਾਰਾਜ ਦੀ ਦਾ ਫੁਰਮਾਨ ਗੁਣਾਂ ਨਾਲ ਸਾਂਝ ਪਾਉ, ਅਵਗੁਣਾਂ ਨਾਲ ਨਹੀਂ। ਅਸੀਂ ਗੁਣਾਂ ਨੂੰ ਛੱਡ ਕੇ ਅਵਗੁਣਾਂ ਨੂੰ ਧਾਰਨ ਕਰ ਲਿਆ ਹੈ। ਅੱਜ ਵੀ ਨਿਰਮਲੇ ਸੰਤ ਵੱਡੇ ਵੱਡੇ ਹਸਪਤਾਲਾਂ ਰਾਹੀਂ ਸਮਾਜ ਨੂੰ ਤੰਦਰੁਸਤ ਰੱਖ ਰਹੇ ਹਨ। ਵਿੱਦਿਆ ਦੇ ਖੇਤਰ ਵਿੱਚ ਵੀ ਵਿਸ਼ੇਸ਼ ਯੋਗਦਾਨ ਪਾ ਰਹੇ ਹਨ। ਜਿੱਥੇ ਪਹਿਲਾਂ ਮਿਸਲਾਂ ਹੇਠ ਸਿੱਖਿਆ ਦਿੰਦੇ ਸਨ, ਹੁਣ ਇਹਨਾਂ ਸੰਤਾਂ ਨੇ ਵੱਡੀਆਂ-ਵੱਡੀਆਂ ਯੂਨੀਵਰਸਿਟੀਆਂ ਸਥਾਪਿਤ ਕਰ ਲਈਆਂ ਹਨ ਜਿੰਨ੍ਹਾਂ ਰਾਹੀਂ ਹਜ਼ਾਰਾਂ ਦੀ ਗਿਣਤੀ ਵਿੱਚ ਵਿੱਦਿਆਰਥੀ ਲਾਭ ਪ੍ਰਾਪਤ ਕਰ ਰਹੇ ਹਨ।

ਆਓ ਈਰਖਾ ਦਵੈਸ਼ ਨੂੰ ਛੱਡ ਕੇ ਗੁਰੂ ਨਾਨਕ ਦੇਵ ਜੀ ਵਾਂਗ ਸਭ ਨੂੰ ਆਪਣੇ ਕਲਾਵੇ ਵਿੱਚ ਲਈਏ, ਸਦਭਾਵਨਾ ਦਾ ਪ੍ਰਚਾਰ ਕਰੀਏ। ਇਹੀ ਨਿਰਮਲ ਪੰਥ ਦਾ ਉਦੇਸ਼ ਤੇ ਉਪਦੇਸ਼ ਹੈ ਕਿਉਂਕਿ ਨਿਰਮਲ ਪੰਥ ਗੁਰੂ ਨਾਨਕ ਦੇਵ ਜੀ ਦਾ ਚਲਾਇਆ ਹੋਇਆ ਹੈ।



**ਮਾਨਸਾ ਨਿਵਾਸੀ ਡਾ. ਪਰਮਜੀਤ ਸਿੰਘ ਇੱਕ ਸਿਰੜੀ ਵਿਦਵਾਨ ਹਨ ਜਿਨ੍ਹਾਂ ਦੀਆਂ ਅੱਠ ਕਿਤਾਬਾਂ ਇਤਿਹਾਸਕ ਖੋਜ ਭਰਪੂਰ ਹਨ ਜਿਨ੍ਹਾਂ ਵਿੱਚੋਂ ਪੰਡਿਤ ਤਾਰਾ ਸਿੰਘ ਨਰੋਤਮ, ਮਹੰਤ ਗਣੇਸ਼ਾ ਸਿੰਘ, ਪੰਡਿਤ ਈਸ਼ਰ ਸਿੰਘ ਮੁੱਖ ਹਨ। ਬਹੁਤੀਆਂ ਪੁਸਤਕਾਂ ਅਧਿਆਤਮਕ ਰੁਚੀ ਰੱਖਣ ਵਾਲੀਆਂ ਜੀਵਨ ਰਚਨਾ ਤੇ ਸਿਧਾਂਤ ਬਾਰੇ ਹਨ। ਉਹ ਖੋਜ ਪੱਤਰ ਪੜ੍ਹਨ ਅਨੇਕਾਂ ਯੂਨੀਵਰਸਿਟੀਆਂ ਵਿੱਚ ਗਏ ਹਨ। 'ਗੁਰਮਤਿ ਪ੍ਰਕਾਸ਼' ਤੇ ਹੋਰ ਰਸਾਲਿਆਂ ਵਿੱਚ ਉਹਨਾਂ ਦੀਆਂ ਰਚਨਾਵਾਂ ਅਕਸਰ ਛਪਦੀਆਂ ਰਹਿੰਦੀਆਂ ਹਨ। ਉਨ੍ਹਾਂ ਨਾਲ ਈਮੇਲ** drparamjeetsinghmansa@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਤੇਰਾ ਦਰਦ ਨਾ ਜਾਣੇ ਕੋਇ

## ਪ੍ਰੀਤਮ ਸਿੰਘ ਮਟਵਾਣੀ

ਅੱਜ ਮੈਨੂੰ ਇਥੇ ਉਦੈਪੁਰ (ਰਾਜਸਥਾਨ) ਵਿਚ ਆਇਆਂ ਨੂੰ ਛੇ ਕੁ ਮਹੀਨੇ ਹੋ ਗਏ ਹਨ। ਇਸ ਸ਼ਹਿਰ ਨੂੰ ਕੋਈ ਤਾਂ ਭਾਰਤ ਦਾ ਵੀਨਸ, ਕੋਈ ਝੀਲਾਂ ਦਾ ਸ਼ਹਿਰ ਅਤੇ ਕੋਈ ਰਾਜਸਥਾਨ ਦਾ ਸ਼ਿਮਲਾ ਕਹਿੰਦਾ ਹੈ। ਬਹੁਤ ਪਿਆਰਾ ਵਾਤਾਵਰਣ ਹੈ ਇਥੋਂ ਦਾ। ਸ਼ਹਿਰ ਦੀਆਂ ਵੱਡੀਆਂ ਵੱਡੀਆਂ ਇਮਾਰਤਾਂ, ਅਣਗਿਣਤ ਵਿਦਿਅਕ ਅਦਾਰੇ, ਹਸਪਤਾਲ, ਸਿਨਮੇ, ਪੰਜ ਤਾਰਾ ਅਤੇ ਤਿੰਨ ਤਾਰਾ ਹੋਟਲ, ਬਗ਼ੀਚੇ ਅਤੇ ਬਾਜ਼ਾਰ ਆਦਿਕ ਇਸ ਗੱਲ ਦਾ ਸਬੂਤ ਹਨ ਕਿ ਮਹਾਰਾਣਾ ਉਦੈ ਸਿੰਘ ਦਾ ਇਹ ਸ਼ਹਿਰ ਅਤੇ ਇਥੋਂ ਦੇ ਲੋਕ, ਅੱਜ ਵੀ ਸ਼ਾਹੀ ਠਾਠ ਨਾਲ ਰਹਿ ਰਹੇ ਹਨ।

ਗੁਰੂ ਨਾਨਕ ਦੇ ਨਾਮ ਤੇ, ਦੋ ਸੀਨੀਅਰ ਸੈਕੰਡਰੀ ਸਕੂਲ, ਇਕ ਪੋਸਟ-ਗਰੈਜੂਏਟ ਕਾਲਜ, ਤਿੰਨ ਸ਼ਾਨਦਾਰ ਗੁਰਦੁਆਰੇ, ਸਰਦਾਰਾਂ ਦੀਆਂ ਇੰਪੋਰਟਿਡ ਮਰਸਡੀਜ਼, ਹੌਂਡਾ ਸਿਟੀ, ਓਪਲ, ਸਫ਼ਾਰੀ ਆਦਿਕ ਗੱਡੀਆਂ ਦੱਸਦੀਆਂ ਹਨ ਕਿ ਸਿੱਖ ਵੀ ਕਿਸੇ ਗੱਲੋਂ ਘੱਟ ਨਹੀਂ। ਬੇਸ਼ੱਕ ਨਵੀਂ ਪੀੜ੍ਹੀ ਨਾਮ ਦੀ ਹੀ ਸਿੱਖ ਹੈ ਅਤੇ ਬਹੁਗਿਣਤੀ ਨੌਜਵਾਨ ਪਤਿਤ ਹੋ ਚੁੱਕੇ ਹਨ; ਬੇਸ਼ੱਕ ਉੱਪਰ ਬ੍ਰਾਹਮਣੀ ਪ੍ਰਭਾਵ ਪ੍ਰਤੱਖ ਦਿਖਾਈ ਦਿੰਦਾ ਹੈ ਪਰ ਨਗਰ ਕੀਰਤਨ ਵਿਚ ਸੈਂਕੜੇ ਲੋਕ ਫਿਰ ਵੀ ਕੇਸਰੀ ਪਟਕਿਆਂ ਅਤੇ ਦੁਪੱਟਿਆਂ ਵਾਲੇ ਹੁੰਦੇ ਹਨ।

ਵਿਚਾਰਾਂ ਵਿਚ ਡੁੱਬਿਆ ਮੈਂ ਬੱਚਿਆਂ ਦੀ ਗੁਰਮਤਿ ਕਲਾਸ ਲਗਾਉਣ ਮਗਰੋਂ ਸਾਈਕਲ ਉੱਪਰ ਸਵਾਰੀ ਕਰਦਿਆਂ ਹੀ, ਆਲੇ ਦੁਆਲੇ ਦਾ ਆਨੰਦ ਮਾਣਦਾ ਆ ਰਿਹਾ ਸੀ ਕਿ ਅਚਾਨਕ ਇਕ ਪਾਸੇ ਪੁਲਿਸ ਲਾਈਨ ਦੇ ਗਰਾਊਂਡ ਵਿਚ ਕੇਸਾਧਾਰੀ ਪਰ ਮੈਲੇ ਕੁਚੈਲੇ 8-10 ਬੱਚੇ ਕ੍ਰਿਕਟ ਖੇਡਦੇ ਨਜ਼ਰ ਆਏ। ਵਿਕਟਾਂ ਦੀ ਥਾਂ ਇੱਟਾਂ, ਬੈਟ ਦੀ ਥਾਂ ਕੱਪੜੇ ਧੋਣ ਵਾਲੀ ਥਾਪੀ ਅਤੇ ਬਾਲ ਦੀ ਥਾਂ ਦੋ ਰੁਪਏ ਵਾਲੀ ਪਲਾਸਟਿਕ ਦੀ ਗੇਂਦ। ਮੈਂ ਰੁਕਿਆ। ਉਦੈਪੁਰ ਦੀ ਸ਼ਾਹਾਨਾ ਤਸਵੀਰ ਮੇਰੀਆਂ ਅੱਖਾਂ ਵਿਚੋਂ ਕਿਰ ਗਈ। ਮੈਂ ਹੈਰਾਨ ਸਾਂ ਕਿ ਛੇ ਮਹੀਨੇ ਹੋ ਗਏ ਸਨ ਵੱਖ-ਵੱਖ ਥਾਈਂ ਕਥਾ/ਲੈਕਚਰ ਕਰਦਿਆਂ। ਨਾ ਇਹਨਾਂ ਦੇ ਕਦੇ ਦਰਸ਼ਨ ਹੋਏ ਅਤੇ ਨਾ ਕਿਸੇ ਨੇ ਇਹਨਾਂ ਦਾ ਜ਼ਿਕਰ ਹੀ ਕੀਤਾ ਸੀ।

ਕੋਲ ਜਾ ਕੇ ਗੱਲਬਾਤ ਕਰਨ ਅਤੇ ਗਲ ਵਿਚ ਪਾਏ ਛੋਟੇ ਖੰਡੇ-ਕ੍ਰਿਪਾਨਾਂ ਤੋਂ ਪਤਾ ਲੱਗਾ ਕਿ ਇਹ ਸਿਕਲੀਗਰ ਸਿੱਖਾਂ ਦੇ ਬੱਚੇ ਸਨ ਜਿਨ੍ਹਾਂ ਦੀ ਰਿਹਾਇਸ਼ ਨੇੜੇ ਹੀ ਝੌਂਪੜਪੱਟੀ ਵਿਚ ਹੈ। ਇਹਨਾਂ ਦੀ ਰਿਹਾਇਸ਼ ਹੁਣ ਸ਼ਹਿਰ ਤੋਂ ਬਾਹਰ ਕਰ ਦਿੱਤੀ ਗਈ ਹੈ। ਆਲੀਸ਼ਾਨ ਸ਼ਹਿਰ ਦੇ ਬਾਹਰਵਾਰ ਇਹ ਝੌਂਪੜੀਆਂ (ਉਹਨਾਂ ਬੇਕਾਰ, ਗੰਦੇ, ਕੱਚੇ ਢਾਰ੍ਹਿਆਂ ਨੂੰ ਝੌਂਪੜੀਆਂ ਕਹਿਣਾ ਸਗੋਂ ਉਹਨਾਂ ਦੀ ਵਡਿਆਈ ਕਰਨਾ ਹੈ) ਵਿਚ ਰਹਿੰਦੇ ਸਨ। ਵਿਦਿਅਕ ਅਦਾਰਿਆਂ ਦੇ ਇਸ ਸ਼ਹਿਰ ਵਿਚ ਇਨ੍ਹਾਂ ਦੇ ਬੱਚੇ ਅਨਪੜ੍ਹ ਰਹਿੰਦੇ ਹਨ। ਅਰਬਪਤੀਆਂ ਦੇ ਇਸ ਸ਼ਹਿਰ ਵਿਚ ਇਹ ਬਾਲਟੀਆਂ ਡਰਕਾਰੀਆਂ ਨੂੰ ਥੱਲੇ ਲਾ ਕੇ ਅਤੇ ਤਾਲੇ ਚਾਬੀਆਂ ਦਾ ਕੰਮ ਕਰ ਕੇ ਮੁਸ਼ਕਲ ਨਾਲ ਪੇਟ ਭਰਦੇ ਹਨ। ਜੇਕਰ ਕੋਈ ਬਿਮਾਰ ਹੈ ਜਾਂ ਵਿਧਵਾ ਹੈ ਤਾਂ ਉਸ ਲਈ ਪੇਟ ਭਰਨਾ ਵੀ ਮੁਸ਼ਕਿਲ ਹੈ। ਪਰ ਪਤਿਤ ਸਿੱਖਾਂ ਦੀ

ਬਹੁਗਿਣਤੀ ਵਾਲੇ ਸ਼ਹਿਰ ਵਿਚ ਇਹ ਪੂਰਨ ਕੇਸਾਧਾਰੀ ਹਨ।

ਇਹਨਾਂ ਦੀ ਬਸਤੀ ਵਿਚ ਕੋਈ 'ਸ਼ਰੀਫ਼' ਆਦਮੀ ਜਾਂਦਾ ਹੀ ਨਹੀਂ ਕਿਉਂਕਿ ਲੋਕ ਇਹਨਾਂ ਨੂੰ ਜ਼ਰਾਇਮ ਪੇਸ਼ਾ ਸਮਝਣ ਦਾ ਵਹਿਮ ਪਾਲੀ ਬੈਠੇ ਹਨ ਅਤੇ ਇਹ ਵੀ ਸਮਝਦੇ ਸਨ ਕਿ ਜੋ ਵੀ ਉਥੇ ਗਿਆ, ਉਸ ਨੂੰ ਇਨ੍ਹਾਂ ਨੇ ਨੁਕਸਾਨ ਹੀ ਪਹੁੰਚਾਉਣਾ ਹੈ।

ਇਸ ਲਈ ਪਹਿਲਾਂ ਮੈਂ ਪੁਲਿਸ ਲਾਈਨ ਉਦੈਪੁਰ ਦੇ ਮੈਦਾਨ ਵਿਚ ਹੀ ਬੱਚਿਆਂ ਨਾਲ ਬੈਠਣਾ, ਖੇਡਣਾ ਤੇ ਕੁਝ ਪੜ੍ਹਾਉਣਾ ਸ਼ੁਰੂ ਕੀਤਾ (ਵਿਸ਼ਵਾਸ ਜਿੱਤਣ ਲਈ ਪਹਿਰਾਵੇ ਵਿਚ ਵੀ ਤਬਦੀਲੀ ਲਿਆਂਦੀ)। ਉਹ ਪ੍ਰੇਮ ਦੇ ਭੁੱਖੇ ਸਨ ਤੇ ਮੈਨੂੰ ਵੀ ਦਿਲੀ ਪਿਆਰ ਹੁਣ ਹੀ ਮਿਲਿਆ ਸੀ। ਜਲਦੀ ਹੀ ਅਸੀਂ ਘੁਲ ਮਿਲ ਗਏ। ਉਹਨਾਂ ਦੀ ਨਿੱਜੀ ਬੋਲੀ ਸਮਝਣੀ ਬਹੁਤ ਔਖੀ ਹੈ। ਬਜ਼ੁਰਗ ਥੋੜ੍ਹੀ ਬਹੁਤ ਪੰਜਾਬੀ ਵੀ ਬੋਲ ਲੈਂਦੇ ਹਨ ਪਰ ਮੇਰੇ ਨਾਲ ਜ਼ਿਆਦਾਤਰ ਗੱਲਬਾਤ ਟੁੱਟੀ-ਫੁੱਟੀ ਹਿੰਦੀ ਵਿਚ ਹੀ ਹੁੰਦੀ। ਬਾਕੀ ਪ੍ਰੇਮ ਤਾਂ ਆਪਣੇ ਆਪ ਵਿਚ ਹੀ ਇਕ ਭਾਸ਼ਾ ਹੈ।ਅਤੇ ਫਿਰ ਇਕ ਦਿਨ ਉਹ ਮੈਨੂੰ ਆਪਣੀ ਬਸਤੀ ਵਿਚ ਲੈ ਗਏ ਤੇ ਚਾਹ ਪਿਆਈ। ਸਾਰੇ ਮੇਰੇ ਦੁਆਲੇ ਇਕੱਠੇ ਹੋ ਗਏ ਅਤੇ ਕਲਾਸ ਬਸਤੀ ਵਿਚ ਹੀ ਲਗਾਉਣ ਦਾ ਪੱਕਾ ਫ਼ੈਸਲਾ ਹੋ ਗਿਆ। ਬੀਬੀਆਂ, ਬਜ਼ੁਰਗਾਂ, ਨੌਜਵਾਨਾਂ, ਬੱਚਿਆਂ ਸਭ ਨੇ ਬਹੁਤ ਪਿਆਰ ਦਿੱਤਾ। ਉਹਨਾਂ ਦੇ ਜੀਵਨ ਨੂੰ ਨੇੜਿਉਂ ਤੱਕਿਆਂ ਹੈਰਾਨੀਜਨਕ ਤੱਥ ਸਾਹਮਣੇ ਆਏ। ਉਹ ਬਾਬੇ ਨਾਨਕ ਤੋਂ ਬਿਨਾਂ ਹੋਰ ਗੁਰੂਆਂ ਜਾਂ ਸਿੱਖ ਇਤਿਹਾਸ ਬਾਰੇ ਕੁਝ ਨਹੀਂ ਜਾਣਦੇ ਪਰ ਕਿਸੇ ਵੀ ਹਾਲਤ ਵਿਚ ਕੋਈ ਛੋਟਾ ਜਾਂ ਵੱਡਾ, ਕੇਸ ਕਤਲ ਨਹੀਂ ਕਰਵਾਉਂਦਾ। ਸਾਰੇ ਆਪਣੇ ਨਾਮ ਨਾਲ ਸਿੰਘ ਜਾਂ ਕੌਰ ਲਗਾਉਂਦੇ ਹਨ।

ਬੱਚਿਆਂ ਦੇ ਨਾਮ ਵੀ ਆਜ਼ਾਦ ਸਿੰਘ, ਨਿਰਭੈ ਸਿੰਘ, ਸ਼ੇਰ ਸਿੰਘ, ਕੀਰਤਨ ਸਿੰਘ, ਜੀਤ ਸਿੰਘ, ਜੈ ਕੌਰ, ਨਿਹਾਲ ਕੌਰ ਆਦਿ ਹਨ। ਇਕ ਝੌਂਪੜੀ ਵਿਚ ਜੀਤ ਸਿੰਘ, ਗਿਆਨ ਸਿੰਘ ਆਦਿਕ ਨੇ ਮਿਲ ਕੇ ਸੁਖਮਨੀ ਦਾ ਛੋਟਾ ਗੁਟਕਾ ਰਖਿਆ ਹੋਇਆ ਹੈ ਅਤੇ ਐਤਵਾਰ ਨੂੰ ਹਲਵਾ (ਕੜਾਹ ਪ੍ਰਸ਼ਾਦ) ਬਣਾ ਕੇ ਛਕਦੇ ਹਨ। ਗੁਰਦੁਆਰੇ ਜਾਣ ਬਾਰੇ ਉਹਨਾਂ ਦੱਸਿਆ ਕਿ ''ਗੁਰਦੁਆਰਾ ਸਿੰਘ ਸਭਾ ਵਾਲੇ ਬੱਚਿਆਂ ਨੂੰ ਹਾਲ ਵਿਚ ਨਹੀਂ ਬੈਠਣ ਦਿੰਦੇ ਅਤੇ ਬਾਹਰ ਬੈਠਣਾ ਸਾਨੂੰ ਮਨਜ਼ੂਰ ਨਹੀਂ।'' ਲੰਬੀ ਵਿਚਾਰ ਚਰਚਾ ਤੋਂ ਪਿਛੋਂ ਕੁਝ ਸੁਧਾਰ ਹੋਇਆ ਪਰ ਸਿਕਲੀਗਰਾਂ ਤੋਂ ਬਿਨਾਂ ਦੂਜੇ ਅਖੌਤੀ 'ਨੀਚਾਂ' ਨਾਲ ਲੰਗਰ ਆਦਿ ਦੇ ਮਾਮਲੇ ਵਿਚ ਵਿਤਕਰਾ ਹੁਣ ਵੀ ਦੇਖਿਆ ਜਾ ਸਕਦਾ ਹੈ।

ਅਮੀਰ ਸਿੰਘਾਂ ਬਾਰੇ ਪੁੱਛਣ ਤੇ ਉਹਨਾਂ ਦੱਸਿਆ ਕਿ ਇਕ ਸਰਦਾਰ ਕੁਝ ਸਮਾਂ ਪਹਿਲਾਂ ਯੂ ਆਈ ਟੀ ਦਾ ਚੇਅਰਮੈਨ ਸੀ ਤੇ ਦਿੱਲੀ ਗੇਟ ਤੋਂ ਉਦੈਪੁਰ ਤਕ ਸੜਕ ਉਸ ਦੀ ਦੇਖ ਰੇਖ ਹੇਠ ਚੌੜੀ ਹੋਈ ਸੀ। ਦੁਕਾਨਾਂ ਵਾਲਿਆਂ ਨੂੰ ਮੁਆਵਜ਼ਾ ਦਿੱਤਾ ਗਿਆ। ਸਿਕਲੀਗਰ ਸਿੱਖਾਂ ਅਤੇ ਵਣਜਾਰਿਆਂ ਦੀਆਂ ਫੜ੍ਹੀਆਂ ਇਸੇ ਸੜਕ ਉਪਰ ਲੱਗੀਆਂ ਹੋਈਆਂ ਸਨ। ਵਣਜਾਰੇ ਵੀ ਸ਼ਹਿਰ ਦੇ ਅੰਬਾ ਮਾਤਾ ਇਲਾਕੇ ਵਿਚ ਰਹਿੰਦੇ ਹਨ।

ਸਿਕਲੀਗਰਾਂ ਨੂੰ ਮੁਆਵਜ਼ਾ ਦੇਣ ਵੇਲੇ ਕਹਿ ਦਿੱਤਾ ਗਿਆ ਕਿ ''ਤੁਹਾਡਾ ਇਥੇ ਕੀ ਸੀ?'' ਸਿਕਲੀਗਰ ਸਿੱਖ ਮੈਨੂੰ ਦੱਸਦੇ ਹਨ, ''ਉਹ ਸਰਦਾਰ ਇਸੇ ਸ਼ਹਿਰ ਦਾ ਰਹਿਣ ਵਾਲਾ ਹੈ ਅਤੇ ਉਸ ਨੂੰ ਪਤਾ ਸੀ ਕਿ ਸਾਡੇ ਕਾਰਖ਼ਾਨੇ ਤਾਂ ਫੜ੍ਹੀਆਂ ਹੀ ਸਨ। ਇਸ ਲਈ ਹੁਣ ਅਸੀਂ ਇਹਨਾਂ ਅਮੀਰਾਂ ਤੋਂ ਕੋਈ ਆਸ ਨਹੀਂ ਰੱਖਦੇ।

ਮੰਦਹਾਲੀ ਕਾਰਨ ਇਹ ਨਸ਼ਿਆਂ ਦੇ ਆਦੀ ਹੋ ਰਹੇ ਹਨ ਅਤੇ ਆਪਸ ਵਿਚ ਵੀ ਝਗੜ ਪੈਂਦੇ ਹਨ। ਗੁਰਬਾਣੀ ਦਾ ਕੋਈ ਗਿਆਨ ਇਨ੍ਹਾਂ ਨੂੰ ਨਹੀਂ ਅਤੇ ਸਹਿਜ ਪਾਠ ਬਾਰੇ ਕੋਈ ਪਤਾ ਨਹੀਂ ਸੀ। ਕਿਸੇ ਦੀ ਮੌਤ ਹੋਣ ਤੇ ਵੀ ਗੁਰਦਵਾਰਿਆਂ ਦੇ ਪੁਜਾਰੀ ਅਖੰਡ ਪਾਠ ਹੀ ਕਰਦੇ ਅਤੇ ਧਾਰਮਕ ਸੰਸਕਾਰਾਂ ਦੇ ਬੰਨ੍ਹੇ ਹੋਏ ਪਤਾ ਨਹੀਂ ਕਿਹੜੇ ਤਰੀਕਿਆਂ ਨਾਲ ਉਹ ਪਾਠ ਦੀ ਫ਼ੀਸ ਅਦਾ ਕਰਦੇ ਹਨ।

ਗੁਰਮਤਿ ਪ੍ਰਸਾਰ ਸੇਵਾ ਸੁਸਾਇਟੀ (ਰਜਿ:) ਚੰਡੀਗੜ੍ਹ ਦੁਆਰਾ ਮੇਰੀ ਡਿਊਟੀ ਉਦੈਪੁਰ ਲੱਗੀ ਸੀ। ਚਾਰ ਕੁ ਮਹੀਨੇ ਮੈਂ ਇਹਨਾਂ ਸਿੱਖਾਂ ਦੀ ਸੇਵਾ ਕਰ ਸਕਿਆ। ਹੁਣ ਏਥੇ ਦੋ ਸਿੰਘ ਭੁਪਿੰਦਰ ਸਿੰਘ ਅਤੇ ਸੁਖਵਿੰਦਰ ਸਿੰਘ ਸੇਵਾ ਕਰ ਰਹੇ ਹਨ। ਇਸ ਸਮੇਂ ਦੌਰਾਨ ਦਾਸ ਨੇ ਵਾਹਿਗੁਰੂ ਦੀ ਮਿਹਰ ਸਦਕਾ ਯਥਾ ਸ਼ਕਤੀ ਉਹਨਾਂ ਨੂੰ ਕਈ ਗੱਲਾਂ ਦੱਸਣ ਅਤੇ ਆਰਥਕ ਮੰਦਹਾਲੀ ਤੋਂ ਉਭਾਰਨ ਦਾ ਯਤਨ ਕੀਤਾ। ਸਿੰਘ ਸਭਾ ਵਾਲੇ ਟੱਸ ਤੋਂ ਮੱਸ ਨਾ ਹੋਏ ਤਾਂ ਗੁਰਦੁਆਰਾ ਪ੍ਰਤਾਪ ਨਗਰ ਦੀਆਂ ਸੰਗਤਾਂ ਨਾਲ ਗੱਲਬਾਤ ਕੀਤੀ।

ਮੁੱਖ ਸੇਵਾਦਾਰ ਸ. ਫੌਜਾ ਸਿੰਘ ਅਤੇ ਹੋਰਨਾਂ ਨੇ ਹਾਂ ਪੱਖੀ ਹੁੰਗਾਰਾ ਦਿੱਤਾ ਤੇ ਕਈ ਸ਼ਲਾਘਾਯੋਗ ਕਦਮ ਉਠਾਏ। ਫ਼ੈਸਲਾ ਕੀਤਾ ਗਿਆ ਕਿ ਉਹਨਾਂ ਦੇ ਸਾਰੇ ਪ੍ਰੋਗਰਾਮ (ਸਮੇਤ ਸਹਿਜ ਪਾਠ ਦੇ) ਬਿਨਾਂ ਕੋਈ ਪੈਸਾ ਲਿਆਂ ਕੀਤੇ ਜਾਣਗੇ (ਬਰਤਨਾਂ ਆਦਿਕ ਦਾ ਕਿਰਾਇਆ ਵੀ ਨਹੀਂ ਲਿਆ ਜਾਵੇਗਾ)।

ਗੁਰੂ ਨੇ ਦੁਨਿਆਵੀ ਫ਼ੈਸਲੇ ਲੈਣ ਦੀ ਸ਼ਕਤੀ ਸੰਗਤ ਨੂੰ ਦਿੱਤੀ ਹੈ (ਕੇਵਲ ਰਾਜਨੀਤਕ ਜਾਂ ਧਾਰਮਕ ਆਗੂਆਂ ਨੂੰ ਨਹੀਂ)। ਆਓ ਆਪਣੇ ਫ਼ਰਜ਼ਾਂ ਨੂੰ ਪਛਾਣੀਏ। ਅਕਾਲ ਪੁਰਖ ਦੀ ਫੌਜ ਨੇ ਤਾਂ ਸੱਚੇ ਦੀ ਕੋਠੜੀ (ਜਗਤ) ਨੂੰ ਸਜਾਉਣਾ ਸੀ ਪਰ ਅਜ ਇਸ ਦੀ ਹੀ ਇਕ ਫੌਜੀ ਟੁਕੜੀ ਦਲਿੱਦਰ ਹੰਢਾ ਰਹੀ ਹੈ। ਆਓ ਉਹਨਾਂ ਨੂੰ ਗਲਵੱਕੜੀ ਵਿਚ ਲਈਏ ਕਿਉਂਕਿ ਉਹ ਸਾਡੀ ਗਲਵੱਕੜੀ ਨੂੰ ਤਰਸ ਰਹੇ ਹਨ। ਆਓ ਉਹਨਾਂ ਨੂੰ ਕੌਮ ਦਾ ਇਕ ਨਰੋਆ ਅੰਗ ਹੋਣ ਦਾ ਅਹਿਸਾਸ ਕਰਾਈਏ।

**ਨੋਟ: ਸਬੰਧਤ ਫੋਟੋ ਪੰਨਾ ਨੰਬਰ ੧੧੨-੧੧੩ ਦੇ ਨਾਲ**



**ਪ੍ਰੀਤਮ ਸਿੰਘ ਮਟਵਾਣੀ ਪੇਂਡੂ ਸੱਭਿਆਚਾਰ ਵਿੱਚੋਂ ਇੱਕ ਰੋਸ਼ਨ ਦਿਮਾਗ, ਪੜ੍ਹੇ-ਲਿਖੇ ਗੁਰੂ ਦੇ ਸਿੱਖ ਹਨ। ਐਮ ਏ ਤੋਂ ਇਲਾਵਾ ਗੁਰਮਤਿ ਪ੍ਰਚਾਰ ਸੇਵਾ ਇੰਸਟੀਚਿਊਟ ਤੋਂ ਸਿੱਖਿਆ ਲਈ ਅਤੇ ਉਸੇ ਟਰੱਸਟ ਵਿੱਚ ਤਿੰਨ ਸਾਲ ਸੇਵਾ ਕੀਤੀ। ਸਿਕਲੀਗਰ ਸਿੱਖਾਂ ਲਈ ਉਦੇਪੁਰ ਅਤੇ ਮਲੋਆ ਚੰਡੀਗੜ੍ਹ ਵਿੱਚ ਸੇਵਾ ਨਿਭਾਈਆਂ ਹਨ। ਪ੍ਰਚਾਰ ਸੇਵਾ ਹਿਤ ਹਾਂਗਕਾਂਗ ਅਤੇ ਕੈਨੇਡਾ ਵਿੱਚ ਵੀ ਯੋਗਦਾਨ ਪਾ ਚੁੱਕੇ ਹਨ। ਅਜੋਕੇ ਸਮੇਂ ਵੀ ਬਾਬਾ ਕਰਤਾਰ ਸਿੰਘ ਵਿਦਿਅਕ ਚੈਰੀਟੇਬਲ ਵਿੱਚ ਸੇਵਾ ਨਿਭਾ ਰਹੇ ਹਨ। ਉਨ੍ਹਾਂ ਨਾਲ ਈਮੇਲ** matwanipritam@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਉਦਾਸੀ ਸੰਪ੍ਰਦਾਇ: ਉਤਪਤੀ ਤੇ ਵਿਕਾਸ

**ਜਸਕੀਤ ਸਿੰਘ**

ਬਾਬਾ ਸ੍ਰੀਚੰਦ ਜੀ ਦੇ ਸਮੇਂ ਅਗਿਆਨਤਾ ਦਾ ਬੋਲ-ਬਾਲਾ ਸੀ। ਆਪ ਨੇ ਆਪਣੇ ਤਪਮਈ ਅਤੇ ਪ੍ਰਤਾਪਮਈ ਜੀਵਨ ਨਾਲ ਭਾਰਤੀ ਉਪ-ਮਹਾਂਦੀਪਾਂ ਵਿਚਲੇ ਸਭਿਆਚਾਰਕ ਪਾਸਾਰਾਂ ਨੂੰ ਸ਼ਬਦ ਦੇ ਅੰਤਰਗਤ ਲਿਆਂਦਾ ਤੇ ਵੱਖ-ਵੱਖ ਰੂਹਾਨੀ ਅਨੁਭਵ ਦੀਆਂ ਪ੍ਰੰਪਰਾਵਾਂ ਨਾਲ ਸੰਵਾਦ ਰਚਾ ਕੇ ਗੁਰਬਾਣੀ ਦੀ ਲੋਅ ਨਾਲ ਸਰਸ਼ਾਰ ਕੀਤਾ। ਉਦਾਸੀ ਸੰਪ੍ਰਦਾਇ ਦੀ ਗੁਰਮੁੱਖੀ ਲਿਪੀ ਦੇ ਪ੍ਰਚਾਰ-ਪ੍ਰਸਾਰ, ਤਖ਼ਤਾਂ ਅਤੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਅਤੇ , ਮੁਗ਼ਲ ਸਾਮਰਾਜ ਸਮੇਂ ਸਿੱਖ ਪੰਥ ਦੀ ਸੇਵਾ ਇਤਿਹਾਸ ਵਿਚ ਮਹਾਨ ਦੇਣ ਹੈ।

**ਭੂਮਿਕਾ:** ਸਿੱਖ ਚਿੰਤਨ ਪ੍ਰੰਪਰਾ ਵਿਚ ਉਦਾਸੀ ਸੰਪ੍ਰਦਾਇ ਨੂੰ ਸਿੱਖ ਧਰਮ ਦੀ ਪਹਿਲੀ ਸੰਪ੍ਰਦਾਇ ਮੰਨਿਆਂ ਜਾਂਦਾ ਹੈ। ਇਸਦਾ ਚਿੰਤਨ ਸ਼ਬਦ ਤੋਂ ਆਪਣੀ ਖ਼ੁਰਾਕ ਲੈਂਦਾ ਹੋਇਆ ਨਿਸ਼ਚਿਤ ਆਕਾਰ ਵੱਲ ਵਧਦਾ ਹੈ ਜਿਸਦੀ ਗੁਰਬਾਣੀ ਚਿੰਤਨ, ਗੁਰਬਾਣੀ ਵਿਆਖਿਆ, ਟੀਕਾਕਾਰੀ, ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਹੱਥੀਂ ਲਿਖਣ ਦੀ ਸੇਵਾ ਇਤਿਹਾਸ ਵਿਚ ਮਹਾਨ ਦੇਣ ਹੈ। ਉਦਾਸੀ ਸ਼ਬਦ ਸੰਸਕ੍ਰਿਤ ਦੇ 'ਉਦਾਸੀਨ' ਸ਼ਬਦ ਦਾ ਤਦਭਵ ਰੂਪ ਹੈ। ਇਹ ਦੋ ਸ਼ਬਦਾਂ 'ਉਦ+ਆਸੀਨ' ਦੇ ਮੇਲ ਤੋਂ ਬਣਿਆਂ ਹੈ। 'ਉਦ' ਸ਼ਬਦ ਦਾ ਅਰਥ ਸਰਬ ਸ੍ਰੇਸ਼ਟ ਮੰਨਦਿਆਂ ਇਸ ਨੂੰ ਪਾਰਬ੍ਰਹਮ ਲਈ ਵਰਤਿਆ ਗਿਆ ਹੈ। 'ਆਸੀਨ ਸ਼ਬਦ' ਨੂੰ ਸਥਾਨ ਅਥਵਾ ਸਥਿਤੀ ਲਈ, ਭਾਵ ਸਭ ਤੋਂ ਉਤਮ ਤੇ ਉਚ ਸਥਾਨ ਦੱਸਿਆ ਗਿਆ ਹੈ। ਜਿਸਦਾ ਅਰਥ ਹੈ ਆਤਮ-ਸੰਯਮੀ ਜਾਂ ਸਾਧੂ ਅਰਥਾਤ ਉਹ ਮਨੁੱਖ ਜੋ ਸੰਸਾਰਿਕ ਮੋਹ ਮਾਇਆ ਤੋਂ ਵਿਰੱਕਤ ਜਾਂ ਬੇਪਰਵਾਹ ਹੈ।

ਉਦਾਸੀ ਸੰਪ੍ਰਦਾਇ ਦੇ ਉਦਭਵ ਸੰਬੰਧੀ ਦੋ ਵਿਚਾਰਧਾਰਾ ਪ੍ਰਚੱਲਿਤ ਹਨ। ਪਹਿਲੀ ਵਿਚਾਰਧਾਰਾ ਅਨੁਸਾਰ ਇਸ ਸੰਪ੍ਰਦਾਇ ਦੇ ਵਿਦਵਾਨ ਸਾਧੂ ਪ੍ਰਾਚੀਨ ਕਾਲ ਤੋਂ ਗ੍ਰੰਥਾਂ ਵਿਚ ਵਰਤੇ ਗਏ ਸ਼ਬਦ 'ਉਦਾਸੀਨ' ਨੂੰ ਲੈ ਕੇ ਇਸ ਸੰਪ੍ਰਦਾਇ ਦਾ ਆਰੰਭ ਪ੍ਰਮਾਤਮਾ ਤੋਂ ਮੰਨਦੇ ਹਨ। ਉਹਨਾਂ ਅਨੁਸਾਰ ਪ੍ਰਮੇਸ਼ਰ ਤੋਂ ਬ੍ਰਹਮਾ ਦੀ ਉਤਪਤੀ ਹੋਈ, ਬ੍ਰਹਮਾ ਦੇ ਚਾਰ ਪੁੱਤਰ ਸਨਕ, ਸਨੰਦਨ, ਸਨਾਤਨ ਤੇ ਸਨਤ ਕੁਮਾਰ ਹੋਏ ਹਨ। ਇਹਨਾਂ ਨੇ ਇਸ ਸੰਪ੍ਰਦਾਇ ਨੂੰ ਕਾਇਮ ਕੀਤਾ। ਇਸ ਮਗਰੋਂ 165 ਵੀਂ ਥਾਂ ਬਾਬਾ ਸ੍ਰੀਚੰਦ ਜੀ ਹੋਏ। ਇਸ ਤਰ੍ਹਾਂ ਇਸ ਸੰਪ੍ਰਦਾਇ ਨੂੰ ਅਨਾਦਿ ਕਾਲ ਤੋਂ ਚਲੀ ਆਉਂਦੀ ਸਿਧ ਕਰਨ ਲਈ ਪੌਰਾਣਿਕ ਗ੍ਰੰਥਾਂ ਤੇ ਕਥਾਵਾਂ ਦਾ ਆਸਰਾ ਲੈਂਦੇ ਹਨ।

ਦੂਸਰੀ ਵਿਚਾਰਧਾਰਾ ਅਨੁਸਾਰ ਕੁਝ ਉਦਾਸੀ ਸਾਧੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਇਸ ਸੰਪ੍ਰਦਾਇ ਦੇ ਆਦਿ ਆਚਾਰੀਆ ਤੇ ਬਾਨੀ ਮੰਨਦੇ ਹਨ। ਸਾਧੂ ਸੰਤਰੇਣ ਅਨੁਸਾਰ:

ਆਦਿ ਅਚਾਰਯ ਨਾਨਕ ਦੇਵ ਨਿਰੰਜਨ ਅੰਜਨ ਜਾਹਿ ਵਿਲਾਸੀ॥
ਸਿਮ੍ਰਿਤ ਬੇਦ ਪੁਰਾਣਕ ਮਾਰਗ ਜੀਵ ਕਟੀ ਭਵ ਫਾਸੀ॥
ਜੀਵਨ ਤਾਰਨ ਕਾਰਨ ਆਪਨ ਆਇ ਮਹੀ ਜੁ ਬਿਕੁੰਠ ਨਿਵਾਸੀ॥
ਤਾਹਿ ਨਮਾਮਿ ਸਿਰੀ ਗੁਰ ਕੋ ਜਿਨ ਪੰਥ ਕਰਯੋ ਜਗ ਮਾਹਿ ਉਦਾਸੀ॥

(ਸ੍ਰੀ ਮਤ ਨਾਨਕ ਬਿਜੈ ਗ੍ਰੰਥ, ਖੰਡ 1, ਅਧਿਆਇ 1, ਛੰਦ ਨੰ. 20)

ਗੁਰੂ ਨਾਨਕ ਬਾਣੀ ਵਿਚ ਆਏ ਉਦਾਸੀ ਸ਼ਬਦ ਦੀ ਵਰਤੋਂ ਤੋਂ ਵੀ ਕਈ ਵਿਦਵਾਨ ਇਹ ਅਰਥ ਲੈਂਦੇ ਹਨ ਕਿ ਗੁਰੂ ਨਾਨਕ ਦੇਵ ਜੀ ਉਦਾਸੀ ਸਨ। ਸਿੱਧਾਂ ਨਾਲ ਗੋਸ਼ਟ ਸਮੇਂ ਉਹਨਾਂ ਨੇ ਸੁਆਲ ਪੁਛਿਆ:

**ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ॥**

**ਕਿਸੁ ਕਾਰਣਿ ਇਹੁ ਭੇਖੁ ਨਿਵਾਸੀ॥**

**ਤਾਂ ਗੁਰੂ ਨਾਨਕ ਦੇਵ ਜੀ ਨੇ ਜੁਆਬ ਦਿੱਤਾ:**

**ਗੁਰਮੁਖਿ ਖੋਜਤ ਭਏ ਉਦਾਸੀ॥**

**ਦਰਸਨ ਕੈ ਤਾਈ ਭੇਖ ਨਿਵਾਸੀ॥**

**(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾਂ 939)**

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਨੂੰ ਆਪਣੀਆਂ ਵਾਰਾਂ ਵਿਚ ਅੰਕਿਤ ਕੀਤਾ ਹੈ। ਆਪ ਲਿਖਦੇ ਹਨ:

**ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ॥**

**(ਭਾਈ ਗੁਰਦਾਸ ਵਾਰ ਪੰਨਾ 1)**

ਅਗਿਆਨ ਰੂਪੀ ਹਨ੍ਹੇਰੇ ਨੂੰ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਲੋਕਾਈ ਤਕ ਸੰਚਾਰਿਤ ਕਰਨ ਲਈ ਗੁਰੂ ਨਾਨਕ ਸਾਹਿਬ ਦੇ ਘਰ ਮਾਤਾ ਸੁਲੱਖਣੀ ਜੀ ਦੀ ਕੁਖੋਂ 1494 ਈ. ਨੂੰ ਨਗਰ ਸੁਲਤਾਨ ਪੁਰ ਲੋਧੀ ਦੇ ਸਥਾਨ ਤੇ ਬਾਬਾ ਸ੍ਰੀਚੰਦ ਜੀ ਦਾ ਜਨਮ ਹੋਇਆ। ਪਿਤਾ ਜੀ ਪਾਸੋਂ ਅੱਖਰ ਬੋਧ ਅਤੇ ਭੂਆ ਨਾਨਕੀ ਪਾਸੋਂ ਪਿਤਾ ਨਾਨਕ ਦੇ ਜੀਵਨ ਦੀਆਂ ਸਾਖੀਆ ਤੋਂ ਜੀਵਨ-ਜਾਚ ਗ੍ਰਹਿਣ ਕੀਤਾ। ਨਾਮ ਸਿਮਰਨ ਕਰਨਾ ਬਚਪਨ ਤੋਂ ਹੀ ਉਨ੍ਹਾਂ ਦੇ ਜੀਵਨ ਦਾ ਅੰਗ ਬਣ ਗਿਆ। ਉਨ੍ਹਾਂ ਦੀ ਦੇਖ ਰੇਖ ਸੇਵਕ ਕਮਲੀਆ ਜੀ ਕਰਦੇ। ਜਿਥੇ ਕਿਤੇ ਵੀ ਬਾਬਾ ਸ੍ਰੀਚੰਦ ਜੀ ਨੇ ਜਾਣਾ ਹੁੰਦਾ ਕਮਲੀਆ ਆਪ ਦੇ ਨਾਲ ਹੁੰਦਾ ਸੀ। ਜਿਥੇ ਵੀ ਜਾਂਦੇ ਲੋਕ ਆਪ ਦੀਆਂ ਗੱਲਾਂ ਬਹੁਤ ਧਿਆਨ ਨਾਲ ਸੁਣਦੇ ਤੇ ਕਈਆ ਦੇ ਸੰਸੇ ਵੀ ਨਵਿਰਤ ਕਰਦੇ। ਮੌਲਵੀ 'ਨੂਰਦੀਨ ਚੁਗੱਤਾ' ਦੇ ਪੁੱਛਣ ਤੇ ਉਸਨੂੰ ਰਾਮ ਅਤੇ ਰਹੀਮ ਦੀ ਏਕਤਾ ਅਤੇ ਸਮਰੂਪਤਾ ਦਾ ਭੇਦ ਸਮਝਾਇਆ। ਪੰਡਿਤ 'ਕਿਸ਼ਨ ਦਾਸ' ਨੂੰ ਕਰਤਾ ਅਤੇ ਕਿਰਤ ਦੀ ਅਭੇਦਤਾ ਦਾ ਰਾਜ ਸਮਝਾਇਆ।

'ਨਵਾਬ ਦੌਲਤ ਖਾਨ' ਦੇ ਪੁੱਛਣ ਤੇ ਆਪ ਨੇ ਕਿਹਾ ਸੱਚ, ਖਿਮਾ, ਵੈਰਾਗ, ਨਿਮਰਤਾ, ਸੰਤੋਖ, ਪਰਉਪਕਾਰ ਧਾਰਨ ਕਰਨੇ ਚਾਹੀਦੇ ਹਨ ਅਤੇ ਤ੍ਰਿਸ਼ਨਾ, ਹੰਕਾਰ, ਲਾਲਚ, ਨਸ਼ਾ, ਜੁਲਮ ਆਦਿ ਤਿਆਗਣੇ ਚਾਹੀਦੇ ਹਨ।

ਬਾਬਾ ਸ੍ਰੀਚੰਦ ਜੀ ਨੇ ਗੁਰਮਤ ਦੇ ਪ੍ਰਚਾਰ ਲਈ ਪਹਿਲੀ ਯਾਤਰਾ 1524 ਈ. ਤੋਂ ਆਰੰਭ ਕੀਤੀ ਉਸ ਸਮੇਂ ਆਪ ਦੀ ਆਯੂ 30 ਵਰ੍ਹਿਆਂ ਦੇ ਲਗਭਗ ਸੀ। ਆਪ ਦੇ ਸਾਥ ਬਚਪਨ ਦਾ ਸਾਥੀ ਭਾਈ ਕਮਲੀਆ ਜੀ ਵੀ ਸਨ। ਆਪ ਹਰਿਦੁਆਰ, ਰਿਸ਼ੀਕੇਸ਼, ਉਤਰ ਪ੍ਰਦੇਸ਼, ਮਥੁਰਾ, ਆਗਰਾ, ਕਾਨਪੁਰ, ਲਖਨਊ, ਅਯੁਧਿਆ ਆਦਿ ਥਾਵਾਂ ਤੋਂ ਹੁੰਦੇ ਹੋਏ ਕਾਂਸ਼ੀ ਪੁੱਜੇ। ਆਪ ਗੁੰਮਰਾਹ ਲੋਕਾਂ ਨੂੰ ਸਤਿ ਦੇ ਮਾਰਗ ਉਤੇ ਚੱਲਣ ਲਈ ਪ੍ਰੇਰਿਤ

ਕਰਦੇ। ਫਿਰ ਪਟਨਾ, ਆਸਾਮ, ਬੰਗਾਲ ਤੇ ਉੜੀਸਾ ਤੋਂ ਕਟਕ ਪੁੱਜੇ। ਆਪ ਕਸ਼ਮੀਰ, ਕਾਬਲ ਤੇ ਪਿਸ਼ਾਵਰ ਵੀ ਗਏ। ਇਸ ਤਰ੍ਹਾਂ ਆਪ ਜਿਥੇ ਵੀ ਜਾਂਦੇ ਸਤਿਨਾਮ ਦਾ ਪ੍ਰਚਾਰ ਕਰਦੇ ਤੇ ਲੋਕਾਂ ਨੂੰ ਸਹੀ ਮਾਰਗ ਦੱਸਦੇ।

ਜਦੋ ਹਮਾਯੂੰ ਬਾਦਸ਼ਾਹ ਸ਼ੇਰਸ਼ਾਹ ਸੂਰੀ ਤੋਂ ਭਾਂਜ ਖਾ ਕੇ ਵਾਪਿਸ ਆ ਰਿਹਾ ਸੀ ਤਾਂ ਉਸਨੇ ਬਾਬਾ ਸ੍ਰੀਚੰਦ ਜੀ ਦੀ ਮਹਿਮਾ ਸੁਣੀ ਤੇ ਦਰਸ਼ਨਾਂ ਨੂੰ ਆਇਆ। ਆਪ ਤੋਂ ਆਸੀਸ ਪ੍ਰਾਪਤ ਕੀਤੀ ਜਿਸਦੇ ਫਲਸਰੂਪ 13 ਸਾਲ ਮਗਰੋਂ 1533 ਈ. ਵਿਚ ਸ਼ੇਰ ਸ਼ਾਹ ਨਾਲ ਯੁੱਧ ਤੇ ਫ਼ਤਿਹ ਪਾਈ ਤੇ ਆਪਣਾ ਰਾਜ ਵਾਪਿਸ ਸਥਾਪਤ ਕਰ ਲਿਆ।

1588 ਈ. ਵਿਚ ਮਹਾਰਾਣਾ ਪ੍ਰਤਾਪ ਵੀ ਬਾਬਾ ਸ੍ਰੀਚੰਦ ਜੀ ਦੇ ਦਰਸ਼ਨਾਂ ਨੂੰ ਆਇਆ, ਕਿਉਂਕਿ ਉਹ 'ਹਲਦੀ ਘਾਟੀ' ਦੀ ਲੜਾਈ ਵਿਚ ਅਕਬਰ ਬਾਦਸ਼ਾਹ ਤੋਂ ਹਾਰ ਗਿਆ ਸੀ। ਆਪ ਨੇ ਮਹਾਰਾਣਾ ਪ੍ਰਤਾਪ ਨੂੰ ਸਮਝਾਇਆ ਕਿ ਜੀਵਨ ਇਕ ਅਖਾੜਾ ਹੈ, ਹਾਰ ਤੇ ਜਿੱਤ ਜੀਵਨ ਦੇ ਇਕੋ ਸਿੱਕੇ ਦੇ ਦੋ ਪਾਸੇ ਹਨ। ਕਦੀ ਵੀ ਕੋਈ ਨਾ ਹਰ ਵਾਰ ਜਿੱਤਿਆ ਤੇ ਨਾ ਹੀ ਹਰ ਵਾਰ ਹਾਰਿਆ ਹੈ। ਵੇਖਣਾ ਇਹ ਹੁੰਦਾ ਹੈ ਕਿ ਕਿਹੜਾ ਅਣਖ ਤੇ ਸੂਰਮਤਾਈ ਨਾਲ ਲੜਿਆ ਹੈ। ਜੇ ਤੁਹਾਡੀ ਆਤਮਾ ਨਹੀਂ ਹਾਰੀ ਤਾਂ ਬਾਜੀ ਫਿਰ ਵੀ ਜਿੱਤੀ ਜਾ ਸਕਦੀ ਹੈ। ਬੁਜ਼ਦਿਲ ਤੇ ਕਾਇਰ, ਅਣਖ-ਹੀਣੇ ਬੰਦੇ ਤਾਂ ਜੀਵਨ ਵਿਚ ਕਈ ਵੇਰ ਮਰਦੇ ਹਨ। ਪ੍ਰੰਤੂ ਸੂਰਮਾ ਤਾਂ ਇਕੋ ਵਾਰ ਸ਼ਾਨ ਨਾਲ ਵੀਰ ਗਤੀ ਨੂੰ ਪ੍ਰਾਪਤ ਕਰਦਾ ਹੈ। ਇਹ ਸ਼ਬਦ ਸੁਣ ਕੇ ਮਹਾਰਾਣਾ ਪ੍ਰਤਾਪ ਦਾ ਹੌਂਸਲਾ ਬੁਲੰਦ ਹੋ ਗਿਆ ਤੇ ਉਸਨੇ 'ਚਤੌੜ' ਨੂੰ ਛੱਡ ਕੇ ਬਾਕੀ ਦਾ ਆਪਣਾ ਖੁਸਿਆ ਹੋਇਆ ਇਲਾਕਾ ਅਕਬਰ ਬਾਦਸ਼ਾਹ ਤੋਂ ਵਾਪਸ ਛੁੜਵਾ ਲਿਆ। ਇਸ ਤਰ੍ਹਾਂ ਬਾਬਾ ਜੀ ਨੇ ਸਤਿ ਦਾ ਮਾਰਗ ਦੱਸਦਿਆਂ ਜੀਵਨ ਦੇ ਅਸਲੀ ਮੰਤਵ ਨੂੰ ਸਮਝਾਇਆ।

ਗੁਰੂ ਨਾਨਕ ਸਾਹਿਬ ਤੋਂ ਬਾਅਦ ਬਾਬਾ ਸ੍ਰੀਚੰਦ ਜੀ ਦਾ ਅੰਤਿਮ ਸਮੇਂ ਤਕ ਗੁਰੂ ਸਾਹਿਬਾਨਾਂ ਨਾਲ ਆਪਸੀ ਤਾਲਮੇਲ ਬਣਿਆ ਰਿਹਾ। ਗੁਰੂ ਅੰਗਦ ਸਾਹਿਬ ਨੇ ਆਪਣੇ ਸਪੁੱਤ੍ਰ ਦਾਤੂ ਜੀ ਨੂੰ ਬਾਬਾ ਸ੍ਰੀਚੰਦ ਜੀ ਅਗੇ ਭੇਟਾ ਕੀਤਾ ਜੋ ਆਪ ਦਾ ਸ਼ਿਸ਼ ਬਣਿਆ। ਗੁਰੂ ਅਮਰਦਾਸ ਜੀ ਨੇ ਆਪਣੇ ਸਪੁੱਤ੍ਰ ਬਾਬਾ ਮੋਹਨ ਜੀ ਤੇ ਨਾਲ 500 ਰੁਪਏ ਤੇ ਇਕ ਘੋੜਾ ਭੇਟ ਕੀਤਾ। ਇਸ ਤੋਂ ਬਾਅਦ ਗੁਰੂ ਰਾਮਦਾਸ ਜੀ ਭੀ ਬਾਬਾ ਸ੍ਰੀਚੰਦ ਜੀ ਦੇ ਦਰਸ਼ਨਾਂ ਨੂੰ ਆਏ ਤੇ ਆਪਣਾ ਸਪੁੱਤ੍ਰ ਮਹਾਂਦੇਵ ਜੀ ਨੂੰ ਸੇਵਾ ਵਿਚ ਹਾਜਰ ਕੀਤਾ। ਗੁਰੂ ਅਰਜਨ ਸਹਿਬ ਵੀ ਬਾਬਾ ਜੀ ਦੇ ਦਰਸ਼ਨਾਂ ਨੂੰ ਆਉਂਦੇ ਜਾਂਦੇ ਰਹਿੰਦੇ ਸਨ।

ਗੁਰੂ ਨਾਨਕ ਦੇਵ ਜੀ ਦਾ ਵਰੋਸਾਇਆ ਹੋਇਆ ਤੇਜ ਤਪ ਤੇ ਬਲ ਪ੍ਰਤਾਪ ਬਾਬਾ ਗੁਰਦਿੱਤਾ ਜੀ ਨੂੰ ਦੇ ਕੇ ਨਿਵਾਜਿਆ। ਮੀਰੀ-ਪੀਰੀ ਤਾਂ ਆਪ ਪਾਸ ਹੈ ਹੁਣ ਫਕੀਰੀ ਵੀ ਆਪ ਨੂੰ ਸੌਂਪਦੇ ਹਾਂ ਤੇ ਇਸ ਤਰ੍ਹਾਂ ਉਦਾਸੀ ਵਾਲਾ ਭੇਖ ਬਾਬਾ ਗੁਰਦਿੱਤਾ ਜੀ ਨੂੰ ਬਖਸ਼ ਕੇ ਆਪਣਾ ਪ੍ਰਮੁੱਖ ਸ਼ਿਸ਼ ਬਣਾ ਦਿੱਤਾ।

ਬਾਬਾ ਸ੍ਰੀਚੰਦ ਜੀ ਗੁਰਮੁਖੀ, ਸੰਸਕ੍ਰਿਤ, ਫਾਰਸੀ, ਸੰਗੀਤ ਤੇ ਆਯੁਰਵੈਦ ਦੇ ਗਿਆਤਾ ਸਨ। ਬਾਬਾ ਸ੍ਰੀਚੰਦ ਜੀ ਦੀਆਂ ਪ੍ਰਮੁੱਖ ਬਾਣੀਆਂ ਹਨ ਆਰਤਾ, ਸਹੰਸਰਨਾਮਾ, ਗੁਰ ਗਾਇਤ੍ਰੀ ਤੇ ਮਾਤ੍ਰਾ ਬਾਣੀ। 'ਆਰਤਾ' ਵਿਚ ਗੁਰੂ ਨਾਨਕ ਦੇਵ ਜੀ ਦੀ ਉਸਤਤ ਕੀਤੀ ਗਈ ਹੈ। ਗੁਰ ਗਾਇਤ੍ਰੀ ਤੇ ਸਹੰਸਰਨਾਮਾ ਵਿਚ ਗੁਰੂ ਪਿਤਾ ਨੂੰ ਅਨੇਕ ਨਾਵਾਂ ਨਾਲ ਯਾਦ

ਕੀਤਾ ਹੈ। 'ਮਾਤ੍ਰਾ ਬਾਣੀ ਵਿਚ ਨਿਰਗੁਣ, ਸਰਗੁਣ, ਦੁੱਖ-ਸੁੱਖ, ਭਗਤੀ ਸੱਚ ਤੇ ਜੀਵਨ ਦੇ ਅਸਲੀ ਮਨੋਰਥ ਨੂੰ ਦੱਸਿਆ ਹੈ। ਬਾਬਾ ਸ੍ਰੀਚੰਦ ਜੀ ਨੇ ਆਪਣੀ 149 ਵਰ੍ਹਿਆਂ ਦੀ ਆਯੂ ਵਿਚ ਦੇਸ਼-ਦੇਸ਼ਾਂਤਰਾਂ ਦਾ ਰਟਨ ਕੀਤਾ। ਆਪਣੇ ਪਿਤਾ ਗੁਰੂ ਨਾਨਕ ਦੇਵ ਜੀ ਦੁਆਰਾ ਜਿਥੇ ਕਿਤੇ ਸੰਵਾਦ ਰਚਾਏ ਤੇ ਸੰਗਤਾਂ ਥਾਪੀਆਂ ਸਨ ਉਨ੍ਹਾਂ ਸਥਾਨਾਂ ਦੀ ਪਹਿਚਾਣ ਕੀਤੀ ਤੇ ਸੇਵਾ ਸੰਭਾਲ ਕਰਦੇ ਰਹੇ। ਬਾਬਾ ਸ੍ਰੀਚੰਦ ਜੀ ਨੇ ਆਪਣੇ ਤਪਮਈ ਅਤੇ ਪ੍ਰਤਾਪਮਈ ਜੀਵਨ ਨਾਲ ਭਾਰਤੀ ਉਪ-ਮਹਾਂਦੀਪਾਂ ਵਿਚਲੇ ਸਭਿਆਚਾਰਕ ਪਾਸਾਰਾਂ ਨੂੰ ਸ਼ਬਦ ਦੇ ਅੰਤਰਗਤ ਲਿਆਂਦਾ ਤੇ ਵੱਖ-ਵੱਖ ਰੂਹਾਨੀ ਅਨੁਭਵ ਦੀਆਂ ਪ੍ਰੰਪਰਾਵਾਂ ਨਾਲ ਸੰਵਾਦ ਰਚਾ ਕੇ ਗੁਰਬਾਣੀ ਦੀ ਲੋਅ ਨਾਲ ਸਰਸ਼ਾਰ ਕੀਤਾ।

ਗੁਰੂ ਹਰਗੋਬਿੰਦ ਸਾਹਿਬ ਦੀ ਪਹੁੰਚ ਵਿਧੀ ਨੇ ਦੋ ਇਤਿਹਾਸਕ ਕਾਰਜ ਕੀਤੇ। ਪਹਿਲਾਂ ਜਦੋਂ ਸਿੱਖ ਬਿਖੜੇ ਸਮੇਂ ਵਿਚ ਘਿਰੇ ਹੋਏ ਸਨ ਤਾਂ ਸਿੱਖੀ ਸਾਹਿਤ ਆਦਰਸ਼ਾਂ ਨੂੰ ਦੂਰ-ਦੁਰਾਡੇ ਪ੍ਰਚਾਰਨ ਦੀ ਸੇਵਾ ਸੰਭਾਲ ਵਾਸਤੇ ਇਹ ਉਦਾਸੀ ਸੰਤ ਹੀ ਮੈਦਾਨ ਵਿਚ ਨਿੱਤਰੇ। ਦੂਸਰਾ ਉਦਾਸੀ ਸੰਪ੍ਰਦਾਇ ਦਾ ਸੰਸਥਾਗਤ ਰੂਪ ਚਾਰ ਧੂਣਿਆਂ, ਛੇ ਬਖਸ਼ਿਸ਼ਾਂ ਰਾਹੀਂ ਵਿਕਾਸ ਮਾਰਗ ਤੇ ਤੁਰਿਆ। ਇਹ ਇਸ ਪ੍ਰਕਾਰ ਹੈ।

**ਚਾਰ ਧੂਣੇ :**

1. **ਅਲਮਸਤ ਜੀ:** ਆਪ ਦਾ ਜਨਮ ਸੰਮਤ 1610 ਬਿ. ਨੂੰ ਭਾਈ ਹਰਦਿੱਤ ਕੌਲ ਦੇ ਘਰ ਮਾਤਾ ਪ੍ਰਭਾ ਦੀ ਕੁਖੋਂ ਸ੍ਰੀਨਗਰ ਵਿੱਚ ਹੋਇਆ। ਬਾਬਾ ਸ੍ਰੀਚੰਦ ਜੀ ਦੀ ਸ਼ਰਨ ਗ੍ਰਹਿਣ ਕੀਤੀ ਜਿਨ੍ਹਾਂ ਨੇ ਆਪ ਦਾ ਨਾਮ ਅਲਮਸਤ ਰੱਖ ਦਿੱਤਾ। ਬਾਬਾ ਅਲਮਸਤ ਜੀ ਨੂੰ 'ਨਾਨਕ ਮਤੇ' ਦੀ ਸੇਵਾ ਸੰਭਾਲ ਹਿਤ ਮੁਖੀ ਥਾਪਿਆ ਗਿਆ। ਇਸ ਧੂਣੇ ਦੀ ਨਿਗਰਾਨੀ ਹੇਠ ਬੰਗਲਾਂ ਦੇਸ਼, ਬਿਹਾਰ, ਉੜੀਸਾ, ਉੱਤਰ ਪ੍ਰਦੇਸ਼, ਪੰਜਾਬ, ਪਾਕਿਸਤਾਨ, ਮੁਲਤਾਨ ਅਤੇ ਸਿੰਧ ਆਦਿ ਸਥਾਨਾਂ ਤੇ ਡੇਰੇ ਸਥਾਪਿਤ ਹਨ। ਇਸ ਧੂਣੇ ਦੇ ਸਾਰੇ ਮਹੰਤ ਪੀੜ੍ਹੀ ਦਰ ਪੀੜ੍ਹੀ 'ਅਲਮਸਤ' ਜੀ ਦੀ ਪੱਧਤੀ ਨਾਲ ਸੰਬੰਧਿਤ ਮੰਨੇ ਜਾਂਦੇ ਹਨ।

2. **ਬਾਲੂ ਹਸਨਾ ਜੀ:** ਆਪ ਜੀ ਅਲਮਸਤ ਜੀ ਦੇ ਛੋਟੇ ਭਰਾਤਾ ਸਨ। ਜਨਮ ਸੰਮਤ 1621 ਬਿਕਰਮੀ ਵਿੱਚ ਹੋਇਆ। ਬਚਪਨ ਦਾ ਨਾਮ ਬਾਲ ਕ੍ਰਿਸ਼ਨ ਸੀ। ਇਹ ਅਲਮਸਤ ਜੀ ਨਾਲ ਹੀ ਬਾਬਾ ਸ੍ਰੀਚੰਦ ਜੀ ਦੀ ਸੇਵਾ ਵਿਚ ਆ ਗਏ ਅਤੇ ਬਾਅਦ ਵਿਚ ਗੁਰਦਿੱਤਾ ਜੀ ਦੀ ਸੇਵਾ ਵਿਚ ਤਤਪਰ ਰਹੇ। ਰੱਬੀ ਰੰਗ ਵਿਚ ਰਤੇ ਸਦਾ ਹਸਮੁਖ ਰਹਿਣ ਕਾਰਨ ਇਨ੍ਹਾਂ ਦਾ ਨਾਮ ਬਾਲੂ ਹਸਨਾ ਜੀ ਪਿਆ। ਇਨ੍ਹਾਂ ਨੂੰ ਪੱਛਮੀ ਪੰਜਾਬ ਦਾ ਇਲਾਕਾ ਸੌਂਪਿਆ ਗਿਆ ਤੇ ਮੁਖ ਕੇਂਦਰ ਡੇਰਾ ਬਾਬਾ ਨਾਨਕ। ਮਹਾਕਵੀ ਸੰਤਰੇਣ ਏਸੇ ਪੱਧਤੀ ਦੇ ਉਦਾਸੀ ਮਹੰਤ ਸਨ। ਇਸ ਪੱਧਤੀ ਦਾ ਫੈਲਾਓ ਸਭ ਤੋਂ ਵਧੀਕ ਹੋਇਆ।

3. **ਗੋਇੰਦ ਸਾਹਿਬ ਜੀ:** ਲਾਲਾ ਜੈ ਦੇਵ ਦਾਸ ਦੇ ਘਰ ਸੰਮਤ 1626 ਨੂੰ ਕਸ਼ਮੀਰ ਵਿਚ ਆਪ ਦਾ ਜਨਮ ਹੋਇਆ। ਇਹ ਬਾਬਾ ਸ੍ਰੀਚੰਦ ਜੀ ਤੇ ਬਾਬਾ ਗੁਰਦਿੱਤਾ ਜੀ ਦੀ ਸੇਵਾ ਵਿਚ ਰਹੇ। ਗੁਰਮਤਿ ਦੇ ਪ੍ਰਚਾਰ ਹਿਤ ਦੱਖਣ ਵਿਚ ਭੇਜਿਆ। ਇਹ ਆਖਰੀ ਉਮਰ ਵਿਚ ਪੰਜਾਬ ਵਿਚ ਧਰਮ ਪ੍ਰਚਾਰ ਕਰਦੇ ਰਹੇ ਅਤੇ ਇਨ੍ਹਾਂ ਦਾ ਦਿਹਾਂਤ ਫਿਲੌਰ ਵਿਚ ਹੋਇਆ। ਸੰਗਲਾਵਾਲਾ ਅਖਾੜਾ ਅੰਮ੍ਰਿਤਸਰ ਇਨ੍ਹਾਂ ਦਾ ਮੁਖ ਕੇਂਦਰ ਸੀ।

4. **ਫੂਲ ਸਾਹਿਬ:** ਆਪ ਜੀ ਗੋਇਦ ਸਾਹਿਬ ਜੀ ਦੇ ਛੋਟੇ ਭਰਾਤਾ ਸਨ। ਆਪ ਦਾ ਜਨਮ ਸੰਮਤ 1630 ਬਿਕਰਮੀ ਨੂੰ ਹੋਇਆ। ਵੱਡੇ ਵੀਰ ਨਾਲ ਹੀ ਆਪ ਬਾਬਾ ਜੀ ਦੀ ਸ਼ਰਨ ਵਿਚ ਹਾਜਰ ਹੋਏ ਅਤੇ ਸੇਵਾ ਸਿਮਰਨ ਦੀ ਗਾਖੜੀ ਘਾਲ ਕਮਾਈ ਨਾਲ ਚੌਥੇ ਧੂਣੇ ਦੇ ਮੁਖੀ ਥਾਪੇ ਗਏ। ਹੁਸ਼ਿਆਰਪੁਰ ਜ਼ਿਲ੍ਹੇ ਦਾ ਨਗਰ ਬਹਾਦਰ ਪੁਰ ਮੁੱਖ ਕੇਂਦਰ ਬਣਿਆ। ਬਾਬਾ ਚਰਨ ਸ਼ਾਹ ਇਨ੍ਹਾਂ ਦੇ ਪ੍ਰਸਿੱਧ ਸੇਵਕ ਸਨ।

**ਛੇ ਬਖਸ਼ਿਸ਼ਾਂ**: ਗੁਰੂ ਸਾਹਿਬਾਨ ਨੇ ਗੁਰਮਤਿ ਦੇ ਪ੍ਰਚਾਰ ਕਰਨ ਲਈ ਕੁਝ ਤਪੀ ਸਾਧਕਾਂ ਤੇ ਬਖਸ਼ਿਸ਼ ਕਰਕੇ ਉਹਨਾਂ ਨੂੰ ਵਿਭਿੰਨ ਖੇਤਰਾਂ ਵਿਚ ਭੇਜਿਆ। ਉਦਾਸੀ ਸੰਪ੍ਰਦਾਇ ਦੀਆਂ ਛੇ ਬਖਸ਼ਿਸ਼ਾਂ ਪ੍ਰਸਿੱਧ ਹਨ।ਚਾਰ ਧੂਣੇ ਤੇ ਛੇ ਬਖਸ਼ਿਸ਼ਾਂ ਨੂੰ ਮਿਲਾ ਕੇ ਇਸ ਸੰਪ੍ਰਦਾਇ ਦੇ ਸਾਧੂਆਂ ਨੂੰ ਦਸ ਨਾਮੀ ਸਾਧੂ ਵੀ ਆਖਿਆ ਜਾਂਦਾ ਹੈ।

1. **ਸੁਥਰੇ ਸ਼ਾਹੀ:** ਇਸ ਦਾ ਸੰਚਾਲਕ ਸੁਥਰੇ ਸ਼ਾਹ ਸੀ। ਬਾਰਾਮੂਲਾ (ਕਸ਼ਮੀਰ) ਦੇ ਲਾਗੇ ਬਰਾਮਪੁਰ ਪਿੰਡ ਵਿਚ ਨੰਦੇ ਸ਼ਾਹ ਖੱਤਰੀ ਦੇ ਘਰ ਇਕ ਬਾਲਕ ਜੰਮਿਆ। ਉਸ ਦੇ ਮੂੰਹ ਵਿਚ ਦੰਦ ਵੇਖ ਕੇ, ਮਾਪਿਆਂ ਨੇ ਉਸਨੂੰ ਨਹਿਸ਼ ਜਾਣ ਕੇ ਕਿਸੇ ਉਜਾੜ ਵਿਚ ਸੁੱਟ ਦਿੱਤਾ। ਸ੍ਰੀ ਹਰਿਗੋਬਿੰਦ ਸਾਹਿਬ ਜੀ ਉਧਰ ਦੀ ਲੰਘੇ ਤਾਂ ਉਸ ਰੋਂਦੇ ਬੱਚੇ ਦੀ ਆਵਾਜ਼ ਸੁਣ ਕੇ ਉਸ ਪਾਸ ਗਏ। ਸੇਵਕਾਂ ਨੂੰ ਕਿਹਾ ਕਿ ਕੇਹਾ ਸੁਥਰਾ ਬਾਲ ਪਿਆ ਹੈ, ਚੁੱਕ ਕੇ ਸਾਂਭੋ ਤੇ ਪਾਲਣਾ ਦਾ ਪ੍ਰਬੰਧ ਕਰੋ। ਸੁਥਰਾ ਸ਼ਬਦ ਗੁਰੂ ਜੀ ਦੇ ਮੁਖ ਤੋਂ ਨਿਕਲਣ ਕਰਕੇ ਬਾਲ ਦਾ ਨਾਮ ਸੁਥਰਾ ਪੈ ਗਿਆ। ਇਹ ਗੁਰੂ ਘਰ ਦਾ ਵੱਡਾ ਪ੍ਰੇਮੀ ਹੋਇਆ ਤੇ ਗੁਰੂ ਹਰਿ ਰਾਇ ਸਾਹਿਬ ਦੀ ਸੇਵਾ ਵਿਚ ਵੀ ਰਿਹਾ। ਆਪ ਨੇ ਪੰਜਾਬ, ਕਸ਼ਮੀਰ ਤੇ ਬਲਖ ਬੁਖਾਰੇ ਤਕ ਸਿੱਖੀ ਦਾ ਪ੍ਰਚਾਰ ਕੀਤਾ।

2. **ਸੰਗਤ ਸਾਹਿਬੀਏ**: ਇਸ ਦੇ ਸੰਚਾਲਕ ਭਾਈ ਫੇਰੂ ਸੀ। ਆਪ ਨੂੰ ਗੁਰੂ ਹਰਿ ਰਾਏ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ ਪ੍ਰਾਪਤ ਸੀ। ਬਚਪਨ ਦਾ ਨਾਂ ਸੰਗਤ ਸੀ ਤੇ ਫੇਰੀ ਲਗਾਉਂਦੇ ਸਨ। ਇਹ ਗੁਰੂ ਹਰਿ ਰਾਇ ਜੀ ਦੇ ਸੇਵਕ ਬਣੇ ਤੇ ਆਪ ਨੂੰ ਨੱਕੇ ਦਾ ਮਸੰਦ ਥਾਪਿਆ ਗਿਆ। ਭਾਈ ਸੰਗਤ ਜੀ ਦਾ ਨਾਂ ਫੇਰੀ ਲਗਾਉਣ ਕਰਕੇ ਫੇਰੂ ਪ੍ਰਸਿੱਧ ਹੋ ਗਿਆ। ਆਪ ਨੇ ਨਾਮ ਬਾਣੀ ਤੇ ਲੰਗਰ ਦਾ ਪ੍ਰਵਾਹ ਬੜੇ ਪ੍ਰੇਮ ਨਾਲ ਜਾਰੀ ਰੱਖਿਆ। ਜਦ ਮਸੰਦਾਂ ਦੀ ਮੰਦ ਕਰਨੀ ਪੁਰ ਦਸਮੇਸ਼ ਜੀ ਨੇ ਇਹਨਾਂ ਨੂੰ ਸੋਧਣ ਦਾ ਕਾਰਜ ਕੀਤਾ ਤਾਂ ਭਾਈ ਫੇਰੂ ਨੂੰ ਵੀ ਫੜ ਕੇ ਦਰਬਾਰ ਹਾਜ਼ਰ ਕਰਨ ਲਈ ਆਖਿਆ। ਆਪ ਜੀ ਆਪਣੀ ਦਾੜ੍ਹੀ ਹੱਥ ਵਿਚ ਫੜ ਕੇ ਦਸਮ ਗੁਰੂ ਜੀ ਦੇ ਸਨਮੁੱਖ ਨਿਮਰਤਾ ਨਾਲ ਆ ਹਾਜ਼ਰ ਹੋਏ। ਆਪ ਦੀ ਸੇਵਾ ਤੇ ਨਾਮ ਕਮਾਈ ਦੇਖ ਕੇ ਆਪ ਨੂੰ 'ਸੰਗਤ ਸਾਹਿਬ ਸੱਚੀ ਦਾੜ੍ਹੀ' ਨਾਂ ਬਖਸ਼ਿਆ।

3. **ਭਗਤ ਭਗਵਾਨੀਏ:** ਇਹ ਭਗਤ ਗਿਰੀ ਨਾ ਦੇ ਸੰਨਿਆਸੀ ਮਹਾਤਮਾ ਸਨ ਅਤੇ ਹਿੰਗਲਾਜ ਦੇਵੀ ਦੇ ਭਗਤ ਸਨ। ਬੋਧ ਗਯਾ ਦੇ ਇਹ ਮਹਾਂਪੁਰਖ ਦਰਸ਼ਨ ਕਰਨ ਲਈ ਯਾਤਰਾ ਕਰ ਰਹੇ ਸਨ। ਪੰਜਾਬ ਵਿਚ ਪਹੁੰਚ ਕੇ ਇਹਨਾਂ ਨੇ ਗੁਰੂ ਮਹਿਮਾਂ ਸਰਵਣ ਕੀਤੀ ਤਾਂ ਗੁਰੂ ਹਰਿ ਰਾਏ ਸਾਹਿਬ ਦੇ ਦਰਸ਼ਨ ਕਰਕੇ ਇਹ ਗੁਰੂ ਜੀ ਦੇ ਸੇਵਕ ਬਣ ਗਏ। ਬਾਬਾ ਧਰਮ ਚੰਦ ਜੀ ਦੇ ਪੁੱਤਰ ਮਿਹਰ ਚੰਦ ਦੀ ਸੰਗਤ ਕਰਕੇ ਆਪ ਨੇ ਉਦਾਸੀ ਭੇਖ ਧਾਰਿਆ

ਤੇ ਪੂਰਬ ਵਿਚ ਗੁਰਮਤਿ ਦੇ ਪ੍ਰਚਾਰ ਲਈ ਭੇਜਿਆ। ਇਸ ਬਖਸ਼ਿਸ਼ ਦੇ ਪੂਰਬ ਵਿਚ 370 ਡੇਰੇ ਹਨ।

4. **ਮੀਹਾਂ ਸ਼ਾਹੀਏ:** ਇਹ ਗੁਰੂ ਤੇਗ ਬਹਾਦਰ ਜੀ ਦੇ ਸਿਦਕੀ ਸਿੱਖ ਸਨ ਆਪ ਨੂੰ ਗੁਰੂ ਜੀ ਤੋਂ ਬਖਸ਼ਿਸ਼ ਪ੍ਰਾਪਤ ਸੀ। ਬਾਵਾ ਸਰੂਪ ਦਾਸ ਭੱਲਾ ਅਨੁਸਾਰ ਮੀਹਾਂ ਸਾਹਿਬ ਦੀ ਘਾਲ ਕਮਾਈ ਪੁਰ ਰੀਝ ਕੇ ਇਕ ਪੁਰਾਣੇ ਦੱਖਣੀ ਬਲਦ, ਨਗਾਰੇ ਸਮੇਤ ਗੁਰੂ ਸ਼ਬਦ ਦਾ ਨਿਸ਼ਾਨ ਬਖਸ਼ਿਆ। ਸਤਿਗੁਰਾਂ ਦੀ ਚਰਨ ਛੋਹ ਨਾਲ ਪਾਵਨ ਇਕ ਖੜਾਵ ਵੀ ਭਾਈ ਸਾਹਿਬ ਨੇ ਤਬੱਰਕ ਦੇ ਤੌਰ ਤੇ ਖ਼ੁਦ ਮੰਗ ਲਈ। ਮਹੰਤ ਗਣੇਸ਼ਾ ਸਿੰਘ 'ਭਾਰਤ ਮਤ ਦਰਪਨ' ਵਿਚ ਬਖਸ਼ੀਆਂ ਵਸਤਾਂ ਦੇ ਅੰਤਰਗਤ ਆਪਣਾ ਚੋਲਾ, ਸੇਲੀ ਟੋਪੀ, ਲੋਹ ਦਾ ਜ਼ਿਕਰ ਵੀ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪ ਤੇ ਖੁਸ਼ ਹੋ ਕੇ ਇਕ ਸਿਰੀ ਸਾਹਿਬ ਤੇ ਆਪਣੀ ਦਸਤਾਰ ਦਾ ਅੱਧਾ ਹਿੱਸਾ ਵੀ ਬਖਸ਼ਿਆ ਤੇ ਮੀਹਾਂ ਸਾਹਿਬ ਦਾ ਖਿਤਾਬ ਦਿੱਤਾ।

5. **ਬਖ਼ਤ ਮੱਲੀਏ:** ਇਸ ਬਖਸ਼ਿਸ਼ ਦੇ ਮੁਖੀ ਭਾਈ ਬਖ਼ਤ ਮੱਲ ਜੀ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੋਂ ਕਾਬਲ ਦੇ ਇਲਾਕੇ ਵਿਚ ਗੁਰਮਤਿ ਪ੍ਰਚਾਰ ਤੇ ਗੁਰੂ ਘਰ ਲਈ ਉਗਰਾਹੀ ਆਦਿ ਕਰਨ ਲਈ ਨਿਯੁਕਤ ਸਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦਾਂ ਦੀ ਸੁਧਾਈ ਕੀਤੀ ਤੇ ਗੁਰੂ ਸਾਹਿਬ ਨੇ ਮੁਆਫ਼ ਕਰ ਦਿੱਤਾ ਸੀ।

6. **ਜੀਤ ਮੱਲੀਏ:** ਬੀਬੀ ਵੀਰੋ ਦੇ ਪੰਜ ਪੁੱਤਰਾਂ ਵਿਚੋਂ ਜੀਤ ਮਲ ਇਸ ਬਖਸ਼ਿਸ਼ ਦਾ ਸੰਚਾਲਕ ਸੀ। ਇਹ ਗੁਰੂ ਗੋਬਿੰਦ ਸਿੰਘ ਵੇਲੇ ਮਸੰਦ ਸਨ, ਜਿਹਨਾਂ ਨੇ ਗੁਰਮਤਿ ਦਾ ਪ੍ਰਚਾਰ ਆਪਣੇ ਆਖਰੀ ਸਮੇਂ ਤਕ ਕੀਤਾ। ਇਨ੍ਹਾਂ ਦੀ ਬਖਸ਼ਿਸ਼ ਦੇ ਸਾਧੂਆਂ ਨੂੰ ਉਦਾਸੀ ਸੰਪ੍ਰਦਾਇ ਵਿਚ ਜੀਤ ਮੱਲੀਏ ਆਖਿਆ ਜਾਦਾਂ ਹੈ।

**ਇਨ੍ਹਾਂ ਬਖਸ਼ਿਸ਼ਾਂ ਤੋਂ ਇਲਾਵਾ ਇਸ ਸੰਪ੍ਰਦਾਇ ਦੇ ਵਿਕਾਸ ਕਾਰਜ ਲਈ ਦਸ ਉਪ-ਬਖਸ਼ਿਸ਼ਾਂ ਵੀ ਹੋਂਦ ਵਿਚ ਆਈਆਂ:** 1. **ਮਾਣਕ ਚੰਦ ਤੇ ਮਿਹਰ ਚੰਦ** 2. **ਸੋਢੀ ਧੀਰ ਮਲ** 3. **ਨਿਰੰਜਨ ਰਾਇ** 4. **ਦੀਵਾਨਾ ਸਾਹਿਬ** 5. **ਕਨੈਯਾ ਸਾਹਿਬ** 6. **ਸੇਵਾ ਦਾਸ** 7. **ਰਾਮਦਾਸੀਏ** 8. **ਜਿਗਿਆਸੀ ਰਾਮ ਨਿਰਬਾਣ** 9. **ਰਾਮ ਰਾਇ** 10. **ਥਾਨ ਦਾਸ।**

ਇਨ੍ਹਾਂ ਛੇ ਬਖਸ਼ਿਸ਼ਾਂ ਤੇ ਦਸ ਉਪ ਬਖਸ਼ਿਸ਼ਾਂ ਨੇ ਪੀੜ੍ਹੀ ਦਰ ਪੀੜ੍ਹੀ ਉਦਾਸੀ ਸੰਪ੍ਰਦਾਇ ਦੇ ਮੂਲ ਸਿਧਾਂਤਾਂ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਡਾ. ਬਲਬੀਰ ਸਿੰਘ ਨੇ 'ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਇਨ੍ਹਾਂ ਦੇ ਆਸ਼ਰਮਾਂ ਦੀ ਗਿਣਤੀ ਤੇ ਮੁਖ ਕੇਂਦਰਾਂ ਦਾ ਵੇਰਵਾ ਇਸ ਪ੍ਰਕਾਰ ਦਿੱਤਾ ਹੈ: ਆਸ਼ਰਮਾਂ ਦੀ ਗਿਣਤੀ: ਬਾਲੂ ਹਸਨਾਂ-403, ਅਲਮਸਤ-176, ਫੂਲ ਸਾਹਿਬ-86, ਮੀਹਾਂ ਸਾਹਿਬ-232, ਭਗਤ ਭਗਵਾਨੀਏ-383, ਸੁਥਰੇ ਸ਼ਾਹੀ-8, ਦੀਵਾਨਾ ਸਾਹਿਬ-20

**ਮੁੱਖ ਕੇਂਦਰ:** ਬ੍ਰਹਮ ਬੂਟਾ ਅਖਾੜਾ, ਸੰਗਲ ਵਾਲਾ ਅਖਾੜਾ (ਅੰਮ੍ਰਿਤਸਰ), ਡੇਰਾ ਬਾਬਾ ਜੌੜਿਆਂ ਵਾਲਾ ਫੇਰੂਮਾਨ (ਬਿਆਸ), ਰਾਣੋ ਪਾਲੀ (ਅਯੁੱਧਿਆ), ਵੇਦ ਮੰਦਿਰ (ਅਹਿਮਦਾਬਾਦ), ਬੜਾ ਅਖਾੜਾ (ਇਲਾਹਾਬਾਦ), ਬੜਾ ਅਖਾੜਾ- ਨਯਾ ਅਖਾੜਾ, ਗੁਰੂ ਮੰਡਲ, ਗੰਗੇਸ਼ਵਰਧਾਮ (ਹਰਿਦੁਆਰ), ਬਹਾਦਰਪੁਰ (ਹੁਸ਼ਿਆਰਪੁਰ), ਦਰਬਾਰ ਬਾਬਾ ਰਾਮ ਰਾਇ ਸਾਹਿਬ (ਦੇਹਰਾਦੂਨ), ਹਰੀ ਹਰ ਧਾਮ (ਦਿੱਲੀ), ਸਾਧੂ ਬੇਲਾ (ਬਨਾਰਸ,

ਬੰਬਈ), ਬਾਗ਼ ਬਾਬਾ ਹਜ਼ਾਰਾ (ਲਖਨਊ) ਆਦਿ।


ਉਦਾਸੀ ਸਾਧੂਆਂ ਦੇ ਪ੍ਰਚਾਰ ਸਦਕਾ ਗੁਰਬਾਣੀ ਤੇ ਸਿੱਖ ਧਰਮ ਪੰਜਾਬ ਤੇ ਪੰਜਾਬ ਤੋਂ ਬਾਹਰ ਭਾਰਤ ਵਿਚ ਦੂਰ-ਦੂਰ ਤਕ ਫੈਲਿਆ। ਧਰਮ ਦਾ ਪ੍ਰਚਾਰ ਕੇਵਲ ਜ਼ਬਾਨੀ ਹੀ ਨਹੀਂ ਕੀਤਾ, ਸਗੋਂ ਲਿਖਤਾਂ ਰਾਹੀਂ ਵੀ ਗੁਰੂ ਘਰ ਦੀ ਬੇਅੰਤ ਸੇਵਾ ਕੀਤੀ। ਇਨ੍ਹਾਂ ਸਾਧੂਆਂ ਨੇ ਗੁਰਮੁਖੀ ਲਿਪੀ ਤੇ ਪੰਜਾਬੀ ਭਾਸ਼ਾ ਦਾ ਵੀ ਪ੍ਰਚਾਰ ਕੀਤਾ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸ਼ਰਧਾਲੂ ਉਦਾਸੀ ਸਾਧੂ ਬਾਬਾ ਗੁਰਦਾਸ ਦੱਖਣੀ ਜੀ ਨੇ ਗੁਰੂ ਜੀ ਦੇ ਆਦੇਸ਼ ਅਨੁਸਾਰ ਲਾਹੌਰ ਵਿਖੇ ਗੁਰਮੁਖੀ ਦਾ ਪ੍ਰਚਾਰ ਕੀਤਾ। ਸੇਵਾ ਪੰਥੀ ਭਾਈ ਅੱਡਣ ਸ਼ਾਹ ਇਨ੍ਹਾਂ ਦੇ ਸ਼ਿਸ਼ ਸਨ। ਸਰਕਾਰੀ ਵਿਦਿੱਅਕ ਅਦਾਰਿਆਂ ਦੀ ਅਣਹੋਂਦ ਵਾਲੇ ਸਮੇਂ ਵਿਚ ਇਹਨਾਂ ਸਾਧੂਆਂ ਨੇ ਪਿੰਡਾਂ-ਸ਼ਹਿਰਾਂ ਵਿਚ ਲੋਕਾਂ ਨੂੰ ਗੁਰਮੁਖੀ ਸਿਖਾ ਕੇ ਸ਼ੁਧ ਬਾਣੀ ਪੜ੍ਹਨ ਦੀ ਸਿੱਖਿਆ ਦਿੱਤੀ। ਇਸ ਖੇਤਰ ਵਿਚ ਜਿਥੇ ਸੁਥਰਾ ਜੀ, ਭਾਈ ਫੇਰੂ, ਬਖਤ ਮੱਲ, ਲਾਲ ਦਾਸ ਦਰਿਆਈ, ਜਾਦੋ ਰਾਈ, ਬਾਬਾ ਦਿਆਲ ਦਾਸ ਅਨੇਮੀ, ਸੰਤ ਰੇਣ ਤੇ ਟਹਿਲ ਦਾਸ ਉਦਾਸੀ ਵਰਗੇ ਕਵੀ ਸਨ, ਉਥੇ ਸਾਧੂ ਆਨੰਦ ਘਨ, ਸਾਧੂ ਸਦਾ ਨੰਦ ਜਿਹੇ ਗੁਰਬਾਣੀ ਟੀਕਾਕਾਰ ਵੀ ਪ੍ਰਸਿੱਧ ਸਨ। ਇਸ ਤੋਂ ਇਲਾਵਾ ਗੁਰਮਤਿ ਸਿਧਾਂਤਾਂ ਨੂੰ ਲਿਖਤਾਂ ਵਿਚ ਉਜਾਗਰ ਕਰਨ ਵਿਚ ਰਤਨ ਹਰਿ ਉਦਾਸੀ, ਅਮੀਰ ਦਾਸ, ਸ਼ਿਵ ਰਾਮ ਚਕ੍ਰਵਰਤੀ, ਬਾਬਾ ਬਿਸ਼ਨ ਦਾਸ ਉਦਾਸੀ ਦੀ ਅਹਿਮ ਭੂਮਿਕਾ ਰਹੀ ਹੈ।

ਉਦਾਸੀ ਮਹਾਂਪੁਰਖਾਂ ਨੇ ਸਿੱਖ ਗੁਰੂ ਸਾਹਿਬਾਨ ਤੇ ਸਿੱਖ ਧਰਮ ਦੀ ਬੜੀ ਨਿਸ਼ਕਾਮ ਸੇਵਾ ਕੀਤੀ। ਸੰਤ ਕ੍ਰਿਪਾਲ ਦਾਸ ਨੇ ਭੰਗਾਣੀ ਦੇ ਯੁੱਧ ਵਿਚ ਹਯਾਤ ਖਾਂ ਨੂੰ ਮਾਰਿਆ। ਸਾਧੂ ਗੁਰਬਖਸ਼ ਰਾਏ ਨੇ 'ਸੀਸ ਗੰਜ' ਸਾਹਿਬ ਦਿੱਲੀ ਤੇ ਤਖ਼ਤ ਕੇਸਗੜ੍ਹ ਦੀ ਸੇਵਾ ਕੀਤੀ। ਮਹੰਤ ਈਸ਼ਰ ਦਾਸ ਨੇ ਸਚਖੰਡ ਨੰਦੇੜ ਵਿਖੇ ਕਈ ਖ਼ਤਰੇ ਸਹਾਰ ਕੇ 18 ਸਾਲ ਸੇਵਾ ਕੀਤੀ। ਆਪ ਮਗਰੋਂ ਗੋਪਾਲ ਦਾਸ ਤੇ ਗੁਰਸ਼ਰਨ ਦਾਸ ਉਦਾਸੀ ਨੇ ਇਸ ਸਥਾਨ ਦੀ ਸੇਵਾ ਨਿਭਾਈ। ਜਦੋਂ ਖ਼ਾਲਸਾ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਮੁਗ਼ਲ ਸਾਮਰਾਜ ਨਾਲ ਜੂਝ ਰਿਹਾ ਸੀ, ਸਿੱਖਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ, ਸ਼ਰੇਆਮ ਉਹਨਾਂ ਨੂੰ ਕਤਲ ਕੀਤਾ ਜਾ ਰਿਹਾ ਸੀ ਤਾਂ ਉਹ ਜੰਗਲਾਂ ਪਹਾੜਾਂ ਵਿਚ ਜਾ ਕੇ ਪਨਾਹ ਲੈਣ ਲਈ ਮਜਬੂਰ ਹੋਏ ਅਤੇ ਸੰਗਠਤ ਹੋਣ ਲਈ ਉਪਰਾਲੇ ਕਰਨ ਲੱਗੇ। ਉਦਾਸੀ ਸਾਧੂ ਪ੍ਰੀਤਮ ਦਾਸ ਨਿਰਬਾਣ ਤੇ ਸਾਧੂ ਸੰਤੋਖ ਦਾਸ ਜੀ ਨੇ ਰਾਵੀ ਤੋਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਹੰਸਲੀ ਲਿਆਉਣ ਦਾ ਸ਼ੁਭ ਕਾਰਜ ਬੜੇ ਪ੍ਰੇਮ ਤੇ ਸੇਵਾ ਦੀ ਭਾਵਨਾ ਨਾਲ ਕੀਤਾ ਜੋ ਕਿ ਇਤਿਹਾਸ ਵਿਚ ਮਹਾਨ ਦੇਣ ਹੈ। ਮਿਸਲਾਂ ਸਮੇਂ, ਸਿੱਖ ਸਰਦਾਰਾਂ ਅਤੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਖੁਲ੍ਹੇ ਦਿਲ ਨਾਲ ਜਾਗੀਰਾਂ ਦਿੱਤੀਆਂ ਜੋ ਇਸ ਸੰਪ੍ਰਦਾਇ ਦੇ ਵਿਕਾਸ ਕਰਨ ਹਿਤ ਸਹਾਈ ਹੋਈਆਂ।

ਵਿਕਾਸ ਪ੍ਰੰਪਰਾ ਦਾ ਅਗਲਾ ਪੜਾਅ ਉਦਾਸੀ ਸੰਪ੍ਰਦਾਇ ਦੀਆਂ ਦੇਸ਼ ਦੇਸ਼ਾਂਤਰ ਵਿਚ ਸਥਾਪਤ ਵਿਭਿੰਨ ਪੱਧਤੀਆਂ ਦੇ ਕੇਂਦਰਾਂ ਵਿਚ ਤਾਲਮੇਲ ਲਈ ਸਾਂਝੇ ਕੇਂਦਰ ਦੀ ਸਥਾਪਨਾ ਹੈ। ਮਹੰਤ ਪ੍ਰੀਤਮ ਦਾਸ ਜੀ ਨਿਰਬਾਣ ਨੇ ਇਨ੍ਹਾਂ ਵਿਭਿੰਨ ਪੱਧਤੀਆਂ ਨੂੰ ਇਕ ਸੂਤਰ ਵਿਚ ਪਰੋਣ ਦਾ ਬੀੜਾ ਚੁੱਕਿਆ। ਉਨ੍ਹਾਂ ਤਤਕਾਲੀਨ ਮੁਖੀ ਮਹੰਤਾਂ ਦਾ ਇੱਕਠ ਕਰਕੇ ਆਪਸੀ ਵਿਚਾਰ ਵਟਾਂਦਰੇ ਉਪਰੰਤ 'ਉਦਾਸੀਨ ਪੰਚਾਇਤੀ ਅਖਾੜਾ' ਨਾਮ ਦੀ ਸੰਸਥਾ ਹੋਂਦ ਵਿਚ

ਲਿਆਂਦੀ ਜਿਸ ਦਾ ਮੁਖ ਕੇਂਦਰ 'ਪ੍ਰਯਾਗ' ਬਣਿਆਂ। ਇਸ ਸੰਸਥਾਂ ਨੇ ਉਦਾਸੀ ਡੇਰਿਆਂ ਦੀ ਸੰਪਤੀ ਦੀ ਸੁਰੱਖਿਆ, ਯਾਤਰੂਆਂ, ਸਾਧੂਆਂ ਦੀ ਰਿਹਾਇਸ਼, ਲੰਗਰ ਪ੍ਰਬੰਧ, ਸਾਂਝੇ ਸਮਾਗਮਾਂ ਦਾ ਪ੍ਰਬੰਧ, ਅਖਾੜਿਆਂ ਤੋਂ ਵੱਖਰੇ ਡੇਰਿਆਂ ਵਿਚ ਮਹੰਤ ਥਾਪਣ ਦਾ ਕਾਰਜ ਅਤੇ ਉਨ੍ਹਾਂ ਦੀ ਨਿਗਰਾਨੀ ਦੀ ਜ਼ਿੰਮੇਵਾਰੀ ਲਈ। 1896 ਬਿਕਰਮੀ ਸੰਮਤ ਤੋਂ ਗੁਰੂ ਸੰਗਤ ਸਾਹਿਬ ਨਾਲ ਸੰਬੰਧਿਤ ਮਹੰਤ ਸੰਤੋਖ ਦਾਸ ਆਦਿਕ ਦੇ ਮਤਭੇਦ ਪੈਦਾ ਹੋ ਗਏ। ਜਿਸ ਦੇ ਫਲਸਰੂਪ 'ਉਦਾਸੀਨ ਪੰਚਾਇਤੀ ਨਯਾ ਅਖਾੜਾ' ਹੋਂਦ ਵਿਚ ਆਇਆ। ਇਸ ਸੰਸਥਾਂ ਵਿੱਚ ਵੀ ਬਹੁਤ ਸਾਰੇ ਉਦਾਸੀ ਅਖਾੜੇ ਤੇ ਡੇਰੇ ਸ਼ਾਮਿਲ ਹਨ।

ਅਜੋਕੇ ਦੌਰ ਵਿਚ ਸਿੱਖ ਪੰਥ ਦੀ ਸਮਾਜਿਕ ਉਲਝੀ ਸਥਿਤੀ ਕਾਰਨ ਉਦਾਸੀ ਸੰਪ੍ਰਦਾਇ ਨੂੰ ਸਾਰਥਕ ਹੁੰਗਾਰਾ ਨਹੀਂ ਮਿਲ ਸਕਿਆ, ਜਿਸ ਕਰਕੇ ਇਸ ਦੀ ਅਧਿਆਤਮਕ-ਇਕਸੁਰਤਾ, ਇਤਿਹਾਸਕ ਸੰਤੁਲਨ, ਗਿਆਨ ਅਤੇ ਸ਼ਬਦ 'ਚ ਉਜਾਗਰ ਹੁੰਦਾ ਵਿਸ਼ਵ ਵਿਆਪੀ ਰੂਹਾਨੀ ਭਾਈਚਾਰਾ ਪ੍ਰਗਟ ਨਹੀਂ ਹੋ ਸਕਿਆ। ਬਾਬਾ ਸ੍ਰੀਚੰਦ ਜੀ ਦੀ ਸੇਵਾ, ਮਨੁੱਖਤਾ ਦੀ ਭਲਾਈ, ਤਪ, ਤਿਆਗ ਤੇ ਕੁਰਬਾਨੀ ਹਮੇਸ਼ਾ ਲਈ ਸੰਸਾਰ ਵਿਚ ਚਾਨਣ ਮੁਨਾਰੇ ਵਾਂਗ ਮਾਰਗ ਦਰਸ਼ਨ ਕਰਦੀ ਰਹੇਗੀ।



**ਜਸਕੀਤ ਸਿੰਘ, ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਪੀ. ਐਚ. ਡੀ ਖੋਜਾਰਥੀ ਹਨ। ਉਨ੍ਹਾਂ ਦੀ ਖੋਜ ਖੇਤਰ ਉਦਾਸੀ ਸੰਪਰਦਾ ਅਤੇ ਉਸਦੀ ਸਿੱਖ ਪੰਥ ਨੂੰ ਦੇਣ ਹੈ। ਆਪ ਜੀ ਲੰਬਾ ਸਮਾਂ ਉਦਾਸੀ ਡੇਰਿਆਂ ਅਤੇ ਸਾਧੂਆਂ ਵਿੱਚ ਵਿਚਰ ਕੇ ਸਿਦਕ ਨਾਲ ਖੋਜ ਕਰਦੇ ਰਹੇ ਹਨ। ਉਨ੍ਹਾਂ ਦੀ ਖੋਜ ਉਦਾਸੀ ਸਿੱਖਾਂ ਉਪਰ ਨਵੀਂ ਰੌਸ਼ਨੀ ਪਾਵੇਗੀ ਅਤੇ ਇੱਕ ਅਣਗੌਲੇ ਇਤਿਹਾਸ ਨੂੰ ਉਜਾਗਰ ਕਰੇਗੀ। ਉਨ੍ਹਾਂ ਨਾਲ ਈਮੇਲ** jaskeet6@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਉਦਾਸੀਆਂ ਦੀ ਸਿੱਖ ਪੰਥ ਨੂੰ ਵਡਮੁੱਲੀ ਦੇਣ

## ਦਿਲਸ਼ੇਰ ਸਿੰਘ

ਗੁਰੂ ਨਾਨਕ ਸਾਹਿਬ ਦੇ ਦੇਸ਼ ਦੇਸ਼ਾਂਤਰਾਂ ਦੀਆਂ ਯਾਦਗਾਰਾਂ ਦੀ ਸੰਭਾਲ ਦੀ ਜ਼ਿੰਮੇਵਾਰੀ ਉਦਾਸੀਆਂ ਪਾਸ ਰਹੀਆਂ ਹਨ। ਆਪ ਸੰਗਤਾਂ ਨੂੰ ਗੁਰਮੁਖੀ ਅੱਖਰਾਂ ਦਾ ਬੋਧ ਕਰਵਾ ਕੇ ਨਾਮਦਾਨ ਬਖਸ਼ਦੇ ਅਤੇ ਹਿਕਮਤ ਦੀ ਜਾਣਕਾਰੀ ਹੋਣ ਕਰਕੇ ਮਨ ਦੇ ਨਾਲ-ਨਾਲ ਤਨ ਦੇ ਰੋਗ ਵੀ ਨਵਿਰਤ ਕਰਦੇ ਸਨ। ਉਦਾਸੀਆਂ ਦੇ ਪ੍ਰਚਾਰਕ ਕੇਂਦਰਾਂ ਨੂੰ ਅਖਾੜੇ ਕਹਿੰਦੇ ਹਨ। ਕੁਝ ਉਦਾਸੀ ਅਖਾੜਿਆਂ ਵਿੱਚ ਨਿਵਾਸ ਕਰਦੇ ਹਨ ਅਤੇ ਬਹੁਤੇ ਚੱਕਰਵਰਤੀ ਹੁੰਦੇ ਹਨ। ਇਨ੍ਹਾਂ ਦਾ ਲਿਬਾਸ ਗੇਰੂਆ ਅਤੇ ਸਿਰ ਪਰ ਦਸਤਾਰ ਜਾਂ ਸੇਲੀ ਟੋਪੀ ਧਾਰਨ ਕਰਦੇ ਹਨ। ਸੰਗਵਾਲੇ ਉਦਾਸੀ ਸਾਧੂ ਲੱਕ ਉਪਰ ਸੰਗਲ ਵੀ ਪਹਿਨਦੇ ਹਨ। ਇਹ ਲੰਗੋਟ ਜਾਂ ਚਾਦਰਾ ਵੀ ਪਹਿਨਦੇ ਹਨ। ਹੱਥ ਵਿੱਚ ਬੈਰਾਗਣ ਅਤੇ ਕੁੰਭ (ਲੋਟਾ) ਧਾਰਦੇ ਹਨ। ਇਹ ਆਪਣਾ ਜੀਵਨ ਸਿਮਰਨ ਅਤੇ ਤਿਆਗ ਵਿਚ ਗੁਜ਼ਾਰਦੇ ਹਨ। ਇਨ੍ਹਾਂ ਦਾ ਗੁਰਮੰਤਰ "ਸਤਿਨਾਮ" ਹੁੰਦਾ ਹੈ।

ਬਾਬਾ ਗੁਰਦਿੱਤਾ ਜੀ ਨੇ 4 ਵੱਡੇ ਕੇਂਦਰ ਸਥਾਪਿਤ ਕੀਤੇ ਜਿਨ੍ਹਾਂ ਨੂੰ ਧੂਣੇ ਕਿਹਾ ਜਾਂਦਾ ਹੈ, ਜਿਨ੍ਹਾਂ ਉਪਰ ਉਨ੍ਹਾਂ ਨੇ ਬਾਲੂ ਹਸਨ, ਗੋਂਦਾ, ਅਲਮਸਤ ਅਤੇ ਫੂਲ ਜੀ ਨੂੰ ਸੁਸ਼ੋਭਿਤ ਕੀਤਾ ਸੀ। ਸਿੱਖੀ ਵਿੱਚ ਜੋਤਿ ਅਤੇ ਜੁਗਤਿ ਦੋ ਵੱਡੇ ਸਿਧਾਂਤ ਹਨ। ਜੇ ਜੋਤ ਗੁਰਗੱਦੀ ਵਿੱਚ ਬਿਰਾਜਮਾਨ ਸੀ ਤਾਂ ਜੁਗਤਿ ਉਦਾਸੀਆਂ ਪਾਸ ਆਈ। ਅਠਾਰਵੀਂ ਸਦੀ ਦੇ ਪਰਖ ਦੇ ਔਖੇ ਵੇਲੇ ਉਦਾਸੀਆਂ (ਦੇਖੋ ਜਸਵੰਤ ਸਿੰਘ ਨੇਕੀ ਦਾ ਲੇਖ ਜੋਤ ਅਤੇ ਜੁਗਤਿ, ਸਦਾ ਵਿਗਾਸ ਵਿਚ) ਨੇ ਹੀ ਸਿੱਖ ਪ੍ਰੰਪਰਾ ਨੂੰ ਸੁਰਜੀਤ ਰੱਖਿਆ। ਗੁਰਬਾਣੀ ਅਤੇ ਗੁਰਮੁਖੀ ਲਿੱਪੀ ਦੀ ਪੜ੍ਹਾਈ ਜਿਊਂਦੀ ਰੱਖੀ। ਇਨ੍ਹਾਂ ਸਦਕਾਂ ਹੀ ਉਨ੍ਹਾਂ ਵੇਲਿਆਂ ਵਿੱਚ ਮੁਗਲਾਂ ਦੇ ਧੜਾ-ਧੜ ਸਿੱਖਾਂ ਦੇ ਕਤਲ ਤੋਂ ਬਾਅਦ ਵੀ ਸਿੱਖਾਂ ਦੀ ਕਤਾਰ ਕਾਇਮ ਰਹੀ। ਹਰਿਮੰਦਰ ਸਾਹਿਬ ਅਤੇ ਹੋਰ ਅਸਥਾਨਾਂ ਤੇ ਵੀ ਇਹੀ ਜੋਤ ਜਗਾਉਣ ਦਾ ਕੰਮ ਕਰਦੇ ਰਹੇ। ਬਾਕੂ, ਤਾਸ਼ਕੰਤ ਅਤੇ ਈਰਾਨ ਵਿੱਚ ਪੁਰਾਣੀਆਂ ਧਰਮਸ਼ਾਲਾਵਾਂ ਹੁਣ ਪੁਰਾਤਤਵ ਖੁਦਾਈ ਵੇਲੇ ਮੁੜ ਤੋਂ ਪ੍ਰਗਟ ਹੋ ਰਹੀਆਂ ਹਨ। ਇਹ ਸਭ ਇਨ੍ਹਾਂ ਦੇ ਦ੍ਰਿੜ ਨਿਸ਼ਚੇ ਦਾ ਸਦਕਾ ਸਨ। ਇਹ ਕੁੰਭ ਅਤੇ ਭਾਰਤ ਦੇ ਹੋਰ ਪ੍ਰਸਿੱਧ ਮੇਲਿਆਂ ਉਪਰ ਜਾ ਕੇ 'ਸਤਿਨਾਮ' ਦਾ ਚੱਕਰ ਫੇਰਦੇ ਰਹੇ। ਭਾਵੇਂ ਸਿੱਖੀ ਵਿੱਚ ਹੋਰ ਧਾਰਾਵਾਂ ਵੀ ਫੁੱਟੀਆਂ ਜਿਵੇਂ ਕਿ ਮੀਣੇ, ਰਾਮ ਰਈਏ ਅਤੇ ਧੀਰਮੱਲੀਏ, ਨਿਰੰਕਾਰੀਏ ਜੋ ਕਿ ਆਪਣੀ ਆਜ਼ਾਦ ਹਸਤੀ ਪੈਦਾ ਕਰ ਇਸ ਤੋਂ ਬਹੁਤ ਦੂਰ ਹੋ ਗਏ ਪਰ ਉਦਾਸੀਆਂ ਨੇ ਸਿੱਖੀ ਦਾ ਪੂਰਾ ਸਾਥ ਦਿੱਤਾ।

ਉਦਾਸੀਆਂ ਦਾ ਸਿੱਖੀ ਨੂੰ ਰੂਪ ਅਤੇ ਕਲਾ ਦੇਣ ਵਿਚ ਬਹੁਤ ਯੋਗਦਾਨ ਹੈ। ਜਦੋਂ ਅਬਦਾਲੀ ਦੇ ਹਮਲੇ ਤੋਂ ਬਾਅਦ ਹਰਿਮੰਦਿਰ ਸਾਹਿਬ ਦੀ ਮੁੜ ਤੋਂ ਉਸਾਰੀ ਦਾ ਕੰਮ ਆਰੰਭ ਹੋਇਆ ਤਾਂ ਇਸਦੀ ਰੂਪਰੇਖਾ ਅਤੇ ਕਲਾਕੌਸ਼ਲ ਦੀ ਮੂਰਤ ਸਜਾਉਣ ਦਾ ਕੰਮ ਉਦਾਸੀਆਂ ਨੇ ਕੀਤਾ। ਫਿਰ ਮਹਾਰਾਜਾ ਰਣਜੀਤ ਸਿੰਘ ਵੇਲੇ ਜਦੋਂ ਸਰੋਵਰਾਂ ਦੀ ਭਰਾਈ ਦੀ ਲੋੜ ਪਈ ਤਾਂ ਬਾਬਾ ਸੰਤੋਖ ਦਾਸ ਉਦਾਸੀ ਨੇ ਮਾਧੋਪੁਰ ਕੋਲੋਂ ਦੁਆਬੇ ਦੇ ਸਰਦਾਰਾਂ ਨੂੰ ਪ੍ਰੇਰ ਕੇ ਇਕ ਹੰਸਲੀ ਦੀ ਸੇਵਾ ਕਰਵਾਈ ਜਿਸ ਨਾਲ ਸਰੋਵਰ ਸਾਰੇ ਸਾਲ ਭਰਿਆ

ਰਹਿੰਦਾ ਸੀ। ਗੁਰਮੁਖੀ ਦੀ ਵਿਦਿਆ ਅਤੇ 'ਗਿਆਨੀ' ਤਿਆਰ ਕਰਨ ਵਿਚ ਇਨ੍ਹਾਂ ਦਾ ਯੋਗਦਾਨ ਹੈ। ਸਵਾਮੀ ਆਨੰਦਘਨ ਜੀ ਨੇ ਨਾਨਕ ਬਾਣੀ ਦਾ ਟੀਕਾ ਕੀਤਾ ਜੋ ਕਿ ਗੁਰਬਾਣੀ ਦੀ ਵਿਆਖਿਆ ਪ੍ਰਣਾਲੀ ਵਿੱਚ ਇੱਕ ਅਨੋਖਾ ਭਾਗ ਹੈ। ਬਾਬਾ ਸ੍ਰੀਚੰਦ ਜੀ ਨੇ ਖੁਦ ਮਾਤ੍ਰਾ ਸਾਹਿਬ ਰਚਿਆ ਅਤੇ ਉਦਾਸੀ ਭੇਖ ਅਤੇ ਵਿਸ਼ਵਾਸ਼ ਦੀ ਵਿਆਖਿਆ ਕੀਤੀ। ਸਵਾਮੀ ਬ੍ਰਹਮ ਦੇਵ ਜੀ ਨੇ ਮਾਤ੍ਰਾ ਸਾਹਿਬ ਦੀ ਅਧਿਆਤਮਿਕ ਵਿਆਖਿਆ ਕਰਕੇ ਉਸੇ ਉਦਾਸੀ ਵਿਆਖਿਆ ਪ੍ਰਣਾਲੀ ਨੂੰ ਅੱਗੇ ਤੋਰਿਆ।

ਵੀਹਵੀਂ ਸਦੀ ਦੇ ਸ਼ੁਰੂ ਵਿੱਚ ਸਿੱਖਾਂ ਵਿਚ ਸੁਧਾਰਵਾਦੀ ਅਤੇ ਸੱਤਵਾਦੀ ਲਹਿਰਾਂ ਚੱਲਣ ਨਾਲ ਉਦਾਸੀਆਂ ਅਤੇ ਸਾਰੀਆਂ ਪੁਰਾਤਨ ਰੀਤਾਂ ਨੂੰ ਘ੍ਰਿਣਾ ਅਤੇ ਸ਼ੁੱਧਵਾਦੀ ਨਜ਼ਰਾਂ ਨਾਲ ਵੇਖਿਆ ਜਾਣ ਲੱਗਿਆ, ਜਿਸਦਾ ਸਦਕਾ ਇਨ੍ਹਾਂ ਕੋਲੋਂ ਗੁਰਦਵਾਰਿਆਂ ਦਾ ਪ੍ਰਬੰਧ ਖੋਹ ਲਿਆ ਗਿਆ ਅਤੇ ਇਨ੍ਹਾਂ ਦੇ ਪੂਜਾ ਦੇ ਢੰਗਾਂ ਨੂੰ ਨਕਾਰ ਦਿੱਤਾ ਗਿਆ। ਇਥੇ ਹੀ ਨਹੀਂ ਇਨ੍ਹਾਂ ਨੂੰ ਸਿੱਖ ਪੰਥ ਦੇ ਅੰਗ ਵਜੋਂ ਵੀ ਮਾਨਤਾ ਘੱਟ ਹੀ ਪ੍ਰਾਪਤ ਹੋਈ, ਜਿਸ ਕਰਕੇ ਇਹ ਸਨਾਤਨ ਪ੍ਰੰਪਰਾ ਵਿੱਚ ਪ੍ਰਵੇਸ਼ ਕਰਨ ਲਈ ਮਜ਼ਬੂਰ ਹੋ ਗਏ।

ਇਸ ਅਣਗਹਿਲੀ ਨੂੰ ਦੂਰ ਕਰਕੇ ਸਾਰੇ ਨਾਨਕ ਪੰਥੀਆਂ (ਉਦਾਸੀ, ਨਿਰਮਲੇ, ਸੇਵਾਪੰਥੀ ਅਤੇ ਨਿਹੰਗਾਂ) ਨੂੰ ਇਕੱਠੇ ਹੋ ਕੇ ਸਿੱਖੀ ਨੂੰ ਮੁੜ ਸੁਰਜੀਤ ਕਰਨ ਅਤੇ 'ਸਤਿਨਾਮ' ਦੇ ਪ੍ਰਚਾਰ ਵਿੱਚ ਵੱਧ ਚੜ੍ਹ ਕੇ ਹਿਸਾ ਲੈਣ ਦੀ ਲੋੜ ਹੈ।

**ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥**

**–ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ** 1185



**ਦਿਲਸ਼ੇਰ ਸਿੰਘ ਸਿੱਖ ਪੰਥ ਦੇ ਭਵਿੱਖ ਦਾ ਚਿੰਤਕ ਹੈ। ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਖੋਜਾਰਥੀ ਵਿਦਿਆਰਥੀ ਹੈ। ਉਸ ਨੇ ਜਵਾਨੀ ਵਿੱਚ ਹੀ ਸੰਜੀਦਾ ਚਿੰਤਕਾਂ ਨਾਲ ਉਠਣ ਬੈਠਣ ਦਾ ਸ਼ੌਕ ਪਾਲਿਆ ਹੋਇਆ ਹੈ। ਆਪਣੇ ਖੋਜ ਖੇਤਰ ਤੋਂ ਇਲਾਵਾ ਉਹ ਧਾਰਮਿਕ ਅਤੇ ਇਤਿਹਾਸਕ ਸਾਹਿਤ ਵਿੱਚ ਪੂਰੀ ਦਿਲਚਸਪੀ ਰੱਖਦਾ ਹੈ। ਬਾਕਮਾਲ ਯਾਦਾਸ਼ਤ ਦਾ ਮਾਲਕ ਸਿੱਖ ਸ਼ਖਸ਼ੀਅਤਾਂ ਦੇ ਜੀਵਨ ਬਾਰੇ ਚਲਦਾ ਫਿਰਦਾ ਇਨਸਾਇਕਲੋਪੀਡੀਆ ਹੈ। ਇਸ ਨੌਜਵਾਨ ਖੋਜੀ ਨਾਲ** dilshertiwana96@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਉਦਾਸੀ ਅਤੇ ਵਣਜਾਰੇ ਸਿੱਖਾਂ ਦਾ ਅਣਗੌਲਿਆ ਸਾਂਝਾ ਸਥਾਨ: ਸਾਵਰਦਾ ਸਾਹਿਬ, ਰਾਜਸਥਾਨ

**ਕਸ਼ਮੀਰ ਸਿੰਘ**

ਸਿੱਖ ਪੰਥ ਦੇ ਸਿਰਜਣਹਾਰ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਗੁਰਮਤਿ ਦਾ ਮਾਰਗ ਦ੍ਰਿੜ ਕਰਵਾਉਣ ਲਈ ਬਹੁਤ ਲੰਮੀਆਂ ਯਾਤਰਾਵਾਂ ਕੀਤੀਆਂ। ਇਹਨਾਂ ਯਾਤਰਾਵਾਂ ਨੂੰ ਸਿੱਖ ਪੰਥ ਵਿੱਚ ਉਦਾਸੀਆਂ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਇਹਨਾਂ ਉਦਾਸੀਆਂ ਦੌਰਾਨ ਗੁਰੂ ਸਾਹਿਬ ਜੀ ਅਣਗਿਣਤ ਥਾਵਾਂ 'ਤੇ ਗਏ ਸਨ। ਬਹੁਤ ਸਾਰੀਆਂ ਥਾਵਾਂ 'ਤੇ ਉਥੋਂ ਦੇ ਨਿਵਾਸੀਆਂ ਨੇ ਉਹਨਾਂ ਦੀ ਯਾਦ ਸਥਾਪਤ ਕੀਤੀ ਹੋਈ ਹੈ। ਗੁਰੂ ਸਾਹਿਬ ਜੀ ਜਿਸ-ਜਿਸ ਸਥਾਨ 'ਤੇ ਗਏ ਉਥੇ ਉਹਨਾਂ ਨੇ ਉਥੋਂ ਦੇ ਨਿਵਾਸੀਆਂ ਵਿੱਚ ਸੰਗਤ ਦੀ ਸਥਾਪਨਾ ਕੀਤੀ ਸੀ। ਸੰਗਤ ਰਾਹੀਂ ਲੋਕਾਂ ਨੂੰ ਰੱਬ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿੱਤੀ ਸੀ। ਗੁਰੂ-ਕਾਲ ਦੌਰਾਨ ਹੀ ਗੁਰਮਤਿ ਦੇ ਪ੍ਰਚਾਰ ਹਿੱਤ ਕੁਝ ਸੰਸਥਾਵਾਂ ਹੋਂਦ ਵਿੱਚ ਆ ਗਈਆਂ ਸਨ।

ਇਹਨਾਂ ਸੰਸਥਾਵਾਂ ਨੇ ਆਪਣੇ-ਆਪਣੇ ਢੰਗ ਨਾਲ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਦੀ ਦੂਰ-ਦੁਰਾਡੇ ਇਲਾਕਿਆਂ ਵਿੱਚ ਜਾ ਕੇ ਅਥਾਹ ਸੇਵਾ ਕੀਤੀ ਹੈ। ਇਹਨਾਂ ਸਾਰੀਆਂ ਸੰਸਥਾਵਾਂ ਵਿੱਚੋਂ ਸਭ ਤੋਂ ਵੱਧ ਸੇਵਾ ਕਰਨ ਦਾ ਸੁਭਾਗ ਉਦਾਸੀ ਸੰਪਰਦਾ ਦੇ ਹਿੱਸੇ ਆਇਆ ਹੈ।

ਪ੍ਰੋ. ਪਰਮਵੀਰ ਸਿੰਘ ਜੀ ਦੀ ਹਾਲ ਵਿੱਚ ਹੀ ਸਾਹਮਣੇ ਆਈ ਖੋਜ ਭਰਪੂਰ ਪੁਸਤਕ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਬੰਗਲਾ ਦੇਸ਼ ਦੇ ਗੁਰਧਾਮ ਵਿੱਚ ਦੱਸਿਆ ਗਿਆ ਹੈ ਇੱਕਲੇ ਬਿਹਾਰ ਸੂਬੇ ਵਿੱਚ ਹੀ ਉਦਾਸੀ ਸਾਧੂਆਂ ਦੇ ਇੱਕ ਹਜ਼ਾਰ ਤੋਂ ਵੱਧ ਸਥਾਨ ਸਨ ਜਿਥੇ ਉਹਨਾਂ ਵਲੋਂ ਹਰ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਅਤੇ ਬਾਬਾ ਸ੍ਰੀਚੰਦ ਜੀ ਦਾ ਜਨਮ ਦਿਵਸ ਸਥਾਨਕ ਰਹੁ-ਰੀਤ ਅਨੁਸਾਰ ਮਨਾਇਆ ਜਾਂਦਾ ਹੈ।

ਉਦਾਸੀ ਸੰਪਰਦਾ ਬਾਰੇ ਕਿੰਤੂ-ਪਰੰਤੂ ਕਰਨ ਵਾਲੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਇਸ ਸੰਪਰਦਾ ਦਾ ਇਤਿਹਾਸ ਪੜ੍ਹਨ ਤਾਂ ਜੋ ਉਹਨਾਂ ਨੂੰ ਇਸ ਗੱਲ ਦਾ ਪਤਾ ਲੱਗ ਸਕੇ ਕਿ ਇਹ ਸੰਪਰਦਾ ਨੂੰ ਗੁਰੂ ਸਾਹਿਬਾਨ ਨੇ ਆਪ ਕੇਵਲ ਮਾਨਤਾ ਹੀ ਨਹੀਂ ਦਿੱਤੀ ਸਗੋਂ ਆਪਣੀਆਂ ਇਲਾਹੀ ਬਖ਼ਸ਼ਿਸ਼ਾਂ ਨਾਲ ਇਸ ਨੂੰ ਨਿਵਾਜਿਆ ਵੀ ਹੈ। ਉਹ ਇਸ ਸੰਪਰਦਾ ਦੀ ਇਤਿਹਾਸਕਤਾ ਅਤੇ ਸਿੱਖ ਪੰਥ ਅੰਦਰ ਨਿਭਾਈ ਗਈ ਸੇਵਾ ਤੋਂ ਵੀ ਅਣਜਾਣ ਹੀ ਲੱਗਦੇ ਹਨ। ਸੰਖੇਪ ਰੂਪ ਵਿੱਚ ਦੱਸਿਆ ਜਾਂਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਵੇਲੇ ਉਦਾਸੀ ਸੰਪਰਦਾ ਦੇ ਸੰਸਥਾਪਕ ਬਾਬਾ 'ਸ੍ਰੀਚੰਦ' ਜੀ ਆਪ ਚੱਲ ਕੇ ਗੁਰੂ ਸਾਹਿਬ ਜੀ ਨੂੰ ਮਿਲਣ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਏ ਸਨ। ਗੁਰੂ ਜੀ ਨੇ ਉਹਨਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੇਠਾ ਪੁੱਤਰ ਜਾਣ ਕੇ ਅਤਿ ਸਤਿਕਾਰ ਕੀਤਾ ਸੀ। ਕੇਸਰ ਸਿੰਘ ਛਿੱਬਰ ਨੇ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ ਵਿੱਚ ਲਿਖਿਆ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਬਾਬਾ 'ਸ੍ਰੀਚੰਦ' ਜੀ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਦੋ

ਦਸਤਾਰਾਂ ਭੇਜੀਆਂ ਸਨ। ਇੱਕ ਦਸਤਾਰ ਜੋ ਪਰਿਵਾਰ ਦਾ ਮੁਖੀ ਹੋਣ ਦੇ ਨਾਤੇ ਪ੍ਰਿਥੀ ਚੰਦ ਨੂੰ ਬੱਧੀ ਗਈ ਸੀ ਅਤੇ ਦੂਸਰੀ ਦਸਤਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਭੇਟ ਕਰਕੇ ਉਹਨਾਂ ਦੇ ਗੁਰਿਆਈ ਪਦ ਨੂੰ ਨਮਸਕਾਰ ਕੀਤੀ ਸੀ। ਇਕ ਦੋ ਵਾਰ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਬਾਬਾ ਸ੍ਰੀਚੰਦ ਜੀ ਨੂੰ ਦਰਸ਼ਨ ਦੇਣ ਉਹਨਾਂ ਦੇ ਅਸਥਾਨ ਬਾਰਠ ਸਾਹਿਬ, ਜ਼ਿਲ੍ਹਾ ਗੁਰਦਾਸਪੁਰ ਵਿਖੇ ਗਏ ਸਨ। ਬਾਬਾ ਜੀ ਨੇ ਉਹਨਾਂ ਦਾ ਅਥਾਹ ਸਤਿਕਾਰ ਕੀਤਾ ਸੀ। ਜਦੋਂ ਬਾਬਾ ਜੀ ਬ੍ਰਿਧ ਹੋ ਗਏ ਸਨ ਤਾਂ ਉਹਨਾਂ ਨੂੰ ਦਰਸ਼ਨ ਦੇਣ ਅਤੇ ਹਾਲ-ਚਾਲ ਪੁੱਛਣ ਲਈ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਵੀ ਬਾਰਠ ਸਾਹਿਬ ਗਏ ਸਨ। ਹੋਈ ਵਿਚਾਰ ਤੋਂ ਬਾਅਦ ਗੁਰੂ ਜੀ ਨੇ ਬਾਬਾ ਜੀ ਨੂੰ ਆਪਣਾ ਜੇਠਾ ਸਪੁੱਤਰ ਬਾਬਾ ਗੁਰਦਿੱਤਾ ਜੀ ਸੌਂਪ ਦਿੱਤੇ ਸਨ। ਬਾਬਾ ਜੀ ਤੋਂ ਬਾਅਦ ਬਾਬਾ ਗੁਰਦਿੱਤਾ ਜੀ ਨੂੰ ਉਦਾਸੀ ਸੰਪਰਦਾ ਦੇ ਦੂਜੇ ਮੁਖੀ ਮੰਨਿਆਂ ਜਾਂਦਾ ਹੈ।

ਦੋਹਰਾ॥ ਸਿਰੀ ਚੰਦ ਜੀ ਰਹਿਤ ਥੇ ਬਾਰਠ ਨਾਮ ਗਰਾਮ।
ਹਰਿਗੁਬਿੰਦ ਗੁਰੁ ਏਕ ਦਿਨ ਗਏ ਤਹਾਂ ਸੁਖ ਧਾਮ।
ਚੌਪਈ॥ ਵਡ ਸੁਤ ਹੁਤੋ ਗੁਰਦਿੱਤਾ ਜੋਈ। ਸੰਗ ਗਯੋ ਥਾ ਗੁਰੁ ਕੇ ਸੋਈ,...
ਸਿਰੀ ਚੰਦ ਹ੍ਵੈ ਖੁਸ਼ੀ ਅਲਾਯੋ। ਦਿਹੁ ਗੁਰੁ-ਦਿੱਤਾ ਹਮੇਂ ਸੁਹਾਯੋ।
ਵਲੀ-ਅਹਿਦ (ਗੱਦੀ ਦਾ ਮਾਲਕ, ਟਿੱਕਾ) ਤੁਮਰਾ ਇਹੁ ਜਯੋਂ ਹੀ।
ਹਮਰਾ ਭੀ ਹੂਆ ਇਹੁ ਤਯੋ ਹੀ।

ਉਸ ਤੋਂ ਬਾਅਦ ਬਾਬਾ ਗੁਰਦਿੱਤਾ ਜੀ ਨੇ ਪਿਤਾ ਗੁਰੂ ਜੀ ਦੀ ਆਗਿਆ ਨਾਲ ਚਾਰ-ਧੂਏਂ (ਭਾਵ ਸੰਪਰਦਾ ਦੇ ਚਾਰ ਪ੍ਰਚਾਰਕ ਜੱਥੇ) ਬਣਾ ਦਿੱਤੇ ਸਨ। ਇਹਨਾਂ ਜੱਥਿਆਂ ਦੇ ਪਹਿਲੇ ਚਾਰ ਮੁਖੀ ਸਨ:

1. ਬਾਬਾ ਬਾਲੂ ਹਸਨਾ ਜੀ. 2. ਬਾਬਾ ਅਲਮਸਤ ਜੀ।
3. ਬਾਬਾ ਫੂਲ ਜੀ 4. ਬਾਬਾ ਗੋਇੰਦ ਜੀ।

ਇਸ ਤੋਂ ਬਾਅਦ ਬਾਕੀ ਗੁਰੂ ਸਾਹਿਬਾਨ ਨੇ ਚਾਰਾਂ ਜੱਥਿਆਂ ਨਾਲ ਛੇ ਹੋਰ ਪ੍ਰਚਾਰਕ ਜਥੇ ਸਥਾਪਤ ਕਰ ਦਿੱਤੇ ਸਨ। ਇਹਨਾਂ ਜੱਥਿਆਂ ਨੂੰ ਸਿੱਖ ਇਤਿਹਾਸ ਵਿੱਚ ਛੇ ਬਖਸ਼ਿਸ਼ਾਂ ਨਾਲ ਯਾਦ ਕੀਤਾ ਗਿਆ ਹੈ।

1. ਭਗਤ ਭਗਵਾਨ ਜੀ, 2. ਭਾਈ ਸੁਥਰੇ ਸ਼ਾਹ ਜੀ, 3. ਭਾਈ ਸੰਗਤਿ ਸਾਹਿਬ ਜੀ, 4. ਭਾਈ ਮਸੀਹਾਂ ਸਾਹਿਬ ਜੀ, 5. ਭਾਈ ਬਖ਼ਤ ਮੱਲ ਜੀ, 6. ਭਾਈ ਜੀਤ ਮਲ।

ਇਹਨਾਂ ਸਾਰੇ ਜੱਥਿਆਂ ਦੀਆਂ ਅੱਗੋਂ ਬੇਅੰਤ ਸ਼ਾਖਾਵਾਂ ਹਨ। ਕਾਬਲ-ਕੰਧਾਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਕੋਈ ਰਾਜ ਨਹੀਂ ਜਿਥੇਂ ਇਹਨਾਂ ਸਾਧੂਆਂ ਵਲੋਂ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਲਈ ਡੇਰਾ ਸਥਾਪਤ ਨਾ ਕੀਤਾ ਗਿਆ ਹੋਵੇ। ਇਸ ਤੋਂ ਬਿਨਾਂ ਬੰਗਲਾਦੇਸ਼, ਨੇਪਾਲ, ਭੂਟਾਨ ਅਤੇ ਰੂਸ ਦੀ ਰਾਜਧਾਨੀ ਪੀਟਰਸਬਰਗ ਵਿੱਚ ਇਹਨਾਂ ਨੇ ਆਪਣੀਆਂ ਸ਼ਾਖਾਵਾਂ ਸਥਾਪਤ ਕੀਤੀਆ ਸਨ। ਵਧੇਰੇ ਜਾਣਕਾਰੀ ਲਈ ਹਵਾਲੇ ਵਜੋਂ, ਜਿਹੜੀਆਂ ਪੁਸਤਕਾਂ ਦੇ ਨਾਂ ਦਿੱਤੇ ਹਨ, ਪੜ੍ਹੀਆਂ ਜਾ ਸਕਦੀਆਂ ਹਨ।

ਇਹਨਾਂ ਸਾਧੂਆਂ ਦੀਆਂ ਸ਼ਾਖਾਵਾਂ ਵਿੱਚੋਂ ਇੱਕ ਕਾਨਰ ਦਾਸ ਉਦਾਸੀ ਸਾਧੂ ਹੋਏ ਹਨ

ਜਿਹਨਾਂ ਨੇ ਸਾਵਰਦਾ ਰਾਜਸਥਾਨ ਵਿਖੇ ਇੱਕ ਡੇਰਾ ਸਥਾਪਤ ਕੀਤਾ ਸੀ। ਇਹ ਡੇਰਾ ਰਾਜਸਥਾਨ ਦੀ ਰਾਜਧਾਨੀ ਅਤੇ ਜ਼ਿਲ੍ਹਾ ਜੈਪੁਰ ਤੋਂ 55 ਕਿਲੋਮੀਟਰ ਦੂਰੀ 'ਤੇ ਅਤੇ ਤਹਿਸੀਲ਼ ਦਾਦੂ ਵਿੱਚ ਨਰੈਣੇ ਤੋਂ 13 ਕਿਲੋਮੀਟਰ ਦੂਰੀ 'ਤੇ ਹੈ। ਇਸ ਸਥਾਨ 'ਤੇ ਮੈਨੂੰ ਆਪਣੀ ਖੋਜ ਦੇ ਨਿਗਰਾਨ ਡਾ. ਪਰਮਵੀਰ ਸਿੰਘ ਨਾਲ ਜਾਣ ਦਾ ਮੌਕਾ ਮਿਲਿਆ ਸੀ। ਮਾਨਯੋਗ ਡਾ. ਸਾਹਿਬ ਅਕਸਰ ਹੀ ਸਿੱਖ ਇਤਿਹਾਸ ਦੇ ਖੋਜ ਕਾਰਜਾਂ ਲਈ ਦੂਰ-ਦੁਰਾਡੇ ਜਾਂਦੇ ਰਹਿੰਦੇ ਹਨ। ਇਸ ਕਾਰਜ ਲਈ ਉਹ ਅਕਸਰ ਹੀ ਆਪਣੇ ਕਿਸੇ ਨਾ ਕਿਸੇ ਖੋਜਾਰਥੀ ਨੂੰ ਅਜਿਹਿਆਂ ਸਮਿਆਂ ਵਿੱਚ ਆਪਣੇ ਨਾਲ ਰੱਖਦੇ ਹਨ ਤਾਂ ਜੋ ਉਹਨਾਂ ਅੰਦਰ ਵੀ ਖੋਜ ਦਾ ਚਾਅ ਅਤੇ ਰੁਚੀ ਬਣੀ ਰਹੇ। ਮੈਂ ਉਹਨਾਂ ਦੀ ਇਸ ਮਿਹਰਬਾਨੀ ਲਈ ਹਮੇਸ਼ਾ ਰਿਣੀ ਰਹਾਂਗਾ।

ਪਰੰਪਰਾ ਅਨੁਸਾਰ ਸਾਧੂ ਕਾਨਰ ਦਾਸ ਜੀ ਨੇ ਆਪਣੇ ਹੱਥਾਂ ਨਾਲ ਇਕ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਖਿਆ ਸੀ ਜਿਸ ਦੇ ਅੱਜ ਵੀ ਦਰਸ਼ਨ ਕੀਤੇ ਜਾ ਸਕਦੇ ਹਨ। ਇਹ ਗ੍ਰੰਥ ਸਾਹਿਬ ਉਹਨਾਂ ਨੇ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਨਾਲ ਸੰਭਾਲ ਕੇ ਰੱਖਿਆ ਹੋਇਆ ਹੈ। ਸਾਧੂ ਜੀ ਇਸ ਦਾ ਰੋਜ਼ਾਨਾਂ ਪ੍ਰਕਾਸ਼ ਕਰਿਆ ਕਰਦੇ ਅਤੇ ਸੰਗਤਾਂ ਨੂੰ ਬਾਣੀ ਪੜ੍ਹ ਕੇ ਸੁਣਾਇਆ ਕਰਦੇ ਸਨ। ਉਹਨਾਂ ਨੇ ਲਗ-ਪਗ 60-70 ਸਾਲ ਇਸ ਸਥਾਨ ਦੀ ਸੇਵਾ ਕੀਤੀ। ਇਲਾਕੇ ਲਈ ਸਾਫ਼ ਅਤੇ ਮਿੱਠਾ ਪਾਣੀ ਪੀਣ ਦੇ ਪ੍ਰਬੰਧ ਲਈ ਇਹਨਾਂ ਨੇ ਇੱਥੇ ਇੱਕ ਬਹੁਤ ਸੁੰਦਰ ਪੌੜੀਆਂ ਵਾਲਾ ਪੱਕਾ ਖੂਹ ਬਣਵਾਇਆ ਸੀ ਜਿਹੜਾ ਕਿ ਪਾਣੀ ਦੀ ਥੁੜ੍ਹ ਨੂੰ ਦੂਰ ਕਰਨ ਲਈ ਇੱਕ ਮਹੱਤਵਪੂਰਨ ਸ੍ਰੋਤ ਹੈ। ਪੌੜੀਆਂ ਵਾਲਾ ਪੱਕੇ ਖੂਹ ਨੂੰ ਬਾਵਲੀ ਜਾਂ ਬਾਉਲੀ ਵੀ ਕਿਹਾ ਜਾਂਦਾ ਹੈ। ਸਿੱਖ ਇਤਿਹਾਸ ਵਿੱਚ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸਭ ਤੋਂ ਪਹਿਲਾਂ ਅਜਿਹੇ ਖੂਹ ਦੀ ਉਸਾਰੀ ਕਰਵਾਈ ਸੀ ਜਿਸ ਨੂੰ ਬਾਉਲੀ ਸਾਹਿਬ ਕਿਹਾ ਜਾਂਦਾ ਹੈ। ਇਸ ਦੀਆਂ 84 ਪੌੜੀਆਂ ਹਨ।

ਤਸਵੀਰਾਂ ਵਿੱਚ ਜੋ ਤੁਸੀਂ ਖੂਹ ਦੇਖ ਰਹੇ ਹੋ ਇਸ ਉਪਰ ਗੋਲਾਈਦਾਰ ਡਾਟ ਲਗਾ ਕੇ ਇਸ ਦੀਆਂ ਦੀਵਾਰਾਂ ਨੂੰ ਧਰਤੀ ਦੇ ਤਲ ਉਪਰ ਤੱਕ ਉਸਾਰਿਆ ਹੋਇਆ ਹੈ। ਇਹ ਖੂਹ ਅੱਜ ਵੀ ਸਹੀ ਸਲਾਮਤ ਹੈ। ਪਾਠਕਾਂ ਨੂੰ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਰਾਜਸਥਾਨ ਰਾਜ ਦਾ ਜ਼ਿਆਦਾਤਰ ਪਾਣੀ ਖਾਰਾ ਅਤੇ ਧਰਤੀ ਦੇ ਤਲ ਤੋਂ ਬਹੁਤ ਡੂੰਘਾ ਵੀ ਹੈ। ਜੋ ਆਮ ਘਰੇਲੂ ਵਰਤੋਂ ਵਿੱਚ ਨਹੀਂ ਵਰਤਿਆ ਜਾਂਦਾ। ਇਸ ਖੂਹ ਦਾ ਪਾਣੀ ਨਿਰਮਲ ਹੋਣ ਕਰਕੇ ਸਾਵਰਦਾ ਨਗਰ ਦੇ ਜ਼ਿਆਦਾਤਰ ਲੋਕ ਪਾਣੀ ਦੀ ਜਰੂਰਤ ਇੱਥੋਂ ਹੀ ਪੂਰੀ ਕਰਦੇ ਹਨ।

ਹਿੰਦੂਸਤਾਨ ਬਹੁਤ ਪੁਰਾਣੇ ਸਮੇਂ ਤੋਂ ਲੈ ਕੇ ਹੁਣ ਤੱਕ ਜਾਤ-ਪਾਤ ਅਤੇ ਊਚ-ਨੀਚ ਦੇ ਵਿਤਕਰੇ ਵਾਲੀ ਮਾਨਸਿਕਤਾ ਦਾ ਸ਼ਿਕਾਰ ਰਿਹਾ ਹੈ ਅਤੇ ਹੁਣ ਵੀ ਹੈ। ਇਸ ਦੇਸ਼ ਵਿੱਚ ਅੱਜ ਵੀ ਬਹੁਤ ਸਾਰੇ ਅਜਿਹੇ ਸਥਾਨ ਹਨ ਜਿੱਥੇ ਵੱਡੀ ਜਾਤ ਵਾਲੇ ਛੋਟੀ ਜਾਤ ਵਾਲੇ ਨੂੰ ਖੂਹ ਤੋਂ ਪਾਣੀ ਨਹੀਂ ਲੈਣ ਦਿੰਦੇ ਹਨ। ਪਰ ਇਥੇ ਹਰ ਗੁਰੂ-ਘਰ ਵਾਂਗ ਹਰ ਕੋਈ ਬਿਨਾਂ ਜਾਤ-ਪਾਤ ਦੇ ਵਿਤਕਰੇ ਦੇ ਪਾਣੀ ਲਿਜਾ ਵੀ ਸਕਦਾ ਹੈ ਅਤੇ ਲੋੜ ਅਨੁਸਾਰ ਲੰਗਰ ਵੀ

# ਉਦਾਸੀ ਅਤੇ ਵਣਜਾਰੇ ਸਿੱਖਾਂ ਦਾ ਅਣਗੌਲਿਆ ਸਾਂਝਾ ਸਥਾਨ: ਸਵਾਰਦਾ ਸਾਹਿਬ (ਰਾਜਸਥਾਨ)



ਸਵਾਰਦਾ ਸਾਹਿਬ



ਸਾਧੂ ਚੌਬੂ ਦਾਸ ਜੀ



ਦਾਦੂਦਵਾਰੇ ਦਾ ਉਹ ਸਥਾਨ ਜਿੱਥੇ ਗੁਰੂ ਜੀ ਬਿਰਾਜੇ



ਉਦਾਸੀ ਸਾਧੀਆਂ ਦੀ ਯਾਦਗਾਰ

# ਉਦਾਸੀ ਅਤੇ ਵਣਜਾਰੇ ਸਿੱਖਾਂ ਦਾ ਅਣਗੌਲਿਆ ਸਾਂਝਾ ਸਥਾਨ: ਸਵਾਰਦਾ ਸਾਹਿਬ (ਰਾਜਸਥਾਨ)



ਗੁਰਦੁਆਰਾ ਚਰਨ ਕਮਲ ਸਾਹਿਬ, ਨਰਾਇਣਾ, ਰਾਜਸਥਾਨ





ਛਕ ਸਕਦਾ ਹੈ। ਇੱਥੋਂ ਦੀ ਪਰੰਪਰਾ ਅਨੁਸਾਰ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਇਸ ਇਲਾਕੇ ਵਿੱਚ ਆਏ ਤਾਂ ਉਹਨਾਂ ਨੇ ਜੱਥੇ ਸਮੇਤ ਇਸ ਸਥਾਨ 'ਤੇ ਆਪਣੇ ਚਰਨ ਪਾਏ ਸਨ। ਸਾਧੂ ਕਾਨਰ ਦਾਸ ਜੀ ਨੂੰ ਦਰਸ਼ਨ ਦਿੱਤੇ ਅਤੇ ਆਪਣਾ ਜੱਥਾ ਇਥੇ ਛੱਡ ਕੇ ਕੁਝ ਚੋਣਵੇਂ ਸਿੰਘਾਂ ਸਮੇਤ ਗੁਰੂ ਜੀ ਭਗਤ ਜੈਤ ਰਾਮ ਜੀ ਨੂੰ ਮਿਲਣ ਦਾਦੂ ਦੁਵਾਰੇ ਚਲੇ ਗਏ ਸਨ। ਰਸਤੇ ਵਿੱਚ ਉਹ ਨਰਾਇਣੇ ਦੇ ਸਥਾਨ 'ਤੇ ਕੁਝ ਸਮਾਂ ਰੁਕੇ ਸਨ ਜਿੱਥੇ ਉਹਨਾਂ ਦੀ ਯਾਦ ਵਿੱਚ ਗੁਰਦੁਆਰਾ ਚਰਨ ਕਮਲ ਸਾਹਿਬ ਸੁਸ਼ੋਭਿਤ ਹੈ। ਗੁਰੂ ਜੀ ਦੀ ਯਾਦ ਵਿੱਚ ਦਾਦੂ ਸਾਹਿਬ ਦੇ ਡੇਰੇ ਵਿੱਚ ਵੀ ਇੱਕ ਛੋਟਾ ਜਿਹਾ ਯਾਦਗਾਰੀ ਨਿਸ਼ਾਨ ਮੌਜੂਦ ਹੈ। ਸਾਵਰਦਾ ਸਾਹਿਬ ਦੇ ਅੰਦਰ ਇੱਕ ਛੋਟਾ ਜਿਹਾ ਉਦਾਸੀ ਸਾਧੂਆਂ ਦਾ ਪੁਰਾਤਨ ਸਥਾਨ ਵੀ ਹੈ ਜਿਸ ਵਿੱਚ ਇੱਥੋਂ ਦੀ ਸੇਵਾ ਕਰਦੇ ਰਹੇ ਉਦਾਸੀ ਸਾਧੂਆਂ ਦੀਆਂ ਯਾਦਗਾਰਾਂ ਹਨ। ਇਸ ਸਥਾਨ ਦੀ ਪੁਰਾਤਨਤਾ ਦੇਖ ਕੇ ਅਨੁਭਵ ਹੁੰਦਾ ਹੈ ਕਿ ਇਹ ਬਿਲਡਿੰਗ ਲਗਭਗ 300 ਸਾਲ ਤੋਂ ਜ਼ਿਆਦਾ ਪੁਰਾਣੀ ਹੋਵੇਗੀ।

ਇਸ ਇਲਾਕੇ ਦੀਆਂ ਭੂਗੋਲਿਕ ਪ੍ਰਸਥਿਤੀਆਂ ਦੇਖ ਕੇ ਇਹ ਇਲਾਕਾ ਇੱਕ ਜੰਗਲ ਬੀਆਬਾਨ-ਨੁਮਾ ਲਗਦਾ ਹੈ। ਅੱਜ ਤੋਂ ਤਿੰਨ ਸਦੀਆਂ ਪਹਿਲਾਂ ਤਾਂ ਇਸ ਇਲਾਕਾ ਹੋਰ ਵੀ ਭਿਆਨਕ ਅਤੇ ਮੁਸ਼ਕਲਾਂ ਭਰਪੂਰ ਹੋਵੇਗਾ। ਅਜਿਹੇ ਸਮੇਂ ਦੌਰਾਨ ਅਜਿਹੇ ਸਾਧਨ ਵਿਹੂਣੇ ਸਥਾਨ 'ਤੇ ਇੱਕ ਡੇਰਾ ਸਥਾਪਤ ਕਰਨਾ ਅਤੇ ਇੱਕ ਵੱਡਾ ਤੇ ਪੱਕਾ ਖੂਹ ਉਸਾਰਨਾ ਕਿਸੇ ਚਮਤਕਾਰ ਤੋਂ ਘੱਟ ਨਹੀਂ ਲੱਗਦਾ ਹੈ। ਇਹ ਵੀ ਉਦਾਸੀ ਸਾਧੂਆਂ ਦੀਆਂ ਕਰੜੀਆਂ ਘਾਲਨਾਵਾਂ ਦਾ ਇੱਕ ਪ੍ਰਤੱਖ ਪ੍ਰਮਾਣ ਹੈ।

ਸਾਧੂ ਕਾਨਰ ਦਾਸ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਇਸ ਸਥਾਨ ਦੀ ਸੇਵਾ ਸਾਧੂ ਸਰਵਣ ਦਾਸ ਨੇ ਨਿਭਾਈ ਸੀ। ਉਹਨਾਂ ਤੋਂ ਬਾਅਦ ਇਹ ਸੇਵਾ ਗੋਪਾਲ ਦਾਸ ਜੀ ਦੇ ਹਿੱਸੇ ਆਈ ਅਤੇ ਉਹਨਾਂ ਤੋਂ ਬਾਅਦ ਸੰਕਰ ਦਾਸ ਜੀ ਨੇ ਲਗ-ਪਗ 50 ਸਾਲ ਦੇ ਕਰੀਬ ਇਸ ਸਥਾਨ 'ਤੇ ਸੇਵਾ ਨਿਭਾਈ ਸੀ।

ਉਹਨਾਂ ਤੋਂ ਬਾਅਦ ਇਸ ਸਥਾਨ ਦੀ ਸੇਵਾ 1982 ਈ. ਵਿੱਚ ਸਾਧੂ ਚੌਥੂ ਦਾਸ ਜੀ ਨੇ ਸੰਭਾਲੀ। ਉਸ ਸਮੇਂ ਉਹਨਾਂ ਦੀ ਉਮਰ ਲਗ-ਪਗ 50 ਸਾਲ ਦੇ ਕਰੀਬ ਸੀ। ਉਹ ਇਸੇ ਹੀ ਨਗਰ ਦੇ ਜੰਮਪਲ ਸਨ। ਬਚਪਨ ਤੋਂ ਹੀ ਉਹ ਇਸ ਸਥਾਨ ਨਾਲ ਜੁੜੇ ਹੋਏ ਸਨ। ਇਸ ਨਗਰ ਦੇ ਠਾਕੁਰ ਵੀ ਇਸ ਸਥਾਨ ਪ੍ਰਤੀ ਆਪਣੀ ਆਸਥਾ ਰੱਖਦੇ ਹਨ। ਉਹਨਾਂ ਦਾ ਇਸ ਨਗਰ ਵਿੱਚ ਇੱਕ ਛੋਟੇ ਜਿਹੇ ਕਿਲ੍ਹਾ-ਨੁਮਾ ਘਰ ਸੀ। ਸਾਧੂ ਸੰਕਰ ਦਾਸ ਜੀ ਇਸ ਅਸਥਾਨ ਤੇ ਘੱਟ ਹੀ ਟਿਕਿਆ ਕਰਦੇ ਸਨ ਜਿਸ ਕਰਕੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਹੀ ਤਰੀਕੇ ਨਾਲ ਸੇਵਾ-ਸੰਭਾਲ ਨਹੀਂ ਹੋ ਰਹੀ ਸੀ ਜਿਸ ਕਰਕੇ ਠਾਕੁਰ ਇਸ ਅਸਥਾਨ ਤੋਂ ਹੱਥ ਲਿਖਤ ਪੁਰਾਤਨ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਆਪਣੇ ਘਰ ਲੈ ਗਏ ਸਨ ਜਿਥੇ ਉਹਨਾਂ ਨੇ ਲੰਮਾ ਸਮਾਂ ਇਸ ਦੀ ਸੇਵਾ-ਸੰਭਾਲ ਕੀਤੀ ਸੀ।

ਜਦੋਂ 1988 ਈ. ਵਿੱਚ ਸਾਧੂ ਚੌਥੂ ਦਾਸ ਨੇ ਇਥੋਂ ਦੀ ਸੇਵਾ ਸੰਭਾਲੀ ਤਾਂ ਉਹਨਾਂ ਨੇ ਠਾਕੁਰਾਂ ਦੇ ਘਰੋਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਆ ਕਿ ਇੱਥੇ ਪ੍ਰਕਾਸ਼ ਕਰਨਾ ਸ਼ੁਰੂ ਕਰ ਦਿੱਤਾ। ਉਹਨਾਂ ਨੇ ਇਸ ਸਥਾਨ ਦੀ ਸੇਵਾ-ਸੰਭਾਲ ਦੇ ਨਾਲ-ਨਾਲ ਇੱਥੇ

ਬਹੁਤ ਸੁੰਦਰ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ ਅਤੇ ਇੱਕ ਸੁੰਦਰ ਗੇਟ ਵੀ ਬਣਵਾਇਆ। ਇਸ ਨਗਰ ਵਿੱਚ 50 ਦੇ ਕਰੀਬ ਵਣਜਾਰੇ ਸਿੱਖਾਂ ਦੇ ਪਰਿਵਾਰ ਵਸਦੇ ਹਨ। ਸਾਧੂ ਚੌਥੂ ਦਾਸ ਵੱਲੋਂ ਕੀਤੇ ਗੁਰਮਤਿ ਦੇ ਪ੍ਰਚਾਰ ਅਤੇ ਪ੍ਰੇਰਨਾ ਸਦਕਾ ਬਹੁਤ ਸਾਰੇ ਵਣਜਾਰੇ ਸਿੱਖਾਂ ਦੇ ਪਰਿਵਾਰਾਂ ਅੰਦਰ ਸਿੱਖੀ ਲਈ ਅਥਾਹ ਸ਼ਰਧਾ ਅਤੇ ਪਿਆਰ ਪੈਦਾ ਹੋਇਆ। ਜਿਸ ਕਰਕੇ ਕਾਫੀ ਗਿਣਤੀ ਵਿੱਚ ਬੱਚੇ ਅਤੇ ਨੌਜਵਾਨ ਸਾਬਤ-ਸੂਰਤਿ ਬਣੇ ਅਤੇ ਉਹਨਾਂ ਵਿਚੋਂ ਕੁਝ ਅੰਮ੍ਰਿਤ ਛਕ ਕੇ ਸਿੰਘ ਵੀ ਸਜੇ ਹੋਏ ਹਨ।

ਸਾਧੂ ਚੌਥੂ ਦਾਸ ਜੀ ਦੇ 2017 ਈ. ਵਿੱਚ ਅਕਾਲ ਚਲਾਣਾ ਕਰ ਜਾਣ ਤੋਂ ਬਾਅਦ ਹੁਣ ਉਹਨਾਂ ਦੀ ਥਾਂ ਉਹਨਾਂ ਦਾ ਸਪੁੱਤਰ ਸੁਭਾਸ਼ ਸਿੰਘ ਸੇਵਾ ਨਿਭਾਅ ਰਿਹਾ ਹੈ। ਉਸ ਨੇ ਗੁਰਮਤਿ ਦੀਆਂ ਰਹੁ-ਰੀਤਾਂ ਆਪਣੇ ਪਿਤਾ ਸਾਧੂ ਚੌਥੂ ਦਾਸ ਤੋਂ ਸਿੱਖੀਆਂ ਅਤੇ ਗੁਰਬਾਣੀ ਦੀ ਸੰਥਿਆਂ ਵੀ ਉਹਨਾਂ ਤੋਂ ਪ੍ਰਾਪਤ ਕੀਤੀ ਸੀ। ਸੁਭਾਸ਼ ਸਿੰਘ ਨੇ ਅੰਮ੍ਰਿਤਪਾਨ ਕਰਕੇ ਪੰਜ ਕਕਾਰੀ ਰਹਿਤ ਧਾਰਨ ਕੀਤੀ ਹੋਈ ਹੈ।

ਇੱਥੋਂ ਦੀ ਰਵਾਇਤ ਅਨੁਸਾਰ ਇਹ ਸਥਾਨ ਵਣਜਾਰੇ ਸਿੱਖਾਂ ਦੀ ਇੱਕ ਮਾਨਤਾ ਨਾਲ ਜੁੜਿਆ ਹੋਇਆ ਹੈ। ਹਿੰਦੀ ਬੋਲਦੇ ਇਲਾਕਿਆਂ ਵਿੱਚ ਵਣਜਾਰਾ ਸ਼ਬਦ ਨੂੰ ਬੰਜਾਰਾ ਲਿਖਿਆ ਅਤੇ ਬੋਲਿਆ ਜਾਂਦਾ ਹੈ। ਪ੍ਰੋ. ਪਿਆਰਾ ਸਿੰਘ ਪਦਮ ਲਿਖਦੇ ਹਨ ਕਿ ਵਣਜਾਰਾ ਜਾਤੀ, ਭਾਰਤ ਦੀ ਇੱਕ ਪੁਰਾਣੀ ਚੱਕਰਵਰਤੀ ਵਪਾਰੀ ਜਮਾਤ ਹੈ। ਇਹ ਸਦੀਆਂ ਤੋਂ ਘੁੰਮ ਫਿਰ ਕੇ ਹਰ ਥਾਂ ਵਸਤਾਂ ਪਹੁੰਚਾਉਣ ਦਾ ਕਾਰਜ ਕਰਦੀ ਰਹੀ ਹੈ। ਇਹ ਹਰ ਤਰ੍ਹਾਂ ਦੀ ਹਰ ਸਮੇਂ ਦੀ ਸਰਕਾਰ ਅਤੇ ਫੌਜ ਨੂੰ ਵੀ ਸਮਾਨ ਮੁਹੱਈਆ ਕਰਵਾਉਣ ਦਾ ਮਹੱਤਵਪੂਰਨ ਕਾਰਜ ਕਰਦੇ ਰਹੇ ਹਨ। ਇਸੇ ਕਰਕੇ ਇਹਨਾਂ ਦੇ ਸਰਕਾਰੇ-ਦਰਬਾਰੇ ਚੰਗੇ ਸਬੰਧ ਬਣੇ ਹੋਏ ਸਨ। ਇਹਨਾਂ ਨਾਲ ਸੰਬੰਧਤ ਇੱਕ ਹੋਰ ਵੀ ਵਪਾਰੀਆਂ ਦੀ ਜਾਤੀ ਸੀ ਜਿਸ ਨੂੰ ਲੁਬਾਣੇ ਕਿਹਾ ਜਾਂਦਾ ਹੈ। ਇਹਨਾਂ ਦੇ ਕਾਫਲੇ ਨੂੰ ਟਾਂਡਾ ਵੀ ਕਿਹਾ ਜਾਂਦਾ ਹੈ। ਇਹਨਾਂ ਵਿੱਚੋਂ ਇੱਕ ਭਾਈ ਲੱਖੀ ਸ਼ਾਹ ਵਣਜਾਰਾ ਨਾਮਵਰ ਸਿੱਖ ਹੋਇਆ ਹੈ। ਇਸ ਦੇ ਅੱਠ ਸਪੁੱਤਰ ਅਤੇ ਇੱਕ ਸਪੁੱਤਰੀ ਬੀਬੀ ਸੀਤੋ ਸੀ।

ਵੱਡੇ ਸਪੁੱਤਰ ਦਾ ਨਾਂ ਭਾਈ ਨਗਾਹੀਆ ਸੀ, ਜਿਸ ਨੇ ਆਪਣੇ ਪਿਤਾ ਤੋਂ ਬਾਅਦ ਗੁਰੂ-ਘਰ ਦੀ ਅਥਾਹ ਸੇਵਾ ਕੀਤੀ ਸੀ। ਭਾਈ ਲੱਖੀ ਸ਼ਾਹ ਵਣਜਾਰਾ ਨੇ ਆਪਣੀ ਸਪੁੱਤਰੀ ਬੀਬੀ ਸੀਤੋ ਦਾ ਅਨੰਦ-ਕਾਰਜ ਭਾਈ ਮਨੀ ਸਿੰਘ ਨਾਲ ਕਰ ਦਿਤਾ ਸੀ। ਭਾਈ ਲੱਖੀ ਸ਼ਾਹ ਦਾ ਦਿਹਾਂਤ 30 ਜੇਠ 1737 ਬਿ. ਅਨੁਸਾਰ 1680 ਈ. ਵਿੱਚ ਦਿੱਲੀ ਵਿਖੇ ਹੋਇਆ। ਭਾਈ ਲੱਖੀ ਸ਼ਾਹ ਵਣਜਾਰੇ ਦੀ ਸੇਵਾ ਅਤੇ ਯਾਦ ਹਰ ਸਿੱਖ ਦੇ ਹਿਰਦੇ ਵਿੱਚ ਸਦੈਵ-ਰੂਪ ਵਿੱਚ ਵੱਸੀ ਹੋਈ ਹੈ। ਉਸ ਦਾ ਕੁਰਬਾਨੀ ਭਰਿਆ ਕਾਰਨਾਮਾ ਸਾਨੂੰ ਵੀ ਸਭ ਕੁਝ ਗੁਰੂ ਤੋਂ ਕੁਰਬਾਨ ਕਰਨ ਲਈ ਪ੍ਰੇਰਨਾ ਕਰਦਾ ਹੈ। ਵਿਸਥਾਰ ਵਿੱਚ ਨਾ ਜਾਂਦਿਆਂ ਸੰਖੇਪ ਰੂਪ ਵਿੱਚ ਦੱਸਣਾ ਚਾਹੁੰਦਾ ਹਾਂ ਕਿ ਮੁਗਲ ਸਾਮਰਾਜ ਦੇ ਬਾਦਸ਼ਾਹ ਔਰੰਗਜ਼ੇਬ ਦੇ ਜ਼ੁਲਮਾਂ ਨੂੰ ਠੱਲ ਪਾਉਣ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜੀ ਮੱਘਰ ਸੁਦੀ ਪੰਚਮੀ, ਸੰਮਤ 1732 ਬਿ. ਅਨੁਸਾਰ 11 ਨਵੰਬਰ 1675 ਈ ਨੂੰ ਦਿੱਲੀ ਵਿਖੇ ਧਰਮ ਦੀ ਰੱਖਿਆ ਲਈ ਆਪਣੀ ਸ਼ਹਾਦਤ ਦੇ ਦਿੱਤੀ ਸੀ। ਉਹਨਾਂ ਦੇ ਨਾਲ ਤਿੰਨ ਮੁਖੀ ਸਿੱਖਾਂ ਨੂੰ ਵੀ ਸ਼ਹੀਦ

ਕੀਤਾ ਗਿਆ ਸੀ। ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਅਤੇ ਭਾਈ ਦਿਆਲਾ ਜੀ ਨੂੰ ਦੇਗ ਦੇ ਗਰਮ ਪਾਣੀ ਵਿੱਚ ਉਬਾਲ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਔਰੰਗਜ਼ੇਬ ਦੇ ਹੁਕਮ ਨਾਲ ਉਸ ਦੇ ਅਹਿਲਕਾਰਾਂ ਨੇ ਸਿਪਾਹੀਆਂ ਦੀ ਡਿਉਟੀ ਲਾ ਦਿੱਤੀ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੀਸ ਅਤੇ ਧੜ ਦਾ ਸਸਕਾਰ ਸਿੱਖਾਂ ਨੂੰ ਨਹੀਂ ਕਰਨ ਦੇਣਾ ਹੈ। ਅਗਰ ਕੋਈ ਸਿੱਖ ਅਜੇਹਾ ਕਰਦਾ ਹੈ ਤਾਂ ਉਸ ਨੂੰ ਗ੍ਰਿਫਤਾਰ ਕਰਕੇ ਸਰਕਾਰ ਦੇ ਹਵਾਲੇ ਕੀਤਾ ਜਾਵੇ। ਭਾਵੇਂ ਸਰਕਾਰ ਦੇ ਜ਼ੁਲਮ ਦੀ ਹਨੇਰੀ ਕਿੰਨੀ ਝੁੱਲੇ ਪਰ ਗੁਰੂ ਕੇ ਸਿੱਖ ਗੁਰੂ ਲਈ ਸਭ ਕੁਝ ਕੁਰਬਾਨ ਕਰ ਸਕਦੇ ਹਨ। ਇਸ ਦੀ ਇੱਕ ਵੱਡੀ ਮਿਸਾਲ ਭਾਈ ਲੱਖੀ ਸ਼ਾਹ ਵਣਜਾਰੇ ਨੇ ਵੀ ਕਾਇਮ ਕੀਤੀ ਹੈ।

ਉਹ ਕਿਸੇ ਵੀ ਤਰ੍ਹਾਂ ਕੁਝ ਸਿਖਾਂ ਦੇ ਸਹਿਯੋਗ ਨਾਲ ਚਾਂਦਨੀ ਚੌਂਕ ਵਾਲੇ ਸਥਾਨ ਤੋਂ ਗੁਰੂ ਸਾਹਿਬ ਦਾ ਧੜ ਚੁੱਕ ਕੇ ਅਤੇ ਇੱਕ ਗੱਡੇ ਵਿੱਚ ਲੱਦ ਕੇ ਆਪਣੇ ਘਰ ਰਾਇਸੀਨਾ ਵਿਖੇ ਲੈ ਕੇ ਗਏ ਸਨ। ਗੁਰੂ ਸਾਹਿਬ ਜੀ ਦਾ ਸੀਸ ਭਾਈ ਜੈਤਾ ਜੀ ਉਠਾ ਕੇ ਸ੍ਰੀ ਅਨੰਦਪੁਰ ਸਾਹਿਬ ਲੈ ਗਏ ਸਨ। ਭਾਈ ਲੱਖੀ ਸ਼ਾਹ ਨੇ ਗੁਰੂ ਸਾਹਿਬ ਜੀ ਦੇ ਧੜ ਦਾ ਸਸਕਾਰ ਕਰਨ ਲਈ ਆਪਣੇ ਘਰ ਵਿੱਚ ਚਿਖਾ ਬਣਾ ਕੇ ਘਰ ਨੂੰ ਅੱਗ ਲਾ ਦਿੱਤੀ ਸੀ। ਮੌਜੂਦਾ ਸਮੇਂ ਵਿਚ ਇਸ ਸਥਾਨ 'ਤੇ ਗੁਰਦੁਆਰਾ ਰਕਾਬ ਗੰਜ਼ ਸਸ਼ੋਭਿਤ ਹੈ। ਜਦੋਂ ਸਰਕਾਰ ਨੇ ਭਾਈ ਸਾਹਿਬ ਜੀ ਦੀ ਭਾਲ ਸ਼ੁਰੂ ਕੀਤੀ ਤਾਂ ਕੁਝ ਸਮਾਂ ਭਾਈ ਸਾਹਿਬ ਅਨੰਦਪੁਰ ਸਾਹਿਬ ਗੁਰੂ ਜੀ ਕੋਲ ਰਹੇ। ਪਰ ਸਾਵਰਦਾ ਸਾਹਿਬ ਦੀ ਰਵਾਇਤ ਅਨੁਸਾਰ ਭਾਈ ਲੱਖੀ ਸ਼ਾਹ ਜੀ ਬਹੁਤਾ ਸਮਾਂ ਇਸ ਅਸਥਾਨ ਤੇ ਆ ਕੇ ਨਿਵਾਸ ਕਰਨ ਦੇ ਨਾਲ-ਨਾਲ ਗੁਰੂ-ਭਗਤੀ ਕਰਦੇ ਰਹੇ ਸਨ।

ਜਿਸ ਕਰਕੇ ਵਣਜਾਰੇ ਸਿੱਖ ਬਹੁਤ ਸਰਧਾ ਅਤੇ ਸਤਿਕਾਰ ਸਹਿਤ ਇਸ ਅਸਥਾਨ ਦੇ ਦਰਸ਼ਨ ਕਰਨ ਆਉਂਦੇ ਹਨ। ਰਾਜਸਥਾਨ, ਦਿੱਲੀ ਅਤੇ ਹੋਰਨਾਂ ਹਿੱਸਿਆਂ ਵਿਚ ਵਸਦੇ ਹੋਏ ਵਣਜਾਰਿਆਂ ਵਲੋਂ ਇਸ ਅਸਥਾਨ ਦੇ ਦਰਸ਼ਨ-ਦੀਦਾਰ ਕਰਨੇ ਆਪਣਾ ਸੁਭਾਗ ਸਮਝਿਆ ਜਾਂਦਾ ਹੈ। ਇਥੋਂ ਦੇ ਨਿਵਾਸੀ ਭਾਈ ਦਿਆਲ ਦਾ ਸਪੁੱਤਰ ਜੀਤ ਸਿੰਘ (ਜੋ ਹੁਣ ਅੰਮ੍ਰਿਤ ਛਕ ਕੇ ਸਿੰਘ ਸੱਜ ਚੁੱਕਾ ਹੈ) ਨੇ ਦੱਸਿਆ ਕਿ ਹੁਣ ਇਥੋਂ ਦੇ ਨੌਜਵਾਨਾਂ ਅੰਦਰ ਫਿਰ ਸਿੰਘ ਸੱਜਣ ਦਾ ਚਾਅ ਪੈਦਾ ਹੋ ਚੁੱਕਾ ਹੈ। ਇਥੋਂ ਦੇ ਬੱਚੇ ਪੜ੍ਹ ਲਿਖ ਕੇ ਆਪਣਾ ਭਵਿੱਖ ਉੱਜਲਾ ਬਣਾਉਣਾ ਚਾਹੁੰਦੇ ਹਨ ਅਤੇ ਨਾਲ ਹੀ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਦੀ ਤਾਂਘ ਮਨ ਵਿਚ ਵਸਾਈ ਰੱਖਦੇ ਹਨ।

**ਇਹਨਾਂ ਦੇ ਅਨੁਸਾਰ ਇਸ ਸਮੇਂ ਰਾਜਸਥਾਨ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਲੱਗਭਗ ਢਾਈ ਲੱਖ ਦੇ ਕਰੀਬ ਵਣਜਾਰੇ ਸਿੱਖ ਵੱਸਦੇ ਹਨ ਜੋ ਆਮ ਤੌਰ ਤੇ ਆਪਣੇ ਰੀਤੀ ਰਵਾਜਾਂ ਵਿਚ ਕੁਝ ਰਹੁ-ਰੀਤਾਂ ਸਿੱਖੀ ਵਾਲੀਆਂ ਵੀ ਰੱਖਦੇ ਹਨ। 1984 ਈ ਵਿੱਚ ਇਥੇ ਵੀ ਕਈ ਸਾਲ ਦਹਿਸ਼ਤ ਦਾ ਮਾਹੌਲ ਬਣਿਆ ਰਿਹਾ ਜਿਸ ਕਰਕੇ ਕੁਝ ਨੌਜਵਾਨ ਸਰੂਪ ਕਰਕੇ ਸਿੱਖੀ ਤੋਂ ਦੂਰ ਹੋ ਗਏ ਸਨ ਪਰ ਹੁਣ ਫਿਰ ਸਿੱਖੀ ਪਿਆਰ ਵਿਚ ਪਲ ਰਹੇ ਹਨ। ਮੈਨੂੰ ਲੱਗਦਾ ਹੈ ਇਹਨਾਂ ਪਰਿਵਾਰਾਂ ਦੀ**

**ਨਿਸ਼ਾਨ ਦੇਹੀ ਕਰਕੇ ਬੱਚਿਆਂ ਅਤੇ ਨੌਜਵਾਨ ਵੀਰਾਂ ਤੇ ਭੈਣਾਂ ਦੀ ਪੜਾਈ ਅਤੇ ਰੋਜਗਾਰ ਬਾਰੇ ਜੇ ਸਿੱਖ ਜਗਤ ਧਿਆਨ ਦੇਵੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਫੁਲਵਾੜੀ ਹੁਰ ਵੀ ਵਿਸ਼ਾਲ ਰੂਪ ਵਿੱਚ ਖਿੜ ਸਕਦੀ ਹੈ।**

**ਫੁੱਟ ਨੋਟ**

1 ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, (ਸੰਪਾ। ਪਿਆਰਾ ਸਿੰਘ ਪਦਮ) ਸਿੰਘ ਬ੍ਰਦਰਜ਼, ਅੰਮ੍ਰਿਤਸਰ,1997, ਪੰਨਾ 72।

2 ਗਯਾਨ ਸਿੰਘ, ਗਯਾਨੀ, ਸ੍ਰੀ ਗੁਰੁ ਪੰਥ ਪ੍ਰਕਾਸ਼, ਭਾਗ ਪੰਜਵਾਂ, (ਸੰਪਾ। ਗਿਆਨੀ ਕਿਰਪਾਲ ਸਿੰਘ) ਮਨਮੋਹਨ ਸਿੰਘ ਬਰਾੜ, ਅੰਮ੍ਰਿਤਸਰ, 1977, ਪੰਨੇ 2823-24।

3 ਉਕਤ ਪੰਨਾ 2826, ਈਸ਼ਰ ਸਿੰਘ ਨਾਰਾ, ਇਤਿਹਾਸ ਬਾਬਾ ਸ੍ਰੀਚੰਦ ਜੀ ਸਾਹਿਬ ਅਤੇ ਉਦਾਸੀਨ ਸੰਪ੍ਰਦਾਇ, ਜਨਵਰੀ 1959, ਪੰਨਾ 453

4 ਰਣਧੀਰ ਸਿੰਘ, ਰਿਸਰਚ ਸਕਾਲਰ, ਉਦਾਸੀ ਸਿੱਖਾਂ ਦੀ ਵਿਥਿਆ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1959, ਪੰਨਾ 185। ਪਿਆਰਾ ਸਿੰਘ ਪਦਮ, ਸਿੱਖ ਸੰਪ੍ਰਦਾਵਲੀ, ਕਲਗੀਧਰ ਕਲਮ ਫਾਉਡੇਸ਼ਨ, ਕਲਮ ਮੰਦਰ, ਪਟਿਆਲਾ, ਪੰਨੇ 25-26।

5 ਪ੍ਰੋਫੈਸਰ ਅਤੇ ਮੁਖੀ, ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ

6 ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ, ਭਾਗ-2 (ਖੰਡ1), (ਸੰਪਾ। ਉਤਮ ਸਿੰਘ ਭਾਟੀਆ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2003, ਪੰਨੇ 197-199।

7 ਕਾਨ੍ਹ ਸਿੰਘ, ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1999। ਪੰਨਾ 628।, ਗੁਰਬਚਨ ਸਿੰਘ, ਨਈਅਰ, ਗੁਰੂ ਗੋਬਿੰਦ ਸਿੰਘ,ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ ਚਿੰਨ੍ਹ, (ਇਕ ਸਰਵੇਖਣ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989। ਪੰਨੇ 127-128।

8 ਉਕਤ,

9 ਪਿਆਰਾ ਸਿੰਘ ਪਦਮ, ਸਿੱਖ ਸੰਪ੍ਰਦਾਵਲੀ, ਪੂਰਵ ਅੰਕਤ, ਪੰਨਾ 129।

10 ਤੇਜਾ ਸਿੰਘ ਗੰਡਾ ਸਿੰਘ ਸਿੱਖ ਇਤਿਹਾਸ: 1469-1765 (ਪੰਜਾਬੀ ਅਨੁਵਾਦ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985, ਪੰਨਾ 57।

11 ਕਾਨ੍ਹ ਸਿੰਘ, ਨਾਭਾ, ਪੂਰਵ ਅੰਕਤ, ਪੰਨਾ 1016



**ਅੰਮ੍ਰਿਤਸਰ ਨਿਵਾਸੀ ਨੌਜਵਾਨ ਪੰਥਪ੍ਰਸਤ ਕੌਮੀ ਮੁਫਾਦ ਨੂੰ ਪੂਰੀ ਤਰ੍ਹਾਂ ਸਮਰਪਤ ਕਸ਼ਮੀਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਖੋਜਾਰਥੀ ਹੈ। ਕੌਮੀ ਕਾਰਜਾਂ ਵਿੱਚ ਪਿਛਲੇ ਦਹਾਕੇ ਵਿੱਚ ਜ਼ਮੀਨੀ ਸੋਚ ਤੇ ਪਹਿਰਾ ਦਿੰਦੇ ਹੋਏ ਅੰਮ੍ਰਿਤਸਰ, ਗੁਰਦਾਸਪੁਰ ਅਤੇ ਹੋਰ ਇਲਾਕਿਆਂ ਵਿਚ ਸੰਗਤਾਂ ਨੂੰ ਸਿੱਖੀ ਨਾਲ ਜੋੜਨ ਦੇ ਨਿਵੇਕਲੇ ਉਦਮ ਕੀਤੇ ਹਨ। ਉਨ੍ਹਾਂ ਨਾਲ ਈਮੇਲ** kashmirkhalsa@gmail.com **ਤੇ ਕੀਤਾ ਜਾ ਸਕਦਾ ਹੈ।**

# ਪੂਰਬੀ ਝਾਤ: ਬਿਹਾਰ ਦੇ ਜੱਦੀ ਸਿੱਖ

## ਜਗਮੋਹਨ ਸਿੰਘ ਗਿੱਲ

ਪੂਰਬੀ ਭਾਰਤ, ਖਾਸ ਕਰਕੇ ਬਿਹਾਰ ਵਿਚ ਵੱਖ-ਵੱਖ ਵਰਗਾਂ ਦੇ ਸਿੱਖਾਂ ਨਾਲ ਵਾਹ ਪੈਣ ਕਾਰਨ ਮੈਂ ਇਹਨਾਂ ਬਾਰੇ ਕਾਫੀ ਅਧਿਐਨ ਕਰ ਸਕਿਆ ਹਾਂ। ਬਿਹਾਰ ਅੰਦਰ ਵਸਦੀਆਂ ਨਿਵੇਕਲੀਆਂ ਨਸਲਾਂ, ਕਬਾਇਲੀ ਭਾਸ਼ਾਵਾਂ ਅਤੇ ਵੱਖ-ਵੱਖ ਧਰਮਾਂ ਅਤੇ ਵਿਸ਼ਵਾਸਾਂ ਕਾਰਨ ਇਹ ਇਸ ਉਪ ਮਹਾਂਦੀਪ ਦਾ ਸਭ ਤੋਂ ਵੱਧ ਵੰਨ-ਸੁਵੰਨਤਾ ਭਰਪੂਰ ਖੇਤਰ ਹੈ। ਹਿੰਦੂ, ਜੈਨ, ਬੁੱਧ ਅਤੇ ਸਿੱਖ ਧਰਮ ਦੀ ਪਾਲਣਹਾਰੀ ਇਹ ਧਰਤੀ ਪੌਰਾਣਿਕ ਵੇਲਿਆਂ ਦੀਆਂ ਕੀਮਤੀ ਨਿਸ਼ਾਨੀਆਂ ਦਾ ਭਰਪੂਰ ਖ਼ਜ਼ਾਨਾ ਹੈ। ਬਿਹਾਰ ਸੰਸਾਰ ਦੇ ਇਹਨਾਂ ਚਾਰ ਮਹਾਨ ਧਰਮਾਂ ਦਾ ਪੰਘੂੜਾ ਹੈ। ਸਾਨੂੰ ਬਹੁਤ ਸਾਰੇ ਪੁਰਾਣੇ ਡੇਰੇ, ਆਸ਼ਰਮ, ਸਮਾਰਕ, ਮੰਦਰ ਅਤੇ ਹੋਰ ਸਥਾਨ ਲੱਭ ਸਕਦੇ ਹਨ ਜਿੱਥੇ ਅਸੀਂ ਆਦਰ ਭਾਵ ਅਤੇ ਸ਼ੁਕਰਾਨਾ ਭੇਟ ਕਰ ਸਕਦੇ ਹਾਂ। ਇਸ ਖੇਤਰ ਦਾ ਇਤਿਹਾਸ ਕੌਮਾਂਤਰੀ ਤੌਰ 'ਤੇ ਮਹੱਤਤਾ ਵਾਲਾ ਹੈ।

ਬਿਹਾਰ ਨੂੰ ਗੁਰੂ ਨਾਨਕ ਅਤੇ ਹੋਰ ਸਿੱਖ ਗੁਰੂ ਸਾਹਿਬਾਨ ਦੇ ਵੇਲੇ ਤੋਂ ਸਿੱਖ ਧਰਮ ਦੇ ਨਕਸ਼ੇ 'ਤੇ ਆਪਣਾ ਸਥਾਨ ਪ੍ਰਾਪਤ ਕਰਨ ਦਾ ਮੌਕਾ ਮਿਲਿਆ। ਗੁਰੂ ਨਾਨਕ ਸਾਹਿਬ ਦੀ ਪਹਿਲੀ ਉਦਾਸੀ ਨਾਲ ਇਸ ਖੇਤਰ ਦੇ ਲੋਕਾਂ ਦੀ ਗੁਰੂ ਦੀ ਸਿੱਖੀ ਨਾਲ ਸਬੰਧਾਂ ਦੀ ਸ਼ੁਰੂਆਤ ਹੋਈ। ਗੁਰੂ ਨਾਨਕ ਨਸਲ, ਜਾਤ, ਭਾਸ਼ਾ ਦੀਆਂ ਵਲਗਣਾਂ ਤੋਂ ਪਾਰ ਵਿਸ਼ਵ ਵਿਆਪੀ ਮਾਨਵਤਾ ਦੇ ਉਪਦੇਸ਼ਕ ਸਨ।

ਉਹ ਕਦੀ ਬੰਧਨਾਂ ਵਿਚ ਬੱਝ ਕੇ ਨਹੀਂ ਰਹੇ। ਉਹਨਾਂ ਸੰਸਾਰ ਭਰ ਦੀ ਯਾਤਰਾ ਕੀਤੀ ਅਤੇ ਜਿੱਥੇ ਵੀ ਉਹ ਗਏ ਆਪਣਾ ਇੱਕ ਸੰਸਾਰ ਸਿਰਜਿਆ ਅਤੇ ਆਪਣੇ ਬਹੁਤ ਸਾਰੇ ਘਰ ਬਣਾਏ। ਇਸ ਖੇਤਰ ਨੂੰ ਵੀ ਅਕਾਲ ਪੁਰਖ ਦੇ ਦੂਤ ਗੁਰੂ ਨਾਨਕ ਸਾਹਿਬ ਜੀ ਦੀ ਪਾਵਨ ਛੋਹ ਪ੍ਰਾਪਤ ਹੋਈ। ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ, ਦਸਵੇਂ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸੁੰਦਰੀ ਜੀ ਦੇ ਸਭ ਤੋਂ ਵੱਧ ਹੁਕਮਨਾਮੇ ਪੂਰਬੀ ਭਾਰਤ ਖ਼ਾਸ ਕਰਕੇ ਬਿਹਾਰ ਦੇ ਸਿੱਖਾਂ ਨੂੰ ਸੰਬੋਧਿਤ ਹਨ ਜੋ ਅੱਜ ਵੀ ਵੇਖੇ ਜਾ ਸਕਦੇ ਹਨ। ਇਹਨਾਂ ਤੋਂ ਇਸ ਖੇਤਰ ਦੇ ਸਥਾਨਕ ਲੋਕਾਂ ਦੇ ਗੁਰੂ ਸਾਹਿਬਾਨ ਨਾਲ ਸਬੰਧਾਂ ਦੀ ਤੀਬਰਤਾ ਅਤੇ ਮਹੱਤਤਾ ਦਾ ਪਤਾ ਲੱਗਦਾ ਹੈ।

ਇਸ ਧਰਤੀ ਨਾਲ ਸਬੰਧਤ ਗੁਰ-ਇਤਿਹਾਸ ਬਾਰੇ ਸਥਾਨਕ ਸਿੱਖਾਂ ਦੇ ਮਨਾਂ ਵਿਚ ਕਈ ਕਥਾਵਾਂ ਅਤੇ ਸਾਖੀਆਂ ਉੱਕਰੀਆਂ ਹੋਈਆਂ ਹਨ ਜਿਹੜੀਆਂ ਪੁਰਾਣੇ ਸਿੱਖਾਂ ਨੇ ਪੀੜ੍ਹੀ ਦਰ ਪੀੜ੍ਹੀ ਆਪਣੇ ਬੱਚਿਆਂ ਨੂੰ ਸੁਣਾਈਆਂ ਹੋਈਆਂ ਹਨ। ਮਹਾਨ ਗੁਰੂਆਂ ਦੀਆਂ ਯਾਤਰਾਵਾਂ ਅਜੇ ਵੀ ਲੋਕਾਂ ਦੇ ਦਿਲਾਂ ਵਿਚ ਤਾਜ਼ਾ ਹਨ ਜੋ ਉਹਨਾਂ ਦੇ ਮਨਾਂ ਅੰਦਰ ਗੁਰੂ ਸਾਹਿਬਾਨ ਪ੍ਰਤੀ ਬਹੁਤ ਡੂੰਘਾ ਸ਼ਰਧਾ ਭਾਵ ਪੈਦਾ ਕਰਦੀਆਂ ਹਨ।

ਸਿੱਖੀ ਸਰੂਪ ਦੀ ਖੋਜ ਨੇ ਮੈਨੂੰ ਪੂਰੇ ਬਿਹਾਰ ਸਮੇਤ ਪੂਰਬੀ ਭਾਰਤ ਦੇ ਇਲਾਕੇ ਅਤੇ ਇਸ ਤੋਂ ਪਾਰ ਚੱਕਰ ਲਵਾਏ। ਨਿਸਚਿਤ ਤੌਰ ‘ਤੇ ਪਟਨਾ ਦਿੱਲੀ ਨਾਲੋਂ ਭਿੰਨ ਹੈ। ਪਰ

ਅਸੀਂ ਧਰਾਤਲ ਜਾਂ ਆਬਾਦੀ ਦੀ ਭਿੰਨਤਾ ਦੀ ਗੱਲ ਨਹੀਂ ਕਰ ਰਹੇ। ਇਹ ਭਿੰਨਤਾ ਇਸ ਇਲਾਕੇ ਵਿਚ ਵਸਦੀ ਲੋਕ-ਮਾਨਸਿਕਤਾ ਦੀ ਹੈ। ਇੱਥੋਂ ਦੇ ਸਿੱਖਾਂ ਦਾ ਧਰਮ ਪੰਜਾਬ ਅਤੇ ਪੱਛਮੀ ਸੰਸਾਰ ਦੇ ਮੁਕਾਬਲੇ ਥੋੜ੍ਹਾ ਵੱਖਰੇ ਤਰ੍ਹਾਂ ਦਾ ਹੈ।

ਗੁਰੂ ਸਾਹਿਬਾਨ ਦੀਆਂ ਯਾਤਰਾਵਾਂ ਅਤੇ ਇਹਨਾਂ ਦੀਆਂ ਸਾਖੀਆਂ ਦੇ ਅਸਰ ਨੇ ਮੇਰੇ ਅੰਦਰ ਇਹਨਾਂ ਨਾਲ ਸਬੰਧਤ ਥਾਵਾਂ 'ਤੇ ਵਾਰ-ਵਾਰ ਜਾਣ ਦੀ ਪ੍ਰਬਲ ਇੱਛਾ ਪੈਦਾ ਕੀਤੀ। ਮਹਾਨ ਗੁਰੂਆਂ ਵਲੋਂ ਇਸ ਧਰਤੀ ਨਾਲ ਸਥਾਪਤ ਕੀਤੇ ਪੁਰਾਣੇ ਸਬੰਧਾਂ ਦੀ ਖੋਜ ਵਿੱਚ ਮੈਂ ਵੱਖ-ਵੱਖ ਥਾਵਾਂ ਤੇ ਘੁੰਮਣਾ ਸ਼ੁਰੂ ਕੀਤਾ। 19ਵੀਂ ਸਦੀ ਦੇ ਅੰਤ ਤੱਕ ਇੱਥੇ ਸਿੱਖ ਧਰਮ ਦਾ ਮੌਲਿਕ ਪ੍ਰਭਾਵ ਬਹੁਤ ਪ੍ਰਬਲ ਸੀ। ਸਿੱਖ ਧਰਮ ਦੇ ਪ੍ਰਚਾਰ ਦੀ ਮੁੱਖ ਭੂਮਿਕਾ ਉਦਾਸੀ ਮਹੰਤਾਂ ਦੁਆਰਾ ਨਿਭਾਈ ਗਈ। ਇਹਨਾਂ ਤੋਂ ਇਲਾਵਾ ਨਿਰਮਲੇ ਅਤੇ ਗਿਆਨੀ (ਇਹ ਮੁਢਲੇ ਦੌਰ ਦੀਆਂ ਸੰਪਰਦਾਵਾਂ, ਜੋ ਸਿੱਖ ਦਰਸ਼ਨ ਦੇ ਪ੍ਰਚਾਰ ਪ੍ਰਬੰਧ ਦੀ ਰੀੜ੍ਹ ਦੀ ਹੱਡੀ ਸਨ) ਨੇ ਵੀ ਇਸ ਖੇਤਰ ਵਿਚ ਸ਼ਲਾਘਾਯੋਗ ਕੰਮ ਕੀਤਾ।

**ਬਿਹਾਰ ਦੀ ਆਬਾਦੀ ਦਾ ਇੱਕ ਵੱਡਾ ਹਿੱਸਾ ਗੁਰੂ ਸਾਹਿਬਾਨ ਦਾ ਉਪਾਸ਼ਕ ਸੀ। ਇਹਨਾਂ ਨੂੰ ਨਾਨਕਸ਼ਾਹ ਪੰਥੀ ਜਾਂ ਨਾਨਕ ਪੰਥੀ ਕਿਹਾ ਜਾਂਦਾ ਸੀ। ਸੌ ਸਾਲ ਪਹਿਲਾਂ ਦੇ ਬਹੁਤ ਸਾਰੇ ਪੁਰਾਣੇ ਹਵਾਲਿਆਂ ਤੋਂ ਗਿਆਤ ਹੁੰਦਾ ਹੈ ਕਿ ਸਿੱਖਾਂ ਦੇ ਦੋ ਵਰਗ 'ਖਾਲਸਾ' ਅਤੇ 'ਖੋਲਾਸਾ' ਦੇ ਤੌਰ 'ਤੇ ਜਾਣੇ ਜਾਂਦੇ ਸਨ। ਬਹੁਤ ਸਾਰੀਆਂ ਥਾਵਾਂ 'ਤੇ ਦੇਖਿਆ ਗਿਆ ਹੈ ਕਿ ਕਾਫੀ ਲੋਕ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਸਕਦੇ ਹਨ ਅਤੇ ਗੁਰੂ ਦੀ ਗੱਲ ਸਮਝਣ ਦੇ ਸਮਰੱਥ ਹਨ।**

ਪਰ ਹੁਣ ਉਹਨਾਂ ਨੂੰ ਲੱਭਣਾ ਮੁਸ਼ਕਲ ਹੈ। ਇਹਨਾਂ 'ਚੋਂ ਜ਼ਿਆਦਾਤਰ ਆਪਣੇ ਪੁਰਾਣੇ ਧਰਮਾਂ ਵਿਚ ਪਰਤ ਗਏ ਹਨ। ਪਰ ਜੇ ਅਸੀਂ ਇਹਨਾਂ ਦੀਆਂ ਸਮਾਜਕ-ਸਭਿਆਚਾਰਕ ਸਰਗਰਮੀਆਂ ਨੂੰ ਗਹਿਰਾਈ ਨਾਲ ਦੇਖੀਏ ਤਾਂ ਸਾਨੂੰ ਇਹਨਾਂ ਦੇ ਸਿੱਖ ਧਰਮ ਨਾਲ ਪੁਰਾਣੇ ਸਬੰਧਾਂ ਦੇ ਪ੍ਰਭਾਵ ਦਾ ਪਤਾ ਲੱਗ ਜਾਂਦਾ ਹੈ। ਮੁੱਖ ਤੌਰ 'ਤੇ ਉਦਾਸੀ, ਨਿਰਮਲੇ ਅਤੇ ਕੁਝ ਹੱਦ ਤੱਕ ਗਿਆਨੀ ਸੰਪਰਦਾ ਦੇ ਪ੍ਰਚਾਰਕਾਂ ਨੇ ਲਗਾਤਾਰ ਤਿੰਨ ਸੌ ਸਾਲ ਗੁਰੂ ਸਾਹਿਬਾਨ ਦੇ ਸੰਦੇਸ਼ ਦੇ ਪ੍ਰਚਾਰ ਦਾ ਕਾਰਜ ਸੰਭਾਲਿਆ। ਬਾਅਦ ਵਿਚ ਕਾਰ ਸੇਵਾ ਵਾਲੇ ਅਤੇ ਹੋਰ ਸਿੱਖ ਜਥਿਆਂ ਦੇ ਮੁਖੀਆਂ ਨੇ ਇਸ ਖੇਤਰ ਨਾਲ ਸੰਪਰਕ ਬਣਾਈ ਰੱਖਿਆ। ਉਹਨਾਂ ਬਹੁਤ ਸਮਰਪਣ ਭਾਵ ਨਾਲ ਕੰਮ ਕੀਤਾ ਅਤੇ ਪੂਰਬੀ ਭਾਰਤ ਦੇ ਕੋਨੇ-ਕੋਨੇ ਤੱਕ ਪਹੁੰਚ ਕੀਤੀ। ਇਸ ਦਾ ਪ੍ਰਭਾਵ ਚਮਤਕਾਰੀ ਸੀ।

ਬਹੁਤ ਸਾਰੇ ਸਥਾਨਕ ਰਾਜੇ, ਨਵਾਬ, ਜ਼ਿਮੀਦਾਰ, ਵਪਾਰੀ ਅਤੇ ਆਮ ਲੋਕ ਉਹਨਾਂ ਦੇ ਸ਼ਰਧਾਲੂ ਅਤੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੇ ਅਨੁਯਾਈ ਬਣੇ। ਜ਼ਮੀਨ ਦੇ ਵੱਡੇ ਰਕਬੇ ਗੁਰੂ ਗ੍ਰੰਥ ਸਾਹਿਬ ਦੇ ਨਾਮ 'ਤੇ ਡੇਰਿਆਂ ਅਤੇ ਗੁਰਦੁਆਰਿਆਂ ਨੂੰ ਦਾਨ ਕੀਤੇ ਗਏ ਤਾਂ ਕਿ ਇਹ ਸੰਸਥਾਵਾਂ ਨਿਰਵਿਘਨ ਕੰਮ ਕਾਜ ਚਲਾ ਸਕਣ। ਬਹੁਤ ਥਾਈਂ ਸਿੱਖ 'ਸੰਗਤ' ਦੇ ਗਠਨ ਹੋਏ। ਅੱਜ ਵੀ ਅਸੀਂ ਅਜਿਹੇ ਕਈ ਉਦਾਹਰਣ ਦੇਖ ਸਕਦੇ ਹਾਂ ਜਿਵੇਂ ਪੁਰਾਣੀ ਸੰਗਤ, ਨਈ ਸੰਗਤ, ਬੜੀ ਸੰਗਤ, ਛੋਟੀ ਸੰਗਤ, ਪੱਕੀ ਸੰਗਤ, ਕੱਚੀ ਸੰਗਤ, ਟਕਸਾਲੀ ਸੰਗਤ ਅਤੇ ਨਾਨਕਸ਼ਾਹੀ ਸੰਗਤ ਆਦਿ ਜਿਹਨਾਂ ਤੋਂ ਪਤਾ ਲੱਗਦਾ ਹੈ ਕਿ ਸਥਾਨਕ ਲੋਕ ਸਿੱਖ ਮਾਰਗ ਦੇ ਪਾਂਧੀ ਸਨ।

ਵੱਖ-ਵੱਖ ਜਾਤਾਂ ਦੇ ਲੋਕਾਂ ਨੇ ਵੱਡੀ ਗਿਣਤੀ ਵਿਚ ਸਿੱਖ ਧਰਮ ਅਪਣਾਇਆ। ਹੁਣ ਜਿਥੋਂ ਤੱਕ ਸਭਿਆਚਾਰਕ ਅਤੇ ਵਿਚਾਰਧਾਰਕ ਪਛਾਣ ਦਾ ਸਵਾਲ ਹੈ ਇਹ ਪਛਾਣ ਹੁਣ ਅਲੋਪ ਹੋਣ ਦੇ ਕੰਢੇ 'ਤੇ ਹੈ।

ਮੈਨੂੰ ਪੂਰਬੀ ਭਾਰਤ ਦੇ ਵੱਖ-ਵੱਖ ਤਰ੍ਹਾਂ ਦੇ ਅਤੇ ਮਹੱਤਵਪੂਰਨ ਵਰਗਾਂ ਦੇ ਸਿੱਖਾਂ ਨਾਲ ਕਈ ਵਾਰ ਗੱਲਬਾਤ ਕਰਨ ਦਾ ਮੌਕਾ ਮਿਲਿਆ। ਵੱਖ-ਵੱਖ ਪਿਛੋਕੜਾਂ ਵਾਲੇ ਇਹ ਸਿੱਖ ਆਜ਼ਮਗੜ੍ਹ, ਬਲੀਆ, ਬਿਹਾਰ ਬਾਰਡਰ ਨਾਲ ਲਗਦੇ ਪੂਰਬੀ ਉੱਤਰ ਪ੍ਰਦੇਸ਼ ਦੇ ਵਾਰਾਨਸੀ ਦੇ ਇਲਾਕੇ, ਸਾਸਾਰਾਮ, ਕੇਦਲੀ-ਚੱਟੀ (ਜ਼ਿਲਾ ਚਤਰਾ), ਸ਼ਿਵਨਗਰ (ਜ਼ਿਲਾ ਵੈਸ਼ਾਲੀ), ਮਧੂਡੀ (ਜ਼ਿਲਾ ਮਧੂਬਨੀ), ਬਰਾਰੀਹੱਟ ਤੋਂ ਮਹੇਸ਼ਵਾ ਤੱਕ ਲਕਸ਼ਮੀਪੁਰ ਅਤੇ ਇਸ ਦੇ ਆਸ ਪਾਸ ਦੇ ਪਿੰਡਾਂ, ਸਾਦਲਪੁਰ (ਜ਼ਿਲਾ ਕਟਿਹਾਰ), ਹਲਹਲੀਆ, ਪਰਵਾਨਪੁਰ ਅਤੇ ਗੜਗਮਾ (ਜ਼ਿਲਾ ਅਰਰੀਆ) ਅਤੇ ਬਿਹਾਰ ਦੇ ਹੋਰ ਕਈ ਬਹੁਤ ਦੂਰ ਦੁਰਾਡੇ ਦੇ ਸਥਾਨਾਂ ਦੇ ਰਹਿਣ ਵਾਲੇ ਹਨ। ਪੱਛਮੀ ਬੰਗਾਲ ਵਿੱਚ ਇਹ ਮੁਰਾਰਾਈ (ਜ਼ਿਲਾ ਬੀਰਭੂਮ), ਕੌਂਟਾਈ (ਜ਼ਿਲਾ ਪੂਰਬੀ ਮਿਦਨਾਪੁਰ) ਅਤੇ ਅਸਾਮ ਦੇ ਚਾਪਰਮੁੱਖ ਅਤੇ ਬਰਖੋਲਾ (ਜ਼ਿਲਾ ਨਓਗਾਓਂ) ਪਿੰਡਾਂ ਵਿੱਚ ਵੇਖੇ ਜਾ ਸਕਦੇ ਹਨ।

ਪੂਰਬੀ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਖਿੰਡਰੇ ਇਹ ਸਿੱਖ ਬਾਕੀ ਸਿੱਖਾਂ ਵਾਂਗ ਹੀ ਪੱਗਾਂ ਬੰਨ੍ਹਦੇ ਅਤੇ ਕੇਸ ਰੱਖਦੇ ਹਨ। ਇਹ ਆਪਸ ਵਿਚ ਅਤੇ ਸਥਾਨਕ ਲੋਕਾਂ ਨਾਲ ਆਪਣੀਆਂ ਉਪ-ਬੋਲੀਆਂ ਵਿਚ ਗੱਲਬਾਤ ਕਰਦੇ ਹਨ ਪਰ ਜਦ ਕੋਈ ਬਾਹਰਲਾ ਸਿੱਖ ਮਿਲਦਾ ਹੈ ਤਾਂ ਉਸ ਨਾਲ ਪੰਜਾਬੀ ਵੀ ਬੋਲਦੇ ਹਨ। ਕਈ ਤਾਂ ਬਹੁਤ ਚੰਗੀ ਪੰਜਾਬੀ ਬੋਲ ਲੈਂਦੇ ਹਨ। ਕਈ ਸੌਖਿਆਂ ਹੀ ਗੁਰੂ ਗਰੰਥ ਸਾਹਿਬ ਦੀ ਬਾਣੀ ਦੇ ਸ਼ਬਦ ਪੜ੍ਹ ਅਤੇ ਗਾ ਲੈਂਦੇ ਹਨ। ਮੈਨੂੰ ਸਿੱਖ ਮਿਸ਼ਨ ਕੋਲਕਾਤਾ (ਪੂਰਬੀ ਭਾਰਤ) ਦੇ ਜਨਰਲ ਸਕੱਤਰ ਦੇ ਤੌਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਧਰਮ ਪ੍ਰਚਾਰ ਕਮੇਟੀ ਵਲੋਂ ਇਹਨਾਂ ਇਲਾਕਿਆਂ ਵਿਚ ਗੁਰਮਤਿ ਕੈਂਪਾਂ ਦੇ ਪ੍ਰਬੰਧ ਕਰਦਿਆਂ ਅਤੇ ਅਜਿਹੇ ਹੋਰ ਕੰਮ ਕਰਦਿਆਂ ਇਹਨਾਂ ਸਿੱਖਾਂ ਨਾਲ ਮੇਲ ਮਿਲਾਪ ਦਾ ਮੌਕਾ ਮਿਲਿਆ।

ਗੁਰੂ ਨਾਨਕ ਦੀ ਪੂਰਬੀ ਭਾਰਤ ਦੀ ਯਾਤਰਾ ਦੇ ਸਮੇਂ ਤੋਂ ਇਸ ਖੇਤਰ ਵਿੱਚ ਖੱਤਰੀ ਸਿੱਖਾਂ ਦੀ ਮੌਜੂਦਗੀ ਸੀ। ਵਪਾਰ ਦਾ ਕੰਟਰੋਲ ਉਹਨਾਂ ਖੱਤਰੀਆਂ ਕੋਲ ਸੀ ਜਿਹਨਾਂ ਦੇ ਪੰਜਾਬ ਨਾਲ ਸਬੰਧ ਸਨ। ਨਾਨਕ ਪੰਥੀਆਂ ਦੇ ਰੂਪ ਵਿਚ ਇਹਨਾਂ ਖੱਤਰੀਆਂ ਦੇ ਮੁਢਲੇ ਸਹਿਯੋਗ ਨਾਲ ਹੀ ਸਿੱਖ ਧਰਮ ਦਾ ਪ੍ਰਚਾਰ ਹੋਇਆ। ਇਸ ਸਬੰਧੀ ਸਾਡੇ ਕੋਲ ਵੱਖ-ਵੱਖ ਸਿੱਖ ਵਿਦਵਾਨਾਂ, ਯੂਰਪੀ ਅਤੇ ਸਥਾਨਕ ਇਤਿਹਾਸਕਾਰਾਂ ਦੇ ਲੜੀਵਾਰ ਹਵਾਲੇ ਉਪਲਭਦ ਹਨ। ਬਿਹਾਰ ਦੀ ਧਰਤੀ ਨੂੰ ਗੁਰੂ ਨਾਨਕ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਕਰਨ ਦਾ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਜਨਮ ਭੂਮੀ ਹੋਣ ਦਾ ਵਿਲੱਖਣ ਗੌਰਵ ਪ੍ਰਾਪਤ ਹੈ।

ਇਥੇ ਸਿੱਖਾਂ ਦੀ ਮੌਜੂਦਗੀ ਦਾ ਇਤਿਹਾਸ ਗੁਰੂ ਨਾਨਕ ਦੇ ਵੇਲੇ ਜਿੰਨਾ ਪੁਰਾਣਾ ਹੈ। ਗੁਰੂ ਨਾਨਕ ਦੇਵ ਜੀ 1508 ਈ. ਵਿਚ ਪੂਰਬੀ ਦਿਸ਼ਾ ਦੀ ਆਪਣੀ ਪਹਿਲੀ ਉਦਾਸੀ ਦੌਰਾਨ ਬੰਗਾਲ ਵੱਲ ਜਾਣ ਸਮੇਂ ਇਸ ਖੇਤਰ ਦੇ ਵੱਖ-ਵੱਖ ਸਥਾਨਾਂ ਤੇ ਵਿਚਰੇ। ਪਟਨਾ ਦੇ ਸਾਲਿਸ ਰਾਏ ਜੌਹਰੀ ਨਾਮ ਦੇ ਬਹੁਤ ਵੱਡੇ ਸਰਾਫਾ ਵਪਾਰੀ ਜੋ ਗੁਰੂ ਨਾਨਕ ਦੇ ਪਹਿਲੇ

ਸ਼ਰਧਾਲੂ ਬਣੇ, ਖੱਤਰੀ ਸਨ। ਕਿਹਾ ਜਾਂਦਾ ਹੈ ਕਿ ਗੁਰੂ ਜੀ ਲਗਪਗ ਚਾਰ ਮਹੀਨੇ ਉਸ ਦੇ ਨਿਵਾਸ ਸਥਾਨ ਵਿਖੇ ਠਹਿਰੇ। ਸਾਲਿਸ ਰਾਏ ਦੇ ਸੇਵਕ ਅੱਧਰਕਾ (ਅਰੋੜਾ ਜਾਤੀ) ਨੂੰ ਗੁਰੂ ਨਾਨਕ ਨੇ ਆਸ਼ੀਰਵਾਦ ਦਿੱਤਾ। ਭਾਈ ਅੱਧਰਕਾ ਗੁਰੂ ਦੇ ਗੁਰਮਤਿ ਫਲਸਫੇ ਦਾ ਮਿਸ਼ਨਰੀ ਪ੍ਰਚਾਰਕ ਬਣ ਗਏ। ਗੁਰੂ ਅਮਰਦਾਸ ਜੀ ਨੇ ਇਥੇ ਭਾਈ ਗੁਰਦਾਸ ਅਤੇ ਕੁਝ ਹੋਰ ਮਹੱਤਵਪੂਰਨ ਪ੍ਰਚਾਰਕਾਂ ਨੂੰ ਭੇਜਿਆ ਜੋ ਚਾਚਾ ਫੱਗੂ ਮੱਲ ਜਹੇ ਹੋ ਸਕਦੇ ਹਨ।

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਆਮਦ ਸਮੇਂ ਪਟਨਾ ਅਤੇ ਇਸ ਦੇ ਆਲੇ ਦੁਆਲੇ ਚੰਗੀ ਗਿਣਤੀ ਵਿਚ ਸਿੱਖ ਸ਼ਰਧਾਲੂ ਮੌਜੂਦ ਸਨ। ਗੁਰੂ ਤੇਗ ਬਹਾਦਰ ਜੀ ਸਾਲਿਸ ਰਾਏ ਦੇ ਇੱਕ ਵੰਸ਼ਜ ਦੇ ਘਰ ਰਹੇ। ਬੜੀ ਸੰਗਤ ਅਤੇ ਛੋਟੀ ਸੰਗਤ ਪਟਨਾ ਵਿਚ ਸਿੱਖਾਂ ਦੇ ਦੋ ਮਹੱਤਵਪੂਰਨ ਸਥਾਨ ਸਨ। ਭਾਈ ਅੱਧਰਕਾ ਦੇ ਵੰਸ਼ਜ ਛੋਟੀ ਸੰਗਤ ਦੇ ਆਗੂ ਸਨ, ਜੋ ਸਥਾਨਕ ਸ਼ਰਧਾਲੂਆਂ ਨਾਲ ਰਲ਼ ਕੇ ਗੁਰੂ ਤੇਗ ਬਹਾਦਰ ਜੀ ਅਤੇ ਉਹਨਾਂ ਦੇ ਸਾਥੀ ਸਿੱਖਾਂ ਨੂੰ ਬੜੀ ਸੰਗਤ ਤੋਂ ਇਥੇ ਲੈ ਕੇ ਆਏ। ਪਟਨਾ ਓਦੋਂ 'ਭਾਰਤ ਦੇ ਮੈਨਚੇਸਟਰ' ਦੇ ਤੌਰ ਤੇ ਜਾਣਿਆ ਜਾਂਦਾ ਸੀ, ਕਪਾਹ ਦੇ ਥੋਕ ਵਪਾਰ ਕਾਰਨ ਇਸ ਦੀ ਖੁਸ਼ਹਾਲੀ 18ਵੀਂ ਸਦੀ ਤੱਕ ਕਾਇਮ ਰਹੀ।

ਗੁਰੂ ਨਾਨਕ ਵੇਲੇ ਅਤੇ ਬਾਅਦ ਦੇ ਜ਼ਿਆਦਾਤਰ ਮੁੱਢਲੇ ਸਿੱਖ ਖੱਤਰੀ ਸਨ। ਪੰਜਾਬ ਵਿਚ ਉਹਨਾਂ ਦੇ ਸੰਬੰਧੀ ਸਨ ਅਤੇ ਅਕਸਰ ਆਪਣੇ ਪੁਰਖਿਆਂ ਦੇ ਇਸ ਜੱਦੀ ਇਲਾਕੇ ਪੰਜਾਬ ਵਿਚ ਆਉਂਦੇ ਜਾਂਦੇ ਅਤੇ ਗੁਰੂ ਸਾਹਿਬਾਨ ਦੇ ਦਰਬਾਰ ਵਿਚ ਸ਼ਰਧਾ ਸਹਿਤ ਨਤਮਸਤਕ ਹੁੰਦੇ। ਇਹ ਭਾਈਚਾਰਾ ਆਪਸ ਵਿੱਚ ਬਹੁਤ ਹੀ ਚੰਗੀ ਤਰ੍ਹਾਂ ਜੁੜਿਆ ਹੋਇਆ ਸੀ।

ਤਖ਼ਤ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਸੰਵਿਧਾਨਕ ਗਠਨ ਤੋਂ ਪਹਿਲਾਂ ਤਖਤ ਸਾਹਿਬ ਦੇ ਸਾਰੇ ਗਰੰਥੀ, ਜਿਹਨਾਂ ਨੂੰ ਮਹੰਤ ਕਿਹਾ ਜਾਂਦਾ ਸੀ, ਖੱਤਰੀ ਹੀ ਸਨ। ਢਾਕੇ ਦੇ ਬਹੁਤੇ ਮਹੰਤ ਖੱਤਰੀ 1947 ਵਿਚ ਭਾਰਤ ਦੀ ਵੰਡ ਸਮੇਂ ਅਤੇ ਬਾਕੀ ਬੰਗਲਾਦੇਸ਼ ਦੀ ਮੁਕਤੀ ਜੰਗ ਦੌਰਾਨ ਇਸ ਸਥਾਨ ਨੂੰ ਛੱਡਣ ਲਈ ਮਜਬੂਰ ਹੋ ਗਏ। ਇਹਨਾਂ ਵਿਚੋਂ ਬਹੁਤੇ ਖੱਤਰੀ ਸਿੱਖ ਹੁਣ ਕਿਧਰੇ ਨਹੀਂ ਦਿਸਦੇ। ਖੱਤਰੀ ਜਾਤ ਦੇ ਪਿਛੋਕੜ ਵਾਲੇ ਇਹਨਾਂ ਸਿੱਖਾਂ ਦੀ ਆਬਾਦੀ ਬਲੀਆ, ਬਸਤੀ, ਵਾਰਾਣਸੀ, ਆਜ਼ਮਗੜ੍ਹ, ਨਿਜ਼ਾਮਾਬਾਦ, ਭੱਬੂਆ, ਮਧੂਡੀ (ਜ਼ਿਲਾ ਮਧੂਬਨੀ), ਪਟਨਾ, ਮਹੇਸ਼ਵਾ, ਸਾਦਲਪੁਰ, ਕਟਿਹਾਰ, ਮੁਰਾਰਾਈ, ਕੌਂਟਾਈ ਅਤੇ ਕੁਝ ਹੋਰ ਥਾਵਾਂ 'ਤੇ ਵੇਖੀ ਜਾ ਸਕਦੀ ਹੈ। ਇਹਨਾਂ ਵਿਚੋਂ ਬਹੁਤੀਆਂ ਥਾਵਾਂ ਨੂੰ ਗੁਰੂ ਨਾਨਕ ਸਾਹਿਬ, ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਵਿਚੋਂ ਕਿਸੇ ਇਕ, ਦੋ ਜਾਂ ਤਿੰਨਾਂ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ।

ਦੇਸ਼ ਵੰਡ ਤੋਂ ਪਹਿਲਾਂ ਢਾਕਾ ਵਿਚ ਇਹਨਾਂ ਦੀ ਮੌਜੂਦਗੀ ਦੇਖੀ ਜਾ ਸਕਦੀ ਸੀ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਤਰਾ ਨਾਲ ਸਬੰਧਤ ਅਤੇ ਗੁਰੂ ਤੇਗ਼ ਬਹਾਦਰ ਜੀ ਦੇ ਇਥੇ ਲੰਮਾਂ ਸਮਾਂ ਠਹਿਰਨ ਨਾਲ ਸਬੰਧਤ ਮਹੱਤਵਪੂਰਨ ਇਤਿਹਾਸਕ ਗੁਰਦੁਆਰੇ ਹਨ। ਬਹੁਤ ਸਾਰੇ ਸਥਾਨਾਂ 'ਤੇ ਸਿੱਖਾਂ ਦੀ ਗਿਣਤੀ ਘੱਟ ਗਈ ਹੈ ਅਤੇ ਕੁਝ ਸਥਾਨਾਂ 'ਤੇ ਇਹਨਾਂ ਨੂੰ ਲੱਭਣਾ ਹੁਣ ਮੁਸ਼ਕਿਲ ਹੈ। ਇਹਨਾਂ ਇਲਾਕਿਆਂ ਵਿਚ ਪੁਰਾਣੇ ਗੁਰਦੁਆਰੇ ਵੇਖੇ ਜਾ ਸਕਦੇ ਹਨ। ਗੁਰਦੁਆਰਿਆਂ ਦੀ ਸਾਂਭ ਸੰਭਾਲ, ਮੁਰੰਮਤ ਅਤੇ ਸੰਗਤੀ ਕਾਰਜ

# ਬਿਹਾਰ ਦੇ ਅਗਰਹਾਰੀ ਸਿੱਖ




ਸਾਸਾਰਾਮ (ਬਿਹਾਰ) ਵਿੱਚ ਗੁਰਮੁਖੀ ਸਕੂਲ ਦਾ ਦ੍ਰਿਸ਼



ਸਿੱਖ ਮਿਸ਼ਨ ਕਲਕੱਤਾ (ਪੂਰਬੀ ਭਾਰਤ) ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਰਾਹੀਂ ਸਿੱਖਾਂ ਪਿੰਡ ਲਕਸ਼ਮੀਪੁਰ, ਜ਼ਿਲਹਾ ਕਟਿਹਾਰ ਗੁਰਮਤਿ ਕੈਂਪ ਲਗਾਇਆ ਗਿਆ



ਸਿੱਖਾਂ ਦੇ ਪਿੰਡ ਉਛਲਾ, ਜਿਲ੍ਹਾ ਕਟਿਹਾਰ (ਬਿਹਾਰ) ਦਾ ਇੱਕ ਦ੍ਰਿਸ਼

# ਬਿਹਾਰ ਦੇ ਨਾਨਕਪੰਥੀ





ਸਿੰਘ ਸਾਹਿਬ ਗਿਆਨੀ ਫੌਜਾ ਸਿੰਘ ਜੀ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਸ੍ਰ. ਜਗਮੋਹਨ ਸਿੰਘ ਗਿੱਲ ਸਿੱਖਾਂ ਦੇ ਪਿੰਡ ਹਲਹਲੀਆ, ਜ਼ਿਲ੍ਹਾ ਅਰਾਈਆ (ਬਿਹਾਰ) ਵਿਖੇ ਸ੍ਰ. ਕਰਤਾਰ ਸਿੰਘ ਗਿੱਲ ਮੈਮੋਰੀਅਲ ਗੁਰਮੁਖੀ ਵਿਦਿਆਲਾ ਦੀ ਇਮਾਰਤ ਦਾ ਨਿਰੀਖਣ ਕਰਦੇ ਹੋਏ। ਇਸ ਸਮੇਂ ਇਹ ਪੂਰਨ ਤੌਰ 'ਤੇ ਸਾਂਝੀਵਾਲਤਾ ਟਰੱਸਟ ਦੇ ਸਹਿਯੋਗ ਨਾਲ ਤਿਆਰ ਹੋ ਚੁੱਕੀ ਹੈ।



ਸਿੱਖਾਂ ਦਾ ਪਿੰਡ ਹਲਹਲੀਆ, ਜ਼ਿਲ੍ਹਾ ਅਰਾਈਆ (ਬਿਹਾਰ) ਦਾ ਦ੍ਰਿਸ਼



ਸਿੱਖਾਂ ਦਾ ਪਿੰਡ ਹਲਹਲੀਆ, ਜ਼ਿਲ੍ਹਾ ਅਰਾਈਆ (ਬਿਹਾਰ) ਦਾ ਦ੍ਰਿਸ਼

ਨਿਰਵਿਘਨ ਚਲਦੇ ਰੱਖਣ ਲਈ ਪਿੰਡਾਂ ਜਾਂ ਕਸਬਿਆਂ ਦੇ ਕਟੜਿਆਂ (ਮੰਡੀਆਂ ਜਾਂ ਬਜ਼ਾਰਾਂ) ਦੀ ਬਹੁਤ ਸਾਰੀ ਵਾਹੀਯੋਗ ਜ਼ਮੀਨ ਇਹਨਾਂ ਦੇ ਨਾਮ ਕਰਾਈ ਹੋਈ ਸੀ ਜਿਸ ਦੀ ਆਮਦਨ ਗੁਰਦੁਅਰਿਆਂ ਨੂੰ ਮਿਲਦੀ ਸੀ। ਵੱਡੇ ਪੱਧਰ ‘ਤੇ ਵੱਖ-ਵੱਖ ਗੁਰਪੁਰਬ ਮਨਾਏ ਜਾਂਦੇ ਸਨ। ਇਹ ਸਿੱਖ ਵੱਖ-ਵੱਖ ਇਲਾਕਿਆਂ ਦੇ ਹਿਸਾਬ ਨਾਲ ਖੜ੍ਹੀ ਬੋਲੀ, ਮੈਥਲੀ, ਮਘੀ ਅਤੇ ਭੋਜਪੁਰੀ ਤੋਂ ਲੈ ਕੇ ਆਸਾਮੀ ਅਤੇ ਬੰਗਾਲੀ ਭਾਸ਼ਾ ਬੋਲਦੇ ਸਨ।

ਸਿੱਖ ਡਾਇਸਪੋਰਾ ਦੇ ਇਕ ਹੋਰ ਮਹੱਤਵਪੂਰਨ ਅੰਗ ਅਗਰਹਰੀ ਸਿੱਖ ਹਨ। ਇਹ ਆਮ ਤੌਰ 'ਤੇ ਵਾਰਾਣਸੀ ਦੇ ਆਸ ਪਾਸ ਦੇ ਇਲਾਕੇ ਵਿਚ ਮਿਲਦੇ ਹਨ। ਇਹ ਅਸਲ ਵਿੱਚ ਵਪਾਰੀ ਜਾਂ ਬਨੀਆਂ ਸ਼੍ਰੇਣੀ ਨਾਲ ਸਬੰਧਤ ਹਨ। ਸਾਸਾਰਾਮ ਦੇ ਸਿੱਖ ਮੁੱਖ ਤੌਰ 'ਤੇ ਅਗਰਹਾਰੀ ਹਨ। ਗੁਰੂ ਤੇਗ਼ ਬਹਾਦਰ ਦੀ ਸਾਸਾਰਾਮ ਦੀ ਫੇਰੀ ਸਮੇਂ ਖੱਤਰੀ ਸਿੱਖਾਂ ਦੇ ਨਾਲ-ਨਾਲ ਇਥੇ ਅਗਰਹਰੀ ਸਿੱਖ ਵੀ ਮੌਜੂਦ ਸਨ। ਗੁਰੂ ਜੀ ਬਹੁਤ ਹੀ ਸਤਿਕਾਰਯੋਗ ਸਿੱਖ ਪ੍ਰਚਾਰਕ ਚਾਚਾ ਫੱਗੂ ਮੱਲ ਦੇ ਘਰ ਕੁਝ ਦਿਨ ਰਹੇ ਸਨ। ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਰਾਗ ਜੈਜਾਵੰਤੀ ਵਿਚਲੇ ਸ਼ਬਦ ''ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ'' ਦੀ ਰਚਨਾ ਇਥੇ ਹੀ ਕੀਤੀ ਸੀ। ਇੱਥੋਂ ਦੀ ਬਹੁਤ ਸਾਰੀ ਵਸੋਂ ਮੁੱਖ ਤੌਰ ‘ਤੇ ਸਿੱਖ ਧਰਮ ਦੇ ਅਧਿਆਤਮਕ ਪੱਖ ਵੱਲ ਆਕਰਸ਼ਿਤ ਹੋਈ।

ਸੁਨਿਆਰ, ਤੇਲੀ, ਲੁਹਾਰ, ਕੇਸਰੀ, ਕੁਸ਼ਵਾਹਾ, ਕੇਸਰਵਾਨੀ, ਬ੍ਰਾਹਮਣ ਅਤੇ ਹੋਰ ਜਾਤਾਂ ਅਤੇ ਵਰਗਾਂ ਨਾਲ ਸਬੰਧਤ ਵੱਖ-ਵੱਖ ਲੋਕ ਅੱਜੇ ਤੱਕ ਆਪਣੇ ਦਿਲਾਂ ਵਿਚ ਸਿੱਖ ਧਰਮ ਪ੍ਰਤੀ ਪਿਆਰ ਅਤੇ ਸ਼ਰਧਾ ਦਾ ਭਾਵ ਰੱਖਦੇ ਹਨ। ਸਾਸਾਰਾਮ ਬਾਰੇ ਅਸੀਂ ਕਹਿ ਸਕਦੇ ਹਾਂ, ''ਸਾਸਾਰਾਮ ਜਿਉਂਦਾ ਹੈ ਗੁਰੂ ਦੇ ਨਾਮ ਨਾਲ''।ਅਮੀਰ ਵਿਰਾਸਤ ਵਾਲੇ ਕਈ ਇਤਿਹਾਸਕ ਗੁਰਦੁਆਰੇ ਇਥੇ ਵੇਖੇ ਜਾ ਸਕਦੇ ਹਨ। ਗੁਰਦੁਆਰਾ ਚਾਚਾ ਫੱਗੂ ਮੱਲ ਵਰਗੇ ਇਤਿਹਾਸਕ ਗੁਰਦੁਆਰਿਆਂ ਤੋਂ ਇਲਾਵਾ ਗੁਰਦਵਾਰਾ ਟਕਸਾਲ ਸੰਗਤ, ਗੁਰਦੁਆਰਾ ਗੁਰੂ ਕਾ ਬਾਗ ਸਮੇਤ ਕਈ ਮਹੱਤਵਪੂਰਨ ਗੁਰਦੁਆਰੇ ਇਥੇ ਮੌਜੂਦ ਹਨ ਜਿਹਨਾਂ ਦੀ ਸਾਂਭ ਸੰਭਾਲ ਸੰਗਤ ਜਾਂ ਨਿੱਜੀ ਪੱਧਰ ‘ਤੇ ਕੀਤੀ ਜਾਂਦੀ ਹੈ। ਇਥੇ ਗੁਰੂ ਸਾਹਿਬਾਨ ਦੇ ਨਾਮ ‘ਤੇ ਸਕੂਲ ਅਤੇ ਹੋਰ ਵਿਦਿਅਕ ਸੰਸਥਾਵਾਂ ਹਨ। ਇਹ ਸਿੱਖ ਹਰ ਗੁਰਪੁਰਬ ਅਤੇ ਸਿੱਖ ਇਤਿਹਾਸ ਦੇ ਹੋਰ ਮਹੱਤਵਪੂਰਨ ਦਿਹਾੜੇ ਬੜੇ ਆਦਰ ਅਤੇ ਜੋਸ਼ ਨਾਲ ਮਨਾਉਂਦੇ ਹਨ।

ਮੈਨੂੰ ਵੱਖ-ਵੱਖ ਸਥਾਨਾਂ ‘ਤੇ ਚਲਦੇ ਗੁਰਪੁਰਬ ਸਮਾਗਮ, ਗੁਰੂ ਗੋਬਿੰਦ ਸਿੰਘ ਜੀ ਛਟੀ (ਮੁੰਡੇ ਦੇ ਜਨਮ ਦੇ ਛੇਵੇਂ ਦਿਨ ਮਨਾਉਣ ਦਾ ਪੁਰਾਣਾ ਰਿਵਾਜ਼), ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤ ਪੁਰਬ (ਸਥਾਨਕ ਬੋਲੀ ‘ਚ ਸਰਾਧ ਕਿਹਾ ਜਾਂਦਾ ਹੈ) ਅਤੇ ਅਗਰਹਰੀ ਸਿੱਖਾਂ ਵਲੋਂ ਮਨਾਏ ਜਾਂਦੇ ਹੋਰ ਸਮਾਰੋਹ ਦੇਖਣ ਦਾ ਮੌਕਾ ਮਿਲਿਆ। ਅਜਿਹਾ ਸਿੱਖ ਵਸੋਂ ਵਾਲੇ ਦੋ ਹੋਰ ਇਲਾਕਿਆਂ ਵਿੱਚ ਵੀ ਦੇਖਿਆ ਜਾ ਸਕਦਾ ਹੈ ਜਿਹਨਾਂ ਦੀ ਚਰਚਾ ਹੇਠ ਕੀਤੀ ਜਾ ਰਹੀ ਹੈ।

ਇਸ ਇਲਾਕੇ ਦੇ ਅਗਰਹਾਰੀ ਸਿੱਖ ਦੋ ਸਦੀਆਂ ਵਿੱਚ ਇਥੋਂ ਉੱਠ ਕੇ ਦੋ ਹੋਰ ਪ੍ਰਮੁੱਖ ਖੇਤਰਾਂ ਵਿੱਚ ਵੀ ਵੱਡੀ ਗਿਣਤੀ 'ਚ ਫੈਲ ਗਏ ਸਨ। ਇੱਕ ਕੋਲਕਾਤਾ, ਜਿੱਥੇ ਇਹਨਾਂ ਸਿੱਖਾਂ ਦੀ ਤਗੜੀ ਸੰਖਿਆ ਸ਼ਹਿਰ ਦੇ ਕੇਂਦਰ ਵਿਚ ਬਹੁਤ ਲੰਬੇ ਸਮੇਂ ਤੋਂ ਆਬਾਦ ਵੇਖੀ ਜਾ

ਸਕਦੀ ਹੈ। ਇਹਨਾਂ ਵਲੋਂ ਬਣਾਈਆਂ ਗੁਰਦੁਆਰਾ ਇਮਾਰਤਾਂ ਕੋਲਕਾਤਾ ਸ਼ਹਿਰ ਅਤੇ ਇਸ ਦੇ ਨੇੜਲੇ ਇਲਾਕੇ ਦੀਆਂ ਸਭ ਤੋਂ ਪੁਰਾਣੀਆਂ ਇਮਾਰਤਾਂ ਵਿਚੋਂ ਖਾਸ ਹਨ ਅਤੇ ਗੁਰੂ ਨਾਨਕ ਵਿਦਿਆਲਾ ਨਾਮ ਦਾ ਇੱਕ ਬਹੁਤ ਪੁਰਾਣਾ ਸਕੂਲ ਵੀ ਹੈ। ਅਗਰਹਾਰੀ ਸਿੱਖ ਆਮ ਤੌਰ 'ਤੇ ਵਪਾਰਕ ਧੰਦਿਆਂ 'ਚ ਲੱਗੇ ਹੋਏ ਸਨ ਅਤੇ ਇਹਨਾਂ ਵਿਚੋਂ ਕੁਝ ਤਾਂ ਬਹੁਤ ਵੱਡੇ ਕਾਰੋਬਾਰੀ ਸਨ। ਉਹਨਾਂ ਪਾਸ ਵੱਡੇ ਘਰ, ਬਾਗ ਅਤੇ ਇਥੋਂ ਤੱਕ ਕਿ ਆਪਣੇ ਨਿੱਜੀ ਗੁਰਦੁਆਰੇ ਸਨ। ਇਸ ਸਮੇਂ ਕੋਲਕਾਤਾ ਦੀ ਛੋਟਾ ਸਿੱਖ ਸੰਗਤ ਦੀ ਪ੍ਰਬੰਧਕ ਕਮੇਟੀ ਦੋ ਗੁਰਦੁਆਰਿਆਂ ਦੀ ਦੇਖ ਰੇਖ ਕਰ ਰਹੀ ਹੈ। ਇਹ ਮੁੱਖ ਤੌਰ 'ਤੇ ਕੋਲਕਾਤਾ ਦੇ ਬੜਾ ਬਜ਼ਾਰ, ਨਾਰਕੇਲਡਾਂਗਾ, ਬਾਗੁਆਟੀ ਅਤੇ ਸ਼ਹਿਰ ਦੇ ਆਸ ਪਾਸ ਦੇ ਹੋਰ ਇਲਾਕਿਆਂ ਵਿਚ ਰਹਿੰਦੇ ਹਨ।

ਸ਼ੁਰੂਆਤੀ ਦੌਰ ਦੇ ਸਿੱਖ ਵਸਨੀਕ ਹੋਣ ਦੇ ਨਾਤੇ ਉਹਨਾਂ ਨੇ ਸਥਾਨਕ ਲੋਕਾਂ ਅੰਦਰ ਸਿੱਖ ਧਰਮ ਦਾ ਸੰਦੇਸ਼ ਫੈਲਾਉਣ ਦੀ ਕੋਸ਼ਿਸ਼ ਕੀਤੀ।20ਵੀਂ ਸਦੀ ਦੇ ਸ਼ੁਰੂ ਵਿਚ ਅਤੇ ਪੰਜਾਬੀ ਸਿੱਖਾਂ ਦਾ ਹੜ ਆਉਣ ਨਾਲ ਇਹ ਇਕ ਤਰ੍ਹਾਂ ਨਾਲ ਨੁੱਕਰੇ ਲੱਗ ਗਏ। ਪਰ ਲੰਬੇ ਅਰਸੇ ਦੇ ਮੇਲ ਮਿਲਾਪ ਨਾਲ ਇਹਨਾਂ ਦੀ ਹੋਰ ਸਿੱਖਾਂ ਨਾਲ ਨੇੜਤਾ ਵਿਕਸਿਤ ਹੋ ਸਕੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਧਰਮ ਪ੍ਰਚਾਰ ਕਮੇਟੀ ਦੁਆਰਾ ਸਥਾਪਤ ਸਿੱਖ ਮਿਸ਼ਨ ਕੋਲਕਾਤਾ (ਪੂਰਬੀ ਭਾਰਤ) ਨੇ ਆਪਣੇ ਅਣਥੱਕ ਯਤਨਾਂ ਨਾਲ ਇਸ ਸਮਾਜਿਕ-ਸਭਿਆਚਾਰਕ ਪਾੜੇ ਨੂੰ ਪੂਰਨ ਦਾ ਯਤਨ ਕੀਤਾ। ਬੱਚਿਆਂ ਨੂੰ ਗੁਰਬਾਣੀ, ਗੁਰਮੁਖੀ, ਸਿੱਖ ਇਤਿਹਾਸ, ਕੀਰਤਨ ਅਤੇ ਜੀਵਨ ਦੇ ਹੋਰ ਚੰਗੇਰੇ ਦੀ ਜਾਣਕਾਰੀ ਦੇਣ ਲਈ ਹਫਤਾਵਾਰੀ ਗੁਰਮਤਿ ਕਲਾਸਾਂ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ। ਹੌਲੀ-ਹੌਲੀ ਇਹਨਾਂ ਦੇ ਬੱਚੇ ਅਤੇ ਸੰਗਤ ਕੋਲਕਾਤਾ ਦੇ ਆਮ ਸਿੱਖ ਜਗਤ ਨਾਲ ਘੁਲਣ ਮਿਲਣ ਲੱਗੇ। ਹੁਣ ਆਪਸੀ ਸਮਝ ਦੇ ਨਾਲ ਨੇੜਤਾ ਦੇ ਸੰਬੰਧ ਸਥਾਪਤ ਹੋ ਚੁੱਕੇ ਹਨ। ਇਹ ਕੋਲਕਾਤਾ ਦੇ ਸਥਾਨਕ ਅਤੇ ਇਸ ਦੇ ਆਲੇ ਦੁਆਲੇ ਦੇ ਗੁਰਦੁਆਰਿਆਂ ਵਿਚ ਹੋਣ ਵਾਲੀਆਂ ਸਿੱਖ ਸਰਗਰਮੀਆਂ ਵਿਚ ਬਹੁਤ ਉਤਸ਼ਾਹ ਨਾਲ ਹਿੱਸਾ ਲੈਣ ਦੀ ਕੋਸ਼ਿਸ਼ ਕਰਦੇ ਹਨ।

ਅਗਰਹਾਰੀ ਸਿੱਖਾਂ ਦੇ ਵਸੇਬੇ ਵਾਲੇ ਹੋਰ ਦੋ ਪਿੰਡ ਕੇਦਲੀ ਚੱਟੀ ਅਤੇ ਡੁਮਰੀ ਝਾਰਖੰਡ ਦੇ ਚਤਰਾ ਜ਼ਿਲ੍ਹੇ ਵਿਚ ਹਨ। ਪਹਿਲਾਂ ਇਹ ਹਜ਼ਾਰੀਬਾਗ ਜ਼ਿਲ੍ਹੇ ਦਾ ਹਿੱਸਾ ਸੀ। ਕਰੀਬ ਦੋ ਸੌ ਸਾਲ ਪਹਿਲਾਂ ਵਪਾਰ ਦੇ ਮਕਸਦ ਨਾਲ ਸਿੱਖ ਸਾਸਾਰਾਮ (ਬਿਹਾਰ) ਅਤੇ ਉੱਤਰ ਪ੍ਰਦੇਸ਼ ਦੇ ਪੂਰਬੀ ਪਾਸੇ ਤੋਂ ਇੱਥੇ ਆਏ ਸਨ। ਕਈ ਇਥੇ ਹੀ ਵਸ ਗਏ। ਕੇਦਲੀ ਉਦੋਂ ਵੱਡੀ ਦਿਹਾਤੀ ਮੰਡੀ ਸੀ। ਇਥੋਂ ਹਜ਼ਾਰੀਬਾਗ ਅਤੇ ਗਯਾ ਰਾਹੀਂ ਕੋਲਕਾਤਾ ਤੱਕ ਵਪਾਰ ਕੀਤਾ ਜਾਂਦਾ ਸੀ। ਇੱਥੋਂ ਦੇ ਸਿੱਖ ਅਮੀਰ ਜ਼ਿਮੀਂਦਾਰ ਦੁਕਾਨਦਾਰ ਅਤੇ ਥੋਕ ਵਪਾਰੀ ਬਣ ਕੇ ਉਭਰੇ। ਸਥਾਨਕ ਵਣਜ ਅਤੇ ਕਾਰੋਬਾਰ ਵੀ ਉਹਨਾਂ ਦੇ ਕੰਟਰੋਲ 'ਚ ਸੀ। ਇਸ ਵੇਲੇ ਸਿੱਖ ਕੇਦਲੀ ਚੱਟੀ, ਡੁਮਰੀ ਅਤੇ ਹੰਟਰਗੰਜ ਦੇ ਪਿੰਡਾਂ ਵਿਚ ਵਸਦੇ ਹਨ। ਅੱਜ ਵੀ ਇਹਨਾਂ ਦਾ ਦਬਦਬਾ ਦੇਖਿਆ ਜਾ ਸਕਦਾ ਹੈ।

ਸਭ ਤੋਂ ਵੱਧ ਵਪਾਰ ਇਹਨਾਂ ਦੇ ਹੱਥਾਂ ਵਿਚ ਹੈ। ਜ਼ਿਆਦਾਤਰ ਦੁਕਾਨਾਂ ਇਹਨਾਂ ਦੀਆਂ ਹੀ ਹਨ। ਦੋ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਸਥਾਨਕ ਕਮੇਟੀਆਂ ਦੁਆਰਾ

ਚਲਾਇਆ ਜਾਂਦਾ ਹੈ। ਇਹਨਾਂ ਪਿੰਡਾਂ ਵਿੱਚ ਸਿੱਖ ਧਰਮ ਦਾ ਕਾਫ਼ੀ ਬੋਲ ਬਾਲਾ ਹੈ। ਇਹਨਾਂ ਪਿੰਡਾਂ ਦੇ ਬਹੁਤ ਸਾਰੇ ਸਿੱਖ ਸੌ ਸਾਲ ਤੋਂ ਵਧੇਰੇ ਸਮੇਂ ਤੋਂ ਕੋਲਕਾਤੇ ਵਸੇ ਹੋਏ ਹਨ। ਅਗਰਹਾਰੀ ਸਿੱਖ ਪੰਜਾਬੀ ਉਪ ਭਾਸ਼ਾਵਾਂ ਦੇ ਨਾਲ ਨਾਲ ਆਪਸ ਵਿੱਚ ਭੋਜਪੁਰੀ, ਮਾਘੀ, ਕਲਕੱਤੀਆ ਹਿੰਦੀ ਅਤੇ ਬੰਗਾਲੀ ਬੋਲਦੇ ਹਨ।

ਸਿੱਖਾਂ ਦਾ ਇਕ ਹੋਰ ਮੁੱਖ ਗਰੁੱਪ ਬਿਹਾਰ ਦੇ ਜ਼ਿਲੇ ਕਟਿਹਾਰ ਵਿਚ ਬਰਾਰੀ ਪੁਲਸ ਠਾਣੇ 'ਚ ਪੈਂਦੇ ਪਿੰਡਾਂ ਵਿਚ ਵੱਸਦਾ ਹੈ। ਗੰਗਾ ਨਦੀ 'ਤੇ ਕੜਾਗੋਲਾ ਘਾਟ ਦੇ ਆਲੇ ਦੁਆਲੇ ਪਿੰਡ ਲਕਸ਼ਮੀਪੁਰ, ਉਛਲਾ, ਗੁਰੂ ਬਾਜ਼ਾਰ, ਭੰਡਾਰਤਲ, ਹੁਸੈਨਾ, ਭੈਂਸਦਰਾ ਆਦਿ ਵਿਖੇ ਕਾਫੀ ਸਿੱਖ ਆਬਾਦੀ ਹੈ। ਇਹਨਾਂ ਦੇ ਕੰਤਨਗਰ ਅਤੇ ਭਵਾਨੀਪੁਰ ਦੇ ਦਰਿਆਈ ਤੱਟ ਨਾਲ ਲਗਦੇ ਪਿਛਲੇ ਵਸੇਬੇ ਦਰਿਆ ਦੇ ਹੜ੍ਹਾਂ ਨੇ ਪੂਰੀ ਤਰ੍ਹਾਂ ਤਬਾਹ ਕਰ ਦਿੱਤੇ ਸਨ। ਕਿਹਾ ਜਾਂਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਢਾਕੇ ਨੂੰ ਜਾਂਦਿਆਂ ਇਥੋਂ ਹੋ ਕੇ ਗਏ ਸਨ। ਕੜਾਗੋਲਾ ਘਾਟ ਪੂਰਬੀ ਭਾਰਤ ਦੀ ਮਹੱਤਵਪੂਰਨ ਦਰਿਆਈ ਬੰਦਰਗਾਹ ਸੀ। ਇਹ ਸਿੱਖ ਆਪਣੇ ਆਪ ਨੂੰ 'ਸੋਧਵੰਸ਼ੀ ਖਾਲਸਾ' ਅਖਵਾਉਂਦੇ ਸਨ। ਮਾਲ ਮਹਿਕਮੇ ਦਾ ਸਥਾਨਕ ਰਿਕਾਰਡ ਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ। ਇਹ ਜਾਪਦਾ ਹੈ ਕਿ ਪੰਜਾਬ ਅਤੇ ਸਥਾਨਕ ਸਿੱਖਾਂ ਦੇ ਵੱਖ-ਵੱਖ ਗਰੁੱਪਾਂ ਨੇ ਆਪਸ ਵਿਚ ਰਚ-ਮਿਚ ਕੇ ਇਥੇ ਇਕਜੁੱਟ ਖਾਲਸੇ ਦੀ ਪਛਾਣ ਕਾਇਮ ਕੀਤੀ।

ਪਹਿਲਾਂ ਇਹ ਵੱਡੇ ਜਿਮੀਂਦਾਰ ਸਨ। ਹੁਣ ਵੀ ਇਹਨਾਂ ਕੋਲ ਜ਼ਮੀਨ ਦੀ ਭਾਰੀ ਮਾਲਕੀ ਹੈ। ਇਹ ਮੁੱਖ ਤੌਰ 'ਤੇ ਖੇਤੀਬਾੜੀ ਕਰਦੇ ਸਨ। ਬਾਅਦ ਵਿਚ ਇਹ ਹੋਰ ਕੰਮਾਂ ਧੰਦਿਆਂ ਕਾਰਨ ਭਾਰਤ ਵਿਚ ਸਭ ਪਾਸੇ ਖਿੰਡ ਗਏ। ਇਹ ਢਾਬੇ ਚਲਾਉਂਦੇ ਹਨ ਅਤੇ ਵੱਖ-ਵੱਖ ਗੁਰਦੁਆਰਿਆਂ ਖਾਸ ਕਰਕੇ ਪੂਰਬੀ ਭਾਰਤ ਦੇ ਗੁਰਦੁਆਰਿਆਂ ਵਿਚ ਗ੍ਰੰਥੀ, ਕੀਰਤਨੀਏ ਅਤੇ ਸੇਵਾਦਾਰਾਂ ਦੇ ਤੌਰ ਤੇ ਕੰਮ ਕਰਦੇ ਹਨ। ਇਹ ਵੱਖ-ਵੱਖ ਸਰਕਾਰੀ ਅਤੇ ਹੋਰ ਪੇਸ਼ੇਵਰ ਨੌਕਰੀਆਂ ਵੀ ਕਰ ਰਹੇ ਹਨ। ਭਾਵੇਂ ਇਹਨਾਂ ਦੀ ਆਬਾਦੀ ਪੰਜ ਹਜ਼ਾਰ ਦੇ ਕਰੀਬ ਹੀ ਹੈ, ਫਿਰ ਵੀ ਇਹਨਾਂ ਦਾ ਸਥਾਨਕ ਸਮਾਜ ਵਿਚ ਚੰਗਾ ਰਸੂਖ ਅਤੇ ਪ੍ਰਭਾਵ ਹੈ। ਇਹ ਪੰਜਾਬ ਵਿਚ 20ਵੀਂ ਸਦੀ ਦੇ ਆਰੰਭ ਵਿਚ ਚੱਲੀ ਸਿੰਘ ਸਭਾ ਲਹਿਰ ਦੀ ਵਿਰਾਸਤ ਦੇ ਧਾਰਨੀ ਹਨ। ਇਹ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਨਾਲ ਅਤੇ ਸਮੁੱਚੇ ਸਿੱਖ ਭਾਈਚਾਰੇ ਨਾਲ ਚੰਗੀ ਤਰ੍ਹਾਂ ਜੁੜੇ ਹੋਏ ਹਨ। ਇਹ ਸਿਆਸੀ ਅਤੇ ਸਮਾਜਿਕ ਸਥਿਤੀਆਂ ਦੇ ਯਥਾਰਥ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਹਨ। ਇਹ ਇਸ ਖੇਤਰ ਦੀਆਂ ਮਹੱਤਵਪੂਰਨ ਸਥਾਨਕ ਅਤੇ ਜ਼ਿਲ੍ਹਾ ਪੱਧਰੀ ਪਦਵੀਆਂ 'ਤੇ ਬਰਾਜਮਾਨ ਹਨ। ਇਹ ਨੌਵੇਂ ਪਾਤਸ਼ਾਹ ਦੇ ਸ਼ਹੀਦੀ ਦਿਨ 'ਤੇ ਇੱਕ ਵੱਡਾ ਗੁਰਮਤਿ ਦੀਵਾਨ ਆਯੋਜਿਤ ਕਰਦੇ ਹਨ।

ਸਥਾਨਕ ਸਿੱਖਾਂ ਦੇ ਨਾਲ ਨਾਲ ਘਰਾਂ ਤੋਂ ਦੂਰ ਰਹਿੰਦੇ ਸਿੱਖ ਆ ਕੇ ਇਸ ਗੁਰਪੁਰਬ ਵਿੱਚ ਹਿੱਸਾ ਲੈਂਦੇ ਅਤੇ ਗੁਰੂ ਦੇ ਸ਼ਹੀਦੀ ਦਿਹਾੜੇ ਨੂੰ ਬਹੁਤ ਪਿਆਰ ਅਤੇ ਸ਼ਰਧਾ ਸਹਿਤ ਮਨਾਉਂਦੇ ਹਨ। ਭਾਰਤ ਅਤੇ ਸੰਸਾਰ ਦੇ ਹੋਰ ਭਾਗਾਂ ਤੋਂ ਪ੍ਰਚਾਰਕ ਅਤੇ ਸਿੱਖ ਇਸ ਸ਼ਹੀਦੀ ਦਿਵਸ ਸਮਾਗਮ 'ਚ ਹਿੱਸਾ ਲੈਣ ਲਈ ਇੱਥੇ ਪਹੁੰਚਦੇ ਹਨ। ਸਮੇਂ ਸਮੇਂ ਹੋਰ ਗੁਰਪੁਰਬ ਵੀ ਵੱਖ-ਵੱਖ ਗੁਰਦੁਆਰਿਆਂ ਵਲੋਂ ਮਨਾਏ ਜਾਂਦੇ ਹਨ।ਆਪਸ ਵਿੱਚ ਮਿੱਠੀ

ਮੈਥਲੀ ਭਾਸ਼ਾ ਦੀ ਉਪ ਬੋਲੀ ਅੰਗੀਕਾ ‘ਚ ਗੱਲਬਾਤ ਕਰਦੇ ਹਨ। ਇਹਨਾਂ ਵਿਚੋਂ ਕੁਝ ਖਾਸ ਮੌਕਿਆਂ 'ਤੇ ਪੰਜਾਬੀ ਵੀ ਬੋਲ ਲੈਂਦੇ ਹਨ। ਇਥੋਂ ਦੀ ਕਲਵਾਰ ਜਾਤ ਬਹੁਤ ਹੀ ਪ੍ਰਭਾਵਸ਼ਾਲੀ ਹੈ ਜਿਹਨਾਂ ਉੱਤੇ ਉਦਾਸੀ ਅਤੇ ਨਿਰਮਲਾ ਸੰਪਰਦਾਏ ਦੇ ਪੁਰਾਣੇ ਸਿੱਖ ਪ੍ਰਚਾਰਕਾਂ ਦਾ ਬਹੁਤ ਅਸਰ ਸੀ। ਉਹ ਵੱਡੀ ਗਿਣਤੀ 'ਚ ਨਾਨਕ ਸ਼ਾਹ ਪੰਥੀ ਸਨ।

ਵੈਸ਼ਾਲੀ ਜ਼ਿਲ੍ਹੇ ਵਿਚ ਇਕ ਗੁੰਮਨਾਮ ਜਹੇ ਪਿੰਡ ਸ਼ਿਵਨਗਰ ਵਿਚ ਪੰਜਾਹ ਤੋਂ ਵਧੇਰੇ ਸਿੱਖ ਪਰਿਵਾਰ ਰਹਿੰਦੇ ਹਨ। ਇਹ ਆਪਣੀ ਪਛਾਣ ਹਿੰਦੂਆਂ ਦੀ ਕੁਰਮੀ ਜਾਤ ਨਾਲ ਜੋੜਦੇ ਹਨ ਅਤੇ ਵਿਆਹ ਸਮੇਤ ਬਾਕੀ ਸਮਾਜਿਕ ਸੰਬੰਧ ਵੀ ਉਹਨਾਂ ਨਾਲ ਰੱਖਦੇ ਹਨ। ਇਹ ਸ. ਸੁੱਖਾ ਸਿੰਘ (ਸ਼ਾਇਦ ਇਹ ਗੁਰੂ ਬਲਾਸ ਪਾਤਸ਼ਾਹੀ ਲਿਖਣ ਵਾਲੇ ਗਿਆਨੀ ਸੁੱਖਾ ਸਿੰਘ ਹੋ ਸਕਦੇ ਹਨ) ਅਤੇ ਸ. ਮੋਹਰ ਸਿੰਘ ਨੂੰ ਆਪਣੇ ਪੁਰਖੇ ਹੋਣ ਦਾ ਦਾਅਵਾ ਕਰਦੇ ਹਨ। ਹੋਰ ਕੁਰਮੀਆਂ ਵਾਂਗ ਇਹ ਵੀ ਮੁੱਖ ਤੌਰ 'ਤੇ ਖੇਤੀ ਕਰਦੇ ਹਨ।

ਕਈ ਚੰਗੇ ਪੜ੍ਹੇ ਲਿਖੇ ਹਨ, ਕੁਝ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਇੰਜਨੀਅਰ, ਡਾਕਟਰ, ਅਧਿਆਪਕ, ਅਕਾਉਂਟੈਂਟ ਆਦਿ ਦੇ ਰੂਪ ਵਿੱਚ ਚੰਗੇ ਰੁਤਬੇ ਵਾਲੇ ਕਿੱਤਿਆਂ ਨਾਲ ਸਬੰਧਤ ਹਨ। ਕੁਝ ਪੂਰਬੀ ਭਾਰਤ ਦੇ ਵੱਖ-ਵੱਖ ਗੁਰਦੁਆਰਿਆਂ ਦੇ ਸੇਵਾ ਪ੍ਰਬੰਧ ਵਿਚ ਸ਼ਾਮਲ ਹਨ। ਇਹਨਾਂ ਦਾ ਬਾਕੀ ਸਥਾਨਕ ਭਾਈਚਾਰਿਆਂ ਅੰਦਰ ਬਹੁਤ ਆਦਰ ਮਾਣ ਹੈ। ਇਹ ਸਥਾਨਕ ਰਾਜਸੀ ਅਤੇ ਸਮਾਜਿਕ ਸਰਗਰਮੀਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਹਨ।

ਆਪਸ ਵਿੱਚ ਇਹ ਮੈਥਲੀ ਅਤੇ ਭੋਜਪੁਰੀ ਦੀ ਮਿਸ਼ਰਤ ਬੋਲੀ ਵੱਜੀਕਾ ਵਿੱਚ ਗੱਲ ਕਰਦੇ ਹਨ। ਇਹ ਬਹੁਤ ਸਾਰੇ ਗੁਰਪੁਰਬ ਖਾਸ ਤੌਰ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਵੱਡੇ ਪੱਧਰ ‘ਤੇ ਮਨਾਉਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਉਤਸਵ ਮੌਕੇ ਪਟਨਾ ਵਿਖੇ ਬਹੁਤ ਸ਼ਾਨਦਾਰ ਸਮਾਗਮਾਂ ਦਾ ਆਯੋਜਨ ਕਰਕੇ ਦੁਨੀਆਂ ਭਰ ਦੇ ਸਿੱਖਾਂ ਦਾ ਦਿਲ ਜਿੱਤਣ ਵਾਲੇ ਗੁਰੂ ਘਰ ਦੇ ਪ੍ਰੀਤਵਾਨ ਬਿਹਾਰ ਦੇ ਮੁੱਖ ਮੰਤਰੀ ਸ਼੍ਰੀ ਨਿਤੀਸ਼ ਕੁਮਾਰ ਇਸੇ ਕੁਰਮੀ ਭਾਈਚਾਰੇ ਨਾਲ ਸਬੰਧਤ ਹਨ।

ਪਟਨਾ ਅਤੇ ਇਸ ਦੇ ਨਾਲ ਲੱਗਦੇ ਨਾਲੰਦਾ, ਨਵਾਦਾ, ਜਹਾਨਾਬਾਦ ਅਤੇ ਬਾੜ੍ਹ ਜ਼ਿਲ੍ਹਿਆਂ ਵਿਚ ਵੱਖ-ਵੱਖ ਜਾਤਾਂ ਜਿਵੇਂ ਕਹਾਰ, ਮੱਛਵਰਾ, ਕੇਵਟ, ਕੁਸ਼ਵਾਹਾ, ਸੁੜੀ, ਕੁਰਮੀ, ਪਾਸਵਾਨ, ਯਾਦਵ, ਤੇਲੀ, ਗਦੇਰੀ, ਕੁਮਹਾਰ, ਰਵਿਦਾਸੀਆਂ ਸਮੇਤ ਹੋਰ ਬਹੁਤ ਸਾਰੇ ਲੋਕਾਂ ਨੇ ਸਿੱਖ ਧਰਮ ਨੂੰ ਧਾਰਨ ਕੀਤਾ ਸੀ। ਇਹਨਾਂ ਵਿਚੋਂ ਜ਼ਿਆਦਾਤਰ ਪਟਨਾ ਸਾਹਿਬ ਅਤੇ ਇਸ ਦੇ ਨਾਲ ਲੱਗਦੇ ਗੁਰਦੁਆਰਿਆਂ ਵਿਚ ਗ੍ਰੰਥੀ, ਸੇਵਾਦਾਰ ਆਦਿ ਲੱਗੇ ਹੋਏ ਹਨ। ਇਹ ਆਪਸ ਵਿੱਚ ਮੁੱਖ ਤੌਰ 'ਤੇ ਮਘੀ ਭਾਸ਼ਾ ਬੋਲਦੇ ਹਨ। ਸਾਨੂੰ ਇਹਨਾਂ ਵਿਚੋਂ ਅਜਿਹੇ ਸਿੱਖ ਵੀ ਮਿਲ ਜਾਂਦੇ ਹਨ ਜਿਹਨਾਂ ਦੇ ਕਈ ਸਦੀਆਂ ਤੋਂ ਜੰਮੂ, ਕਸ਼ਮੀਰ ਅਤੇ ਪੰਜਾਬ ਨਾਲ ਡੂੰਘੇ ਸਬੰਧ ਹਨ।

ਵੱਖ-ਵੱਖ ਇਲਾਕਿਆਂ ਵਿਚ ਇਹ ਵੱਖ-ਵੱਖ ਗੁਰਪੁਰਬ ਧੂੰਮ-ਧਾਮ ਨਾਲ ਮਨਾਉਂਦੇ ਹਨ ਅਤੇ ਪੂਰੀ ਤਰ੍ਹਾਂ ਸਿੱਖ ਧਰਮ ਦੀ ਪਾਲਣਾ ਕਰਦੇ ਹਨ। ਦਾਨਾਪੁਰ ਦੇ ਨੇੜੇ ਐਨਖਾਂ ਦੇ ਰਾਜਾ ਰਾਘਵੇਂਦਰਧਾਰੀ ਸਿੰਘ ਦੇ ਸਮੇਂ ਪਟਨਾ ਅਤੇ ਇਸ ਦੇ ਨੇੜਲੇ ਜਹਾਨਾਬਾਦ, ਅਰਵਲ ਅਤੇ ਔਰੰਗਾਬਾਦ ਵਰਗੇ ਜ਼ਿਲ੍ਹਿਆਂ ਵਿਚ ਵਸਦੇ ਸਨ। ਅੰਗਰੇਜ਼ਾਂ ਵੇਲੇ ਦੇ

ਸਰਕਾਰੀ ਰਿਕਾਰਡ ਵਿਚ ਮਿਲਟਰੀ ਬ੍ਰਾਹਮਣਾਂ ਦੇ ਤੌਰ ਤੇ ਜਾਣੇ ਜਾਂਦੇ ਬਿਹਾਰ ਦੇ ਸਭ ਤੋਂ ਮਜ਼ਬੂਤ ਜਿਮੀਂਦਾਰ 'ਭੂਮੀਹਾਰ' ਭਾਈਚਾਰੇ ਨੇ ਵੀ ਭਾਰੀ ਗਿਣਤੀ ਵਿਚ ਸਿੱਖ ਧਰਮ ਅਪਣਾਇਆ। ਐਮ. ਐਲ. ਏ. ਅਤੇ ਕੁਝ ਪਿੰਡਾਂ ਦੇ ਮੁਖੀਏ ਵੀ ਖਾਲਸੇ ਬਣੇ। ਇਹ ਕਿਹਾ ਜਾਂਦਾ ਹੈ ਕਿ ਇਹਨਾਂ ਵਿਚੋਂ ਕੁਝ ਰਣਬੀਰ ਸੈਨਾ ਨਾਂ ਦੀ ਪ੍ਰਾਈਵੇਟ ਫੌਜ ਨਾਲ ਵੀ ਜੁੜੇ ਰਹੇ ਹਨ।

ਗਯਾ, ਨਵਾਦਾ ਅਤੇ ਬਿਹਾਰ ਸ਼ਰੀਫ ਇਲਾਕਿਆਂ ਵਿਚ ਵੱਖ-ਵੱਖ ਤਰ੍ਹਾਂ ਦੇ ਪਿਛੋਕੜਾਂ ਵਾਲੇ ਸਿੱਖ ਦੇਖੇ ਜਾ ਸਕਦੇ ਹਨ। ਆਰੰਭ ਵਿਚ ਨਾਨਕ ਪੰਥ ਦਾ ਤੇਜ਼ ਵਾਧਾ ਮਹੂਰੀ ਜਾਤ ਦੇ ਲੋਕਾਂ ਦੇ ਇਸ ਵਿਚ ਸ਼ਾਮਲ ਹੋਣ ਨਾਲ ਹੋਇਆ। ਇਹ ਵੀ ਮਥੁਰਾ ਤੋਂ ਉੱਠੇ ਅਗਰਹਾਰੀਆਂ ਵਾਂਗ ਬਨੀਆਂ ਭਾਈਚਾਰੇ ਨਾਲ ਸਬੰਧਤ ਹਨ। ਇਹਨਾਂ ਵਿਚ ਵੀ ਆਮ ਸਿੱਖਾਂ ਵਾਂਗ ਤੰਬਾਕੂ ਦੀ ਵਰਤੋਂ ਦਾ ਸਖ਼ਤ ਪ੍ਰਹੇਜ਼ ਹੈ। ਇਹ ਵੱਡੇ ਵਪਾਰੀਆਂ ਅਤੇ ਅਮੀਰ ਕਾਰੋਬਾਰੀਆਂ ਦੇ ਤੌਰ ‘ਤੇ ਉੱਭਰੇ। ਇਹਨਾਂ ਨੇ ਮਹੰਤਾਂ ਤੋਂ ਗੁਰੂ ਨਾਨਕ ਦੀਆਂ ਸਿੱਖਿਆਵਾਂ ਗ੍ਰਹਿਣ ਕੀਤੀਆਂ। ਇਹਨਾਂ ਨੇ ਨਾਨਕ ਸ਼ਾਹੀ ਡੇਰਿਆਂ ਦੀ ਉਸਾਰੀ ਅਤੇ ਇਹਨਾਂ ਦੀ ਦੇਖਭਾਲ ਲਈ ਦਿਲ ਖੋਲ੍ਹ ਕੇ ਜ਼ਮੀਨਾਂ ਅਤੇ ਧਨ ਦਾਨ ਕੀਤਾ। ਮਹੁਰੀ, ਬਰਨਵਾਲ, ਕੋਇਰੀ, ਸ਼ਾਓ, ਕੇਸਰੀ ਅਤੇ ਹੋਰ ਕਈ ਜਾਤਾਂ ਦੇ ਲੋਕ ਵੱਖ-ਵੱਖ ਸਥਾਨਕ ਉਦਾਸੀ ਸੰਗਤਾਂ ਨਾਲ ਜੁੜੇ ਹੋਏ ਸਨ।

ਭਵਿੱਖ ਵਿਚ ਸਿੱਖੀ ਦੇ ਵਿਕਾਸ ਦੀਆਂ ਸੰਭਾਵਨਾਵਾਂ ਨਾਲ ਓਤਪੋਤ ਅਤੇ ਨਵਾਂ ਉੱਭਰ ਰਿਹਾ ਇਕ ਵੱਡਾ ਵਰਗ ਉੱਤਰੀ ਬਿਹਾਰ ਦੇ ਅਰਨੀਆ, ਪੁਰਨੀਆਂ ਅਤੇ ਕਿਸ਼ਨਗੰਜ ਜ਼ਿਲ੍ਹਿਆਂ ਵਿਚ ਹੈ। ਪਹਿਲਾਂ ਇਹ ਮੁੱਖ ਤੌਰ 'ਤੇ 1970 ਤੋਂ 1980 ਦਰਮਿਆਨ ਹਰੇ ਇਨਕਲਾਬ ਦੌਰਾਨ ਪੰਜਾਬ ਵਿਚ ਪ੍ਰਵਾਸੀ ਮਜ਼ਦੂਰਾਂ ਦੇ ਤੌਰ ਤੇ ਆਏ ਸਨ। ਨੌਕਰੀਆਂ ਦੀ ਭਾਲ ਵਿਚ ਪੰਜਾਬ ਆ ਕੇ ਰਹਿਣ ਨਾਲ ਇਹਨਾਂ ਉੱਤੇ ਸਿੱਖ ਧਰਮ ਦਾ ਡੂੰਘਾ ਪ੍ਰਭਾਵ ਪੈਣ ਲੱਗਾ। ਕਿਰਤ ਕਰੋ, ਨਾਮ ਜਪੋ, ਅਤੇ ਵੰਡ ਛਕੋ ਦੇ ਬੁਨਿਆਦੀ ਸੰਕਲਪਾਂ ਦੇ ਨਾਲ ਨਾਲ ਮਾਨਵਤਾ ਅੰਦਰ ਬਰਾਬਰੀ ਅਤੇ ਮਨੁੱਖ ਜਾਤੀ ਪ੍ਰਤੀ ਨਿਰਸਵਾਰਥ ਸੇਵਾ ਦੇ ਸੰਦੇਸ਼ ਨੇ ਇਹਨਾਂ ਨੂੰ ਢਹਿੰਦੀਆਂ ਕਲਾਂ ਵਾਲੀ ਮਾਨਸਿਕ ਸਥਿਤੀ ਵਿਚੋਂ ਉਭਾਰਨ ਵਿਚ ਸਹਾਇਤਾ ਕੀਤੀ। ਇਹ ਹਿੰਦੂਆਂ ਦੀਆਂ ਸਭ ਤੋਂ ਨੀਵੀਆਂ ਜਾਤਾਂ ਨਾਲ ਸਬੰਧਤ ਹੋਣ ਕਰਕੇ ਹੀਣਤਾ ਭਰੀ ਜ਼ਿੰਦਗੀ ਜੀਉਣ ਵਾਲੇ ਬਹੁਤ ਗਰੀਬ ਲੋਕ ਸਨ। ਇਹ ਮੁੱਖ ਤੌਰ 'ਤੇ ਮੁਸਾਹਿਰ, ਪਾਸਵਾਨ, ਯਾਦਵ, ਲੋਹਾਰ ਅਤੇ ਅਜਿਹੀਆਂ ਹੋਰ ਜਾਤਾਂ ਦੇ ਸਨ। ਸਿੱਖ ਧਰਮ ਦੇ ਅਸਰ ਨਾਲ ਇਹਨਾਂ ਦੇ ਦਿਲਾਂ ਵਿਚ ਸਵੈਮਾਣ ਨਾਲ ਜਿਉਣ ਦਾ ਉਤਸ਼ਾਹ ਪੈਦਾ ਹੋਇਆ ਅਤੇ ਇਹ ਅੰਮ੍ਰਿਤਧਾਰੀ ਸਿੱਖ ਬਣ ਗਏ।

ਹੁਣ ਇਹ ਬਿਹਾਰ 'ਚ ਨਿਹੰਗ ਬਾਣੇ ਵਿਚ ਦਿਸਣ ਵਾਲੇ ਸਿੱਖ ਹਨ ਜੋ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿ ਕੇ ਵਿਚਰਦੇ ਦਿਸਦੇ ਹਨ। ਇਹ ਹਲਹਲੀਆ, ਪਰਵਾਨਪੁਰ, ਮਹਾਰਾਜਪੁਰ, ਗਰਗੱਮਾ, ਗਾਡ ਬਾਲਸੇਰਾ ਅਤੇ ਕਈ ਹੋਰ ਪਿੰਡਾਂ ਵਿਚ ਫੈਲੇ ਹੋਏ ਹਨ। ਇਹਨਾਂ ਪਿੰਡਾਂ ਵਿਚ ਵਸਦੇ ਹੋਰ ਲੋਕ ਵੀ ਸਿੱਖ ਧਰਮ ਦੇ ਬਹੁਤ ਨੇੜੇ ਹਨ। ਬਹੁਤ ਸਾਰੇ ਲੋਕ ਸਿੱਖ ਜੀਵਨ-ਜਾਚ ਧਾਰਨ ਕਰਨ ਲਈ ਤੱਤਪਰ ਹਨ। ਪੰਜਾਬ ਦੇ ਸਿੱਖ ਕਿਸਾਨਾਂ ਦੇ ਸੀਰੀ-ਸਾਂਝੀ ਰਹੇ ਹੋਣ ਕਰਕੇ ਇਹਨਾਂ ਦੀ ਸਿੱਖ ਧਰਮ ਨਾਲ ਨੇੜਤਾ ਕੁਦਰਤੀ ਤੌਰ ‘ਤੇ

ਬਣ ਗਈ। ਪੰਜਾਬੀ ਸਿੱਖਾਂ ਦੇ ਚੜ੍ਹਦੀ ਕਲਾ ਵਾਲੇ ਸੁਭਾਅ ਅਤੇ ਜੀਵਨ ਸ਼ੈਲੀ ਦਾ ਇਹਨਾਂ ਉੱਤੇ ਡੂੰਘਾ ਅਸਰ ਪਿਆ। ਇਹ ਪੰਜ ਬਾਣੀਆਂ ਦੇ ਨਿੱਤਨੇਮੀ ਹਨ ਅਤੇ ਰੋਜ਼ਾਨਾ ਕੀਰਤਨ ਸਰਵਣ ਕਰਦੇ ਹਨ। ਨਿਯਮਿਤ ਰੂਪ ਵਿਚ ਗੁਰਪੁਰਬ ਮਨਾਉਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਇਹ ਆਪਣੀ ਸਥਾਨਕ ਮੈਥਲੀ ਭਾਸ਼ਾ ਦੇ ਨਾਲ-ਨਾਲ ਬੋਲਚਾਲ ਵਾਲੀ ਪੰਜਾਬੀ ਵਰਤਦੇ ਹਨ। ਸਿੱਖ ਮਿਸ਼ਨ ਕੋਲਕਾਤਾ ਦੇ ਸੇਵਾਦਾਰ ਇਥੇ ਕੁਝ ਸਿੱਖਾਂ ਨੂੰ ਖਾਸਕਰ 'ਸਾਂਝੀਵਾਲ ਟਰੱਸਟ' ਵਾਲਿਆਂ ਨੂੰ ਪ੍ਰੇਰਤ ਕਰਨ ਵਿਚ ਸਫਲ ਹੋ ਸਕੇ ਜਿਹਨਾਂ ਹਲਹਲੀਆ ਵਿਖੇ ਗੁਰਮੁਖੀ ਵਿਦਿਆਲਿਆ ਅਤੇ ਪਰਵਾਨਪੁਰ ਵਿਖੇ ਇਕ ਛੋਟਾ ਜਿਹਾ ਗੁਰਦੁਆਰਾ ਸਾਹਿਬ ਬਣਾਉਣ ਦਾ ਕੰਮ ਸ਼ੁਰੂ ਕੀਤਾ। ਇਸ ਟਰੱਸਟ ਨੇ ਕੁਝ ਹੋਰ ਇਲਾਕਿਆਂ ਵਿਚ ਵੀ ਗੁਰਦੁਆਰਾ ਸਾਹਿਬਾਨ ਬਣਾਉਣ ਦੀ ਸਾਡੀ ਬੇਨਤੀ ਪ੍ਰਵਾਨ ਕੀਤੀ ਹੈ। ਦਾਨੀ ਅਤੇ ਆਰਥਿਕ ਤੌਰ ‘ਤੇ ਤਕੜੇ ਸਿੱਖਾਂ ਨੂੰ ਇਸ ਖੇਤਰ ਵਿੱਚ ਸਿੱਖੀ ਦੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਬਿਹਾਰ ਵਿਚ ਸੈਂਕੜੇ ਉਦਾਸੀ ਡੇਰੇ ਅਤੇ ਕੁਝ ਨਿਰਮਲੇ ਡੇਰੇ ਵੀ ਹਨ ਜੋ ਕਦੀ ਸਿੱਖ ਧਰਮ ਦੇ ਮਹੱਤਵਪੂਰਨ ਕੇਂਦਰ ਹੁੰਦੇ ਸਨ। ਅਜਿਹੇ ਕਈ ਸਥਾਨਾਂ ‘ਤੇ ਗੁਰਪੁਰਬਾਂ ਜਾਂ ਹੋਰ ਵਿਸ਼ੇਸ਼ ਅਵਸਰਾਂ ‘ਤੇ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਹੁੰਦੇ ਹਨ। ਕਈ ਸਥਾਨਕ ਲੋਕ ਪੀੜ੍ਹੀਆਂ ਤੋਂ ਇਹਨਾਂ ਡੇਰਿਆਂ ਨਾਲ ਜੁੜੇ ਹੋਏ ਹਨ। ਪਰ ਇਹ ਚਿੰਤਾ ਦੀ ਗੱਲ ਹੈ ਕਿ ਬਹੁਤ ਸਾਰੇ ਡੇਰਿਆਂ ਦੀ ਸੰਪਤੀ ਹੋਰਾਂ ਵਲੋਂ ਨਜ਼ਾਇਜ਼ ਤੌਰ ‘ਤੇ ਦੱਬੀ ਜਾ ਰਹੀ ਹੈ ਅਤੇ ਨੇੜ ਭਵਿੱਖ ਵਿੱਚ ਇਹਨਾਂ ਦੇ ਅਲੋਪ ਹੋ ਜਾਣ ਦਾ ਖਦਸ਼ਾ ਹੈ। ਵੱਡੀ ਗਿਣਤੀ ਵਿੱਚ ਇਹ ਡੇਰੇ ਸਾਰੇ ਪੂਰਬੀ ਭਾਰਤ ਵਿਚ ਅਣਗਿਣਤ ਥਾਵਾਂ ਅਤੇ ਦੂਰ ਦਰਾਡੇ ਇਲਾਕਿਆਂ ਵਿਚ ਫੈਲੇ ਹੋਏ ਹਨ। ਇਹਨਾਂ ਸਾਰੇ ਡੇਰਿਆਂ ਦੀ ਸੂਚੀ ਅਤੇ ਇਹਨਾਂ ਨਾਲ ਸਬੰਧਤ ਸਾਰੀ ਸੰਪਤੀ ਦਾ ਪੂਰਾ ਅਤੇ ਸਹੀ ਰਿਕਾਰਡ ਤਿਆਰ ਕੀਤਾ ਜਾਣਾ ਚਾਹੀਦਾ ਹੈ। ਇਹ ਸਿੱਖ ਇਤਿਹਾਸ ਅਤੇ ਸਿੱਖ ਧਰਮ ਨੂੰ ਪਿਆਰ ਕਰਨ ਵਾਲੇ ਸਾਰਿਆਂ ਲਈ ਗੰਭੀਰਤਾ ਨਾਲ ਵਿਚਾਰਨ ਦਾ ਵਿਸ਼ਾ ਹੈ।

ਅਸੀਂ ਦੇਖਿਆ ਹੈ ਇਹ ਸਮਕਾਲੀ ਸਥਿਤੀਆਂ, ਮੁੱਦਿਆਂ ਅਤੇ ਮਸਲਿਆਂ ਦਾ ਕਿਵੇਂ ਸਾਹਮਣਾ ਕਰਦੇ ਹਨ ਅਤੇ ਆਧੁਨਿਕ ਦੌਰ ਦੇ ਵੰਨ ਸੁਵੰਨਤਾ ਭਰੇ ਸਮਾਜ ਵਿਚ ਆਪਣੇ ਆਪ ਨੂੰ ਕਿਵੇਂ ਢਾਲਦੇ ਹਨ। ਮੈਨੂੰ ਹੈਰਾਨੀ ਹੁੰਦੀ ਹੈ ਕਿ ਇਹ ਲੋਕ ਸਿੱਖੀ ਦੇ ਨਕਸ਼ੇ ‘ਤੇ ਉਘੜਵੇਂ ਰੂਪ ਵਿਚ ਦਿਸਣ ਦੀ ਬਜਾਏ ਹਨੇਰੇ ‘ਚ ਗੁੰਮ ਕਿਉਂ ਹਨ। ਸਿੱਖ ਭਾਈਚਾਰੇ ਵਿੱਚ ਰਿਸ਼ਤਿਆਂ ਦਾ ਬੁਨਿਆਦੀ ਤਾਣਾ-ਬਾਣਾ ਪਿਆਰ, ਪ੍ਰਤੀਬੱਧਤਾ ਅਤੇ ਪਾਰਦਰਸ਼ਤਾ ਵਾਲਾ ਹੋਣਾ ਚਾਹੀਦਾ ਹੈ। ਇਸ ਵਾਸਤੇ ਤਾਲ-ਮੇਲ ਅਤੇ ਮੇਲ-ਜੋਲ ਸਭ ਤੋਂ ਜ਼ਰੂਰੀ ਹਨ। ਮੈਂ ਬਿਹਾਰ ਦੇ ਵਿਲੱਖਣ ਸਭਿਆਚਾਰ ਨਾਲ ਬਹੁਤ ਨੇੜਤਾ ਵਾਲਾ ਸਬੰਧ ਬਣਾਇਆ ਹੈ। ਮੁੱਖ ਧਾਰਾ ਜਾਂ ਬਹੁਗਿਣਤੀ ਵਾਲੇ ਸਿੱਖ ਭਾਈਚਾਰੇ ਦੀਆਂ ਸਮੱਸਿਆਵਾਂ ਅਤੇ ਤਕਲੀਫਾਂ ਨਾਲ ਇਹ ਵੀ ਪ੍ਰਭਾਵਿਤ ਹੁੰਦੇ ਹਨ।

ਸਿੱਖ ਆਗੂਆਂ, ਵਿਦਵਾਨਾਂ ਅਤੇ ਵਿਚਾਰਵਾਨਾਂ ਨੂੰ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਪੰਜਾਬ ਜਾਂ ਦਿੱਲੀ ਵਰਗੀਆਂ ਥਾਵਾਂ ‘ਤੇ ਹੋਣ ਵਾਲੀਆਂ ਸਿਆਸੀ ਅਤੇ

ਸਮਾਜਿਕ ਗੜਬੜਾਂ ਇਹਨਾਂ ਸਿੱਖਾਂ ਦੀ ਹੋਣੀ 'ਤੇ ਕਿਸ ਤਰ੍ਹਾਂ ਅਸਰਅੰਦਾਜ਼ ਹੁੰਦੀਆਂ ਹਨ। ਅਕਸਰ ਜਦ ਅਸੀਂ ਸਿੱਖੀ ਦੀ ਗੱਲ ਕਰਦੇ ਹਾਂ ਤਾਂ ਸਾਡਾ ਮਤਲਬ ਪੰਜਾਬ ਤੋਂ ਹੀ ਹੁੰਦਾ ਹੈ, ਜੋ ਠੀਕ ਨਹੀਂ ਹੈ। ਇਹ ਸਮਝਣ ਅਤੇ ਧਿਆਨ ਦੇਣ ਵਾਲੀ ਗੱਲ ਹੈ ਕਿ ਧੁਰ ਪੂਰਬ, ਪੱਛਮ ਅਤੇ ਥੱਲੇ ਦੱਖਣ ਤੱਕ ਸਿੱਖੀ ਦੀ ਹੋਂਦ ਨੂੰ ਬਰਾਬਰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਬੇਗਾਨਗੀ ਅਤੇ ਵਿਤਕਰੇ ਦੀ ਭਾਵਨਾ ਬਹੁਤ ਸਾਰੇ ਥਾਵਾਂ 'ਤੇ ਵੱਖ-ਵੱਖ ਵਰਗਾਂ ਦੇ ਸਿੱਖਾਂ ਵਲੋਂ ਮਹਿਸੂਸ ਕੀਤੀ ਜਾ ਰਹੀ ਹੈ।

ਕਈਆਂ ਦੀ ਤਾਂ ਹੋਂਦ ਹੀ ਮੁੱਕਣ ਕਿਨਾਰੇ ਹੈ। ਉਹਨਾਂ ਦੀਆਂ ਆਪਣੀਆਂ ਵੱਖਰੀਆਂ ਸਮੱਸਿਆਵਾਂ ਹਨ, ਜਿਵੇਂ ਉਹਨਾਂ ਦੀਆਂ ਆਪਣੀਆਂ ਵੱਖਰੀਆਂ ਮਾਨਤਾਵਾਂ ਹਨ ਅਤੇ ਸਭ ਤੋਂ ਮਹੱਤਵਪੂਰਨ ਕਿ ਉਹਨਾਂ ਦੀਆਂ ਆਪੋ ਆਪਣੀਆਂ ਬੋਲੀਆਂ ਹਨ। ਇਸ ਦਾ ਭਾਵ ਹੈ ਕਿ ਉਹਨਾਂ ਦੀ ਵਿਸ਼ਵ ਦ੍ਰਿਸ਼ਟੀ ਵੱਖਰੀ ਹੈ। ਬੇਸ਼ੱਕ ਸਾਡੀਆਂ ਆਸਥਾ, ਇਤਿਹਾਸ, ਵਿਚਾਰਧਾਰਾ, ਕੇਂਦਰੀ ਅਸਥਾਨਾਂ ਸਮੇਤ ਅਨੇਕਾਂ ਸਾਂਝਾਂ ਹਨ। ਪਰ ਵਸੇਬੇ ਦੀਆਂ ਥਾਵਾਂ, ਇਹਨਾਂ ਥਾਵਾਂ ਦਾ ਸੱਭਿਆਚਾਰ, ਬੋਲੀਆਂ ਅਤੇ ਸਿਆਸੀ ਸਥਿਤੀਆਂ ਤਾਂ ਇੱਕ ਦੂਸਰੇ ਤੋਂ ਵੱਖਰੀਆਂ ਹਨ।

ਸਮੁੱਚੇ ਸਿੱਖ ਭਾਈਚਾਰੇ ਨੂੰ ਇਸ ਗੱਲ ਲਈ ਜਾਗਰੂਕ ਹੋਣਾ ਚਾਹੀਦਾ ਹੈ ਕਿ ਜਿਵੇਂ 2017 ਦਾ ਵਰ੍ਹਾ ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਟਨਾ ਸਾਹਿਬ ਵਿਚ 350ਵੇਂ ਪ੍ਰਕਾਸ਼ ਪੂਰਬ ਦਾ ਵਰ੍ਹਾ ਹੈ, ਉਥੇ ਇਹ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਵਲੋਂ ਦੇਸ਼ ਦੇ ਪੂਰਬੀ ਹਿੱਸੇ ਵਿਚ ਕੀਤੀ ਮਹੱਤਵ ਪੂਰਨ ਯਾਤਰਾ ਆਰੰਭ ਕਰਨ ਦਾ ਵੀ 350ਵਾਂ ਵਰ੍ਹਾ ਹੈ। ਇਸ ਪਾਸੇ ਜਿਹਨਾਂ ਥਾਵਾਂ ਨੂੰ ਪਿਛਲੇ ਪੰਜ ਸੌ ਸਾਲ ਤੋਂ ਵੱਧ ਸਮੇਂ ਦੌਰਾਨ ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੋਈ ਹੈ, ਸਿੱਖਾਂ ਨੂੰ ਉਹਨਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਅਤੇ ਉਹਨਾਂ ਅਸਥਾਨਾਂ ਨੂੰ ਜਾ ਕੇ ਅੱਖੀਂ ਦੇਖਣਾ ਚਾਹੀਦਾ ਹੈ।

ਪਟਨਾ ਸਾਹਿਬ ਦੇ ਨਾਲ ਨਾਲ ਬਾਕੀ ਬਿਹਾਰ, ਝਾਰਖੰਡ, ਉੜੀਸਾ, ਆਸਾਮ, ਪੱਛਮੀ ਬੰਗਾਲ ਇਥੋਂ ਤੱਕ ਕਿ ਬੰਗਲਾਦੇਸ਼ ਵਿਚਲੇ ਇਤਿਹਾਸਕ ਮਹੱਤਤਾ ਵਾਲੇ ਸਮੂਹ ਗੁਰਦੁਆਰਾ ਸਾਹਿਬਾਨ ਦੇ ਨਾਲ ਤਾਲਮੇਲ ਹੋਣਾ ਚਾਹੀਦਾ ਹੈ। ਇਹ ਕਾਰਜ ਪਟਨਾ ਸਾਹਿਬ ਤੋਂ ਸ਼ੁਰੂ ਹੋਣਾ ਚਾਹੀਦਾ ਹੈ ਅਤੇ ਇਸ ਵਿਚ ਬਿਹਾਰ ਦੇ ਰਾਜਗੀਰ, ਰਾਜੌਲੀ, ਸਸਾਰਾਮ, ਗਯਾ, ਲਕਸ਼ਮੀਪੁਰ ਤੇ ਮਹੇਸ਼ਵਾ (ਕਟਿਹਾਰ), ਹਲਹਲੀਆ ਅਤੇ ਅਰਰੀਆ ਜ਼ਿਲ੍ਹੇ ਦੇ ਪਿੰਡ, ਪੂਰਬੀ ਯੂ. ਪੀ. ਦੇ ਵਾਰਾਣਸੀ, ਨਿਜ਼ਾਮਾਬਾਦ, ਬਲੀਆ ਸਮੇਤ ਕਈ ਸਥਾਨ, ਅਸਾਮ ਵਿਚਲੇ ਧੋਬੜੀ ਸਾਹਿਬ ਅਤੇ ਨਾਓਗਾਓਂ ਦੇ ਪਿੰਡ, ਬੰਗਲਾਦੇਸ਼ ਦੇ ਢਾਕਾ, ਚਿਟਾਗੌਂਗ ਅਤੇ ਮਾਈਮੇਨਸਿੰਘ, ਪੱਛਮੀ ਬੰਗਾਲ ਦੇ ਮਾਲਦਾ, ਕਲਕੱਤਾ ਅਤੇ ਚੰਦਰਾਕੋਨਾ, ਉਡੀਸਾ ਦੇ ਕਟਕ ਅਤੇ ਪੁਰੀ ਤੋਂ ਇਲਾਵਾ ਇਤਿਹਾਸਕ ਦ੍ਰਿਸ਼ਟੀ ਤੋਂ ਮਹੱਤਵਪੂਰਨ ਹੋਰ ਗੁਰਦੁਆਰਿਆਂ, ਉਦਾਸੀ ਅਤੇ ਨਿਰਮਲਾ ਡੇਰਿਆਂ, ਮੱਠਾਂ ਆਦਿ ਨੂੰ ਸ਼ਾਮਲ ਕਰਨਾ ਚਾਹੀਦਾ ਹੈ।

ਪੂਰਬੀ ਭਾਰਤ ਦੇ ਸਿੱਖਾਂ ਦੀ ਸਲਾਹ ਨਾਲ ਇਹਨਾਂ ਅਸਥਾਨਾਂ ਦੀ ਯਾਤਰਾ ਦਾ ਨੈਟਵਰਕ ਬਣਾਇਆ ਜਾਣਾ ਚਾਹੀਦਾ ਹੈ। ਸਾਨੂੰ ਇਹਨਾਂ ਅਸਥਾਨਾਂ ਦੀ ਸਾਰ ਲੈਣ ਲਈ

ਅੱਗੇ ਆਉਂਣਾ ਚਾਹੀਦਾ ਹੈ ਤਾਂ ਕਿ ਇਹਨਾਂ ਪ੍ਰਤੀ ਸਮੁੱਚੇ ਪੰਥ ਅੰਦਰ ਵਿਆਪਕ, ਵਿਸ਼ਾਲ ਅਤੇ ਅਪਣੱਤ ਭਰਿਆ ਨਜ਼ਰੀਆ ਪੈਦਾ ਹੋ ਸਕੇ ਜੋ ਸਾਡੇ ਜੀਵਨ ਕਾਲ ਵਿਚ ਧਰਤੀ ਦੇ ਕਿਸੇ ਕੋਨੇ ਵਿਚ ਬੈਠੇ ਰਹਿਣ ਨਾਲ ਹਾਸਲ ਨਹੀਂ ਹੋ ਸਕਦਾ। 'ਬੀਤੇ ਨੂੰ ਜਾਣੋ, ਭਵਿੱਖ ਨੂੰ ਪਛਾਣੋ' ਸਾਡਾ ਨਾਹਰਾ ਹੋਣਾ ਚਾਹੀਦਾ ਹੈ। ਆਪਣੇ ਮਹਾਨ ਵਿਰਸੇ ਦੇ ਵਾਰਿਸ ਹੋਣ ਦਾ ਮਾਣ ਹੋਣ ਦੇ ਨਾਲ ਨਾਲ ਸਾਡੇ ਮਨਾਂ ਵਿਚ ਇਸ ਦਾਤ ਪ੍ਰਤੀ ਨਿਰਮਾਣਤਾ ਭਰਪੂਰ ਸ਼ੁਕਰਾਨੇ ਦਾ ਭਾਵ ਹੋਣਾ ਚਾਹੀਦਾ ਹੈ।

**ਹਵਾਲੇ:**

ਲੇਖਕ ਦੁਆਰਾ ਵੱਖ-ਵੱਖ ਸਥਾਨਾਂ ਅਤੇ ਉਥੇ ਵਸਦੇ ਸਿੱਖਾਂ ਬਾਰੇ ਵਿਸਥਾਰ ਵਿਚ ਲਿਖੇ ਖੋਜ ਪਰਚੇ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਦੇ ਵੱਖ-ਵੱਖ ਰਸਾਲਿਆਂ ਅਤੇ ਕੁਝ ਯੂਨੀਵਰਸਿਟੀਆਂ ਦੀਆਂ ਖੋਜ ਪੱਤਰਕਾਵਾਂ ਵਿਚ ਵੱਖ-ਵੱਖ ਸਿਰਲੇਖਾਂ ਤਹਿਤ ਪ੍ਰਕਾਸ਼ਤ ਹੋ ਚੁੱਕੇ ਹਨ ਅਤੇ ਕਈ ਸੰਸਥਾਵਾਂ ਵਲੋਂ ਆਯੋਜਿਤ ਕੀਤੇ ਸੈਮੀਨਾਰਾਂ ਵਿਚ ਪੇਸ਼ ਕੀਤੇ ਗਏ ਹਨ। ਪਾਠਕ ਸਬੰਧਤ ਤੱਥਾਂ ਅਤੇ ਇਹਨਾਂ ਦੀ ਪ੍ਰਾਸੰਗਕਿਤਾ ਬਾਰੇ ਹੋਰ ਜਾਣਕਾਰੀ ਲੈਣ ਲਈ ਹੇਠ ਲਿਖੇ ਲੇਖਾਂ 'ਤੇ ਨਜ਼ਰ ਮਾਰ ਸਕਦੇ ਹਨ:

1) Sikhs Living Other Than Punjab – ਅਕਤੂਬਰ 2009 ਵਿਚ ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਦੁਆਰਾ ਆਯੋਜਿਤ ਸੈਮੀਨਾਰ ਵਿਚ ਪੇਸ਼ ਕੀਤਾ ਗਿਆ ਅਤੇ ਇਹ ਅੰਸ਼ਿਕ ਰੂਪ ਵਿਚ The Sikhs-Beyond Punjab ਸਿਰਲੇਖ ਅਧੀਨ ਸਿੱਖ ਰਿਵਿਊ ਵਿਚ ਪ੍ਰਕਾਸ਼ਿਤ ਹੋਇਆ।

2) Sikhs of Sasaram– 30-31 ਨਵੰਬਰ 2010 ਨੂੰ ਗਾਜ਼ੀਆਬਾਦ ਵਿਚ 'ਭੁੱਲੇ ਵਿਸਰੇ ਸਿੱਖਾਂ ਦੇ ਤੀਜੇ ਸੰਮੇਲਨ' ਵਿਚ ਪੜ੍ਹਿਆ ਗਿਆ ਪਰਚਾ ਜੋ ਸਿੱਖ ਰਿਵਿਊ ਵਿਚ Roots of Faith-Sikhs of Sasaram ਦੇ ਸਿਰਲੇਖ ਹੇਠ ਛਪਿਆ। ਇਸ ਦਾ ਪੰਜਾਬੀ ਰੂਪ 'ਸਾਸਾਰਾਮ ਦੇ ਵਸਨੀਕ ਸਿੱਖ' ਗੁਰਮਤਿ ਪ੍ਰਕਾਸ਼ ਦੇ ਜਨਵਰੀ 2011 ਅੰਕ ਵਿਚ ਅਤੇ ਬਾਅਦ ਕਈ ਹੋਰ ਪੰਜਾਬੀ ਰਸਾਲਿਆਂ ਵਿਚ ਪ੍ਰਕਾਸ਼ਿਤ ਹੋਇਆ।

3) 'ਘਰੋਂ ਦੂਰ ਘਰ'– ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਕੋਲਕਾਤਾ ਵਿਖੇ ਆਯੋਜਿਤ ਪੂਰਬੀ ਭਾਰਤ ਪੰਜਾਬੀ ਸੰਮੇਲਨ ਦੇ ਸੈਮੀਨਾਰ ਵਿਚ ਪੇਸ਼ ਕੀਤਾ ਗਿਆ ਪਰਚਾ। ਪੰਜਾਬੀ ਰੂਪ ਗੁਰਮਤਿ ਪ੍ਰਕਾਸ਼ ਵਿਚ ਅਤੇ ਅੰਗਰੇਜ਼ੀ ਰੂਪ Abstract of Sikh Studies ਵਿਚ ਅਪ੍ਰੈਲ 2012 'ਚ ਛਪਿਆ। ਮੁੰਬਈ ਸਿੰਘ ਸਭਾ ਦੇ ਆਨਲਾਈਨ ਰਸਾਲੇ ਵਿਚ 5 ਮਈ 2011 ਨੂੰ Home away from Home ਸਿਰਲੇਖ ਹੇਠ ਛਪਿਆ।

4) 'ਹਲਹਲੀਆ ਦੇ ਸਿੱਖ'–ਪੰਜਾਬੀ ਵਿਚ ਗੁਰਮਤਿ ਪ੍ਰਕਾਸ਼ ਅਤੇ ਸਿੱਖ ਫੁਲਵਾੜੀ ਵਿੱਚ ਅਤੇ Blessed Sikhs of Bihar ਅੰਗਰੇਜ਼ੀ ਵਿਚ 'ਸਿੱਖ ਰਿਵਿਊ ਮਈ 2013' ਚ ਪ੍ਰਕਾਸ਼ਿਤ ਹੋਇਆ।

5) ਸੋਧ ਵੰਸ਼ੀ ਖਾਲਸਾ-ਸਾਡੀ ਅਣਜਾਣੀ ਵਿਰਾਸਤ'– ਇਹ ਪਰਚਾ ਗੁਰਮਤਿ ਪ੍ਰਕਾਸ਼ ਦੇ ਨਵੰਬਰ 2014, ਦਸੰਬਰ 2014 ਅਤੇ ਜਨਵਰੀ 2015 ਦੇ ਅੰਕਾਂ ਵਿਚ ਛਪਿਆ। ਇਸ ਦਾ ਅੰਗਰੇਜ਼ੀ ਰੂਪ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਖੋਜ ਰਸਾਲੇ ਅਤੇ ਸਿੱਖ ਰਿਵਿਊ ਦੇ ਜੁਲਾਈ ਅਤੇ ਅਗਸਤ 2015 ਦੇ ਅੰਕਾਂ ਵਿਚ ਪ੍ਰਕਾਸ਼ਿਤ ਹੋਇਆ।

6) 'ਵੈਸ਼ਾਲੀ ਦੇ ਸਿੱਖ'- ਗੁਰਮਤਿ ਪ੍ਰਕਾਸ਼ ਦੇ ਨਵੰਬਰ ਅਤੇ ਦਸੰਬਰ 2015 ਦੇ ਅੰਕਾਂ ਵਿਚ ਪ੍ਰਕਾਸ਼ਿਤ ਹੋਇਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਖੋਜ ਰਸਾਲੇ ਵਿਚ ਵੀ ਛਪਿਆ।

7) Kedli Chatti and Dumri (Jharkhand)- Two More Pearls in the String of Sikhism, Abstracts of Sikh Studies, (Vol XVIII, Issue 2) ਦੇ ਅਪ੍ਰੈਲ-ਜੂਨ 2016 ਅੰਕ ਵਿਚ ਪ੍ਰਕਾਸ਼ਿਤ ਹੋਇਆ।

8) ਗੁਰੂ ਬੋਲੀ ਪੰਜਾਬੀ- ਇਹ ਪਰਚਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਆਯੋਜਿਤ ਪੰਜਾਬੀ ਕਾਨਫਰੰਸ-2016 ਵਿਚ ਪੇਸ਼ ਕੀਤਾ ਗਿਆ।

ਪੂਰਬੀ ਭਾਰਤ ਦੇ ਸਿੱਖਾਂ ਦੇ ਜੀਵਨ ਸਬੰਧੀ ਹੋਰ ਖੋਜ ਅਤੇ ਅਧਿਅਨ ਪੇਸ਼ ਕਰਨ ਲਈ 'ਪੂਰਬ ਭਾਰਤ ਦੇ ਮੁਢਲੇ ਸਿੱਖ', 'ਪਟਨਾ ਅਤੇ ਇਸ ਦੇ ਆਸ-ਪਾਸ ਦੇ ਸਿੱਖ' ਵਰਗੇ ਕਈ ਹੋਰ ਲੇਖ ਜਲਦੀ ਹੀ ਪ੍ਰਕਾਸ਼ਿਤ ਕੀਤੇ ਜਾਣਗੇ।

**ਅੰਗਰੇਜ਼ੀ ਤੋਂ ਤਰਜਮਾ: ਇੰਜੀ: ਜਸਵੰਤ ਸਿੰਘ ਜ਼ਫ਼ਰ**



**ਕਲਕੱਤਾ ਨਿਵਾਸੀ ਵਪਾਰੀ ਤੇ ਖੋਜੀ ਜਗਮੋਹਨ ਸਿੰਘ ਗਿੱਲ ਇੱਕ ਸਿਰੜੀ ਤੇ ਜਾਗੀ ਹੋਈ ਰੂਹ ਹੈ, ਜਿਸਦੀ ਮਿਹਨਤ ਲਗਨ, ਸਿਰੜ ਤੇ ਸਮਰਪਣ ਮਾਨਣਾ ਬਣਦਾ ਹੈ। ਡਾ. ਸਰਬਜਿੰਦਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਕਹਿੰਦੇ ਨੇ, "ਪਾਤਸ਼ਾਹ ਦੀਆਂ ਪੈੜਾਂ ਲੱਭਦਾ ਧੁਰ ਪੂਰਬ ਤੋਂ ਧੁਰ ਪੱਛਮ ਤੇ ਫਿਰ ਉਸੇ ਵੇਗ ਨਾਲ ਉਤਰ ਤੋਂ ਦੱਖਣ ਵੱਲ ਪਰਬਲ ਵੇਗ ਨਾਲ ਉਦਾਸੀ ਤੇ ਉਤਰ ਜਾਂਦਾ ਹੈ, ਨਵੀਂ ਜਾਣਕਾਰੀ, ਨਵਾਂ ਗਿਆਨ, ਸਾਡੇ ਵਰਗਿਆਂ ਦੀ ਥਾਲੀ ਵਿੱਚ ਪਰੋਸ ਦਿੰਦਾ ਹੈ ਜਗਮੋਹਨ ਸਿੰਘ ਗਿੱਲ।" ਉਹ ਸ਼੍ਰੋਮਣੀ ਕਮੇਟੀ ਦੇ ਈਸਟ ਇੰਡੀਆ ਪ੍ਰਚਾਰ ਮਿਸ਼ਨ ਦੇ ਲੰਬੇ ਸਮੇਂ ਤੋਂ ਸੰਚਾਲਕ ਹਨ ਉਨ੍ਹਾਂ ਨਾਲ ਈਮੇਲ** jagmohan_s_gill@yahoo.co.in **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਧਰਮ ਪ੍ਰਚਾਰ ਨੂੰ ਤਰਸਦੇ ਬਿਹਾਰ 'ਚ ਵੱਸਦੇ ਸਿੱਖ

## ਅਮਰੀਕ ਸਿੰਘ ਸ਼ੇਰ ਖਾਂ

ਅਜੋਕੇ ਪਤਿਤਪੁਣੇ ਦੇ ਦੌਰ ਵਿਚ ਇਹ ਗੱਲ ਆਮ ਹੀ ਕਹੀ ਜਾਂਦੀ ਹੈ ਕਿ ਜੇਕਰ ਸੰਪੂਰਨ ਸਿੱਖੀ ਦੇ ਦਰਸ਼ਨ ਦੀਦਾਰੇ ਕਰਨੇ ਹੋਣ ਤਾਂ ਇਹ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਹੀ ਕੀਤੇ ਜਾ ਸਕਦੇ ਹਨ। ਪਿਛਲੇ ਦਿਨੀਂ ਮੈਨੂੰ ਬਿਹਾਰ ਸੂਬੇ ਵਿਚ ਘੁੰਮਣ ਦਾ ਮੌਕਾ ਮਿਲਿਆ। ਆਪਣੇ ਸਾਥੀਆਂ ਸਮੇਤ ਭਾਗਲਪੁਰ ਜ਼ਿਲ੍ਹੇ ਦੇ ਇਕ ਕੇਂਦਰੀ ਸਕੂਲ ਵਿਚ ਪ੍ਰਿੰਸੀਪਲ ਹਰਚਰਨ ਸਿੰਘ ਕੋਲ ਜਿਉਂ ਹੀ ਅਸੀਂ ਜਾ ਕੇ ਠਹਿਰੇ, ਉਨ੍ਹਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਬਿਹਾਰ ਵਿਚ ਸਿੱਖਾਂ ਦੀ ਆਬਾਦੀ ਅਤੇ ਰਹਿਣੀ-ਬਹਿਣੀ ਸੰਬੰਧੀ ਲੰਬੀਆਂ ਵਿਚਾਰਾਂ ਚੱਲੀਆਂ।

ਸਵੇਰ ਹੁੰਦਿਆਂ ਹੀ ਸ. ਹਰਚਰਨ ਸਿੰਘ ਸਮੇਤ ਅਸੀਂ ਇਤਿਹਾਸਕ ਸਥਾਨਾਂ ਦੀ ਯਾਤਰਾ ਨੂੰ ਨਿਕਲ ਤੁਰੇ। ਪਟਨਾ ਸਾਹਿਬ ਦੇ ਦਰਸ਼ਨ ਪਹਿਲਾਂ ਹੀ ਕਰ ਚੁੱਕੇ ਸੀ। ਪਟਨਾ ਸਾਹਿਬ ਤੋਂ ਦੂਰ-ਦਰਾਜ ਦੇ ਉਹ ਸਥਾਨ ਜਿਥੇ ਗੁਰੂ ਨਾਨਕ ਸਾਹਿਬ ਅਤੇ ਗੁਰੂ ਤੇਗ ਬਹਾਦਰ ਜੀ ਆਪਣੀ ਪੂਰਬ ਦੇਸ਼ ਦੀ ਯਾਤਰਾ ਸਮੇਂ ਠਹਿਰੇ, ਉਨ੍ਹਾਂ ਨੂੰ ਦੇਖਣ ਦਾ ਪ੍ਰੋਗਰਾਮ ਬਣਾਇਆ ਗਿਆ।

ਭਾਗਲਪੁਰ ਤੋਂ 40-50 ਕਿਲੋਮੀਟਰ ਦੀ ਦੂਰੀ 'ਤੇ ਅਤੇ ਪਟਨਾ ਸਾਹਿਬ ਤੋਂ ਲਗਭਗ 290 ਕਿਲੋਮੀਟਰ ਦੀ ਦੂਰੀ 'ਤੇ ਆਸਾਮ ਰੋਡ 'ਤੇ ਕਠਿਆਰ ਜ਼ਿਲ੍ਹੇ ਵਿਚ ਵਸੇ ਲੱਛਮੀਪੁਰ ਪਿੰਡ ਵਿਚ ਜਿਉਂ ਹੀ ਸਾਡੀ ਗੱਡੀ ਦਾਖਲ ਹੋਈ ਤਾਂ ਚਾਰ-ਚੁਫੇਰੇ ਲੰਬੀਆਂ ਕਤਾਰਾਂ ਵਿਚ ਝੁੱਗੀਆਂ-ਝੌਂਪੜੀਆਂ ਦੇਖ ਕੇ ਮਨ ਉਦਾਸ ਹੋ ਗਿਆ।

ਬਹੁਤੇ ਆਮ ਬਿਹਾਰੀ ਲੋਕਾਂ ਦਾ ਰੈਣ-ਬਸੇਰਾ ਇਹੀ ਝੁੱਗੀਆਂ-ਝੌਂਪੜੀਆਂ ਹਨ। ਬਹੁਤੇ ਪਿੰਡਾਂ ਵਿਚ ਬਿਜਲੀ ਨਾਂਅ ਦੀ ਕੋਈ ਚੀਜ਼ ਨਹੀਂ। ਉਘੜ-ਦੁਘੜੀ ਸੜਕ ਦੇ ਉੱਪਰੋਂ ਗੁਜ਼ਰਦੇ ਥੋੜ੍ਹਾ ਹੋਰ ਅੱਗੇ ਗਏ ਤਾਂ ਪੱਕੇ ਮਕਾਨ ਦਿਖਾਈ ਦਿੱਤੇ। ਸਾਈਕਲਾਂ, ਮੋਟਰ ਸਾਈਕਲਾਂ 'ਤੇ ਚੜ੍ਹੇ ਕੁਝ ਇਕ ਸਾਬਤ ਸੂਰਤ ਨੌਜਵਾਨ ਦੇਖ ਕੇ ਮਨ ਗਦਗਦ ਹੋ ਉੱਠਿਆ।

ਇਕ ਸਾਬਤ ਸੂਰਤ ਨੌਜਵਾਨ ਤੋਂ ਪੁਛ ਕੇ ਅਸੀਂ ਇਤਿਹਾਸਕ ਗੁਰਦੁਆਰਾ ਗੁਰੂ ਤੇਗ ਬਹਾਦਰ ਵਿਚ ਦਾਖਲ ਹੋਏ। ਦੇਖਾ-ਦੇਖੀ ਕੁਝ ਹੋਰ ਪੰਜ-ਸੱਤ ਨੌਜਵਾਨ ਤੇ ਬਜ਼ੁਰਗ ਗੁਰਦੁਆਰਾ ਸਾਹਿਬ ਮੱਥਾ ਟੇਕਣ ਉਪਰੰਤ ਗੁਰਦੁਆਰਾ ਸਾਹਿਬ ਬਾਰੇ ਗਿਆਨੀ ਗੁਰਦੇਵ ਸਿੰਘ ਪ੍ਰਦੇਸੀ ਜੋ ਸਥਾਨਕ ਪੜ੍ਹੇ-ਲਿਖੇ ਗੁਰਸਿੱਖ ਸੱਜਣ ਹਨ, ਨੇ ਚਾਨਣਾ ਪਾਇਆ ਤੇ ਨਾਲ ਹੀ ਨਾਲ ਮਹਾਨ ਕੋਸ਼ ਕ੍ਰਿਤ ਭਾਈ ਕਾਹਨ ਸਿੰਘ ਨਾਭਾ ਦਾ ਹਵਾਲਾ ਵੀ ਦਿੱਤਾ।

ਭਾਵੇਂ ਕਿ ਗੁਰਦੁਆਰਾ ਸਾਹਿਬ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਦੀ ਯਾਦ ਨੂੰ ਸਮਰਪਿਤ ਹੈ ਪਰ ਗੁਰੂ ਤੇਗ ਬਹਾਦਰ ਸਾਹਿਬ ਤੋਂ ਪਹਿਲਾਂ, ਗੁਰੂ ਨਾਨਕ ਦੇਵ ਜੀ ਢਾਕੇ ਨੂੰ ਜਾਂਦੇ ਹੋਏ ਇਥੇ ਕਾਫੀ ਸਮਾਂ ਠਹਿਰੇ ਸਨ ਅਤੇ ਨਾਨਕ-ਪੰਥੀ ਸ਼ਰਧਾਲੂ ਵੱਡੀ ਗਿਣਤੀ ਵਿਚ ਸਜ ਗਏ।

ਇਨ੍ਹਾਂ ਨਾਨਕ-ਪੰਥੀਆਂ ਵਿਚ ਸਿਧਾਂਤਕ, ਗੁਣਾਤਮਿਕ ਅਤੇ ਗਿਣਾਤਮਿਕ ਵਾਧਾ

ਉਦੋਂ ਹੋਰ ਵੀ ਹੋਇਆ ਜਦੋਂ ਨੌਵੇਂ ਪਾਤਸ਼ਾਹ ਅੱਠ ਜਾਮਿਆਂ ਤੋਂ ਬਾਅਦ ਇਸ ਸਥਾਨ 'ਤੇ ਦੁਬਾਰਾ ਪਹੁੰਚੇ। ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਵਚਨ ਸੁਣਨ ਵਾਸਤੇ ਦੂਰ-ਦੁਹਾਡੇ ਤੋਂ ਸੰਗਤਾਂ ਆਉਣ ਲੱਗੀਆਂ।

ਸ਼ਰਧਾਲੂ ਸੰਗਤਾਂ ਦਾ ਘੇਰਾ ਹੋਰ ਵਿਸ਼ਾਲ ਹੋਣ ਲੱਗਾ। ਗੰਗਾ ਘਾਟ ਦੇ ਕਿਨਾਰੇ ਕੜਾਹ ਪ੍ਰਸ਼ਾਦ ਦੀਆਂ ਖੁੱਲ੍ਹੀਆਂ ਦੇਗਾਂ ਤਿਆਰ ਹੋਣ ਲੱਗੀਆਂ। ਜਿਸ ਗੰਗਾ ਘਾਟ 'ਤੇ ਇਹ ਖੁੱਲ੍ਹਾ ਕੜਾਹ ਵਰਤਣ ਲੱਗਾ, ਉਸ ਘਾਟ ਦਾ ਨਾਂ ਕੜਾਹ ਘਾਟ ਹੀ ਪੈ ਗਿਆ ਅਤੇ ਗੋਲਿਆਂ ਦੇ ਰੂਪ ਵਿਚ ਕੜਾਹ ਪ੍ਰਸ਼ਾਦ ਛਕਣ ਕਰਕੇ ਹੌਲੀ-ਹੌਲੀ ਇਸ ਸਥਾਨ ਦਾ ਨਾਂਅ 'ਲਛਮੀਪੁਰ ਕੜਾਹ ਗੋਲਾ' ਵਜੋਂ ਪ੍ਰਚਲਿਤ ਹੋਇਆ। ਅੱਜ ਵੀ ਸਥਾਨਕ ਰੇਲਵੇ ਸਟੇਸ਼ਨ ਦੇ ਬੋਰਡ 'ਤੇ ਮੋਟੇ ਅੱਖਰਾਂ ਵਿਚ ਸਟੇਸ਼ਨ ਦਾ ਨਾਂਅ 'ਲਛਮੀਪੁਰ ਕੜਾਹ ਗੋਲਾ' ਹੀ ਲਿਖਿਆ ਮਿਲਦਾ ਹੈ।

ਇਹ ਅਸਥਾਨ ਇਤਿਹਾਸਕ ਖੋਜੀਆਂ ਤੇ ਸਿੱਖ ਵਿਦਵਾਨਾਂ ਵਾਸਤੇ ਬੜੀ ਮਹੱਤਵਪੂਰਨ ਸਮੱਗਰੀ ਮੁਹੱਈਆ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਮੋਹਰ-ਛਾਪ ਵਾਲੇ ਬਹੁਤ ਸਾਰੇ ਹੁਕਮਨਾਮੇ ਅੱਜ ਵੀ ਇਥੇ ਮੌਜੂਦ ਹਨ ਜੋ ਗੁਰੂ ਸਾਹਿਬ ਨੇ ਇਸ ਇਲਾਕੇ ਦੀ ਸੰਗਤ ਨੂੰ ਸ਼ਸਤਰ ਅਤੇ ਮਾਇਆ ਲਿਆਉਣ ਸੰਬੰਧੀ ਭੇਜੇ। ਇਸ ਤੋਂ ਇਲਾਵਾ ਭਾਈ ਮੰਗਲ ਸਿੰਘ ਦੁਆਰਾ ਲਿਖਿਆ ਇਕ ਨੋਟ ਬੜਾ ਹੀ ਇਤਿਹਾਸਕ ਦਸਤਾਵੇਜ਼ ਹੈ, ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਉੱਪਰ ਨੰਦੇੜ ਦੀ ਧਰਤੀ ਵਿਖੇ ਹੋਏ ਹਮਲੇ ਦਾ ਅੱਖੀਂ ਡਿੱਠਾ ਵਰਨਣ ਅੰਕਿਤ ਹੈ।

ਇਹ ਮੰਗਲ ਸਿੰਘ ਗੁਰੂ ਸਾਹਿਬ ਜੀ ਦਾ ਇਕ ਅੰਗ-ਰੱਖਿਅਕ ਸੀ ਅਤੇ ਇਸੇ ਲਛਮੀਪੁਰ ਦਾ ਨਿਵਾਸੀ ਸੀ। ਇਸ ਇਤਿਹਾਸਕ ਦਸਤਾਵੇਜ਼ ਤੋਂ ਇਲਾਵਾ ਇਕ ਹੱਥ ਲਿਖਤ ਬੀੜ ਵੀ ਮੌਜੂਦ ਹੈ ਜੋ 1726 ਈ. ਵਿਚ ਲਿਖੀ ਗਈ। ਇਸ ਇਤਿਹਾਸਕ ਬੀੜ ਬਾਰੇ ਬੜੀ ਦਿਲਚਸਪ ਪ੍ਰੰਪਰਾ ਹੈ ਕਿ ਜਦ ਸਥਾਨਕ ਨਾਨਕ-ਪੰਥੀ ਸ਼ਰਧਾਲੂ ਢਾਕੇ ਵੱਲ ਕੱਪੜੇ ਦਾ ਵਪਾਰ ਦਰਿਆਈ ਰਸਤੇ ਕਰਦੇ ਸੀ ਤਾਂ ਉਹ ਆਪਣੀਆਂ ਬੇੜੀਆਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਨਾਲ ਲੈ ਜਾਂਦੇ ਅਤੇ ਆਉਂਦੇ-ਜਾਂਦੇ ਨਿਰਵਿਘਨ ਪਾਠ ਵੀ ਕਰਦੇ ਰਹਿੰਦੇ।

ਇਕ ਦਿਨ ਅਚਾਨਕ ਹੜ੍ਹ ਆਉਣ ਦੀ ਸਥਿਤੀ ਵਿਚ ਇਹ ਬੀੜ ਪਾਣੀ ਵਿਚ ਹੀ ਵਹਿ ਗਈ। ਕਾਫ਼ੀ ਮੁਸ਼ੱਕਤ ਕਰਨ ਤੋਂ ਬਾਅਦ ਇਹ ਸਾਰੇ ਸ਼ਰਧਾਲੂ ਵਾਪਸ ਆ ਗਏ। ਜਦ ਪਾਣੀ ਘਟਿਆ ਤਾਂ ਲਗਪਗ ਛੇ ਮਹੀਨੇ ਬਾਅਦ ਇਹ ਬੀੜ ਗੰਗਾ ਦੇ ਵਿਚਾਲੇ ਇਕ ਸੁੱਕੀ ਜਗ੍ਹਾ ਤੋਂ ਕੁਝ ਰਾਹਗੀਰਾਂ ਨੂੰ ਮਿਲ ਗਈ। ਇਸ ਨੂੰ ਦੁਬਾਰਾ ਅਦਬ ਸਤਿਕਾਰ ਨਾਲ ਗੁਰਦੁਆਰਾ ਸਾਹਿਬ ਵਿਚ ਸਥਾਪਿਤ ਕਰ ਦਿੱਤਾ ਗਿਆ। ਇਸ ਬੀੜ ਉੱਪਰ ਪਾਣੀ ਦੇ ਪਏ ਕੁਝ ਧੱਬੇ ਅੱਜ ਵੀ ਦੇਖੇ ਜਾ ਸਕਦੇ ਹਨ।

ਇਸ ਹੱਥ ਲਿਖਤ ਬੀੜ ਵਿਚ ਇਕ ਵਾਧਾ ਇਹ ਵੀ ਹੈ ਕਿ ਇਸ ਵਿਚ ਗੁਰੂ ਗ੍ਰੰਥ ਸਾਹਿਬ ਜੀ ਨਾਲੋਂ ਇਕ ਬਾਣੀ 'ਰਾਗ ਰਾਮਕਲੀ ਰਤਨਮਾਲਾ ਮਹਲਾ ਪਹਿਲਾ' ਦੇ ਸਿਰਲੇਖ ਹੇਠ ਜ਼ਿਆਦਾ ਦਰਜ ਹੈ। ਇਹ ਬਾਣੀ ਬਿਲਕੁਲ ਅੰਤ ਵਿਚ ਹੈ। ਜੋ ਵਿਦਵਾਨ ਖੋਜੀਆਂ ਲਈ ਖੋਜ ਦਾ ਵਿਸ਼ਾ ਬਣ ਸਕਦੀ ਹੈ। ਬਾਣੀ ਦੀ ਸ਼ਬਦਾਵਲੀ ਪੂਰੀ ਤਰ੍ਹਾਂ ਗੁਰੂ

ਸਾਹਿਬ ਦੇ ਸਮਕਾਲੀਨ ਜਾਪਦੀ ਹੈ, ਜਿਸ ਦਾ ਸਰੂਪ ਸਿੱਧ ਗੋਸ਼ਟ ਨਾਲ ਕਾਫ਼ੀ ਮਿਲਦਾ ਹੈ ਅਤੇ ਇਕ ਸਥਾਈ (ਟੇਕ) 'ਨਾਨਕ ਕਹੈ ਸੋਈ ਅਉਧੂਤਾ' ਨੂੰ ਹਰ ਬੰਦ ਤੋਂ ਬਾਅਦ ਦੁਹਰਾਇਆ ਗਿਆ ਹੈ। ਇਸ ਬਾਣੀ ਦਾ ਇਕ ਨਮੂਨਾ ਇਸ ਪ੍ਰਕਾਰ ਹੈ:

'ਆਸਨ ਸਾਧਿ ਨਿਰਾਲਮ ਰਹੈ ॥
ਮੰਤ ਤਾਤਿ ਕਾ ਨਿਗ੍ਰਹਿ ਗਹੈ ॥
ਥੋੜ੍ਹੀ ਨਿਦ੍ਰਾ ਅਲਪ ਅਹਾਰੰ ॥
ਸਾਧਕ ਪਿੰਡ ਸਦਾ ਬੀਚਾਰੰ ॥

ਅੰਤ ਵਿਚ ਰਾਜੇ ਸ਼ਿਵਨਾਭ ਦੀ ਸਾਖੀ ਨੂੰ ਖੁਦ ਰੂਪ ਵਿਚ ਬਿਆਨ ਕੀਤਾ ਗਿਆ ਹੈ, ਜਿਸ ਦਾ ਸਿਰਲੇਖ 'ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ' ਅੰਕਿਤ ਹੈ।

ਇਸ ਇਤਿਹਾਸਕ ਸਥਾਨ ਦੇ ਆਸਪਾਸ ਵੱਡੀ ਗਿਣਤੀ ਵਿਚ ਸਿੱਖ ਸ਼ਰਧਾਲੂ ਵਸੇ ਹੋਏ ਹਨ। ਇਕੱਲੇ ਲਛਮੀਪੁਰ ਵਿਚ ਹੀ ਸਿੱਖਾਂ ਦੀ ਆਬਾਦੀ ਲਗਭਗ 3000 ਦੇ ਕਰੀਬ ਹੈ। ਜ਼ਿਆਦਾਤਰ ਸਿੱਖ ਸੰਪੂਰਨ ਰਹਿਤ ਬਹਿਤ ਵਾਲੇ ਤੇ ਅੰਮ੍ਰਿਤਧਾਰੀ ਹਨ ਤੇ ਬੋਲੀ ਹਿੰਦੀ ਹੈ, ਲੇਕਿਨ ਪੰਜਾਬੀ ਸਮਝ ਲੈਂਦੇ ਹਨ। ਕਿਸੇ ਪੰਜਾਬੀ ਭਰਾ ਦੇ ਪਹੁੰਚਣ 'ਤੇ ਇਨ੍ਹਾਂ ਨੂੰ ਅੰਤਾਂ ਦਾ ਚਾਅ ਚੜ੍ਹ ਜਾਂਦਾ ਹੈ। ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲ ਲਈ 11 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ।

ਸਾਰੇ ਮੈਂਬਰ ਅੰਮ੍ਰਿਤਧਾਰੀ ਅਤੇ ਗ੍ਰੈਜੂਏਸ਼ਨ ਤੱਕ ਪੜ੍ਹੇ-ਲਿਖੇ ਸੱਜਣ ਹਨ। ਪਿੰਡ ਦਾ ਮੁਖੀਆ ਵੀ ਸ. ਅਮਰਿੰਦਰ ਸਿੰਘ ਸਿੱਖ ਸਰਦਾਰ ਹੈ। ਇਸ ਪਿੰਡ ਤੋਂ ਇਲਾਵਾ, ਗੁਰੂ ਬਾਜ਼ਾਰ, ਮਹੇਸ਼ਵਾ, ਸਾਦਲਪੁਰ, ਭਵਾਨੀਪੁਰ, ਉਚਲਾ, ਪੂਰਨੀਆ, ਭੰਡਾਰਤਲ, ਰਾਜਾ ਪਾਖਰ ਵਿਚ ਵੀ ਸਿੱਖਾਂ ਦੀ ਗਿਣਤੀ ਵੱਡੀ ਪੱਧਰ 'ਤੇ ਹੈ। ਕੁੱਲ ਮਿਲਾ ਕੇ 7-8 ਹਜ਼ਾਰ ਦੀ ਆਬਾਦੀ ਸਿੱਖ ਵਸੋਂ ਵਜੋਂ ਮੰਨੀ ਜਾ ਸਕਦੀ ਹੈ। ਪਰ ਤ੍ਰਾਸਦੀ ਇਹ ਹੈ ਕਿ ਹਾਲੇ ਤੱਕ ਕਿਸੇ ਵੀ ਪੰਥਕ ਜਥੇਬੰਦੀ ਨੇ ਇਨ੍ਹਾਂ ਸਿੱਖਾਂ ਦੀ ਸਾਰ ਨਹੀਂ ਲਈ। ਉਹ ਜੇਕਰ ਸਿੱਖ ਸਭਿਆਚਾਰ ਨਾਲ ਜੁੜੇ ਹੋਏ ਹਨ ਤਾਂ ਸਿਰਫ ਗੁਰੂ ਬਖਸ਼ਿਸ਼ ਹੀ ਅੱਜ ਤੱਕ ਉਨ੍ਹਾਂ ਨੂੰ ਸਿੱਖੀ ਦੀ ਮੁੱਖ ਧਾਰਾ ਨਾਲ ਜੋੜੀ ਬੈਠੀ ਹੈ।

ਸਿਧਾਂਤਕ ਤੌਰ 'ਤੇ ਇਹ ਸਿੱਖ ਪੂਰੀ ਤਰ੍ਹਾਂ ਸੁਚੇਤ ਹਨ। ਡੇਰਾਵਾਦ ਦਾ ਇਨ੍ਹਾਂ ਉੱਪਰ ਹਾਲੇ ਤੱਕ ਕਿਸੇ ਤਰ੍ਹਾਂ ਦਾ ਵੀ ਕੋਈ ਪ੍ਰਭਾਵ ਨਹੀਂ। ਨਾ ਹੀ ਇਹ ਕਿਸੇ ਵਿਅਕਤੀ ਪੂਜਾ ਵਿਚ ਵਿਸ਼ਵਾਸ਼ ਰੱਖਦੇ ਹਨ।

ਗਿਆਨੀ ਸੁਖਦੇਵ ਸਿੰਘ ਪ੍ਰਦੇਸੀ ਅਤੇ ਬਾਕੀ ਸਾਰੇ ਸੱਜਣਾਂ ਦਾ ਸ਼੍ਰੋਮਣੀ ਕਮੇਟੀ ਪ੍ਰਤੀ ਗਿਲਾ ਹੈ ਕਿ ਉਨ੍ਹਾਂ ਨੇ ਕਈ ਵਾਰੀ ਧਰਮ ਪ੍ਰਚਾਰ ਕਮੇਟੀ ਨਾਲ ਚਿੱਠੀ-ਪੱਤਰ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਅਨੇਕਾਂ ਵਾਰੀ ਉਨ੍ਹਾਂ ਦੀ ਚਿੱਠੀ ਦਾ ਜਵਾਬ ਤੱਕ ਵੀ ਨਹੀਂ ਦਿੱਤਾ ਜਾਂਦਾ। ਉਹ ਸਕੂਲ ਖੋਲ੍ਹਣ ਵਾਸਤੇ ਗੁਰਦੁਆਰਾ ਸਾਹਿਬ ਦੀ ਜ਼ਮੀਨ ਵੀ ਸ਼੍ਰੋਮਣੀ ਕਮੇਟੀ ਨੂੰ ਦੇਣ ਲਈ ਰਾਜ਼ੀ ਹਨ, ਬਸ਼ਰਤੇ ਕਿ ਸ਼੍ਰੋਮਣੀ ਕਮੇਟੀ ਜਾਂ ਕੋਈ ਹੋਰ ਪੰਥਕ ਜਥੇਬੰਦੀ ਸੀ.ਬੀ.ਐਸ.ਈ. ਸਿਲੇਬਸ ਦੇ ਤਹਿਤ ਚੰਗਾ ਸਕੂਲ ਖੋਲ੍ਹ ਸਕੇ।

ਇਹ ਸਕੂਲ ਮੱਧ-ਪੂਰਬੀ ਭਾਰਤ ਵਿਚ ਸਿੱਖ ਸਭਿਆਚਾਰ ਦਾ ਝੰਡਾ-ਬਰਦਾਰ ਬਣ ਸਕਦਾ ਹੈ। ਕੁਝ ਸਮਾਂ ਪਹਿਲਾਂ ਗੁਰਮਤਿ ਪ੍ਰਸਾਰ ਸੇਵਾ ਸੁਸਾਇਟੀ ਚੰਡੀਗੜ੍ਹ ਅਤੇ

ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਨੇ ਇਸ ਪਾਸੇ ਕੁਝ ਯਤਨ ਕਰਨ ਦੀ ਕੋਸ਼ਿਸ਼ ਕੀਤੀ ਪਰ ਸੀਮਤ ਸਾਧਨਾਂ ਕਰਕੇ ਉਹ ਵੀ ਬੈਠ ਗਏ। ਅਜੋਕੇ ਸਮੇਂ ਵਿਚ ਫੌਰੀ ਤੌਰ 'ਤੇ ਇਕ-ਦੋ ਅਜਿਹੇ ਅਧਿਆਪਕ ਨਿਯੁਕਤ ਕਰਨ ਦੀ ਜ਼ਰੂਰਤ ਹੈ ਜੋ ਇਨ੍ਹਾਂ ਗੁਰਸਿੱਖਾਂ ਦੇ ਬੱਚਿਆਂ ਨੂੰ ਗੁਰਮੁਖੀ ਅਤੇ ਸਿੱਖ-ਜੀਵਨ ਜਾਚ ਬਾਰੇ ਦੱਸ ਸਕਣ।



**ਅਮਰੀਕ ਸਿੰਘ ਸ਼ੇਰ ਖਾਂ ਡਬਲ ਐਮ. ਏ., ਬੀ. ਐਡ ਦੇ ਨਾਲ-ਨਾਲ ਉਰਦੂ ਦੀ ਵਿਦਿਅਕ ਯੋਗਤਾ ਰੱਖਦੇ ਹਨ। ਜਵਾਹਰ ਨਵੋਦਿਆ ਵਿਦਿਆਲਿਆ ਲੁਹਾਰਾ (ਮੋਗਾ) ਵਿੱਚ ਵਿਦਿਆ ਵੰਡਣ ਦਾ ਕਾਰਜ ਕਰ ਰਹੇ ਹਨ। ਉਨ੍ਹਾਂ ਦੀਆਂ** 6 **ਪੁਸਤਕਾਂ ਹੁਣ ਤੱਕ ਛਪ ਚੁੱਕੀਆਂ ਹਨ। ਇਹ ਦਿਦਾਰੀ ਖਾਲਸਾ ਸੈਰ ਸਪਾਟੇ ਦਾ ਖਾਸ ਸ਼ੌਂਕ ਰੱਖਦਾ ਹੈ। ਇਸ ਮੁਹੱਬਤੀ, ਦੂਰ ਅੰਦੇਸ਼, ਅਗਾਂਹ ਵਧੂ ਸੋਚ, ਬੇਬਾਕੀ, ਮਾਂ ਬੋਲੀ ਦੇ ਮੁਦੱਈ ਨਾਲ ਈਮੇਲ** amriksherkhan@yahoo.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਇਤਿਹਾਸ ਦੇ ਵਰਕਿਆਂ 'ਚੋਂ
# ਸਤਿਨਾਮੀਆਂ ਦੀ ਮੁਢਲੀ ਪਹਿਚਾਣ

## ਜਗਦੀਸ਼ ਕੁਰੇ

ਲੋਕਾਂ ਦਾ ਇਹ ਮੰਨਣਾ ਹੈ ਕਿ ਸਤਿਨਾਮੀਆਂ ਦਾ ਇੱਕ ਪੁਰਾਣਾ ਗੌਰਵਸ਼ਾਲੀ ਇਤਿਹਾਸ ਰਿਹਾ ਹੈ। ਸਤਿਨਾਮੀ ਸ਼ਾਂਤਮਈ ਤੇ ਸਾਦੇ ਜੀਵਨ ਨੂੰ ਪ੍ਰਧਾਨਤਾ ਦਿੰਦੇ ਰਹੇ ਹਨ। ਸਤਿਨਾਮੀ ਪੰਥ ਸ਼ੁਰੂ ਤੋਂ ਹੀ ਇੱਕ ਜਾਤਹੀਣ ਸਮਾਜ ਦਾ ਪੱਖ ਪੂਰਦਾ ਰਿਹਾ ਹੈ। ਸਮਾਜ ਦਾ ਮੁੱਢਲਾ ਇਤਿਹਾਸ ਮਨੁੱਖਤਾ ਦਾ ਵਿਕਾਸ ਕਰਨਾ ਸੀ, ਜਿਸ ਵਿੱਚ ਜਾਤ ਧਰਮ ਤੋਂ ਹੱਟ ਕੇ ਹਰ ਮਨੁੱਖ ਨੂੰ ਬਰਾਬਰ ਸਮਝਿਆ ਜਾਂਦਾ ਸੀ। ਸਮਾਜ ਨੂੰ ਸੰਗਠਿਤ ਕਰਨ ਅਤੇ ਚਲਾਉਣ ਲਈ ਉਨ੍ਹਾਂ ਦਾ ਇੱਕ ਧੰਮ ਸੂਤਰ ਸੀ, ਜਿਸ ਨੂੰ ਮਾਨਵ ਧੰਮ ਸੂਤਰ ਕਿਹਾ ਜਾਂਦਾ ਸੀ। ਦੱਸਿਆ ਜਾਂਦਾ ਹੈ ਕਿ ਇਨ੍ਹਾਂ ਦੀ ਪੁਰਾਣੀ ਸ਼ਾਖਾਂ ਅੱਜ ਕੱਲ ਦੇ ਹਰਿਆਣੇ ਦੇ ਨਾਰਨੌਲ ਜਾਂ ਇਸ ਦੇ ਪਾਸ ਮੇਵਾਰ, ਕੋਟਾਮਾ ਵਗੈਰਾ ਨਾਲ ਸਬੰਧ ਰੱਖਦੇ ਹਨ।

ਇਸ ਤੋਂ ਇਲਾਵਾ ਕੋਟਲਾ ਤੇ ਬਾਰਾਬੰਕੀ ਨੂੰ ਵੀ ਹੋਰ ਸ਼ਾਖਾਂ ਦੇ ਰੂਪ ਵਿੱਚ ਦੱਸਿਆ ਜਾਂਦਾ ਹੈ। ਹੁਣ ਛਤੀਸਗੜ੍ਹ ਨੂੰ ਵੀ ਇਸੇ ਸ਼ਾਖ ਨਾਲ ਜੋੜਿਆ ਜਾ ਰਿਹਾ ਹੈ। ਇਤਿਹਾਸਕ ਨਜ਼ਰ ਨਾਲ ਦੇਖਿਆ ਜਾਵੇ ਤਾਂ ਕੋਈ ਜ਼ਿਆਦਾ ਜਾਣਕਾਰੀ ਨਹੀਂ ਮਿਲਦੀ ਪਰ ਸੰਨ 1672 ਈਸਵੀ ਦੇ ਆਸ ਪਾਸ ਸਤਿਨਾਮੀ ਵਿਦਰੋਹ ਦੇ ਨਾਂ ਨਾਲ ਕੁਝ ਤੱਤ ਸਾਹਮਣੇ ਆਏ ਹਨ। ਜਿਸ ਨੂੰ ਛਤੀਸਗੜ੍ਹ ਦੇ ਸਤਿਨਾਮੀ ਅੰਦੋਲਨ ਨਾਲ ਜੋੜਿਆ ਜਾ ਰਿਹਾ ਹੈ। ਮਿਲੀ ਜਾਣਕਾਰੀ ਅਨੁਸਾਰ ਨਾਰਨੌਲ ਪਹਿਲਾਂ ਪੰਜਾਬ ਪ੍ਰਦੇਸ਼ ਵਿੱਚ ਸੀ ਹੁਣ ਇਹ ਹਰਿਆਣਾ ਰਾਜ ਵਿੱਚ ਆਉਂਦਾ ਹੈ। ਇਹ ਨਾਰਨੌਲ ਦਿੱਲੀ ਤੋਂ 75 ਕਿਲੋਮੀਟਰ ਹੈ ਤੇ ਜ਼ਿਲ੍ਹਾ ਹੈ। ਇੱਥੇ ਰੇਲਵੇ ਸਟੇਸ਼ਨ ਵੀ ਹੈ।

ਇਹ ਪਤਾ ਲੱਗਾ ਹੈ ਕਿ ਕਿਸੇ ਸਮੇਂ ਸਤਿਨਾਮੀ ਇੱਥੇ ਵੱਡੀ ਤਾਦਾਦ ਵਿੱਚ ਰਹਿੰਦੇ ਸਨ। ਸਰੀਰਕ ਤੌਰ 'ਤੇ ਸਤਿਨਾਮੀ ਚੰਗੇ ਸੋਹਣੇ ਅਤੇ ਸਿਹਤਮੰਦ ਸਨ ਤੇ ਉਨ੍ਹਾਂ ਦਾ ਰੰਗ ਕਣਕਵਿਨਾ ਸੀ। ਉਨ੍ਹਾਂ ਦਾ ਖਾਣਾ ਪੀਣਾ, ਰਹਿਣਾ ਸਹਿਣਾ ਉੱਚ ਕੋਟੀ ਦਾ ਸੀ। ਇਹ ਸ਼ੁੱਧ ਸ਼ਾਕਾਹਾਰੀ ਤੇ ਕਿਸੇ ਦੀ ਈਨ ਨਾ ਮੰਨਣ ਵਾਲੇ ਲੋਕ ਸਨ। ਮਾਸ, ਸ਼ਰਾਬ ਨਹੀਂ ਵਰਤਦੇ ਸਨ। **ਕੋਈ ਵੀ ਨਵਾਂ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਸਤਿਨਾਮ ਦਾ ਉਚਾਰਨ ਜਰੂਰ ਕਰਦੇ ਸਨ।** ਉਨ੍ਹਾਂ ਦੇ ਅਨੁਸਾਰ ਸਤਿਨਾਮ ਸੱਚਾਈ ਤੇ ਪਵਿੱਤਰ ਦੋਨਾਂ ਦਾ ਲਖਾਇਕ ਹੈ। ਆਪਣੇ ਪ੍ਰਾਣਾਂ ਦੀ ਅਹੂਤੀ ਦੇ ਕੇ ਵੀ ਸੱਚ ਦੀ ਰੱਖਿਆ ਕਰਨਾ ਆਪਣਾ ਫਰਜ ਸਮਝਦੇ ਸਨ। ਅਚਾਰੀਆ ਪਰਸ਼ੂਰਾਮ ਚਤੁਰਵੇਦੀ ਨੇ ਸਤਿਨਾਮੀਆਂ ਬਾਰੇ ਲਿਖਿਆ ਹੈ ਕਿ ਸਤਿਨਾਮੀ ਲੋਕਾਂ ਦਾ ਸਾਦਾ ਰਹਿਣ-ਸਹਿਣ, ਇਨ੍ਹਾਂ ਦੇ ਹੌਂਸਲੇ, ਸੰਗਠਨ ਦੀ ਯੋਗਤਾ, ਭੇਦ-ਭਾਵ ਰਹਿਤ ਜੀਵਨ ਬਤੀਤ ਕਰਨ ਦੇ ਤਰੀਕੇ ਨੂੰ ਪ੍ਰਸ਼ੰਸਾਯੋਗ ਸਮਝਣਾ ਚਾਹੀਦਾ ਹੈ।

ਸਤਿਨਾਮੀ ਵਿਦਰੋਹ: ਉਸ ਵਕਤ ਪੰਜਾਬ ਦਾ ਮੁਗਲ ਸੂਬੇਦਾਰ ਦਾਰਾ ਸ਼ਿਕੋਹ ਖੁਦ ਸਤਿਨਾਮੀਆਂ ਦੇ ਸਾਦਗੀ ਵਾਲੇ ਰਹਿਣ-ਸਹਿਣ ਦੇ ਉਚੇ ਗੁਣਾਂ ਤੋਂ ਕਾਫੀ ਪ੍ਰਭਾਵਿਤ ਸੀ।

ਦਾਰਾ ਸ਼ਿਕੋਹ ਮੁਗਲ ਸ਼ਾਹਜਹਾਨ ਦਾ ਵੱਡਾ ਪੁੱਤਰ ਸੀ। ਦਾਰਾ ਅਕਬਰ ਦੀ ਸੁਲਾਹਾ ਵਾਲੀ ਨੀਤੀ ਦਾ ਸਮਰਥਕ ਸੀ। ਉਹ ਸਤਿਨਾਮੀਆਂ ਦਾ ਬੜਾ ਆਦਰ ਕਰਦਾ ਸੀ। ਸਮੇਂ ਸਮੇਂ ਤੋਂ ਉਨ੍ਹਾਂ ਨਾਲ ਸੁਲਾਹ ਮਸ਼ਵਰਾ ਵੀ ਕਰ ਲੈਂਦਾ ਸੀ। ਸੰਨ 1657 ਵਿੱਚ ਜਦ ਸ਼ਾਹਜਹਾਨ ਬਿਮਾਰ ਪੈ ਗਿਆ ਤਾਂ ਕਿਸੇ ਨੇ ਖਬਰ ਫੈਲਾ ਦਿੱਤੀ ਕਿ ਬਾਦਸ਼ਾਹ ਦੀ ਮੌਤ ਹੋ ਗਈ ਹੈ ਪਰ ਇਹ ਗੱਲ ਦਾਰਾ ਸ਼ਿਕੋਹ ਨੇ ਜਾਣਬੁੱਝ ਕੇ ਛਿਪਾ ਰੱਖੀ ਤਾਂ ਜੋ ਉਸ ਨੂੰ ਦਿੱਲੀ ਦਾ ਸਿੰਘਾਸਨ ਅਸਾਨੀ ਨਾਲ ਮਿਲ ਸਕੇ। ਸ਼ਾਹਜਹਾਂ ਦਾਰਾ ਨੂੰ ਗੱਦੀ ਤੇ ਬਿਠਾਉਣਾ ਚਾਹੁੰਦਾ ਸੀ ਪਰ ਔਰੰਗਜ਼ੇਬ ਨੇ ਸ਼ਾਹਜਹਾਨ ਨੂੰ ਕੈਦ ਕਰਕੇ ਆਪਣੇ ਤਿੰਨੇ ਭਰਾਵਾਂ ਦਾ ਕਤਲ ਕਰ ਦਿੱਤੇ ਤੇ ਸੰਨ 1658 ਵਿੱਚ ਦਿੱਲੀ ਦੇ ਸਿੰਘਾਸਨ ਤੇ ਬੈਠ ਗਿਆ। ਔਰੰਗਜ਼ੇਬ ਕੱਟੜ ਸੁੰਨੀ ਮੁਸਲਮਾਨ ਸੀ। ਉਸ ਨੇ ਤਖਤ ਤੇ ਬੈਠਦੇ ਹੀ ਸਭ ਤੋਂ ਪਹਿਲਾਂ ਗਾਜ਼ੀ (ਪਵਿੱਤਰ ਮੋਮਨ) ਦੀ ਪਦਵੀ ਲਈ ਅਤੇ ਪੂਰੇ ਭਾਰਤ ਨੂੰ ਇਸਲਾਮੀ ਮੁਲਕ ਬਣਾਉਣ ਦੀ ਠਾਣ ਲਈ। ਉਹ ਅਕਬਰ ਦੇ ਸਲਾਹਕੁਲ ਸਿਧਾਂਤ ਦਾ ਪੱਕਾ ਵਿਰੋਧੀ ਸੀ।

ਸੰਤ ਵੀਰਭਾਨ ਨੇ ਸਤਿਨਾਮੀਆਂ ਕੋਲੋਂ ਜੱਜੀਆ ਕਰ ਵਸੂਲਣ ਦਾ ਵਿਰੋਧ ਕੀਤਾ ਤੇ ਫੌਰਨ ਇਸ ਨੂੰ ਹਟਾਉਣ ਦੀ ਮੰਗ ਕੀਤੀ। ਇਸ ਤੇ ਔਰੰਗਜ਼ੇਬ ਨੇ ਗੁੱਸੇ ਹੋ ਕੇ ਉਸ ਨੂੰ ਮੌਤ ਦੀ ਸਜਾ ਦੇਣ ਦਾ ਹੁਕਮ ਦੇ ਦਿੱਤਾ। ਸੰਤ ਵੀਰਭਾਨ ਦੀ ਫਾਂਸੀ ਦੀ ਘੋਸ਼ਣਾ ਨਾਲ ਸਾਰੇ ਸਤਿਨਾਮੀ ਨਰਾਜ ਹੋ ਗਏ ਅਤੇ ਵਿਰੋਧ ਪ੍ਰਗਟ ਕਰਨ ਲਈ ਮਥੁਰਾ ਵਿੱਚ ਜਦ ਔਰੰਗਜ਼ੇਬ ਦੀ ਸ਼ਾਹੀ ਸਵਾਰੀ ਨਿਕਲੀ ਤਾਂ ਲਗਭਗ 2000 ਸਤਿਨਾਮੀਆਂ ਨੇ ਇਕੱਠੇ ਹੋ ਕੇ ਜੱਜੀਆ ਕਰ ਹਟਾਉਣ ਲਈ ਪ੍ਰਦਰਸ਼ਨ ਕੀਤਾ। ਔਰੰਗਜ਼ੇਬ ਨੇ ਜੱਜੀਆ ਕਰ ਹਟਾਉਣ ਦੀ ਥਾਂ ਉਨ੍ਹਾਂ 2000 ਪ੍ਰਦਰਸ਼ਨਕਾਰੀਆਂ ਨੂੰ ਮਰਵਾ ਦਿੱਤਾ।

ਇੱਥੋਂ ਹੀ ਸਤਿਨਾਮੀ ਵਿਦਰੋਹ ਭੜਕ ਉੱਠਿਆ। ਔਰੰਗਜ਼ੇਬ ਦੇ ਇਸ ਕਾਰੇ ਤੋਂ ਨਰਾਜ਼ ਹੋ ਕੇ ਸਤਿਨਾਮੀਆਂ ਨੇ ਚੌਹੋਂ ਪਾਸੇ ਬਗਾਵਤ ਸ਼ੁਰੂ ਕਰ ਦਿੱਤੀ ਤੇ ਜੱਜੀਆ ਕਰ ਨਾ ਦੇਣ ਦੀ ਠਾਣ ਲਈ। ਇਸ ਦੌਰਾਨ ਕਰ ਵਸੂਲੀ ਨੂੰ ਲੈ ਕੇ ਮੁਗਲ ਸਿਪਾਹੀਆਂ ਨੇ ਇੱਕ ਸਤਿਨਾਮੀ ਦੀ ਖੁੱਲ੍ਹੇਆਮ ਹੱਤਿਆ ਕਰ ਦਿੱਤੀ। ਇਸ ਘਟਨਾ ਤੋਂ ਬਾਅਦ ਚੌਹਾਂ ਪਾਸੇ ਸਤਿਨਾਮੀਆਂ ਅੰਦਰ ਮੁਗਲ ਸ਼ਾਸ਼ਨ ਲਈ ਵਿਦਰੋਹ ਦੀ ਭਾਵਨਾ ਭੜਕ ਗਈ ਅਤੇ ਉਨ੍ਹਾਂ ਨੇ ਵੀ ਕਈ ਮੁਗਲ ਸਿਪਾਹੀਆਂ ਨੂੰ ਮਾਰ ਦਿੱਤਾ। ਉਥੋਂ ਦੇ ਇਲਾਕਾਈ ਸ਼ਾਸ਼ਕ ਸਿਕੰਦਰ ਨੇ ਗੁੱਸੇ ਹੋ ਕੇ ਸਤਿਨਾਮ ਨੂੰ ਜਿੰਦਾ ਜਾਂ ਮੁਰਦਾ ਫੜਨ ਦਾ ਹੁਕਮ ਜਾਰੀ ਕਰ ਦਿੱਤਾ। ਇਸ ਦੇ ਵਿਰੋਧ ਵਿੱਚ ਸਤਿਨਾਮੀਆਂ ਅੰਦਰ ਵਿਦਰੋਹ ਦੀ ਭਾਵਨਾ ਹੋਰ ਵੀ ਜਿਆਦਾ ਭੜਕ ਉਠੀ। ਹਾਲਾਤ ਬੜੇ ਗੰਭੀਰ ਹੋ ਗਏ। ਔਰੰਗਜ਼ੇਬ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਵਿਦਰੋਹ ਦਬਾਇਆ ਨਹੀਂ ਜਾ ਸਕਿਆ। ਸਤਿਨਾਮੀ ਆਪਣੀ ਵਿਲੱਖਣ ਤਾਕਤ ਅਤੇ ਅਸੀਮ ਹੌਂਸਲੇ ਨਾਲ ਮੁਗਲ ਫੌਜਾਂ ਦਾ ਮੁਕਾਬਲਾ ਕਰਦੇ ਰਹੇ। ਆਖਰਕਾਰ ਔਰੰਗਜ਼ੇਬ ਖੁਦ ਆਪਣੀ 10000 ਬਲਸ਼ਾਲੀ ਹਥਿਆਰਾਂ ਨਾਲ ਲੈਸ ਸ਼ਾਹੀ ਫੌਜ ਲੈ ਕੇ ਸਤਿਨਾਮੀਆਂ ਦਾ ਦਮਨ ਕਰਨ ਲਈ ਆਇਆ ਪਰ ਸਤਿਨਾਮੀ ਪਿੱਛੇ ਨਹੀਂ ਹਟੇ।

ਭਿਆਨਕ ਲੜਾਈ ਹੁੰਦੀ ਰਹੀ। ਸ਼ਾਹੀ ਫੌਜਾਂ ਵਿੱਚ ਭਗਦੜ ਮਚ ਗਈ। ਔਰੰਗਜ਼ੇਬ ਨੂੰ ਲੜਾਈ ਦੇ ਬਦਲੇ ਸਤਿਨਾਮੀਆਂ ਕੋਲ ਭਾਵਨਾਵਾਂ ਭਰੀ ਸ਼ਾਂਤੀ ਦੀਆਂ ਦੁਆਵਾਂ ਤੇ ਆਇਤਾਂ ਲਿਖਾ ਕੇ ਝੰਡਿਆਂ ਤੇ ਟੰਗਣੀਆਂ ਪਈਆਂ। ਇਸ ਦਾ ਸਤਿਨਾਮੀਆਂ ਤੇ ਬੜਾ

ਮਨੋਵਿਗਿਆਨਕ ਅਸਰ ਪਿਆ ਤਾਂ ਕਿਧਰੇ ਜਾ ਕੇ ਵਿਦਰੋਹ ਠੰਡਾ ਪਿਆ। ਇਸ ਵਿਦਰੋਹ ਵਿੱਚ ਹਜ਼ਾਰਾਂ ਸਤਿਨਾਮੀ ਆਪਣੇ ਮਾਨ-ਸਨਮਾਨ ਦੀ ਰੱਖਿਆ ਕਰਦੇ ਹੋਏ ਕੁਰਬਾਨ ਹੋ ਗਏ। ਬਚੇ ਹੋਏ ਸਤਿਨਾਮੀਆਂ ਨੂੰ ਬਾਅਦ ਵਿੱਚ ਔਰੰਗਜ਼ੇਬ ਮੁਸਲਮਾਨ ਬਣਨ ਲਈ ਮਜ਼ਬੂਰ ਕਰਨ ਲੱਗਾ। ਸਤਿਨਾਮੀ ਮਾਸ-ਸ਼ਰਾਬ ਨਹੀਂ ਵਰਤਦੇ ਸੀ ਪਰ ਇਸਲਾਮ ਵਿੱਚ ਪਸ਼ੂ ਹੱਤਿਆ, ਮਾਸ-ਸ਼ਰਾਬ ਦੀ ਖੁੱਲੀ ਵਰਤੋਂ ਹੁੰਦੀ ਸੀ ਇਸ ਲਈ ਆਪਣੇ ਸਤਿਨਾਮ ਪੰਥ ਦੀ ਰੱਖਿਆ ਕਰਨ ਲਈ ਮਜ਼ਬੂਰ ਹੋ ਕੇ ਨਾਰਨੌਲ ਤੋਂ ਉਤਰ ਭਾਰਤ ਤੇ ਮਧ ਭਾਰਤ ਵੱਲ ਛਤੀਸਗੜ੍ਹ ਦੇ ਜੰਗਲਾਂ ਨੂੰ ਚਲੇ ਗਏ ਤੇ ਉਥੇ ਹੀ ਅੱਜ ਕੱਲ ਰਹਿ ਰਹੇ ਹਨ। ਸਤਿਨਾਮੀ ਸਮਾਜ ਬਾਬਾ ਗੁਰੂ ਘਾਸੀਦਾਸ ਜੀ ਨੂੰ ਆਪਣਾ ਗੁਰੂ ਮੰਨਦੇ ਹਨ ਜੋ ਸਾਬਤ ਸੂਰਤ ਸਨ। ਇਹਨਾਂ ਦੇ ਮੁੱਖ ਸਿਧਾਂਤ ਇਹ ਹਨ:

- ਹਮੇਸ਼ਾਂ ਸੱਚ ਬੋਲਣਾ, ਝੂਠ ਬੋਲਣਾ ਪਾਪ ਹੈ।
- ਚੋਰੀ ਕਰਨਾ ਪਾਪ ਹੈ।
- ਜੀਵ ਹੱਤਿਆ ਤੇ ਨਸ਼ੇ ਵਰਤਣਾ ਅਪਰਾਧ ਹੈ।
- ਪਰ ਇਸਤਰੀ ਨੂੰ ਮਾਤਾ ਅਤੇ ਭੈਣ ਮੰਨਣਾ ਚਾਹੀਦਾ ਹੈ।
- ਬੀਮਾਰ ਗਾਂ ਦਾ ਦੁੱਧ ਨਾ ਪੀਉ ਅਤੇ ਦੂਸਰੇ ਪਹਿਰ ਬੈਲ ਨਹੀਂ ਜੋੜਨੇ ਚਾਹੀਦੇ।
- ਮੂਰਤੀ ਪੂਜਾ ਨਾ ਕਰੋ।
- ਸਭ ਨੂੰ ਬਰਾਬਰ ਸਮਝਣਾ ਤੇ ਜਾਤ-ਪਾਤ ਨਹੀਂ ਮੰਨਣੀ।
- ਸਤਿਨਾਮ ਉਤੇ ਵਿਸ਼ਵਾਸ਼ ਰੱਖੋ।
- ਸਤਿਨਾਮੀ ਸਮਾਜ ਪੂਜਾ ਅਸਥਾਨ ਨੂੰ ਗੁਰਦੁਆਰਾ ਕਹਿੰਦੇ ਹਨ।

**ਹਿੰਦੀ ਤੋਂ ਤਰਜਮਾ: ਇੰਜ. ਮੰਗਤ ਸਿੰਘ ਰਾਹੀ**



**ਸੋਸ਼ੋਲੋਜੀ ਦੀ ਐਮ ਏ ਕੀਤੀ ਸ੍ਰੀ ਜਗਦੀਸ਼ ਕੁਰੇ ਜ਼ਿਲ੍ਹਾ ਰਾਏਗੜ੍ਹ, ਛਤੀਸਗੜ੍ਹ ਦੇ ਇੱਕ ਸੁਲਝੇ ਹੋਏ ਪੱਤਰਕਾਰ ਹਨ। ਸਤਿਨਾਮੀ ਸਮਾਜ ਨੂੰ ਉਜਾਗਰ ਕਰਨ ਅਤੇ ਉਨ੍ਹਾਂ ਦਾ ਜੀਵਨ ਚੰਗਾ ਬਨਾਉਣ ਦਾ ਉਨ੍ਹਾਂ ਦਾ ਮਿਸ਼ਨ ਹੈ। ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਕਤੂਬਰ** 2019 **'ਚ ਸਨਮਾਨਿਤ ਕੀਤਾ ਸੀ। ਉਨ੍ਹਾਂ ਨਾਲ ਈਮੇਲ** jagdishkurreykapu@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਗੁਰੂ ਨਾਨਕ ਨਾਮ ਲੇਵਾ ਸਤਿਨਾਮੀ ਸੰਗਤ



ਸਤਿਨਾਮੀ ਸਮਾਜ ਦੇ ਮੁੱਢ ਡਾ. ਰਣਵੀਰ ਸਿੰਘ ਕੋਸ਼ਲ ਸੰਗਤਾਂ ਵਿੱਚ ਗੁਰਮਤਿ ਪ੍ਰਚਾਰ ਕਰਦੇ ਹੋਏ





# ਸਤਿਨਾਮੀ ਅਤੇ ਸਿਕਲੀਗਰ ਸਿੱਖ ਸਮਾਜ ਦੇ ਜੀਵਨ 'ਤੇ ਇੱਕ ਝਾਤ



ਸਤਿਨਾਮੀ ਸਮਾਜ ਨਾਲ ਸਬੰਧਤ ਸ੍ਰੀ ਜਗਦੀਸ਼ ਕੁਰੇ ਦਾ ਸਨਮਾਨ ਕਰਦੇ ਹੋਏ
ਬੀਬੀ ਜਸਬੀਰ ਕੌਰਅਤੇ ਸ੍ਰ. ਮਨਮੋਹਨ ਸਿੰਘ ਸਲਾਨੀ





ਧਮਤਰੀ ਸ਼ਹਿਰ, ਛੱਤੀਸਗੜ੍ਹ ਵਿੱਚ ਸਿਕਲੀਗਰ ਪਰਿਵਾਰਾਂ ਦੇ ਭਵਿੱਖ ਬਾਰੇ ਵਿਚਾਰਾਂ ਕਰਦੇ
ਸ੍ਰ. ਹਰਭਜਨ ਸਿੰਘ ਲਾਲ ਅਤੇ ਸਾਥੀ

# ਕੀ ਅਸੀਂ ਸਤਨਾਮੀ ਸਮਾਜ ਪ੍ਰਤੀ ਬੇਰੁਖੀ ਤਾਂ ਨਹੀਂ ਦਿਖਾ ਰਹੇ?

### ਸਤਨਾਮ ਸਿੰਘ ਸਲ੍ਹੋਪੁਰੀ

ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਮਹਾਨ ਕੋਸ਼ ਅਨੁਸਾਰ ਸਤਨਾਮੀ ਸਤਨਾਮ ਦਾ ਉਪਾਸ਼ਕ ਹੈ ਅਤੇ ਘਾਸੀ ਦਾਸ ਦਾ ਚਲਾਇਆ ਇੱਕ ਪੰਥ ਹੈ। ਸੰਨ 1835 ਵਿੱਚ ਮਧਭਾਰਤ ਦੇ ਭੰਡਾਰ ਵਿੱਚ ਚਮਾਰ ਕੁੱਲ ਅੰਦਰ ਘਾਸੀ ਦਾਸ ਦਾ ਜਨਮ ਹੋਇਆ। ਇਸਨੇ ਆਪਣੇ ਤਾਈਂ ਕਰਤਾਰ ਦਾ ਦੂਤ ਦਸ ਕੇ ਉਪਦੇਸ਼ ਦਿੱਤਾ ਕਿ ਪੂਜਾ ਤੀਰਥ ਜਗ ਆਦਿ ਦੀ ਥਾਂ ਸਤਨਾਮ ਦਾ ਜਾਪ ਉੱਤਮ ਹੈ। ਇਸ ਦੇ ਪੁੱਤਰ ਬਾਲਕ ਦਾਸ ਨੇ ਪਿਤਾ ਵਾਂਗ ਸਤਨਾਮ ਦਾ ਪ੍ਰਚਾਰ ਕੀਤਾ ਔਰ ਬਹੁਤ ਸਾਰੇ ਚੇਲੇ ਹੋ ਗਏ ਜੋ ਸਤਨਾਮੀ ਕਹੇ ਜਾਂਦੇ ਹਨ। ਇਹ ਆਪਸ ਵਿੱਚ ਮਿਲਣ ਸਮੇਂ ਸਤਨਾਮ ਕਹਿੰਦੇ ਸਨ ਅਤੇ ਇਸੇ ਨਾਮ ਦੀ ਮਾਲਾ ਫੇਰਦੇ ਸਨ। ਇਨ੍ਹਾਂ ਦਾ ਪਰਮਗ੍ਰੰਥ 'ਵਾਣ ਨਾਮਕ' ਫਰੁਖਾਬਾਦ ਦੇ ਸਤਨਾਮੀ ਪਾਸ ਹੈ। ਸਤਨਾਮੀ ਲੋਕ ਨਸ਼ਿਆਂ ਤੋਂ ਬਹੁਤ ਬਚਦੇ ਹਨ।

ਉਪਰੋਕਤ ਬਹੁਤ ਮਹੱਤਵਪੂਰਨ ਲਿਖਤ ਹੈ ਜੋ ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਕਰੜੀ ਘਾਲਣਾ ਉਪਰੰਤ ਲਿਖੀ ਹੈ ਨੂੰ ਅੱਜ ਸਮਝਣ ਅਤੇ ਪ੍ਰਚਾਰਨ ਦੀ ਲੋੜ ਹੈ। ਸਤਨਾਮੀ ਸਮਾਜ ਨਾਲ ਸਬੰਧਿਤ ਪ੍ਰਚਾਰਕ ਆਮ ਤੌਰ ਤੇ ਹੇਠ ਲਿਖੇ ਅਸੂਲਾਂ ਦਾ ਪ੍ਰਚਾਰ ਕਰਦੇ ਹਨ ਜੋ ਸਿੱਖ ਧਰਮ ਨਾਲ ਮੇਲ ਖਾਂਦੇ ਹਨ:

1. ਪੂਜਾ ਅਸਥਾਨ ਨੂੰ ਗੁਰਦੁਆਰਾ ਸਾਹਿਬ ਕਹਿਣਾ।
2. ਕੇਵਲ ਸਤਨਾਮ (ਪਰਮਾਤਮਾ) ਦੀ ਉਪਾਸਨਾ ਕੀਤੀ ਜਾਵੇ।
3. ਸਾਰੇ ਮਨੁੱਖਤਾ ਦੀ ਇਕ ਹੀ ਜਾਤ ਹੈ ਅਤੇ ਉਹ ਹੈ "ਮਾਨਵ ਜਾਤੀ"।
4. ਸਮੁੱਚੀ ਮਨੁੱਖਤਾ ਦਾ ਇਕ ਹੀ ਧਰਮ ਹੈ ਉਹ ਹੈ ਸਤਨਾਮ ਪੰਥ।
5. ਜੀਵ ਹੱਤਿਆ ਕਰਨਾ ਅਪਰਾਧ ਹੈ,ਇਸ ਲਈ ਹਿੰਸਾ ਨਾ ਕਰੋ।
6. ਤੰਬਾਕੂ ਅਤੇ ਹੋਰ ਨਸ਼ਿਆਂ ਤੋਂ ਦੂਰ ਰਹੋ।
7. ਅੰਧ ਵਿਸ਼ਵਾਸ ਤੋਂ ਦੂਰ ਰਹੋ।
8. ਆਪਸ ਵਿੱਚ ਭਾਈਚਾਰਾ, ਆਪਸੀ ਮੇਲ ਮਿਲਾਪ ਨੂੰ ਵਧਾਓ।
9. ਹੀਨ ਭਾਵਨਾ ਨੂੰ ਤਿਆਗ ਦਿਓ।
10. ਇਸਤਰੀ ਪੁਰਸ਼ ਸਮਾਨ ਹਨ।
11. ਮੂਰਤੀ ਪੂਜਾ ਨਾ ਕਰੋ।
12. ਆਪਣੀ ਮਿਹਨਤ ਦੀ ਕਮਾਈ ਕਰੋ।

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਪੰਜ ਬਾਨੀ ਮੈਂਬਰਾਂ ਵਿਚੋਂ ਇੱਕ ਸ. ਮਨਮੋਹਨ ਸਿੰਘ ਸੈਲਾਨੀ ਰਾਏਪੁਰ (ਛੱਤੀਸਗੜ੍ਹ) ਵਿਖੇ ਆਪਣਾ ਰੀਗਲ ਬੈਟਰੀ ਦਾ ਕਾਰੋਬਾਰ ਕਰਦੇ ਹਨ। ਉਨ੍ਹਾਂ ਦੀ ਪ੍ਰੇਰਣਾ ਨਾਲ ਹੀ ਮੈਂ ਸਤਨਾਮੀ ਲੋਕਾਂ'ਚ ਵਿਚਰਿਆ ਅਤੇ ਉਹਨਾਂ ਵਿੱਚ ਗੁਰਮਤਿ ਦਾ ਪ੍ਰਚਾਰ ਕੀਤਾ। ਸਤਨਾਮੀ ਲੋਕ ਛੱਤੀਸਗੜ੍ਹ ਦੇ ਸਰਹੱਦੀ ਇਲਾਕੇ ਵਿੱਚ ਵੱਸਦੇ ਹਨ। ਆਰਥਿਕ ਪੱਖੋਂ ਕਮਜ਼ੋਰ ਝੁੱਗੀਆਂ, ਝੌਂਪੜੀਆਂ ਵਿੱਚ ਰਹਿੰਦੇ ਹਨ।

ਜ਼ਿਆਦਾਤਰ ਜੰਗਲਾਂ ਵਿਚੋਂ ਲੱਕੜਾਂ ਕੱਟ ਕੇ ਆਪਣਾ ਗੁਜ਼ਾਰਾ ਕਰਦੇ ਹਨ। ਇਹਨਾਂ ਵਿੱਚੋਂ ਕੁਝ ਲੋਕ ਪੜ੍ਹੇ ਲਿਖੇ ਵੀ ਹਨ। ਬਾਬਾ ਘਾਸੀ ਦਾਸ ਨੂੰ ਆਪਣਾ ਗੁਰੂ ਮੰਨਦੇ ਹਨ। ਸਤਿਨਾਮ ਦਾ ਜਾਪ ਕਰਦੇ ਹਨ। ਇਹਨਾਂ ਕੋਲ ਆਪਣਾ ਕੋਈ ਲਿਟਰੇਚੇਰ ਨਹੀਂ ਹੈ। ਇਹ ਕਹਿੰਦੇ ਹਨ ਕਿ ਸਾਡੇ ਵੱਡੇ ਵਡੇਰੇ ਮੁਗ਼ਲਾਂ ਦੇ ਹਮਲਿਆਂ ਵੇਲੇ ਪੰਜਾਬ ’ਚੋਂ ਉੱਜੜ ਕੇ ਏਧਰ ਆ ਗਏ ਸਨ। ਉਜੜਨ ਕਰਕੇ ਗਰੀਬ ਹੋ ਗਏ। ਇੱਧਰ ਦੇ ਬ੍ਰਾਹਮਣ ਲੋਕਾਂ ਨੇ ਇਨ੍ਹਾਂ ਨੂੰ ਸ਼ੂਦਰ ਕਹਿ ਕੇ ਦੁਰਕਾਰਨਾ ਸ਼ੁਰੂ ਕਰ ਦਿੱਤਾ। ਡਾ. ਜੇ. ਆਰ. ਕੌਸ਼ਲ ਜੋ ਕਿ ਭਾਟਾਪਾਰਾ ਵਿੱਚ ਕਲੀਨਿਕ ਚਲਾਉਂਦੇ ਸਨ ਤੇ ਸਤਿਨਾਮੀਆਂ ਵਿਚੋਂ ਹੁੰਦਿਆਂ ਇਸ ਲਹਿਰ ਨੂੰ ਅਗਵਾਈ ਦੇ ਰਹੇ ਸਨ। ਇਹਨਾਂ ਦੀ ਗਿਣਤੀ 1984 ਵਿੱਚ 56 ਲੱਖ ਦੱਸੀ ਜਾਂਦੀ ਸੀ ਜੋ ਅੱਜ ਕਰੋੜਾਂ ਵਿੱਚ ਹੈ।

5 ਮਾਰਚ 1984 ਨੂੰ ਸੈਲਾਨੀ ਸਾਹਿਬ ਦੀ ਮੰਗ ਤੇ ਮੈਂ ਰਾਏਪੁਰ ਗਿਆ। ਸਤਿਨਾਮੀਆਂ ਦੇ ਪਿੰਡਾਂ ਵਿੱਚ ਜਾ ਕੇ ਦੇਖਿਆ ਕਿ ਇਨ੍ਹਾਂ ਲੋਕਾਂ ਵਿੱਚ ਸਿੱਖ ਧਰਮ ਲਈ ਬੜਾ ਉਤਸ਼ਾਹ ਸੀ। ਲੋਕ ਉਚੀ ਉਚੀ ਜੈਕਾਰੇ ਲਗਾਉਂਦੇ: ‘ਬੋਲੇ ਸੋ ਨਿਹਾਲ, ਸਤਿਸ੍ਰੀ ਅਕਾਲ’, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥

ਇਨ੍ਹਾਂ ਨੂੰ ਅਜੇ ਸਾਡੀ ਸ਼ਬਦਾਵਲੀ ਬੋਲਣੀ ਨਹੀਂ ਸੀ ਆਉਂਦੀ ਪਰ ਇਨ੍ਹਾਂ ਦੇ ਮੂੰਹੋਂ ਇਸ ਤਰ੍ਹਾਂ ਨਾਰੇ ਸੁਣਕੇ ਤੇ ਜੋਸ਼ ਵੇਖ ਕੇ ਸਾਨੂੰ ਵੀ ਹੁਲਾਰਾ ਤੇ ਉਤਸ਼ਾਹ ਮਿਲਦਾ। ਇਨ੍ਹਾਂ ਲੋਕਾਂ ਦੇ ਕੇਸ ਲੰਬੇ ਹੋਣੇ ਸ਼ੁਰੂ ਹੋ ਗਏ ਸਨ। ਸਿਗਰਟਾਂ-ਬੀੜੀਆਂ ਛੱਡਣ ਦੇ ਪ੍ਰਣ ਹੋ ਰਹੇ ਸਨ। ਅਸੀਂ ਪਿੰਡਾਂ ਵਿੱਚ ਜਾ ਕੇ ਇਹਨਾਂ ਦੇ ਕੈਂਪ ਲਗਾਉਂਦੇ। ਇਹਨਾਂ ਨੂੰ ਕੰਘੇ ਪ੍ਰਦਾਨ ਕਰਦੇ ਤੇ ਸਿਰਾਂ ਤੇ ਸਿਰੋਪਾਓ ਬੰਨ੍ਹਦੇ। ਦੁਰਗ ਦੇ ਮੇਅਰ ਸ੍ਰ: ਸੁੱਚਾ ਸਿੰਘ ਦੇ ਮਾਤਾ ਜੀ ਜੋ ਅੰਮ੍ਰਿਤਧਾਰੀ ਸਨ ਸਾਡੇ ਨਾਲ ਪਿੰਡਾਂ ਵਿੱਚ ਜਾਇਆ ਕਰਦੇ ਸਨ ਤੇ ਸਤਿਨਾਮੀਆਂ ਨੂੰ ਕੰਘਾ ਦੇਣ ਲੱਗਿਆਂ ਆਪਣੇ ਹੱਥਾਂ ਨਾਲ ਉਹਨਾਂ ਦੇ ਸਿਰਾਂ ਤੇ ਕੰਘਾ ਕਰਦੇ (ਕੇਸ ਵਾਹੁੰਦੇ) ਤੇ ਹਰੇਕ ਨੂੰ ਕਹਿੰਦੇ, “ਪਹਿਲੇ ਤੁਸੀਂ ਵਾਲ ਪਿੱਛੇ ਨੂੰ ਵਾਹੁੰਦੇ ਸੀ ਤੇ ਤੁਸੀਂ ਪੱਛੜਦੇ ਗਏ, ਹੁਣ ਵਾਲ ਅੱਗੇ ਨੂੰ ਵਾਹੁੰਣੇ ਸ਼ੁਰੂ ਕੀਤੇ ਹਨ, ਤੇ ਤੁਸੀਂ ਅੱਗੇ ਨੂੰ ਵੱਧਦੇ ਜਾਓਗੇ, ਤਰੱਕੀ ਕਰੋਗੇ।” ਇਹ ਅਲੌਕਿਕ ਨਜ਼ਾਰਾ ਵੀ ਵੇਖਣ ਯੋਗ ਹੁੰਦਾ।

**ਜਦੋਂ ਸਿੰਘਾਂ ਨੇ ਸਿੰਘ ਨੂੰ ਠਾਣਾ ਦਿਖਾਇਆ:**

ਇੱਕ ਦਿਨ ਉਥੋਂ ਦੀ ਟੀਮ ਟੂਰ ਤੇ ਨਾ ਜਾ ਸਕੀ। ਪਰ ਦਾਸ ਉਸ ਦਿਨ ਨੂੰ ਅਜਾਈਂ ਨਹੀਂ ਗਵਾਉਣਾ ਚਾਹੁੰਦਾ ਸੀ। ਇਸ ਲਈ ਸਥਾਨਕ ਵੀਰਾਂ ਤੋਂ ਅਗਵਾਈ ਲੈ ਕੇ ਦਾਸ ਇਕੱਲਾ ਹੀ ਨਿਕਲ ਤੁਰਿਆ। ਨਵਾਂ ਇਲਾਕਾ, ਰਾਹਾਂ ਤੋਂ ਨਾ ਵਾਕਿਫ ਤੇ ਸਫਰ ਬੱਸ ਦਾ।

ਪਿੰਡ ‘ਮੁੰਗੇਲੀ’ ਦੇ ਸਤਿਨਾਮੀਆਂ ਨਾਲ ਇਕੱਤਰਤਾ ਕੀਤੀ ਤੇ ਅਗਲਾ ਪੜਾਅ ਪਿੰਡ ‘ਪੰਡਰੀਆ’ ਵਿੱਚ ਕੀਤਾ। ਬੱਸ ਤੋਂ ਉਤਰ ਕੇ ਸਾਹਮਣੇ ਮਾਰਕੀਟ ਵਿੱਚ ਜਾ ਵੜਿਆ। ਇਹ ਸਰਦਾਰਾਂ ਦੀ ਮਾਰਕੀਟ ਸੀ। ਇਕ ਦੁਕਾਨ ਵਿੱਚ ਜਾ ਕੇ ਸਰਦਾਰ ਸਾਹਿਬ ਨੂੰ ਫਤਹਿ ਬੁਲਾਈ। ਉਹਨਾਂ ਨੂੰ ਆਪਣੇ ਆਉਣ ਦਾ ਮਕਸਦ ਦੱਸਿਆ, ਸਤਿਨਾਮੀਆਂ ਵਿੱਚ ਚਲਾਈ ਲਹਿਰ ਬਾਰੇ ਗੱਲ ਕੀਤੀ।

ਉਨ੍ਹਾਂ ਨਾਲ ਇਸ ਤਰ੍ਹਾਂ ਗੱਲਬਾਤ ਹੋਈ:

**ਦੁਕਾਨਦਾਰ:** ਤੁਸੀਂ ਸਤਿਨਾਮੀਆਂ ਨੂੰ ਸਿੱਖ ਬਣਾਉਣ ਆਏ ਹੋ? ਇਹ ਲੋਕ ਤਾਂ ਸਾਡੇ ਘਰਾਂ ਵਿੱਚ ਕੰਮ ਕਰਦੇ ਹਨ। ਇਹ ਸ਼ੂਦਰ ਹਨ। ਇਹਨਾਂ ਦੇ ਕੱਪੜਿਆਂ ਵਿਚੋਂ ਬੋ ਆਉਂਦੀ ਹੈ। ਅਸੀਂ ਇਹਨਾਂ ਨੂੰ ਗੁਰਦੁਆਰੇ ਵਿੱਚ ਕਿਵੇਂ ਵੜਨ ਦੇ ਸਕਦੇ ਹਾਂ? ਇਹਨਾਂ ਨੂੰ ਸਿੱਖ ਬਣਾ ਕੇ ਇਹਨਾਂ ਨਾਲ ਰਿਸ਼ਤੇ ਨਾਤੇ ਕੌਣ ਜੋੜੇਗਾ?

**ਦਾਸ:** ਵੀਰ ਜੀ, ਇਹ 'ਸਤਿਨਾਮ' ਦੇ ਉਪਾਸਕ ਨੇ। ਇਹਨਾਂ ਦੇ ਵਡੇਰੇ ਪੰਜਾਬ ਵਿਚੋਂ ਆ ਕੇ ਇਧਰ ਵੱਸ ਗਏ ਸਨ ਜੋ ਬ੍ਰਾਹਮਣ ਲੋਕਾਂ ਨੇ ਦਬਾਅ ਲਏ। ਇਹਨਾਂ ਨਾਲ ਅਸੀਂ ਪੁਨਰ ਮਿਲਾਪ ਕਰਨਾ ਹੈ।

**ਦੁਕਾਨਦਾਰ:** ਵਾਹ ਜੀ ਵਾਹ! ਕਿੱਥੇ ਗੁਰੂ ਨਾਨਕ ਦਾ ਸਤਿਨਾਮ ਤੇ ਕਿੱਥੇ ਸ਼ੂਦਰਾਂ ਦਾ। (ਦੁਕਾਨਦਾਰ ਹੋਰ ਵੀ ਕਈ ਕੁਝ ਬੋਲ ਗਿਆ)।

**ਦਾਸ:** ਵੀਰ ਜੀ! ਪਹਾੜੀ ਰਾਜੇ ਵੀ ਇਹੀ ਕਹਿੰਦੇ ਸਨ ਕਿ ਅਸੀਂ ਉਚ ਜਾਤੀਏ ਹਾਂ। ਸਾਨੂੰ ਵੱਖਰਾ ਅੰਮ੍ਰਿਤ ਛਕਾਓ ਤਾਂ ਅਸੀਂ ਵੀ ਅੰਮ੍ਰਿਤ ਛਕਣ ਲਈ ਤਿਆਰ ਹਾਂ। ਗੁਰੂ ਜੀ ਨੇ ਕਿਹਾ ਸੀ ਕਿ ਇਹਨਾਂ ਨੀਚ ਅਖਵਾਉਣ ਵਾਲਿਆਂ ਨੂੰ ਉਪਰ ਚੁੱਕਣ ਲਈ, ਬਰਾਬਰੀ, ਸਾਂਝੀਵਾਲਤਾ ਅਤੇ ਮਨੁੱਖੀ ਏਕਤਾ ਦੇ ਸਿਧਾਂਤ ਨੂੰ ਅਮਲੀ ਜਾਮਾ ਦੇਣ ਲਈ ਸਾਰਾ ਕਾਰਜ ਰਚਿਆ ਗਿਆ ਹੈ। ਪੰਜ ਪਿਆਰੇ ਜੋ ਵੱਖ ਵੱਖ ਜਾਤਾਂ ਵਿਚੋਂ ਸਨ ਉਹਨਾਂ ਵਿੱਚ ਸ਼ੂਦਰ ਅਖਵਾਉਣ ਵਾਲੇ ਵੀ ਸਨ। ਪਰ ਗੁਰੂ ਨੇ ਇਕ ਬਾਟੇ ਵਿੱਚ ਅੰਮ੍ਰਿਤ ਛਕਾ ਕੇ ਛੂਤ-ਛਾਤ ਦੇ ਕਲੰਕ ਨੂੰ ਧੋਤਾ। ਗੁਰੂ ਜੀ ਨੇ ਕਿਹਾ ਤੁਹਾਡੀ ਪਿਛਲੀ ਜਾਤ ਕੁਲ ਨਸ਼ਟ ਹੋਈ ਤੁਸੀਂ ਖਾਲਸਾ ਹੋਏ। ਵੀਰ ਜੀ, ਤੁਹਾਨੂੰ ਸਤਿਨਾਮੀਆਂ ਦੇ ਕੱਪੜਿਆਂ ਵਿਚੋਂ ਬੋ ਆਉਂਦੀ ਹੈ ਪਰ ਮੈਨੂੰ ਤੁਹਾਡੀਆਂ ਗੱਲਾਂ ਵਿਚੋਂ ਬੋ ਆਉਂਦੀ ਹੈ। ਤੁਹਾਡੇ ਵਿਚੋਂ ਪਹਾੜੀ ਰਾਜਿਆਂ ਦੀ ਦੂਰ ਨਜ਼ਰ ਆਉਂਦੀ ਹੈ। ਗੁਰੂ ਜੀ ਨੇ ਪਹਾੜੀ ਰਾਜਿਆਂ ਦੀ ਗੱਲ ਨਹੀਂ ਮੰਨੀ। ਮੈਂ ਤੁਹਾਡੀ ਗਲ ਮੰਨ ਕੇ ਆਪਣੇ ਮਿਸ਼ਨ ਨੂੰ ਕਿਵੇਂ ਰੋਕ ਸਕਦਾ ਹਾਂ।

**ਦੁਕਾਨਦਾਰ:** (ਦੁਕਾਨਦਾਰ ਨੇ ਬਾਕੀ ਦੁਕਾਨਾਂ ਦੇ ਸਰਦਾਰ ਵੀ ਇਕੱਠੇ ਕਰ ਲਏ ਤੇ ਬਹੁਤ ਗਰਮੀ ਵਿੱਚ ਆ ਗਏ) ਇਹ ਅਤਿਵਾਦੀ ਹੈ! ਪੰਜਾਬ ਤੋਂ ਇੱਥੇ ਅੱਗ ਲਾਉਣ ਆਇਆ ਹੈ। ਇਹ ਭਿੰਡਰਾਂ ਵਾਲੇ ਦਾ ਚੇਲਾ ਲੱਗਦਾ ਹੈ।

ਹਾਲਾਤ ਦੇਖਦਿਆਂ ਮੈਂ ਉੱਥੋਂ ਨਿਕਲਣਾ ਠੀਕ ਸਮਝਿਆ ਤੇ ਕਿਰਾਏ ਤੇ ਚੱਲਣ ਵਾਲੀ ਜੀਪ ਵਿੱਚ ਅਗਲੇ ਪੜਾਅ ਤੇ ਜਾਣ ਲਈ ਬੈਠ ਗਿਆ। ਸਿਵਲ ਵਰਦੀ ਵਿੱਚ ਇੱਕ ਵਿਅਕਤੀ ਨੇ ਮੈਨੂੰ ਹੇਠਾਂ ਆਉਣ ਲਈ ਇਸ਼ਾਰਾ ਕੀਤਾ ਤਾਂ ਮੈਂ ਉਸ ਨਾਲ ਤੁਰ ਪਿਆ। ਮੈ ਕਿੱਥੇ ਤੇ ਕਿਉਂ ਜਾ ਰਿਹਾ ਹਾਂ? ਮੈਨੂੰ ਉਸ ਨੇ ਕੀ ਪੁੱਛਣਾ ਹੈ? ਬਾਰੇ ਮੈਂ ਅਜੇ ਸੋਚ ਹੀ ਰਿਹਾ ਸੀ ਕਿ ਅੱਗੇ ਪੁਲਿਸ ਸਟੇਸ਼ਨ ਲਿਖਿਆ ਨਜ਼ਰ ਆਇਆ ਤੇ ਮੈਂ ਸਮਝ ਗਿਆ ਕਿ ਸਰਦਾਰ ਭਰਾਵਾਂ ਨੇ ਮੈਨੂੰ ਥਾਣੇ ਦਾ ਰਾਹ ਦਿਖਾਇਆ ਹੈ। ਬਾਕੀ ਦਾ ਦਿਨ ਮੈਨੂੰ ਥਾਣੇ ਬਿਠਾਈ ਰੱਖਿਆ। "ਥਾਣੇ ਵਿੱਚ ਇਕ ਸਰਦਾਰ", ਦੀ ਖਬਰ ਹੌਲੀ-ਹੌਲੀ ਸਥਾਨਕ ਸਤਿਨਾਮੀਆਂ ਤੱਕ ਵੀ ਪਹੁੰਚ ਗਈ ਤੇ ਉਥੋਂ ਖਬਰ ਰਾਏਪੁਰ ਸੈਲਾਨੀ ਹੁਰਾਂ ਕੋਲ ਵੀ ਪਹੁੰਚ ਗਈ। ਜਦ ਮੈਂ ਪੁੱਛਿਆ ਕਿ ਥਾਣੇ ਮੈਨੂੰ ਕਿਉਂ ਬਿਠਾਇਆ ਗਿਆ ਹੈ ਤਾਂ ਇਕ ਸਿਪਾਹੀ ਨੇ ਦੱਸਿਆ ਕਿ ਸਥਾਨਕ ਸਰਦਾਰਾਂ ਨੇ ਸਾਨੂੰ ਦੱਸਿਆ ਹੈ ਕਿ ਇੱਕ ਅਤਿਵਾਦੀ

ਇੱਥੇ ਆਇਆ ਹੈ। ਦਰੋਗਾ ਸਾਹਿਬ ਫੀਲਡ ਵਿੱਚ ਗਏ ਹੋਏ ਹਨ, ਉਹ ਹੀ ਆ ਕੇ ਕੁਝ ਦੱਸਣਗੇ। ਥਾਣੇ ਦੇ ਵਰਾਂਡੇ ਵਿੱਚ ਇੱਕ ਬੈਂਚ ਤੇ ਲੇਟ ਕੇ ਰਾਤ ਕੱਟੀ। ਅੱਧੀ ਰਾਤ ਨੂੰ ਟੀ. ਪੀ. ਸਿੰਘ ਨਾਮ ਦਾ ਦਰੋਗਾ ਆਇਆ ਤੇ ਕਹਿਣ ਲੱਗਾ, "ਸਰਦਾਰ ਜੀ ਕਿਯਾ ਆਪਕੋ ਨੀਂਦ ਨਹੀਂ ਆ ਰਹੀ।" ਮੈਂ ਜੁਆਬ ਦਿੱਤਾ, "ਸਰ ਸੀਧਾ ਸੋਤਾ ਹੂੰ ਤੋਂ ਬੈਂਚ ਖੁਬਤਾ ਹੈ, ਸਾਈਡ ਲੇਤਾ ਹੂੰ ਤੋਂ ਗਿਰਨੇ ਕਾ ਖਤਰਾ ਨੀਂਦ ਕੋ ਉੜਾ ਦੇਤਾ ਹੈ। ਊਪਰ ਚਾਦਰ ਓੜਤਾ ਹੂੰ ਤੋ ਗਰਮੀ ਲੱਗਤੀ ਹੈ, ਊਪਰ ਸੇ ਚਾਦਰ ਉਤਾਰਤਾ ਹੂੰ ਤੋਂ ਮੱਛਰ ਲੜਤਾ ਹੈ, ਸਰ ਕੈਸੇ ਸੋਏਂ?" ਦਰੋਗਾ ਜੀ ਫਿਰ ਬੋਲੇ "ਸਰਦਾਰ ਜੀ ਕਿਯਾ ਆਪਕੋ ਯੇਹ ਹੀ ਸਥਾਨ ਮਿਲਾ।" ਮੈਂ ਕਿਹਾ ਸਰ ਥਾਨੇ ਮੇਂ ਤੋਂ ਆਪਕਾ ਆਦਮੀ ਲੇਕਰ ਆਇਆ ਹੈ। ਮੈਂ ਤੋਂ ਆਗੇ ਜਾਨਾ ਚਾਹਤਾ ਹੂੰ। ਦਰੋਗਾ ਨੇ ਕਿਹਾ ਆਪਕੇ ਸਰਦਾਰ ਭਾਈਓਂ ਨੇ ਰਪਟ ਦਰਜ਼ ਕਰਵਾਈ ਹੈ, ਇਸ ਲੀਏ ਆਪਕੋ ਯਹਾਂ ਰੋਕਾ ਗਿਆ ਹੈ, ਵੋਹ ਕਹੇਂ ਤੋਂ ਹਮ ਛੋੜ ਦੇਂਗੇ। ਸਰਦਾਰ ਜੀ ਆਪ ਪਰ ਧਰਮ ਪਰਿਵਰਤਨ ਕਰਾਨੇ ਕਾ ਕੇਸ ਦਰਜ ਹੋ ਸਕਤਾ ਹੈ। ਮੈਂ ਜੁਆਬ ਦਿੱਤਾ, "ਸਰ ਹਮਾਰੇ ਦੇਸ਼ ਕੇ ਕਾਨੂੰਨ ਕੇ ਅਨੁਸਾਰ ਜ਼ਬਰਦਸਤੀ ਧਰਮ ਪਰਿਵਰਤਨ ਕਰਵਾਉਣਾ ਗੈਰ ਕਾਨੂੰਨੀ ਹੈ ਪਰ ਧਰਮ ਨਿਰਪੇਖ ਵਾਲੇ ਦੇਸ਼ ਵਿੱਚ ਹਰ ਕੋਈ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰ ਸਕਦਾ ਹੈ ਤੇ ਸਵੈ-ਇੱਛਾ ਨਾਲ ਕੋਈ ਵੀ ਆਪਣਾ ਧਰਮ ਪਰਿਵਰਤਨ ਕਰ ਸਕਦਾ ਹੈ।"

ਸਥਾਨਕ ਸਰਦਾਰ ਇਕੱਤਰ ਹੋ ਗਏ ਤੇ ਕਹਿਣ ਲੱਗੇ, ਦਰੋਗਾ ਸਾਹਿਬ ਜੇ ਇਹ ਲਿਖਕੇ ਦੇਵੇ ਕਿ ਮੈਂ ਸਤਿਨਾਮੀਆਂ ਵਿੱਚ ਪ੍ਰਚਾਰ ਨਹੀਂ ਕਰਾਂਗਾ ਤੇ ਵਾਪਸ ਪੰਜਾਬ ਚਲਾ ਜਾਵਾਂਗਾ ਤਾਂ ਇਸ ਕੋ ਛੋੜ ਦੋ। ਪਰ ਮੈਂ ਕੁਝ ਵੀ ਲਿਖ ਕੇ ਦੇਣ ਨੂੰ ਤਿਆਰ ਨਹੀਂ ਸੀ। ਸਵੇਰ ਹੋਈ ਮਨਮੋਹਨ ਸਿੰਘ ਸੈਲਾਨੀ ਹੁਰਾਂ ਦੀ ਟੀਮ ਉੱਥੇ ਪਹੁੰਚ ਗਈ। ਉਹਨਾਂ ਦਰੋਗਾ ਸਾਹਿਬ ਨਾਲ ਗੱਲ ਕੀਤੀ ਤੇ ਵਾਪਸ ਮੈਨੂੰ ਰਾਏਪੁਰ ਲੈ ਆਏ।

ਇਸ ਟੂਰ ਦੌਰਾਨ ਦਾਸ ਸਤਿਨਾਮੀਆਂ ਦੀਆਂ ਝੁੱਗੀਆਂ ਵਿੱਚ ਰਹਿੰਦਾ। ਰਾਤ ਨੂੰ ਸਾਰਿਆਂ ਨੂੰ ਇਕੱਤਰ ਕਰਕੇ ਰਹਿਰਾਸ ਸਾਹਿਬ ਦਾ ਪਾਠ ਕਰਦਾ, ਉਪਰੰਤ ਗੁਰੂ ਘਰ ਦੀਆਂ ਸਾਖੀਆਂ, ਇਤਿਹਾਸ ਸਾਂਝਾ ਕਰਦਾ। ਉਹ ਲੋਕ ਬੜੇ ਖੁਸ਼ ਹੁੰਦੇ ਕਿ ਇਥੋਂ ਦੇ ਲੋਕ ਸਾਨੂੰ ਸ਼ੂਦਰ ਕਹਿ ਕੇ ਦੁਰਕਾਰਦੇ ਹਨ ਪਰ ਪੰਜਾਬ ਤੋਂ ਆਏ ਸਰਦਾਰ ਜੀ ਸਾਡੇ ਬਰਾਬਰ ਬੈਠ ਕੇ ਗੱਲਾਂ ਵੀ ਕਰਦੇ ਹਨ ਤੇ ਸਾਡੇ ਘਰਾਂ ਦਾ ਖਾਂਦੇ ਵੀ ਹਨ। ਡਾ. ਰਣਵੀਰ ਸਿੰਘ ਕੌਸ਼ਲ ਜਿਨ੍ਹਾਂ ਦਾ ਪਹਿਲਾ ਨਾਮ ਜੈ ਰੋਸ਼ਨ ਕੌਸ਼ਲ ਸੀ ਜੋ ਸਤਨਾਮੀ ਸਮਾਜ ਨਾਲ ਸਬੰਧਤ ਹਨ ਅਤੇ ਜਦੋਂ 35 ਸਾਲ ਦੇ ਸਨ ਉਸ ਵੇਲੇ ਉਨ੍ਹਾਂ ਨੇ ਅੰਮ੍ਰਿਤਪਾਨ ਕੀਤਾ। ਆਪ ਜੀ ਨੇ ਇਸ ਦੌਰਾਨ ਗੁਰਮਤਿ ਪ੍ਰਚਾਰ ਵਿੱਚ ਵਡਮੁੱਲਾ ਯੋਗਦਾਨ ਪਾਇਆ। ਅੱਜ ਉਹ 70 ਸਾਲ ਦੇ ਹੋ ਗਏ ਹਨ। ਉਨ੍ਹਾਂ ਵੱਲੋਂ ਹਿਰਦੇ ਨੂੰ ਵਲੂੰਧਰਨ ਵਾਲੀ ਅਤੇ ਦਿਲਾਂ ਨੂੰ ਟੁੰਬਣ ਵਾਲੀ ਭੇਜੀ ਇੱਕ ਚਿੱਠੀ ਲਿਖ ਕੇ ਮੈਂ ਆਪਣਾ ਲੇਖ ਸਮਾਪਤ ਕਰਦਾ ਹਾਂ ਜੀ।

"ਮੇਰਾ ਨਾਮ ਡਾ. ਰਣਵੀਰ ਸਿੰਘ ਕੌਸ਼ਲ ਹੈ ਅਤੇ ਮੇਰੇ ਸਤਿਕਾਰਯੋਗ ਪਿਤਾ ਜੀ ਦਾ ਨਾਂ ਸ਼੍ਰੀ ਰਾਮ ਰਤਨ ਕੌਸ਼ਕ ਹੈ। ਮੇਰਾ ਪਿੰਡ ਗਿਦਵਾਂ ਥਾਣਾ ਨਾਂਦਘਾਟ, ਤਹਿਸੀਲ ਨਵਾਂਗੜ ਅਤੇ ਜਿਲ੍ਹਾ ਬੇਮੇਤਰਾ (ਛੱਤੀਸਗੜ੍ਹ) ਹੈ। ਮੈਂ 1972 ਵਿੱਚ BAMS ਰਵੀਸ਼ਕਰ ਯੂਨੀਵਰਸਿਟੀ ਤੋਂ ਡਿਗਰੀ ਪ੍ਰਾਪਤ ਕੀਤੀ ਹੈ। ਸੇਵਾ ਭਾਵਨਾ ਤੇ ਦੀਨ ਦੁਖੀਆਂ ਗਰੀਬਾਂ

ਦੀ ਸੇਵਾ ਕਰਨ ਨੂੰ ਮੁੱਖ ਰੱਖ ਕੇ ਮਾਂਦਪਾਰ (C.G) ਦਵਾਖਾਨਾ ਆਰੰਭ ਕੀਤਾ ਪ੍ਰੰਤੂ ਸਤਨਾਮੀਆਂ ਤੇ ਹੋ ਰਹੇ ਘੋਰ ਜੁਲਮ, ਅਤਿਆਚਾਰ ਤੇ ਮਾਰ-ਕੁਟਾਈ ਦੇਖ ਕੇ ਮੇਰੀ ਆਤਮਾ ਰੋ ਪਈ। ਸਤਨਾਮੀਆਂ ਵਿੱਚ ਧਾਰਮਕ ਜਾਗਰੁਕਤਾ ਲਿਆਉਣ ਹਿੱਤ ਉਨ੍ਹਾਂ ਨੂੰ ਸਤਿਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਚਰਨਾਂ ਨਾਲ ਜੋੜਨ ਹਿੱਤ ਸੰਨ 1983 ਵਿੱਚ ਗੁਰਮਤਿ ਪ੍ਰਚਾਰ ਦਾ ਮਿਸ਼ਨ ਆਰੰਭ ਕੀਤਾ।

**ਮੇਰੀ ਇਹ ਅਤਿ ਦੁਖਾਂ ਨਾਲ ਭਰੀ ਕਹਾਣੀ ਹੈ ਕਿ ਜੋ ਸਾਡੇ ਗੁਰਮਤਿ ਪ੍ਰਚਾਰ ਕਰਕੇ ਗੁਰੂ ਗੋਬਿੰਦ ਸਿੰਘ ਦੀ ਨਵੀਂ ਫੁਲਵਾੜੀ ਲਗਾਈ ਗਈ ਅਜ ਉਸਦੀ ਕੋਈ ਪਰਵਾਹ ਨਹੀਂ ਕਰ ਰਿਹਾ। ਨਵੀਂ ਲਗਾਈ ਫੁਲਵਾੜੀ ਦਾ ਕਿਸੇ ਵੱਲੋਂ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ। ਇਨ੍ਹਾਂ ਦੀ ਆਤਮਕ ਖੁਰਾਕ ਹਿੱਤ ਕੀਰਤਨ, ਅਥਵਾ ਗੁਰਮਤਿ ਸਮਾਗਮਾਂ ਦਾ ਕੋਈ ਉਪਰਾਲਾ ਨਹੀ ਹੋ ਰਿਹਾ। ਪੰਥ ਦਰਦੀਆਂ ਦੀ ਇੱਕ ਵੀ ਸੰਸਥਾ ਨਹੀਂ ਬਣੀ ਜੋ ਸਾਡੇ ਵਲ ਧਿਆਨ ਦੇਵੇ। ਸ਼੍ਰੋਮਣੀ ਕਮੇਟੀ ਨੇ ਵੀ ਸਾਡੇ ਤੋਂ ਮੂੰਹ ਮੋੜ ਲਿਆ ਹੈ। ਇਸ ਤਰ੍ਹਾਂ ਦੀ ਦਰਦਨਾਇਕ ਸਥਿਤੀ ਵਿੱਚ ਦੀ ਖਾਲਸਾ ਪੰਥ ਦਾ ਕੀ ਭਵਿੱਖ ਉਜਲ ਹੋਵੇਗਾ। ਕੀ ਗੁਰੂ ਗੋਬਿੰਦ ਸਿੰਘ ਮਹਾਰਾਜ ਸਾਨੂੰ ਮਾਫ਼ ਕਰਨਗੇ? ਸਤਨਾਮ ਸਮਾਜ'ਚ ਨਵੇਂ ਸਜੇ ਸਿੱਖਾਂ ਦੀ ਕਿਉਂ ਅਣਦੇਖੀ ਕੀਤੀ ਜਾ ਰਹੀ ਹੈ? ਉਹ ਮੰਝਧਾਰ ਵਿੱਚ ਗੋਤਾ ਖਾ ਰਹੇ ਹਨ। ਇਹ ਪੰਥ ਲਈ ਬਹੁਤ ਦੁਰਭਾਗਾਂ ਦੀ ਗੱਲ ਹੈ।**

ਸੰਨ 1984 ਸਮੇਂ ਦਾਸ ਨੂੰ ਰੋਜੀ ਰੁਜ਼ਗਾਰ, ਘਰ-ਬਾਰ ਪਰਿਵਾਰ ਛੋਡ ਕੇ ਭਲਾਈ (C.G) ਸ਼ਰਨ ਲੈਣੀ ਪਈ। ਉਥੇ ਵੀ ਕਰਮਕਾਂਡੀ ਲੋਕ ਮੇਰੇ ਪਿਛੇ ਪੈ ਸਾਰੇ ਮੇਰੇ ਵਿਰੁੱਧ ਅਪਰਾਧਕ ਮਾਮਲੇ ਦਾ ਕੇਸ ਪਾਇਆ ਗਿਆ ਤੇ ਪੁਲਿਸ ਕਸਟਡੀ ਵਿੱਚ ਰਖਿਆ ਗਿਆ। ਕਿਸੇ ਵੀ ਰੂਪ ਵਿੱਚ ਮੈਂ ਜਾਨ ਬਚਾ ਕੇ ਦਿੱਲੀ ਪਹੁੰਚ ਗਿਆ। ਉਥੇ ਮੈਂ ਸੰਤ ਬਾਬਾ ਵਿਰਸਾ ਸਿੰਘ ਜੀ ਦੇ ਡੇਰੇ ਵਿੱਚ ਰਿਹਾ। ਉਸ ਸਮੇਂ ਤੋਂ ਹੁਣ ਤਕ ਕਈ ਵਾਰ ਵੱਸ ਕੇ ਉਜੜ ਚੁੱਕਿਆ ਹਾਂ ਅਤੇ ਇਹ ਸਿਲਸਿਲਾ ਜੀਵਨ ਦੇ ਚੋਥੇ ਪੜਾਅ 'ਚ ਖੜਾ ਤੇ ਪਹੁੰਚ ਚੁਕਿਆ ਹਾਂ। ਮੇਰੀ ਉਮਰ 70 ਸਾਲ ਹੋ ਚੁੱਕੀ ਹੈ। ਇਹ ਸਮਾਂ ਸੰਸਾਰ ਤੋਂ ਵਿਦਾਈ ਦਾ ਸਮਾਂ ਆ ਚੁੱਕਿਆ ਹੈ।ਮੇਰੀ ਨਿਜ ਘਰ ਦੀ ਤਿਆਰੀ ਹੈ ਪਰ ਫਿਰ ਵੀ ਮੈਂ ਅੰਤਮ ਸਾਂਸ ਤਕ ਪੰਥ ਦੀ ਸੇਵਾ ਵਿਚ ਹੀ ਗੁਜਾਰਨਾ ਚਾਹੁੰਦਾ ਹਾਂ।



**ਨਿਵੇਕਲੀ ਜੱਥੇਬੰਦੀ ਸਿੱਖ ਹੈਲਪਿੰਗ ਸਿੱਖਜ਼ ਦੇ ਭਾਰਤ ਵਿੱਚ ਕੋਆਰਡੀਨੇਟਰ ਹਨ ਸਤਨਾਮ ਸਿੰਘ ਸਲ੍ਹੋਪੁਰੀ। ਧਾਰਮਕ, ਸਮਾਜਕ ਅਤੇ ਉਸਾਰੂ ਸੋਚ ਨੂੰ ਪ੍ਰਫੁਲਤ ਕਰਨ ਵਾਲੇ ਉਤਸ਼ਾਹ ਭਰਪੂਰ ਬੁਲਾਰੇ ਸਤਨਾਮ ਸਿੰਘ ਸਲ੍ਹੋਪੁਰੀ ਨੇ ਜਿੰਦਗੀ ਦੇ 34 ਸਾਲ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸੰਸਥਾ ਨਾਲ ਖੂਬ ਪ੍ਰਚਾਰ ਕੀਤਾ। ਪੰਜਾਬ ਅਤੇ ਪੰਜਾਬ ਤੋਂ ਬਾਹਰ ਹਰ ਮੌਕੇ ਧਾਰਮਕ ਵਿੱਦਿਆ ਨਾਲ ਬੱਚਿਆਂ ਤੇ ਨੌਜਵਾਨਾ ਨੂੰ ਜੋੜਨਾ ਉਨ੍ਹਾਂ ਦਾ ਸੁਭਾਅ ਹੀ ਬਣ ਗਿਆ। ਸਹਿਜ ਪਾਠ ਅਤੇ ਸੰਬੰਧਤ ਪ੍ਰੋਗਰਾਂਮਾਂ ਬਾਰੇ ਉਤਸ਼ਾਹ ਉਜਾਗਰ ਕਰਨ ਲਈ ਓਹ ਸੈਂਕੜੇ ਸਕੂਲਾਂ ਅਤੇ ਕਾਲਜਾਂ ਵਿਚ ਤਕਰੀਰਾਂ ਕਰ ਚੁੱਕੇ ਹਨ। ਉਨ੍ਹਾਂ ਨਾਲ ਈਮੇਲ** ssatnam1960@yahoo.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਸਿੰਧੀ ਸਿੱਖ
## ਕਰਮਜੀਤ ਸਿੰਘ ਔਜਲਾ

ਜਿਵੇਂ ਕਿ ਨਾਮ ਤੋਂ ਇਸ਼ਾਰਾ ਮਿਥਕ ਹੈ ਕਿ ਸਿੱਖਾਂ ਦਾ ਉਹ ਵਰਗ ਜੋ ਸਿੰਧ ਪ੍ਰਾਂਤ ਨਾਲ ਸੰਬੰਧ ਰੱਖਦਾ ਹੈ। ਸਿੰਧ ਪ੍ਰਾਂਤ ਪਾਕਿਸਤਾਨ ਵਿੱਚ ਹੈ। 1947 ਤੋਂ ਪਹਿਲਾਂ ਜਦ ਦੇਸ਼ 'ਚ ਬਟਵਾਰਾ ਨਹੀਂ ਸੀ ਹੋਇਆ ਤੇ ਉਸ ਵਕਤ ਸਿੰਧ ਪ੍ਰਾਂਤ ਵਿੱਚ ਹਿੰਦੂ ਅਤੇ ਮੁਸਲਮਾਨਾਂ ਦੀ ਅਬਾਦੀ ਦਾ ਅਨੁਪਾਤ 20% ਅਤੇ 80% ਸੀ। ਇਸ ਦੀ ਵਿਸ਼ੇਸ਼ਤਾ ਸੀ ਕਿ ਇਨੀ ਵਧੇਰੇ ਮੁਸਲਮਾਨ ਅਬਾਦੀ ਹੋਣ ਦੇ ਬਾਵਜੂਦ, ਸਿੰਧ ਵਿੱਚ ਕਦੇ ਵੀ ਸੰਪਰਦਾਇਕ ਤਨਾਅ ਨਹੀਂ ਸੀ ਹੋਇਆ। ਦੋਹਾਂ ਫਿਰਕਿਆਂ ਵਿੱਚ ਮਿਲਵਰਤਣ ਅਤੇ ਸਾਂਝ ਸੀ। ਗੈਰ ਮੁਸਲਿਮ ਸਿੰਧੀਆਂ ਲਈ ਖੇਤੀਬਾੜੀ ਦੀ ਜ਼ਮੀਨ ਖਰੀਦਣ ਅਤੇ ਮਾਲਕ ਬਣਨ ਉੱਤੇ ਪਾਬੰਦੀ ਸੀ ਪਰ ਇਹ ਪਾਬੰਦੀ ਅੰਗਰੇਜ਼ੀ ਰਾਜ ਸਮੇਂ ਖਤਮ ਕਰ ਦਿੱਤੀ ਗਈ ਸੀ। ਵਪਾਰ ਅਤੇ ਹੋਰ ਦੂਜੇ ਕਾਰੋਬਾਰ ਵਿੱਚ ਲੱਗੇ ਰਹਿ ਕੇ ਵੱਡੀ ਕਮਾਈ ਕਰਕੇ ਧਨਾਢ ਬਣੇ ਸਨ। ਸਿੰਧੀ ਹਿੰਦੂ ਖੁਸ਼ਹਾਲ ਸਨ ਅਤੇ ਉਹਨਾਂ ਦੀ ਅਮੀਰੀ ਕਰਕੇ ਸਥਾਨਕ ਮੁਸਲਮਾਨ ਲੋੜਵੰਦ ਨੂੰ ਉਹਨਾਂ ਦੀ ਮੁਥਾਜੀ ਕਰਨੀ ਪੈਂਦੀ ਸੀ।

ਸਿੰਧੀ ਸਿੱਖਾਂ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਉਥੇ ਦੇ ਹਿੰਦੂ ਸਮਾਜ ਬਾਰੇ ਸਮਝਣ ਦੀ ਜ਼ਰੂਰਤ ਹੈ ਕਿਉਂਕਿ ਸਿੰਧੀ ਹਿੰਦੂਆਂ ਵਿੱਚ ਹੀ ਸਿੰਧੀ ਸਿੱਖਾਂ ਦਾ ਵਿਕਾਸ ਜਾਂ ਉਤਪਤੀ ਹੋਈ ਸੀ।

**ਸਿੰਧੀ ਸਮਾਜ ਦਾ ਪਿਛੋਕੜ**

715 ਈਸਵੀ ਤੱਕ ਸਿੰਧ ਪ੍ਰਾਂਤ ਪੂਰੀ ਤਰ੍ਹਾਂ ਹਿੰਦੂ ਸਮਾਜ ਅਤੇ ਧਰਮ ਦਾ ਹੀ ਖੇਤਰ ਸੀ। ਇਸ ਦੌਰਾਨ ਸਿੰਧ ਦੇ ਹਿੰਦੂ ਰਾਜਿਆਂ ਨੂੰ ਹਰਾ ਕੇ ਮੁਸਲਮਾਨ ਹਮਲਾਵਰ ਨੇ ਮੁਹੰਮਦ ਬਿਨ ਕਾਸਮ ਨੂੰ ਹਰਾ ਕੇ ਸਿੰਧ ਉੱਤੇ ਪਹਿਲੀ ਇਸਲਾਮੀ ਹਕੂਮਤ ਕਾਇਮ ਕੀਤੀ। ਹਿੰਦੁਸਤਾਨ ਦੇ ਖਿੱਤੇ ਉੱਤੇ ਇਹ ਪਹਿਲਾ ਇਸਲਾਮੀ ਹਮਲਾ ਅਤੇ ਜਿੱਤ ਸੀ। ਇਸ ਤੋਂ ਪਿੱਛੋ ਤਾਂ ਸਾਰੇ ਹੀ ਹਿੰਦੁਸਤਾਨ ਦੇ ਦਰਵਾਜ਼ੇ ਮੁਸਲਮਾਨ ਹਮਲਾਵਰਾਂ ਲਈ ਉਦੋਂ ਤੱਕ ਖੁਲ੍ਹੇ ਰਹੇ ਜੱਦ ਤੱਕ ਪੰਜਾਬ ਵਿੱਚ ਵਿਕਸਤ ਹੋਣ ਵਾਲੀ ਸਿੱਖ ਸ਼ਕਤੀ ਨੇ ਇਨ੍ਹਾਂ ਹਮਲਾਵਰਾਂ ਦੇ ਰਸਤੇ ਹੀ ਬੰਦ ਨਹੀਂ ਕੀਤੇ ਬਲਕਿ ਅੱਗੇ ਵਧਕੇ ਮਹਾਰਾਜਾ ਰਣਜੀਤ ਸਿੰਘ ਨੇ ਅਫ਼ਗਾਨਿਸਤਾਨ ਦੇ ਸਰਹੱਦੀ ਸੂਬੇ ਉੱਤੇ ਹੀ ਕਾਬਜ਼ ਕਰ ਲਿਆ। ਮੁਹੰਮਦ ਬਿਨ ਕਾਸਿਮ ਨੇ ਕਿਸੇ ਕਸੂਰ ਦੇ ਕਾਰਨ ਖਲੀਫੇ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਗਈ। ਇਸ ਦਾ ਨਤੀਜਾ ਇਹ ਹੋਇਆ ਕਿ ਮੁਹੰਮਦ ਬਿਨ ਕਾਸਿਮ ਵਰਗਾ ਜਾਲਮ ਹਮਲਾਵਰ ਸਿੰਧੀ ਹਿੰਦੂਆਂ ਦੀ ਕਤਲੇਆਮ ਅਤੇ ਲੁੱਟਮਾਰ ਕਰਨ ਲਈ ਨਾ ਰਿਹਾ।

ਉਹਨਾਂ ਦੀ ਗ਼ੈਰਹਾਜ਼ਰੀ ਵਿੱਚ ਦੂਜੇ ਮੁਸਲਮਾਨ ਅਫਸਰਾਂ ਨੇ ਸਿੰਧ ਦੇ ਪਹਿਲੇ ਹੀ ਹਕੂਮਤੀ ਤੰਤਰ ਨੂੰ ਹੀ ਚਲਣ ਦਿੱਤਾ ਜਿਸ ਵਿੱਚ ਹਿੰਦੂ ਸਿੰਧੀ ਅਫਸਰਾਂ ਦੀ ਬਹੁਤਾਤ ਸੀ। ਨਾਲ ਹੀ ਮੁਸਲਮਾਨ ਹਾਕਮਾਂ ਨੇ ਇਸਲਾਮ ਦੇ ਪ੍ਰਚਾਰ ਵਾਸਤੇ ਮੁਲਾਂ ਮੁਲਾਣੇ ਵੱਡੀ ਗਿਣਤੀ ਵਿੱਚ ਲੈ ਆਂਦੇ ਸਨ। ਇਨ੍ਹਾਂ ਮੁਸਲਮਾਨ ਪ੍ਰਚਾਰਕਾਂ ਨੇ ਪ੍ਰਚਾਰ ਵਾਸਤੇ ਹਰ ਕਿਸਮ ਦੀਆਂ ਸਹੂਲਤਾਂ ਮੁਸਲਿਮ ਹਕੂਮਤਾਂ ਦੇ ਹਿੰਦੂ ਅਫਸਰਾਂ ਨੂੰ ਹੀ ਦੇਣੀਆਂ ਪੈਂਦੀਆਂ ਸਨ। ਇਸ ਦਾ

ਨਤੀਜਾ ਇਹ ਹੋਇਆ ਕਿ ਸਿੰਧ ਵਿੱਚ ਇਸਲਾਮ ਧਰਮ ਬਗੈਰ ਖ਼ੂਨ ਖਰਾਬੇ ਦੇ ਫੈਲ ਗਿਆ। ਹੌਲੀ-ਹੌਲੀ ਮੁਸਲਿਮ ਅਬਾਦੀ 80% ਤੱਕ ਪਹੁੰਚ ਗਈ ਪਰ ਕਦੇ ਵੀ ਹਿੰਦੂਆਂ ਅਤੇ ਸਿੰਧੀ ਮੁਸਲਮਾਨਾਂ ਵਿੱਚ ਟਕਰਾਅ ਦੀ ਸਥਿਤੀ ਪੱਕੀ ਨਹੀਂ ਸੀ ਹੋਈ। ਇਹ ਅਵਸਥਾ 1947 ਦੇ ਹਿੰਦ-ਪਾਕ ਬਟਵਾਰੇ ਸਮੇਂ ਵੀ ਕਾਇਮ ਰਹੀ। ਸਿੰਧੀ ਮੁਸਲਮਾਨ ਸਿੰਧੀ ਹਿੰਦੂ ਅਤੇ ਸਿੱਖਾਂ ਨੂੰ ਸਿੰਧ ਛੱਡ ਕੇ ਜਾਣ ਤੋਂ ਰੋਕਦੇ ਰਹੇ ਪਰ ਹਿੰਦੁਸਤਾਨ ਤੋਂ ਆ ਰਹੇ ਮੁਸਲਮਾਨ ਰਿਫਿਉਜੀ ਸਿੰਧੀ ਸਿੱਖਾਂ ਉੱਤੇ ਹਮਲੇ ਕਰਨ ਲੱਗ ਪਏ। ਇਸ ਕਾਰਨ ਸਿੰਧੀ ਸਿੱਖਾਂ ਨੂੰ ਸਿੰਧ ਛੱਡਣ ਲਈ ਮਜਬੂਰ ਹੋਣਾ ਪਿਆ। ਫਿਰ ਵੀ ਘੱਟੋ ਘੱਟ ਪੰਜ ਲੱਖ ਸਿੰਧੀ ਹਿੰਦੂ ਉੱਥੇ ਹੀ ਰਹਿ ਗਏ ਜਿਨ੍ਹਾਂ ਵਿੱਚ ਸਿੱਖਾਂ ਦੀ ਗਿਣਤੀ ਦਾ ਅੰਦਾਜਾ ਅੱਸੀ ਹਜ਼ਾਰ ਤੋਂ ਇੱਕ ਲੱਖ ਸੀ। ਸਿੰਧੀ ਸਿੱਖਾਂ ਦਾ ਇਹ ਹੀ ਵਰਗ ਪਾਕਿਸਤਾਨ ਵਿੱਚਲੇ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਆਉਣ ਵਾਸਤੇ ਬਾਹਰਲੇ ਸਿੱਖਾਂ ਦੀ ਸੇਵਾ ਅਤੇ ਸਵਾਗਤ ਬਹੁਤ ਹੀ ਸਤਿਕਾਰ ਭਰਪੂਰ ਭਾਵਨਾ ਨਾਲ ਕਰਦੇ ਹਨ।

**ਸਿੰਧੀ ਸਿੱਖਾਂ ਦੀ ਉਗਮਤਾ**

ਮੰਨਿਆ ਜਾਂਦਾ ਹੈ ਕਿ 1508 ਦੇ ਆਸਪਾਸ ਸ੍ਰੀ ਗੁਰੂ ਨਾਨਕ ਦੇਵ ਜੀ ਭੁੱਜ ਅਤੇ ਕੱਛ ਪਧਾਰੇ ਸਨ। ਇਸ ਤੋਂ ਛੁੱਟ ਗੁਰੂ ਸਾਹਿਬ ਮੱਕਾ ਮਦੀਨਾ ਜਾਣ ਸਮੇਂ ਵੀ ਸਿੰਧ ਸੂਬੇ ਵਿੱਚੋਂ ਹੀ ਲੰਘੇ ਸਨ। ਇਸ ਦੌਰਾਨ ਗੁਰੂ ਸਾਹਿਬ ਦੇ ਪ੍ਰਚਾਰ ਅਤੇ ਦਰਸ਼ਨਾਂ ਸਦਕਾ ਬਹੁਤ ਸਾਰੇ ਸਿੰਧੀ ਹਿੰਦੂ ਮੁਸਲਮਾਨ ਅਤੇ ਸੂਫੀ ਗੁਰੂ ਘਰ ਨਾਲ ਜੁੜ ਗਏ ਸਨ। ਗੁਰਬਾਣੀ ਵਿਚਲੇ ਸਪੱਸ਼ਟ ਸੰਦੇਸ਼ ਸਦਕਾ ਲਗਭਗ ਸਾਰੇ ਹੀ ਹਿੰਦੂ ਸਿੰਧੀ ਗੁਰਬਾਣੀ ਨਾਲ ਜੁੜ ਗਏ। ਇਸ ਹਕੀਕਤ ਉਤੇ ਪੈਂਤੀ ਸਾਲ ਬਾਅਦ ਹੋਣ ਵਾਲੀ ਬਾਬਾ ਸ਼੍ਰੀਚੰਦ ਜੀ ਦੀ ਫੇਰੀ ਨੇ ਹੋਰ ਵੀ ਪੱਕੀ ਮੂਹਰ ਲਾ ਦਿੱਤੀ ਪਰ ਸਿੰਧੀ ਸਿੱਖਾਂ ਉੱਤੇ ਗੁਰਸਿਖੀ ਦੇ ਨਾਲ ਨਾਲ ਉਦਾਸੀ ਮੱਤ ਅਤੇ ਸੂਫੀਵਾਦ ਦੇ ਪ੍ਰਭਾਵ ਦੇ ਨਾਲ ਨਾਲ ਹਿੰਦੂ ਮੂਰਤੀ ਪੂਜਾ ਵੀ ਕਾਇਮ ਰਹੀ। ਇਸ ਤੋਂ ਅਗਲੇ ਸਮੇਂ ਵਿੱਚ ਸਿੰਧ ਵਿੱਚ ਸਿੰਧੀ ਸਿੱਖਾਂ ਨੇ ਧਰਮਸ਼ਾਲਾ ਚਲਾਈਆਂ ਜਿਨ੍ਹਾਂ ਵਿੱਚ ਗੁਰਬਾਣੀ ਪੜ੍ਹੀ, ਪੜ੍ਹਾਈ, ਸਿਖਾਈ ਅਤੇ ਗਾਈ ਜਾਂਦੀ ਸੀ। ਸਿੰਧੀ ਸਿੱਖ ਪੰਜਾਬ ਵਿੱਚ ਨਨਕਾਣਾ ਸਾਹਿਬ ਅਤੇ ਅੰਮ੍ਰਿਤਸਰ ਆਦਿ ਧਾਰਮਿਕ ਅਸਥਾਨਾਂ ਦੀ ਯਾਤਰਾ ਕਰਨ ਆਉਣ ਲਗ ਪਏ। ਇਸ ਤਰ੍ਹਾਂ ਸਿੰਧੀ ਸਿੱਖਾਂ ਦਾ ਤਾਲਮੇਲ ਸਿੱਖ ਮੁੱਖਧਾਰਾ ਨਾਲ ਹੋਣ ਲੱਗ ਪਿਆ। ਇਸ ਸਮੇਂ ਦੀ ਸੁਖਾਵੀਂ ਗੱਲ ਇਹ ਸੀ ਕਿ ਇਸ ਕ੍ਰਿਆ ਦਾ ਕੋਈ ਵਿਰੋਧ ਸਿੰਧੀ ਮੁਸਲਮਾਨਾਂ ਜਾਂ ਹਿੰਦੂਆਂ ਵੱਲੋਂ ਨਹੀਂ ਸੀ ਕੀਤਾ ਗਿਆ। ਨਿਸਚੇ ਹੀ ਇਹ ਖੁਸ਼ਕਿਸਮਤੀ ਸਿੰਧੀਆਂ ਦੀ ਪੁਰਾਤਨ ਸਹਿਨਸ਼ੀਲਤਾ ਅਤੇ ਧਾਰਮਿਕ ਰਵਾਦਾਰੀ ਕਰਕੇ ਹੀ ਹੋਈ ਸੀ।

ਇਸ ਸਮੇਂ ਤੱਕ ਸਿੰਧੀ ਸਿੱਖ ਆਮਤੌਰ ਤੇ ਸਹਿਜਧਾਰੀ ਹੀ ਸਨ। ਕੇਸਧਾਰੀ ਅਤੇ ਅੰਮ੍ਰਿਤਧਾਰੀ ਸਿੰਧੀ ਸਿੱਖਾਂ ਦੀ ਸਿੰਧ ਵਿੱਚ ਮੌਜੂਦਗੀ 1901 ਤੋਂ ਮਿਲਦੀ ਹੈ। ਇਸ ਸਮੇਂ ਭਾਈ ਸ਼ਾਮ ਸਿੰਘ ਜੀ ਦੀ ਜੈ ਸੀ। ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਹੀ ਸਨ, ਉਨ੍ਹਾਂ ਨੇ ਆਪਣੀਆਂ ਸਿੰਧ ਫੇਰੀਆਂ ਦੌਰਾਨ ਅੰਮ੍ਰਿਤ ਪ੍ਰਚਾਰ ਸ਼ੁਰੂ ਕੀਤਾ। ਇਸ ਦੇ ਨਤੀਜੇ ਵਜੋਂ ਸਿੰਧੀ ਸਹਿਜਧਾਰੀ ਅੰਮ੍ਰਿਤਧਾਰੀ ਹੋ ਗਏ ਅਤੇ ਇਹਨਾਂ ਦੀ ਗਿਣਤੀ ਇਕ

ਲੱਖ ਤੱਕ ਪਹੁੰਚ ਗਈ। 1947 ਤੱਕ ਕੇਸ਼ਧਾਰੀ ਅਤੇ ਅੰਮ੍ਰਿਤਧਾਰੀ ਸਿੰਧੀ ਸਿੱਖਾਂ ਦੀ ਗਿਣਤੀ ਘੱਟ ਤੋਂ ਘੱਟ ਦੋ ਲੱਖ ਸੀ। ਇਸ ਵਿੱਚ ਪੰਜਾਹ ਹਜ਼ਾਰ ਸਿੰਧੀ ਸਿੱਖ ਤਾਂ ਪਾਕਿਸਤਾਨ ਵਿੱਚ ਹੀ ਰਹਿ ਗਏ। ਡੇਢ ਲੱਖ ਸਿੰਧੀ ਸਿੱਖ ਰਿਫਿਊਜੀ ਬਣ ਕੇ ਭਾਰਤ ਆ ਗਏ। ਇਹਨਾਂ ਵਿੱਚੋਂ ਘੱਟ ਤੋਂ ਘੱਟ ਵੀਹ ਹਜ਼ਾਰ ਸਿੰਧੀ ਸਿੱਖ ਵਿਦੇਸ਼ਾਂ ਵਿੱਚ ਚਲੇ ਗਏ ਜਿਥੇ ਇਹਨਾਂ ਦੀ ਗਿਣਤੀ ਹੁਣ ਪੰਜਾਹ ਹਜ਼ਾਰ ਤੋਂ ਘੱਟ ਨਹੀਂ ਹੈ।

**ਸਿੰਧੀ ਸਿੱਖਾਂ ਦੀ ਵਰਤਮਾਨ ਅਵਸਥਾ**

ਭਾਵੇਂ ਸਿੰਧੀ ਸਿੱਖ ਮੰਨਦੇ ਹਨ ਕਿ ਉਹਨਾਂ ਦੀ ਗਿਣਤੀ ਪੰਜ ਲੱਖ ਹੈ ਪਰ ਪੜਤਾਲ ਕਰਨ ਤੇ ਇਸ ਪਰ ਸ਼ੰਕਾ ਉਪਜਦੀ ਹੈ। ਸਿੰਧੀ ਸਿੱਖਾਂ ਦੀ ਗਿਣਤੀ ਦੋ ਲੱਖ ਤੋਂ ਘੱਟ ਨਹੀਂ ਹੈ। ਇਕ ਲੱਖ ਸਿੰਧੀ ਸਿੱਖ ਹਿੰਦੁਸਤਾਨ ਵਿੱਚ ਤਾਂ ਹਾਜਰ ਹੀ ਹਨ। ਇਹ ਸਿੰਧੀ, ਬੰਬਈ, ਇੰਦੌਰ, ਗਵਾਲੀਅਰ, ਜੈਪੁਰ ਅਤੇ ਭਾਰਤ ਦੇ ਹੋਰ ਕਈ ਵਪਾਰਿਕ ਕੇਂਦਰਾਂ ਵਿੱਚ ਰਿਹਾਇਸ਼ ਰੱਖਦੇ ਹਨ। ਸਿੰਧੀ ਸਿੱਖ ਵਧੇਰੇ ਕਰਕੇ ਕਾਰੋਬਾਰੀ ਵਪਾਰੀ ਅਤੇ ਟਰਾਂਸਪੋਰਟਰ ਹਨ। ਇਸ ਲਈ ਇਹਨਾਂ ਦੇ ਟਿਕਾਣੇ ਵੱਡੇ ਸ਼ਹਿਰਾਂ ਵਿੱਚ ਹੀ ਹਨ। ਬੰਬਈ ਵਿੱਚ ਉਲਹਾਸਨਗਰ ਸਿੰਧੀ ਸਿੱਖਾਂ ਦਾ ਇਕ ਵੱਡਾ ਕੇਂਦਰ ਹੈ। ਇਥੇ ਬਾਬਾ ਲਹਿਰਾ ਸਿੰਘ ਜੀ ਸਾਬਕਾ ਹਜ਼ੂਰੀ ਰਾਗੀ ਸੀ। ਦਰਬਾਰ ਸਾਹਿਬ ਦੇ ਉਤਸ਼ਾਹ ਅਤੇ ਪ੍ਰੇਰਨਾ ਸਦਕਾ ਇਕ ਵੱਡਾ ਸਿੰਧੀ ਦਰਬਾਰ ਅਰਥਾਤ ਗੁਰਦਵਾਰਾ ਹੈ। ਇਥੇ ਗੁਰਮਤਿ ਮਰਿਆਦਾ ਦਾ ਪਾਲਣ ਕੀਤਾ ਜਾਂਦਾ ਹੈ। ਗੁਰਪੁਰਬ ਬੜੀ ਸ਼ਰਧਾ ਨਾਲ ਮਨਾਏ ਜਾਂਦੇ ਹਨ। ਇਥੋਂ ਦੀਆਂ ਪ੍ਰਭਾਤ ਫੇਰੀਆਂ ਦਾ ਮੁਕਾਬਲਾ ਹਿੰਦੁਸਤਾਨ ਦਾ ਕੋਈ ਹੋਰ ਸ਼ਹਿਰ ਨਹੀਂ ਕਰ ਸਕਦਾ।


ਕਈ ਸਿੰਧੀ ਅਤੇ ਉਦਾਸੀ ਕੇਂਦਰਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੇ ਨਾਲ ਨਾਲ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਵੀ ਹੁੰਦੀਆਂ ਸਨ। ਕੁਝ ਗਰਮਦਲੀ ਸਿੱਖ ਯੁਵਕਾਂ ਨੇ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਨਾ ਹੋ ਸਕੇ, ਉਥੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਰੁਕਵਾ ਦਿੱਤਾ। ਇਸ ਕਾਰਨ ਵੀ ਇਸ ਸਦੀ ਦੇ ਪਹਿਲੇ ਦਹਾਕੇ ਵਿੱਚ ਕਈ ਸਿੰਧੀ ਸਹਿਜਧਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਟੁੱਟ ਗਏ।

ਸਿੰਧੀ ਸਮਾਜ ਪੜ੍ਹਿਆ ਲਿਖਿਆ, ਅਗਾਂਹ ਵਧੂ ਤਰੱਕੀ ਪਸੰਦ ਸਮਾਜ ਹੈ। ਵਿੱਦਿਆ ਤਾਂ 100% ਹੈ ਪਰ ਆਧੁਨਿਕ ਵਿੱਦਿਆ ਵਿੱਚ ਪੰਜਾਬ ਤੋਂ ਬਾਹਰ ਗੁਰਮੁਖੀ ਦੀ ਪੜ੍ਹਾਈ ਨਹੀਂ ਕਰਵਾਈ ਤੇ ਅਣਜਾਣ ਰਹਿ ਕੇ ਗੁਰਬਾਣੀ ਤੋਂ ਹੀ ਅਣਜਾਣ ਰਹਿਣ ਦੇ ਖਤਰੇ ਵਿੱਚ ਹੈ। ਸਭ ਸ਼ਹਿਰਾਂ ਵਿੱਚ ਸਿੰਧੀ ਸਿੱਖਾਂ ਦੀ ਅਬਾਦੀ ਘੱਟ ਹੈ। ਉਹਨਾਂ ਲਈ ਆਪਣੇ ਵੱਖਰੇ ਸਕੂਲ ਕਾਲਜ ਬਣਾਉਣੇ ਤਾਂ ਸੰਭੰਵ ਨਹੀਂ। ਆਪਣੇ ਬੱਚਿਆਂ ਲਈ ਗੁਰਮੁਖੀ ਦੀ ਪੜ੍ਹਾਈ ਹੋਰ ਵੀ ਮੁਸ਼ਕਲ ਹੈ। ਖੈਰ ਇਲੈਕਟ੍ਰੋਨਿਕ ਮੀਡੀਆ ਅਤੇ ਰਿਕਾਰਡ ਕੀਤੀ ਹੋਈ ਗੁਰਬਾਣੀ ਸ਼ਾਇਦ ਇਸ ਘਾਟ ਨੂੰ ਪੂਰਾ ਕਰ ਸਕੇ। ਸਾਰੇ ਹੀ ਸਿੰਧੀ ਉਹ ਭਾਵੇਂ ਮੁਸਲਮਾਨ ਹਿੰਦੂ ਜਾਂ ਸਿੱਖ ਹੋਣ ਆਪਣੇ ਸੱਭਿਆਚਾਰ ਅਤੇ ਬੋਲੀ ਨਾਲ ਬਹੁਤ ਹੀ ਪਿਆਰ ਕਰਦੇ ਹਨ। ਸਿੰਧੀ ਲੋਕਾਂ ਦਾ ਆਪਸੀ ਪ੍ਰੇਮ ਪਿਆਰ ਅਤੇ ਸਮਾਜਿਕ ਵਿਹਾਰ ਵੱਖੋ ਵੱਖਰੇ ਧਰਮ ਹੋਣ ਦੇ ਬਾਵਜੂਦ ਬਹੁਤ ਹੀ ਅਲੱਗ ਵਾਲਾ ਹੈ। ਸਿੰਧੀ ਸਿੱਖਾਂ

# ਹਿੰਦੁਸਤਾਨ ਅਤੇ ਪਾਕਿਸਤਾਨ ਵਿੱਚ ਗੁਰੂ ਨਾਨਕ ਨਾਮ ਲੇਵਾ ਸਿੰਧੀਆਂ ਵੱਲੋਂ ਉਸਾਰੇ ਗਏ ਗੁਰਦੁਆਰਾ ਸਾਹਿਬ



ਗੁਰਦੁਆਰਾ ਬਾਬਾ ਨਾਨਕ ਸ਼ਾਹ,
ਦਹਾਰਕੀ, ਸਿੰਧ, ਪਾਕਿਸਤਾਨ



ਗੁਰਦੁਆਰਾ ਗੁਰੂ ਨਾਨਕ ਸਿੰਘ ਸਭਾ
ਕਸ਼ਮੋਰ, ਸਿੰਧ, ਪਾਕਿਸਤਾਨ



ਗੁਰਦੁਆਰਾ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ
ਬਾਲਾ ਪ੍ਰੀਤਮ, ਰਾਇਪੁਰ



ਧੰਨ ਗੁਰੂ ਨਾਨਕ ਦਰਬਾਰ ਬਾਬਾ ਠਰੀਆ ਸਿੰਘ
ਉਲਹਾਸਨਗਰ, ਮੁੰਬਈ

# ਸਿੰਧ ਪਾਕਿਸਤਾਨ ਵਿੱਚ ਗੁਰੂ ਨਾਨਕ ਨਾਮਲੇਵਾ ਸਿੰਧੀਆਂ ਦਾ ਸਿੱਖੀ ਨਾਲ ਅਤੁੱਟ ਪਿਆਰ



ਗੁਰੂ ਨਾਨਕ ਦਰਬਾਰ ਜਰਵਰ, ਜ਼ਿਲਾ ਘੋਟਕੀ, ਸਿੰਧ, ਪਾਕਿਸਤਾਨ ਵਿੱਚ ਉਸਾਰਿਆ ਨਵਾਂ ਗੁਰਦੁਆਰਾ ਸਾਹਿਬ



ਗੁਰੂ ਨਾਨਕ ਦਰਬਾਰ ਕਰਾਚੀ ਵਿੱਚ ਨਾਨਕ ਰਾਮ ਸਿੰਧੀ ਕੀਰਤਨ ਕਰਦਾ ਹੋਇਆ



ਪ੍ਰਸਿੱਧ ਪ੍ਰਚਾਰਕ ਭਾਈ ਗਿਆਨ ਸਿੰਘ ਧਾਰਕੀ ਪਾਕਿਸਤਾਨ



ਨਨਕਾਣਾ ਸਾਹਿਬ ਵਿਖੇ 550 ਸਾਲਾ ਪੁਰਬ  ਸਮਾਗਮਾਂ ਮੌਕੇ ਦੌ ਸਿੰਧੀ ਬੱਚੀਆਂ ਨਾਲ ਗੱਲਬਾਤ ਕਰਦਾ ਪੱਤਰਕਾਰ



ਸਿੰਧ ਪਾਕਿਸਤਾਨ ਵਿੱਚ ਜਨਮੇ, ਸਵਰਗਵਾਸੀ ਸ਼੍ਰੀ ਰਾਮ ਜੇਠਮਲਾਨੀ, ਜਿਨ੍ਹਾਂ ਨੇ ਸਿੰਧੀ ਲਿੱਪੀ ਨੂੰ ਸਾਂਭਣ ਲਈ ਅਣਥੱਕ ਯਤਨ ਕੀਤੇ। ਹਿੰਦੁਸਤਾਨ ਵਿੱਚ ਵਕਾਲਤ ਦੀਆਂ ਬੁਲੰਦੀਆਂ ਛੂੰਹਦੇ ਹੋਏ, ਗੁਰੂ ਘਰ ਦੇ ਪ੍ਰੇਮੀ ਰਹਿੰਦੇ ਹੋਏ ਹਰ ਸੁੱਖ-ਦੁੱਖ ਦੀ ਘੜੀ ਸਿੱਖਾਂ ਦੇ ਪੱਕੇ ਹਮਦਰਦ ਤੇ ਹਮਸਫਰ ਰਹੇ।

ਲਈ ਬੋਲੀ ਜਾਂ ਭਾਸ਼ਾ ਇਕ ਵਿਸ਼ੇਸ਼ ਸਮੱਸਿਆ ਬਣ ਗਈ। ਹਿੰਦੂ ਅਤੇ ਮੁਸਲਮਾਨਾਂ ਦੇ ਧਾਰਮਿਕ ਗ੍ਰੰਥ ਅਤੇ ਸਾਹਿਤ ਹਿੰਦੀ, ਉਰਦੂ ਅਤੇ ਹੋਰ ਭਾਸ਼ਾਵਾਂ ਵਿੱਚ ਮੌਜੂਦ ਹਨ। ਹਿੰਦੀ, ਉਰਦੂ ਆਦਿ ਭਾਸ਼ਾਵਾਂ ਆਧੁਨਕਿ ਸਕੂਲਾਂ ਵਿੱਚ ਪੜ੍ਹਾਈਆਂ ਜਾਂਦੀਆਂ ਹਨ। ਇਸ ਲਈ ਹਿੰਦੂ ਅਤੇ ਮੁਸਲਮਾਨ ਸਿੰਧੀਆਂ ਦੇ ਬੱਚਿਆਂ ਨੂੰ ਆਪਣੇ ਧਾਰਮਿਕ ਗ੍ਰੰਥਾਂ ਨਾਲ ਜੁੜਣ ਅਤੇ ਪੜ੍ਹਨ ਵਿੱਚ ਕੋਈ ਮੁਸ਼ਕਲ ਨਹੀਂ ਆਉਂਦੀ। ਇਸ ਤੋਂ ਉਲਟ ਸਿੱਖਾਂ ਦੇ ਧਰਮ ਗ੍ਰੰਥ ਅਤੇ ਧਾਰਮਿਕ ਸਾਹਿਤ ਕੇਵਲ ਗੁਰਮੁਖੀ ਲਿਪੀ ਵਿੱਚ ਹੈ।

ਗੁਰਮੁੱਖੀ ਅਤੇ ਪੰਜਾਬੀ ਦੀ ਪੜ੍ਹਾਈ ਕੇਵਲ ਪੰਜਾਬ ਵਿੱਚ ਹੀ ਹੁੰਦੀ ਹੈ। ਸਿੰਧੀ ਸਿੱਖ ਤਾਂ ਹਿੰਦੁਸਤਾਨ ਦੇ ਕਈ ਸੂਬਿਆਂ ਦੇ ਲਈ ਸ਼ਹਿਰਾਂ ਵਿੱਚ ਵਸੇ ਹੋਏ ਹਨ। ਸਾਰੇ ਹੀ ਸ਼ਹਿਰਾਂ ਵਿੱਚ ਇਨ੍ਹਾਂ ਦੀ ਗਿਣਤੀ ਥੋੜੀ ਥੋੜੀ ਹੋਣ ਕਰਕੇ, ਗੁਰਮੁਖੀ ਅਤੇ ਪੰਜਾਬੀ ਪੜ੍ਹਾਉਣ ਦਾ ਪ੍ਰਬੰਧ ਕਿਤੇ ਨਜ਼ਰ ਨਹੀਂ ਆਇਆ। ਇਸ ਨਾਲ ਸਿੰਧੀ ਸਿੱਖਾਂ ਦੀ ਅਗਲੀ ਪੀੜ੍ਹੀ ਦੇ ਬੱਚੇ ਗੁਰਬਾਣੀ ਕਿਵੇਂ ਪੜ੍ਹ ਸਕਣਗੇ? ਕੁਝ ਸਿੰਧੀ ਗੁਰਬਾਣੀ ਉਰਦੂ ਅਤੇ ਹਿੰਦੀ ਦੇ ਗੁਟਕਿਆਂ ਵਿੱਚੋਂ ਪੜ੍ਹਦੇ ਹਨ। ਟੀ.ਵੀ. ਤੋਂ ਪ੍ਰਸਾਰਿਤ ਹੋਣ ਵਾਲੀ ਗੁਰਬਾਣੀ ਅਤੇ ਗੁਰਬਾਣੀ ਦੀਆਂ ਸੀ. ਡੀਜ਼ ਅਤੇ ਪੈੱਨ ਡਰਾਈਵ ਆਦਿ ਇਸ ਮਸਲੇ ਦਾ ਹੱਲ ਕੁਝ ਹੱਦ ਤੱਕ ਤਾਂ ਹੈ ਪਰ ਗੁਰਮੁਖੀ ਵਿੱਚ ਛਪੀ ਗੁਰਬਾਣੀ ਰਾਹੀਂ ਉਚਾਰਣ ਦੀ ਸ਼ੁਧਤਾ ਅਤੇ ਭਾਵਅਰਥ ਦੀ ਸਪੱਸ਼ਟਤਾ ਪੂਰੀ ਤਰ੍ਹਾਂ ਨਹੀਂ ਹੁੰਦੀ ਹੈ।

ਕੇਸਾਧਾਰੀ ਅਤੇ ਅੰਮ੍ਰਿਤਧਾਰੀ ਸਿੰਧੀ ਸਿੱਖਾਂ ਦੀ ਹੋਂਦ 1901 ਤੋਂ ਹੀ ਮਹਿਸੂਸ ਕੀਤੀ ਜਾਣ ਲੱਗੀ ਸੀ। ਇਸ ਵਿੱਚ ਸ੍ਰੀ ਹਰਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸ਼ਾਮ ਸਿੰਘ ਦਾ ਵਿਸ਼ੇਸ਼ ਯੋਗਦਾਨ ਸੀ। ਉਨ੍ਹਾਂ ਨੇ ਸਿੰਧ ਵਿੱਚ ਜਾ ਕੇ ਅਮ੍ਰਿਤ ਪ੍ਰਚਾਰ ਕੀਤਾ ਅਤੇ ਕੇਸਾਧਾਰੀ ਸਿੱਖ ਸਜਾਏ। ਉਪਰੰਤ 1931 ਵਿੱਚ ਭਾਈ ਚਤਰ ਸਿੰਘ ਜੀ ਅਤੇ ਭਾਈ ਲਹਿਰਾ ਸਿੰਘ ਨੇ ਅੰਮ੍ਰਿਤ ਪ੍ਰਚਾਰ ਦੀ ਲਹਿਰ ਹੋਰ ਵੀ ਅੱਗੇ ਵਧਾਈ। ਸਿੰਧੀ ਸਹਿਜਧਾਰੀ ਸਿੱਖਾਂ ਨੇ ਬੜੇ ਉਤਸ਼ਾਹ ਨਾਲ ਉਸ ਲਹਿਰ ਦਾ ਹੁੰਗਾਰਾ ਭਰਿਆ। ਖੁਸ਼ੀ ਦੀ ਗੱਲ ਇਹ ਹੈ ਕਿ ਅੰਮ੍ਰਿਤਧਾਰੀ ਅਤੇ ਕੇਸਧਾਰੀ ਸਿੰਧੀ ਸਿੱਖਾਂ ਵਿੱਚ ਪਤਿਤ ਹੋਣ ਦਾ ਇਕ ਵੀ ਕੇਸ ਨਹੀਂ ਲੱਭਦਾ।

ਉਲਹਾਸਨਗਰ ਬੰਬਈ ਵਿੱਚ ਸਿੰਧੀ ਦਰਬਾਰ ਸਿੰਧੀ ਸਿੱਖਾਂ ਦਾ ਹਿੰਦੁਸਤਾਨ ਵਿੱਚ ਸਭ ਤੋਂ ਵੱਡਾ ਗੁਰਦੁਆਰਾ ਹੈ। ਇਸ ਗੁਰਦੁਆਰੇ ਦੀ ਸਥਾਪਨਾ ਵਿੱਚ ਭਾਈ ਲਹਿਰਾ ਸਿੰਘ ਜੀ ਦਾ ਵਿਸ਼ੇਸ਼ ਯੋਗਦਾਨ ਹੈ। ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਇਸ ਗੁਰਦੁਆਰੇ ਵਿੱਚ ਸੰਗਤ ਦੀ ਹਾਜਰੀ ਹਿੰਦੁਸਤਾਨ ਦੇ ਸਾਰੇ ਹੀ ਗੁਰਦੁਆਰਿਆਂ ਤੋਂ ਵੱਧ ਹੁੰਦੀ ਹੈ। ਦੋ ਕਰੋੜ ਸਿੱਖਾਂ ਵਿੱਚ ਸਿੰਧੀ ਸਿੱਖ ਤਾਂ ਦੋ ਲੱਖ ਹੀ ਹਨ ਪਰ ਇਨ੍ਹਾਂ ਦੇ ਗੁਰਦੁਆਰੇ ਵਿੱਚ ਸਭ ਤੋਂ ਵੱਧ ਹਾਜਰੀ ਹੁੰਦੀ ਹੈ। ਉਲਹਾਸਨਗਰ ਬੰਬਈ ਦੇ ਨਿਵਾਸੀ ਕਾਰੋਬਾਰੀ ਅਤੇ ਵਪਾਰੀ ਹਨ ਪਰ ਉਹ ਗੁਰੂ ਘਰ ਤੋਂ ਗੈਰ ਹਾਜ਼ਰ ਹੋਣ ਲਈ ਆਪਣੇ ਵਪਾਰ ਅਤੇ ਕੰਮ ਨੂੰ ਬਹਾਨਾ ਨਹੀਂ ਬਣਾਉਂਦਾ। ਲੁਧਿਆਣਾ, ਜਲੰਧਰ, ਚੰਡੀਗੜ੍ਹ ਆਦਿ ਕਿਸੇ ਵੀ ਸ਼ਹਿਰ ਦਾ ਵੱਡੇ ਤੋਂ ਵੱਡਾ ਗੁਰਦੁਆਰਾ ਵੀ ਉਲਹਾਸਨਗਰ ਦੇ ਗੁਰਦੁਆਰੇ ਦੀ ਬਰਾਬਰੀ ਸੰਗਤ ਦੀ ਹਾਜਰੀ ਅਤੇ ਗਿਣਤੀ ਵਿੱਚ ਨਹੀਂ ਹੋ ਸਕਦਾ। ਇਸ ਸਭ ਦੀ ਸੋਭਾ ਅਤੇ ਵਡਿਆਈ ਦੇ ਹੱਕਦਾਰ ਭਾਈ ਸ਼ਾਮ ਸਿੰਘ, ਭਾਈ ਚਤਰ ਸਿੰਘ ਅਤੇ ਸੰਤ ਲਹਿਰਾ

ਸਿੰਘ ਹੀ ਹਨ ਜਿਨਾਂ ਨੇ ਸਿੱਖੀ ਦੇ ਪ੍ਰਚਾਰ ਸਮੇਂ ਸਿੰਧੀਆਂ ਵਿੱਚ ਸਿੱਖ ਕਹਿਣ ਦੇ ਨਾਲ ਨਾਲ ਸੱਚੀ ਸ਼ਰਧਾ ਦੀਆਂ ਡੂੰਘੀਆਂ ਜੜ੍ਹਾਂ ਵੀ ਲਾ ਦਿੱਤੀਆਂ। ਇਸ ਪੱਖੋਂ ਸਾਰੇ ਹੀ ਸਿੱਖਾਂ ਨੂੰ ਆਪਣੇ ਸਿੰਧੀ ਵੀਰ ਸਿੱਖਾਂ ਤੋਂ ਬਹੁਤ ਕੁਝ ਸਿੱਖਣ ਦੀ ਲੋੜ ਹੈ।

ਸਿੰਧੀ ਸਮਾਜ ਵਿੱਚ ਸਾਧੂ ਵਾਸਵਾਨੀ, ਚੇਲਾਰਾਮ ਅਤੇ ਕਮਲਾ ਭੈਣ ਜੀ ਦਾ ਬਹੁਤ ਹੀ ਸਤਿਕਾਰ ਹੈ। ਸਿੱਖ ਸਮਾਜ ਇਨ੍ਹਾਂ ਸ਼ਖਸੀਅਤਾਂ ਦਾ ਬਹੁਤ ਹੀ ਮਾਣ ਅਤੇ ਸਤਿਕਾਰ ਕਰਦੇ ਹਨ। ਹਿਮਾਚਲ ਪ੍ਰਦੇਸ਼ ਵਿੱਚ ਕੁਮਾਰ ਹੱਟੀ ਵਿਖੇ ਇਨ੍ਹਾਂ ਦਾ ਇਕ ਵੱਡਾ ਕੇਂਦਰ ਹੈ। ਇਸ ਦੇ ਕੋਲ ਹੀ ਅਖੰਡ ਕੀਰਤਨੀ ਜੱਥੇ ਦਾ ਵੀ ਕੇਂਦਰ ਹੈ। ਦੋਹਾਂ ਵਿੱਚ ਪਿਆਰ ਭਰੇ ਸੰਬੰਧ ਹਨ ਪਰ ਇਕ ਫਿਕਰ ਵਾਲੀ ਗੱਲ ਸਿਆਸੀ ਅਤੇ ਫਜ਼ੂਲ ਦੀ ਬਹਿਸਬਾਜੀ ਕਰਨ ਵਾਲੇ ਸਿੱਖਾਂ ਵੱਲ ਹੈ। ਕੁਮਾਰ ਹੱਟੀ ਦੇ ਸਿੰਧੀ ਕੇਂਦਰ ਵਿੱਚ ਗੁਰਬਾਣੀ ਦਾ ਪ੍ਰਚਾਰ ਚਲਦਾ ਹੈ। ਗੁਰਬਾਣੀ ਦਾ ਕੀਰਤਨ ਹੁੰਦਾ ਹੈ। ਨਿਰਸੰਦੇਹ ਇਹ ਸ਼ਲਾਘਾਯੋਗ ਹੈ ਪਰ ਕੁਝ ਸਿੱਖ ਇਹ ਇਤਰਾਜ਼ ਕਰਦੇ ਹਨ ਕਿ ਕਈ ਕੇਸਾਂ ਤੋਂ ਬਗੈਰ ਸਿੰਧੀ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਹਨ। ਕੁਝ ਸਿੰਧੀ ਬੀਬੀਆਂ ਜਿਨ੍ਹਾਂ ਦੇ ਕੇਸ ਕਟਾਏ ਹੋਏ ਹਨ ਗੁਰਬਾਣੀ ਦਾ ਕੀਰਤਨ ਕਰਦੀਆਂ ਹਨ। ਇਹ ਲੋਕ ਪੰਜਾਬ ਵਿੱਚ 80% ਤੋਂ ਵੱਧ ਸਿੱਖ ਨੌਜਵਾਨਾਂ ਦੇ ਪਤਿਤ ਹੋਣ ਦੀ ਸੱਚਾਈ ਨੂੰ ਕਿਉਂ ਭੁੱਲ ਜਾਂਦੇ ਹਨ?

ਸਹਿਜਧਾਰੀ ਸਿੰਧੀ ਸਿੱਖਾਂ ਦੀ ਗੁਰਬਾਣੀ ਨਾਲ ਸ਼ਰਧਾ ਅਥਾਹ ਹੈ। ਇਹ ਸਹਿਜਧਾਰੀ ਸਿੰਧੀਆਂ ਨੂੰ ਸਾਡੇ ਵੱਲੋਂ ਪਿਆਰ ਅਤੇ ਸਹਿਯੋਗ ਮਿਲਣਾ ਚਾਹੀਦਾ ਹੈ। ਪਿਛੇ ਜਿਹੇ ਉਦਾਸੀ ਅਤੇ ਸਿੰਧੀ ਕੇਂਦਰਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਉਠਵਾ ਲਏ ਗਏ ਸਨ। ਇਹ ਦੱਸਿਆ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੇਸਾਂ ਤੋਂ ਬਗੈਰ ਵਿਅਕਤੀ ਕਰਦੇ ਹਨ ਅਤੇ ਤਾਬਿਆਂ 'ਚ ਬੈਠਦੇ ਹਨ। ਨਵੇਂ ਬਣਾਏ ਨਿਯਮਾਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਪ੍ਰਾਪਤ ਕਰਨ ਲਈ ਪੰਜ ਅੰਮ੍ਰਿਤਧਾਰੀ ਸਿੱਖ ਆਉਣੇ ਚਾਹੀਦੇ ਹਨ ਅਤੇ ਸਰੂਪ ਦਾ ਉਤਾਰਾ ਵੀ ਪੂਰਨ ਸਿੱਖਾਂ ਦੇ ਅਸਥਾਨ ਤੇ ਹੀ ਹੋਣਾ ਚਾਹੀਦਾ ਹੈ। ਇਹ ਕਠਿਨ ਨਿਯਮ ਦੀ ਪਾਲਣਾ ਵਿੱਚ ਉਦਾਸੀ ਅਤੇ ਸਹਿਜਧਾਰੀ ਸਿੱਖ ਕਿਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਤੋੜ ਹੀ ਨਾ ਦਿੱਤੇ ਜਾਣ।

ਸਹਿਜਧਾਰੀ ਸਿੰਧੀ ਸਿੱਖਾਂ ਦਾ ਵਿਆਹ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਮਰਿਆਦਾ ਅਨੁਸਾਰ ਹੀ ਹੁੰਦੇ ਹਨ। ਉਹਨਾਂ ਦੇ ਮਾਨਸਿਕ ਵਰਤਾਰੇ ਵਿੱਚ ਗੁਰਮਤਿ ਦਾ ਵਰਤਾਰਾ ਹੈ। ਮੁੱਖਧਾਰਾ ਦੇ ਸਿੱਖਾਂ ਨੂੰ ਚਾਹੀਦਾ ਹੈ ਕਿ ਸਹਿਜਧਾਰੀ ਸਿੰਧੀਆਂ ਅਤੇ ਉਦਾਸੀਆਂ ਨਾਲ ਪ੍ਰੇਮ ਭਰਿਆ ਵਰਤਾਅ ਕੀਤਾ ਜਾਵੇ ਤਾਂ ਕਿ ਉਹ ਵੀ ਸਿੱਖ ਮੁੱਖਧਾਰਾ ਦਾ ਹਿੱਸਾ ਬਣ ਸਕਣ।

ਦਲਿਤ ਸਿੱਖਾਂ ਦੇ ਨੁਮਾਇੰਦੇ ਸ਼੍ਰੋਮਣੀ ਕਮੇਟੀ ਲਈ ਨਾਮਜਦ ਕੀਤੇ ਜਾਂਦੇ ਹਨ, ਇਸੇ ਤਰ੍ਹਾਂ ਸਿੰਧੀ ਸਿੱਖਾਂ ਦਾ ਵੀ ਘੱਟੋ ਘੱਟ ਇਕ ਨੁਮਾਇੰਦਾ ਸ਼੍ਰੋਮਣੀ ਕਮੇਟੀ ਵਾਸਤੇ ਜ਼ਰੂਰ ਹੀ ਨਾਮਜਦ ਕੀਤਾ ਜਾਣਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਦਾ ਇਕ ਮੈਂਬਰ ਇਕ ਲੱਖ ਸਿੱਖਾਂ ਦੇ ਲਗਭਗ ਪ੍ਰਤੀਨਿਧਤਾ ਕਰਦਾ ਹੈ। ਇਸ ਲਈ ਇਕ ਸਿੰਧੀ ਸਿੱਖ ਨੂੰ ਮੈਂਬਰ ਵਜੋਂ ਨਾਮਜ਼ਦ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਦੋ ਲੱਖ ਸਿੰਧੀ ਸਿੱਖ ਹਿੰਦੁਸਤਾਨ ਦੇ ਕਈ ਸ਼ਹਿਰਾਂ ਵਿੱਚ ਵੱਸੇ ਹੋਏ ਹੋਣ ਕਾਰਨ ਚੋਣ ਪ੍ਰਕਿਰਿਆ ਦਾ ਭਾਗ ਨਹੀਂ ਬਣ ਸਕਦੇ।

### ਪਾਕਿਸਤਾਨ ਦੇ ਸਿੰਧੀ ਸਿੱਖ

ਪਾਕਿਸਤਾਨ ਦੇ ਸਿੰਧੀ ਸਿੱਖਾਂ ਦੀ ਗਿਣਤੀ ਲਗਭਗ ਪੰਜਾਹ ਹਜ਼ਾਰ ਮੰਨੀ ਗਈ ਹੈ। ਇਹ ਵਧੇਰੇ ਕਰਕੇ ਸਿੰਧ ਪ੍ਰਾਂਤ ਵਿੱਚ ਹੀ ਹਨ। ਭਾਰਤ ਦਾ ਸਾਰਾ ਹੀ ਸਿੱਖ ਭਾਈਚਾਰਾ ਇਨ੍ਹਾਂ ਦਾ ਬਹੁਤ ਹੀ ਸ਼ੁਕਰਗੁਜ਼ਾਰ ਹੈ ਕਿਉਂਕਿ ਉਹ ਸਿੰਧੀ ਸਿੱਖ ਨਨਕਾਣਾ ਸਾਹਿਬ, ਪੰਜਾ ਸਾਹਿਬ ਅਤੇ ਹੋਰ ਗੁਰਧਾਮਾਂ ਦੇ ਦਰਸ਼ਨਾਂ ਲਈ ਆਉਂਦੇ ਹਨ। ਵਪਾਰੀ ਭਾਰਤੀ ਸਿੱਖ ਸੰਗਤ ਦੀ ਸੇਵਾ ਅਤੇ ਸਵਾਗਤ ਕਰਦੇ ਹਨ। ਸਿੰਧ ਵਿੱਚ ਇਹਨਾਂ ਦੀ ਅਬਾਦੀ ਪੁਰਾਣੀ ਹੈ। ਦੂਰ ਦੁਰਾਡੇ ਕਸਬਿਆਂ ਅਤੇ ਪਿੰਡਾਂ ਵਿੱਚ ਤਾਂ ਗੁਰਦੁਆਰੇ ਨਹੀਂ ਹਨ ਪਰ ਇਨ੍ਹਾਂ ਗੁਰੂ ਪਿਆਰਿਆਂ ਨੇ ਹਰ ਜਿਲੇ ਦੇ ਹੈਡ ਕਵਾਟਰ ਸ਼ਹਿਰ ਵਿਖੇ ਇਕ ਇਕ ਗੁਰਦੁਆਰਾ ਕਾਇਮ ਕੀਤਾ ਹੋਇਆ ਹੈ। ਸਿੰਧੀ ਸਿੱਖਾਂ ਅਤੇ ਮੁਸਲਮਾਨਾਂ ਵਿੱਚ ਅਜੇ ਤੱਕ ਟਕਰਾਅ ਦੀ ਕੋਈ ਘਟਨਾ ਸਾਹਮਣੇ ਨਹੀਂ ਆਈ। ਸਿੰਧੀ ਸਿੱਖ ਵਪਾਰ, ਦੁਕਾਨਦਾਰੀ, ਸ਼ਾਹੂਕਾਰਾ ਅਤੇ ਸਰਕਾਰੀ ਨੌਕਰੀਆਂ ਕਰਦੇ ਹਨ। ਇਹ ਲੋਕ ਕਾਫੀ ਖੁਸ਼ਹਾਲ ਹਨ ਅਤੇ ਉਥੇ ਦੇ ਸਮਾਜ ਵਿੱਚ ਇਨ੍ਹਾਂ ਦਾ ਮਾਣ ਹੈ। ਇਨੀ ਛੋਟੀ ਘੱਟ ਗਿਣਤੀ ਹੋ ਕੇ ਪਾਕਿਸਤਾਨ ਵਰਗੇ ਕੱਟੜਪੰਥੀ ਦੇਸ਼ ਵਿੱਚ ਆਦਰ ਮਾਣ ਨਾਲ ਰਹਿਣਾ ਵਾਕਈ ਹੀ ਸਿੰਧੀ ਸਿੱਖਾਂ ਦੀ ਪ੍ਰਾਪਤੀ ਹੈ ਜਿਸ ਬਾਰੇ ਉਨ੍ਹਾਂ ਤੋਂ ਸਿਖਣਾ ਚਾਹੀਦਾ ਹੈ।

### ਸਿੰਧੀ ਸਿੱਖਾਂ ਦਾ ਪੰਥ ਲਈ ਸੰਭਾਵਿਤ ਯੋਗਦਾਨ

ਸਿੰਧੀ ਸਿੱਖਾਂ ਵਿੱਚ ਵਿਦਿਆ 100% ਹੈ ਤੇ ਸਿੰਧੀ ਸਿੱਖਾਂ ਵਿੱਚ ਬੇਰੁਜ਼ਗਾਰੀ ਬਿਲਕੁਲ ਹੀ ਨਹੀਂ ਹੈ। ਸਿੰਧੀ ਸਿੱਖਾਂ ਦਾ ਉੱਠਣ-ਬਹਿਣ ਅਤੇ ਲਾਈਫ ਸਟਾਈਲ ਉੱਚੇ ਦਰਜੇ ਦਾ ਹੈ। ਇਨ੍ਹਾਂ ਗੱਲਾਂ ਕਰਕੇ ਸਿੰਧੀ ਸਿੱਖਾਂ ਦਾ ਭਾਰਤੀ ਸਮਾਜ ਵਿੱਚ ਰੁਤਬਾ ਜਾਂ ਸਟੇਟਸ ਵੀ ਉੱਚਾ ਅਤੇ ਮਾਣ ਵਾਲਾ ਹੈ। ਇਹ ਗਲ ਸਿੱਖ ਪੰਥ ਲਈ ਵੀ ਫਖਰ ਵਾਲੀ ਹੈ। ਸਿੰਧੀ ਸਿੱਖਾਂ ਦੀ ਯੋਜਨਾ ਅਤੇ ਅਮੀਰੀ ਤੋਂ ਸਾਰਾ ਹੀ ਸਿੱਖ ਸਮਾਜ ਲਾਭ ਉਠਾ ਸਕਦਾ ਹੈ। ਸਿੰਧੀ ਸਿੱਖ ਆਪਣੇ ਵਪਾਰਿਕ ਅਦਾਰਿਆਂ ਵਿੱਚ ਯੋਗ ਸਿੱਖਾਂ ਨੂੰ ਰੁਜ਼ਗਾਰ ਦੇ ਸਕਦੇ ਹਨ ਜਿਵੇਂ ਕਿ ਪੰਜਾਬ ਐਂਡ ਸਿੰਧ ਬੈਂਕ ਦੇ ਚੇਅਰਮੈਨ ਸ. ਇੰਦਰਜੀਤ ਸਿੰਘ ਨੇ ਮਿਸਾਲ ਕਾਇਮ ਕੀਤੀ ਸੀ।

ਪੜ੍ਹੇ ਲਿਖੇ ਤਜ਼ਰਬੇਕਾਰ ਦੂਰ ਦ੍ਰਿਸ਼ਟੀ ਵਾਲੇ ਸਿੰਧੀ ਸਿੱਖ ਪੰਥਕ ਮਸਲਿਆਂ ਦੇ ਹੱਲ ਲਈ ਅਗਵਾਈ ਦੇ ਸਿੱਖਾਂ ਨੂੰ ਅਨਪੜ੍ਹ ਲੀਡਰਾਂ ਦੀਆਂ ਐਜੀਟੇਸ਼ਨਾਂ ਦੇ ਜ਼ੋਖਮ ਤੋਂ ਬਚਾਅ ਸਕਦੇ ਹਨ। ਸਿੰਧੀ ਸਿੱਖਾਂ ਦਾ ਦੂਸਰੀਆਂ ਕੌਮਾਂ ਜਿਵੇਂ ਕਿ ਮਾਰਵਾੜੀ, ਗੁਜਰਾਤੀ ਅਤੇ ਬੰਬਈ ਵਾਸੀਆਂ ਨਾਲ ਮਿਲਵਰਤਨ ਅਤੇ ਨੇੜਤਾ ਹੈ। ਇਨ੍ਹਾਂ ਕੌਮਾਂ ਵਿੱਚ ਸਿੱਖਾਂ ਦਾ ਅਕਸ ਸੁਧਾਰਨ ਲਈ ਸਿੰਧੀ ਸਿੱਖ ਮਹੱਤਵਪੂਰਨ ਯੋਗਦਾਨ ਪਾ ਸਕਦੇ ਹਨ। ਅਮੀਰ ਸਿੰਧੀ ਸਿੱਖਾਂ ਨੂੰ ਪੰਜਾਬ ਵਿੱਚ ਕਾਰਖਾਨੇ ਲਾਉਣ ਲਈ ਪ੍ਰੇਰਨਾ ਕਰਨੀ ਚਾਹੀਦੀ ਹੈ ਤਾਂਕਿ ਸਿੱਖ ਯੁਵਕਾਂ ਨੂੰ ਰੁਜ਼ਗਾਰ ਮਿਲ ਸਕੇ। ਇਹ ਸਭ ਕੁਝ ਤਾਂ ਹੀ ਸੰਭਵ ਹੈ ਜੇ ਤਾਲੀ ਦੋਹਾਂ ਹੱਥਾਂ ਨਾਲ ਵਜੇ। ਮਤਲਬ ਇਹ ਹੈ ਕਿ ਸਿੱਖ ਮੁੱਖਧਾਰਾ ਨੂੰ ਸਿੰਧੀ ਸਿੱਖਾਂ ਨੂੰ ਪੂਰਾ ਮਾਣ ਸਨਮਾਨ ਅਤੇ ਮਹੱਤਵ ਦੇਣਾ ਜ਼ਰੂਰੀ ਸਮਝਣਾ ਚਾਹੀਦਾ ਹੈ।

**ਸਹਿਜਧਾਰੀ ਸਿੰਧੀਆਂ ਪ੍ਰਤੀ ਸਿੱਖਾਂ ਦਾ ਫਰਜ**

ਸਹਿਜਧਾਰੀ ਸਿੰਧੀ ਸਿੱਖ ਬਹੁਤ ਹੀ ਪਿਆਰਾ ਵਰਗ ਹੈ। ਇਨ੍ਹਾਂ ਦਾ ਗੁਰਬਾਣੀ ਪ੍ਰਤੀ ਪਿਆਰ ਅਤੇ ਸਤਿਕਾਰ ਅਥਾਹ ਹੈ। ਇਹ ਭਾਵੇਂ ਕੇਸਧਾਰੀ ਨਹੀਂ ਹਨ ਪਰ ਇਨ੍ਹਾਂ ਦੀ ਗੁਰੂ ਸਾਹਿਬਾਂ ਪ੍ਰਤੀ ਸ਼ਰਧਾ ਅਤੇ ਸਤਿਕਾਰ ਆਮ ਸਿੱਖਾਂ ਨਾਲੋਂ ਵੱਧ ਭਾਵੇਂ ਹੋਵੇ ਘੱਟ ਨਹੀਂ ਹੈ। ਪਿੱਛੇ ਜਿਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਪ੍ਰਾਪਤੀ ਲਈ ਨਿਯਮ ਕਰ ਦਿੱਤੇ ਗਏ ਸਨ। ਇਸ ਲਈ ਸਹਿਜਧਾਰੀ ਸਿੱਖਾਂ ਨੂੰ ਆਪਣੇ ਘਰਾਂ ਅਤੇ ਗੁਰਦੁਆਰਿਆਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪ੍ਰਾਪਤ ਕਰਨ ਵਿੱਚ ਮੁਸ਼ਕਲ ਆ ਰਹੀ ਹੈ। ਸਹਿਜਧਾਰੀ ਸਿੰਧੀਆਂ ਦੇ ਪਿਆਰ ਸਤਿਕਾਰ ਅਤੇ ਸੇਵਾ ਨੂੰ ਦੇਖਦੇ ਹੋਏ ਇਹ ਮੁਸ਼ਕਲ ਦੂਰ ਕਰਨੀ ਚਾਹੀਦੀ ਹੈ। ਪੰਜਾਬ ਤੋਂ ਬਾਹਰਲੇ ਸਹਿਜਧਾਰੀ ਸਿੰਧੀਆਂ ਦੀ ਨਵੀਂ ਪੀੜ੍ਹੀ ਗੁਰਮੁਖੀ ਤੋਂ ਅਣਜਾਣ ਹੈ ਇਸ ਲਈ ਇਨ੍ਹਾਂ ਵਾਸਤੇ ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਗੁਰਬਾਣੀ ਛਪਾਈ ਜਾਣੀ ਜਰੂਰੀ ਹੈ। ਸਹਿਜਧਾਰੀ ਸਿੰਧੀ ਸਿੱਖ ਕੌਮ ਦੀ ਵਾੜ ਵਾਂਗ ਹਨ। ਇਨ੍ਹਾਂ ਦੀ ਸੰਭਾਲ ਅਤੇ ਸਤਿਕਾਰ ਅਤਿ ਜਰੂਰੀ ਹੈ।

**ਸਿੰਧੀ ਸਹਿਜਧਾਰੀਆਂ ਦੀ ਸ਼ਰਧਾ ਦੀਆਂ ਅਦਭੁੱਤ ਉਦਾਹਰਣਾਂ**

ਸਹਿਜਧਾਰੀ ਸਿੰਧੀ ਸਿੱਖਾਂ ਦੀਆਂ ਗੁਰਬਾਣੀ ਪ੍ਰਤੀ ਸ਼ਰਧਾ ਅਤੇ ਸਮਰਪਣ ਦੀਆਂ ਕੁੱਝ ਅੱਖੀਂ ਡਿੱਠੀਆਂ ਉਦਾਹਰਣਾਂ ਦੀ ਸਾਂਝ ਕਰਦਾ ਹਾਂ। ਉਹਨਾਂ ਉਦਾਹਰਣਾਂ ਤੋਂ ਮੈਨੂੰ ਆਪਣੇ ਆਪ ਨੂੰ ਬਹੁਤ ਹੀ ਛੋਟਾ ਜਾਂ ਉਨ੍ਹਾਂ ਸਿੰਧੀ ਸਿੱਖ ਵੀਰਾਂ ਭੈਣਾਂ ਦਾ ਗੁਰਮੁਖੀ ਵਿਅਕਤੀਤਵ ਬਹੁਤ ਉੱਚਾ ਲੱਗਣ ਲੱਗ ਪੈਂਦਾ ਹੈ। ਇਨ੍ਹਾਂ ਨੂੰ ਵੇਖ ਕੇ ਤੁਸੀਂ ਵੀ ਮੇਰੇ ਵਾਂਗ ਹੀ ਮਹਿਸੂਸ ਕਰੋਗੇ ਅਤੇ ਤੁਹਾਡੇ ਸਿਰ ਵੀ ਮੇਰੇ ਵਾਂਗ ਇ੍ਹਨਾਂ ਦੇ ਚਰਣਾਂ ਵਿੱਚ ਝੁੱਕ ਜਾਵੇਗਾ।

ਇੱਕ ਸਿੰਧੀ ਬੀਬੀ ਜਿਸਦੀ ਅਜੇ ਸ਼ਾਦੀ ਵੀ ਸੀ ਨਹੀਂ ਹੋਈ ਦਿੱਲੀ ਜਨਪਥ ਰੋਡ ਉੱਤੇ ਬਰਡ ਐਂਡ ਕੰਪਨੀ ਵਿੱਚ ਕੰਮ ਕਰਦੀ ਸੀ। ਉਸਦੇ ਪਰਸ ਵਿੱਚ ਇੱਕ ਰੁਮਾਲ ਵਿੱਚ ਲਪੇਟਿਆ ਹੋਇਆ ਇੱਕ ਛੋਟਾ ਜਿਹਾ ਗੁਟਕਾ ਸੀ ਜੋ ਮਸਾਂ ਹੀ ਤਿੰਨ ਬਾਏ ਦੋ ਇੰਚ ਸੀ। ਆਖਿਆ ਜਾਂਦਾ ਹੈ ਕਿ ਉਹ ਪੂਰਾ ਗੁਰਬਾਣੀ ਦਾ ਸਰੂਪ ਸੀ ਅਤੇ ਜਰਮਨੀ ਵਿੱਚ ਤਿਆਰ ਹੋਇਆ ਸੀ। ਉਹ ਬੀਬੀ ਆਪਣੀ ਡਿਉਟੀ ਦੌਰਾਨ ਗੁਰਬਾਣੀ ਦੇ ਦਸ ਸਰੂਪ ਨੂੰ ਬਾਰ-ਬਾਰ ਪਰਸ ਤੋਂ ਬਾਹਰ ਕੱਢ ਕੇ ਦਰਸ਼ਣ ਕਰਕੇ ਨਮਸਕਾਰ ਕਰਦੀ ਅਤੇ ਕਿਸੇ ਪੰਨੇ ਉੱਤੇ ਨਜ਼ਰ ਵੀ ਮਾਰਦੀ। ਇਸ ਕਾਰਜ ਨੂੰ ਕਈ ਵਾਰ ਉਹ ਗੁਪਤ ਹੀ ਰੱਖਦੀ ਪਰ ਫਿਰ ਵੀ ਪਤਾ ਲੱਗ ਹੀ ਜਾਂਦਾ। ਮੇਰੇ ਬਾਰ-ਬਾਰ ਜਾਨਣ ਦੇ ਯਤਨ ਦੇ ਬਾਵਜੂਦ ਉਸ ਨੇ ਬਹੁਤ ਹੀ ਦ੍ਰਿੜਤਾ ਨਾਲ ਮਨਾ ਕਰ ਦਿੱਤਾ। ਇਨ੍ਹਾਂ ਸਿੰਧੀ ਬੀਬੀ ਨੇ ਕਿਹਾ ਕਿ ਗੁਰਬਾਣੀ ਮੇਰੇ ਜੀਵਨ ਅਤੇ ਪਰਿਵਾਰ ਦੀ ਰੱਖਿਆ ਅਤੇ ਸਫਲਤਾ ਹੈ। ਮੈਂ ਤਾਂ ਇਸ ਨਾਲ ਹਰ ਵਕਤ ਜੁੜ ਕੇ ਹੀ ਰਹਾਂਗੀ ਅਤੇ ਅਨੰਦ ਅਤੇ ਖੇਲੇ ਵਿੱਚ ਰਹਾਂਗੀ। ਇਹ ਬੀਬੀ ਪਹਿਰਾਵੇ 'ਚ ਸਹਿਜਧਾਰੀ ਹੀ ਸੀ। ਇਨ੍ਹਾਂ ਦੇ ਘਰ ਵਿੱਚ ਨਿਤਨੇਮ ਹੁੰਦਾ ਸੀ ।

ਦੂਜੀ ਮਿਸਾਲ ਇਕ ਨਵ-ਵਿਆਹੀ ਸਿੰਧੀ ਬੀਬੀ ਦੇ ਸਹੁਰੇ ਅਤੇ ਪੇਕੇ ਸਹਿਜਧਾਰੀ ਸਨ। ਬੀਬੀ ਦੇ ਸਹੁਰੇ ਦੇ ਪਿਤਾ ਜੀ ਚੰਗੀ ਸਿਹਤ ਵਾਲਾ ਅਤੇ ਪੈਸੇ ਵਾਲੇ ਵਿਅਕਤੀ ਸੀ। ਇਸ ਬੀਬੀ ਦੇ ਸਹੁਰੇ ਦੇ ਤਿੰਨ ਪੁੱਤਰ ਹਨ। ਵਿਚਕਾਰਲੇ ਪੁੱਤਰ ਦੇ ਇੱਕਲੌਤੇ ਪੁੱਤਰ ਨਾਲ

ਇਸ ਬੀਬੀ ਦਾ ਅਨੰਦ ਕਾਰਜ ਹੋਇਆ ਸੀ। ਸਭ ਤੋਂ ਵੱਡਾ ਪੁੱਤਰ ਦੇ ਕੋਈ ਔਲਾਦ ਨਹੀਂ ਸੀ। ਉਸ ਤੋਂ ਛੋਟੇ ਪੁੱਤਰ ਦੀਆਂ ਦੋ ਧੀਆਂ ਸਨ ਜਿਨ੍ਹਾਂ ਦਾ ਵਿਆਹ ਹੋ ਚੁੱਕਾ ਸੀ। ਸਭ ਤੋਂ ਵੱਡਾ ਪੁੱਤਰ ਮੈਕਸ ਫੈਕਟਰ ਕੰਪਨੀ ਚੋਂ ਰਿਟਾਇਰ ਹੋਇਆ ਸੀ। ਰਿਟਾਇਰਮੈਂਟ ਤੋਂ ਬਾਅਦ ਉਹ ਆਪਣੇ ਵਿਹਲੇ ਸਮੇਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਚਾਹੁੰਦਾ ਸੀ ਪਰ ਉਸ ਨੂੰ ਇਹ ਕਰਨ ਦਾ ਮੌਕਾ ਨਾ ਮਿਲਦਾ ਕਿਉਂਕਿ ਜਿਹਦਾ ਪ੍ਰਕਾਸ਼ ਉਹਨਾਂ ਦੇ ਘਰ ਸੀ ਉਸ ਤੋਂ ਬਹੁਤੇ ਚਿਰ ਉਸਦੇ ਪਿਤਾ ਜੀ ਹੀ ਪਾਠ ਕਰਦੇ ਰਹਿੰਦੇ ਸਨ। ਇੱਕ ਦਿਨ ਉਹ ਕਹਿਣ ਲੱਗਾ ਕਿ ਮੈਂ ਕਿਹੜੇ ਵੇਲੇ ਪਾਠ ਕਰਾਂ, ਹਰ ਵੇਲੇ ਤਾਂ ਪਿਤਾ ਜੀ ਹੀ ਪਾਠ ਕਰਦੇ ਰਹਿੰਦੇ ਹਨ। ਇਸ ਦਾ ਹਲ ਉਸਨੇ ਇਹ ਕੀਤਾ ਕਿ ਉਸਨੇ ਆਪਣੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇੱਕ ਹੋਰ ਪ੍ਰਕਾਸ਼ ਕਰ ਲਿਆ।

ਇਸ ਤਰ੍ਹਾਂ ਉਹਨਾਂ ਨੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋ ਪ੍ਰਕਾਸ਼ ਹੋ ਗਏ ਅਤੇ ਪਿਤਾ ਅਤੇ ਪੁੱਤਰ ਪ੍ਰੇਮ ਪੂਰਵਕ ਗੁਰਬਾਣੀ ਦਾ ਰਸ ਮਾਣਦੇ ਰਹੇ। ਇਸੇ ਹੀ ਦੌਰਾਨ ਵਿਚਕਾਰਲੇ ਪੁੱਤਰ ਦੇ ਪੁੱਤਰ ਦਾ ਵਿਆਹ ਹੋ ਗਿਆ। ਉਹ ਵਿਆਹੇ ਜਾਣ ਤੋਂ ਬਾਅਦ ਇਸ ਘਰ ਵਿੱਚ ਆਉਣ ਵਾਲੀ ਬੀਬੀ ਦੀ ਗੁਰਮੁਖ ਅਤੇ ਬਾਣੀ ਦੇ ਪ੍ਰੇਮ ਵਿੱਚ ਭਿੱਜੇ ਪਰਿਵਾਰ ਦੀ ਜੰਮਪਲ ਸੀ। ਇਸ ਦੇ ਪਿਤਾ ਨੇ ਇਸ ਨੂੰ ਦਾਜ ਵਿੱਚ ਬਹੁਤ ਕੁੱਝ ਦਿੱਤਾ ਪਰ ਸਭ ਤੋਂ ਵੱਡੀ ਦਾਤ ਦਿੱਤੀ ਸੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਪਹਿਲੇ ਦੌਰ ਅਤੇ ਰੁਮਾਲਿਆਂ ਸਮੇਤ। ਨਾਲ ਹੀ ਪੱਕੀ ਤਾਕੀਦ ਕੀਤੀ ਕਿ ਇਸ ਸਰੂਪ ਦੀ ਹਰ ਰੋਜ ਸੇਵਾ ਅਤੇ ਪ੍ਰਕਾਸ਼ ਕਰਕੇ ਹੁਕਮ ਲੈਣਾ। ਇਸ ਬੀਬੀ ਨੇ ਵਿਆਹ ਤੋਂ ਬਾਅਦ ਸਹੁਰੇ ਘਰ ਆ ਕੇ ਆਪਣੇ ਪਤੀ, ਸਹੁਰੇ ਪਿਤਾ ਅਤੇ ਸਹੁਰੇ ਦੇ ਪਿਤਾ ਨੂੰ ਆਪਣੇ ਪਿਤਾ ਦੀ ਆਗਿਆ ਅਤੇ ਤਾਕੀਦ ਬਾਰੇ ਦਸ ਕੇ ਪੇਕੇ ਘਰ ਤੋਂ ਆਏ ਗੁਰੂ-ਸਰੂਪ ਦੇ ਪ੍ਰਕਾਸ਼ ਦਾ ਇੰਤਜਾਮ ਕਰਨ ਲਈ ਕਿਹਾ ਤੇ ਉਹਨਾਂ ਨੇ ਖੁਸ਼ੀ-ਖੁਸ਼ੀ ਕਰ ਦਿੱਤਾ। ਹੁਣ ਇਸ ਘਰ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਪ੍ਰਕਾਸ਼ ਹਨ। ਪਰਿਵਾਰ ਉੱਤੇ ਸੁੱਖਾਂ ਅਤੇ ਮਿਹਰ ਦੀ ਬਰਖਾ ਹੁੰਦੀ ਹੈ। ਉਹ ਪਰਿਵਾਰ ਦਿੱਲੀ ਦਾ ਨਿਵਾਸੀ ਹੈ।

ਤੀਜੀ ਮਿਸਾਲ ਲੀਡਰ ਟਾਈਪ ਸਿੱਖ ਅਤੇ ਗੁਰਬਾਣੀ ਦੇ ਸ਼ਰਧਾਲੂ ਸਹਿਜਧਾਰੀ ਸਿੰਧੀਆਂ ਦੀ ਹੈ ਤੇ ਕਹਾਣੀ ਵੀ ਦਿੱਲੀ ਦੇ ਇੱਕ ਸਿੰਧੀ ਪਰਿਵਾਰ ਦੀ ਹੈ ਜਿਨ੍ਹਾਂ ਤੋਂ ਬਾਣੀ ਦੇ ਆਸਰੇ ਅਤੇ ਸ਼ਰਧਾ ਦੇ ਨਾਲ ਨਾਲ ਮਾਤਾ ਪਿਤਾ ਦੇ ਆਦਰ ਸਤਿਕਾਰ ਅਤੇ ਸੇਵਾ ਦੀ ਸਿੱਖਿਆ ਵੀ ਮਿਲਦੀ ਹੈ।ਇੱਕ ਪਰਿਵਾਰ ਦਾ ਮੁਖੀ ਦਿੱਲੀ ਵਿੱਚ ਬਰਤਨਾਂ ਅਤੇ ਮੈਟਲ ਦਾ ਵੱਡਾ ਵਪਾਰੀ ਹੈ। ਪਾਕਿਸਤਾਨ ਬਣਨ ਤੋਂ ਬਾਅਦ ਇਹ ਪਰਿਵਾਰ ਦਿੱਲੀ ਆ ਗਿਆ ਸੀ। ਰਿਫਿਊਜੀ ਵਿਚਾਰੇ ਕੋਲ ਪੈਸਾ ਵੀ ਨਹੀਂ ਸੀ। ਇਹ ਬਹੁਤ ਔਖਾ ਵਕਤ ਸੀ ਪਰ ਗੁਰੂ ਉੱਤੇ ਉਨ੍ਹਾਂ ਨੂੰ ਭਰੋਸਾ ਸੀ ਕਿ ਗੁਰੂ ਉਹਨਾਂ ਦੀ ਬਾਂਹ ਫੜੇਗਾ। ਹਰ ਵੇਲੇ ਇਸ ਪਰਿਵਾਰ ਦਾ ਮੁਖੀ ਗੁਰੂ ਨਾਨਕ ਦੇਵ ਜੀ ਨੂੰ ਯਾਦ ਕਰਦੇ ਰਹਿੰਦੇ ਅਤੇ ਆਪਣੇ ਕਸ਼ਟਾਂ ਦੇ ਛੁਟਕਾਰੇ ਦੀ ਆਸ ਰੱਖੀ ਰਖਦੇ ਸੀ। ਅਖੀਰ ਗੁਰੂ ਨੇ ਇਨ੍ਹਾਂ ਨੂੰ ਕਾਰੇ ਲਾ ਦਿੱਤਾ। ਇਹ ਪਰਿਵਾਰ ਕਿਵੇਂ-ਕਿਵੇਂ ਸੌ ਰੁਪਏ ਦਾ ਇੰਤਜਾਮ ਕਰਕੇ ਸੜਕ ਉੱਤੇ ਹੀ ਬੈਠ ਕੇ ਪਿੱਤਲ ਦੇ ਭਾਂਡੇ ਵੇਚਣ ਲੱਗ ਪਿਆ। ਭਾਂਡਿਆਂ ਵਿੱਚੋਂ ਇਹਨਾਂ ਨੇ ਕੇਵਲ ਪਿੱਤਲ ਦੇ ਗਿਲਾਸ ਅਤੇ ਕੌਲੀਆਂ ਹੀ ਵੇਚਣੀਆਂ ਸ਼ੁਰੂ ਕੀਤੀਆਂ। ਗੁਰੂ ਦੀ ਮਿਹਰ ਹੋਈ। ਇਹਨਾਂ ਦੀ ਮਿਹਨਤ

ਸਫਲ ਹੋਈ। ਇਸ ਕੰਮ ਨਾਲ ਇਸ ਪਰਿਵਾਰ ਦੀ ਰੋਟੀ ਅਤੇ ਇਕ ਛੋਟੇ ਜਿਹੇ ਘਰ ਦਾ ਕਿਰਾਇਆ ਨਿਕਲਣ ਲੱਗ ਪਿਆ ਬਲਕਿ ਕੁਝ ਬਚਤ ਵੀ ਹੋਣ ਲੱਗ ਪਈ। ਅੱਗੇ ਜਾ ਕੇ ਇਹ ਪਰਿਵਾਰ ਭਾਂਡਿਆਂ ਦਾ ਵੱਡਾ ਵਪਾਰੀ ਅਤੇ ਕਾਰਾਂ ਕੋਠੀਆਂ ਦਾ ਮਾਲਕ ਬਣ ਗਿਆ। ਇਸ ਪਰਿਵਾਰ ਨੇ ਆਪਣੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਬਹੁਤ ਹੀ ਸਤਿਕਾਰ ਅਤੇ ਸੁੰਦਰ ਸਜਾਵਟ ਨਾਲ ਗਰਾਊਂਡ ਫਲੋਰ ਦੇ ਇਕ ਕਮਰੇ ਵਿੱਚ ਕੀਤਾ ਸੀ। ਸਾਰਾ ਪਰਿਵਾਰ ਬੜੀ ਸ਼ਰਧਾ ਅਤੇ ਪ੍ਰੇਮ ਨਾਲ ਸੇਵਾ ਕਰਦੇ ਅਤੇ ਮਨਚਾਹੇ ਫ਼ਲ ਪਾਉਂਦਾ। ਗਰਾਊਂਡ ਫਲੋਰ ਤੇ ਪ੍ਰਕਾਸ਼ ਕਰਨ ਦਾ ਕਾਰਨ ਸੀ ਕਿ ਪਰਿਵਾਰ ਦੇ ਮੁਖੀ ਦੀ ਉਮਰ ਕਰਕੇ ਗੋਡਿਆਂ ਵਿੱਚ ਦਰਦ ਹੋਣ ਲੱਗ ਪਈ ਸੀ।

ਜੇ ਪ੍ਰਕਾਸ਼ ਉਤਲੀ ਮੰਜਿਲ ਵਿੱਚ ਹੋਵੇ ਤਾਂ ਪੌੜੀਆਂ ਚੜ੍ਹਣਾ ਮੁਸ਼ਕਲ ਸੀ। ਇਸ ਦੌਰਾਨ ਇਕ ਘਟਨਾ ਵਾਪਰੀ। ਕਹਿ ਲਉ ਕਿ ਦੁਰਘਟਨਾਂ ਵਾਪਰੀ।ਹੋਇਆ ਇਵੇਂ ਕਿ ਇੱਕ ਸੰਸਥਾ ਜਿਹੜੀ ਆਪਣੇ ਕਾਰਜ ਗ੍ਰੰਥ ਸਾਹਿਬ ਦਾ ਸਤਿਕਾਰ ਕਰਵਾਉਣਾ ਦਸਦੀ ਸੀ ਕੁਝ ਜਬਰਦਸਤੀ ਕਰਨ ਲਗ ਪਈ। ਇਸ ਦੇ ਨੌਜਵਾਨ ਜਾਂਦੇ ਅਤੇ ਜੇ ਕਿਤੇ ਉਦਾਸੀਆਂ, ਸਹਿਜਧਾਰੀਆਂ ਜਾਂ ਘਰਾਂ ਦਾ ਸੰਸਥਾਵਾਂ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਇਆ ਤਾਂ ਗੁਰੂ ਦੇ ਸਰੂਪ ਨੂੰ ਜਬਰਦਸਤੀ ਚੁੱਕ ਲਿਆਉਂਦੇ ਜਾਂ ਕਹਿ ਲਉ ਕਿ ਖੋਹ ਲਿਆਉਂਦੇ। ਇਸ ਬਾਰੇ ਖਬਰਾਂ ਪੜ੍ਹ ਕੇ ਅਤੇ ਸੁਣ ਕੇ ਇਹ ਪਰਿਵਾਰ ਵੀ ਡਰਨ ਲਗ ਪਿਆ। ਇਸ ਡਰ ਕਾਰਨ ਇਹਨਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤੀਜੀ ਮੰਜਿਲ ਤੇ ਇੱਕ ਛੋਟੇ ਕਮਰੇ ਵਿੱਚ ਕਰ ਦਿੱਤਾ। ਹੁਣ ਹਰ ਰੋਜ ਸਵੇਰੇ ਅਤੇ ਸ਼ਾਮ ਇਸ ਪਰਿਵਾਰ ਦਾ ਮੁਖੀ ਬੜੀ ਮੁਸ਼ਕਲਾਂ ਨਾਲ ਵੱਡੀ ਉਮਰ ਵਿੱਚ ਗੋਡਿਆਂ ਦੀ ਪੀੜ ਬਰਦਾਸਤ ਕਰਦੇ ਹੋਏ ਤੀਜੀ ਮੰਜਿਲ ਤੇ ਦਰਸ਼ਨ ਕਰਕੇ ਅਤੇ ਮੱਥਾ ਟੇਕਣ ਜਾਂਦੇ ਹਨ।

ਇਨ੍ਹਾਂ ਦੇ ਕਸ਼ਟ ਤੋਂ ਗੁਰੂ ਤਾਂ ਜਾਣੂ ਹੀ ਹੈ ਅਤੇ ਉਹ ਗੁਰੂ ਗ੍ਰੰਥ ਸਾਹਿਬ ਦਾ ਜਬਰਦਸਤੀ ਸਤਿਕਾਰ ਕਰਵਾਉਣ ਵਾਲਿਆਂ ਨੂੰ ਕਿਹੜਾ ਸ਼ਾਬਾਸ਼ੀ ਦੇਵੇਗਾ? ਉਸ ਪਰਿਵਾਰ ਨੇ ਗਰਾਊਂਡ ਫਲੋਰ ਵਾਲਾ ਪ੍ਰਕਾਸ਼ ਵਾਲਾ ਕਮਰਾ ਉਸੇ ਤਰ੍ਹਾਂ ਹੀ ਖਾਲੀ ਰੱਖਿਆ ਹੈ ਪਰ ਉਸ ਕਮਰੇ ਵਿੱਚ ਵਿਛਾਈ ਪੀਹੜਾ ਅਤੇ ਸਰਹਾਣੇ ਅਤੇ ਰੁਮਾਲੇ ਮੌਜੂਦ ਹਨ ਤਾਂ ਕਿ ਕਿਤੇ ਸਤਿਕਾਰ ਸਭਾ ਵਾਲੇ ਆ ਜਾਣ ਤਾਂ ਓਹਿ ਝੂਠ ਬੋਲਣ ਲਈ ਮਜਬੂਰ ਹੋ ਕੇ ਆਖਣ ਕਿ ਉਹਨਾਂ ਦੇ ਘਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈਗਾ ਤਾਂ ਸੀ ਪਰ ਤੁਹਾਥੋਂ ਡਰ ਕੇ ਉਨ੍ਹਾਂ ਨੇ ਪ੍ਰਕਾਸ਼ ਕਰਨਾ ਬੰਦ ਕਰ ਦਿੱਤਾ ਹੈ। ਵੇਖੋ ਇਹ ਪਰਿਵਾਰ ਗੁਰੂ ਸਾਹਿਬ ਦੇ ਦਰਸ਼ਣ ਅਤੇ ਸੇਵਾ ਵੀ ਲੁੱਕ-ਛਿੱਪ ਕੇ ਚੋਰੀ-ਚੋਰੀ ਕਰਦਾ ਰਿਹਾ ਹੈ। ਗੁਰੂ ਬਖਸ਼ੇ।

ਇਸੇ ਦੌਰਾਨ ਇਕ ਹੋਰ ਡਿਵਲਪਮੈਂਟ ਹੋਈ। ਪਰਿਵਾਰ ਦੇ ਬ੍ਰਿਧ ਮੁਖੀ ਅਤੇ ਉਸ ਦੀ ਪਤਨੀ ਦਿੱਲੀ ਵਿੱਚ ਗਰਮੀ ਦਾ ਕਹਿਰ ਝੱਲਣ ਤੋਂ ਅਸਮਰਥ ਸੀ। ਉਹਨਾਂ ਦੇ ਆਗਿਆਕਾਰੀ ਅਤੇ ਸਮਰਪਿਤ ਇਕਲੋਤੇ ਪੁੱਤਰ ਨੇ ਉਹਨਾਂ ਲਈ ਸੋਲਨ ਹਿਮਾਚਲ ਪ੍ਰਦੇਸ਼ ਵਿੱਚ ਇੱਕ ਫਲੈਟ ਲੈ ਕੇ ਉਹਨਾਂ ਦੀ ਰਿਹਾਇਸ਼ ਦੇ ਉੱਥੇ ਇੰਤਜਾਮ ਕਰ ਦਿੱਤਾ। ਅੱਜ ਕਲ ਇਹਨਾਂ ਦੇ ਵਪਾਰ ਅਤੇ ਕਾਰੋਬਾਰ ਨੂੰ ਇਕਲੋਤਾ ਪੁੱਤਰ ਹੀ ਦੇਖਦਾ ਹੈ। ਮਾਤਾ ਪਿਤਾ ਮਈ-ਜੂਨ ਦੀ ਗਰਮੀ ਦੀ ਸੰਤਾਪ ਤੋਂ ਬਚਣ ਲਈ ਸੋਲਨ ਤਾਂ ਚਲੇ ਗਏ, ਜਿਥੇ ਉਹਨਾਂ ਦੀ ਗਰਮੀ ਦੀ ਤਾਂ ਤਕਲੀਫ ਨਹੀਂ ਸੀ ਪਰ ਗੁਰੂ ਗ੍ਰੰਥ ਸਾਹਿਬ ਦੇ ਵਿਛੋੜੇ ਚ ਬਹੁਤ

ਦੁਖੀ ਸਨ। ਉਹ ਦੁੱਖ ਸੀ ਇਹਨਾਂ ਦੇ ਫਲੈਟ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਸੀ, ਜਿਸਦੇ ਦਰਸ਼ਨ ਦੀਦਾਰ ਅਤੇ ਸੇਵਾ ਬਗੈਰ ਇਨ੍ਹਾਂ ਦਾ ਮਨ ਬਹੁਤ ਤੜਫ਼ਦਾ ਸੀ।


ਇੰਝ ਦਿੱਲੀ ਵਿੱਚ ਇੱਕ ਹੋਰ ਸੰਜੋਗ ਬਣਿਆ। ਸੋਲਨ ਗਏ ਬਜ਼ੁਰਗਾਂ ਦਾ ਪੁੱਤਰ ਦਾ ਇੱਕ ਮਿੱਤਰ ਜਿਸਦਾ ਮਿਹਦਾ ਸ਼ਰਾਬ ਪੀਣ ਕਰਕੇ ਖਰਾਬ ਹੋਇਆ ਸੀ ਅਤੇ ਉਹ ਹਸਪਤਾਲ ਵਿੱਚ ਸੀ। ਇਹ ਇੱਕ ਸਿੱਖ ਟਰਾਂਸਪੋਰਟਰ ਸੀ। ਇਸ ਟਰਾਂਸਪੋਰਟਰ ਦਾ ਪਤਾ ਲੈਣ ਲਈ ਇਹ ਸਿੰਧੀ ਸਹਿਜਧਾਰੀ ਹਸਪਤਾਲ ਗਿਆ ਅਤੇ ਇਕ ਦੂਜੇ ਦਾ ਹਾਲ ਚਾਲ ਜਾਣਿਆ। ਸਿੰਧੀ ਮਿੱਤਰ ਕੋਲੋਂ ਟਰਾਂਸਪੋਰਟਰ ਨੇ ਅੰਕਲ ਅਤੇ ਆਂਟੀ ਦਾ ਹਾਲ ਪੁੱਛਿਆ ਅਰਥਾਤ ਸੋਲਨ ਵਿੱਚ ਰਹਿ ਰਹੇ ਬਜ਼ੁਰਗਾਂ ਦਾ। ਜਵਾਬ ਵਿੱਚ ਸਿੰਧੀ ਵੀਰ ਨੇ ਕਿਹਾ ਕਿ ਮੰਮੀ ਅਤੇ ਪਾਪਾ ਤਾਂ ਅਜਕਲ ਬਹੁਤ ਦੁਖੀ ਹਨ। ਦੁਖੀ ਹੋਣ ਦਾ ਕਾਰਨ ਟਰਾਂਸਪੋਰਟਰ ਸਿੱਖ ਮਿੱਤਰ ਨੇ ਪੁੱਛਿਆ ਤਾਂ ਜਵਾਬ ਵਿੱਚ ਦਸਿਆ ਕਿ ਮਮੀ ਪਾਪਾ ਦੀ ਸਿਹਤ ਵੀ ਠੀਕ ਹੈ। ਪਹਾੜਾਂ ਵਿੱਚ ਮੌਸਮ ਵੀ ਠੰਢਾ ਹੈ ਪਰ ਘਰ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾ ਹੋਣ ਕਰਕੇ ਮੰਮੀ ਪਾਪਾ ਹਰ ਵੇਲੇ ਦੁਖੀ ਰਹਿੰਦੇ ਹਨ।

"ਇਹ ਕੀ ਮੁਸ਼ਕਿਲ ਹੈ, ਤੁਸੀਂ ਗੁਰੂ ਗ੍ਰੰਥ ਸਾਹਿਬ ਲੈ ਕੇ ਪ੍ਰਕਾਸ਼ ਕਰ ਦਿਓ" ਟਰਾਂਸਪੋਰਟਰ ਨੇ ਸਲਾਹ ਦਿੱਤੀ"।

ਇਹੋ ਤਾਂ ਹੋ ਨਹੀਂ ਰਿਹਾ। ਗੁਰੂ ਗ੍ਰੰਥ ਸਾਹਿਬ ਦਾ ਸਰੂਪ ਸ਼੍ਰੋਮਣੀ ਕਮੇਟੀ ਤਾਂ ਦਿੰਦੀ ਹੈ ਜੇ ਅਮ੍ਰਿਤਧਾਰੀ ਸਿੰਘ ਆਉਣ ਤੇ ਲੈਕੇ ਵੀ ਕਿਸੇ ਸਿੰਘ ਦੇ ਘਰ ਜਾਣ। ਸਹਿਜਧਾਰੀ ਸਿੰਧੀ ਨੇ ਦੁਖੜਾ ਦਸਿਆ।

"ਛੱਡੋ ਜੀ, ਕਮੇਟੀ ਦੀਆਂ ਗਲਾਂ। ਮੈਂ ਕਰਾਂਗਾ ਸਾਰਾ ਇੰਤਜਾਮ"

ਟਰਾਂਸਪੋਰਟਰ ਸ਼ਰਾਬੀ ਸਿੱਖ ਨੇ ਦੋਸਤੀ ਲਈ ਅਤੇ ਆਪਣੇ ਅੰਮ੍ਰਿਤਸਰ ਦੇ ਦਫਤਰ ਦੇ ਮੈਨੇਜਰ ਨੂੰ ਕਹਿ ਕੇ ਗੁਰੂ ਸਾਹਿਬ ਦਾ ਸਰੂਪ ਸੋਲਨ ਭੇਜ ਦਿੱਤਾ। ਸੋਲਨ ਦੀ ਸਤਿਕਾਰ ਕਮੇਟੀ ਦਾ ਕੋਈ ਖਤਰਾ ਨਹੀਂ ਹੈ ਅਤੇ ਸ਼ਰਧਾਲੂ ਸਹਿਜਧਾਰੀ ਸ੍ਰੀ ਗੁਰੂਗ੍ਰੰਥ ਸਾਹਿਬ ਦੀ ਸੇਵਾ ਅਤੇ ਦਰਸ਼ਣ ਦੀਦਾਰ ਦਾ ਅਨੰਦ ਮਾਣ ਕੇ ਪ੍ਰਸੰਨਤਾ ਵਿੱਚ ਦਿਨ ਗੁਜਾਰ ਰਹੇ ਹਨ। ਇਸ ਤਰ੍ਹਾਂ ਸਿੰਧੀ ਪਰਿਵਾਰ ਵਿੱਚ ਕਈ ਮਿਸਾਲਾਂ ਮੌਜੂਦ ਹਨ ਜੋ ਸਿੰਧੀ ਪਰਿਵਾਰਾਂ ਦਾ ਗੁਰੂ ਪ੍ਰਤੀ ਪਿਆਰ ਪ੍ਰਗਟ ਕਰਦੀਆਂ ਹਨ।



**ਕਰਮਜੀਤ ਸਿੰਘ ਔਜਲਾ ਕਿੱਤੇ ਵਜੋਂ ਕੈਮੀਕਲ ਇੰਜੀਨੀਅਰ ਹਨ ਅਤੇ ਅਠੱਤਰਵੇਂ ਵਿੱਚ ਲੁਧਿਆਣਾ ਨਿਵਾਸ ਰੱਖ ਰਹੇ ਹਨ। ਉਹਨਾਂ ਨੇ ਪੰਜਾਬੀ ਸਾਹਿਤ ਦੇ ਨਾਵਲ, ਨਾਟਕ, ਲਘੂ ਕਥਾ, ਇਤਿਹਾਸ ਧਾਰਮਿਕ ਅਤੇ ਦਰਸ਼ਨ ਸਬੰਧੀ ਲਗਭਗ ਦੋ ਦਰਜਨ ਕਿਤਾਬਾਂ ਲਿਖੀਆਂ ਹਨ। ਉਹ ਪੰਜਾਬੀ ਸਾਹਿਤ ਦੀ ਸੰਸਥਾ ਸਿਰਜਣਹਾਰਾ ਦੇ ਪ੍ਰਧਾਨ ਹਨ। ਨਾਨਕ ਪੰਥੀਆਂ ਦੀ ਸੇਵਾ ਕਰਦੇ ਉਹ ਗੁਰੂ ਅੰਗਦ ਦੇਵ ਵਿਦਿਅਕ ਤੇ ਭਲਾਈ ਕੌਂਸਲ ਦੇ ਸਰਗਰਮ ਮੈਂਬਰ ਹਨ। ਉਨ੍ਹਾਂ ਨਾਲ ਈਮੇਲ** amanaujla@yahoo.co.uk **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਸਿੰਧੀ ਸਿੱਖਾਂ ਦੀ ਸਿੱਖ ਧਰਮ ਸਬੰਧੀ ਸ਼ਰਧਾ ਭਾਵਨਾ

## ਦਲਜੀਤ ਸਿੰਘ ਬੇਦੀ

ਸਿੰਧ ਪ੍ਰਾਂਤ ਵਿਚ ਰਹਿਣ ਵਾਲੇ ਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਉਨ੍ਹਾਂ ਦੇ ਮਤ ਦੇ ਧਾਰਨੀ ਹੋ ਗਏ ਸਨ। ਸਿੰਧ ਪ੍ਰਾਂਤ ਦੇ ਬਸ਼ਿੰਦਿਆਂ ਨੂੰ 'ਸਿੰਧੀ ਸਿੱਖ' ਕਿਹਾ ਜਾਂਦਾ ਹੈ। ਗੁਰੂ ਜੀ ਉਦਾਸੀਆਂ ਦੌਰਾਨ ਉਥੇ ਗਏ ਸਨ। ਪਰ ਗੁਰੂ ਨਾਨਕ ਦੇਵ ਜੀ ਦੇ ਧਰਮ ਸਾਧਨਾ ਦਾ ਪ੍ਰਚਾਰ ਉਨ੍ਹਾਂ ਦੇ ਸਪੁੱਤਰ ਬਾਬਾ ਸ੍ਰੀਚੰਦ ਨੇ ਕੀਤਾ ਅਤੇ ਕਈ ਧਰਮਸ਼ਾਲਾਵਾਂ ਕਾਇਮ ਕੀਤੀਆਂ। ਬਾਅਦ ਵਿਚ ਉਦਾਸੀ ਸੰਪ੍ਰਦਾਇ ਦੇ ਅਨੇਕ ਸਾਧਾਂ ਨੇ ਸਿੰਧ ਪ੍ਰਾਂਤ ਵਿਚ ਆਪਣੇ ਕਈ ਡੇਰੇ ਕਾਇਮ ਕੀਤੇ। ਸੱਖਰ ਦੇ ਨੇੜੇ ਸਿੰਧ ਨਦੀ ਦੇ ਇਕ ਟਾਪੂ ਵਿਚ ਸਥਿਤ ਸਾਧੁਬੇਲਾ ਮੀਹਾਂ ਸ਼ਾਹੀ ਸ਼ਾਖਾ ਦੇ ਇਕ ਉਦਾਸੀ ਸਾਧ ਬਾਬਾ ਬਨਖੰਡੀ ਨੇ ਸੰਨ 1823 ਈ: ਵਿਚ ਸਥਾਪਿਤ ਕੀਤਾ ਸੀ, ਜੋ ਹੁਣ ਇਕ ਮਹੱਤਵਪੂਰਨ ਤੀਰਥ ਵਜੋਂ ਪ੍ਰਸਿੱਧ ਹੋ ਚੁੱਕਾ ਹੈ। ਗੁਰੂ ਨਾਨਕ-ਵੰਸ਼ਜ਼ ਬਾਬਾ ਗੁਰੂਪਤ ਨੇ ਸਿੰਧ ਪ੍ਰਦੇਸ਼ ਵਿਚ 'ਜਗਿਆਸੂ' ਨਾਂਅ ਦਾ ਇੱਕ ਉਪ-ਸੰਪ੍ਰਦਾਇ ਵੀ ਪ੍ਰਚਲਿਤ ਕੀਤਾ। ਉਦਾਸੀ ਸਾਧ ਬਾਬਾ ਸਰੂਪ ਦਾਸ ਨੇ ਸ਼ਿਕਾਰਪੁਰ ਨਗਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਧਰਮ-ਸਾਧਨਾ ਦਾ ਕੇਂਦਰ ਸਥਾਪਿਤ ਕੀਤਾ।

ਉਦਾਸੀ ਸਾਧਾਂ ਤੋਂ ਇਲਾਵਾ ਨਿਰਮਲ ਸੰਤਾਂ ਨੇ ਸਿੰਧ ਵਿਚ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ ਅਤੇ ਅਨੇਕ ਡੇਰੇ ਸਥਾਪਿਤ ਕੀਤੇ। ਉਥੇ ਪ੍ਰਚਾਰ ਕਰਨ ਵਾਲਿਆਂ ਵਿਚ ਮਹੰਤ ਬੁੱਢਾ ਸਿੰਘ, ਸੰਤ ਗੁਲਾਬ ਸਿੰਘ, ਸੰਤ ਪ੍ਰੀਤਮ ਸਿੰਘ ਆਦਿ ਦੇ ਨਾਂਅ ਵਿਸ਼ੇਸ਼ ਵਰਨਣਯੋਗ ਹਨ। ਇਨ੍ਹਾਂ ਨੇ ਸਭਾ ਲਹਿਰ ਵਾਲਿਆਂ ਨੇ ਵੀ ਸਿੰਧ ਵਿਚ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ। ਚੀਫ਼ ਖ਼ਾਲਸਾ ਦੀਵਾਨ ਵਾਲੇ ਵੀ ਇਸ ਕਰਮ ਵੱਲ ਬਹੁਤ ਰੁਚਿਤ ਰਹੇ। ਸੰਤ ਅਤਰ ਸਿੰਘ ਮਸਤੂਆਣੇ ਵਾਲੇ, ਭਾਈ ਅਰਜਨ ਸਿੰਘ ਬਾਗੜੀਆਂ ਵਾਲੇ, ਸ: ਹਰਬੰਸ ਸਿੰਘ ਅਟਾਰੀ ਵਾਲੇ, ਭਾਈ ਹੀਰਾ ਸਿੰਘ ਰਾਗੀ ਅਤੇ ਸੇਵਾ ਪੰਥ ਧਾਰਮਿਕ ਆਗੂਆਂ ਨੇ ਵੀ ਉਥੇ ਕਈ ਵਾਰ ਜਾ ਕੇ ਸਿੱਖੀ ਦਾ ਪ੍ਰਚਾਰ ਕੀਤਾ।

ਇਨ੍ਹਾਂ ਤੋਂ ਇਲਾਵਾ ਸਿੰਧੀ ਸਿੱਖਾਂ ਨੇ ਖੁਦ ਵੀ ਸਿੱਖੀ ਦੇ ਪ੍ਰਚਾਰ ਵਿਚ ਬਹੁਤ ਦਿਲਚਸਪੀ ਵਿਖਾਈ। ਇਸ ਸਬੰਧ ਵਿਚ ਸਾਧੂ ਟੀ. ਐਲ. ਵਾਸਵਾਨੀ, ਦਾਦਾ ਚੇਲਾਰਾਮ ਆਦਿ ਦੇ ਨਾਂਅ ਖਾਸ ਤੌਰ 'ਤੇ ਜ਼ਿਕਰਯੋਗ ਹਨ। ਇਨ੍ਹਾਂ ਤੋਂ ਇਲਾਵਾ ਦੇਸ਼-ਵੰਡ ਤੋਂ ਪਹਿਲਾਂ ਹਰ ਸਾਲ ਕਥਾਕਾਰ, ਪ੍ਰਚਾਰਕ ਅਤੇ ਕੀਰਤਨੀ ਸਿੱਖ ਸਿੰਧ ਪ੍ਰਾਂਤ ਵੱਲ ਪ੍ਰਚਾਰ ਲਈ ਜਾਂਦੇ ਰਹਿੰਦੇ ਸਨ।

ਪਹਿਲਾਂ ਸਿੰਧੀ ਲੋਕ ਮੁੱਖ ਤੌਰ 'ਤੇ ਕੇਸਾਧਾਰੀ ਨਹੀਂ ਸਨ, ਪਰ ਹੁਣ ਉਹ ਹੌਲੀ-ਹੌਲੀ ਸਿੰਘ ਵੀ ਸਜ ਰਹੇ ਹਨ। ਤਕਰੀਬਨ ਸਿੰਧੀ ਗੁਰੂ ਨਾਨਕ ਨਾਮ ਲੇਵਾ ਆਪਣੇ ਪਿੰਡ ਵਿਚ ਗੁਰੂ-ਘਰ ਬਣਾ ਕੇ ਦੋਵੇਂ ਵੇਲੇ ਗੁਰੂ ਜਸ ਕਰਦੇ ਹਨ। ਕੁਝ ਗੁਰਪੁਰਬ ਵੀ ਵੱਡੇ ਪੱਧਰ 'ਤੇ ਮਨਾਉਂਦੇ ਹਨ।

ਸ੍ਰੀ ਲਛਮਣ ਸਿੰਘ ਲਾਲਕਿਆਣਾ ਸਿੰਧ ਪਾਕਿਸਤਾਨ ਤੋਂ ਆਪਣੇ ਸਾਥੀਆਂ ਦਾ ਜਥਾ ਲੈ ਕੇ ਹਰਿਮੰਦਰ ਸਾਹਿਬ ਤੇ ਹੋਰ ਗੁਰਧਾਮਾਂ ਦੇ ਦਰਸ਼ਨਾਂ ਨੂੰ ਭਾਰਤ ਆਇਆ। ਇਸੇ

ਵਿਅਕਤੀ ਨੇ ਉਸ ਨੂੰ ਮੇਰਾ ਨੰਬਰ ਦੇ ਦਿੱਤਾ। ਜਦ ਉਹ ਸ਼੍ਰੋਮਣੀ ਕਮੇਟੀ ਪੁੱਜਾ ਤਾਂ ਉਹ ਲਿਬਾਸ ਤੋਂ ਬੜਾ ਗਰੀਬੜਾ ਜਿਹਾ ਸੀ। ਉਸ ਨੇ ਦੱਸਿਆ ਕਿ 'ਅਸੀਂ ਸਾਰੇ ਕੱਪੜਾ ਵੇਚਣ ਦਾ ਕੰਮ ਕਰਦੇ ਹਾਂ। ਅਸੀਂ ਗੁਰੂ-ਘਰ ਬਣਾਇਆ ਹੈ। ਬੱਚੇ ਪੰਜਾਬੀ ਪੜ੍ਹਨਾ ਚਾਹੁੰਦੇ ਹਨ।' ਮੈਂ ਉਨ੍ਹਾਂ ਸਾਰਿਆਂ ਨੂੰ ਉਸ ਵਕਤ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੂੰ ਮਿਲਾ ਦਿੱਤਾ-ਭਾਈ ਲਛਮਣ ਸਿੰਘ ਨੇ ਜੋ ਮੰਗ ਕੀਤੀ ਉਸ ਦੀ ਪੂਰੀ ਕਰ ਦਿੱਤੀ ਗਈ। ਦੂਸਰੇ ਸਾਲ ਉਹ ਆਏ ਤਾਂ ਸਾਰੇ ਸਿੱਖੀ ਸਰੂਪ 'ਚ ਦਸਤਾਰਾਂ ਸਜਾ ਕੇ ਆਏ। ਉਹ 4 ਸਾਲ ਤੋਂ ਦਰਸ਼ਨਾਂ ਲਈ ਪੁੱਜ ਰਹੇ ਹਨ। ਉਸ ਨੇ ਕਿਹਾ ਬਾਬਾ ਨਾਨਕ ਜੀ ਸਾਡੇ ਪੀਰ ਵੀ ਹਨ, ਗੁਰੂ ਵੀ ਹਨ, ਅਸੀਂ ਬਹੁਤ ਸ਼ਰਧਾ-ਸਤਿਕਾਰ ਰੱਖਦੇ ਹਾਂ।

ਦੇਸ਼ ਦੀ ਸੁਤੰਤਰਤਾ ਤੋਂ ਬਾਅਦ ਬਹੁਤੇ ਸਿੰਧੀ ਹਿੰਦੁਸਤਾਨ ਵੱਲ ਆ ਗਏ ਅਤੇ ਬਹੁਤੇ ਮਹਾਰਾਸ਼ਟਰ ਦੇ ਬੰਬਈ ਨਗਰ ਵਿਚ ਵਸ ਗਏ। ਇਸ ਤੋਂ ਇਲਾਵਾ ਲਖਨਊ, ਪੂਨਾ, ਹੈਦਰਾਬਾਦ ਆਦਿ ਨਗਰਾਂ ਵਿਚ ਵੀ ਇਨ੍ਹਾਂ ਦਾ ਕਾਫੀ ਵਪਾਰ ਹੈ। ਪਾਕਿਸਤਾਨ ਵਿਚ ਰਹਿ ਰਹੇ ਸਿੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਅਕਸਰ ਗੁਰਪੁਰਬਾਂ ਉੱਤੇ ਨਨਕਾਣਾ ਸਾਹਿਬ ਅਤੇ ਪੰਜਾ ਸਾਹਿਬ ਗੁਰੂਧਾਮਾਂ ਵਿਚ ਬੜੇ ਚਾਅ ਨਾਲ ਸ਼ਿਰਕਤ ਕਰਦੇ ਹਨ। ਲੰਗਰ ਦਾ ਜ਼ਿਆਦਾਤਰ ਪ੍ਰਬੰਧ ਇਨ੍ਹਾਂ ਦੁਆਰਾ ਕੀਤਾ ਜਾਂਦਾ ਹੈ। ਇਨ੍ਹਾਂ ਨੂੰ ਸੇਵਾ ਕਰਦਿਆਂ ਦਰਸ਼ਨ ਕਰੋ ਤਾਂ ਇੰਜ ਮਹਿਸੂਸ ਹੁੰਦਾ ਹੈ ਕਿ ਕਰਤਾਰ ਦੀ ਲੀਲ੍ਹਾ ਅਪਰੰਮ ਅਪਾਰ ਹੈ। ਦਸਮ ਪਾਤਸ਼ਾਹ ਦਾ ਪ੍ਰਕਾਸ਼ ਪੁਰਬ ਇਹ ਲੋਕ ਸਿੰਧ ਵਿਚ ਵੱਡੀ ਪੱਧਰ 'ਤੇ ਮਨਾਉਂਦੇ ਹਨ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਿੰਘ ਸਾਹਿਬ, ਗ੍ਰੰਥੀ ਸਿੰਘ, ਕੀਰਤਨੀਏ ਸਿੰਘ, ਪ੍ਰਚਾਰਕ ਆਦਿ ਵਿਸ਼ੇਸ਼ ਤੌਰ 'ਤੇ ਪੁੱਜਦੇ ਹਨ। ਸ: ਪਰਮਿੰਦਰ ਸਿੰਘ ਡੰਡੀ ਸ਼੍ਰੋਮਣੀ ਕਮੇਟੀ ਦੇ ਯਾਤਰਾ ਵਿਭਾਗ ਨਾਲ ਲੰਮਾ ਸਮਾਂ ਸਬੰਧਤ ਰਿਹਾ ਹੈ, ਉਹ ਵਿਸ਼ੇਸ਼ ਗੁਰਪੁਰਬਾਂ ਮੌਕੇ ਵਿਸ਼ੇਸ਼ ਪ੍ਰਚਾਰਕਾਂ ਦਾ ਪ੍ਰਬੰਧ ਕਰਕੇ ਲਿਜਾਂਦਾ ਹੈ। ਉਹ ਭਾਵੇਂ ਸ਼੍ਰੋਮਣੀ ਕਮੇਟੀ ਤੋਂ ਸੇਵਾ ਮੁਕਤ ਹੋ ਚੁੱਕਾ ਹੈ ਪਰ ਉਸ ਦਾ ਸਬੰਧ, ਰਾਫਤਾ ਸਾਰਿਆਂ ਨਾਲ ਪਹਿਲਾਂ ਦੀ ਤਰ੍ਹਾਂ ਕਾਇਮ ਹੈ।

ਸ: ਤਾਰਾ ਸਿੰਘ ਜੋ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ, ਉਹ ਵੀ ਸਿੰਧ ਪ੍ਰਾਂਤ ਨਾਲ ਸਬੰਧਤ ਹਨ। ਉਨ੍ਹਾਂ ਦੇ ਬਾਪ ਹਰੀਦਾਸ (ਹਰੀਆ) ਗੁਰੂ-ਘਰ ਦੇ ਅਨਿਨ ਸੇਵਕ ਸਨ। ਪਹਿਲਾਂ ਉਸ ਦੇ ਸਿਰ ਵੀ ਕੇਸ ਨਹੀਂ ਸਨ, ਪਰ ਬਾਅਦ ਵਿਚ ਉਹ ਕੇਸਾਧਾਰੀ ਸਿੱਖ ਬਣਿਆ। ਕੁਟੰਬ ਦੇ ਸਖ਼ਤ ਵਿਰੋਧ ਕਰਨ 'ਤੇ ਵੀ ਉਹ ਕੇਸਾਧਾਰੀ ਹੋਇਆ ਅਤੇ ਗੁਰੂ-ਘਰਾਂ ਦੀ ਬਹੁਤ ਸੇਵਾ ਕੀਤੀ। ਭਾਈ ਇਕਬਾਲ ਸਿੰਘ ਰਾਗੀ ਬੀਬੀ ਕੌਲਾਂ ਟਰੱਸਟ ਵਾਲੇ ਵੀ ਸਿੰਧ ਵਿਚ ਪ੍ਰਚਾਰ ਲਈ ਜਾਂਦੇ ਹਨ, ਉਧਰੋਂ ਵੀ ਸਿੰਧੀਆਂ ਦੇ ਜਥੇ ਪੰਜਾਬ ਵਿਚ ਆਉਂਦੇ ਰਹਿੰਦੇ ਹਨ।

ਪਿਛਲੇ ਸਾਲ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੀ ਲਖਨਊ ਗਏ ਸਨ। ਉਥੇ ਸਾਈਂ ਚਾਡੂਰਾਮ ਜੋ ਸਿੰਧੀ ਭਾਈਚਾਰੇ ਦਾ ਮੁਖੀ ਹੈ, ਨੂੰ ਮਿਲੇ ਸਨ। ਉਨ੍ਹਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਦਾ ਬੇਮਿਸਾਲ ਆਦਰ-ਸਤਿਕਾਰ, ਸਨਮਾਨ ਕੀਤਾ ਸੀ। ਹੁਣ ਜਦ ਸਰਬ ਧਰਮ ਸੰਮੇਲਨ ਦੀ ਗੱਲ ਚੱਲ ਰਹੀ ਹੈ ਤਾਂ ਅਜਿਹੀਆਂ ਧਿਰਾਂ ਅੱਖੋਂ ਪਰ੍ਹੇ ਨਹੀਂ

ਹੋਣੀਆਂ ਚਾਹੀਦੀਆਂ।

ਭਾਰਤ ਵਿਚ ਆਏ ਸਿੰਧੀਆਂ ਵਿਚੋਂ ਦਾਦਾ ਚੇਲਾਰਾਮ ਦਿੱਲੀ ਵਿੱਚ ਆ ਵਸੇ ਅਤੇ 'ਨਿੱਜ ਥਾਉਂ' ਨਾਂਅ ਦਾ ਆਪਣਾ ਆਸ਼ਰਮ ਪੂਸਾ ਰੋਡ ਦਿੱਲੀ ਉੱਤੇ ਸਥਾਪਿਤ ਕੀਤਾ। ਦਾਦਾ ਦੇ ਦਿਹਾਂਤ ਤੋਂ ਬਾਅਦ ਇਨ੍ਹਾਂ ਦੀ ਪੁੱਤਰੀ ਕਮਲਾ ਨੇ ਪ੍ਰਚਾਰ ਦੀ ਸੇਵਾ ਸੰਭਾਲੀ ਅਤੇ ਹੁਣ ਦਾਦਾ ਜੀ ਦਾ ਪੁੱਤਰ ਲਛਮਣ ਚੇਲਾਰਾਮ ਗੁਰੂ ਨਾਨਕ ਮਤ ਦੇ ਪ੍ਰਚਾਰ ਵਿਚ ਰੁਚਿਤ ਹੈ। ਇਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੰਧੀ ਅਤੇ ਹਿੰਦੀ ਵਿਚ ਖੁਦ ਟੀਕੇ ਤਿਆਰ ਕੀਤੇ ਹਨ ਅਤੇ ਦੇਸ਼ ਦੀਆਂ ਹੋਰ ਪ੍ਰਮੁੱਖ ਭਾਸ਼ਾਵਾਂ ਅੰਗਰੇਜ਼ੀ, ਗੁਜਰਾਤੀ, ਬੰਗਾਲੀ, ਦੇਵ ਨਾਗਰੀ ਤੇ ਸਿੰਧੀ ਵਿਚ ਟੀਕੇ ਕਰਾਉਣ ਦਾ ਉੱਦਮ ਕੀਤਾ ਹੈ। ਇਸ ਨੇ ਹਿਮਾਚਲ ਪ੍ਰਦੇਸ਼ ਵਿਚ ਸੋਲਨ ਦੇ ਨੇੜੇ ਸਪਰੂਨ ਵਿਚ 'ਦਾਦਾ ਚੇਲਾਰਾਮ ਆਸ਼ਰਮ' ਵੀ ਸਥਾਪਿਤ ਕੀਤਾ ਹੈ। ਸੁਖਮਨੀ ਸਾਹਿਬ ਬਾਣੀ ਦੀ ਸਟੀਕ ਉੜੀਆ, ਤੇਲਗੂ, ਤਾਮਿਲ ਅਤੇ ਰੋਮਨ ਲਿਪੀ ਵਿਚ ਵੀ ਇਨ੍ਹਾਂ ਵੱਲੋਂ ਛਾਪਣ ਦਾ ਪ੍ਰਬੰਧ ਕੀਤਾ ਗਿਆ ਹੈ।

ਭਾਰਤ ਵਿਚ ਆ ਵਸੇ ਸਿੰਧੀ ਸ਼ੁਰੂ ਵਿਚ ਤਾਂ ਸਿੱਖ ਧਰਮ ਦੇ ਬਹੁਤ ਨੇੜੇ ਰਹੇ ਅਤੇ ਕਈ ਗੁਰਦੁਆਰੇ ਵੀ ਕਾਇਮ ਕੀਤੇ, ਪਰ ਹੌਲੀ-ਹੌਲੀ ਇਹ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਆਪਣੀ ਪੂਰੀ ਆਸਥਾ ਪ੍ਰਗਟ ਕਰਦੇ ਹੋਏ ਵੀ ਸਿੱਖੀ ਤੋਂ ਦੂਰ ਜਾ ਰਹੇ ਹਨ। ਇਹ ਆਪਣੇ ਗੁਰੂਧਾਮਾਂ ਨੂੰ ਗੁਰਦੁਆਰਿਆਂ ਦੀ ਥਾਂ ਮੰਦਰ ਅਥਵਾ ਆਸ਼ਰਮ ਅਖਵਾ ਕੇ ਸੰਤੁਸ਼ਟ ਹਨ। ਸੁਭਾਅ ਵਜੋਂ ਇਹ ਲੋਕ ਸਾਊ ਅਤੇ ਸ਼ਾਂਤ ਹਨ। ਸਿੱਖ ਪੰਥ ਵਿਸ਼ਵ ਕੋਸ਼ ਦੇ ਕਰਤਾ ਡਾ: ਰਤਨ ਸਿੰਘ ਜੱਗੀ ਅਨੁਸਾਰ ਇਹ ਸਿੱਖ ਅਧਿਆਤਮਿਕਤਾ ਵਿਚ ਵਿਸ਼ਵਾਸ ਰੱਖਦੇ ਹਨ ਪਰ ਕੱਟੜਪੁਣੇ ਤੋਂ ਦੂਰ ਭੱਜਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੀ ਸਥਾਪਨਾ ਨਾਲ ਅਤੇ ਉਸ ਤੋਂ ਬਾਅਦ ਇਸ ਸੰਸਥਾ ਵਿਚ ਰਾਜਨੀਤੀ ਦੇ ਪ੍ਰਵੇਸ਼ ਨਾਲ ਇਹ ਆਪਣੇ ਗੁਰਦੁਆਰਿਆਂ (ਧਰਮ-ਧਾਮਾਂ) ਨੂੰ ਗੈਰ-ਮਹਿਫੂਜ਼ ਸਮਝਣ ਲੱਗ ਗਏ ਹਨ।

ਦੂਜੇ, ਸਿੱਖ ਧਰਮ ਵਿਚ ਵਿਕਸਤ ਹੋ ਰਹੇ ਕੱਟੜਪੁਣੇ ਅਤੇ ਰੀਤੀਵਾਦ ਤੋਂ ਇਹ ਬਹੁਤ ਘਬਰਾਉਂਦੇ ਹਨ। ਵੋਟਾਂ ਦੇ ਮਸਲੇ ਨੂੰ ਲੈ ਕੇ ਕੇਸਾਧਾਰੀ ਸਿੱਖਾਂ ਨੂੰ ਪੰਥ ਤੋਂ ਦੂਰ ਰੱਖਣ ਦੀ ਪ੍ਰਵਿਰਤੀ ਨੇ ਵੀ ਇਨ੍ਹਾਂ ਨੂੰ ਸਿੱਖੀ ਤੋਂ ਕਿਨਾਰਾ ਕਰਨ ਲਈ ਤਿਆਰ ਕੀਤਾ ਹੈ। ਇਹ ਸਿੱਖ ਪੰਥ ਦੀ ਸਿਰਮੌਰ ਸੰਸਥਾ ਦੀ ਵਿਵਸਥਾ ਤੋਂ ਭਾਵੇਂ ਦੂਰ ਹੁੰਦੇ ਜਾ ਰਹੇ ਹਨ ਪਰ ਨਿਰਮਲੇ ਅਤੇ ਉਦਾਸੀ ਸੰਪ੍ਰਦਾਵਾਂ ਦੇ ਬਹੁਤ ਨੇੜੇ ਹੋ ਕੇ ਵਿਚਰ ਰਹੇ ਹਨ। ਇਨ੍ਹਾਂ ਸੰਪਰਦਾਵਾਂ ਵਲੋਂ ਚਲਾਏ ਸਕੂਲਾਂ ਅਤੇ ਸਮਾਜ-ਸੇਵਾ-ਮੁਖੀ ਕਾਰਜਾਂ ਵਿਚ ਸਿੰਧੀ ਸਿੱਖ ਖੁੱਲ੍ਹ ਕੇ ਦਾਨ ਦਿੰਦੇ ਹਨ।

**ਵੱਡੇ-ਵੱਡੇ ਧਨਾਢ ਸਿੰਧੀ ਸਿੱਖ ਘਰਾਂ ਵਿਚ ਪ੍ਰਕਾਸ਼ ਕਰਦੇ ਹਨ। ਬੱਚਿਆਂ ਦਾ ਨਾਂਅ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਵਾਕ ਲੈਣ ਦੀ ਮਰਿਆਦਾ ਅਨੁਸਾਰ ਰੱਖਦੇ ਹਨ ਅਤੇ ਵਿਆਹ-ਸ਼ਾਦੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਨੰਦ ਰੀਤੀ ਨਾਲ ਕਰਦੇ ਹਨ। ਵਿਦੇਸ਼ਾਂ ਵਿਚ ਵੀ ਕਈ ਗੁਰਦੁਆਰੇ ਇਨ੍ਹਾਂ ਨੇ ਬਣਵਾਏ ਹਨ। ਗੁਰੂ-ਘਰ ਨਾਲ ਇਨ੍ਹਾਂ ਦਾ ਅਸੀਮ ਪ੍ਰੇਮ ਹੈ। ਡਾ. ਰਤਨ ਸਿੰਘ ਭੰਗੀ ਸਿੱਖ ਪੰਥ ਵਿਸ਼ਵ ਕੋਸ਼ ਦੇ ਕਰਤਾ ਅਨੁਸਾਰ ਸਿੱਖ ਪੰਥ ਵਿਚ ਚੱਲ ਰਹੀ**

**ਕੱਟੜਪੁਣੇ ਦੀ ਹਵਾ ਜੇ ਏਵੇਂ ਚਲਦੀ ਰਹੀ ਤਾਂ ਜਿਵੇਂ-ਜਿਵੇਂ ਬਾਕੀ ਸੰਪਰਦਾਵਾਂ ਦੂਰ ਹੋ ਗਈਆਂ ਹਨ, ਇਵੇਂ ਹੀ ਪੰਥ ਦਾ ਇਕ ਹੋਰ ਵੱਡਾ ਹਿੱਸਾ ਇਸ ਨਾਲੋਂ ਨਿੱਖੜ ਜਾਵੇਗਾ ਅਤੇ ਇਸ ਦਾ ਅਸਰ ਕੌਮ ਦੇ ਵਿਕਾਸ ਉੱਤੇ ਪੈ ਕੇ ਗੰਭੀਰ ਸਿੱਟੇ ਕੱਢੇਗਾ। ਸ਼੍ਰੋਮਣੀ ਕਮੇਟੀ 'ਤੇ ਰਾਜਸੀ ਮੁਲੱਮਾ ਚੜ੍ਹ ਜਾਣ ਕਰਕੇ ਅਜਿਹਾ ਵਾਪਰ ਰਿਹਾ ਹੈ। ਸ਼੍ਰੋਮਣੀ ਕਮੇਟੀ, ਸਾਰੇ ਪੰਥਕ ਆਗੂਆਂ ਤੇ ਜਥੇਬੰਦੀਆਂ ਨੂੰ ਸਿਰ ਜੋੜ ਕੇ ਸਿੱਖ ਪੰਥ ਦੇ ਵਿਸਥਾਰ ਤੇ ਵਿਕਾਸ ਬਾਰੇ ਇਕਮੁੱਠ ਹੋਣਾ ਚਾਹੀਦਾ ਹੈ।**

ਗੁਰੂ-ਘਰ ਦੇ ਪ੍ਰੇਮੀਆਂ ਤੇ ਨਿਸ਼ਚਾ ਰੱਖਣ ਵਾਲੇ ਨਾਨਕ ਨਾਮ ਲੇਵਾ ਨੂੰ ਇਕ ਨਿਸ਼ਾਨ ਥੱਲੇ ਇਕੱਤਰ ਕਰਨ ਲਈ ਬਾਹਵਾਂ ਖੋਲ੍ਹ ਕੇ ਜੀ ਆਇਆਂ ਕਹਿਣਾ ਚਾਹੀਦਾ ਹੈ। ਜਿਸ ਤਰੀਕੇ ਨਾਲ ਕੌਮੀ ਸ਼ਕਤੀ ਖਿੰਡ ਖੁੰਡ ਰਹੀ ਹੈ, ਉਸ 'ਤੇ ਫਿਕਰ ਕਰਨ ਤੇ ਨਰੋਏ ਯਤਨ ਕਰਨ ਦੀ ਲੋੜ ਹੈ। ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ ਦੀ ਮਨਾਈ ਜਾ ਰਹੀ ਛੇਵੀਂ ਅਰਧ ਸ਼ਤਾਬਦੀ ਸਮਾਗਮਾਂ ਵਿਚ ਸਿੰਧੀ ਤੇ ਬਾਕੀ ਧਿਰਾਂ ਨੂੰ ਨੁਮਾਇੰਦਗੀ ਦੇ ਕੇ ਸਰਬ ਸਾਂਝੇ ਧਰਮ ਦੀ ਅਲੰਬਰਦਾਰ ਅਖਵਾਉਣ ਵਾਲੀ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਹੱਥ ਆਇਆ ਮੌਕਾ ਖੁੰਝਾਉਣਾ ਨਹੀਂ ਚਾਹੀਦਾ। ਅੱਜ ਧਰਮ ਨਾਲ ਜੁੜੇ ਬਹੁਤੇ ਸਾਰੇ ਪਹਿਲੂ ਹਨ ਜੋ ਮੁਲਾਂਕਣ ਕਰਨ ਦੀ ਲੋੜ ਦੇ ਮੁਥਾਜ ਹਨ।



**ਬੇਦੀ ਲਾਲ ਸਿੰਘ ਸਾਹਿਤਕਾਰ ਦੇ ਫਰਜ਼ੰਦ ਦਲਜੀਤ ਸਿੰਘ ਬੇਦੀ ਇੱਕ ਅਜਿਹੇ ਲੇਖਕ ਹਨ ਜਿਨ੍ਹਾਂ ਨੇ ਸਿੱਖ ਧਰਮ ਅਤੇ ਸਿੱਖ ਕੌਮ ਨਾਲ ਸੰਬੰਧਤ ਸ਼ਖਸ਼ੀਅਤਾਂ ਬਾਰੇ ਅਨੇਕਾਂ ਪੁਸਤਕਾਂ ਲਿਖੀਆਂ। ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਚੀਫ ਖਾਲਸਾ ਦੀਵਾਨ ਵੱਲੋਂ ਪ੍ਰਕਾਸ਼ਤ ਕਈ ਇਤਿਹਾਸਕ ਯਾਦਗਾਰੀ ਗ੍ਰੰਥਾਂ ਦਾ ਸੰਪਾਦਨ ਵੀ ਕੀਤਾ ਹੈ। ਕੇਂਦਰੀ ਲੋਕ ਲਿਖਾਰੀ ਸਭਾ ਸਮੇਤ ਕਈ ਹੋਰ ਅਦਾਰਿਆਂ ਦੇ ਮੈਂਬਰ ਹਨ ਅਤੇ ਇਨ੍ਹਾਂ ਦੇ ਸੈਂਕੜੇ ਲੇਖ ਪੰਜਾਬ ਦੀਆਂ ਪ੍ਰਮੁੱਖ ਅਖਬਾਰਾਂ ਵਿੱਚ ਪ੍ਰਕਾਸ਼ਤ ਹੋਏ ਹਨ। ਉਨ੍ਹਾਂ ਈਮੇਲ** budhadalamritsar@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਸਿੰਧੀ ਸਿੱਖਾਂ ਦਾ ਕੱਲ੍ਹ, ਅੱਜ ਤੇ ਭਲਕ

## ਅਮਰੀਕ ਸਿੰਘ ਸ਼ੇਰ ਖਾਂ

ਬੜੇ ਥੋੜ੍ਹੇ ਲੋਕ ਇਸ ਇਤਿਹਾਸਕ ਤੱਥ ਤੋਂ ਵਾਕਿਫ ਹਨ ਕਿ ਜੇਕਰ 'ਹਿੰਦ' ਜਾਂ 'ਹਿੰਦੁਸਤਾਨ' ਸ਼ਬਦ ਦੇ ਵਜੂਦ ਦੀ ਗੱਲ ਕਰੀਏ ਤਾਂ ਇਹਨਾਂ ਸ਼ਬਦਾਂ ਦਾ ਪਿਛੋਕੜ 'ਸਿੰਧ' ਸ਼ਬਦ ਨਾਲ ਜੁੜਿਆ ਹੈ। ਸਿੰਧ ਦਰਿਆ ਦੇ ਕਿਨਾਰੇ ਵੱਸਣ ਵਾਲੇ ਲੋਕਾਂ ਨੂੰ ਸਿੰਧੂ ਜਾਂ ਕਹਿ ਲਓ ਕਿ 'ਸ' ਧੁਨੀ ਨੂੰ 'ਹ' ਚ ਉਚਾਰੇ ਜਾਣ ਕਰਕੇ ਹੌਲੀ-ਹੌਲੀ 'ਹਿੰਦੂ' ਕਿਹਾ ਜਾਣ ਲੱਗਾ ਤੇ ਸਿੰਧ ਦਾ ਉਰਾਰ ਵਾਲਾ ਇਲਾਕਾ ਹੌਲੀ-ਹੌਲੀ ਹਿੰਦੁਸਤਾਨ ਵਜੋਂ ਪ੍ਰਚੱਲਤ ਹੋ ਗਿਆ। ਇਹ ਤੱਥ ਇਹ ਵੀ ਦਰਸਾਉਂਦਾ ਹੈ ਕਿ 'ਹਿੰਦੁਸਤਾਨ' ਸ਼ਬਦ ਦਾ ਸੰਬੰਧ ਕਿਸੇ ਵਿਸ਼ੇਸ਼ ਧਰਮ ਜਾਂ ਫਿਰਕੇ ਨਾਲ ਨਹੀਂ ਸਗੋਂ 'ਇਲਾਕੇ' ਨਾਲ ਹੈ। ਪੰਜਾਬ ਦੇ ਮਾਝਾ ਖਿੱਤੇ ਦੀ ਮਝੈਲ ਪੰਜਾਬੀ (ਮਾਝੀ ਉੱਪ ਬੋਲੀ) ਵਿੱਚ ਅੱਜ ਵੀ 'ਸ' ਦੀ ਥਾਂ 'ਹ' ਧੁਨੀ ਪ੍ਰਚੱਲਤ ਹੈ ਜਿਵੇਂ ਕਿ ਮਝੈਲ ਅੱਜ ਵੀ 'ਪੈਸੇ' ਸ਼ਬਦ ਨੂੰ 'ਪੈਹੇ' ਤੇ 'ਸਾਡੇ' ਨੂੰ 'ਹਾਡੇ'ਕਹਿ ਕੇ ਕੰਮ ਚਲਾ ਲੈਂਦੇ ਹਨ।

ਸੋ ਉਪਰੋਕਤ ਤੱਥਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਿੰਧ ਦਰਿਆ ਦੇ ਆਸ ਪਾਸ ਵਸੇਂਦੇ ਲੋਕ 'ਸਿੰਧੂ' ਜਾਂ ਇਲਾਕਾਈ ਉਚਾਰਨਕ ਵਿਭਿੰਨਤਾ ਕਰਕੇ 'ਹਿੰਦੂ' ਅਖਵਾਉਂਦੇ ਸਨ। ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਸਿੰਧ ਘਾਟੀ ਦੀ ਸੱਭਿਅਤਾ ਨੂੰ ਵਿਸ਼ਵ ਦੀਆਂ ਸਭ ਤੋਂ ਵਿਕਸਤ ਸੱਭਿਆਤਾਵਾਂ ਵਿੱਚੋਂ ਇੱਕ ਗਿਣਿਆ ਜਾਂਦਾ ਸੀ। ਜੇ ਅੱਜ ਤੋਂ ਬਾਰਾਂ-ਤੇਰਾਂ ਸਦੀਆਂ ਪਿੱਛੇ ਵੱਲ ਝਾਤ ਮਾਰੀਏ ਤਾਂ ਸੰਨ 700 ਈ: ਦੇ ਆਸ-ਪਾਸ ਸਿੰਧ ਇਲਾਕੇ ਉੱਪਰ ਰਾਜਾ ਦਾਹਿਰ ਦਾ ਰਾਜ ਸੀ। ਰਾਜੇ ਦਾਹਿਰ ਦੇ ਰਾਜ ਸਿੰਧ ਨੂੰ ਪਹਿਲੀ ਵਾਰ ਉੱਤਰ-ਪੱਛਮ ਵਾਲੇ ਪਾਸਿਓਂ ਆਏ ਇੱਕ ਮੁਸਲਿਮ ਗੱਭਰੂ ਮੀਰ ਕਾਸਿਮ ਨੇ ਚੁਣੌਤੀ ਦਿੱਤੀ। ਦਰਿਆ ਸਿੰਧ ਦੇ ਕਿਨਾਰੇ 'ਅਰੋੜ' ਨਾਮਕ ਸਥਾਨ ਤੇ ਬੜਾ ਘਮਸਾਨ ਦਾ ਯੁੱਧ ਹੋਇਆ। ਰਾਜਾ ਦਾਹਿਰ ਤੇ ਉਸਦਾ ਗੱਭਰੂ ਪੁੱਤਰ ਰਣ-ਤੱਤੇ ਵਿੱਚ ਜੂਝਦਿਆਂ ਮਾਰੇ ਗਏ। ਮੀਰ ਕਾਸਿਮ ਰਾਜੇ ਦਾਹਿਰ ਦੀਆਂ ਦੋ ਜਵਾਨ ਬੇਟੀਆਂ ਸੂਰੀਆ ਕੁਮਾਰੀ ਤੇ ਪਰੀ ਮਾਲਾ ਨੂੰ ਬੰਧਕ ਬਣਾ ਕੇ ਆਪਣੇ ਖਲੀਫਾ ਨੂੰ ਭੇਟ ਕਰਨ ਲਈ ਤੁਰਕੀ ਵੱਲ ਲੈ ਗਿਆ। ਵਰਨਣਯੋਗ ਹੈ ਕਿ ਇਹ ਦੋਨੋਂ ਕੰਨਿਆਵਾਂ ਆਪਣੀ ਸੂਝ-ਬੂਝ ਨਾਲ ਮੀਰ ਕਾਸਮ ਤੇ ਉਹਦੇ ਖਲੀਫਾ ਤੋਂ ਬਦਲਾ ਲੈਣ ਵਿੱਚ ਕਾਮਯਾਬ ਰਹੀਆਂ ਤੇ ਆਖਰ ਆਪਣਾ ਆਪਾ ਕੁਰਬਾਨ ਕਰਕੇ ਆਪਣਾ ਨਾਮ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਦਰਜ਼ ਕਰਵਾ ਗਈਆਂ।

ਸੰਖੇਪ ਵਿੱਚ ਜੇਕਰ ਕਿਹਾ ਜਾਵੇ ਤਾਂ 712 ਈ: ਵਿੱਚ ਪਹਿਲੇ ਮੁਸਲਿਮ ਸ਼ਾਸਕ ਜਾਂ ਵਿਅਕਤੀ ਨੇ ਸਿੰਧ ਦੇ ਰਾਹੀਂ ਹਿੰਦੁਸਤਾਨ ਦੀ ਧਰਤੀ ਤੇ ਪੈਰ ਪਾਇਆ ਤੇ ਇਸਤੋਂ ਬਾਦ 'ਚੱਲ ਸੋ ਚੱਲ' ਮੁਸਲਿਮ ਹਾਕਮਾਂ ਨੇ ਹਿੰਦੁਸਤਾਨੀਆਂ ਨੂੰ ਆਪਣੀ ਤਲਵਾਰ ਦੀ ਧਾਰ ਹੇਠ ਦਲਣਾ ਸ਼ੁਰੂ ਕਰ ਦਿੱਤਾ ਤੇ ਕਈ ਸਦੀਆਂ ਬਾਦ ਉਹ ਪੂਰੇ ਹਿੰਦੁਸਤਾਨ ਦੀ ਸਰ-ਜ਼ਮੀਨ ਦੇ ਮਾਲਕ ਬਣਨ ਵਿੱਚ ਕਾਮਯਾਬ ਹੋ ਗਏ ਤੇ ਇਸ ਧਰਤੀ ਦੇ ਮੂਲ ਬਾਸ਼ਿੰਦੇ ਭਾਵ

# ਗੁਰਬਾਣੀ ਦਾ ਪ੍ਰਚਾਰ ਕਰਦੇ ਗੁਰੂ ਨਾਨਕ ਨਾਮਲੇਵਾ ਸਿੰਧੀ ਸ਼ਖਸ਼ੀਅਤਾਂ



ਸਾਧੂ ਵਾਸਵਾਨੀ ਜੀ



ਦਾਦਾ ਚੇਲਾਰਾਮ ਜੀ




ਦਾਦਾ ਚੇਲਾ ਰਾਮ ਜੀ ਦੇ ਸਪੁੱਤਰ ਸ਼੍ਰੀ ਲਛਮਨ ਦਾਸ ਜੀ ਦਿੱਲੀ ਵਿੱਚ ਕੀਰਤਨ ਕਰਦੇ ਹੋਏ





ਗੁਰਪ੍ਰੀਤ ਸਿੰਘ ਰਿੰਕੂ ਸਿੰਧੀਆਂ ਦੇ ਗੁਰਦੁਆਰੇ ਉਲਹਾਸਨਗਰ ਮੁੰਬਈ ਵਿਖੇ ਕੀਰਤਨ ਕਰਦੇ ਹੋਏ।
ਕੀਰਤਨ ਦਰਬਾਰ ਵਿੱਚ ਜੁੜੀ ਸਿੰਧੀ ਸੰਗਤ

# ਉਲਹਾਸਨਗਰ, ਮੁੰਬਈ 'ਚ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ 'ਤੇ ਪ੍ਰਭਾਤ ਫੇਰੀ ਦੌਰਾਨ ਸਿੰਧੀ ਸਿੱਖਾਂ ਨੇ ਲਾਈਆਂ ਰੌਣਕਾਂ







ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ, ਰੋਪੜ ਦੇ ਪ੍ਰੋ. ਮਨਿੰਦਰਪਾਲ ਸਿੰਘ ਪਿਛਲੇ ਇੱਕ ਦਹਾਕੇ ਤੋਂ ਉਲਹਾਸਨਗਰ ਅਤੇ ਮਹਾਰਾਸ਼ਟਰਾ ਦੇ ਹੋਰ ਇਲਾਕਿਆਂ ਵਿੱਚ ਸਿੰਧੀ ਬਰਾਦਰੀ ਵਿੱਚ ਗੁਰ ਸ਼ਬਦ ਦੀ ਪ੍ਰਚਾਰ ਸੇਵਾ ਕਰਦੇ ਆ ਰਹੇ ਹਨ।

ਹਿੰਦੂ ਇਹਨਾਂ ਮੁਸਲਿਮ ਲੋਕਾਂ ਦੇ ਦਾਸ ਜਾਂ ਗੁਲਾਮ ਬਣ ਕੇ ਰਹਿ ਗਏ।

ਸਾਡੇ ਇਸ ਨਿਬੰਧ ਦਾ ਸੰਬੰਧ ਸਿੰਧੀ ਸਿੱਖਾਂ ਦੀ ਹੋਣੀ ਨਾਲ ਜੁੜਿਆ ਹੋਇਆ ਹੈ। ਇਸ ਲਈ ਜੇਕਰ ਸਿੰਧੀ ਸਿੱਖਾਂ ਦਾ ਇਤਿਹਾਸ ਫੋਲਿਆ ਜਾਵੇ ਤਾਂ ਸਪੱਸ਼ਟ ਹੁੰਦਾ ਹੈ ਕਿ ਸਿੰਧੀ ਸਿੱਖਾਂ ਦਾ ਇਤਿਹਾਸ ਵੀ ਓਨਾ ਹੀ ਪੁਰਾਣਾ ਹੈ ਜਿੰਨਾ ਕਿ ਸਿੱਖ-ਧਰਮ ਦੀ ਪੁਰਾਤਨਤਾ। ਸਿੱਖ ਧਰਮ ਦਾ ਉਦੈ ਗੁਰੂ ਨਾਨਕ ਪਾਤਸ਼ਾਹ ਦੇ ਅਵਤਾਰ ਧਾਰਨ ਨਾਲ ਜੁੜਿਆ ਹੋਇਆ ਹੈ। ਜਨਮ-ਸਾਖੀ ਪਰੰਪਰਾ ਮੁਤਾਬਕ ਜਦ ਗੁਰੂ ਨਾਨਕ ਸਾਹਿਬ ਉਦਾਸੀਆਂ ਕਰਦੇ ਹੋਏ ਗੁਜਰਾਤ ਦੇ ਕੱਛ ਤੇ ਭੁਜ ਇਲਾਕਿਆਂ ਦੇ ਦੌਰੇ ਤੇ ਗਏ ਤਾਂ ਉਸ ਵਕਤ ਇਸ ਇਲਾਕੇ ਵਿੱਚ ਵੱਡੀ ਗਿਣਤੀ ਵਿੱਚ ਸਥਾਨਕ ਸੰਗਤਾਂ ਨੇ ਗੁਰੂ ਨਾਨਕ ਸਾਹਿਬ ਦੇ ਨਿਰਮਲ ਪੰਥ ਨੂੰ ਧਾਰਨ ਕਰ ਲਿਆ। 'ਕੱਛ' ਤੇ 'ਭੁਜ'ਦੇ ਇਹ ਇਲਾਕੇ ਉਸ ਵਕਤ ਸਿੰਧ ਦੇ ਰਿਆਸਤੀ ਹਿੱਸੇ ਸਨ।

ਉਹ ਵੱਖਰੀ ਗੱਲ ਹੈ ਕਿ 1947 ਦੀ ਵੰਡ ਤੋਂ ਬਾਦ ਇਹ ਦੋਨੋਂ ਖੇਤਰ ਗੁਜਰਾਤ ਦੇ ਹਿੱਸੇ ਆ ਗਏ। ਇਸ ਪ੍ਰਕਾਰ 'ਕੱਛ' ਤੇ 'ਭੁਜ' ਤੋਂ ਲੈ ਕੇ ਕਰਾਚੀ, ਹੈਦਰਾਬਾਦ ਤੱਕ ਦੇ ਇਲਾਕਿਆਂ ਚ ਫੈਲੇ ਸਿੰਧ ਪ੍ਰਾਂਤ ਦੇ ਸਿੰਧੀ ਸਿੱਖਾਂ ਦੀ ਗਿਣਤੀ ਕਈ ਲੱਖਾਂ ਵਿੱਚ ਸੀ। ਇਹਨਾਂ ਵਿੱਚੋਂ ਬੇਸ਼ੱਕ ਬਹੁਤ ਘੱਟ ਲੋਕ ਤਿਆਰ ਬਰ ਤਿਆਰ ਅੰਮ੍ਰਿਤਧਾਰੀ ਸਿੱਖ ਸਨ ਪਰ ਬਹੁਤੇ ਕੇਸਾਧਾਰੀ ਸਿੱਖ ਆਪਣੇ-ਆਪ ਨੂੰ 'ਸਹਿਜਧਾਰੀ' ਸਿੱਖ ਅਖਵਾ ਕੇ ਵੀ ਬੜਾ ਮਾਣ ਮਹਿਸੂਸ ਕਰਦੇ ਸਨ। ਅੱਗੇ ਇਹਨਾਂ ਸਹਿਜਧਾਰੀ ਸਿੱਖਾਂ ਦੀਆਂ ਅਨੇਕਾਂ ਗੂੜ੍ਹੀਆਂ ਰਿਸ਼ਤੇਦਾਰੀਆਂ ਹਿੰਦੂ ਪਰਿਵਾਰਾਂ ਨਾਲ ਵੀ ਜੁੜੀਆਂ ਹੋਈਆਂ ਸਨ। ਸੋ ਸਿੱਖਾਂ ਦੇ ਚੰਗੇ ਚਾਲ-ਚਲਣ ਤੇ ਸਿੱਖ ਗੁਰੂ ਸਾਹਿਬਾਨ ਦੀਆਂ ਅਦੁੱਤੀ ਕੁਰਬਾਨੀਆਂ ਸਦਕਾ ਬਹੁਤੇ ਹਿੰਦੂ ਪਰਿਵਾਰ ਵੀ ਆਪਣੇ ਆਪ ਨੂੰ 'ਸਹਿਜਧਾਰੀ ਸਿੱਖ' ਅਖਵਾ ਕੇ ਵਡੱਪਣ ਮਹਿਸੂਸ ਕਰਦੇ। ਇਸ ਪ੍ਰਕਾਰ ਸਿੰਧੀ ਸਿੱਖਾਂ ਵਿੱਚ ਖਾਲਸਾਈ ਬਾਣੇ ਵਾਲੇ, ਕੇਸਾਧਾਰੀ ਤੇ ਕੁਝ ਹਿੰਦੂ ਰਹੁ-ਰੀਤੀਆਂ ਮੁਤਾਬਕ ਵਿਚਰਨ ਵਾਲੇ ਹਰ ਤਰ੍ਹਾਂ ਦੇ ਲੋਕਾਂ ਦਾ ਹਮੇਸ਼ਾ ਹੀ ਆਪਸੀ ਅਪਣੱਤ ਵਾਲਾ ਇੱਕ ਰਲਵਾਂ-ਮਿਲਵਾਂ ਜਿਹਾ ਸਮਾਜ ਬਣਿਆ ਰਿਹਾ ਹੈ।

ਸਿੰਘ ਸਭਾ ਲਹਿਰ ਵੇਲੇ ਸੰਨ 1927 ਦੇ ਆਸ-ਪਾਸ ਚੀਫ ਖਾਲਸਾ ਦੀਵਾਨ ਵੱਲੋਂ ਬਾਬਾ ਠਾਹਰੀਆ ਸਿੰਘ ਨੂੰ ਸਿੰਧੀ ਸਿੱਖਾਂ ਵਿੱਚ ਪ੍ਰਚਾਰ ਕਰਨ ਲਈ ਭੇਜਿਆ ਗਿਆ। ਉਹਨਾਂ ਨੇ ਜ਼ਿਲ੍ਹਾ ਸਾਖੜਾ ਦੇ ਕਾਂਧੜਾ ਨਗਰ ਨੂੰ ਆਪਣਾ ਹੈਡਕੁਆਟਰ ਬਣਾਇਆ ਤੇ ਸੰਤ ਗੁਰਮੁਖ ਸਿੰਘ ਜੀ (ਕਾਰ ਸੇਵਾ) ਪਟਿਆਲੇ ਵਾਲੇ, ਸੰਤ ਸ਼ਾਮ ਸਿੰਘ ਜੀ ਹਜ਼ੂਰੀ ਰਾਗੀ ਦਰਬਾਰ ਸਾਹਿਬ ਆਦਿਕ ਗੁਰਮੁਖਾਂ ਦਾ ਸਹਿਯੋਗ ਲੈ ਕੇ ਸਿੰਧ ਸੂਬੇ ਵਿੱਚ ਪ੍ਰਚਾਰ ਦੀ ਜ਼ੋਰਦਾਰ ਲਹਿਰ ਚਲਾਈ। ਕਿਹਾ ਜਾਂਦਾ ਹੈ ਕਿ ਬਾਬਾ ਠਾਹਰੀਆ ਸਿੰਘ ਦੀ ਮਿਕਨਾਤੀਸੀ ਸ਼ਖਸੀਅਤ ਸਦਕਾ ਇਸ ਇਲਾਕੇ ਵਿੱਚ ਸਿੱਖਾਂ ਦੀ ਗਿਣਤੀ ਕਈ ਹਜ਼ਾਰਾਂ ਦੇ ਅੰਕੜੇ ਨੂੰ ਛੂਹਣ ਲੱਗੀ। ਜ਼ਿਲ੍ਹਾ ਸਾਖੜਾ ਤੇ ਆਸ-ਪਾਸ ਦੇ ਇਲਾਕੇ ਵਿੱਚ 1901 ਦੀ ਜਨ-ਗਣਨਾ ਮੁਤਾਬਕ ਸਿੱਖਾਂ ਦੀ ਗਿਣਤੀ ਸਿਰਫ 1000 ਦੇ ਆਸ-ਪਾਸ ਸੀ ਜਦ ਕਿ 1941 ਵਿੱਚ ਇਹ ਅੰਕੜਾ 40000 ਤੋਂ ਵੀ ਪਾਰ ਹੋ ਗਿਆ। ਬਾਅਦ ਵਿੱਚ ਇਸ ਇਲਾਕੇ ਦੇ ਸਿੰਧੀ ਸਿੱਖ ਜਦ ਮੁੰਬਈ ਦੇ ਨਜ਼ਦੀਕ ਉਲਹਾਸਨਗਰ ਆਦਿਕ ਵਿੱਚ ਆਣ ਵੱਸੇ ਤਾਂ ਉਹਨਾਂ ਨੇ ਆਪਣੇ ਪਿਤਰੀ ਗੁਰਦੁਆਰਿਆਂ ਦੇ ਨਾਂ ਤੇ ਓਸੇ ਤਰਜ਼ ਵਿੱਚ ਅਨੇਕਾਂ

ਧਾਰਮਿਕ ਸਥਾਨ ਉਲਹਾਸਨਗਰ ਤੇ ਆਸ-ਪਾਸ ਦੇ ਇਲਾਕਿਆਂ ਵਿੱਚ ਤਾਮੀਰ ਕਰਵਾਏ। ਜੇਕਰ ਸਿੰਧੀ ਸਿੱਖਾਂ ਦੀਆਂ ਧਾਰਮਿਕ ਰਹੁ-ਰੀਤਾਂ ਨੂੰ ਦੇਖਿਆ ਜਾਵੇ ਤਾਂ ਇਹਨਾਂ ਵਿੱਚ ਗੁਰੂ ਨਾਨਕ ਪਾਤਸ਼ਾਹ ਦੀ ਅਪਰੰਪਾਰ ਮਹਿਮਾ ਨੂੰ ਸਭ ਤੋਂ ਵੱਧ ਪ੍ਰਮੁੱਖਤਾ ਦਿੱਤੀ ਜਾਂਦੀ ਅਕਸਰ ਹੀ ਵੇਖੀ ਜਾ ਸਕਦੀ ਹੈ। ਮੇਰਾ ਆਪਣਾ ਸੰਬੰਧ ਪਿਛਲੇ ਕੁਝ ਸਮੇਂ ਤੋਂ ਕੁਝ ਸਿੰਧੀ ਪਰਿਵਾਰਾਂ ਨਾਲ ਰਿਹਾ ਹੈ। ਉਹਨਾਂ ਦੀ ਹਰ ਗੱਲ ਵਿੱਚ ਸੁੱਤੇ-ਸਿੱਧ 'ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ' ਦੀ ਧੁਨੀ ਅਕਸਰ ਗੂੰਜਦੀ ਰਹਿੰਦੀ ਹੈ। ਕਈ ਸਿੰਧੀ ਬਜ਼ੁਰਗਾਂ ਦਾ ਤਾਂ ਇਹ ਸ਼ਬਦ ਤਕੀਆ ਕਲਾਮ ਹੀ ਕਿਹਾ ਜਾ ਸਕਦੈ।

ਪੂਰੇ ਪਾਕਿਸਤਾਨੀ ਸੂਬੇ ਸਿੰਧ ਦੇ ਸੰਨ 1947 ਤੋਂ ਪਹਿਲਾਂ ਦੇ ਜੇਕਰ ਮਰਦਮ-ਸ਼ੁਮਾਰੀ ਅੰਕੜੇ ਦੇਖੀਏ ਤਾਂ ਇਸ ਇਲਾਕੇ ਵਿੱਚ ਉਸ ਵਕਤ ਡੇਢ ਤੋਂ ਦੋ ਲੱਖ ਦੇ ਕਰੀਬ ਸਿੰਧੀ ਸਿੱਖਾਂ ਦੀ ਆਬਾਦੀ ਸੀ। ਬੜੀ ਹੈਰਾਨੀਜਨਕ ਗੱਲ ਹੈ ਕਿ ਜਦ ਦੇਸ ਦੀ ਵੰਡ ਹੋਈ ਤਾਂ ਪੂਰੇ ਪੱਛਮੀ ਪੰਜਾਬ ਦੇ ਹਿੰਦੂ ਤੇ ਸਿੱਖ ਚੜ੍ਹਦੇ ਪੰਜਾਬ ਭਾਵ ਹਿੰਦੁਸਤਾਨ ਵਾਲੇ ਪਾਸੇ ਹਿਜਰਤ ਕਰਕੇ ਆ ਗਏ ਪਰ ਸਿੰਧ ਸੂਬੇ ਵਿੱਚ ਵੱਸਣ ਵਾਲੇ ਹਿੰਦੂਆਂ-ਸਿੱਖਾਂ ਦੇ ਸਥਾਨਕ ਮੁਸਲਮਾਨਾਂ ਨਾਲ ਗੂੜ੍ਹੇ ਸੰਬੰਧ ਹੋਣ ਕਰਕੇ ਆਪਸੀ ਨਫਰਤ ਦੀ ਹਵਾ ਏਸ ਪਾਸੇ ਉੱਕਾ ਹੀ ਰੁਮਕ ਨਾ ਸਕੀ ਤੇ ਸਿੰਧੀ-ਹਿੰਦੂ ਸਿੱਖ ਏਸੇ ਇਲਾਕੇ ਵਿੱਚ ਚੁੱਪ-ਚਾਪ ਵੱਸਦੇ ਰਹੇ। ਜਿਆਦਾਤਰ ਸਿੰਧੀ ਹਿੰਦੂ-ਸਿੱਖ, ਵਪਾਰੀ ਤਬਕਾ ਹੋਣ ਕਰਕੇ ਆਪਣਾ ਬਿਜ਼ਨਸ ਕਿਸੇ ਵੀ ਹਾਲਤ ਵਿੱਚ ਸਮੇਟਣਾ ਨਹੀਂ ਸੀ ਚਾਹੁੰਦੇ।

ਉਦਯੋਗਿਕ ਕ੍ਰਾਂਤੀ ਆਉਣ ਤੋਂ ਬਾਅਦ ਬੜੀਆਂ ਮਿਹਨਤਾਂ ਨਾਲ ਇਹਨਾਂ ਲੋਕਾਂ ਨੇ ਆਪਣੇ ਵਪਾਰ ਨੂੰ ਬੁਲੰਦੀਆਂ ਤੱਕ ਪਹੁੰਚਾਇਆ ਸੀ। ਸੋ, ਇਸ ਲਈ ਤਕੜੇ ਵਪਾਰੀ, ਚਾਲ-ਚੱਲਣ ਦੇ ਨੇਕ ਤੇ ਹਰ ਕਿਸੇ ਦੀ ਦੁਖ-ਸੁਖ ਵਿੱਚ ਬਾਂਹ ਫੜਨ ਕਰਕੇ ਇਲਾਕੇ ਦੇ ਆਮ ਮੁਸਲਮਾਨ ਵੀ ਇਹਨਾਂ ਦੇ ਅਹਿਸਾਨਮੰਦ ਸਨ ਪਰ ਜਦ ਭਾਰਤ ਵਾਲੇ ਪਾਸਿਓਂ ਮੁਸਲਿਮ ਸ਼ਰਨਾਰਥੀ ਪੋਹ-ਮਾਘ ਦੇ ਦਿਨਾਂ ਤੱਕ ਭਾਵ ਦਸੰਬਰ 1947 ਦੇ ਆਸ-ਪਾਸ ਕਰਾਚੀ ਤੇ ਹੈਦਰਾਬਾਦ ਆਦਿ ਦੇ ਇਲਾਕਿਆਂ ਵਿੱਚ ਵੱਡੀ ਗਿਣਤੀ ਵਿੱਚ ਜਾ ਵਸੇ ਤਾਂ ਉਹਨਾਂ ਨੇ ਇਹਨਾਂ ਸਥਾਨਕ ਹਿੰਦੂ-ਸਿੱਖਾਂ ਲਈ ਮੁਸ਼ਕਲਾਂ ਖੜ੍ਹੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਕਿਉਂ ਕਿ ਉਹ ਹਿੰਦੁਸਤਾਨ ਵਾਲੇ ਪਾਸੇ ਆਪਣਾ ਸਭ-ਕੁਝ ਲੁਟਾ-ਪੁਟਾ ਕੇ ਓਧਰ ਪਹੁੰਚੇ ਸਨ।

ਉਹਨਾਂ ਨੇ ਸਥਾਨਕ ਮੁਸਲਿਮ ਨੇਤਾਵਾਂ ਤੇ ਆਮ ਲੋਕਾਂ ਨੂੰ ਉਕਸਾਉਣਾ ਸ਼ੁਰੂ ਕਰ ਦਿੱਤਾ। ਸਿੱਟੇ ਵਜੋਂ ਬਦਲੇ ਹਾਲਾਤਾਂ ਮੁਤਾਬਕ ਬਹੁਤੇ ਹਿੰਦੂ- ਸਿੱਖਾਂ ਨੇ ਨਾ-ਚਾਹੁੰਦਿਆਂ ਹੋਇਆਂ ਵੀ ਹਿੰਦੁਸਤਾਨ ਵੱਲ ਹਿਜਰਤ ਕਰਨੀ ਸ਼ੁਰੂ ਕਰ ਦਿੱਤੀ। ਸਿੰਧ ਵਿੱਚ ਲਗਭਗ 25 ਫੀਸਦੀ ਦਾ ਹਿੱਸਾ ਰੱਖਣ ਵਾਲੀ ਗੈਰ-ਮੁਸਲਿਮ ਆਬਾਦੀ ਅੱਜ ਸਿਰਫ ਅੱਠ-ਨੌਂ ਫੀਸਦੀ ਤੱਕ ਸੀਮਤ ਰਹਿ ਗਈ ਹੈ। ਜੇਕਰ ਸਿੱਖਾਂ ਦੀ ਗੱਲ ਕਰੀਏ ਤਾਂ ਅੱਠ-ਦਸ ਹਜ਼ਾਰ ਸਿੱਖ ਸਿੰਧ ਇਲਾਕੇ ਚ ਰਹਿ ਗਏ ਹਨ ਜਦ ਕਿ ਬਾਕੀ ਸਭ ਹਿੰਦੁਸਤਾਨ ਤੋਂ ਇਲਾਵਾ ਵਿਸ਼ਵ ਦੇ ਦੂਜੇ ਹਿੱਸਿਆਂ ਵਿੱਚ ਜਾ ਫੈਲੇ ਹਨ।

ਦਸੰਬਰ 1947 ਤੋਂ ਬਾਅਦ ਬਹੁਤੇ ਸਿੰਧੀ ਪਰਿਵਾਰ ਸਿੰਧ ਨਾਲ ਲੱਗਦੀਆਂ ਬਾਰਡਰ ਸਟੇਟਾਂ ਗੁਜਰਾਤ, ਰਾਜਸਥਾਨ, ਮੱਧ ਪ੍ਰਦੇਸ਼ ਤੇ ਮਹਾਂਰਾਸ਼ਟਰ ਵੱਲ ਨੂੰ ਰਵਾਨਾ ਹੋ

ਗਏ।ਮੁੰਬਈ ਦੇ ਨਾਲ ਲੱਗਦੇ ਇਲਾਕੇ ਉਲਹਾਸਨਗਰ ਨੂੰ ਅਜੋਕੇ ਸਮੇਂ ਵਿੱਚ ਸਿੰਧੀ ਸਿੱਖਾਂ ਨੇ ਆਪਣਾ ਵਿਸ਼ੇਸ਼ ਹੈੱਡਕੁਆਟਰ ਬਣਾ ਰੱਖਿਆ ਹੈ। ਇੱਥੋਂ ਦਾ ਗੁਰਦੁਆਰਾ ਗੁਰੂ ਨਾਨਕ ਦਰਬਾਰ ਦੇਸ-ਵਿਦੇਸ਼ ਦੇ ਸਿੱਖਾਂ ਵਿੱਚ ਆਪਣੀ ਵਿਸ਼ੇਸ ਖਿੱਚ ਦਾ ਕੇਂਦਰ ਬਣ ਰਿਹਾ ਹੈ। ਉਲਹਾਸਨਗਰ ਇਲਾਕੇ ਵਿੱਚ ਸਿੰਧੀ ਸਿੱਖਾਂ ਦੀ ਪੱਚੀ ਤੋਂ ਤੀਹ ਹਜ਼ਾਰ ਦੇ ਕਰੀਬ ਅਬਾਦੀ ਹੈ।ਇੱਥੇ ਗੁਰੂ ਨਾਨਕ ਸਾਹਿਬ ਜੀ ਦੇ ਅਵਤਾਰ ਦਿਹਾੜੇ ਨੂੰ ਸਮਰਪਿਤ ਕੱਢੀ ਜਾਂਦੀ ਪ੍ਰਭਾਤ ਫੇਰੀ ਵਿਸ਼ਵ ਪੱਧਰ ਤੇ ਰਿਕਾਰਡ ਕਾਇਮ ਕਰ ਚੁੱਕੀ ਹੈ।ਇਸ ਇਲਾਕੇ ਵਿੱਚ ਸਰਗਰਮ ਧਾਰਮਿਕ ਸੰਸਥਾ 'ਅੰਮ੍ਰਿਤ ਵੇਲਾ ਸੰਸਥਾਨ' ਦੀ ਅਗਵਾਈ ਹੇਠ ਹਰ ਸਾਲ ਨਵੰਬਰ ਮਹੀਨੇ ਨਿਕਲਣ ਵਾਲੀ ਪ੍ਰਭਾਤ ਫੇਰੀ ਵਿੱਚ ਦੋ ਲੱਖ ਦੇ ਕਰੀਬ ਸੰਗਤਾਂ ਦਾ ਇਕੱਠ ਪੂਰੀ ਸ਼ਰਧਾ-ਭਾਵਨਾ ਨਾਲ 'ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ' ਦੀ ਧੁਨ ਅਲਾਪਦਾ ਸ਼ਾਮਲ ਹੁੰਦਾ ਹੈ।

ਬੱਚਿਆਂ, ਗੱਭਰੂਆਂ, ਮੁਟਿਆਰਾਂ ਤੇ ਬਜ਼ੁਰਗਾਂ ਦੇ ਸਿਰਾਂ ਤੇ ਸਜੇ ਸਫੈਦ ਪਟਕਿਆਂ ਤੇ ਦੁਪੱਟਿਆਂ ਦੀ ਆਪਣੀ ਨਿਆਰੀ ਸ਼ੋਭਾ ਹੁੰਦੀ ਹੈ। ਇਹ ਪ੍ਰਭਾਤ ਫੇਰੀ ਸਿਰਫ ਇਕੱਲਾ ਧਾਰਮਿਕ ਸਮਾਗਮ ਹੀ ਨਹੀਂ ਹੁੰਦੀ ਸਗੋਂ ਪੂਰੇ ਸਿੰਧੀ ਸੱਭਿਆਚਾਰ ਦੀ ਝਾਕੀ ਪੇਸ਼ ਕਰ ਰਹੀ ਹੁੰਦੀ ਹੈ। ਕਈ ਮੀਲਾਂ ਤੱਕ ਲੰਬਾ ਕਾਫਲਾ ਅਨੇਕਾਂ ਤਰ੍ਹਾਂ ਦੇ ਬੈਂਡ-ਵਾਜਿਆਂ ਦੀ ਧੁਨਾਂ ਨਾਲ ਗੂੰਜਣ ਤੋਂ ਇਲਾਵਾ ਗੁਰੂ ਗਰੰਥ ਸਾਹਿਬ ਦੀ ਪਾਲਕੀ ਦੀ ਅਗਵਾਈ ਕਰਦੇ ਪੰਜ-ਪਿਆਰਿਆਂ ਦੀ ਸ਼ੋਭਾ ਤੇ ਸਤਿਕਾਰ ਵੇਖਣ ਵਾਲਾ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਲਈ ਵਿਸ਼ੇਸ਼ ਰਥ ਸਜਾਏ ਹੁੰਦੇ ਹਨ।

ਕਈ ਮੀਲ ਲੰਬੇ ਕਾਫਲੇ ਵਿੱਚ ਕਈ ਜਗ੍ਹਾ ਅਨੇਕਾਂ ਤਰ੍ਹਾਂ ਦੇ ਲੋਕ-ਨਾਚਾਂ ਜਿਵੇਂ ਗੁਜਰਾਤੀ ਗਰਬਾ, ਪੰਜਾਬੀ ਗਿੱਧਾ-ਭੰਗੜਾ ਆਦਿ ਦਾ ਮਿਸ਼ਰਣ ਤੇ ਹੋਰ ਅਨੇਕਾਂ ਤਰ੍ਹਾਂ ਦੇ ਸਵਾਂਗ ਵੀ ਵਿੱਚ-ਵਿਚਾਲੇ ਖਿੱਚ ਦਾ ਸਬੱਬ ਬਣੇ ਰਹਿੰਦੇ ਹਨ।ਕੁੱਲ ਮਿਲਾ ਕੇ ਲੱਖਾਂ ਸਿਰਾਂ ਦੇ ਕਾਫਲੇ ਦੇ ਬਾਵਜੂਦ ਜਿਸ ਅਨੁਸ਼ਾਸਨਾਤਮਕ ਤਰੀਕੇ ਨਾਲ ਇਹ ਪ੍ਰਭਾਤ-ਫੇਰੀ ਇਸ ਇਲਾਕੇ ਚ ਨਿਕਲਦੀ ਹੈ, ਇਸ ਪ੍ਰਕਾਰ ਦਾ ਅਨੁਸ਼ਾਸਨ ਹੋਰ ਕਿਧਰੇ ਵੇਖਣ ਨੂੰ ਬੜਾ ਘੱਟ ਮਿਲਦੈ।

ਉਲਹਾਸਨਗਰ (ਮੁੰਬਈ) ਤੋ ਇਲਾਵਾ ਇੰਦੌਰ, ਪਿੰਪਰੀ (ਨੇੜੇ ਪੂਨਾ) ਆਦਿਕ ਅਨੇਕਾਂ ਸਥਾਨਾਂ ਤੇ ਸਿੰਧੀ ਸਮਾਜ ਨੇ ਗੁਰਦੁਆਰਾ ਸਾਹਿਬਾਨ ਤੋਂ ਇਲਾਵਾ ਆਪਣੇ ਪ੍ਰਚਾਰ ਕੇਂਦਰ ਸਥਾਪਿਤ ਕਰ ਰੱਖੇ ਹਨ।ਬਹੁਤੇ ਸਿੰਧੀ ਪਰਿਵਾਰ ਪੂਰੀ ਤਰ੍ਹਾਂ ਆਰਥਿਕ ਤੌਰ ਤੇ ਖੁਸ਼ਹਾਲ ਤੇ ਸਾਧਨ ਸੰਪੰਨ ਪਰਿਵਾਰ ਹਨ। ਕਈ ਤਾਂ ਵੱਡੇ-ਵੱਡੇ ਉਦਯੋਗਪਤੀ ਤੇ ਕਾਰਖਾਨਿਆਂ ਦੇ ਮਾਲਕ ਵੀ ਹਨ ਜੋ ਬੇਰੁਜ਼ਗਾਰੀ ਦੇ ਦੌਰ ਵਿੱਚ ਸਾਡੇ ਸਿੱਖ ਬੱਚਿਆਂ ਦੀ ਬਾਂਹ ਫੜਨ ਦੇ ਵੀ ਕਾਬਲ ਹਨ।ਚੇਤੇ ਰਹੇ ਕਿ ਸਿੰਧੀ ਸਿੱਖ ਭਾਈਚਾਰੇ ਦਾ ਸਥਾਨਕ ਹਿੰਦੂ ਭਾਈਚਾਰੇ ਨਾਲ ਸ਼ੁਰੂ ਤੋਂ ਹੀ ਨੇੜਲਾ ਸੰਬੰਧ ਰਿਹਾ ਹੈ।

ਆਪਸੀ ਰਿਸ਼ਤੇਦਾਰੀਆਂ ਹੋਣ ਕਰਕੇ ਲੜਕੇ-ਲੜਕੀਆਂ ਦੇ ਵਿਆਹ-ਸ਼ਾਦੀਆਂ ਦੇ ਰਚੇ ਜਾਂਦੇ ਸਮਾਗਮਾਂ ਸਦਕਾ ਇਹ ਸਮਾਜ ਇੱਕ-ਦੂਜੇ ਤੋਂ ਅਕਸਰ ਪ੍ਰਭਾਵਿਤ ਹੁੰਦਾ ਰਹਿੰਦੈ। ਸਾਡੇ ਪੰਥਕ ਆਗੂਆਂ ਨੂੰ ਇਸ ਭਾਈਚਾਰੇ ਉੱਪਰ ਆਪਣੇ ਕਰੜੇ ਮਰਿਆਦਾ-ਵਾਦੀ ਬੰਧਨ ਥੋਪਣ ਦੀ ਬਿਜਾਇ ਉਹਨਾਂ ਨੂੰ ਪਿਆਰ, ਸਤਿਕਾਰ ਤੇ ਹਮਦਰਦੀ ਸਹਿਤ

ਨਾਲ ਲੈ ਕੇ ਚੱਲਣਾ ਚਾਹੀਦਾ ਹੈ ਤਾਂ ਜੋ ਗੁਰੂ ਸਾਹਿਬਾਨ ਦੇ ਵੇਲੇ ਤੋਂ ਇਹਨਾਂ ਸਿੱਖਾਂ ਨਾਲ ਜੁੜਿਆ ਰਿਸ਼ਤਾ ਹੋਰ ਪੀਡਾ ਹੋ ਸਕੇ ਤੇ ਸਮੁੱਚੀ ਕੌਮ ਮਿਲ-ਜੁਲ ਕੇ ਅਗਲੇਰੀਆਂ ਚੁਣੌਤੀਆਂ ਦੇ ਹਾਣ ਦੀ ਬਣ ਸਕੇ।



**ਅਮਰੀਕ ਸਿੰਘ ਸ਼ੇਰ ਖਾਂ ਡਬਲ ਐਮ. ਏ., ਬੀ. ਐਡ ਦੇ ਨਾਲ-ਨਾਲ ਉਰਦੂ ਦੀ ਵਿਦਿਅਕ ਯੋਗਤਾ ਰੱਖਦੇ ਹਨ। ਜਵਾਹਰ ਨਵੋਦਿਆ ਵਿਦਿਆਲਿਆ ਲੁਹਾਰਾ (ਮੋਗਾ) ਵਿੱਚ ਵਿਦਿਆ ਵੰਡਣ ਦਾ ਕਾਰਜ ਕਰ ਰਹੇ ਹਨ। ਉਨ੍ਹਾਂ ਦੀਆਂ** 6 **ਪੁਸਤਕਾਂ ਹੁਣ ਤੱਕ ਛਪ ਚੁੱਕੀਆਂ ਹਨ। ਇਹ ਦਿਦਾਰੀ ਖਾਲਸਾ ਸੈਰ ਸਪਾਟੇ ਦਾ ਖਾਸ ਸ਼ੌਂਕ ਰੱਖਦਾ ਹੈ। ਇਸ ਮੁਹੱਬਤੀ, ਦੂਰ ਅੰਦੇਸ਼, ਅਗਾਂਹ ਵਧੂ ਸੋਚ, ਬੇਬਾਕੀ, ਮਾਂ ਬੋਲੀ ਦੇ ਮੁਦੱਈ ਨਾਲ ਈਮੇਲ** amriksherkhan@yahoo.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਰਮਈਏ ਸਿੱਖਾਂ ਵਿੱਚ ਇੱਕ ਦਿਨ

## ਸਤਿਨਾਮ ਸਿੰਘ ਕੋਮਲ

'ਭੁੱਲੇ ਵਿਸਰੇ ਨਾਨਕਪੰਥੀ' ਨਾਮੀ ਪੁਸਤਕ ਜਦ ਮੈਂ ਪੜ੍ਹੀ ਜਿਸ ਵਿੱਚ ਕਰੋੜਾਂ ਗੁਰੂ ਦੇ ਸਿੱਖ ਮਹਾਰਾਸ਼ਟਰ, ਮੱਧ ਪ੍ਰਦੇਸ਼, ਰਾਏਕੋਟ, ਨਾਗਪੁਰ ਅਤੇ ਝਾਰਖੰਡ ਵਿੱਚ ਗੁਰਬਤ ਵਿੱਚ ਵਿਚਰਦੇ, ਆਪਣੇ ਸੀਨੇ ਵਿੱਚ ਗੁਰੂ ਦਾ ਪਿਆਰ ਸੰਭਾਲੀ ਬੈਠੇ ਹਨ। ਭਾਵੇਂ ਉਹਨਾਂ ਦਾ ਜੀਵਨ ਤਰਸਯੋਗ ਹਾਲਤ ਵਿੱਚ ਹੈ ਪਰ ਉਹ ਆਪਣੇ ਸੀਮਤ ਸਾਧਨਾਂ ਦੇ ਹੁੰਦਿਆਂ ਹੋਇਆਂ ਵੀ ਸਿੱਖੀ ਦੇ ਵਿਰਸੇ ਨਾਲ ਜੁੜੇ ਹੋਏ ਹਨ। ਇਸ ਦੀ ਪ੍ਰੇਰਨਾ ਨਾਲ, ਮੇਰੇ ਮਨ ਵਿੱਚ ਵੀ ਆਇਆ ਕਿ ਯੂ.ਪੀ. ਵਿੱਚ ਵੀ ਕਾਫੀ ਇਲਾਕੇ ਹਨ ਜਿਨ੍ਹਾਂ ਵਿੱਚ ਵਣਜਾਰੇ ਸਿੱਖ, ਰਮਈਏ ਸਿੱਖ ਰਹਿੰਦੇ ਹਨ ਜਿੰਨ੍ਹਾਂ ਬਾਰੇ ਕੁਝ ਖੋਜ ਕਰਕੇ ਵੇਖਿਆ ਜਾ ਸਕੇ, ਤਾਂ ਕਿ ਉਹ ਵੀ ਗਰੀਬ ਸਿੱਖਾਂ ਦੀ, ਮਦਦ ਕਰਨ ਵਾਲੀਆਂ ਸੰਸਥਾਵਾਂ ਦੀ ਨਜ਼ਰ ਵਿੱਚ ਆ ਜਾਣ।

ਸਤਿਗੁਰਾਂ ਦੀ ਕ੍ਰਿਪਾ ਅਤੇ ਸਾਡੇ ਪਿਤਾ ਜੀ ਦੀ ਅਗਾਂਹ ਵਧੂ ਸੋਚ ਸਦਕਾ, ਸਾਡੇ ਪਰਿਵਾਰ ਕੋਲ ਵੀ ਜਮੀਨ ਦਾ ਟੁਕੜਾ, ਜ਼ਿਲ੍ਹਾ ਬਿਜਨੌਰ ਯੂ.ਪੀ. ਵਿੱਚ ਹੈ ਜਿਸ ਤੇ ਮੈਥੋਂ ਛੋਟੇ ਭਰਾ ਖੇਤੀ ਕਰਦੇ ਹਨ ਤੇ ਮੈਂ ਆਪਣੇ ਹਿੱਸੇ ਦੀ ਜਮੀਨ ਦਾ ਠੇਕਾ ਲੈਣ ਜਾਂਦਾ ਹਾਂ। ਇਸ ਵੇਰ ਮੇਰਾ ਵਿਚਾਰ ਬਣਿਆ, ਕਿ ਦੋ ਦਿਨ ਦਾ ਸਮਾਂ ਇਹਨਾਂ ਸਿੱਖਾਂ ਲਈ ਕੱਢਿਆ ਜਾਏ। ਭਾਵੇਂ ਸਿਹਤ ਇਜਾਜਤ ਨਹੀਂ ਦੇਂਦੀ ਸੀ, ਪਰ ਗੁਰੂ ਆਸਰੇ ਸਦਕਾ, ਮੈਂ ਇਹਨਾਂ, ਗੁਰੂ ਦੇ ਲਾਡਲਿਆਂ ਕੋਲ ਪਹੁੰਚ ਗਿਆ ਜੋ ਮੇਰੇ ਯੂ.ਪੀ. ਵਾਲੇ ਘਰ ਤੋਂ ਸੌ ਕੁ ਮੀਲ ਤੇ ਵਾਕਿਆ ਸਨ।

ਇਹ ਇਲਾਕਾ, ਜ਼ਿਲ੍ਹੇ ਬਿਜਨੌਰ ਦਾ ਇਕ ਹਿੱਸਾ ਹੈ। ਇਹ ਚਾਂਦਪੁਰ, ਨੂਰਪੁਰ, ਹਲਦੌਰ ਕਸਬਿਆਂ ਦੇ ਨਾਲ ਨਾਲ ਕੋਈ 25 ਪਿੰਡਾਂ ਵਿੱਚ ਫੈਲਿਆ ਹੋਇਆ ਹੈ। ਮੈਂ ਨੂਰਪੁਰ ਪਹੁੰਚਿਆ। ਜਦ ਮੈਂ ਬੱਸ ਤੋਂ ਉਤਰਿਆ ਤੇ ਮੇਰੇ ਸਾਹਮਣੇ ਇੱਕ ਵੱਡਾ ਸਾਰਾ ਗੇਟ ਜਿਸ ਤੇ "ਗੁਰੂ ਗੋਬਿੰਦ ਸਿੰਘ ਪਰਵੇਸ਼ ਦੁਆਰ" ਲਿਖਿਆ ਸੀ ਜੋ ਕਿ ਹਿੰਦੀ ਵਿੱਚ ਸੀ ਤੇ ਜਿਸਦੀ ਮੈਂ ਤਸਵੀਰ ਲਈ।

ਜਿੱਥੇ ਪ੍ਰੋਗਰਾਮ ਮੁਤਾਬਿਕ ਮੇਰਾ ਇੱਕ ਪਾਠਕ, ਜਿਸਦਾ ਨਾਮ ਗੁਰਨਾਮ ਸਿੰਘ ਹੈ ਜੋ ਮੈਨੂੰ ਲੈਣ ਆਇਆ ਹੋਇਆ ਸੀ, ਜੋ ਚਾਂਦਪੁਰ ਵਿੱਚ ਸਟੇਟ ਬੈਂਕ ਆਫ ਇੰਡੀਆ ਵਿੱਚ, ਹੈੱਡ ਕੈਸ਼ੀਅਰ ਹੈ। ਇਹ ਬਰਖ਼ੁਰਦਾਰ ਵੀ ਬੜਾ ਪਿਆਰਾ ਹੈ। ਗੁਰੂ ਨੂੰ ਸਮਰਪਣ ਭਾਵਨਾ ਨਾਲ ਲਬਰੇਜ਼, ਅਧਿਆਤਮਵਾਦੀ ਤੇ ਬੜਾ ਹੀ ਮਿਲਣਸਾਰ। ਮੈਨੂੰ ਖਾਣ-ਪੀਣ ਵਾਲੇ ਰੈਸਟੋਰੈਂਟ ਵਿੱਚ ਲੈ ਗਿਆ, ਭਾਵੇਂ ਮੈਨੂੰ ਕੁਝ ਖਾਣ-ਪੀਣ ਦੀ ਲੋੜ ਨਹੀਂ ਸੀ, ਪਰ ਮੈਂ ਉਸ ਦੇ ਮਾਣ-ਤਾਣ ਵਿੱਚ ਹਲਕਾ ਫੁਲਕਾ ਲਿਆ। ਮੇਰੀ ਰਸਤੇ ਦੀ ਥਕਾਵਟ ਉਤਰ ਗਈ।

ਹੁਣ ਸਾਡਾ ਮਕਸਦ ਏਥੇ ਚੁਣਿੰਦੇ ਸਿੱਖਾਂ ਨੂੰ ਮਿਲਣ ਦਾ ਸੀ। ਅਸੀਂ ਏਥੇ ਗੁਰੁਦਆਰਾ ਸਿੰਘ ਸਭਾ ਨੂਰਪੁਰ ਵਿੱਚ ਗਏ। ਪ੍ਰਧਾਨ ਜੀ ਤੇ ਇਕ ਸੱਜਣ ਹੋਰ, ਸ. ਹਰਭਜਨ ਸਿੰਘ ਅਮਨ ਹੁਰਾਂ ਨਾਲ ਮੁਲਾਕਾਤ ਕੀਤੀ। ਆਪਣਾ ਮਕਸਦ ਦੱਸਿਆ। ਉਹ ਬੜੇ ਖੁਸ਼ ਹੋਏ

ਉਹ ਆਪਣੀਆਂ ਦੁਕਾਨਾਂ ਛੱਡ ਕੇ ਸਾਡੇ ਨਾਲ ਗੁਰਦੁਆਰਾ ਸਾਹਿਬ ਦੀ ਇਮਾਰਤ ਵਿੱਚ ਗਏ।

ਦਫਤਰ ਵਿੱਚ ਬੈਠ ਕੇ, ਅਸੀਂ ਉਹਨਾਂ ਸਿੰਘਾਂ ਤੋਂ ਜਾਣਕਾਰੀ ਇਕੱਤਰ ਕਰਨ ਲੱਗੇ। ਉਹਨਾਂ ਦੱਸਿਆ, ਜਦੋਂ ਬੰਦਾ ਸਿੰਘ ਬਹਾਦਰ ਨੇ ਨਜੀਬਾਬਾਦ ਸਰ ਕੀਤਾ, ਉਸ ਨਾਲ ਜੋ ਫੌਜ ਆਈ ਸੀ ਉਸ ਵਿੱਚੋਂ ਸਿੱਖ ਫੌਜੀ, ਇਸ ਇਲਾਕੇ ਵਿੱਚ ਆ ਕੇ ਵੱਸ ਗਏ। ਉਹਨਾਂ ਲੋਕਲ ਸ਼ਾਦੀਆਂ ਕੀਤੀਆਂ ਤੇ ਪਰਿਵਾਰਾਂ ਵਾਲੇ ਬਣ ਗਏ। ਪਰ ਬੋਲੀ ਏਥੋਂ ਦੀ ਅਪਣਾ ਲਈ ਤੇ ਹੌਲੀ ਹੌਲੀ ਇਸ, ਸਭਿਆਚਾਰ ਦਾ ਹੀ ਅੰਗ ਬਣ ਗਏ, ਕਿਉਂ ਕਿ ਉਹਨਾਂ ਵਿਆਹ ਹਿੰਦੂਆਂ ਵਿੱਚ ਕੀਤੇ ਸਨ। ਪਰ ਸੰਨ 1938 ਵਿੱਚ ਪੰਜਾਬ ਤੋਂ, ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿੱਚ, ਇਸ ਇਲਾਕੇ ਵਿੱਚ ਕਾਨਫਰੰਸ ਕੀਤੀ ਗਈ। ਪੰਜਾਬ ਦੇ ਸਿੱਖਾਂ ਵੱਲੋਂ, ਹਰ ਤਰ੍ਹਾਂ ਦੀ ਮਦਦ ਦਾ ਵੀ, ਭਰੋਸਾ ਦਿੱਤਾ ਗਿਆ। ਇਸ ਇਲਾਕੇ ਵਿੱਚ ਅੰਮ੍ਰਿਤ ਸੰਚਾਰ ਕਰਵਾਇਆ ਗਿਆ।

ਇਹ ਅੱਜ ਜੋ ਏਥੇ ਸਿੱਖੀ ਪਰਫੁੱਲਤ ਵੇਖ ਰਹੇ ਹੋ, ਇਹ ਉਸ ਉਦੱਮ ਸਦਕਾ ਹੀ ਹੈ। ਪਰ ਉਸ ਤੋਂ ਬਾਅਦ ਕਿਸੇ ਵੀ ਸਿੱਖ ਨੇਤਾ ਨੇ, ਏਧਰ ਰੁੱਖ ਨਹੀਂ ਕੀਤਾ। ਏਥੇ ਆਪਣੇ ਬਲਬੂਤੇ ਤੇ ਹੀ, ਜੀਵਨ ਨਿਰਬਾਹ ਕਰ ਰਹੇ ਹਾਂ ਤੇ ਗੁਰੂ ਨਾਲ ਸਾਂਝ ਰੱਖੀ ਹੈ। ਸਾਨੂੰ ਰਮੱਈਏ ਸਿੱਖ ਕਹਿੰਦੇ ਹਨ ਕਿਉਂ ਕਿ ਅਸੀਂ ਜੋ ਵਿਉਪਾਰ ਕਰਦੇ ਹਾਂ ਉਹ ਘੁੰਮ ਫਿਰ ਕੇ ਹੀ ਕਰਦੇ ਹਾਂ, ਜਿਵੇਂ ਜਵਾਹਰਾਤ, ਨਗਾਂ ਆਦਿ ਕੱਪੜੇ ਦਾ ਤੇ ਦਵਾਈਆਂ ਦਾ।

ਜੈਪੁਰ ਤੋਂ ਖਰੀਦ ਕੇ ਲਿਆਉਂਦੇ ਹਾਂ ਤੇ ਅੱਗੇ ਵੇਚਦੇ ਹਾਂ। ਖਾਣ ਪੀਣ ਤੇ ਮਾਇਕ ਪੱਖੋਂ ਸੌਖੇ ਲੋਕਾਂ ਦਾ ਪਹਿਨਣ ਦਾ ਸ਼ੌਕ ਵੀ ਹੈ। ਗੁਰੁਦੁਆਰਾ ਸਾਹਿਬ ਹਰ ਪਿੰਡ ਵ੍ਹਿਚ ਹੈ। 25 ਕੁ ਪਿੰਡਾਂ ਵਿੱਚ ਫੈਲੇ ਹੋਏ ਸਿੱਖਾਂ ਨੇ, ਆਪਣੇ ਆਪਣੇ, ਪਿੰਡ ਗੁਰਦੁਆਰਾ ਸਾਹਿਬ ਬਣਾਇਆ ਹੋਇਆ ਹੈ।

ਬੇਸ਼ਕ ਸਾਰਾ ਸਾਲ ਕਮਾਈ ਲਈ, ਦੇਸ਼ ਵਿੱਚ ਕਿਤੇ ਵੀ ਘੁੰਮਣ, ਪਰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ 'ਤੇ ਜਰੂਰ ਘਰੇ ਵਾਪਸ ਆ ਕੇ ਇਹ ਪੁਰਬ ਬੜੀ ਸ਼ਰਧਾ ਤੇ ਸ਼ਾਨੋ ਸ਼ੌਕਤ ਨਾਲ ਮਨਾਉਂਦੇ ਹਨ। ਇਕੱਲੇ ਨੂਰਪੁਰ ਕਸਬੇ ਵਿੱਚ ਗੁਰੂ ਤੇਗ ਬਹਾਦਰ ਕਾਲਜ ਹੈ। ਗੁਰਦੁਆਰਾ ਸਾਹਿਬ ਵੱਲੋਂ ਸਕੂਲ ਚਲਾਇਆ ਜਾ ਰਿਹਾ ਹੈ। ਖਾਲਸਾ ਇੰਟਰਨੈਸ਼ਨਲ ਕਾਲਜ ਵੀ ਹੈ। ਗੁਰੁਦੁਆਰਾ ਸਾਹਿਬ ਵੱਲੋਂ ਪੰਜਾਬੀ ਪੜ੍ਹਾਈ ਜਾਂਦੀ ਹੈ, ਗੁਰਬਾਣੀ ਦੀ ਸੰਥਿਆ ਤੇ ਕੀਰਤਨ ਸਿਖਾਇਆ ਜਾਂਦਾ ਹੈ।

ਇਹਨਾਂ ਸਿੱਖਾਂ ਦੀਆਂ ਗੋਤਾਂ, ਰਾਜਸਥਾਨੀਆਂ ਨਾਲ ਮਿਲਦੀਆਂ ਹਨ, ਜਿਵੇਂ ਕਸ਼ੱਪ, ਗੁਜਰਾਲ, ਕੋਹਤਵਾਲ, ਲੋਹੀਆਂ, ਚੌਹਾਨ, ਰਾਠੌਰ, ਪਵਾਰ ਤੇ ਸੋਢੀ ਆਦਿ। ਇਕ ਸੇਵਾ ਮੁਕਤ ਜ਼ਿਲਾ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਸ਼ਾਹਜਹਾਂਪੁਰ ਵਿੱਚ ਪੰਜਾਬੀ ਸਿੱਖ ਤਾਂ ਹਨ ਹੀ, ਨਾਲ ਹੀ ਤਿਲਹਰ ਦੇ ਇਲਾਕੇ ਵਿੱਚ ਉਥੋਂ ਦੇ ਪਹਿਲਾਂ ਤੋਂ ਵੱਸਦੇ ਸਿੱਖ ਵੀ ਹਨ।

ਉਹਨਾਂ ਇੱਕ ਪੁਰਾਣੀ ਰਵਾਇਤ ਦਾ ਜ਼ਿਕਰ ਕੀਤਾ ਕਿ ਸਾਡੇ ਪੁਰਖਿਆਂ ਵਿੱਚੋਂ ਕੋਈ ਮਹਾਂਪੁਰਖ ਹੋਇਆ ਹੈ "ਤਾਰੂ ਤਰਨ" ਜੋ ਬਹੁਤ ਭਜਨੀਕ ਸੀ। ਉਸ ਕਿਹਾ ਕਿ ਮੇਰਾ ਸਰੀਰ ਏਥੇ ਰਹੇਗਾ ਪਰ ਤੁਹਾਡੇ ਲਈ ਮੈਂ ਰਿਜ਼ਕ ਲੈ ਕੇ ਆਵਾਂਗਾ। ਮੈਨੂੰ ਖਤਮ ਨਾ ਸਮਝਣਾ। ਪਰ ਲੋਕਾਂ ਨੇ ਇੰਤਜਾਰ ਨਾ ਕੀਤਾ ਤੇ ਉਸ ਦਾ ਸਸਕਾਰ ਕਰ ਦਿੱਤਾ ਤਾਂ ਉਸ

ਨੇ ਸਰਾਪ ਦਿੱਤਾ ਕਿ ਤੁਸੀਂ ਰਿਜ਼ਕ ਦੀ ਤਲਾਸ਼ ਵਿੱਚ ਫਿਰਦੇ ਰਿਹਾ ਕਰੋਗੇ। ਸੋ ਇਹ ਲੋਕ ਫਿਰ-ਤੁਰ ਕੇ ਹੀ ਵਿਉਪਾਰ ਕਰਦੇ ਹਨ।

ਅਸੀਂ ਨੂਰਪੁਰ ਤੋਂ ਜਾਣਕਾਰੀ ਇਕੱਠੀ ਕਰਕੇ ਉਸ ਤੋਂ ਅੱਗੇ ਪਿੰਡਾਂ ਵਿੱਚ ਗਏ, ਜਿਨ੍ਹਾਂ ਵਿੱਚ ਕਾਬਲੇ ਜ਼ਿਕਰ ਖਾਸ ਪੁਰ, ਉਮਰੀ ਕਲਾ ਆਦਿ ਹਨ। ਸਿੱਖ ਬੜੇ ਅਪਣੱਤ ਨਾਲ ਮਿਲੇ, ਏਥੇ ਇੱਕ ਦੋ ਪਰਿਵਾਰ ਤਾਂ ਕੱਪੜੇ ਦਾ ਇੰਪੋਰਟ ਐਕਸਪੋਰਟ ਕਰਦੇ ਹਨ । ਏਥੇ ਮੈਂ ਬੱਚੇ ਕ੍ਰਿਕਟ ਖੇਡਦੇ ਵੇਖੇ ਜਿਨ੍ਹਾਂ ਦੇ ਸਿਰਾਂ ਤੇ ਪਟਕੇ ਸਨ, ਮੁੱਛਫੁੱਟ ਗੱਭਰੂ ਵੀ ਸਾਬਤ ਸੂਰਤ ਸਨ। ਏਥੇ ਵੇਖਣ ਨੂੰ ਮਿਲਿਆ ਕਿ ਇਹ ਲੋਕ ਗਤਕੇ ਦੇ ਵੀ ਮਾਹਿਰ ਹਨ। ਜਦ ਕਦੇ ਕਿਤੇ ਲੜਨ ਭਿੜਨ ਦੀ ਲੋੜ ਪੈ ਜਾਵੇ ਤਾਂ, ਇਹ ਆਪਣੀ ਰਾਖੀ ਆਪ ਹੀ ਕਰਦੇ ਹਨ। ਕਿਸੇ ਤੋਂ ਡਰਦੇ ਨਹੀਂ।

84 ਵਿੱਚ ਵੀ ਇਸ ਇਲਾਕੇ ਵਿੱਚ ਕੋਈ ਕੁੱਸਕਿਆ ਨਹੀਂ, ਇਹ ਸਵੈ ਰੱਖਿਆ ਵਿੱਚ ਕਾਮਯਾਬ ਰਹੇ। ਗੁਰੂ ਘਰ ਤੇ ਗੁਰੂ ਲਈ ਪੈਸਾ ਲਾਉਣ ਤੋਂ ਨਹੀਂ ਝਿਜਕਦੇ। ਗੁਰਦੁਆਰਾ ਸਾਹਿਬ ਦੀਆਂ ਇਮਾਰਤਾਂ ਸ਼ਾਹਦੀ ਭਰਦੀਆਂ ਹਨ।

ਮੈਂ ਆਪਣੀ ਗਲਬਾਤ ਬੜੀ ਬੇਬਾਕੀ ਨਾਲ ਕੀਤੀ ਤੇ ਕਿਹਾ ਕਿ, ਮੈਂ ਤੁਹਾਡੇ ਬਾਰੇ ਜੋ ਜਾਣਕਾਰੀ ਲਈ ਹੈ ਲਿਖਾਂਗਾ। ਕੋਈ ਸੰਸਥਾ ਵਾਲੇ ਪੜ੍ਹ ਕੇ, ਤੁਹਾਡੀ ਮਦਦ ਲਈ ਆ ਜਾਣ ਤਾਂ ਵਧੀਆ ਗੱਲ਼ ਹੈ ਪਰ ਮੈਂ ਕੋਈ ਤੁਹਾਡੇ ਨਾਲ ਵਾਅਦਾ ਨਹੀਂ ਕਰਦਾ।

ਉਹਨਾਂ ਕਿਹਾ, ਕਿ ਅਸੀਂ ਲੋਕ ਏਥੇ 25 ਪਿੰਡਾਂ ਦੇ ਵਸਨੀਕ ਹਾਂ ਹਰ ਪਿੰਡ ਗੁਰਦੁਆਰਾ ਸਾਹਿਬ ਵਿੱਚ ਬੱਚਿਆਂ ਨੂੰ ਗੁਰਮੁਖੀ ਦਾ ਗਿਆਨ ਆਪਣੇ ਹੀ ਉਦਮ ਨਾਲ ਦੇਂਦੇ ਹਾਂ। ਸ਼੍ਰੋਮਣੀ ਕਮੇਟੀ ਜਾਂ ਕੋਈ ਵੀ ਸੰਸਥਾ ਸਾਡੇ ਏਸ ਕੰਮ ਵਿੱਚ ਹੱਥ ਨਹੀਂ ਵਟਾਉਂਦੀ, ਜਿਸ ਦੀ ਕਿ ਬੇਹੱਦ ਜਰੂਰਤ ਹੈ। ਜਿਸ ਤਰ੍ਹਾਂ ਮਾਸਟਰ ਤਾਰਾ ਸਿੰਘ ਜੀ ਨੇ 1938 ਵਿੱਚ ਕਾਨਫਰੰਸ ਕਰਕੇ ਸਾਨੂੰ ਸਿੱਖੀ ਵੱਲ ਪ੍ਰੇਰਤ ਕੀਤਾ ਸੀ, ਹੁਣ ਇਸ ਸਿੱਖੀ ਨੂੰ ਸੰਭਾਲਣ ਦੇ ਵੀ ਯਤਨ ਹੋਣੇ ਚਾਹੀਦੇ ਹਨ ਤਾਂ ਕਿ ਸਾਡੀ ਹੁਣ ਵਾਲੀ ਪਨੀਰੀ ਗੁਰਮੁਖੀ ਅੱਖਰਾਂ ਨਾਲ ਜੁੜ ਸਕੇ, ਕੀਰਤਨ ਕਥਾ ਤੇ ਗੁਰਬਾਣੀ ਦੀ ਸੰਥਿਆ ਦੇਣ, ਇਸ ਇਲਾਕੇ ਵਿੱਚ ਸ਼੍ਰੋਮਣੀ ਕਮੇਟੀ ਕੋਈ ਆਪਣਾ ਪਰਚਾਰਕ ਹੀ ਨਿਯੁਕਤ ਕਰ ਦੇਵੇ।

ਬੇਸ਼ਕ ਸਾਡੀ ਹੋਰ ਮਦਦ ਨਾ ਕੀਤੀ ਜਾਵੇ। ਨੂਰਪੁਰ ਦੇ ਗੁਰਦੁਆਰਾ ਸਾਹਿਬ ਦੀ ਇਮਾਰਤ ਪੰਜਾਬ ਦੇ, ਕਿਸੇ ਵੀ ਕਸਬੇ ਦੇ ਗੁਰਦੁਆਰਾ ਸਾਹਿਬ ਦੀ ਇਮਾਰਤ ਨਾਲੋਂ, ਕਿਸੇ ਵੀ ਤਰ੍ਹਾਂ ਘੱਟ ਨਹੀਂ ਹੈ। ਆਪਣੇ ਵੱਲੋਂ ਕੀਤੇ ਯਤਨ ਉਹਨਾਂ ਲਈ ਨਾ ਕਾਫੀ ਸਨ। ਪੰਜਾਬ ਵਿੱਚ ਪ੍ਰੇਰਿਆ ਵੀ, ਸਿੱਖ ਨਹੀਂ ਬਣਦੇ ਉਥੇ ਤਾਂ ਸਿੱਖੀ ਦੀ ਪਨੀਰੀ ਚੜ੍ਹਦੀ ਕਲਾ ਵਾਲੀ ਹੈ, ਜਿਸਨੂੰ ਸਾਂਭਣਾ ਹੀ ਹੈ।

ਜ਼ਿਲ੍ਹਾ ਬਿਜਨੌਰ ਦੇ ਚਾਂਦਪੁਰ ਨੂਰਪੁਰ ਤੇ ਹਲਦੌਰ ਇਲਾਕੇ ਵਿੱਚ ਸਿੱਖੀ ਨੂੰ ਵੇਖ ਕੇ, ਜੇ ਪੰਜਾਬ ਦੇ ਸਿੱਖਾਂ ਨਾਲ ਤੁਲਨਾ ਕੀਤੀ ਜਾਵੇ ਤਾਂ ਇਉਂ ਲਗਦਾ ਹੈ, ਕਿ ਉਥੇ ਕੋਈ ਪਤਿਤ ਸਿੱਖ ਨਹੀਂ ਮਿਲਦਾ ਤੇ ਸਾਡੇ ਪਿੰਡਾਂ ਵਿੱਚ ਸਾਬਤ ਸੂਰਤ ਨੌਜਵਾਨ ਟਾਵਾਂ ਟਾਵਾਂ ਮਿਲਦਾ ਹੈ। ਨਸ਼ਿਆਂ ਤੋਂ ਦੂਰ, ਸਿੱਖੀ ਵਿੱਚ ਪਰਪੱਕ, ਗੁਰੂ ਨੂੰ ਸਮਰਪਤ ਇਹ ਰਮਈਏ ਸਿੱਖ, ਗੁਰੂ ਦੇ ਸੱਚੇ ਸਿੱਖ ਹਨ। ਇਹਨਾਂ ਦੀ ਗਰੀਬੀ, ਸਿੱਖੀ ਦੇ ਰਾਹ ਵਿੱਚ ਰੋੜਾ ਨਹੀਂ।

ਇਹ ਇਲਾਕਾ ਕਿਸੇ ਖੋਜੀ ਦੀ ਕਲਮ ਤੇ ਨਹੀਂ ਚੜ੍ਹਿਆ। ਨਾ ਹੀ ਦਿੱਲੀ ਵਾਲਿਆਂ,

ਨਾ ਹੀ ਅੰਮ੍ਰਿਤਸਰ ਵਾਲਿਆਂ ਇਹਨਾਂ ਦੀ ਸਾਰ ਲਈ ਹੈ।

ਏਥੋਂ ਦੇ ਸਿੱਖਾਂ ਨੂੰ, ਧਾਰਮਿਕ ਸਾਹਿਤ ਤੇ ਗੁਰਮੁਖੀ ਅੱਖਰਾਂ ਦਾ, ਗਿਆਨ ਦੇਣ ਵਾਲੇ, ਕਿਸੇ ਗੁਰਸਿੱਖ ਦੀ ਲੋੜ ਹੈ ਤੇ ਮੇਰੇ ਖਿਆਲ ਵਿੱਚ ਸ਼੍ਰੋਮਣੀ ਕਮੇਟੀ ਲਈ ਇਹ ਕੋਈ ਵੱਡੀ ਗੱਲ ਨਹੀਂ, ਜੋ ਕਹਿਣ ਨੂੰ ਤਾਂ ਕਹਿੰਦੀ ਹੈ, ਕਿ ਅਸੀਂ ਏਨੇ ਕਰੋੜ ਪ੍ਰਚਾਰ ਵਾਸਤੇ ਹੀ ਰੱਖੇ ਹੋਏ ਹਨ, ਮੈਂ ਇਸ ਇਲਾਕੇ ਦੀ, ਏਥੋਂ ਦੇ ਸਿੱਖਾਂ ਦੀ ਨਿਸ਼ਾਨਦੇਹੀ ਕੀਤੀ ਹੈ। ਕੋਈ ਸੰਸਥਾ ਕੋਈ ਕਮੇਟੀ, ਇਸ ਇਲਾਕੇ ਤੇ ਕਬਜਾ ਕਰ ਲਵੇ। ਗੁਰੂ ਦੀਆਂ ਖੁਸ਼ੀਆਂ ਦੀ ਭਰਪੂਰ ਫਸਲ ਉਗਾਵੇ ਤੇ ਦਰਗਾਹ ਵਾਸਤੇ ਬੋਹਲ ਬਣਾ ਲਵੇ।

ਮੇਰਾ ਇੱਕ ਦਿਨ ਦਾ ਪੂਰਾ ਸਾਥ, ਬੇਟੇ ਗੁਰਨਾਮ ਸਿੰਘ ਨੇ ਦਿੱਤਾ, ਜਿਸ ਮੈਨੂੰ ਏਥੋਂ ਦੇ ਪਤਵੰਤੇ ਸਿੱਖਾਂ ਨੂੰ ਮਿਲਾਇਆ, ਉਸ ਦੇ ਬਗੈਰ ਮੈਨੂੰ ਤਿੰਨ ਚਾਰ ਦਿਨ ਲੱਗਦੇ ਏਨੀ ਸਮੱਗਰੀ ਇਕੱਠੀ ਕਰਨ ਲਈ ਉਹ ਮੈਨੂੰ ਨੂਰਪੁਰੋਂ ਧਾਮਪੁਰ ਆਉਂਦੀ ਕੈਬ ਤੇ ਬਿਠਾ ਕੇ ਚਾਂਦਪੁਰ ਨੂੰ ਵਾਪਿਸ ਚਲਾ ਗਿਆ ਤੇ ਮੈਂ ਧਾਮਪੁਰ ਤੋਂ ਕੁਵੇਲੇ ਹੋਏ ਆਪਣੇ ਘਰ ਪਹੁੰਚ ਗਿਆ।

**ਵਣਜਾਰਿਆ ਸਿਉਂ ਵਣਜ ਕਰ.............**

ਨੂਰਪੁਰ ਦੇ ਇਲਾਕੇ ਵਿੱਚੋਂ, ਜੋ ਮੇਰੇ ਮਨ ਨੂੰ ਸਕੂਨ ਮਿਲਿਆ, ਪ੍ਰੇਰਨਾ ਮਿਲੀ, ਉਤਸ਼ਾਹ ਮਿਲਿਆ, ਮੇਰਾ ਸਿਰ ਆਪ ਮੁਹਾਰੇ, ਗੁਰੂ ਸਾਹਿਬਾਨ ਅੱਗੇ ਝੁਕ ਗਿਆ ਕਿ ਸਤਿਗੁਰੂ ਤੂੰ ਧੰਨ ਹੈ, ਜਿਸ ਦੀ ਸਿੱਖੀ, ਗਰੀਬ ਸਿੱਖਾਂ ਦੇ ਹਿਰਦਿਆਂ ਵਿੱਚ ਵੀ ਏਨੀਂ ਪਰਪੱਕ ਹੈ ਕਿ ਉਹ ਗੁਰਬਤ ਵਿੱਚ ਵੀ, ਤੇਰੀਆਂ ਸਿਖਿਆਵਾਂ ਦਾ, ਪਾਲਣ ਕਰਦੀ ਹੈ। ਤੇ ਤੇਰੇ ਸਿੱਖ ਅਖਾਉਣਾ, ਉਨ੍ਹਾਂ ਲਈ ਮਾਣ ਵਾਲੀ ਗੱਲ ਹੈ।

ਮੇਰਾ ਦੂਜਾ ਉਦਮ ਸੀ, ਵਣਜਾਰੇ ਸਿੱਖਾਂ ਵਿੱਚ ਵਿਚਰ ਕੇ ਉਹਨਾਂ ਬਾਰੇ ਜਾਣਕਾਰੀ ਇਕੱਤਰ ਕਰਨਾ। ਇਹ ਇਲਾਕਾ ਵੀ ਜਿਲੇ ਬਿਜਨੌਰ ਵਿੱਚ ਤਹਿਸੀਲ ਨਗੀਨਾ ਦਾ ਹੈ। ਇਸ ਵਿੱਚ ਟਾਂਡਾ ਸਾਊਵਾਲਾ, ਹਰਬਸਵਾਲਾ, ਟਾਂਡਾ ਸਿੱਕਾ ਵੱਲਾ, ਟਾਂਡਾ ਮਾਣਕਾਣਾ ਤੇ ਕਾਮ ਨਗਰ ਜਿਹਨਾਂ ਵਿੱਚ ਵਣਜਾਰੇ ਸਿੱਖਾਂ ਦੀ ਅਬਾਦੀ ਹੈ ਪਰ ਇਸ ਦੇ ਗੁਆਂਢ ਵਸਦਾ ਇਲਾਕਾ ਪੰਜਾਬ ਤੋਂ ਗਏ ਸਿੱਖਾਂ ਦਾ ਹੈ ਜਿਸ ਵਿੱਚ ਕਾਸ਼ੀਵਾਲਾ, ਬੀਰ ਭਾਨ ਵਾਲਾ, ਚਾਹੜਵਾਲਾ, ਕੂੰਆਂ ਖੇੜਾ ਭੋਗਪੁਰ ਆਦਿ ਇਲਾਕੇ ਪੰਜਾਬ ਵਿੱਚੋਂ ਸੰਨ 1950-60 ਨੇੜੇ ਗਏ ਸਿੱਖਾਂ ਦੇ ਹਨ।

ਸਿੱਖਾਂ ਨੇ ਜੰਗਲ ਅਬਾਦ ਕੀਤੇ ਹਨ। ਅੱਜ ਇਸ ਇਲਾਕੇ ਵਿੱਚ ਨਿਰੋਲ ਸਿੱਖਾਂ ਦੀ ਅਬਾਦੀ ਹੈ। ਭਾਵੇਂ ਇਸ ਇਲਾਕੇ ਨੂੰ ਸਰਕਾਰੀ ਸਹੂਲਤਾਂ ਜ਼ਿਆਦਾ ਨਹੀਂ ਹਨ ਪਰ ਇਹ ਲੋਕ ਆਪਣੀ ਮਿਹਨਤ ਤੇ ਉਦਮ ਸਦਕਾ ਖੇਤੀ ਵਿੱਚ ਨਿਪੁੰਨ ਹਨ ਤੇ ਗੁਜਾਰੇ ਵਾਲੇ ਕਹੇ ਜਾ ਸਕਦੇ ਹਨ ਤੇ ਮੈਂ ਵੀ ਏਸੇ ਇਲਾਕੇ ਵਿੱਚ ਪੰਦਰਾਂ ਸਾਲ ਖੇਤੀ ਕਰਕੇ, ਪੰਜਾਬ ਮੁੜ ਆਇਆ ਹਾਂ ਤੇ ਪੈਂਤੀ ਸਾਲ ਤੋਂ ਲੁਧਿਆਣੇ ਹੀ ਰਹਿੰਦਾ ਹਾਂ।

ਜਿਸ ਵੇਲੇ ਮੈਂ ਖੇਤੀ ਕੀਤੀ ਇਸ ਇਲਾਕੇ ਦੀ ਹਾਲਤ ਬਹੁਤ ਚੰਗੀ ਨਹੀਂ ਸੀ, ਕੱਖਾਂ ਦੀਆਂ ਕੁਲੀਆਂ ਤੇ ਬਲਦਾਂ ਦੀ ਖੇਤੀ ਸੀ, ਸੜਕਾਂ ਪੱਕੀਆ ਨਹੀਂ ਸਨ, ਕਸਬੇ ਦੂਰ ਦੂਰ ਸਨ ਪਰ ਅੱਜ ਨਹੀਂ। ਜਦ ਮੈਂ ਟਾਂਡੇ ਸਾਊਵਾਲੇ ਦੇ ਗੁਰਦੁਆਰਾ ਸਾਹਿਬ ਗਿਆ ਤਾਂ

ਗੁਰਦੁਆਰਾ ਸਾਹਿਬ ਦੀ ਇਮਾਰਤ ਜੋ 1959 ਈ: ਦੀ ਬਣੀ ਹੋਈ ਸੀ, ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ। ਮੈਂ ਤਸਵੀਰਾਂ ਲਈਆਂ। ਗ੍ਰੰਥੀ ਸਾਹਿਬ ਨਾਲ ਮੁਲਾਕਾਤ ਕੀਤੀ ਅਤੇ ਪਤਵੰਤੇ ਸੱਜਣਾਂ ਨੂੰ ਮਿਲਣ ਲਈ ਕਿਹਾ।

ਉਹਨਾਂ ਕਿਤੇ ਅਖੰਡ ਪਾਠ ਸਾਹਿਬ ਦਾ ਅਰੰਭ ਕਰਨਾ ਸੀ। ਪਰ ਉਹਨਾਂ ਨੇ ਦੋ ਚਾਰ ਸਿੰਘਾਂ ਨੂੰ ਗੁਰਦੁਆਰਾ ਸਾਹਿਬ ਸੱਦ ਲਿਆ। ਗ੍ਰੰਥੀ ਸਾਹਿਬ ਦੀ ਸਿੰਘਣੀ ਨੇ ਚਾਹ ਬਣਾ ਲਈ ਤੇ ਅਪਣੱਤ ਜਾਹਰ ਕੀਤੀ ਕਿ ਅਸੀਂ ਵੀ ਲੁਧਿਆਣੇ ਕਿਸੇ ਗੁਰਦੁਆਰਾ ਸਾਹਿਬ ਵਿੱਚ ਸੇਵਾ ਕੀਤੀ ਹੈ ਇਹ ਗੱਲਾਂ ਮੇਰੀ ਸਿੰਘਣੀ ਨਾਲ ਹੋਣ ਕਰਕੇ, ਦੋਹਾਂ ਨੇ ਸਾਂਝੀਆ ਕੀਤੀਆਂ।

ਮੇਰੇ ਕੋਲ ਤਖਤ ਪੋਸ਼ ਤੇ ਬੈਠੇ ਸਿੱਖ ਮੈਨੂੰ ਆਪਣੇ ਪਿਛੋਕੜ ਬਾਰੇ ਦੱਸ ਰਹੇ ਸਨ। ਉਹਨਾਂ ਦਾ ਵਿਸ਼ਵਾਸ ਹੈ ਕਿ ਸਾਡੇ ਏਸ ਇਲਾਕੇ ਵਿੱਚ, ਗੁਰੂ ਨਾਨਕ ਦੇਵ ਜੀ ਤੋਂ ਵਰੋਸਾਈ ਸਿੱਖੀ ਹੈ। ਭਾਵੇਂ ਅਸੀਂ ਏਸ ਇਲਾਕੇ ਵਿੱਚ ਘੱਟ ਹਾਂ, ਪਰ ਸਮੇਂ, ਸਾਡੇ ਕੋਲੋਂ ਗੁਰੂ ਦਾ ਪਿਆਰ ਨਹੀਂ ਖੋਹ ਸਕੇ। ਸਾਡੇ ਕੋਲ ਛੋਟੀਆਂ ਛੋਟੀਆਂ ਖੇਤੀਆਂ ਹਨ ਪਰ ਅਸੀਂ ਗੁਜਾਰੇ ਕਰ ਰਹੇ ਹਾਂ। ਸਾਡਾ ਪਿਛੋਕੜ ਭਾਈ ਲੱਖੀ ਸ਼ਾਹ ਵਣਜਾਰੇ ਨਾਲ ਰਲਦਾ ਹੈ। ਅਸੀਂ ਸੀਮਾਂਤ ਕਿਸਾਨਾਂ ਵਿੱਚ ਆਉਂਦੇ ਹਾਂ। ਦੋ ਦੋ ਏਕੜ ਤੋਂ ਲੈ ਕੇ ਦਸ ਕੁ ਏਕੜ ਤੱਕ ਸਾਡੇ ਕੋਲ ਜਮੀਨਾਂ ਹਨ।

ਹੋਲੀ ਤੋਂ ਬਾਅਦ 11 ਮਾਰਚ ਨੂੰ ਅਸੀਂ ਇੱਕ ਵੱਡੇ ਪੱਧਰ ਤੇ ਏਥੇ ਜੋੜ ਮੇਲਾ ਕਰਦੇ ਹਾਂ। ਜਿਸ ਵਿੱਚ ਸਾਡੇ ਸਿੱਖਾਂ ਵਿੱਚੋਂ ਵਿਦੇਸ਼ ਗਏ, ਸਿੱਖ ਵੀ ਆਉਂਦੇ ਹਨ। ਸਾਡੇ ਇਲਾਕੇ ਵਿੱਚੋਂ, ਰੁਜ਼ਗਾਰ ਲਈ ਬੱਚੇ ਸਾਰੇ ਭਾਰਤ ਵਿੱਚ ਵਿਚਰਦੇ ਹਨ। ਉਹ ਖਾਸ ਕਰ ਰਾਗੀ ਸਿੰਘਾਂ ਨਾਲ ਤਬਲਾ ਜਾਂ ਹਰਮੋਨੀਅਮ ਤੇ ਸਾਥ ਦੇਂਦੇ ਹਨ। ਉਹਨਾਂ ਮਾਣ ਨਾਲ ਦੱਸਿਆ ਭਾਈ ਸਾਧੂ ਸਿੰਘ ਦੇਹਰਾਦੂਨ ਵਾਲੇ ਤੇ ਭਾਈ ਰਾਏ ਸਿੰਘ ਹਜੂਰੀ ਰਾਗੀ ਦਰਬਾਰ ਸਾਹਿਬ ਸਾਡੇ ਵਿੱਚੋਂ ਹੀ ਹਨ।

ਇਸ ਇਲਾਕੇ ਵਿੱਚ ਅੱਜ ਤੋਂ ਚਾਲੀ ਸਾਲ ਪਹਿਲਾਂ ਗਿਆਨੀ ਤਾਰਾ ਸਿੰਘ ਨਾਮ ਦੇ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਤੋਂ ਪਰਚਾਰਕ ਸਨ ਜੋ ਏਸ ਪਿੰਡ ਵਿੱਚ ਹੀ ਰਹਿੰਦੇ ਸਨ। ਬੁਲਾਰੇ ਤਕੜੇ ਸਨ ਤੇ ਉਹ ਸਾਡੇ ਇਲਾਕੇ ਵਿੱਚ ਵੀ ਅਖੰਡ ਪਾਠਾਂ ਤੇ ਡੀਊਟੀ ਵੀ ਲਾਉਂਦੇ ਤੇ ਲੈਕਚਰ ਵੀ ਕਰਿਆ ਕਰਦੇ ਸਨ। ਉਹ ਵਣਜਾਰੇ ਸਿੱਖ ਹੋਣ ਕਰਕੇ, ਇਹਨਾਂ ਸਿੱਖਾਂ ਵਿੱਚ ਰਲੇ ਮਿਲੇ ਹੋਏ ਸਨ।

ਉਹਨਾਂ ਦੀ ਬੜੀ ਵੱਡੀ ਦੇਣ ਹੈ ਕਿ ਇਸ ਇਲਾਕੇ ਵਿੱਚ ਸਿੱਖੀ ਕਾਇਮ ਹੈ। ਪਤਾ ਲੱਗਾ, ਕਿ ਦੇਹਰਾਦੂਨ ਦੇ ਨੇੜੇ ਪਿੰਡ ਡਾਲੂਵਾਲ ਦੇ ਨੇੜੇ ਡੋਈਵਾਲਾ, ਸ਼ਾਹਪੁਰ ਟਾਂਡਾ, ਬਾਗ ਮੱਲ ਤੇ ਟਾਂਡਾ ਮਜਾਦ, ਬਾਦਸ਼ਾਹਪੁਰ, ਸ਼ੇਰਪੁਰ-ਹਰਿਦੁਆਰ ਦੇ ਕੋਲ ਵੀ ਵਣਜਾਰੇ ਸਿੱਖਾਂ ਦੇ ਪਿੰਡ ਹਨ। ਟਾਂਡਾ ਸਾਊਵਾਲਾ ਦੇ ਤਿੰਨ ਕੁ ਸਿੰਘ ਜੋ ਮੈਨੂੰ ਜਾਣਕਾਰੀ ਦੇ ਰਹੇ ਸਨ ਉਹਨਾਂ ਦੇ ਆਪਣੇ ਨਾਮ ਧਰਮ ਸਿੰਘ, ਜਗਦੀਸ਼ ਸਿੰਘ ਤੇ ਕਲਮ ਸਿੰਘ ਦੱਸੇ ਸਨ ਜਿਹਨਾਂ ਦੇ ਮੈਂ ਫੋਨ ਨੰਬਰ ਵੀ ਲਏ।

ਉਹਨਾਂ ਗਿਲਾ ਕੀਤਾ, ਗਿਆਨੀ ਤਾਰਾ ਸਿੰਘ ਤੋਂ ਬਾਅਦ ਕੋਈ ਵੀ ਪ੍ਰਚਾਰਕ ਸ਼੍ਰੋਮਣੀ ਕਮੇਟੀ ਨੇ ਸਾਨੂੰ ਨਹੀਂ ਦਿੱਤਾ। ਸਾਡੇ ਬੱਚਿਆਂ ਨੂੰ ਗੁਰਮੁਖੀ ਅੱਖਰਾਂ ਦੀ, ਪਛਾਣ

ਕਰਾਣਉਣ ਲਈ ਕੋਈ ਅਧਿਆਪਕ ਨਹੀਂ ਹੈ ਜਿਸ ਦੀ ਅਸੀਂ, ਬਹੁਤ ਥੋੜ ਮਹਿਸੂਸ ਕਰ ਰਹੇ ਹਾਂ। ਜੋ ਅਸੀਂ ਜੋੜ ਮੇਲਾ ਕਰਦੇ ਹਾਂ, ਇਸ ਵਿੱਚ ਪੰਜਾਬ ਤੋਂ ਰਾਗੀ ਜਥੇ ਵੀ ਆਉਣ। ਇਹਨਾਂ ਪਿੰਡਾਂ ਵਿੱਚ ਗੁਰਦੁਆਰਾ ਸਾਹਿਬ ਦੀਆਂ ਇਮਾਰਤਾਂ ਹਨ। ਨਸ਼ਿਆਂ ਦੀ ਨਾਮੁਰਾਦ ਲਾਅਨਤ ਤੋਂ ਇਹਨਾਂ ਦੇ ਬੱਚੇ ਬਚੇ ਹੋਏ ਹਨ। ਇਹ ਆਪਣੇ ਉਦਮ ਨਾਲ ਗੁਰਦੁਆਰਾ ਸਾਹਿਬ ਦੇ ਵੇਹੜੇ ਵਿੱਚ ਸਕੂਲ ਚਲਾ ਰਹੇ ਹਨ। ਉਹ ਬੱਚੇ ਵਰਦੀਆਂ ਵਿੱਚ ਨਹੀਂ ਸਨ। ਕਈਆਂ ਕੋਲ ਪੈਰੀਂ ਪਾਉਣ ਲਈ ਜੁੱਤੀ ਨਹੀਂ ਸੀ। ਟਾਟਾਂ ਤੇ ਬੈਠ ਕੇ ਪੜ੍ਹ ਰਹੇ ਸਨ।

ਮੈਂ ਸੋਚਦਾ ਸੀ, ਇਹ ਪੰਜਾਬ ਤੋਂ ਦੂਰ, ਇਲਾਕਿਆਂ ਵਿੱਚ ਰਹਿੰਦੇ, ਆਪਣੀ ਸਿੱਖੀ ਵਿੱਚ ਕਾਇਮ ਹਨ। ਪ੍ਰਚਾਰ ਤੋਂ ਵਿਹੂਣੇ ਹਨ। ਇਹਨਾਂ ਦੀ ਸ਼ਰਧਾ, ਵਿਸ਼ਵਾਸ ਕਾਇਮ ਹੈ। ਇਹ ਮਾਣ ਮਹਿਸੂਸ ਕਰਦੇ ਹਨ ਕਿ ਅਸੀਂ ਗੁਰੂ ਕੇ ਸਿੱਖ ਹਾਂ।

ਕਿਉਂ ਨਾ ਸ਼੍ਰੋਮਣੀ ਕਮੇਟੀਆਂ ਜਾਂ ਸਿੱਖ ਸੰਸਥਾਵਾਂ ਇਹਨਾਂ ਦੀ ਸਾਰ ਲੈਣ? ਟਾਂਡਾ ਸਾਊਵਾਲਾ ਵਿੱਚ ਉਹ ਉਦਮੀ ਸਿੱਖ, ਨਵੀਂ ਇਮਾਰਤ ਬਣਾ ਰਹੇ ਹਨ ਜੋ ਅੱਧ ਵਿਚਕਾਰ ਹੀ ਖੜ੍ਹੀ ਹੈ, ਉਹ ਚਾਹੁੰਦੇ ਹਨ ਕਿ ਇਹ ਇਮਾਰਤ ਜਲਦ ਹੀ ਤਿਆਰ ਹੋ ਜਾਵੇ ਤੇ ਉਹਨਾਂ ਦੇ ਸੀਮਤ ਸਾਧਨਾ ਨਾਲ, ਜਲਦੀ ਨਹੀਂ ਮੁਕੰਮਲ ਹੋਣ ਵਾਲੀ।

ਉਸ ਇਲਾਕੇ ਵਿੱਚ ਪੱਕਾ ਪਰਚਾਰਕ ਇਹਨਾਂ ਸਿੱਖਾਂ ਵਿੱਚੋਂ ਹੀ, ਸਿੱਖਿਆ ਦੇ ਕੇ ਭੇਜਿਆ ਜਾਵੇ ਤਾਂ ਕਿ ਇਹਨਾਂ ਦੀ ਆਉਣ ਵਾਲੀ ਪਨੀਰੀ, ਸਿੱਖੀ ਦੀ ਧਰੋਹਰ ਬਣੀ ਰਹੇ। ਜੇਕਰ ਇਹਨਾਂ ਵੱਲ ਧਿਆਨ ਨਾ ਦਿੱਤਾ ਗਿਆ, ਤਾਂ ਇਹ ਲੋਕ ਬਾਗੀ ਵੀ ਹੋ ਸਕਦੇ ਹਨ। ਉਹਨਾਂ ਦੀਆਂ ਮੰਗਾਂ ਜਾਇਜ ਹਨ। ਸਮੇਂ ਦੀ ਮੰਗ ਹੈ।

ਉਹਨਾਂ ਨੂੰ ਸਿੱਖੀ ਨਾਲ ਜੋੜਨ ਦਾ ਉਪਰਾਲਾ ਜਰੂਰ ਕਰਨਾ ਚਾਹੀਦਾ ਹੈ। ਇਸ ਇਲਾਕੇ ਵਿੱਚ ਵੱਸਦੇ ਪਿੰਡਾਂ ਦੀਆਂ ਲੋੜਾਂ ਸਾਂਝੀਆਂ ਹਨ। ਕਾਲਜ ਤੇ ਹਾਈ ਸਕੂਲ ਵੀ ਇਸ ਪਿੰਡ ਤੋਂ ਸੱਤ ਕਿਲੋਮੀਟਰ ਦੂਰੀ ਤੇ ਹੈ।

ਮੈਂ ਕਹਿ ਰਿਹਾ ਸੀ ਇਹਨਾਂ ਸਿੱਖਾਂ ਨਾਲ ਸਿੱਖੀ ਦਾ ਵਣਜ ਕੀਤਾ ਜਾਵੇ। ਸਤਿਗੁਰੂ ਜਰੂਰ ਖੁਸ਼ ਹੋਣਗੇ। ਇਸ ਨੇਕ ਕਾਰਜ ਨੂੰ ਵੇਖ ਕੇ। ਅਸੀਂ ਦਿਨ ਛਿਪਣ ਤੋਂ ਪਹਿਲਾਂ ਆਪਣੇ ਘਰ ਵੱਲ ਪਰਤ ਗਏ। ਤੇ ਮੇਰੀ ਸੁਰਤ ਵਿੱਚ ਇਹ ਸ਼ਬਦ ਚੱਲ ਰਿਹਾ ਸੀ:

**ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥**
**ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥**

**–ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ** 56

**ਨੋਟ:** ਇਸ ਲੇਖ ਦੇ ਸਿੱਖ ਫੁਲਵਾੜੀ ਵਿੱਚ ਛਪਣ ਨਾਲ ਮੈਨੂੰ ਲਗਭਗ 100 ਫੋਨ ਆਏ। ਅਸੀਂ ਇੱਥੇ ਜਾਣਾ ਚਾਹੁੰਦੇ ਹਾਂ, ਮਦਦ ਵੀ ਕਰਨੀ ਚਾਹੁੰਦੇ ਹਾਂ। ਮੈਨੂੰ ਵੀ ਕਾਫੀ ਉਤਸ਼ਾਹ ਮਿਲਿਆ। ਮੈਂ ਜਦ ਉਥੇ ਦੁਬਾਰਾ ਗਿਆ ਤਾਂ ਉਹਨਾਂ ਨੂੰ ਮਿਲੇ ਉਤਸ਼ਾਹ ਦੀ ਮਦਦ ਕੀਤੀ। ਉਹ ਵੀ ਬੜੇ ਖੁਸ਼ ਹੋਏ। ਇਸ ਮਦਦ ਵਿੱਚ ਬੀਬੀ ਬਲਵਿੰਦਰ ਕੌਰ ਬਟਾਲੇ ਦੇ ਇਲਾਕੇ 'ਚੋਂ ਸਨ ਉਨ੍ਹਾਂ 20000 ਅਤੇ ਇੱਕ ਸਿੰਘ ਹਰਭਜਨ ਸਿੰਘ ਦਿੱਲੀ ਤੋਂ ਸਨ

ਉਨ੍ਹਾਂ 10000 ਰੁਪਏ ਭੇਜੇ।

ਮੈਂ 100 ਬੋਰੀ ਸੀਮਿੰਟ ਲੈ ਦਿੱਤਾ। ਗੁਰੂ ਘਰ ਦਾ ਲੈਂਟਰ ਪੈ ਗਿਆ। ਫਿਰ ਮੈਨੂੰ ਫੋਨ ਆਇਆ ਕਿ ਜੇ 50 ਬੋਰੀ ਸੀਮਿੰਟ ਮਿਲ ਜਾਵੇ ਤਾਂ ਪਲਸਤਰ ਅਤੇ ਫਰਸ਼ ਦਾ ਕੰਮ ਹੋ ਜਾਵੇਗਾ। ਹੁਣ ਮੇਰੇ ਕੋਲ ਕੋਈ ਦਾਨੀ ਸੱਜਣ ਤਾਂ ਹੈ ਨਹੀਂ ਸੀ। ਮੈਂ ਆਪਣੇ ਵੀਰਾਂ ਨੂੰ ਕਿਹਾ ਕਿ ਆਪਣੇ ਆੜ੍ਹਤੀ ਨੂੰ ਕਹੋ ਕਿ 50 ਬੋਰੀ ਸੀਮਿੰਟ ਦੇ ਦੇਣ। ਉਸ ਦੇ ਪੈਸੇ ਤੁਸੀਂ ਮੇਰੇ ਠੇਕੇ ਵਿੱਚੋਂ ਕੱਟ ਲੈਣਾ। ਇਸ ਤਰ੍ਹਾਂ ਇਹ ਗੁਰੂ ਘਰ ਦੀ ਇਮਾਰਤ ਟਾਂਡਾ ਸਾਊ ਵਾਲਾ ਵਿਖੇ ਸ਼ਾਨੋ ਸ਼ੌਕਤ ਨਾਲ ਖੜੀ ਹੈ।



**ਸਤਿਨਾਮ ਸਿੰਘ ਕੋਮਲ ਇੱਕ ਕਵੀ ਹੈ ਜਿਸ ਦੀਆਂ ਰਚਨਾਵਾਂ ਦੋ ਦਹਾਕਿਆਂ ਤੋਂ ਧਾਰਮਿਕ ਮੈਗਜੀਨਾਂ ਵਿੱਚ ਛਪਦੀਆਂ ਹਨ। ਧਾਰਮਿਕ ਸਾਹਿਤ ਦੇ ਨਾਲ ਨਾਲ ਗਜ਼ਲਾਂ, ਗੀਤ ਤੇ ਨਜ਼ਮਾਂ ਲਿਖਦੇ ਹਨ। ਟੀ. ਵੀ., ਰੇਡੀਓ ਤੇ ਅਖਬਾਰਾਂ ਰਾਹੀਂ ਸਮਾਜ ਦੇ ਅਕਸਰ ਰੂਬਰੂ ਹੁੰਦੇ ਹਨ। ਹੁਣ ਤੱਕ ਉਨ੍ਹਾਂ ਦੀਆਂ ਛੇ ਕਿਤਾਬਾਂ ਛਪ ਚੁੱਕੀਆਂ ਹਨ। ਹੱਥਲੀ ਪੁਸਤਕ ਦਾ ਸਹਿ-ਸੰਪਾਦ ਵੀ ਕੀਤਾ ਹੈ। ਉਨ੍ਹਾਂ ਨਾਲ ਈਮੇਲ** singhsatnam@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਰਮੱਈਆ ਸਿੱਖ ਸਮਾਜ

## ਜਤਿੰਦਰਪਾਲ ਸਿੰਘ ਕਾਪਸੇ ਬਿਜਨੌਰ

ਭਾਰਤ ਦੇ ਸੂਬੇ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਬਿਜ਼ਨੌਰ ਦੀ ਤਹਿਸੀਲ ਚਾਂਦਪੁਰ ਧਾਮਪੁਰ ਵਿਖੇ ਰਮਈਆ ਸਿੱਖ ਸਮਾਜ ਦੇ 22 ਪਿੰਡ ਅਬਾਦ ਹਨ, ਜੋ ਕਿ ਪੂਰਨ ਰੂਪ ਵਿੱਚ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਆਦਰਸ਼ ਮੰਨਕੇ ਸਿੱਖੀ ਦੀ ਪਾਲਣਾ ਕਰ ਰਹੇ ਹਨ। ਗੁਰੂ ਸਾਹਿਬਾਨ ਦੇ ਜਨਮ ਦਿਵਸ, ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਅਤੇ ਵਿਸਾਖੀ ਦਿਵਸ ਬੜੇ ਪਿਆਰ ਸਤਿਕਾਰ ਅਤੇ ਸ਼ਰਧਾ ਨਾਲ ਮਨਾਉਂਦੇ ਹਨ। ਗੁਰੂ ਨਾਨਕ ਪੰਥੀ ਸਿੱਖ ਹੋਣ ਦੇ ਨਾਤੇ ਜਗਤ ਪਿਤਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ 27 ਸਿੱਖ ਸਭਾਵਾਂ ਵੱਲੋਂ ਮਨਾਇਆ ਜਾਂਦਾ ਹੈ। ਰਮਈਆ ਸਮਾਜ ਦੇ ਪਾਸ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਹਲਦੌਰ ਸਾਹਿਬ (ਬਿਜ਼ਨੌਰ) ਵਿਖੇ ਸਥਾਪਿਤ ਹੈ, ਜਿਸਦੀ ਦੇਖ ਭਾਲ, ਸੇਵਾ ਸੰਭਾਲ ਰਮਈਆ ਸਿੱਖ ਸਮਾਜ ਹੀ ਕਰਦਾ ਆ ਰਿਹਾ ਹੈ।

ਰਮਈਆ ਦਾ ਅਰਥ ਹੈ ਘੁੰਮ ਫਿਰ ਕੇ ਵਿਉਪਾਰ (ਕੰਮ ਕਾਜ਼) ਕਰਨ ਵਾਲਾ, ਜਿਸ ਕਰਕੇ ਰਮਈਆ ਕਹਿਆ ਜਾਣ ਲੱਗ ਪਿਆ। ਅਜ ਕਲ ਵੀ ਇਹ ਪ੍ਰਤੱਖ ਪ੍ਰਮਾਣ ਹੈ ਕਿ ਜਿਥੇ ਕਿਥੇ ਵੀ ਰਮਈਆ ਸਮਾਜ ਨਿਵਾਸ ਕਰਦਾ ਹੈ, ਸਭ ਘੁੰਮ ਫਿਰ ਕੇ ਹੀ ਆਪਣੇ ਕੰਮ ਕਾਜ਼ ਕਰਦੇ ਹਨ। ਚਾਹੇ ਉਹ ਗੁਰੂ ਨਾਨਕ ਪੰਥੀ ਸਿੱਖ ਹੋਣ ਚਾਹੇ ਸਹਿਜਧਾਰੀ ਸਿੱਖ ਹੋਣ, ਇਸੇ ਤਰ੍ਹਾਂ ਹੀ ਕੰਮ ਕਾਜ਼ ਕਰਦੇ ਹੋਏ ਆਪਣਾ ਪਾਲਣ ਪੋਸ਼ਣ ਕਰ ਰਹੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਰਮਈਆ ਸਮਾਜ ਨੂੰ ਮਾਨਤਾ ਦਿੱਤੀ ਹੈ। ਰਮੱਈਆ ਸਮਾਜ ਹੈ, ਐਲਾਨ ਨੂੰ-24 ਤਾਰੀਖ 23 ਅਗਸਤ 1932 ਦੌਰਾਨ ਕਿਤਾਬ ਛਾਪੀ ਸੀ, ਜਿਸ ਵਿੱਚ ਜ਼ਿਕਰ ਹੈ ਕਿ ਬਿਜ਼ਨੌਰ ਵਿੱਚ ਰਮਈਆ ਸਿੱਖ ਸਮਾਜ ਦਾ ਬਹੁਤ ਵੱਡਾ ਇਕੱਠ (ਸੰਮੇਲਨ) ਹੋਇਆ, ਜਿਸ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਚਾਰਕ ਭੇਜੇ ਗਏ ਅਤੇ ਧਰਮ ਪ੍ਰਚਾਰ ਦੀ ਹਿੰਦੀ ਪੁਸਤਕ ਵੀ ਵੰਡੀ ਗਈ। ਸੰਨ 1957 ਦੀ ਡਾਕਟਰ ਕੇਲਕਰ ਦੀ ਰਿਪੋਰਟ ਵਿੱਚ ਵੀ ਰਮਈਆ ਸਮਾਜ ਦਾ ਜ਼ਿਕਰ ਮਿਲਦਾ ਹੈ। ਇੰਦੌਰ ਦੇ ਗੁਰਦੁਆਰਾ ਇਮਲੀ ਸਾਹਿਬ ਵਿਖੇ ਵੀ ਰਮਈਆ ਸਮਾਜ ਦਾ ਇਤਿਹਾਸ ਮਿਲਦਾ ਹੈ ਕਿ ਉਦਾਸੀਆਂ ਦੇ ਬਾਅਦ ਇੰਦੌਰ ਦੇ ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲ ਰਮਈਆ ਸਿੱਖਾਂ ਨੇ ਹੀ ਪੂਰਨ ਤਨ ਦੇਹੀ ਨਾਲ ਕੀਤੀ। ਇਸ ਤੋਂ ਮਾਲੂਮ ਹੁੰਦਾ ਹੈ ਕਿ ਰਮਈਆ ਸਮਾਜ ਪੁਰਾਤਨ ਸਮੇਂ ਤੋਂ ਹੀ ਬਿਜ਼ਨੌਰ ਵਿਖੇ ਅਬਾਦ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਧਰਮ ਪ੍ਰਚਾਰ ਦੀ ਪਹਿਲੀ ਉਦਾਸੀ (ਸੰਨ 1510 ਈ.) ਦੌਰਾਨ ਰਹੇ ਖੰਡ ਪ੍ਰਾਂਤ ਦੇ ਛੋਟੇ ਜਿਹੇ ਰਾਜ ਹਲਧਰ (ਹਲਦੌਰ ਰਾਜਾ ਕਮਲ ਨੈਣ ਦਾ ਪਿੰਡ) ਦੇ ਬਾਹਰ ਬਗੀਚੇ ਵਿੱਚ ਆਏ ਸਨ, ਜਿਥੇ ਗੁਰੂ ਸਾਹਿਬ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਗੁਰਦੁਆਰਾ ਮੌਜੂਦ ਹੈ, ਜਿਸਦੀ ਸੇਵਾ ਸੰਭਾਲ ਵੀ ਰਮਈਆ ਸਿੱਖ ਸਮਾਜ ਹੀ ਕਰਦਾ ਆ ਰਿਹਾ ਹੈ। ਇਸ ਤਰ੍ਹਾਂ ਜੋ ਕੋਈ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਪ੍ਰਚਾਰੇ ਗਏ ਮਾਰਗ ਨੂੰ ਅਪਨਾਉਣ ਵਾਲੇ ਗੁਰੂ ਜੀ ਵੱਲੋਂ ਦਿੱਤੀ ਸਿੱਖਿਆਵਾਂ ਅਤੇ ਅਸੂਲਾਂ ਨੂੰ ਆਪਣੇ

ਜੀਵਨ ਵਿੱਚ ਅਮਲੀ ਤੌਰ ਤੇ ਅਪਣਾਇਆ ਅਤੇ ਗੁਰੂ ਸਾਹਿਬ ਜੀ ਨਾਲ ਵਿਚਾਰਕ ਸਾਂਝ ਕਰਕੇ ਜੁੜਦੇ ਗਏ ਅਤੇ ਨਾਨਕ ਪੰਥੀ, ਗੁਰੂ ਕੇ ਸਿੱਖ ਅਖਵਾਉਣ ਲੱਗ ਪਏ।

ਬਹੁਤ ਪੁਰਾਣੇ ਸਮੇਂ ਤੋਂ ਹੀ ਜ਼ਾਤ ਅਭਿਮਾਨੀਆਂ ਦਾ ਬੋਲ ਬਾਲਾ ਸੀ ਅਤੇ ਦੇਸ਼ ਵਾਸੀ ਕੌਮ, ਵਰਗਾਂ ਵਿੱਚ ਵੰਡੀ ਹੋਈ ਸੀ ਅਤੇ ਜ਼ਾਤ ਅਭਿਮਾਨੀਆਂ ਨੇ ਦਬਾ ਕੇ ਰੱਖਿਆ ਹੋਇਆ ਸੀ। ਅੱਜ ਤੋਂ 550 ਸਾਲ ਪਹਿਲਾਂ ਅਸੀਂ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਅਤੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ, ਗੁਰੂ ਨਾਨਕ ਦੇਵ ਜੀ ਦੀ ਚਰਨ-ਪਾਹੁਲ ਲੈ ਕੇ ਅਸੀਂ ਨਾਨਕ ਪੰਥੀ, ਸਹਿਜ ਧਾਰੀ ਸਿੱਖ ਬਣੇ।

ਗੁਰੂ ਨਾਨਕ ਦੇਵ ਜੀ ਦਾ ਮਿਸ਼ਨ ਸੀ ਕਿ ਗੁਰੂ ਸਾਹਿਬ ਜ਼ਾਤ ਅਭਿਮਾਨੀਆਂ ਵੱਲੋਂ ਲਿਤਾੜੇ ਜਾ ਰਹੇ, ਸਤਾਏ ਜਾ ਰਹੇ ਅਤੇ ਨੀਚ ਸਮਝੇ ਜਾਣ ਵਾਲੇ ਮਨੁੱਖਾਂ ਨਾਲ ਸਨ ਅਤੇ ਜ਼ਾਤ ਅਭਿਮਾਨੀ (ਆਪਣੇ ਆਪ ਨੂੰ ਹੋਰਨਾਂ ਤੇ ਉੱਚਾ ਸਮਝਣ ਵਾਲੇ) ਨਾਲ ਕੋਈ ਵਾਸਤਾ ਨਹੀਂ ਸੀ ਅਤੇ ਨਾਂ ਹੀ ਹੋਵੇਗਾ। ਇਸੇ ਕਰਕੇ ਗੁਰੂ ਨਾਨਕ ਦੇਵ ਜੀ ਨੇ ਮਲਕ ਭਾਗੋ ਦੇ ਪਕਵਾਨਾਂ ਨੂੰ ਪਰਵਾਣ ਨਹੀਂ ਕੀਤਾ ਅਤੇ ਨੀਚ ਸਮਝੇ ਜਾਦੇ ਕਿਰਤੀ ਭਾਈ ਲਾਲੋ ਦੇ ਘਰ ਕੋਧਰੇ ਦੀ ਰੋਟੀ ਨੂੰ ਖੁਸ਼ੀ-ਖੁਸ਼ੀ ਗ੍ਰਹਿਣ ਕੀਤਾ ਸੀ। ਗੁਰੂ ਸਾਹਿਬ ਜੀ ਦਾ ਫੁਰਮਾਨ ਹੈ:

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥**

**-ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ** 15

ਅਨੁਮਾਨ ਹੈ ਕਿ ਰਮਈਆ ਕੌਮ 500 ਸਾਲ ਪਹਿਲਾਂ ਤੋਂ ਹੀ ਇਥੇ ਅਬਾਦ ਰਹੀ ਹੋਵੇਗੀ। ਸੰਨ 1511 ਈ. ਦੌਰਾਨ ਗੁਰੂ ਨਾਨਕ ਦੇਵ ਜੀ ਦੇ ਹਲਦੌਰ ਪਧਾਰਨ ਮੌਕੇ ਗੁਰੂ ਸਾਹਿਬ ਜੀ ਤੋਂ ਚਰਨ ਪਾਹੁਲ ਲੈ ਕੇ ਨਾਨਕ ਨਾਮ ਲੇਵਾ ਸਿੱਖ ਨਾਨਕ ਪੰਥੀ ਬਣ ਗਏ ਹੋਣਗੇ। ਇਸ ਤੋਂ ਇਹ ਵੀ ਪਤਾ ਚਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਦੂਜੀ ਉਦਾਸੀ (ਧਰਮ ਪ੍ਰਚਾਰ ਯਾਤਰਾ) ਜੋ ਕਿ ਸੁਲਤਾਨਪੁਰ ਤੋਂ ਦੱਖਣ ਵਾਲੇ ਪਾਸੇ ਉਦਾਸੀ ਦੌਰਾਨ ਗੁਰੂ ਸਾਹਿਬ ਜੀ ਜਿਥੇ ਕਿਥੇ ਵੀ ਗਏ, ਉਥੇ ਅੱਜ ਵੀ ਰਮਈਆ ਸਮਾਜ ਅਬਾਦ ਹੈ। ਜਿਸ ਤਰ੍ਹਾਂ ਦਿੱਲੀ ਵਿਖੇ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਨਾਨਕ ਪਿਆਉ ਹੈ, ਉਥੇ ਰਮਈਆ ਬਸਤੀ ਹੈ ਅਤੇ ਬਸਤੀ ਦਾ ਨਾਮ ਰਮਈਆ ਚੌਂਕ ਸੀ।

ਗੁਰੂ ਨਾਨਕ ਦੇਵ ਜੀ ਹੈਦਰਾਬਾਦ (ਗੋਲਕੌਂਡਾ) ਵੀ ਪਧਾਰੇ ਸਨ ਅਤੇ ਉਥੇ ਵੀ ਅਜੇ ਵੀ ਰਮਈਆ ਬਸਤੀ ਹੈ। ਹੈਦਰਾਬਾਦ ਤੋਂ ਪਾਲਮਨੂਰ (ਮਹਿਬੂਬ ਨਗਰ) ਦੇ ਰਸਤੇ ਗੁਰੂ ਸਾਹਿਬ ਕਰਨੂਲ ਪਹੁੰਚੇ, ਉਥੇ ਅੱਜ ਵੀ ਰਮਈਆ ਕੌਮ ਅਬਾਦ ਹੈ। ਕਰਨੂਲ ਵਿਖੇ ਅੱਜ ਵੀ ਗੁਰਦੁਆਰਾ ਸਥਾਪਿਤ ਹੈ। ਇਸ ਉਪਰੰਤ ਗੁਰੂ ਸਾਹਿਬ ਅਨੰਤਾਪੁਰ ਗਏ, ਉਥੇ ਵੀ ਰਮਈਆ ਸਮਾਜ ਦੀ ਬਸਤੀ ਹੈ ਅਤੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਕਰਨਾਟਕ ਦੇ ਸ਼ਹਿਰ ਬੇਲਾਰੀ ਵੀ ਰਮਈਆ ਸਮਾਜ ਅੱਜ ਵੀ ਅਬਾਦ ਹੈ ਅਤੇ ਗੁਰਦੁਆਰਾ ਸਾਹਿਬ ਵੀ ਸਥਾਪਿਤ ਹੈ। ਇਥੇ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਸੰਬੰਧਿਤ ਇਲਾਕੇ ਵਿੱਚ ਸਿੱਖੀ ਦੇ ਪ੍ਰਚਾਰ ਦੀ ਘਾਟ ਕਾਰਨ ਉਪਰੋਕਤ ਸ਼ਹਿਰਾਂ ਦੇ ਬਸ਼ਿੰਦੇ ਰਮਈਆ ਸਮਾਜ ਸਹਿਜਧਾਰੀ ਹੀ ਰਹਿ ਗਏ ਪ੍ਰੰਤੂ ਨਾਨਕ ਪੰਥੀ ਬਣੇ ਰਹੇ। ਦੂਜੇ ਸਹਿਜਧਾਰੀ ਰਮਈਆ

ਸਮਾਜ ਅਤੇ ਜ਼ਿਲ੍ਹਾ ਬਿਜ਼ਨੌਰ ਦੇ ਰਮਈਆ ਸਿੱਖ ਸਮਾਜ ਨਾਲ ਗੋਤਰ ਬੋਲਚਾਲ, ਪ੍ਰਾਈਵੇਟ ਬੋਲਚਾਲ ਸਭ ਮਿਲਦੀ ਜੁਲਦੀ ਹੈ। ਧਰਮ ਪ੍ਰਚਾਰ ਦੀ ਘਾਟ ਕਾਰਨ ਇਸ ਸਹਿਜਧਾਰੀ ਰਮਈਆ ਸਮਾਜ ਅਤੇ ਸਿੱਖ ਰਮਈਆ ਸਮਾਜ ਵਿੱਚ ਦੂਰੀ ਬਣੀ ਰਹੀ।

ਇਸਦਾ ਦੂਜਾ ਉਦਾਹਰਣ ਹੈ ਕਿ ਜ਼ਿਲ੍ਹਾ ਬਿਜ਼ਨੌਰ ਦਾ ਰਮਈਆ ਸਮਾਜ ਪੂਰਨ ਰੂਪ ਵਿੱਚ ਗੁਰੂ ਜੀ ਦੇ ਉਪਦੇਸ਼ਾਂ ਨੂੰ ਮੰਨਣ ਵਾਲਾ ਹੈ। ਹਰੇਕ ਸਾਲ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਬਿਜ਼ਨੌਰ ਦੇ ਰਮਈਆ ਸਮਾਜ ਵੱਲੋਂ ਆਪਣੇ ਇਲਾਕਿਆਂ ਦੇ ਗਰਦੁਆਰਾ ਸਾਹਿਬ ਵਿਖੇ ਪਿਆਰ, ਸ਼ਰਧਾ, ਸਤਿਕਾਰ ਸਹਿਤ ਮਨਾਏ ਜਾਂਦੇ ਹਨ ਅਤੇ ਗੁਰਬਾਣੀ ਕੀਰਤਨ ਦਰਬਾਰ ਅਤੇ ਨਗਰ ਕੀਰਤਨ ਤਕਰੀਬਨ 15-16 ਸਿੱਖ ਸਭਾਵਾਂ, ਗੁਰਦੁਆਰਿਆਂ ਵੱਲੋਂ ਵੀ ਸਜਾਇਆ ਜਾਂਦਾ ਹੈ।

ਰਮਈਆ ਸਿੱਖ ਸਮਾਜ ਦਾ ਖਾਲਸਾ ਇੰਦਰ ਕਾਲਜ, ਨੂਰਪੁਰ (ਬਿਜ਼ਨੌਰ) ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਵਿਦਿਆਲਿਆ, ਖਾਸਪੁਰਾ (ਬਿਜ਼ਨੌਰ) ਵਿਖੇ ਵਿੱਦਿਆ ਪ੍ਰਾਪਤ ਕਰਕੇ ਐਮ.ਬੀ.ਬੀ.ਐਸ. ਡਾਕਟਰ, ਐਡਵੋਕੇਟ, ਪੁਲਿਸ ਇੰਸਪੈਕਟਰ, ਪ੍ਰਿੰਸੀਪਲ ਅਤੇ ਹੋਰ ਉੱਚ ਅਹੁਦਿਆਂ ਦੇ ਬਿਰਾਜਮਾਨ ਹੋ ਕੇ ਦੇਸ਼ ਦੀ ਸੇਵਾ ਕਰ ਰਹੇ ਹਨ।

ਬਾਹਰਲੇ ਦੇਸ਼ਾਂ (ਵਿਦੇਸ਼ਾ) ਵਿੱਚ ਵੀ ਅਨੇਕਾਂ ਸੇਵਾਵਾਂ ਨਿਭਾਉਂਦੇ ਹੋਏ ਰਮਈਆ ਸਮਾਜ ਦਾ ਨਾਂਅ ਰੌਸ਼ਨ ਕਰ ਰਹੇ ਹਨ ਪ੍ਰੰਤੂ ਸਿੱਖ ਕੌਮ ਦੀਆਂ ਉੱਚੀਆਂ ਸੰਸਥਾਵਾਂ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸਿਆਸੀ ਪਾਰਟੀ) ਨੇ ਰਮਈਆ ਸਮਾਜ ਵੱਲ ਕੋਈ ਧਿਆਨ ਨਹੀਂ ਦਿੱਤਾ। ਅੱਜ ਵੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਉੱਪਰ ਚਲਦੇ ਹੋਏ ਪੂਰਨ ਰੂਪ ਵਿੱਚ ਸਿੱਖੀ ਨੂੰ ਸੰਭਾਲਦੇ ਹੋਏ ਰਮਈਆ ਸਿੱਖ ਸਮਾਜ 22 ਪਿੰਡਾਂ ਵਿੱਚ ਅਬਾਦ ਹਨ।

**ਤਰਜਮਾ: ਗਿਆਨੀ ਸੁਰਿੰਦਰ ਸਿੰਘ ਐਮ. ਏ.**



**ਰਮਈਆ ਸਿੱਖ ਸਮਾਜ ਨੂੰ ਸਿੱਖ ਮੁੱਖਧਾਰਾ ਦੀ ਤਾਂਘ ਲੈ ਜਤਿੰਦਰਪਾਲ ਸਿੰਘ ਬਿਜਨੋਰ ਕਈ ਦਹਾਕਿਆਂ ਤੋਂ ਭਾਰਤ ਅਤੇ ਹੋਰ ਮੁਲਕਾ ਵਿੱਚ ਯਤਨ ਕਰ ਰਹੇ ਹਨ। ਆਪਣੇ ਲੇਖ ਅਤੇ ਤਕਰੀਰਾਂ ਰਾਹੀਂ ਅਤੇ ਜਾਤੀ ਪਹੁੰਚ ਕਰ ਕੇ ਵੀ ਉਹ ਕੌਮੀ ਲੀਡਰਸ਼ਿਪ ਨੂੰ ਇਨ੍ਹਾਂ ਅਣਗੋਲੇ ਸਿੱਖਾਂ ਵੱਲੋ ਧਿਆਨ ਦੇਣ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ। ਉਹ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ, ਗੁਰੂ ਨਾਨਕ ਚੌਂਕ, ਖਾਸਪੁਰਾ (ਬਿਜ਼ਨੋਰ) ਦੇ ਪ੍ਰਧਾਨ ਰਹਿ ਚੁਕੇ ਹਨ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਵਿਦਿਆਲਿਆ, ਖਾਸਪੁਰਾ (ਬਿਜ਼ਨੋਰ) ਵਿੱਚ ਬਤੌਰ ਮੈਨੇਜਰ ਵੀ ਸੇਵਾ ਨਿਭਾਈ ਹੈ।**

# ਸਿੱਖ ਜੌਹਰੀ ਸਮਾਜ

## ਡਾ. ਹਰਪ੍ਰੀਤ ਕੌਰ ਖੁਰਾਣਾ

ਗੁਰੂ ਨਾਨਕ ਪੰਥੀ ਸਿੱਖਾਂ ਵਿੱਚੋਂ ਸਿੱਖ ਜੌਹਰੀ ਸਮਾਜ ਦਾ ਖਾਸ ਯੋਗਦਾਨ ਰਿਹਾ ਹੈ। ਕਦੀ ਇਹ ਜੌਹਰੀ ਰਾਜਾ ਮਹਾਰਾਜਾਵਾਂ ਦੀ ਹੀਰੇ, ਮੋਤੀ, ਜਵਾਹਰਾਂ ਦੀ ਜਰੂਰਤ ਪੂਰੀ ਕਰਦੇ ਸੀ। ਇਹ ਕਿਹਾ ਜਾਂਦਾ ਹੈ ਕਿ ਜੌਹਰੀ ਸਮਾਜ ਦਾ ਸਬੰਧ ਰਾਜਸਥਾਨ, ਮਾਰਵੜ ਦੇ ਰਾਜਪੂਤ ਘਰਾਨੇ ਨਾਲ ਜੁੜਿਆ ਹੋਇਆ ਹੈ ਅਤੇ ਇਹ ਲੋਕ ਰਾਠੌਰ, ਸਿਸੋਦੀਆ, ਪੋਥੀਵਾਲ ਤੇ ਚੌਹਾਨ ਵਗੈਰਾ ਨਾਲ ਸੰਬੰਧ ਰੱਖਦੇ ਹਨ।

ਕਿਸੀ ਸਮੇਂ ਸ਼ਾਹੂਕਾਰ ਕਹਾਣ ਵਾਲੇ ਇਹ ਬਹੁਤ ਸਾਰੇ ਜ਼ੌਹਰੀ ਹੁਣ ਜੀਵਨ ਦੀਆਂ ਮੁੱਢਲੀਆਂ ਜਰੂਰਤਾਂ ਪੂਰੀਆਂ ਕਰਨ ਲਈ ਗਲੀ-ਗਲੀ, ਪਿੰਡ-ਪਿੰਡ ਘੁੰਮਣ ਲਈ ਮਜਬੂਰ ਹੋ ਗਏ ਹਨ।ਅੱਜ ਵੀ ਸਿੱਖ ਜੌਹਰੀਆਂ ਵਿਚੋਂ ਬਹੁਤੇ ਲੋਕ ਸਿੱਖੀ ਸਰੂਪ ਵਿੱਚ ਹੀ ਹਨ। ਇਨ੍ਹਾਂ ਦਾ ਮੁੱਖ ਕੰਮ ਹੀਰੇ, ਮੋਤੀ ਤੇ ਜਵਾਹਰਾਂ ਨਾਲ ਜੁੜਿਆ ਰਿਹਾ ਹੈ। ਪਰ ਹੁਣ ਕੁਝ ਲੋਕ ਬਨਾਵਟੀ ਜਵੈਲਰੀ ਜਿਵੇਂ ਕੰਨਾ ਦੇ ਟਾਪਸ, ਮੋਤੀਆਂ ਦੀ ਮਾਲਾ, ਮੰਗਲ ਸੂਤਰ ਆਦਿ ਬਣਾ ਕੇ ਵੇਚਦੇ ਹਨ। ਇਹ ਲੋਕ ਆਪਣੀ ਆਰਥਿਕ ਹਾਲਤ ਮੁਤਾਬਕ ਫੁਟਪਾਥ, ਦੁਕਾਨ ਆਦਿ ਦੇ ਸਹਾਰੇ ਆਪਣਾ ਇਹ ਕੰਮ ਕਰਕੇ ਗੁਜਾਰਾ ਕਰਦੇ ਹਨ।

1984 ਦੌਰਾਨ ਇਨ੍ਹਾਂ ਨੂੰ ਬਹੁਤ ਕਠਨਾਈਆਂ ਦਾ ਸਾਹਮਣਾ ਕਰਨਾ ਪਿਆ। ਸਿੱਖੀ ਸਰੂਪ ਕਰਕੇ ਇਨ੍ਹਾਂ ਤੇ ਬਹੁਤ ਅੱਤਿਆਚਾਰ ਕੀਤੇ ਗਏ ਅਤੇ ਕਈਆਂ ਨੇ ਕੇਸ ਵੀ ਕਟਾ ਲਏ ਤੇ ਫਿਰ ਕਦੇ ਵੀ ਨਹੀਂ ਰੱਖੇ। ਸਿੱਖ ਜੌਹਰੀਆਂ ਦੀ ਬਸਤੀ ਇਰੇਂਡੋਲ ਜ਼ਿਲ੍ਹਾ ਜਲਗਾਂਵ, ਮਹਾਰਾਸ਼ਟਰ ਵਿਚ ਵੀ ਹੈ। ਇਨ੍ਹਾਂ ਦੇ ਰਹਿਣ ਦੇ ਠਿਕਾਣਿਆਂ ਬਾਰੇ ਪ੍ਰਾਪਤ ਜਾਣਕਾਰੀ ਮੁਤਾਬਕ ਇਹ ਮਹਾਰਾਸ਼ਟਰ ਦੇ ਚੰਦਰਪੁਰ, ਧੁੱਲੀਆ, ਭੂਸਾਵਲ, ਬੀੜ, ਕਮੀਲਾ, ਸਟਾਣਾ, ਚੋਪੜਾ, ਜਲਗਾਂਵ, ਮਾਲੇਗਾਂਵ, ਤਲੋਦਾ ਆਦਿ ਸਥਾਨਾਂ ਤੇ ਰਹਿੰਦੇ ਹਨ। ਸਿੱਖ ਜੌਹਰੀਆਂ ਦੀ ਬਸਤੀ ਮਹਾਰਾਸ਼ਟਰ, ਮੱਧ ਪ੍ਰਦੇਸ਼, ਆਂਧਰਾ ਪ੍ਰਦੇਸ਼, ਰਾਜਸਥਾਨ, ਬਿਹਾਰ, ਕਰਨਾਟਕ ਆਦਿ ਕਈ ਰਾਜਾਂ ਵਿੱਚ ਹੈ।

ਸਿੱਖ ਧਰਮ ਨਾਲ ਜੌਹਰੀਆਂ ਦਾ ਸਬੰਧ ਪਹਿਲੇ ਗੁਰੂ, ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੇ ਹੀ ਜੁੜ ਗਿਆ ਸੀ। ਜਦੋਂ ਗੁਰੂ ਸਾਹਿਬ ਜੀ ਨੇ ਆਪਣੀ ਪਹਿਲੀ ਉਦਾਸੀ (ਪ੍ਰਚਾਰ ਫੇਰੀ) ਕੀਤੀ ਸੀ ਉਸ ਸਮੇਂ ਸਾਲਸ ਰਾਏ ਜੌਹਰੀ ਗੁਰੂ ਘਰ ਨਾਲ ਜੁੜ ਗਏ ਸੀ। ਇਹ ਕਿਹਾ ਜਾਂਦਾ ਹੈ ਕਿ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪਟਨਾਂ ਬਿਹਾਰ ਦੇ ਰਾਜਾ ਫਤਹਿ ਚੰਦ ਸੈਣ.ਗੀ ਜੀ ਦੀ ਰਾਣੀ, ਸਾਲਸ ਰਾਏ ਜੌਹਰੀ ਦੀ ਵੰਸ਼ਜ ਅਤੇ ਜੌਹਰੀ ਸਮਾਜ ਨਾਲ ਹੀ ਸਬੰਧਤ ਸੀ। ਬਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਇਹ ਰਾਣੀ ਭੁੰਗਰਨੀਆਂ (ਲੂਣ ਮਿਰਚ ਲੱਗੇ ਹੋਏ ਛੋਲੇ) ਖਵਾਇਆ ਕਰਦੀ ਸੀ।

ਸਿੱਖ ਧਰਮ ਦੇ ਅਟੁਟ ਅੰਗ ਸਿੱਖ ਜੌਹਰੀਆਂ ਬਾਰੇ ਅੱਜ ਵੀ ਬਹੁਤ ਸਾਰੇ ਲੋਕ ਨਹੀਂ ਜਾਣਦੇ ਹਨ। ਇਨ੍ਹਾਂ ਸਿੱਖਾਂ ਵੱਲ ਧਿਆਨ ਨਾ ਦੇਣ ਦਾ ਹੀ ਨਤੀਜਾ ਹੈ ਕਿ ਹੁਣ ਇਨ੍ਹਾਂ ਤੋਂ ਬਹੁਤੇ ਗੁਰੂ ਨਾਨਕ ਪੰਥੀ ਹੋਣ ਦੇ ਬਾਵਜੂਦ ਵੀ ਸਿੱਖੀ ਸਰੂਪ ਛੋੜ ਰਹੇ ਹਨ। ਬਹੁਤ ਸਾਰੇ ਲੋਕਾਂ ਨੇ ਸਿੱਖਾਂ ਵੱਲੋਂ ਕੀਤੀ ਕਈ ਤਰ੍ਹਾਂ ਦੀ ਅਨਦੇਖੀ ਤੇ ਉਪੇਖਿਆ ਦੇ ਬਾਵਜੂਦ ਵੀ

ਆਪਣਾ ਸਿੱਖੀ ਸਰੂਪ ਸੰਭਾਲਿਆ ਹੋਇਆ ਹੈ। ਸਾਨੂੰ ਆਪਣੇ ਇਨ੍ਹਾਂ ਸਿੱਖ ਭਰਾਵਾਂ ਵੱਲ ਧਿਆਨ ਦੇਣ ਦੀ ਬੜੀ ਜਰੂਰਤ ਹੈ ਤਾਂ ਜੋ ਇਨ੍ਹਾਂ ਨੂੰ ਫਿਰ ਤੋਂ ਸਿੱਖੀ ਦੀ ਮੁੱਖ ਧਾਰਾ ਨਾਲ ਜੋੜਿਆ ਜਾ ਸਕੇ ।

**ਭਾਈ ਸਾਲਸ ਰਾਏ** – ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਪਹਿਲੀ ਉਦਾਸੀ ਪੂਰਬ ਵੱਲ ਕੀਤੀ। ਰਸਤੇ ਵਿੱਚ ਭਾਈ ਮਰਦਾਨਾ ਜੀ ਨੂੰ ਭੁੱਖ ਲੱਗੀ ਤਾਂ ਗੁਰੂ ਜੀ ਨੇ ਕਿਹਾ ਕਿ ਅੱਗੇ ਇੱਕ ਨਗਰ ਆਣ ਵਾਲਾ ਹੈ, ਉਥੇ ਜਾ ਕੇ ਖਾ ਲੈਣਾ। ਭਾਈ ਮਰਦਾਨਾ ਜੀ ਨੇ ਕਿਹਾ ਕਿ ਖਾਣਾ ਕਿਵੇਂ ਖਾਵਾਂਗੇ ਕੋਲ ਤਾਂ ਰੁਪਏ, ਪੈਸੇ ਖਰਚਣ ਲਈ ਕੁਝ ਵੀ ਨਹੀਂ ਹੈ। ਤਦ ਗੁਰੂ ਜੀ ਮੁਸਕਰਾਏ ਤੇ ਆਪਣੇ ਕੋਲੋਂ ਇੱਕ ਲਾਲ (ਅਨਮੋਲ ਰਤਨ) ਕੱਢਿਆ ਅਤੇ ਭਾਈ ਮਰਦਾਨਾ ਜੀ ਨੂੰ ਦੇ ਦਿੱਤਾ। ਜਦ "ਵਿਸਭਰਪੁਰ" ਨਗਰ ਕੋਲ ਪੁਜੇ ਤਾਂ ਗੁਰੂ ਜੀ ਨੇ ਆਪਣਾ ਡੇਰਾ ਨਗਰ ਦੇ ਬਾਹਰ ਇੱਕ ਦਰੱਖਤ ਥੱਲੇ ਲਾ ਲਿਆ ਤੇ ਭਾਈ ਮਰਦਾਨਾ ਜੀ ਨੂੰ ਕਿਹਾ ਕਿ ਨਗਰ ਵਿੱਚ ਇਸ ਲਾਲ ਨੂੰ ਵੇਚ ਕੇ ਭੋਜਨ ਕਰ ਲਉ। ਭਾਈ ਮਰਦਾਨਾ ਜੀ ਨੇ ਨਗਰ ਵਿੱਚ ਜਾ ਕੇ ਲਾਲ ਇੱਕ ਜੌਹਰੀ ਨੂੰ ਵਿਆਖਿਆ। ਜੌਹਰੀ ਨੇ ਲਾਲ ਵੇਖ ਕੇ ਉਸਦਾ ਮੁੱਲ ਤਿੰਨ ਪੈਸੇ ਲਗਾਇਆ। ਤਦ ਭਾਈ ਮਰਦਾਨਾ ਜੀ ਨੇ ਵਾਪਸ ਆ ਕੇ ਗੁਰੂ ਸਾਹਿਬ ਜੀ ਨੂੰ ਪੂਰਾ ਹਾਲ ਦੱਸਿਆ। ਗੁਰੂ ਜੀ ਨੇ ਕਿਹਾ ਕਿ ਇਹ ਲਾਲ ਨਗਰ ਵਿੱਚ ਸਾਲਸ ਰਾਇ ਜੌਹਰੀ ਨੂੰ ਵੇਚੋ। ਭਾਈ ਮਰਦਾਨਾ ਜੀ ਨਗਰ ਵਿੱਚ ਸਾਲਸ ਰਾਇ ਜੌਹਰੀ ਦਾ ਪਤਾ ਪੁੱਛਕੇ ਉਸਨੂੰ ਲਾਲ ਵੇਚਣ ਗਏ। ਭਾਈ ਸਾਲਸ ਰਾਇ ਜੌਹਰੀ ਨੇ ਲਾਲ ਵੇਖ ਕੇ ਨਮਸਕਾਰ ਕੀਤਾ ਤੇ ਭਾਈ ਮਰਦਾਨਾ ਜੀ ਨੂੰ ਲਾਲ ਵਾਪਸ ਕਰਦੇ ਹੋਏ ਸੌ ਰੁਪਏ ਵੀ ਦਿੱਤੇ। ਭਾਈ ਮਰਦਾਨਾ ਜੀ ਨੇ ਜਦ ਇਹ ਸਾਰੀ ਘਟਨਾ ਗੁਰੂ ਸਾਹਿਬ ਜੀ ਨੂੰ ਦੱਸੀ ਤਾਂ ਗੁਰੂ ਜੀ ਨੇ ਭਾਈ ਜੀ ਨੂੰ ਆਖਿਆ ਕਿ ਭਾਈ ਸਾਲਸ ਰਾਇ ਜੌਹਰੀ ਨੂੰ ਕਹੋ ਕਿ ਤੁਸੀਂ ਲਾਲ (ਰਤਨ) ਤਾਂ ਲਿਆ ਨਹੀਂ, ਫਿਰ ਲਾਲ ਨਾਲ ਸੌ ਰੁਪਏ ਕਿਉਂ ਦਿੱਤੇ ਹਨ? ਗੁਰੂ ਸਾਹਿਬ ਜੀ ਦਾ ਹੁਕਮ ਮੰਨਦੇ ਹੋਏ ਭਾਈ ਮਰਦਾਨਾ ਜੀ ਭਾਈ ਸਾਲਸ ਰਾਏ ਜੌਹਰੀ ਕੋਲ ਵਾਪਸ ਗਏ ਅਤੇ ਗੁਰੂ ਜੀ ਦੇ ਕਹੇ ਅਨੁਸਾਰ ਉਨ੍ਹਾਂ ਕੋਲੋਂ ਸਾਰੀ ਗੱਲ ਪੁੱਛੀ। ਭਾਈ ਸਾਲਸ ਰਾਏ ਨੇ ਕਿਹਾ ਕਿ ਇਹ ਲਾਲ ਰਤਨ ਇਤਨਾਂ ਕੀਮਤੀ ਹੈ ਕਿ ਮੈਂ ਇਸ ਨੂੰ ਖ਼੍ਰੀਦਣ ਦੇ ਅਸਮਰੱਥ ਹਾਂ। ਇਸ ਲਈ ਮੈਂ ਇਸ ਲਾਲ ਦੀ ਸਿਰਫ਼ ਸੌ ਰੁਪਏ ਦਰਸ਼ਨ ਭੇਟਾ ਹੀ ਦਿੱਤੀ ਹੈ। ਇਹ ਮੈਂ ਵਾਪਸ ਨਹੀਂ ਲੈ ਸਕਦਾ। ਭਾਈ ਮਰਦਾਨਾ ਜੀ ਰਤਨ (ਲਾਲ) ਅਤੇ ਸੌ ਰੁਪਏ ਲੈ ਕੇ ਵਾਪਸ ਗੁਰੂ ਸਾਹਿਬ ਜੀ ਕੋਲ ਆਏ ਤੇ ਸਾਰੀ ਗੱਲ ਦੱਸੀ। ਗੁਰੂ ਜੀ ਨੇ ਫਿਰ ਭਾਈ ਮਰਦਾਨਾ ਜੀ ਨੂੰ ਭਾਈ ਸਾਲਸ ਰਾਏ ਨੂੰ ਸੌ ਰੁਪਏ ਵਾਪਸ ਕਰਨ ਲਈ ਭੇਜਿਆ। ਭਾਈ ਸਾਲਸ ਰਾਏ ਜੀ ਨੇ ਫਿਰ ਦਰਸ਼ਨ ਭੇਟਾ ਵਾਪਸ ਲੈਣ ਤੋਂ ਮਨਾ ਕਰ ਦਿੱਤਾ।

ਇਸ ਤਰ੍ਹਾਂ ਗੁਰੂ ਜੀ ਮੁਫ਼ਤ ਦੇ ਸੌ ਰੁਪਏ ਲੈਣ ਨਾ ਅਤੇ ਭਾਈ ਸਾਲਸ ਰਾਏ ਦਰਸ਼ਨ ਭੇਟ ਵਾਪਸ ਨਾ ਲਵੇ। ਭਾਈ ਸਾਲਸ ਰਾਇ ਨੇ ਸੋਚਿਆ ਕਿ ਜਿਨ੍ਹਾਂ ਕੋਲ ਇਤਨਾ ਅਨਮੋਲ ਰਤਨ (ਲਾਲ) ਹੈ, ਫਿਰ ਵੀ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਮਾਇਆ, ਮੋਹ ਨਹੀਂ ਹੈ, ਇਹ ਕੋਈ ਆਮ ਮਨੁੱਖ ਤਾਂ ਹੋ ਨਹੀਂ ਸਕਦੇ, ਜਰੂਰ ਕੋਈ ਬੜੀ ਉੱਚ ਹਸਤੀ ਜਾਂ ਮਹਾਪੁਰਸ਼ ਹਨ। ਇਨ੍ਹਾਂ ਦੇ ਦਰਸ਼ਨ ਕਰਨੇ ਚਾਹੀਦੇ ਹਨ। ਇਹ ਸੋਚ ਕੇ ਭਾਈ ਸਾਲਸ ਰਾਇ ਆਪਣੇ ਸੇਵਕ

ਅਦਰਕੇ ਜੀ ਨੂੰ ਨਾਲ ਲੈ ਕੇ ਭੋਜਨ, ਮਠਿਆਈਆਂ ਦਾ ਥਾਲ ਤਿਆਰ ਕਰਵਾਕੇ ਭਾਈ ਮਰਦਾਨਾ ਜੀ ਦੇ ਨਾਲ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਚੱਲ ਪਏ । ਗੁਰੂ ਸਾਹਿਬ ਜੀ ਦੇ ਦਰਸ਼ਨ ਕਰਕੇ ਤੇ ਬਚਨ ਸੁਣ ਕੇ ਭਾਈ ਸਾਲਸ ਰਾਏ ਨਿਹਾਲ ਹੋ ਗਏ। ਗੁਰੂ ਜੀ ਨੇ ਭਾਈ ਜੀ ਨੂੰ ਕਿਹਾ ਕਿ ਆਪ ਜੈਸੇ ਜੌਹਰੀਆਂ ਦੇ ਘਰ ਹੀ ਧੰਨ ਚੰਗਾ ਲੱਗਦਾ ਹੈ। ਇਹ ਸਾਡੇ ਕਿਸੇ ਕੰਮ ਦਾ ਨਹੀਂ। ਤਾਂ ਭਾਈ ਸਾਲਸ ਰਾਏ ਨੇ ਕਿਹਾ ਕਿ ਗੁਰੂ ਮਹਾਰਾਜ ਧੰਨ ਨਹੀਂ ਲੈਣਾ ਚਾਂਹਦੇ ਤਾਂ ਨਾ ਸਹੀ ਪਰ ਇਹ ਭੋਜਨ ਤਾਂ ਲੈ ਲੈਣ। ਗੁਰੂ ਜੀ ਦੇ ਹੁਕਮ ਨਾਲ ਭੋਜਨ ਭਾਈ ਮਰਦਾਨਾ ਜੀ ਨੂੰ ਦੇ ਦਿੱਤਾ ਗਿਆ।

ਗੁਰੂ ਸਾਹਿਬ ਜੀ ਨੇ ਭਾਈ ਸਾਲਸ ਰਾਇ ਨੂੰ ਮਨੁੱਖਾ ਜਨਮ ਹੀਰੇ ਦੀ ਤਰ੍ਹਾਂ ਅਨਮੋਲ ਦੱਸ ਕੇ ਇਸਨੂੰ ਵਿਅਰਥ ਨਾ ਗੰਵਾਣ ਦਾ ਉਪਦੇਸ਼ ਦਿੱਤਾ। ਭਾਈ ਜੀ ਨੂੰ ਧਰਮ ਦਾ ਪ੍ਰਚਾਰਕ ਥਾਪ ਕੇ ਮੰਜੀ (ਧਰਮ ਪ੍ਰਚਾਰ ਕਰਨ ਦਾ ਅਧਿਕਾਰ ਜਾਂ ਗੱਦੀ) ਬਖਸ਼ੀ ।

**ਹਿੰਦੀ ਤੋਂ ਤਰਜਮਾ: ਇੰਜ: ਮੰਗਤ ਸਿੰਘ ਰਾਹੀ**



**ਸਿਕਲੀਗਰਾਂ ਦੇ ਜੀਵਨ-ਜਾਚ ਤੇ ਭਾਰਤ ਵਿੱਚ ਪਹਿਲ਼ੀ ਡਾਕਟਰੇਟ ਕਰਨ ਦਾ ਮਾਣ ਡਾ. ਹਰਪ੍ਰੀਤ ਕੌਰ ਖੁਰਾਣਾ ਨੂੰ ਹੈ ਜਿਨ੍ਹਾਂ ਨੇ ਭਾਰਤੀ ਸੂਬੇ ਮੱਧ-ਪ੍ਰਦੇਸ਼ ਦੇ ਸਿਕਲੀਗਰਾਂ ਬਾਰੇ ਖੋਜ ਭਰਪੂਰ ਕੰਮ 'ਸਿੱਖ ਸਿਕਲੀਗਰ - ਅਤੀਤ ਕੇ ਝਰੋਖੇ ਸੇ ਵਰਤਮਾਨ ਤੱਕ ਪਰੰਪਰਾ ਏਂਵੇ ਪਰਿਵਰਤਨ ਕੇ ਮਾਇਨੇ ਮੇਂ ਸਿੱਖ ਸਿਕਲੀਗਰ।' ਵਿਸ਼ੇ 'ਤੇ ਪੀ ਐਚ ਡੀ ਕੀਤੀ ਹੈ। ਉਨ੍ਹਾਂ ਵੱਲੋਂ ਹਿੰਦੀ ਜ਼ੁਬਾਨ ਵਿੱਚ ਕੀਤਾ ਇਹ ਕੰਮ ਅਜਿਹੀ ਹੋਰ ਖੋਜ ਵੱਲ ਇਸ਼ਾਰਾ ਕਰਦਾ ਹੈ ਜਿਸਨੂੰ ਸੁਹਿਰਦ ਖੋਜਆਰਥੀਆਂ ਨੂੰ ਵੇਖਣਾ ਚਾਹੀਦਾ ਹੈ। ਉਨ੍ਹਾਂ ਨਾਲ ਈਮੇਲ** herpreetkhurana05@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਜਿੱਥੇ ਅੱਜ ਵੀ ਗੁਰੂ ਨਾਨਕ 'ਨਾਨਕ ਲਾਮਾ' ਹਨ

## ਹਰਵਿੰਦਰ ਸਿੰਘ ਖਾਲਸਾ

ਗੁਰੂ ਨਾਨਕ ਦੇਵ ਜੀ ਨੇ ਸੱਚ ਦਾ ਉਪਦੇਸ਼ ਦੇਣ ਲਈ ਦੇਸ਼ ਦੇਸ਼ਤਰਾਂ ਦਾ ਭਰਮਣ ਕੀਤਾ ਅਤੇ ਜਿੱਥੇ ਵੀ ਗਏ ਉਥੋਂ ਦੀ ਭੁੱਲੀ ਭਟਕੀ ਲੁਕਾਈ ਨੂੰ ਭਰਮਾ ਵਿੱਚੋਂ ਕੱਢ ਕੇ ਸਿੱਧੇ ਰਸਤੇ ਪਾਇਆ। ਗੁਰੂ ਨਾਨਕ ਦੇਵ ਜੀ ਦਾ ਪ੍ਰਭਾਵ ਵੱਖੋ ਵੱਖ ਖਿੱਤਿਆਂ ਵਿੱਚ ਵੱਖ-ਵੱਖ ਤਰ੍ਹਾਂ ਦਾ ਰਿਹਾ ਹੈ ਗੁਰੂ ਨਾਨਕ ਪਾਤਸ਼ਾਹ ਨੂੰ ਮੁਸਲਮਾਨਾਂ ਨੇ ਆਪਣੀ ਪੀਰ, ਹਿੰਦੂਆਂ ਨੇ ਦੇਵਤਾ ਅਤੇ ਪੂਰਬੀ ਭਾਰਤ ਦੇ ਹਿੱਸਿਆਂ ਤੇ ਤਿੱਬਤ ਵਿੱਚ ਨਾਨਕਨਾਮ ਲੇਵਾ ਲੋਕਾਂ ਨੇ ਉਨ੍ਹਾਂ ਨੂੰ ਬੋਧੀ ਲਾਮਾ ਦੇ ਰੂਪ ਵਿੱਚ ਪੂਜਿਆ ਅਤੇ ਅੱਜ ਵੀ ਪੂਜ ਰਹੇ ਹਨ।

ਗੁਰੂ ਨਾਨਕ ਦੇਵ ਜੀ ਦਾ ਸੁਮੇਰ ਪਰਬਤ ਦੀ ਚੋਟੀ ਉਪਰ ਪਹੁੰਚਣ ਦਾ ਮਨੋਰਥ ਕੁਝ ਹੋਰ ਸੀ ਤੇ ਸਿੱਕਮ, ਭੁਟਾਨ ਅਤੇ ਪੂਰਬੀ ਤਿੱਬਤ ਵੱਲ ਜਾਣ ਦਾ ਮਕਸਦ ਕੁਝ ਹੋਰ ਸੀ। ਸੁਮੇਰ ਪਰਬਤ ਵਿਖੇ ਉਚ ਦਰਜੇ ਦੇ ਮਹਾਨ ਤਪੱਸਵੀ ਜੋਗੀ ਰਹਿੰਦੇ ਸਨ। ਗੁਰੂ ਨਾਨਕ ਜੀ ਚਾਹੁੰਦੇ ਸਨ ਕਿ ਇਨ੍ਹਾਂ ਜੋਗੀਆਂ ਨੂੰ ਮਿਲ ਕੇ ਆਪਣੇ ਸ਼ਬਦ ਸਿਧਾਂਤ ਦਾ ਪ੍ਰਭਾਵ ਇਨ੍ਹਾਂ 'ਤੇ ਇਸ ਤਰ੍ਹਾਂ ਪਾ ਕੇ ਪ੍ਰੇਰਿਆ ਜਾਵੇ ਕਿ ਉਹ ਆਪਣੇ ਤੱਪ ਤੇਜ ਤੇ ਉਚ ਆਚਰਣ ਨੂੰ ਸਮਾਜ ਵਿੱਚ ਤਬਦੀਲੀ ਲਿਆਉਣ ਲਈ ਵਰਤਣ।

ਗੁਰੂ ਨਾਨਕ ਦੇਵ ਜੀ ਸੁਮੇਰ ਪਰਬਤ ਲਈ ਹਿਮਾਚਲ ਤੇ ਕਸ਼ਮੀਰ ਵਿੱਚੋਂ ਦੀ ਹੋ ਕੇ ਗਏ ਅਤੇ ਪੂਰਬੀ ਤਿੱਬਤ ਨੂੰ ਨਿਪਾਲ, ਸਿੱਕਮ, ਭੁਟਾਨ ਵਿੱਚੋਂ ਦੀ ਹੋ ਕੇ ਗਏ ਸਨ। ਗੁਰੂ ਨਾਨਕ ਸਾਹਿਬ ਜੀ ਨੂੰ 'ਨਾਨਕ ਲਾਮਾ' ਕਹਿ ਕੇ ਅੱਜ ਵੀ ਗੁਰੂ ਨਾਨਕ ਨਾਮ ਲੇਵਾ ਲੋਕ ਯਾਦ ਕਰਦੇ ਹਨ। ਇਹ ਗੱਲ ਪੰਜਾਬੀਆਂ ਅਤੇ ਵਿਸ਼ੇਸ਼ ਤੌਰ 'ਤੇ ਸਿੱਖਾਂ ਲਈ ਬੜੀ ਅਜੀਬ ਅਤੇ ਹੈਰਾਨੀਜਨਕ ਲਗਦੀ ਹੈ ਕਿ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦਾ ਵੱਡਾ ਹਿੱਸਾ ਗੁਰੂ ਨਾਨਕ ਦੇਵ ਜੀ ਨੂੰ 'ਨਾਨਕ ਲਾਮਾ' ਦੇ ਨਾਂ ਨਾਲ ਜਾਣਦਾ ਤੇ ਪੂਜਦਾ ਹੈ।

ਗੁਰੂ ਨਾਨਕ ਸਾਹਿਬ ਜੀ ਆਪਣੀਆਂ ਉਦਾਸੀਆਂ ਸਮੇਂ ਤਿੱਬਤ, ਸਿੱਕਮ, ਅਰੁਣਾਚਲ ਪ੍ਰਦੇਸ਼ ਅਤੇ ਭੁਟਾਨ ਦੇ ਜਿਨ੍ਹਾਂ ਸਥਾਨਾਂ ਤੇ ਗਏ ਉਨ੍ਹਾਂ ਇਲਾਕਿਆਂ ਦੇ ਲੋਕ ਗੁਰੂ ਨਾਨਕ ਸਾਹਿਬ ਨੂੰ ਗੁਰੂ ਨਾਨਕ ਲਾਮਾ ਦੇ ਰੂਪ ਵਿੱਚ ਜਾਣਦੇ ਹਨ, ਜਦ ਕਿ ਉਨ੍ਹਾਂ ਲੋਕਾਂ ਦਾ ਧਰਮ-ਬੋਧ ਧਰਮ ਹੈ। ਪੂਰਬੀ ਤਿੱਬਤ ਵਿੱਚ ਗੁਰੂ ਨਾਨਕ ਸਾਹਿਬ ਜੀ ਦੀ ਪੂਜਾ ਕਈ ਬੋਧੀ ਮੰਦਰਾਂ ਵਿੱਚ ਹੁੰਦੀ ਹੈ।

ਜਿਸ ਸਮੇਂ ਗੁਰੂ ਨਾਨਕ ਸਾਹਿਬ ਜੀ ਤਿੱਬਤ ਗਏ ਉਸ ਸਮੇਂ ਤਿੱਬਤ ਵਿੱਚ ਦੋ ਮੁੱਖ ਫਿਰਕੇ ਸਨ, ਕਰਮਾ-ਪਾ (ਲਾਲ ਟੋਪੀ ਵਾਲੇ) ਅਤੇ ਗੈਲੂ-ਪਾ(ਪੀਲੀ ਟੋਪੀ ਵਾਲੇ)। ਇਨ੍ਹਾਂ ਦੋਨਾਂ ਫਿਰਕਿਆਂ ਵਿੱਚ ਧਾਰਮਿਕ ਅਤੇ ਰਾਜਨੀਤਕ ਤੌਰ 'ਤੇ ਬੜੀ ਜੱਦੋ ਜਹਿਦ ਹੋ ਰਹੀ ਸੀ। ਗੁਰੂ ਨਾਨਕ ਸਾਹਿਬ ਜੀ ਦੇ ਮਤ ਨੂੰ ਕਰਮਾ-ਪਾ ਫਿਰਕੇ ਨੇ ਅਪਣਾਇਆ ਜੋ ਲਾਲ ਟੋਪੀ ਪਹਿਨਦੇ ਸਨ ਪਰ ਗੈਲੂ-ਪਾ (ਪੀਲੀ ਟੋਪੀ ਵਾਲੇ) ਫਿਰਕੇ ਨੇ ਗੁਰੂ ਨਾਨਕ ਸਾਹਿਬ ਜੀ ਦੇ ਮਤ ਦੀ ਵਿਰੋਧਤਾ ਕੀਤੀ।

ਤਿੱਬਤ ਵਿੱਚ ਤਕਰੀਬਨ ਇੱਕ ਹਜ਼ਾਰ ਦੇ ਕਰੀਬ ਅਜਿਹੇ ਮੱਠ ਹਨ ਜਿਨ੍ਹਾਂ ਵਿੱਚ ਗੁਰੂ ਨਾਨਕ ਦੇਵ ਜੀ ਦੀ ਪੂਜਾ ਕੀਤੀ ਜਾਂਦੀ ਹੈ। ਗੁਰੂ ਸਾਹਿਬ ਨੂੰ ਬੁੱਧ ਦਾ ਅਵਤਾਰ ਮੰਨਿਆ

ਜਾਂਦਾ ਹੈ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਉਪਦੇਸ਼ ਤੇ ਜੀਵਨ ਤਿੱਬਤ ਭਾਸ਼ਾ ਵਿੱਚ ਸੰਭਾਲ ਕੇ ਰੱਖੇ ਹੋਏ ਹਨ। ਸਿੱਕਮ ਵਿੱਚ ਗੁਰੂ ਨਾਨਕ ਸਾਹਿਬ ਜੀ ਦੀਆਂ ਅਨੇਕਾਂ ਯਾਦਗਾਰਾਂ ਹਨ, ਪਰ ਕੇਂਦਰੀ ਇਤਿਹਾਸਕ ਗੁਰਦੁਆਰਾ ਨਾਨਕ ਲਾਮਾ ਸਾਹਿਬ, ਸਿੱਖ ਧਰਮ ਵਿੱਚ ਬਹੁਤ ਮਹੱਤਵ ਰੱਖਦਾ ਹੈ। ਇਸ ਪਾਵਨ ਅਸਥਾਨ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਹੈ। ਸਿੱਕਮ ਦੀ ਰਾਜਧਾਨੀ ਗੰਗਟੋਕ ਤੋਂ ਸੌ ਮੀਲ ਉਤਰ ਵੱਲ ਇੱਕ ਮੱਠ ਹੈ ਜਿੱਥੇ ਤਿੱਬਤ ਨੂੰ ਜਾਂਦਿਆਂ ਗੁਰੂ ਨਾਨਕ ਸਾਹਿਬ ਜੀ ਠਹਿਰੇ ਸਨ, ਉਥੇ ਗੁਰੂ ਨਾਨਕ ਸਾਹਿਬ ਜੀ ਦੇ ਨਾਲ ਸਬੰਧਤ ਯਾਦਾਂ ਅਜੇ ਤੱਕ ਕਾਇਮ ਹਨ।

ਰਾਜਧਾਨੀ ਗੰਗਟੋਕ ਤੋਂ ਇਸ ਥਾਂ ਤੱਕ ਜਿਸ ਨੂੰ ਚੁੰਗਟਾਂਗ ਕਹਿੰਦੇ ਹਨ ਪੱਕੀ ਸੜਕ ਬਣੀ ਹੋਈ ਹੈ। ਇੱਥੋਂ ਦੇ ਲੋਕ ਇਸ ਅਸਥਾਨ ਨੂੰ ਨਾਨਕ-ਟਾਂਗ ਕਹਿੰਦੇ ਹਨ। ਇਸ ਨਗਰ ਵਿੱਚ ਮਹਾਰਾਜ ਨੇ ਦੋ ਰਾਤਾਂ ਬਿਸ਼ਰਾਮ ਕੀਤਾ। ਇਸ ਵਾਦੀ ਦੇ ਮਧ ਵਿੱਚ ਇੱਕ 30 ਫੁੱਟ ਉਚਾ ਤੇ 200 ਫੁੱਟ ਘੇਰੇ ਦਾ ਪੱਥਰ ਹੈ ਜਿਸ ਉਤੇ ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ ਦੇ ਨਿਸ਼ਾਨ ਹਨ। ਇਸ ਪੱਥਰ ਨੂੰ ਪੂਜਣਯੋਗ ਸਮਝਕੇ ਇਸ ਦੇ ਆਲੇ ਦੁਆਲੇ ਚਾਰ ਫੁੱਟ ਉਚੀ ਦੀਵਾਰ ਬਣਾਈ ਗਈ ਹੈ।

ਦੱਸਿਆ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਜਦ ਚੁੰਗਟਾਂਗ (ਕਈ ਲੋਕ ਇਸ ਨੂੰ ਚੁੰਗਥਾਂਗ ਵੀ ਕਹਿੰਦੇ ਹਨ) ਆ ਰਹੇ ਸਨ ਤਾਂ ਰਸਤੇ ਵਿੱਚ ਇੱਕ ਰਾਕਸ਼ਸ ਨੇ ਗੁਰੂ ਮਹਾਰਾਜ ਅਤੇ ਭਾਈ ਮਰਦਾਨੇ ਨੂੰ ਰੋਕਣਾ ਚਾਹਿਆ ਤਾਂ ਗੁਰੂ ਪਾਤਸ਼ਾਹ ਨੇ ਆਪਣੇ ਹੱਥ ਵਿੱਚ ਜੋ ਖੂੰਡੀ ਫੜੀ ਹੋਈ ਸੀ ਉਸ ਖੂੰਡੀ ਦੇ ਇਸ਼ਾਰੇ ਨਾਲ ਰਾਕਸ਼ਸ ਨੂੰ ਪਾਸੇ ਹਟ ਜਾਣ ਦਾ ਇਸ਼ਾਰਾ ਕੀਤਾ। ਉਸ ਖੂੰਡੀ ਵਿੱਚ ਇੰਨੀ ਜਿਆਦਾ ਤਾਕਤ ਤੇ ਤੁਫਾਨ ਸੀ ਕਿ ਰਾਕਸ਼ਸ ਇੱਕ ਪਾਸੇ ਪੱਥਰ ਵਿੱਚ ਧਸ ਗਿਆ। ਕਿਹਾ ਜਾਂਦਾ ਹੈ ਕਿ ਉਹ ਰਾਕਸ਼ਸ ਗੁੱਸੇ ਵਿੱਚ ਆ ਕੇ ਪਹਾੜੀ ਤੇ ਚੜ੍ਹ ਗਿਆ। ਗੁਰੂ ਨਾਨਕ ਦੇਵ ਜੀ ਚੁੰਗਟਾਂਗ ਦੀ ਖੁੱਲ੍ਹੀ ਜਗ੍ਹਾ ਜਿੱਥੇ ਹੁਣ ਗੁਰੂ ਪੰਥ ਦਾ ਨਿਸ਼ਾਨ ਝੂਲਦਾ ਹੈ, ਜ਼ਮੀਨ ਤੇ ਆ ਬੈਠੇ ਅਤੇ ਅਲਾਹੀ ਕੀਰਤਨ ਗਾਇਨ ਕਰਨ ਲੱਗੇ। ਉਹ ਰਾਕਸ਼ਸ ਤਾਂ ਗੁੱਸੇ ਵਿੱਚ ਸੀ ਤਾਂ ਉਸ ਨੇ ਇਸ ਤਰ੍ਹਾਂ ਬੈਠਿਆਂ ਦੇਖ ਕੇ ਇੱਕ ਬਹੁਤ ਵੱਡਾ ਪੱਥਰ ਗੁਰੂ ਨਾਨਕ ਜੀ ਵੱਲ ਸੁੱਟਿਆ।

ਇਸ ਤਰ੍ਹਾਂ ਪੱਥਰ ਨੂੰ ਰਿੜਦੇ ਆਉਂਦਿਆਂ ਦੇਖ ਕੇ ਭਾਈ ਮਰਦਾਨਾ ਕੁਝ ਘਬਰਾਇਆ ਤਾਂ ਗੁਰੂ ਪਾਤਸ਼ਾਹ ਨੇ ਕਿਹਾ ਕਿ ਮਰਦਾਨਿਆ ਘਬਰਾ ਨਾ ਇਹ ਤਾਂ ਗਿੱਲੀ ਜਗ੍ਹਾ ਵਿੱਚ ਬੈਠਣ ਲਈ ਆਸਨ ਆ ਰਿਹਾ ਹੈ। ਇਹ ਪੱਥਰ ਗੁਰੂ ਸਾਹਿਬ ਦੇ ਚਰਨਾਂ ਵਿੱਚ ਆ ਡਿੱਗਿਆ। ਗੁਰੂ ਸਾਹਿਬ ਨੇ ਆਖਿਆ ਆਵੋ ਭਾਈ ਸੁੱਕੇ ਤੇ ਨਰਮ ਆਸਨ ‘ਤੇ ਬੈਠਾਂਗੇ। ਜਦ ਗੁਰੂ ਪਾਤਸ਼ਾਹ ਉਸ ਪੱਥਰ ‘ਤੇ ਬੈਠਣ ਲਈ ਚੜ੍ਹਨ ਲੱਗੇ ਤਾਂ ਉਹ ਪੱਥਰ ਇੰਨਾ ਨਰਮ ਹੋ ਗਿਆ ਕਿ ਗੁਰੂ ਸਾਹਿਬ ਦੇ ਚਰਨਾਂ ਦੇ ਨਿਸ਼ਾਨ ਉਸ ਉਪਰ ਪੈ ਗਏ ਜੋ ਅੱਜ ਵੀ ਨਜ਼ਰ ਆਉਂਦੇ ਹਨ।

ਗੁਰੂ ਪਾਤਸ਼ਾਹ ਨੂੰ ਕੀਰਤਨ ਕਰਦਾ ਸੁਣ ਕੇ ਉਸ ਇਲਾਕੇ ਦੇ ਕੁਝ ਲੋਕ ਆ ਇਕੱਠੇ ਹੋਏ ਅਤੇ ਉਨ੍ਹਾਂ ਨੇ ਗੁਰੂ ਸਾਹਿਬ ਦਾ ਸਤਿਕਾਰ ਕਰਦੇ ਹੋਏ ਗੁਰੂ ਸਾਹਿਬ ਦੇ ਛਕਣ ਲਈ ਕਈ ਤਰ੍ਹਾਂ ਦੇ ਪਦਾਰਥ ਭੇਂਟ ਕੀਤੇ। ਭਾਈ ਮਰਦਾਨਾ ਜੀ ਨੇ ਪੀਣ ਵਾਲੇ ਪਾਣੀ ਦੀ ਇੱਛਾ ਪ੍ਰਗਟ ਕੀਤੀ। ਉਸ ਸਮੇਂ ਉਸ ਵਾਦੀ ਵਿੱਚ ਵਗਦੀ ਨਦੀ ਦਾ ਪਾਣੀ ਬੜਾ ਗੰਧਲਾ ਸੀ।

ਗੁਰੂ ਪਾਤਸ਼ਾਹ ਨੇ ਇਸ ਪੱਥਰ ਵਿੱਚੋਂ ਚਸ਼ਮੇ ਦੇ ਰੂਪ ਵਿੱਚ ਜੋ ਪਾਣੀ ਨਿਕਾਲਿਆ ਇਹ ਗੁਰੂ ਨਾਨਕ ਜੀ ਦੀ ਹੀ ਕਰਨੀ ਸੀ। ਜਦ ਗੁਰੂ ਨਾਨਕ ਦੇਵ ਜੀ ਇੱਥੇ ਆਏ ਤਾਂ ਉਹ ਆਪਣੇ ਖਾਣ ਲਈ ਚੌਲ ਤੇ ਕੇਲੇ ਨਾਲ ਲਿਆਏ ਸਨ। ਇਸ ਇਲਾਕੇ ਵਿੱਚ ਪਹਿਲਾਂ ਨਾ ਕਦੇ ਚੌਲ ਹੁੰਦੇ ਸਨ ਨਾ ਕੇਲੇ। ਗੁਰੂ ਸਾਹਿਬ ਨੇ ਉਥੋਂ ਦੇ ਲੋਕਾਂ ਨੂੰ ਚੌਲ ਤੇ ਕੇਲਾ ਬੀਜਣ ਲਈ ਦਿੱਤਾ।

ਉਸ ਸਮੇਂ ਤੋਂ ਬਾਅਦ ਚੁੰਗਟਾਂਗ ਇੱਕ ਅਜਿਹੀ ਜਗ੍ਹਾ ਹੈ ਜਿਸ ਦੇ ਸੌ ਕਿਲੋਮੀਟਰ ਦੇ ਦਾਇਰੇ ਵਿੱਚ ਚੌਲਾਂ ਦੀ ਫਸਲ ਅਤੇ ਕੇਲੇ ਦੀ ਫਸਲ ਖ਼ੂਬ ਹੁੰਦੀ ਹੈ। ਪਹਿਲਾ ਬੀਜ ਗੁਰੂ ਸਾਹਿਬ ਨੇ ਉਸ ਅਸਥਾਨ ਦੇ ਅਹਾਤੇ ਵਿੱਚ ਆਪ ਬੀਜਿਆ। ਹੁਣ ਤੱਕ ਹਰ ਇੱਕ ਦੇ ਹਿਰਦੇ ਵਿੱਚ ਸ਼ੁਕਰਾਨਾ ਭਰੀ ਰਵਾਇਤ ਕਾਇਮ ਹੈ ਕਿ ਚੌਲ ਤੇ ਕੇਲਾ ਇਸ ਇਲਾਕੇ ਵਿੱਚ ਗੁਰੂ ਨਾਨਕ ਦੇਵ ਜੀ ਲੈ ਕੇ ਆਏ ਸਨ। ਇੱਥੋਂ ਦੇ ਲਾਮੇ ਗੁਰੂ ਸਾਹਿਬ ਦੇ ਸ਼ਰਧਾਲੂ ਤੇ ਪੂਜਾਰੀ ਹਨ। ਇਹ ਸਿੱਖ ਲਾਮੇ ਖੁੱਲ੍ਹਾ ਦਾੜਾ ਰੱਖਦੇ ਸਨ।

ਸਿਰ ਤੇ ਕੇਸ ਹਨ ਤੇ ਪਿੱਛੇ ਕੇਸਾਂ ਦੀ ਇੱਕ ਗੁੱਤ ਹੁੰਦੀ ਹੈ। ਹਿਮਾਲਿਆ ਦੀ ਐਵਰੇਸਟ ਚੋਟੀ ਦਾ ਜਿੱਥੇ ਆਖਰੀ ਪੜਾਅ ਹੈ, ਉਥੇ ਇੱਕ ਥਿਆਂਗ ਬੋਚੇ ਨਾਮ ਦਾ ਮੱਠ ਹੈ। ਇਸ ਤਿੱਬਤੀ ਲਾਮਿਆਂ ਦੇ ਮੱਠ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਸਬੰਧੀ ਲਿਖਤਾਂ ਤੇ ਪ੍ਰਾਚੀਨ ਤਸਵੀਰਾਂ ਸਾਂਭ ਕੇ ਰੱਖੀਆਂ ਹੋਈਆਂ ਹਨ। ਇਸ ਮੱਠ ਦੇ ਲਾਮਾ ਦਾ ਵਿਸ਼ਵਾਸ ਹੈ ਕਿ ਇਹ ਲਿਖਤਾਂ ਗੁਰੂ ਨਾਨਕ ਸਾਹਿਬ ਜੀ ਦੀਆਂ ਆਪਣੀਆਂ ਹਸਤ ਲਿਖਤਾਂ ਹਨ।

ਐਵਰੇਸਟ ਤੇ ਜਾਣ ਵਾਲੀ ਟੀਮ ਦੇ ਮੈਂਬਰਾਂ ਨੂੰ ਉਸ ਲਾਮਾ ਨੇ ਇਨ੍ਹਾਂ ਹਸਤ ਲਿਖਤਾਂ ਦੇ ਦਰਸ਼ਨ ਕਰਵਾਏ। ਐਵਰੇਸਟ ਤੇ ਜਾਣ ਵਾਲੀ ਟੀਮ ਦਾ ਆਗੂ ਲਿਖਦਾ ਹੈ ਕਿ ਇਹ ਲਿਖਤਾਂ ਕੀਮਤੀ ਕੱਪੜਿਆਂ ਵਿੱਚ ਲਪੇਟ ਕੇ ਉਸ ਨੇ ਅਲਮਾਰੀ ਦੇ ਖਾਨਿਆਂ ਵਿੱਚ ਸੰਭਾਲ ਕੇ ਰੱਖੀਆਂ ਹੋਈਆਂ ਸਨ। ਉਹ ਲਿਖਦੇ ਹਨ ਕਿ ਇਸ ਲਾਮਾ ਦੇ ਮੰਦਰ ਵਿੱਚ ਵਾਯੂ ਮੰਡਲ ਬੜਾ ਸ਼ਾਂਤੀ, ਗੰਭੀਰਤਾ ਭਰਿਆ ਤੇ ਰਹੱਸਮਈ ਸੀ।

ਕੰਧਾਂ ਉਤੇ ਰੰਗਦਾਰ ਤਸਵੀਰਾਂ ਲਟਕਦੀਆਂ ਸਨ। ਛੱਤ ਉਤੇ ਮਿਥਿਹਾਸਕ ਚਿੱਤਰ ਸਨ। ਅਨੇਕਾਂ ਬੁੱਤ ਕਈ ਧਾਤਾਂ ਵਿੱਚ ਚਿੱਤਰੇ ਹੋਏ ਪਏ ਸਨ। ਅਲਮਾਰੀ ਦੇ ਖਾਨਿਆਂ ਵਿੱਚ ਅਨੇਕਾਂ ਹੱਥ ਲਿਖਤਾਂ ਮੌਜੂਦ ਸਨ। ਬੁੱਤ ਉਸ ਮੱਠ ਦੇ ਗੁਜਰ ਚੁੱਕੇ ਲਾਮਿਆਂ ਦੇ ਸਨ। ਉਨ੍ਹਾਂ ਵਿੱਚੋਂ ਇੱਕ ਬੁੱਤ ਰਿਪੰਚੋ ਗੁਰੂ ਨਾਨਕ ਦਾ ਸੀ। ਤਿੱਬਤੀ ਗੁਰੂ ਨਾਨਕ ਨੂੰ ਰਿੰਪੋਚੇ ਗੁਰੂ ਕਹਿੰਦੇ ਹਨ। ਤਿੱਬਤ ਵਿੱਚ ਗੁਰੂ ਨਾਨਕ ਸਾਹਿਬ ਜੀ ਨੂੰ ਗੁਰੂ ਰਿਪੰਚੋ ਦੇ ਰੂਪ ਵਿੱਚ ਪੂਜਿਆ ਜਾਂਦਾ ਹੈ।

ਇਨ੍ਹਾਂ ਤਿੱਬਤੀ ਗ੍ਰੰਥਾਂ ਵਿੱਚ ਗੁਰੂ ਨਾਨਕ ਜੀ ਬਾਰੇ ਵੇਰਵਾ ਦਿੱਤਾ ਮਿਲਦਾ ਹੈ, "ਮਹਾਨ ਸਿੰਧਾਚਾਰੀਆਂ, ਜਿਸ ਨੇ ਬੁੱਧ ਧਰਮ ਤਿੱਬਤ ਤੇ ਚੀਨ ਵਿੱਚ ਫੈਲਾਇਆ, ਗੁਰੂ ਰਿਪੰਚੋ ਭਾਵ ਅਨਮੋਲ ਅਧਿਆਪਕ ਹੈ, ਉਹ ਕੇਵਲ ਉਪਜ ਹੈ ਅਤੇ ਉਸਦਾ ਆਤਮਕ ਜਨਮ ਸੋਨ ਮੰਦਰ ਅੰਮ੍ਰਿਤਸਰ ਦੇ ਮਹਾਨ ਸਰੋਵਰ ਨਾਲ ਸਬੰਧਤ ਹੈ, ਇਸ ਕਰਕੇ ਤਿੱਬਤੀਆਂ ਦਾ ਇਹ ਫਿਰਕਾ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਦੇ ਇਸ਼ਨਾਨ ਲਈ ਔਖੇ ਪੈਂਡੇ ਤਹਿ ਕਰਕੇ ਪਹੁੰਚਦਾ ਰਿਹਾ ਹੈ। ਤਿੱਬਤੀ ਗੁਰੂ ਨਾਨਕ ਜੀ ਨੂੰ ਮਹਾਤਮਾ ਬੁੱਧ ਦਾ ਅੱਠਵਾਂ ਅਵਤਾਰ ਸਮਝਦੇ ਰਹੇ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਨੂੰ ਆਪਣੇ ਇਸ਼ਟ ਦਾ

ਆਤਮਕ ਜਨਮ ਦਾਤਾ ਮੰਨਦੇ ਹਨ।

ਡਾ. ਤਰਲੋਕ ਸਿੰਘ ਜੀ ਆਪਣੀ ਲਿਖਤ ਜੀਵਨ ਚਰਿੱਤਰ ਗੁਰੂ ਨਾਨਕ ਦੇਵ ਵਿੱਚ ਲਿਖਦੇ ਹਨ ਕਿ "ਉਸ ਨੇ 1960 ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿੱਚ ਕੁਝ ਤਿੱਬਤੀ ਬੈਠੇ ਦੇਖੇ। ਉਨ੍ਹਾਂ ਵਿੱਚੋਂ ਇੱਕ ਕਿਸੇ ਹੱਥ ਲਿਖਤ ਗ੍ਰੰਥ ਦਾ ਪਾਠ ਕਰ ਰਿਹਾ ਸੀ। ਮੈਂ ਉਸ ਨੂੰ ਪੁੱਛਿਆ ਕਿ ਉਸ ਕਿਸ ਚੀਜ਼ ਦਾ ਪਾਠ ਕਰ ਰਿਹਾ ਹੈ? ਪਰ ਉਸ ਨੂੰ ਹਿੰਦੁਸਤਾਨੀ ਨਹੀਂ ਸੀ ਆਉਂਦੀ, ਉਸ ਨੇ ਹੱਥ ਨਾਲ ਇਸ ਗੱਲ ਦਾ ਇਸ਼ਾਰਾ ਕੀਤਾ। ਨੇੜੇ ਬੈਠਾ ਇੱਕ ਤਿੱਬਤੀ ਚੰਗੀ ਅੰਗਰੇਜ਼ੀ ਜਾਣਦਾ ਸੀ। ਜਦ ਉਸ ਰਾਹੀਂ ਮੈਂ ਪੁੱਛਿਆ ਕਿ ਉਸ ਪੁਸਤਕ ਵਿੱਚ ਕੀ ਲਿਖਿਆ ਹੈ ਤਾਂ ਉਸ ਨੇ ਉਤਰ ਦਿੱਤਾ ਕਿ ਇਸ ਵਿੱਚ ਦਸਾਂ ਹੀ ਗੁਰੂ ਸਾਹਿਬਾਨ ਦੀ ਮਹਿਮਾ ਤੇ ਇਤਿਹਾਸ ਲਿਖੇ ਹੋਏ ਹਨ। ਉਸ ਨੇ ਸਮਝਾਇਆ ਕਿ ਤਿੱਬਤੀ ਭਾਸ਼ਾ ਵਿੱਚ ਹਰ ਗੁਰੂ ਸਾਹਿਬ ਦਾ ਅਸਲੀ ਨਾਮ ਵੀ ਹੈ ਤੇ ਨਾਲ ਹੀ ਉਨ੍ਹਾਂ ਦਾ ਗੁਣ-ਪ੍ਰਗਟਾਵਣ ਨਾਮ ਵੀ ਹੈ।"

ਮੈਂ ਉਸ ਤਿੱਬਤੀ ਤੋਂ ਉਹ ਗ੍ਰੰਥ ਖਰੀਦਣਾ ਚਾਹਿਆ ਪਰ ਉਹ ਪੰਜ ਗ੍ਰੰਥੀ ਜਿੰਨੀ ਹੱਥ ਲਿਖਤ ਪੋਥੀ ਪੰਜ ਸੌ ਰੁਪਏ ਨੂੰ ਵੀ ਦੇਣ ਨੂੰ ਤਿਆਰ ਨਹੀਂ ਸੀ। ਉਸ ਫਟੇ ਚੀਥੜੇ ਕੱਪੜੇ ਪਹਿਰਾਵੇ ਵਾਲੇ ਪੋਥੀ ਦੇ ਮਾਲਕ ਤਿੱਬਤੀ ਨੇ ਉਤਰ ਦਿੱਤਾ, "ਇਹ ਪੋਥੀ ਮੇਰੇ ਲਈ ਮੇਰੀ ਜ਼ਿੰਦਗੀ ਜਿੰਨੀ ਹੀ ਕੀਮਤੀ ਹੈ।" ਉਸ ਸਮੇਂ ਮੈਨੂੰ ਇੰਝ ਮਹਿਸੂਸ ਹੋਇਆ ਕਿ ਉਸ ਸ਼ਾਮ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਚੱਕਰ ਲਾ ਰਹੇ ਰੰਗੀਲੇ, ਭੜਕੀਲੇ ਸ਼ਾਹੀ ਠਾਠ ਨਾਲ ਫਿਰ ਰਹੇ ਪੰਜਾਬੀਆਂ ਨਾਲੋਂ ਇਹ ਫਟੇ ਚੀਥੜੇ ਕੱਪੜਿਆਂ ਵਾਲਾ ਤਿੱਬਤੀ ਸਭ ਤੋਂ ਦੌਲਤਮੰਦ ਤੇ ਸਵੈ-ਮਾਨ ਨਾਲ ਅਮੀਰ ਪੁਰਸ਼ ਸੀ।


ਮੈਂ ਮਹਿਸੂਸ ਕੀਤਾ ਕਿ ਮੈਂ ਉਸ ਨੂੰ ਉਸ ਪੋਥੀ ਦਾ ਪੰਜ ਸੋ ਰੁਪਿਆ ਪੇਸ਼ ਕਰਕੇ ਨਾ ਸਿਰਫ ਉਸ ਦੇਵਤਾ ਸਰੂਪ ਤਿੱਬਤੀ ਦਾ ਬਲਕਿ ਉਸ ਦੇ ਪਿਆਰੇ ਇਸ਼ਟ ਦਾ ਵੀ ਨਿਰਾਦਰ ਕੀਤਾ ਹੈ।

ਕਿੰਨੀ ਦੁੱਖ ਦੀ ਗੱਲ ਹੈ ਕਿ ਸਿੱਖ ਇਤਿਹਾਸ ਲਿਖਣ ਵਾਲਿਆਂ ਵਿੱਚ ਇਹ ਗਲਤਫਹਿਮੀ ਪੈਦਾ ਹੋ ਗਈ ਹੈ ਕਿ ਜਿਹੜੀ ਚੀਜ਼ ਸਮਝ ਨਹੀਂ ਆਉਂਦੀ ਅਤੇ ਨਾ ਹੀ ਉਸ ਬਾਰੇ ਉਨ੍ਹਾਂ ਨੂੰ ਆਪ ਗਿਆਨ ਨਹੀਂ ਹੁੰਦਾ ਉਹ ਉਸ ਇਤਿਹਾਸ ਦੀ ਹੋਂਦ ਤੋਂ ਹੀ ਇਨਕਾਰੀ ਕਰ ਦਿੰਦੇ ਹਨ ਤੇ ਫਿਰ ਵਿਗਿਆਨਕ ਖੋਜ ਦਾ ਬਹਾਨਾ ਵਿੱਚ ਵਾੜ ਲੈਂਦੇ ਸਨ। ਪੱਛਮੀ ਵਿਦਵਾਨਾਂ ਨੇ ਸਿੱਖ ਇਤਿਹਾਸ ਅਤੇ ਗੁਰਬਾਣੀ ਬਾਰੇ ਕਈ ਭੁਲੇਖੇ ਪੈਦਾ ਕਰ ਦਿੱਤੇ ਹਨ। ਪੱਛਮੀ ਵਿਦਵਾਨਾਂ ਦੀ ਛੱਡੋ ਸਾਡੇ ਆਪਣੇ ਸਿੱਖ ਵਿਦਵਾਨ ਜੋ ਆਪਣੇ ਆਪ ਨੂੰ ਅਗਾਂਹਵਧੂ ਆਖਦੇ ਹਨ ਉਨ੍ਹਾਂ ਨੇ ਵੀ ਸਿੱਖ ਇਤਿਹਾਸ ਨੂੰ ਵਿਗਾੜਨ ਅਤੇ ਭੁਲੇਖੇ ਪਾਉਣ ਦੀ ਕੋਈ ਕਸਰ ਨਹੀਂ ਛੱਡੀ।

ਭੁਟਾਨ ਦੀ ਪਾਰੋ ਵਾਦੀ ਵਿੱਚ ਉਚੀ ਪਹਾੜੀ ਦੀ ਵੱਖੀ ਉਤੇ ਇੱਕ ਐਸਾ ਮੱਠ ਹੈ ਜਿਸ ਨੂੰ ਸ਼ੇਰ ਦਾ ਆਲ੍ਹਣਾ ਕਿਹਾ ਜਾਂਦਾ ਹੈ। ਇਹ ਗੁਰੂ ਰਿਪੰਚੋ ਨਾਨਕ ਦਾ ਬੈਕੁੰਠ ਭਵਨ ਮੰਨਿਆ ਜਾਂਦਾ ਹੈ। ਹੋ ਸਕਦਾ ਹੈ ਕਿ ਇੱਥੇ ਪਹਿਲਾਂ ਹੀ ਕੋਈ ਮੱਠ ਸੀ। ਗੁਰੂ ਨਾਨਕ ਦੇਵ ਜੀ ਇੱਥੇ ਠਹਿਰੇ ਤੇ ਇੱਥੋਂ ਦੇ ਲਾਮਿਆਂ ਨਾਲ ਗਿਆਨ ਚਰਚਾ ਕੀਤੀ।

ਗੁਰੂ ਨਾਨਕ ਦੇਵ ਜੀ ਤਿੱਬਤ ਦੇ ਅਨੇਕਾਂ ਥਾਵਾਂ ਤੇ ਗਏ। ਗੁਰੂ ਪਾਤਸ਼ਾਹ ਦਾ

ਇਤਿਹਾਸ ਤੇ ਉਨ੍ਹਾਂ ਦੇ ਬਚਨ ਕਿਸੇ ਨਾ ਕਿਸੇ ਰੂਪ ਵਿੱਚ ਅਜੇ ਵੀ ਕਈ ਮਨਾਂ ਵਿੱਚ ਉਨ੍ਹਾਂ ਨੇ ਸੰਭਾਲੇ ਹੋਏ ਹਨ। ਉਤਰ ਪੂਰਬੀ ਖਿੱਤੇ ਵਿੱਚ ਗੁਰੂ ਨਾਨਕ ਦੇਵ ਜੀ ਦੀ ਯਾਦ ਉਨ੍ਹਾਂ ਲੋਕਾਂ ਨੇ ਵਧੀਆ ਢੰਗ ਨਾਲ ਸਾਂਭੀ ਹੋਈ ਹੈ। ਉਨ੍ਹਾਂ ਦੇ ਇਤਿਹਾਸ ਅਤੇ ਸੱਭਿਆਚਾਰ ਉਪਰ ਗੁਰੂ ਨਾਨਕ ਦੇਵ ਜੀ ਦਾ ਪ੍ਰਭਾਵ ਕਿਸੇ ਨਾ ਕਿਸੇ ਰੂਪ ਵਿੱਚ ਦਿਖਾਈ ਦਿੰਦਾ ਹੈ।



**ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਾਰਜਸ਼ੀਲ ਆਗੂਆਂ ਵਿੱਚੋਂ ਇਹ ਪੰਥਪ੍ਰਸਤ ਬੁਲਾਰਾ, ਵਿਰਸੇ ਦਾ ਸੰਭਾਲ ਕਰਨ ਵਾਲਾ ਇੱਕ ਗੰਭੀਰ ਸਿੱਖ ਜੋ ਪੰਥ ਦੀ ਚੜ੍ਹਦੀ ਕਲਾ ਲਈ ਸਮਰਪਤ ਹੁੰਦਿਆਂ ਆਪਣੀ ਕਲਮ ਅਤੇ ਤਕਰੀਰਾਂ ਰਾਹੀਂ ਕੌਮੀ ਸਫਾਂਵਾਂ ਵਿੱਚ ਜਾਣੇ ਜਾਂਦੇ ਹਨ। ਜੁਝਾਰੂ ਬਿਰਤੀ ਦੇ ਇਸ ਕੌਮੀ ਕਦਰਦਾਨ ਨੇ ਆਪਣੇ ਗ੍ਰਹਿ ਵਿਖੇ ਅਜੋਕੇ ਇਤਿਹਾਸ ਦਾ ਇੱਕ ਵਡਮੁੱਲਾ ਖਜਾਨਾ ਸਾਂਭਿਆ ਹੋਇਆ ਹੈ। ਉਨ੍ਹਾਂ ਵੱਖ-ਵੱਖ ਵਿਧਾਵਾਂ ਤੇ ਵਿਸ਼ਿਆਂ ਤੇ ਲਿਖਿਆ ਹੈ। ਉਹ ਕਲਮ, ਜੁਰਅਤ ਤੇ ਸਿਰੜ ਦੇ ਧਾਰਨੀ ਹਨ। ਉਨ੍ਹਾਂ ਨਾਲ ਈਮੇਲ** hskhalsabti@yahoo.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਉੜੀਸਾ 'ਚ ਪਿੰਡ ਬੀਰੰਚੀਪੁਰ ਦੇ ਵਾਸੀ ਅੱਜ ਵੀ ਗੁਰੂ ਨਾਨਕ ਸਾਹਿਬ ਦੇ ਮੂਲ ਮੰਤਰ ਦਾ ਪਾਠ ਕਰਦੇ ਹਨ

## ਪ੍ਰੋ. ਜਗਮੋਹਨ ਸਿੰਘ

ਕੁਝ ਸਮਾਂ ਪਹਿਲਾਂ ਉੜੀਸਾ ਤੋਂ ਸਿੱਖ ਜਗਤ ਲਈ ਇੱਕ ਦੁੱਖ ਭਰੀ ਖਬਰ ਆਈ ਕਿ ਉੜੀਸਾ ਸਰਕਾਰ ਨੇ ਇਤਿਹਾਸਕ ਜਗਨਨਾਥਪੁਰੀ ਮੰਦਰ ਦੇ ਸਾਹਮਣੇ ਸੁਸ਼ੋਬਿਤ ਮੰਗੂ ਮੱਟ ਜੋ ਕਿ ਗੁਰੂ ਨਾਨਕ ਸਾਹਿਬ ਦੀ ਉਥੇ ਕੀਤੀ ਉਦਾਸੀ ਨਾਲ ਸਬੰਧਤ ਹੈ, ਉਸ ਨੂੰ ਮਲੀਆ ਮੇਟ ਕਰ ਦਿੱਤਾ ਗਿਆ ਹੈ। ਜੋ ਗਿਣਤੀ ਦੇ ਪੀੜਤ ਸਿੱਖ ਉਥੇ ਪਹੁੰਚੇ ਉਨ੍ਹਾਂ ਵਿੱਚ ਇਸ ਲੇਖ ਦਾ ਲਿਖਾਰੀ ਵੀ ਸ਼ਾਮਿਲ ਸੀ।

ਜਗਨਨਾਥਪੁਰੀ ਦੇ ਆਲੇ ਦੁਆਲੇ ਗੁਰਦੁਆਰਾ ਆਰਤੀ ਸਾਹਿਬ ਅਤੇ ਹੋਰ ਸਥਾਨਾ ਦੇ ਇਤਿਹਾਸਕ, ਸੱਭਿਆਚਾਰਕ ਅਤੇ ਭੂਗੋਲਿਕ ਖੋਜ ਕਰਦੇ ਇਸ ਗੱਲ ਦਾ ਅਫਸੋਸ ਹੋਇਆ ਕਿ ਸਿੱਖ ਕੌਮ ਨੇ ਨਾ ਕੇਵਲ ਗੁਰੂ ਨਾਨਕ ਨਾਮ ਲੇਵਾ ਨਾਨਕ ਪੰਥੀਆਂ ਨੂੰ ਵਿਸਾਰਿਆ ਹੈ ਬਲਕਿ ਗੁਰੂ ਸਾਹਿਬਾਨ ਅਤੇ ਸਿੱਖ ਸ਼ਖਸ਼ੀਅਤਾਂ ਨਾਲ ਸਬੰਧਤ ਅਨਮੋਲ ਵਿਰਸਾ ਜਿਨ੍ਹਾਂ ਵਿੱਚ ਗੁਰਦੁਆਰਾ ਸਾਹਿਬਾਨ, ਉਦਾਸੀਆਂ ਦੇ ਮੱਠ ਅਤੇ ਹੋਰ ਗੁਰੂ ਸਾਹਿਬ ਦੀ ਚਰਨ ਛੋਹ ਅਸਥਾਨ ਹਨ ਉਨ੍ਹਾਂ ਨੂੰ ਵੀ ਵਿਸਾਰ ਦਿੱਤਾ ਹੈ।

ਗੁਰਦੁਆਰਾ ਆਰਤੀ ਸਾਹਿਬ ਦਾ ਧਾਰਮਕ ਅਤੇ ਸਿਆਸੀ ਹੱਲ ਲੱਭਦੇ ਲੱਭਦੇ ਪੰਜਾਬ ਤੋਂ ਗਿਆ ਸਾਡਾ ਜੱਥਾ ਉੜੀਸਾ ਦੀ ਰਾਜਧਾਨੀ ਭੁਬਨੇਸ਼ਵਰ ਤੋਂ ਕੋਈ 200 ਕਿਲੋਮੀਟਰ ਦੂਰ ਬਲਸੋਰ ਜ਼ਿਲ੍ਹੇ ਦੇ ਪਿੰਡ ਬੀਰੰਚੀਪੁਰ ਵਿਖੇ ਜਾ ਪੁੱਜਾ। ਇਸ ਪਿੰਡ ਦਾ ਵੇਰਵਾ ਸਾਨੂੰ ਉੜੀਸਾ ਦੇ ਇੱਕ ਨਾਮਵਰ ਵਿਰਾਸਤ ਪ੍ਰੇਮੀ ਅਨਿਲ ਧਿਰ ਨੇ ਦਿੱਤਾ ਸੀ। ਇਸ ਦੌਰੇ 'ਤੇ ਅਨਿਲ ਧਿਰ ਸਾਡੇ ਨਾਲ ਸਨ।

ਰਾਤ ਦੇ ਹਨੇਰੇ ਵਿੱਚ ਲੱਭਦੇ ਲਭਾਉਂਦੇ ਅਸੀਂ ਵੱਡੀ ਸੜਕ ਤੋਂ ਛੋਟੀ ਸੜਕ ਤੇ ਚਲਦੇ ਚਲਦੇ ਧੁਰ ਅੰਦਰ ਇਸ ਪਿੰਡ ਵਿੱਚ ਪਹੁੰਚੇ।

ਉਥੇ ਸਾਡੀ ਮੁਲਾਕਾਤ ਪਿੰਡ ਵਿੱਚ ਰਹਿੰਦੇ 84 ਸਾਲਾ ਭਾਸਕਰ ਸਾਹੂ ਅਤੇ ਉਸ ਦੇ ਪਰਿਵਾਰ ਨਾਲ ਹੋਈ। ਭਾਸਕਾਰ ਸਾਹੂ ਨੇ ਸਾਨੂੰ ਦੱਸਿਆ ਕਿ ਉਨ੍ਹਾਂ ਦੇ ਪੂਰਵਜ ਉਨ੍ਹਾਂ ਨੂੰ ਦੱਸ ਕੇ ਗਏ ਹਨ ਕਿ ਜਦ ਗੁਰੂ ਨਾਨਕ ਪਿਤਾ ਨੇ ਬੰਗਲਾਦੇਸ਼ ਤੋਂ ਹੁੰਦੇ ਹੋਏ ਉੜੀਸਾ ਦੀ ਪੈਦਲ ਉਦਾਸੀ ਕੀਤੀ ਤੇ ਉਸ ਪਹਿਲੀ ਉਦਾਸੀ ਦੌਰਾਨ ਉਹ ਇਸ ਪਿੰਡ ਵਿੱਚ ਠਹਿਰੇ ਸਨ। ਭਾਸਕਰ ਸਾਹੂ, ਉਸ ਦੇ ਪੁੱਤਰ, ਧੀਆਂ, ਨੂੰਹਾਂ ਅਤੇ ਬੱਚੇ ਮੂਲ ਮੰਤਰ ਦਾ ਪਾਠ ਕਰਦੇ ਹਨ ਅਤੇ ਪਿੰਡ ਦੇ ਛੋਟੇ ਜਿਹੇ ਮੰਦਰ ਵਿੱਚ ਰੱਖੀ ਪੁਰਾਤਨ ਹੱਥ ਲਿਖਤ ਪੋਥੀ ਨੂੰ ਨਤਮਸਤਕ ਹੋ ਕੇ ਰਲਵੀਂ ਮਿਲਵੀ ਜ਼ੁਬਾਨ ਵਿੱਚ ਅਰਦਾਸ ਵੀਕਰਦੇ ਹਨ।

ਇਸ ਪੂਜਾ ਸਥੱਲ 'ਤੇ ਉੜੀਸਾ ਦੀ ਰਿਵਾਇਤੀ ਮੀਨਾਕਾਰੀ ਹੋਈ ਹੈ। ਬੜੇ ਹੀ ਸਤਿਕਾਰ ਨਾਲ ਜਿਵੇਂ ਅਸੀਂ ਮਹਾਰਾਜ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਦੇ ਹਾਂ ਉਸੇ ਤਰ੍ਹਾਂ ਹੀ ਭਾਸਕਰ ਸਾਹੂ ਨੇ ਅਤੇ ਉਸ ਪਿੰਡ ਦੇ ਮਨੋਨੀਤ ਪੰਡਿਤ ਨੇ ਬੜੇ ਹੀ ਅਦਬ ਨਾਲ ਹੱਥ ਲਿਖਤ ਪੋਥੀ ਦੇ ਦਰਸ਼ਨ ਕਰਵਾਏ, ਜਿਸ ਨੂੰ ਉਨ੍ਹਾਂ ਨੇ ਪੂਰੇ ਸਤਿਕਾਰ ਨਾਲ

ਰੁਮਾਲਿਆਂ ਵਿੱਚ ਬੰਨ੍ਹ ਕੇ ਰੱਖਿਆ ਹੋਇਆ ਸੀ। ਕੁਝ ਅੰਗ ਪੜ੍ਹਨ 'ਤੇ ਪਤਾ ਚੱਲਿਆ ਕਿ ਉਹ ਆਸਾ ਦੀ ਵਾਰ ਦਾ ਪੁਰਾਤਨ ਹੱਥ ਲਿਖਤ ਗੁਟਕਾ ਸਾਹਿਬ ਹੈ। ਸਾਨੂੰ ਸਾਰਿਆਂ ਨੂੰ ਉਨ੍ਹਾਂ ਨੇ ਉਸ ਵੇਲੇ ਹੈਰਾਨ ਕਰ ਦਿੱਤਾ ਜਦ ਉਨ੍ਹਾਂ ਨੇ ਸਾਨੂੰ ਤਾਂਬੇ ਦਾ ਇੱਕ ਪੁਰਾਤਨ ਕੜਾ ਦਿਖਾਇਆ ਜੋ ਸਮਾਂ ਪਾ ਕੇ ਜੰਗਨੁਮਾ ਹਰਾ ਹੋਇਆ ਪਿਆ ਸੀ ਤੇ ਜਿਸ ਬਾਰੇ ਇਸ ਗਰੀਬ ਆਦੀਵਾਸੀ ਪਰਿਵਾਰ ਨੂੰ ਵਿਸ਼ਵਾਸ਼ ਹੈ ਕਿ ਇਹ ਗੁਰੂ ਨਾਨਕ ਸਾਹਿਬ ਦਾ ਕੜਾ ਹੈ।

ਸਾਡੇ ਨਾਲ ਗਏ ਵਿਰਾਸਤੀ ਮਾਹਿਰ ਅਨਿਲ ਧਿਰ ਨੇ ਪੰਜਾਬ ਤੋਂ ਗਏ ਜੱਥੇ ਨੂੰ ਦੱਸਿਆ ਕਿ ਇਨ੍ਹਾਂ ਦੋਨੋ ਚੀਜ਼ਾਂ ਦਾ ਉਨ੍ਹਾਂ ਨੇ ਇੱਕ ਨਿੱਜੀ ਲੈਬੋਰਟਰੀ ਵਿੱਚ ਟੈਸਟ ਵੀ ਕਰਵਾਇਆ ਜਿਸ ਤੋਂ ਪਤਾ ਲੱਗਿਆ ਕਿ ਇਹ ਵਸਤਾਂ ਪੁਰਾਤਨ ਵਸਤਾਂ ਹਨ।

ਭਾਸਕਰ ਸਾਹੂ ਦੇ ਪਰਿਵਾਰ ਨੇ ਬੜੀ ਰੂਹ ਨਾਲ ਜੱਥੇ ਦੀ ਚਾਹ-ਪਾਣੀ ਨਾਲ ਟਹਿਲ ਸੇਵਾ ਕੀਤੀ ਅਤੇ ਆਸ ਪ੍ਰਗਟਾਈ ਕਿ ਸਿੱਖ ਕੌਮ ਇਸ ਪਿੰਡ ਨੂੰ ਗੁਰੂ ਨਾਨਕ ਦੀ ਛੋਹ ਪ੍ਰਾਪਤ ਯਾਦਗਾਰਾਂ ਦੇ ਨਕਸ਼ੇ 'ਤੇ ਲੈ ਕੇ ਆਉਣਗੇ। ਪਿੰਡ ਤੋਂ ਚਲਦਿਆਂ ਅਨਿਲ ਧਿਰ ਨੇ ਹੋਕਾ ਦਿੱਤਾ ਕਿ ਇਹੋ ਜਿਹੀਆਂ ਸੈਂਕੜੇ ਹੋਰ ਥਾਵਾਂ ਹਨ ਅਤੇ ਸੈਂਕੜੇ ਤੇ ਹਜ਼ਾਰਾਂ ਨਾਨਕਪੰਥੀ ਹਨ ਜਿਨ੍ਹਾਂ ਨੂੰ ਸਿੱਖ ਕੌਮ ਨੇ ਭੁਲਾਇਆ ਹੋਇਆ ਹੈ। ਪਿੰਡ ਦੇ ਬੱਚਿਆਂ ਨੇ ਦਾਸ ਨਾਲ ਤਸਵੀਰਾਂ ਖਿਚਾ ਖੁਸ਼ੀ ਮਹਿਸੂਸ ਕੀਤੀ।

ਗੁਰੂ ਨਾਨਕ ਪਿਤਾ ਦਾ 550 ਸਾਲਾ ਪੁਰਬ ਆਇਆ ਤੇ ਚਲਾ ਗਿਆ। ਇਹ ਲੇਖਕ ਆਸ ਕਰਦਾ ਹੈ ਕਿ ਘੱਟੋ ਘੱਟ ਗੁਰੂ ਨਾਨਕ ਪਿਤਾ ਦੀ ਅਗਲੀ ਸ਼ਤਾਬਦੀ ਤੱਕ ਅਸੀਂ ਅਜਿਹੇ ਨਾਮਾਲੂਮ, ਗੁਮਨਾਮ, ਭੁੱਲੇ ਵਿਸਰੇ ਪਰਿਵਾਰਾਂ ਦੇ ਜੀਵਨ ਦੇ ਇਨ੍ਹਾਂ ਪੰਨਿਆਂ ਨੂੰ ਵੀ ਘੋਖਣ, ਵਾਚਣ, ਸਮਝਣ ਅਤੇ ਉਨ੍ਹਾਂ ਤੋਂ ਸੇਧ ਲੈਣ ਦੇ ਉਪਰਾਲੇ ਕਰਾਂਗੇ।



**ਲੁਧਿਆਣੇ ਦੇ ਜੰਮਪਲ ਅਤੇ ਬਹੁਤੀ ਜ਼ਿੰਦਗੀ ਮੁੰਬਈ ਵਿੱਚ ਬਿਤਾ, ਉਥੇ ਪੜ੍ਹੇ ਅਤੇ ਪੜ੍ਹਾਉਂਦੇ ਹੁਣ ਫਿਰ ਮਾਂ-ਧਰਤੀ ਪੰਜਾਬ ਨੂੰ ਅਪੜੇ ਜਗਮੋਹਨ ਸਿੰਘ ਕੌਮ ਦੇ ਸਮਾਜਕ, ਮਨੁਖੀ ਅਧਿਕਾਰ, ਧਾਰਮਕ ਅਤੇ ਸਿਆਸੀ ਪਿੜ ਵਿਚ ਸੇਵਾ ਨਿਭਾਉਂਦੇ ਆ ਰਹੇ ਹਨ। ਕੋਈ** 12 **ਸਾਲ ਪਹਿਲਾਂ ਉਨ੍ਹਾਂ ਨੇ ਸਿਕਲੀਗਰ ਸਿੱਖਾਂ ਦੀ ਬਾਂਹ ਫੜੀ ਤੇ ਲਗਾਤਾਰ ਵਿਦਿਆ ਅਤੇ ਉਨ੍ਹਾਂ ਬਾਰੇ ਖੋਜ ਦੇ ਕਾਰਜ ਕਰ ਰਹੇ ਹਨ ਤੇ ਆਪਣੇ ਮਿਤਰ ਗੁਰਮੀਤ ਸਿੰਘ ਨਾਲ ਜਥੇਬੰਦੀ** A Little Happiness Foundation **ਦੇ ਬਾਨੀ ਹਨ ਜੋ ਸਿਕਲੀਗਰਾਂ ਲਈ ਵਿਦਿਆ ਪਸਾਰ ਦੇ ਕਾਰਜ ਕਰਦੀ ਹੈ। ਅੱਜ ਕੱਲ ਉਹ ਅੰਗਰੇਜ਼ੀ ਵੈਬਸਾਈਟ** The World Sikh News **ਦੇ ਸੰਪਾਦਕ ਵੀ ਹਨ। ਉਨ੍ਹਾਂ ਨਾਲ** theworldsikhnews@gmail.com **ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਟਰੱਸਟ ਫੋਰ ਵੈਲਫੈਅਰ ਆਫ ਵਣਜਾਰਾਜ਼ ਐਂਡ ਅਦਰ ਵੀਕਰ ਸੈਕਸ਼ਨਜ਼, ਮੋਹਾਲੀ

## ਗੁਰਕ੍ਰਿਪਾਲ ਸਿੰਘ ਢੱਟ

ਸੰਨ 1997-98 ਵਿੱਚ ਸੋਸਾਇਟੀਜ਼ ਐਕਟ ਦੇ ਤਹਿਤ ਇਸ ਟਰੱਸਟ ਨੂੰ ਪੰਜਾਬ ਅਤੇ ਹਰਿਆਨਾ ਹਾਈ ਕੋਰਟ ਦੇ ਸੇਵਾਮੁਕਤ ਜੱਜ ਜਸਟਿਸ ਹਰਬੰਸ ਸਿੰਘ ਨੇ ਸ਼ੁਰੂ ਕੀਤਾ ਅਤੇ ਉਹ ਉਸਦੇ ਬਾਨੀ ਪ੍ਰਧਾਨ ਬਣੇ। ਉਪਰੰਤ ਡਾ. ਖੜਕ ਸਿੰਘ ਨੇ ਪ੍ਰਧਾਨਗੀ ਕੀਤੀ।

ਉਨ੍ਹਾਂ ਨੇ 21 ਲੱਖ ਰੁਪਏ ਦਾ ਇੱਕ ਏਨਡਾਊਮੈਂਟ ਫੰਡ ਬਣਾਇਆ ਜਿਸ ਵਿੱਚ 15 ਲੱਖ ਰੁਪਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਿੱਤੇ ਸਨ ਅਤੇ ਬਾਕੀ ਰਕਮ ਹੋਰ ਦਾਨੀ ਸੱਜਣਾ ਨੇ ਦਿੱਤੀ।

ਵਣਜਾਰਾ ਟਰੱਸਟ ਦਾ ਮੁੱਖ ਨਿਸ਼ਾਨਾ ਹੈ ਕਿ ਵਣਜਾਰਿਆਂ, ਸਿਕਲੀਗਰਾਂ, ਲੁਬਾਣਿਆਂ ਅਤੇ ਹੋਰ ਕਮਜ਼ੋਰ ਵਰਗਾਂ ਦੀ ਪਹਿਚਾਣ ਕਰਨਾ ਅਤੇ ਉਨ੍ਹਾਂ ਵਿੱਚ ਕਿੱਤਾਮੁਖੀ ਸਿਖਲਾਈ ਅਤੇ ਟ੍ਰੇਨਿੰਗ, ਮੁੜਵਸੇਬਾ, ਸਵੈਰੁਜ਼ਗਾਰ, ਕਾਉਂਸਲਿੰਗ, ਮੁਢਲੀ ਅਤੇ ਉਚੇਰੀ ਸਿੱਖਿਆਂ ਬਾਰੇ ਜਾਗਰੁਕਤਾ ਪੈਦਾ ਕਰਨਾ ਹੈ।

ਪਿਛਲੇ ਸਮਿਆਂ ਵਿੱਚ ਟਰਸਟ ਵੱਲੋਂ ਮਧ ਪ੍ਰਦੇਸ਼, ਹੈਦਰਾਬਾਦ, ਆਂਧਰਾ ਪ੍ਰਦੇਸ਼, ਰਾਜਸਥਾਨ, ਮਹਾਰਾਸ਼ਟਰ, ਕਰਨਾਟਕਾ, ਪੰਜਾਬ, ਚੰਡੀਗੜ੍ਹ, ਦੇਹਰਾਦੂਨ ਆਦਿ ਥਾਵਾਂ ‘ਤੇ ਸਿਲਾਈ-ਕਢਾਈ, ਕਿੱਤਾਮੁੱਖੀ ਟ੍ਰੇਨਿੰਗ, ਬੱਚਿਆਂ ਨੂੰ ਤਕਨੀਕੀ ਪੜ੍ਹਾਈ ਲਈ ਖਰਚਾ (ਸਟਾਈਪੈਂਡ) ਪ੍ਰੋਗਰਾਮ ਸਥਾਨਕ ਲੋਕਾਂ ਅਤੇ ਜਥੇਬੰਦੀਆਂ ਨਾਲ ਮਿਲ ਕੇ ਕੀਤਾ ਜਾਂਦਾ ਰਿਹਾ ਹੈ।

ਮੱਧ ਪ੍ਰਦੇਸ਼ ਅਤੇ ਰਾਜਸਥਾਨ ਤੋਂ ਵਣਜਾਰਿਆਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਸਹਿਯੋਗ ਨਾਲ ਗੁਰਧਾਮ ਯਾਤਰਾਂਵਾਂ ਦੇ ਪ੍ਰਬੰਧ ਕੀਤੇ ਗਏ ਹਨ।

ਇਸ ਵੇਲੇ ਟਰੱਸਟ ਦਾ ਪ੍ਰਬੰਧ ਇੱਕ ਪੜ੍ਹੀ-ਲਿਖੀ ਅਤੇ ਤਜ਼ੁਰਬੇਕਾਰ ਟੀਮ, ਮੋਹਰੀ ਸਨਅਤਕਾਰ ਗੁਰਕ੍ਰਿਪਾਲ ਸਿੰਘ ਢੱਟ ਦੀ ਪ੍ਰਧਾਨਗੀ ਹੇਠ ਚਲਾ ਰਹੀ ਹੈ। ਸੀਮਤ ਵਿੱਤੀ ਸਾਧਨਾ ਤਹਿਤ ਸਥਾਨਕ ਮਿਲਵਰਤਣ ਨਾਲ ਹੇਠ ਲਿਖੇ ਕਾਰਜ ਕੀਤੇ ਜਾ ਰਹੇ ਹਨ:

1. ਖਰੜ ਨੇੜੇ ਰੋਪੜ ਦੇ ਪਿੰਡ ਘੜੂਆਂ ਵਿੱਖੇ ਸਿਲਾਈ-ਕਢਾਈ ਕੇਂਦਰ ਚਲਾਇਆ ਜਾ ਰਿਹਾ ਹੈ। ਲੁਧਿਆਣਾ ਵਿਖੇ ਦੋ ਸਿਲਾਈ-ਕਢਾਈ ਅਤੇ ਕੰਪਿਊਟਰ ਸੈਂਟਰ ਚਲਾਏ ਜਾ ਰਹੇ ਹਨ।
2. ਹੈਦਰਾਬਾਦ ਅਤੇ ਲੁਧਿਆਣਾ ਵਿਖੇ ਵਣਜਾਰਿਆਂ ਅਤੇ ਸਿਕਲੀਗਰਾਂ ਲਈ ਸਕੂਲਾਂ ਵਿੱਚ ਵਿੱਦਿਆ ਪਸਾਰ ਲਈ ਮਾਇਕ ਮਦਦ ਕੀਤੀ ਜਾ ਰਹੀ ਹੈ।
3. ਹਜ਼ੂਰ ਸਾਹਿਬ ਨਾਂਦੇੜ, ਮਹਾਰਾਸ਼ਟਰਾ ਵਿਖੇ ਗੁਰਮਤ/ਕੀਰਤਨ/ਸਿਲਾਈ ਸਿਖਲਾਈ ਲਈ ਵਣਜਾਰਾ ਵਿਦਿਆਰਥੀਆਂ ਨੂੰ ਖਰਚਾ (ਸਟਾਈਪੈਂਡ) ਦਿੱਤਾ ਜਾਂਦਾ ਹੈ।

4. ਹੈਦਰਾਬਾਦ ਵਿਚ ਵੀ. ਈ. ਟੀ. ਐਫ. ਵਿਖੇ ਮੈਟਰਿਕ ਤੋਂ ਘੱਟ ਪੜ੍ਹੇ-ਲਿਖੇ ਸਿਕਲੀਗਰ ਨੌਜਵਾਨਾ ਲਈ ਹੁਨਰ ਟ੍ਰੇਨਿੰਗ ਦਾ ਪ੍ਰੋਗਰਾਮ ਜਿਸ ਤਹਿਤ ਉਨ੍ਹਾਂ ਨੂੰ ਨੋਕਰੀ ਪੱਕੀ ਮਿਲਣ ਦਾ ਵਾਅਦਾ ਹੁੰਦਾ ਹੈ ਕਰਾਈ ਜਾ ਰਹੀ ਹੈ।



**ਗੁਰਕ੍ਰਿਪਾਲ ਸਿੰਘ ਢੱਟ ਇਕ ਸਫਲ ਇੰਜੀਨਅਰ ਸਨਅਤਕਾਰ ਹਨ ਜਿੰਨ੍ਹਾਂ ਨੇ ਵੱਖ-ਵੱਖ ਤਰ੍ਹਾਂ ਦੇ ਸਨਅਤ ਚਲਾ ਕੇ ਸੈਂਕਿੜਿਆਂ ਨੂੰ ਰੁਜ਼ਗਾਰ ਮੁਹਈਆ ਕਰਵਾਇਆ। ਉਹ ਮੋਹਾਲੀ ਸਨਅਤਰਾਂ ਦੀ ਜਥੇਬੰਦੀ ਦੇ ਪ੍ਰਧਾਨ ਰਹਿ ਚੁਕੇ ਹਨ ਅਤੇ ਆਪਣੇ ਵਪਾਰ ਵਿਚ ਵਾਧਾ ਕਰਨ ਲਈ ਦੁਨੀਆਂ ਦੇ ਕਈ ਮੁਲਕਾਂ ਵਿਚ ਗਏ ਹਨ। ਉਹ ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ ਅਤੇ ਗੁਰੂ ਗੋਬਿੰਦ ਸਿੰਘ ਕਾਲਜ ਦੀ ਕਾਰਜਕਾਰਨੀ ਦੇ ਮੈਂਬਰ ਹਨ। ਉਹ ਅਜਕਲ ਵਣਜਾਰਾ ਟਰਸਟ ਦੇ ਪ੍ਰਧਾਨ ਦੀ ਸੇਵਾ ਨਿਭਾ ਰਹੇ ਹਨ।ਉਨ੍ਹਾਂ ਨਾਲ ਈਮੇਲ** gsd1030@gmail.com '**ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਸਿਕਲੀਗਰ, ਵਣਜਾਰਿਆਂ, ਲੁਬਾਣਿਆਂ ਦੇ ਵਿਦਿਆ ਪਸਾਰ ਕਾਰਜਾਂ ਵਿੱਚ ਜੁਟਿਆ ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ (ਆਈ. ਐਸ. ਸੀ.)

## ਲੈਫਟੀਨੈਂਟ ਜਨਰਲ ਕਰਤਾਰ ਸਿੰਘ ਗਿੱਲ

1. ਜਾਣ ਪਹਿਚਾਣ: ਆਈ. ਐਸ. ਸੀ. 14 ਦਸੰਬਰ 2005 ਤੋਂ ਮੁਹਾਲੀ ਦੀ ਇੱਕ ਗੈਰ ਸਰਕਾਰੀ ਮਾਨਤਾ ਪ੍ਰਾਪਤ ਸੰਸਥਾ ਹੈ। ਇਹ ਸੰਸਥਾ ਭੀੜ ਭਰੇ ਸਮੇਂ ਵਿੱਚ ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਦੇ ਮੋਢੀ ਮੈਂਬਰ ਡਾ. ਖੜਕ ਸਿੰਘ ਤੇ ਸਾਥੀਆਂ ਵੱਲੋਂ ਖੜੀ ਕੀਤੀ ਗਈ ਸੀ। ਇਹ ਉਹ ਸਮਾਂ ਸੀ ਜਦੋਂ ਵਰਲਡ ਸਿੱਖ ਕਾਊਂਸਲ ਸਾਡੀ ਕੌਮ ਦੀਆਂ ਆਸ਼ਾਵਾਂ ਤੇ ਪੂਰੀ ਨਾ ਉਤਰੀ।

2. ਸਾਡਾ ਟੀਚਾ: ਮੁਢਲੇ ਤੌਰ 'ਤੇ ਪੇਂਡੂ ਇਲਾਕਿਆਂ ਵਿੱਚ ਵਿਦਿਆ ਦੇ ਪ੍ਰਸਾਰ ਨੂੰ ਉਚਾ ਚੁੱਕਣ ਤੇ ਕਿਸਾਨਾਂ ਦੀ ਦੁੱਖ ਭਰੀ ਜਿੰਦਗੀ ਵਿੱਚ, ਜੀਵਨ ਵਿੱਚ ਖੁਸ਼ਹਾਲੀ ਲਿਆਉਣੀ ਅਤੇ ਉਨ੍ਹਾਂ ਦੇ ਜੀਵਨ ਨੂੰ ਉਸ ਪੱਧਰ 'ਤੇ ਲੈ ਕੇ ਆਉਣਾ ਜਿੱਥੇ ਉਹ ਪੰਜਾਬ ਸਰਕਾਰ ਦੀਆਂ ਨੌਕਰੀਆਂ ਦੁਬਾਰਾ ਪ੍ਰਾਪਤ ਕਰ ਸਕਣ ਜਿਨ੍ਹਾਂ 'ਤੇ ਗੈਰ ਪੰਜਾਬੀਆਂ ਨੇ ਕਬਜਾ ਕੀਤਾ ਹੋਇਆ ਸੀ।

3. ਦੱਸ ਸਾਲਾਂ ਵਿੱਚ ਪ੍ਰਾਪਤੀਆਂ: ਪੇਂਡੂ ਇਲਾਕਿਆਂ ਦੇ ਸਕੂਲਾਂ ਤੇ ਕਾਲਜਾਂ ਦੇ ਜਿਆਦਤਰ ਵਿਦਿਆਰਥੀ ਆਪਣੀ ਫੀਸ ਤੱਕ ਭਰਣ ਵਿੱਚ ਅਸਮਰੱਥ ਹਨ, ਉਨ੍ਹਾਂ ਦੀ ਪੜ੍ਹਾਈ ਵਿੱਚ ਦਿਲਚਸਪੀ ਨੂੰ ਬਰਕਰਾਰ ਰੱਖਣ ਲਈ ਇਸ ਸਮੱਸਿਆ ਵੱਲ ਫੌਰੀ ਧਿਆਨ ਦੇਣ ਦੀ ਲੋੜ ਸੀ।

4. ਪ੍ਰਧਾਨ ਮੰਤਰੀ ਦੇ ਘੱਟ ਗਿਣਤੀਆਂ ਲਈ ਬਣਾਏ ਗਏ ਦਸ ਨੁਕਤਿਆਂ ਵਾਲੇ ਪ੍ਰੋਗਰਾਮ ਬਾਰੇ: ਪ੍ਰਧਾਨ ਮੰਤਰੀ ਦੇ ਦਸ ਨੁਕਾਤੀ ਪ੍ਰੋਗਰਾਮ ਪ੍ਰਤੀ ਜਾਣਕਾਰੀ ਦੀ ਘਾਟ ਹੋਣ ਕਰਕੇ ਇਸ ਨੂੰ ਪੂਰੀ ਤਰ੍ਹਾਂ ਨਜ਼ਰ ਅੰਦਾਜ ਕਰ ਦਿੱਤਾ ਗਿਆ ਸੀ। ਇਸ ਪ੍ਰੋਗਰਾਮ ਤਹਿਤ 2008 ਵਿੱਚ ਸਿਰਫ 5 ਕਰੋੜ ਰੁਪਏ ਪ੍ਰਾਪਤ ਹੋਏ ਅਤੇ ਉਹ ਵੀ ਚੰਗੀ ਤਰ੍ਹਾਂ ਨਹੀਂ ਵੰਡੇ ਗਏ। ਆਈ. ਐਸ. ਸੀ. ਨੇ ਇੱਕ ਸਕੀਮ ਦਾ ਵੱਡੇ ਪੱਧਰ 'ਤੇ ਪ੍ਰਚਾਰ ਸ਼ੁਰੂ ਕੀਤਾ। ਸੰਸਾਰ ਸਿੱਖ ਸੰਗਠਨ ਨੇ ਹੋਰ ਸਿੱਖ ਸੰਸਥਾਵਾਂ ਨਾਲ ਮਿਲ ਕੇ ਛਪਵਾਏ ਗਏ ਐਪਲੀਕੇਸ਼ਨ ਫਾਰਮ ਵੰਡਣ ਲਈ ਪੇਂਡੂ ਇਲਾਕਿਆਂ ਦੇ ਨੌਜਵਾਨਾਂ ਨੂੰ ਸੰਸਥਾ ਵਿੱਚ ਭਰਤੀ ਕੀਤਾ। 8 ਸਾਲਾਂ ਵਿੱਚ ਛੋਟੇ ਛੋਟੇ ਪ੍ਰੋਗਰਾਮ ਰਾਹੀਂ ਇਸ ਅਲਾਟਮੈਂਟ ਨੂੰ 300 ਕਰੋੜ ਤੱਕ ਵਧਾਇਆ ਗਿਆ। ਹੁਣ ਤੱਕ ਇਸ ਪ੍ਰੋਗਰਾਮ ਤਹਿਤ ਪੰਜਾਬ ਦੇ ਸਾਰੇ ਜਿਲ੍ਹਿਆਂ ਨੂੰ ਇਸ ਵਿੱਚ ਸ਼ਾਮਿਲ ਕੀਤਾ ਗਿਆ ਹੈ। ਹੋਲੀ ਹੋਲੀ ਹਰ ਤਰ੍ਹਾਂ ਦਾ ਸੁਧਾਰ ਦਰਖਾਸਤਾਂ ਦੇਣ 'ਤੇ ਸਕੀਮ ਵਿੱਚ ਅਪਲਾਈ ਦਾ ਕੰਮ ਆਨਲਾਈਨ ਸ਼ੁਰੂ ਕਰਵਾਇਆ ਗਿਆ ਹੈ। ਸਕਲਰਸ਼ਿਪ ਦਾ ਪੈਸਾ ਕੇਂਦਰ ਸਰਕਾਰ ਦੁਆਰਾ ਸਿੱਧਾ ਵਿਦਿਆਰਥੀਆਂ ਦੇ ਬੈਂਕ ਖਾਤਿਆਂ ਵਿੱਚ ਭੇਜਿਆ ਜਾਣ ਲੱਗਾ ਇਸ ਨਾਲ ਸਕੂਲ ਕਾਲਜਾਂ ਵਿੱਚ ਵਿਦਿਆਰਥੀਆਂ ਦੀ ਹਾਜਰੀ ਤੇ ਨਤੀਜਿਆਂ ਵਿੱਚ ਬਹੁਤ ਸੁਧਾਰ ਆਇਆ।

5. ਦਸੰਬਰ 2013 ਦਾ ਟ੍ਰਿਬਿਊਨ ਅਨੁਸਾਰ ਹਿਊਮਨ ਰਿਸੋਰਸਜ਼ ਡਵੈਲਪਮੇਂਟ ਮਿਨਿਸਟਰੀ ਨੇ ਇਸ ਦਸ ਨੁਕਾਤੀ ਪ੍ਰੋਗਰਾਮ ਦਾ ਵੱਡੇ ਪੱਧਰ 'ਤੇ ਲਾਭ ਉਠਾਉਣ ਲਈ ਪੰਜਾਬ ਨੂੰ ਦੇਸ਼ ਦੀਆਂ 35 ਸਟੇਟਾਂ 'ਚੋਂ ਨੌਵਾਂ ਸਥਾਨ ਦਿੱਤਾ ਹੈ (ਜੋ ਪਹਿਲਾਂ 19ਵੇਂ ਸਥਾਨ 'ਤੇ ਸੀ)। ਜੀਵਕਾ ਸਬੰਧੀ ਸੰਸਥਾਵਾਂ ਵਿੱਚ ਦਾਖਲਾ ਲੈਣ ਲਈ ਜਰੂਰਤਮੰਦ ਵਿਦਿਆਰਥੀਆਂ ਲਈ ਵਜੀਫੇ ਦਾ ਪ੍ਰਬੰਧ ਕੀਤਾ ਗਿਆ।

6. ਅੰਤਰਰਾਸ਼ਟਰੀ ਸਿੱਖ ਸੰਗਠਨ ਵੱਡੇ ਪੱਧਰ 'ਤੇ ਪੇਂਡੂ ਲੜਕੇ ਤੇ ਲੜਕੀਆਂ ਨੂੰ ਇੰਜੀਨੀਅਰਿੰਗ, ਮੈਡੀਕਲ, ਡੈਂਟਿਸਟਰੀ, ਬੀ ਐਡ ਅਤੇ ਕਾਨੂੰਨ ਦੀਆਂ ਸੰਸਥਾਵਾਂ ਵਿੱਚ ਦਾਖਲਾ ਲੈਣ ਲਈ ਮਦਦ ਕਰਦਾ ਆ ਰਿਹਾ ਹੈ। ਇਨ੍ਹਾਂ ਵਿੱਚੋਂ ਬਹੁਤੇ ਵਿਦਿਆਰਥੀ ਹੁਣ ਚੰਗੀਆਂ ਨੌਕਰੀਆਂ ਕਰ ਰਹੇ ਹਨ। ਜਿਨ੍ਹਾਂ ਵਿਦਿਆਰਥੀਆਂ ਨੂੰ ਅਸਾਂ ਨਰਸ, ਟੀਚਰ, ਫਾਰਮੇਸਿਸਟ, ਕਾਨੂੰਨੀ ਸਲਾਹਕਾਰ, ਕੰਪਿਊਟਰ ਆਪਰੇਟਰ ਲਗਵਾਉਣ ਵਿੱਚ ਮਦਦ ਕੀਤੀ ਹੈ। ਉਨ੍ਹਾਂ ਦੀ ਗਿਣਤੀ ਵਧਦੀ ਜਾ ਰਹੀ ਹੈ।

7. ਸਕਿਲ ਟਰੇਨਿੰਗ (ਹੁਨਰ ਸਬੰਧੀ ਸਿੱਖਿਆ): ਆਈ. ਐਸ. ਸੀ. ਵੱਲੋਂ ਸ਼ੁਰੂ ਕੀਤੇ ਗਏ ਕੋਚਿੰਗ ਸੈਂਟਰਾਂ ਦੇ ਬਹੁਤ ਪੇਂਡੂ ਇਲਾਕਿਆਂ ਨਾਲ ਸਬੰਧਤ ਵਿਦਿਆਰਥੀਆਂ ਜੋ 10+2 ਪਾਸ ਹਨ ਨੂੰ ਸਾਡੇ ਵੱਲੋਂ ਸ਼ੁਰੂ ਕੀਤੇ ਗਏ ਸਕਿਲ ਟਰੇਨਿੰਗ ਸੈਂਟਰ "ਗੁਰੂ ਨਾਨਕ ਪਾਲੀਟੈਕਨੀਕ ਮੁਹਾਲੀ" ਵਿੱਚ ਦਾਖਲਾ ਲੈਣ ਲਈ ਉਤਸ਼ਾਹ ਕੀਤਾ ਜਾ ਰਿਹਾ ਹੈ ਅਤੇ 12 ਮਹੀਨਿਆਂ ਦੀ ਸਖਤ ਟਰੇਨਿੰਗ ਤੋਂ ਬਾਅਦ ਬਿਜਨਸ ਸੰਸਥਾਵਾਂ ਵਿੱਚ ਲਗਾਤਾਰ ਨੌਕਰੀਆਂ ਪ੍ਰਾਪਤ ਕਰ ਰਹੇ ਹਨ।

8. ਸਥਾਪਿਤ ਕੀਤੇ ਗਏ ਕੋਚਿੰਗ ਸੈਂਟਰ: ਸਾਡਾ ਸਭ ਤੋਂ ਪਹਿਲਾ "ਗੁਰੂ ਨਾਨਕ ਕੋਚਿੰਗ ਸੈਂਟਰ" ਮੁਕੰਦਪੁਰ, ਜ਼ਿਲ੍ਹਾ ਨਵਾਂ ਸ਼ਹਿਰ, ਪੰਜਾਬ ਵਿਖੇ ਪੂਰੀ ਤਰ੍ਹਾਂ ਕਾਮਯਾਬ ਰਿਹਾ।

ਹਾਲਾਂਕਿ ਇਸ ਦੇ ਵਿਰੁੱਧ ਸਾਨੂੰ ਚੇਤਾਵਨੀਆਂ ਦਿੱਤੀਆਂ ਗਈਆਂ ਕਿ ਬੱਚੇ ਅੰਗਰੇਜ਼ੀ ਵਿੱਚ ਬਹੁਤ ਕਮਜ਼ੋਰ ਹਨ। ਇਸ ਦੀ ਕਾਮਯਾਬੀ ਸਾਡੀਆਂ ਆਸ਼ਾਵਾਂ 'ਤੇ ਖਰੀ ਉਤਰੀ। ਪਹਿਲੇ ਬੈਚ ਨੇ ਹੀ ਹੈਰਾਨਕੁੰਨ ਨੰਬਰ ਹਾਸਿਲ ਕੀਤੇ। ਜਿਆਦਾਤਰ ਵਿਦਿਆਰਥੀਆਂ ਨੇ 80%-90% ਤੇ ਕੁਝ ਨੇ 70%-80% ਨੰਬਰ ਕੀਤੇ ਤੇ ਫਿਰ ਪਿੱਛੇ ਮੁੜ ਕੇ ਨਹੀਂ ਦੇਖਿਆ। ਮੋਗਾ, ਪਟਿਆਲਾ, ਹੁਸ਼ਿਆਰਪੁਰ ਦੇ ਪੇਂਡੂ ਇਲਾਕਿਆਂ ਵਿੱਚ ਤਿੰਨ ਹੋਰ ਕੋਚਿੰਗ ਸੈਂਟਰ ਖੋਲੇ ਗਏ ਹਨ।

9. ਹੈਦਰਾਬਾਦ (ਆਂਧਰਾ ਪ੍ਰਦੇਸ਼) ਦੇ ਇਲਾਕੇ ਵਿੱਚ ਸਿਕਲੀਗਰ ਤੇ ਵਣਜਾਰਾ ਭਾਈਚਾਰਾ ਆਰਥਿਕ ਅਤੇ ਸਮਾਜਕ ਸਟੇਟਸ ਨੂੰ ਉਚਾ ਚੁੱਕਣਾ: ਪੰਜਾਬ ਵਿੱਚ 10 ਸਾਲ ਦੀ ਸਖਤ ਮਿਹਨਤ ਤੋਂ ਬਾਅਦ ਹੁਣ ਅਸੀਂ ਗੁਰੂ ਗੋਬਿੰਦ ਸਿੰਘ ਜੀ ਲਈ ਬੰਦੂਕ ਬਨਾਉਣ ਵਾਲੇ ਪੁਰਾਣੇ ਸੁਆਮੀ ਭਗਤਾਂ ਦੀ ਸਹਾਇਤਾ ਕਰਨ ਲਈ ਉਤਸ਼ਾਹਤ ਹੋਏ ਹਾਂ। ਇਨ੍ਹਾਂ ਦੇ ਪੁਰਖਿਆਂ ਨੇ ਲੜਾਈਆਂ ਦੌਰਾਨ ਆਨੰਦਪੁਰ ਸਾਹਿਬ ਦੇ ਕਿਲੇ ਸਮੇਤ ਹੋਰ ਕਿਲਿਆਂ ਦੀ ਰਾਖੀ ਲਈ ਹਥਿਆਰ ਤੇ ਬੰਦੂਕਾਂ ਗੁਰੂ ਜੀ ਨੂੰ ਪਹੁੰਚਾਈਆਂ ਸਨ। ਅੱਜ ਉਨ੍ਹਾਂ ਦੇ ਵੰਸ਼ਜ਼ ਬੇਸਹਾਰਾ ਹਨ। ਉਨ੍ਹਾਂ ਵਿੱਚੋਂ ਕੁਝ ਉਤਰੀ ਭਾਰਤ ਤੇ ਕੁਝ ਦੱਖਣੀ ਭਾਰਤ ਵਿੱਚ ਕੁੱਲੀ, ਗੁੱਲੀ ਤੇ ਜੁੱਲੀ ਲਈ ਜੱਦੋ ਜਹਿਦ ਕਰ ਰਹੇ ਹਨ।

# ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ ਚੰਡੀਗੜ੍ਹ ਦੀਆਂ ਸਰਗਰਮੀਆਂ






ਨਾਗਅਰਜੁਨ ਸਾਗਰ ਹੈਦਰਾਬਾਦ ਵਿਖੇ ਆਲ ਇੰਡੀਆ ਗੌੜ ਸੰਮੇਲਨ ਕਰਵਾਇਆ ਗਿਆ ਜਿਸ ਵਿੱਚ ਸੈਂਕੜੇ ਵਣਜਾਰਾ ਪਰਿਵਾਰਾਂ ਨੇ ਹਿੱਸਾ ਲਿਆ। ਉਨ੍ਹਾਂ ਗੁਰੂ ਨਾਨਕ ਸਾਹਿਬ ਦੀ ਮੁੱਖ ਧਾਰਾ ਅਪਨਾਉਣ ਦਾ ਅਹਿਦ ਕੀਤਾ।



# ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ ਚੰਡੀਗੜ੍ਹ
# ਦੀਆਂ ਸਰਗਰਮੀਆਂ



ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ ਵੱਲੋਂ ਹੈਪੀ ਲਰਨਿੰਗ ਪਲੇਅ ਸਕੂਲ, ਹੈਦਰਾਬਾਦ ਚਲਾਇਆ ਜਾ ਰਿਹਾ ਹੈਜਿਸ ਵਿੱਚ ਸਿਕਲੀਗਰ ਵਣਜਾਰਾ ਪਰਿਵਾਰ ਦੇ 100 ਛੋਟੇ ਬੱਚਿਆਂ ਨੂੰ ਪੜ੍ਹਾਇਆ ਜਾ ਰਿਹਾ ਹੈ।



ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ 'ਤੇ ਜਥੇਬੰਦੀ ਵੱਲੋਂ ਕਿਤਾਬਚਾ ਰਲੀਜ਼ ਕਰਦੇ ਪਤਵੰਤੇ




ਜੱਥੇਬੰਦੀ ਦੇ ਥੰਮ ਖੱਬੇ ਤੋਂ ਸੱਜੇ: ਬ੍ਰਿਗੇਡੀਅਰ ਜੀ ਜੇ ਸਿੰਘ VSM, ਲੈਫਟੀਨੈਂਟ ਜਨਰਲ ਕੇ ਐਸ ਗਿੱਲ PVSM, ਡਾ. ਐਸ ਐਸ ਜੌਹਲ ਪਦਮ ਵਿਭੂਸ਼ਨ, ਸ੍ਰ. ਜੁਗਰਾਜ ਸਿੰਘ ਗਿੱਲ (ਸਾਬਕਾ ਵਿਧਾਇਕ ਅਤੇ ਚੇਅਰਮੈਨ PMB), ਸ੍ਰ. ਇੰਦਰਜੀਤ ਸਿੰਘ ਨਰੂਲਾ ਅਤੇ ਕਰਨਲ ਜਗਤਾਰ ਸਿੰਘ ਮੁਲਤਾਨੀ

# ਸਿਕਲੀਗਰ ਤੇ ਵਣਜਾਰਿਆਂ ਦੇ ਬੱਚਿਆਂ ਲਈ ਚਾਨਣ ਮੁਨਾਰਾ ਬਣੀ

## ਸਿੱਖ ਕੌਂਸਲ ਆਫ ਸਕਾਟਲੈਂਡ (ਰਜਿ:)



**ਸਿੱਖ ਕੌਂਸਲ ਆਫ ਸਕਾਟਲੈਂਡ (ਰਜਿ:) ਵਲੋਂ ਮੱਧ ਪ੍ਰਦੇਸ਼ ਦੇ ਵੱਖ ਵੱਖ ਸ਼ਹਿਰਾਂ ਵਿਖੇ ਸਥਿਤ ਸਕੂਲਾਂ ਤੇ ਵਿਦਿਆਰਥੀਆਂ ਦੀ ਗਿਣਤੀ ਅਤੇ ਕੁੱਲ ਖਰਚੇ ਦਾ ਸਮੁੱਚਾ ਵੇਰਵਾ, ਜਿਨ੍ਹਾਂ ਅੰਦਰ ਸਿਕਲੀਗਰ ਤੇ ਵਣਜਾਰਿਆਂ ਦੇ ਬੱਚੇ ਆਧੁਨਿਕ ਸਿੱਖਿਆ ਪ੍ਰਾਪਤ ਕਰ ਰਹੇ ਹਨ।**

| ਲੜੀ ਨੰ | ਸਕੂਲ ਦਾ ਨਾਮ ਅਤੇ ਸ਼ਹਿਰ | ਸਕੂਲ ਫੀਸ | ਬੱਸ ਫੀਸ | ਕਿਤਾਬਾਂ ਦਾ ਖਰਚਾ | ਵਰਦੀ | ਕੁੱਲ ਜੋੜ | ਕੁੱਲ ਬੱਚੇ |
|---|---|---|---|---|---|---|---|
| 1. | ਸ੍ਰੀ ਸਾਈ ਬਾਬਾ ਪਬਲਿਕ ਸਕੂਲ, ਖਖਨਾਰ | 80,500 | 26,000 | 10,911 | 7440 | 124851/- | 13 |
| 2. | ਦ ਔਕਸਫੋਰਡ ਸਕੂਲ, ਖਖਨਾਰ | 90,000 | 42,000 | 38600 | 33000 | 203600/- | 12 |
| 3. | ਗੁਰੂਕੁਲ ਅਕੈਡਮੀ ਹਾਇਰ ਸੈਕੰਡਰੀ ਸਕੂਲ ਸੇਂਧਵਾ | 416000 | 650000 | 97651 | 139384 | 1303035/- | 65 |
| 4. | ਫਿਊਜ਼ਨ ਹਾਇਰ ਸੈਕੰਡਰੀ ਸਕੂਲ, ਸੇਂਧਵਾ | 291000 | 140000 | 27600 | – | 458600/- | 19 |
| 5. | ਭਾਰਤ ਭਾਰਤੀ ਕੌਨਵੈਂਟ ਸਕੂਲ, ਮਲਕਾਪੁਰ | 860000 | 56000 | 30400 | 19590 | 191990/- | 16 |
| 6. | ਨਿਊ ਗਿਆਨਦੀਪ ਵਿਦਿਆ ਵਿਹਾਰ ਮੰਦਰ ਹਾਇਰ ਸੈਕੰਡਰੀ ਸਕੂਲ, ਡੋਈਫੋਡੀਆ (ਖਖਨਾਰ) | 155100 | 66900 | 33143 | 24140 | 279283/- | 19 |
| 7. | ਮਾਨਸੀ ਕਿਡਜ਼ ਅਕੈਡਮੀ ਸਕੂਲ, ਚਾਚਰੀਆ | 93300 | 72000 | 38290 | – | 203590/- | 24 |
| 8. | ਸ਼ਾਰਦਾ ਹਾਇਰ ਸੈਕੰਡਰੀ ਸਕੂਲ, ਖਰਗੋਨ | 103000 | 72000 | 17350 | 19000 | 211350/- | 12 |
| 9. | ਫਿਊਚਰ ਫਲਾਇੰਗ ਸਕੂਲ, ਬਮਨਾਲਾ ਬੇਹਰਾਮਪੁਰ ਤੇਮਾ | 395500 | 155000 | 53450 | 46500 | 650450/- | 31 |
| 10. | ਜਾਗਰਤੀ ਵਿਦਿਆ ਵਿਹਾਰ ਹਾਇਰ ਸੈਕੰਡਰੀ ਸਕੂਲ, ਬਲਵਾੜੀ | 1429800 | 545000 | 213011 | 161400 | 2349211/- | 109 |
| 11. | ਸੋਫੀਆ ਕੌਨਵੈਂਟ ਸੀਨੀਅਰ ਸੈਕੰਡਰੀ ਸਕੂਲ, ਖੰਡਵਾ | 58520 | – | – | – | 58520/- | 4 |
| | ਕੁੱਲ ਜੋੜ | 31,98,720 | 18,24,900 | 5,60,406 | 4,50,454 | 60,34,480 | 324 |

# ਸਿਕਲੀਗਰਾਂ, ਵਚਜਾਰੇ ਅਤੇ ਸਤਿਨਾਮੀਆਂ ਦੀ ਸੇਵਾ ਨੂੰ ਸਮਰਪਤ ਸਿੱਖ ਕੌਂਸਲ ਆਫ ਸਕਾਟਲੈਂਡ ਦੀਆਂ ਸਰਗਰਮੀਆਂ



ਸ੍ਰ. ਚੇਤਨ ਸਿੰਘ ਵੱਲੋਂ ਦਿੱਤੀ ਜਮੀਨ 'ਤੇ ਸਿੱਖ ਕੌਂਸਲ ਆਫ ਸਕਾਟਲੈਂਡ ਵੱਲੋਂ ਦੇਵਪੁਰੀ, ਰਾਇਪੁਰ, ਵਿਖੇ ਗੁਰਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਉਸਾਰ ਕੇ ਸਤਿਨਾਮੀ ਸਮਾਜ ਨੂੰ ਸੌਂਪਿਆ ਗਿਆ



ਫਿਊਜ਼ਨ ਹਾਇਰ ਸੈਕੰਡਰੀ ਸਕੂਲ ਸੇਂਧਵਾ ਵਿਜੇਪਾਲ ਸਿੰਘਤੇ ਉਨ੍ਹਾਂ ਦੀ ਪਤਨੀ ਸੁਰਿੰਦਰ ਕੌਰ



ਸ਼ਾਰਦਾ ਹਾਇਰ ਸੈਕੰਡਰੀ ਸਕੂਲ ਖਰਗੌਣ, ਮੱਧ ਪ੍ਰਦੇਸ਼ ਬੱਚੇ ਨੂੰ ਗਲਵੱਕੜੀ ਵਿੱਚ ਲੈਂਦੇ ਹੋਏ ਸਰਦਾਰ ਸੁਲੱਖਣ ਸਿੰਘ ਜੀ



ਭਾਰਤ ਭਾਰਤੀ ਕਾਨਵੈਂਟ ਸਕੂਲ ਮਲਕਾਪੁਰ ਦੇ ਬੱਚੇ ਗੁਰਦੀਪ ਸਿੰਘ ਸਮਰਾ, ਸੁਲੱਖਣ ਸਿੰਘ ਸਮਰਾ, ਹਰਕੰਵਰ ਸਿੰਘ ਦਿੱਲੀ



ਸੰਸਥਾ ਵੱਲੋਂ ਹਰ ਸਾਲ ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰਾ ਤੋਂ ਪੰਜਾਬ ਅਤੇ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਦੀ ਯਾਤਰਾ ਕਰਵਾਈ ਜਾਂਦੀ ਹੈ

# ਸਿਕਲੀਗਰਾਂ ਨੂੰ ਸਮਰੱਥ ਬਨਾਉਣ ਲਈ ਸਵੈ-ਰੋਜ਼ਗਾਰ ਮੁਹੱਈਆ ਕਰਵਾਉਂਦੀ ਸਿੱਖ ਕੌਂਸਲ ਆਫ ਸਕਾਟਲੈਂਡ



ਫਿਊਚਰ ਫਲਾਇੰਗ ਸਕੂਲ ਬਮਨਾਲਾ ਸਿਗਨੂਰ ਪਿੰਡ ਦੇ ਬੱਚੇ ਨਾਲ ਖੜ੍ਹੇ ਹਨ ਵਿਜੇਪਾਲ ਸਿੰਘ, ਬੀਬੀ ਸੁਰਿੰਦਰ ਕੌਰ, ਡਾ. ਇੰਦਰਜੀਤ ਸਿੰਘ, ਬੀਬੀ ਅਮਰਜੀਤ ਕੌਰ, ਗੁਰਦੀਪ ਸਿੰਘ ਸਮਰਾ, ਤਰਨਦੀਪ ਸਿੰਘ ਸੰਧਰ, ਹਰਕੰਵਰ ਸਿੰਘ ਦਿੱਲੀ




ਬੜਵਾ ਸਿਲਾਈ ਸੈਂਟਰ ਦੀ ਟੀਚਰ ਨੂੰ ਸਨਮਾਨ ਦਿੰਦੇ ਹੋਏ ਗੁਰਦੀਪ ਸਿੰਘ, ਸੁਲੱਖਣ ਸਿੰਘ ਤੇ ਡਾਕਟਰ ਇੰਦਰਜੀਤ ਸਿੰਘ




ਪਡਾਲੀ ਸਲਾਈ ਸੈਂਟਰ ਸਕੂਲ ਦੇ ਬੱਚਿਆਂ ਨੂੰ ਮਸ਼ੀਨਾਂ ਤੇ ਸਰਟੀਫਿਕੇਟ ਦਿੰਦੇ ਹੋਏ ਬਲਦੇਵ ਸਿੰਘ ਵਿੱਜ, ਗੁਰਦੀਪ ਸਿੰਘ ਸਮਰਾ, ਸੁਲੱਖਣ ਸਿੰਘ, ਵਿਜੇਪਾਲ ਸਿੰਘ, ਡਾ. ਇੰਦਰਜੀਤ ਸਿੰਘ, ਬੀਬੀ ਅਮਰਜੀਤ ਕੌਰ ਅਤੇ ਸੁਰਿੰਦਰ ਕੌਰ



ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਵਿੱਚ ਗੁਰਦੀਪ ਸਿੰਘ ਸਮਰਾ, ਮਨਜੀਤ ਕੌਰ ਸਮਰਾ, ਰਵਿੰਦਰ ਕੌਰ ਸੰਧਰ ਤੇ ਪ੍ਰਚਾਰਕ ਸੰਜੀਵਨ ਸਿੰਘ ਨੂੰ ਸਨਮਾਨਿਤ ਕੀਤਾ ਗਿਆ

# ਸਿੱਖ ਕੌਂਸਲ ਆਫ ਸਕਾਟਲੈਂਡ ਵੱਲੋਂ ਪੰਜਾਬ ਆਉਣ 'ਤੇ ਸਿਕਲੀਗਰ ਬੱਚਿਆਂ ਅਤੇ ਪਰਿਵਾਰਾਂ ਦਾ ਸਨਮਾਨ



ਗੁਰੂ ਅੰਗਦ ਦੇਵ ਵਿਦਿਅਕ ਅਤੇ ਭਲਾਈ ਕੌਂਸਲ, ਲੁਧਿਆਣਾ ਵੱਲੋਂ ਚਲਾਏ ਜਾ ਰਹੇ ਸਿਲਾਈ ਸੈਂਟਰ ਵਿਖੇ ਸਿੱਖ ਕੌਂਸਲ ਆਫ ਸਕਾਟਲੈਂਡ ਵੱਲੋਂ ਗੁਰਮੇਲ ਸਿੰਘ ਧਾਮੀ ਦੀ ਸਰਪ੍ਰਸਤੀ ਹੇਠ ਬੱਚਿਆਂ ਨੂੰ ਮੁਫਤ ਸਿਲਾਈ ਮਸ਼ੀਨਾਂ ਵੰਡੀਆਂ ਗਈਆਂ। ਸਿੱਖ ਕੌਂਸਲ ਆਫ ਸਕਾਟਲੈਂਡ ਅਤੇ ਗੁਰੂ ਅੰਗਦ ਦੇਵ ਵਿਦਿਅਕ ਭਲਾਈ ਕੌਂਸਲ ਦੇ ਮੈਂਬਰ ਨਾਲ ਖੜੇ ਨਜ਼ਰ ਆ ਰਹੇ ਹਨ।



ਮੱਧ ਪ੍ਰਦੇਸ਼ ਤੋਂ ਆਏ ਸਿਕਲੀਗਰ, ਵਣਜਾਰਿਆਂ ਨੂੰ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਵਿਖੇ ਸਨਮਾਨਤ ਕੀਤਾ ਗਿਆ



ਸਿੱਖ ਕੌਂਸਲ ਆਫ ਸਕਾਟਲੈਂਡ ਵੱਲੋਂ ਮਹਾਰਾਸ਼ਟਰਾ ਅਤੇ ਮੱਧ ਪ੍ਰਦੇਸ਼ ਦੇ ਸਿਕਲੀਗਰ ਅਤੇ ਵਣਜਾਰਿਆਂ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਦਰਸ਼ਨ ਕਰਾਉਣ ਲਈ ਲਿਜਾਂਦੇ ਸਮੇਂ ਲੁਧਿਆਣੇ ਦੀਆਂ ਸੰਗਤਾਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ।

# ਸਮਾਜ ਦੇ ਮਾਲੀ ਕਮਜ਼ੋਰ ਵਰਗ ਨੂੰ ਸਮਰਪਤ ਗੁਰਮਤਿ ਭਵਨ-ਗੁਰੂ ਨਾਨਕ ਚੈਰੀਟੇਬਲ ਟਰੱਸਟ, ਮੁੱਲਾਂਪੁਰ, ਲੁਧਿਆਣਾ




ਅੰਗਹੀਣਾਂ ਲਈ ਕੈਂਪ ਦੌਰਾਨ ਮਰੀਜ, ਮਹਿਮਾਨ ਅਤੇ ਸਟਾਫ



ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮੌਕੇ (20-9-2018) ਭਵਨ ਅੰਦਰ ਪਤਵੰਤੇ ਸੱਜਣ



ਡਾਕਟਰ ਗੁਰਮੇਲ ਸਿੰਘ ਮਰੀਜ ਦੀਆਂ ਅੱਖਾਂ ਦਾ ਮੁਆਇਨਾ ਕਰਦੇ ਹੋਏ



ਲੋੜਵੰਦ ਅੰਗਹੀਣ ਵਿਅਕਤੀਆਂ ਨੂੰ ਟ੍ਰਾਈ ਸਾਈਕਲ/ਵੀਲ ਚੇਅਰ ਦਿੰਦੇ ਹੋਏ

# ਸਮਾਜ ਦੇ ਮਾਲੀ ਕਮਜ਼ੋਰ ਵਰਗ ਨੂੰ ਸਮਰੱਥ ਬਣਾਉਂਦਾ ਗੁਰਮਤਿ ਭਵਨ-ਗੁਰੂ ਨਾਨਕ ਚੈਰੀਟੇਬਲ ਟਰੱਸਟ, ਮੁੱਲਾਂਪੁਰ, ਲੁਧਿਆਣਾ



ਗੁਰਮਤਿ ਭਵਨ ਅੰਦਰ ਸਿਲਾਈ ਕਢਾਈ ਦੀ ਚੱਲ ਰਹੀ ਕਲਾਸ ਵਿੱਚ ਸਿਖਿਆਰਥੀ



ਕੰਪਿਊਟਰ ਸਿਖਿਆਰਥੀ




ਰੰਗਾ-ਰੰਗ ਪ੍ਰੋਗਰਾਮ ਦੌਰਾਨ ਬੱਚੇ ਭੰਗੜਾ ਪਾਉਦੇਂ ਹੋਏ



ਭਵਨ ਦੀਆਂ ਬੱਚੀਆਂ ਬਾਲ ਦਿਵਸ ਤੇ ਅਪਣਾ ਪ੍ਰੋਗਰਾਮ ਪੇਸ਼ ਕਰਦੀਆਂ ਹੋਈਆਂ

10. 2016 ਵਿੱਚ ਇੰਟਰਨੈਸ਼ਨਲ ਸਿੱਖ ਸੰਗਠਨ ਵੱਲੋਂ ਸਾਰੇ ਸਿਕਲੀਗਰ ਮੁਖੀਆਂ ਤੇ ਹੈਦਰਾਬਾਦ ਦੇ ਪ੍ਰਸਿੱਧ ਵਿਅਕਤੀਆਂ ਨੂੰ ਨਾਲ ਲੈ ਕੇ ਇੱਕ ਸੈਮੀਨਾਰ ਕੀਤਾ ਗਿਆ ਅਤੇ ਇਸ ਸੈਮੀਨਾਰ ਦੀ ਫਾਲੋਅਪ ਲਈ ਅਸੀਂ ਇੱਕ ਅਭਿਆਨ ਸ਼ੁਰੂ ਕੀਤਾ ਜਿਸ ਨੂੰ "ਆਪਰੇਸ਼ਨ ਜਾਗੋ" ਦਾ ਨਾਮ ਦਿੱਤਾ ਗਿਆ ਹੈ।

11. ਇਸ "ਆਪਰੇਸ਼ਨ ਜਾਗੋ" ਅਭਿਆਨ ਤਹਿਤ ਅਸੀਂ 2016 ਵਿੱਚ ਸਭ ਤੋਂ ਪਹਿਲਾਂ ਅਸੀਂ ਇਸ ਭਾਈਚਾਰੇ ਵਿੱਚੋਂ ਲਏ ਗਏ ਨੌਜਵਾਨਾਂ ਦੇ 5 ਬੈਚ ਬਣਾ ਕੇ 36 ਸਿਕਲੀਗਰਾਂ ਨੂੰ ਸਰਕਾਰੀ ਮਾਨਤਾ ਪ੍ਰਾਪਤ ਲੋਕਲ ਸੰਸਥਾਵਾਂ ਵਿੱਚ, ਫੈਕਟਰੀਆਂ ਵਿੱਚ ਮਸ਼ੀਨ ਅਤੇ ਟੂਲ ਹੁਨਰ ਟਰੇਨਿੰਗ ਦਿਵਾ ਕੇ ਤਿਆਰ ਕਰਵਾਏ। ਇਨ੍ਹਾਂ ਸਾਰਿਆਂ ਨੇ ਬੜਾ ਵਧੀਆ ਕੰਮ ਕੀਤਾ ਤੇ ਚੰਗੀਆਂ ਤਨਖਾਹਾਂ ਤੇ ਨੌਕਰੀਆਂ ਕਰ ਰਹੇ ਹਨ।

12. ਦੂਜੇ ਪੜਾਅ ਵਿੱਚ ਅਸੀਂ ਇੱਕ ਪ੍ਰਾਇਮਰੀ ਸਕੂਲ ਸ਼ੁਰੂ ਕੀਤਾ ਹੈ ਜਿਸ ਵਿੱਚ ਚੋਥੀ ਜਮਾਤ ਤੱਕ ਕੋਈ 150 ਵਿਦਿਆਰਥੀ ਪੜ੍ਹਦੇ ਹਨ ਜਿਸ ਦੀ ਉਸਾਰੀ ਮਾਇਆ ਕਰਕੇ ਹੋਲੀ ਚੱਲ ਰਹੀ ਹੈ। ਸਾਨੂੰ ਇਸ ਸਾਲ 13 ਲੱਖ ਰੁਪਏ ਦੀ ਲੋੜ ਹੈ। ਅਗਲੇ ਸਾਲ ਇਸ ਨੂੰ ਹਾਈ ਸਕੂਲ ਤੱਕ ਲੈ ਜਾਵਾਂਗੇ। ਜਿਸ ਲਈ ਹੋਰ ਮਾਇਆਂ ਦੀ ਲੋੜ ਹੋਵੇਗੀ (ਲਗਭਗ 22 ਲੱਖ ਰੁਪਏ)।

13. ਇੰਟਰਨੈਸ਼ਨਲ ਸਿੱਖ ਕਨਫੈਡੇਰੇਸ਼ਨ (ਆਈ. ਐਸ. ਸੀ.) ਨੇ ਪੰਜਾਬ 'ਚ ਕੰਮ ਕਰ ਰਹੇ ਆਪਣੇ ਸਕਿਲ ਸੈਂਟਰਾਂ ਵਿੱਚ ਬੇਰੁਜ਼ਗਾਰ ਵਿਦਿਆਰਥੀਆਂ ਦੇ ਦਾਖਲੇ ਲਈ ਅਮਲੀ ਯੋਜਨਾ ਤਿਆਰ ਕੀਤੀ ਹੈ। ਸਾਡੀਆਂ ਟੀਮਾਂ ਪਹਿਲਾਂ ਸੀਮਾਂਤ ਜ਼ਿਲ੍ਹਿਆਂ ਦੇ ਯੋਗ ਨੌਜਵਾਨ ਕੜਕੇ ਤੇ ਲੜਕੀਆਂ ਨੂੰ ਸਾਡੇ ਵੱਲੋਂ ਸਫਲਤਾ ਪੂਰਵਕ ਚਲਾਏ ਜਾ ਰਹੇ ਸਕਿਲ ਟਰੇਨਿੰਗ ਸੈਂਟਰਾਂ ਵਿੱਚ ਦਾਖਲ ਹੋਣ ਲਈ ਉਤਸ਼ਾਹਤ ਕਰ ਰਹੀਆਂ ਹਨ। ਇਸ ਨੂੰ ਹੁਣ ਸਾਡੇ ਕੋਚਿੰਗ ਸੈਂਟਰਾਂ ਵਿੱਚ ਵੀ ਪੂਰੀ ਤਾਕਤ ਨਾਲ ਅੱਗੇ ਵਧਾਇਆ ਜਾਵੇਗਾ।

14. ਅਸੀਂ ਭਾਰਤੀ ਦਾਨੀਆਂ ਦੇ ਧੰਨਵਾਦੀ ਹਾਂ ਜੋ ਸਾਨੂੰ ਸਮਾਜ ਭਲਾਈ ਲਈ ਮਾਇਕ ਰੂਪ ਵਿੱਚ ਸਹਾਇਤਾ ਦਿੰਦੇ ਹਨ।



**ਭਾਰਤੀ ਫੌਜ ਦੇ ਉੱਚ ਅਹੁਦਿਆਂ ਤੇ ਰਹਿ ਵੱਖ-ਵੱਖ ਫੌਜੀ ਅਕਾਦਮੀਆਂ ਵਿੱਚ ਸੇਵਾ ਨਿਭਾ ਕੇ ਸੇਵਾ ਮੁਕਤੀ ਤੋਂ ਬਾਅਦ ਲੈਫਟੀਨੈਂਟ ਜਨਰਲ ਕਰਤਾਰ ਸਿੰਘ ਗਿੱਲ ਨੇ ਸਿੱਖਾਂ ਦੀ ਵਿਗੜੀ ਸਵਾਰਨ ਵੱਲ ਯੋਗਦਾਨ ਪਾਉਣ ਵਿੱਚ ਕੋਈ ਕਮੀ ਨਹੀਂ ਛੱਡੀ ਹੈ। ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ ਦਾ ਗਠਨ ਕਰ ਅਨੇਕਾਂ ਪਹਿਲਕਦਮੀਆਂ ਕਰਕੇ ਸਿਕਲੀਗਰ, ਵਣਜਾਰੇ ਅਤੇ ਪੰਜਾਬ ਵਿੱਚ ਸਿੱਖਾਂ ਦੇ ਕਮਜ਼ੋਰ ਵਰਗਾਂ ਲਈ ਵਿੱਦਿਆ ਅਤੇ ਹੁਨਰ ਪ੍ਰਾਪਤੀ ਕਈ ਪ੍ਰੋਗਰਾਮ ਉਲੀਕੇ ਜੋ ਕਿ ਸਫਲਤਾ ਨਾਲ ਚੱਲ ਰਹੇ ਹਨ। ਚੰਡੀਗੜ੍ਹ ਵਾਸੀ ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ ਦੇ ਬਾਨੀ ਅਤੇ ਸੈਕਟਰੀ ਜਨਰਲ ਹਨ। ਉਨ੍ਹਾਂ ਨਾਲ ਈਮੇਲ** kartarsikhconfideration@yahoo.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਸਿਕਲੀਗਰ ਤੇ ਵਣਜਾਰਿਆ ਲਈ ਰਹਿਬਰ ਬਣੀ ਸੰਸਥਾ ਸਿੱਖ ਕੌਂਸਲ ਆਫ ਸਕਾਟਲੈਂਡ

**ਰਣਜੀਤ ਸਿੰਘ ਖ਼ਾਲਸਾ**

ਸੰਨ 2001 ਦੀ ਗੱਲ ਹੈ ਕਿ ਸਿੱਖ ਮਿਸ਼ਨਰੀ ਕਾਲਜ ਦੇ ਮਾਸਿਕ ਪੱਤਰ ਸਿੱਖ ਫੁੱਲਵਾੜੀ ਵਿੱਚ ਸਿਕਲੀਗਰ ਵਣਜਾਰਿਆਂ ਬਾਰੇ ਛਪੇ ਲੇਖ ਨੂੰ ਸਕਾਟਲੈਂਡ ਦੇ ਵੀਰਾਂ ਨੇ ਜਦ ਪੜ੍ਹਿਆ ਤਾਂ ਉਨ੍ਹਾਂ ਦਾ ਕਲੇਜਾ ਵਲੂੰਧਰਿਆ ਗਿਆ। ਉਨ੍ਹਾਂ ਦਾ ਮਨ ਨਹੀਂ ਸੀ ਮੰਨਦਾ ਕਿ ਕਰੋੜਾਂ ਦੀ ਗਿਣਤੀ ਵਿੱਚ ਸੱਚ ਮੁੱਚ ਕੋਈ ਸਾਬਤ ਸੂਰਤ ਗੁਰੂਸਿੱਖ ਪੰਜਾਬ ਤੋਂ ਬਾਹਰ ਰਹਿੰਦੇ ਹੋਣਗੇ। ਇਸ ਅਸਲੀਅਤ ਨੂੰ ਜਾਨਣ ਲਈ 10 ਵੀਰਾਂ ਦਾ ਜੱਥਾ ਯੂ ਕੇ ਤੋਂ ਚਲ ਕੇ ਨਾਗਪੁਰ, ਸ. ਮਲਕੀਤ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ ਕੋਲ ਪਹੁੰਚ ਗਿਆ। ਉਨ੍ਹਾਂ ਨੇ ਜੱਥੇ ਦਾ ਭਰਵਾਂ ਸਵਾਗਤ ਕਰਦੇ ਹੋਏ ਜਦ ਵੱਖ ਵੱਖ ਬਸਤੀਆਂ ਵਿੱਚ ਝੁੱਘੀਆਂ-ਝੋਂਪੜੀਆਂ ਵਿੱਚ ਵੱਸਦੇ ਗੁਰਸਿੱਖਾਂ ਦੇ ਦਰਸ਼ਨ ਕਰਵਾਏ ਤਾਂ ਮੈਂਬਰਾਂ ਨੂੰ ਵਿਸ਼ਵਾਸ਼ ਹੋ ਗਿਆ ਕਿ ਸਿੱਖ ਫੁੱਲਵਾੜੀ ਵਿੱਚ ਛਪਿਆ ਲੇਖ ਠੀਕ ਸੀ।

ਸ੍ਰ. ਮਲਕੀਤ ਸਿੰਘ ਜੀ ਨੇ ਵੱਖ ਵੱਖ ਇਲਾਕਿਆਂ ਵਿੱਚ ਵੱਸ ਰਹੇ ਸਿਕਲੀਗਰ, ਵਣਜਾਰਿਆਂ ਸਬੰਧੀ ਭਰਪੂਰ ਜਾਣਕਾਰੀ ਦਿੰਦਿਆਂ ਉਨ੍ਹਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਸੁਣਾਈਆਂ। ਇਹ ਸਭ ਕੁਝ ਸੁਣਨ ਅਤੇ ਦੇਖਣ ਉਪਰੰਤ ਸਕਾਟਲੈਂਡ ਤੋਂ ਆਏ ਮੈਂਬਰਾਂ ਵੱਲੋਂ ਸ੍ਰ. ਜਸਵਿੰਦਰ ਸਿੰਘ ਅਕਾਲੀ ਦੀ ਪ੍ਰਧਾਨਗੀ ਹੇਠ ਸਿੱਖ ਕੌਂਸਲ ਆਫ ਸਕਾਟਲੈਂਡ ਸਥਾਪਿਤ ਕਰਨ ਦਾ ਨਿਰਣਾ ਲਿਆ ਗਿਆ।

ਹੁਣ ਸਿੱਖ ਕੋਂਸਲ ਆਫ ਸਕਾਟਲੈਂਡ ਸ. ਸੁਲੱਖਣ ਸਿੱਘ, ਸ. ਗੁਰਦੀਪ ਸਿੰਘ ਸਮਰਾ ਦੀ ਯੋਗ ਅਗਵਾਈ ਹੇਠ ਕੰਮ ਕਰ ਰਹੀ ਹੈ। ਸੰਸਥਾ ਦੇ ਸਮੂਹ ਮੈਂਬਰਾਂ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜ, ਖਾਸ ਕਰਕੇ ਭਾਰਤ ਦੇ ਵੱਖ ਵੱਖ ਰਾਜਾਂ ਵਿੱਚ ਵੱਸਦੇ ਸਿਕਲੀਗਰਾਂ ਅਤੇ ਵਣਜਾਰਿਆਂ ਦੇ ਬੱਚਿਆਂ ਨੂੰ ਸਿੱਖੀ ਦੇ ਕੇਂਦਰੀ ਧੁਰੇ ਨਾਲ ਜੋੜਨ, ਅਨਪੜ੍ਹਤਾ ਦੇ ਹਨੇਰੇ ਵਿੱਚੋ ਕੱਢ ਕੇ ਵਿੱਦਿਆ ਰੂਪੀ ਗਿਆਨ ਦਿਵਾ ਕੇ ਸਮੇਂ ਦੇ ਹਾਣੀ ਬਣਾਉਣ ਅਤੇ ਉਹਨਾਂ ਦੇ ਲਈ ਢੁਕਵੇ ਰੋਜ਼ਗਾਰ ਦੇ ਸਾਧਨ ਉਪਲੱਬਧ ਕਰਵਾਉਣ ਦੇ ਨਾਲ ਨਾਲ ਭੁੱਲੇ ਵਿਸਰੇ ਗੁਰੂ ਨਾਨਕ ਨਾਮ ਲੇਵਾ ਸਿਕਲੀਗਰ ਤੇ ਵਣਜਾਰੇ ਵੀਰਾਂ ਨੂੰ ਆਪਣੇ ਕਲੇਵੇ ਵਿੱਚ ਲੈਣ ਲਈ ਜੋ ਸੇਵਾ ਕਾਰਜ ਸੰਗਤਾਂ ਦੇ ਸਹਿਯੋਗ ਨਾਲ ਕੀਤੇ ਜਾ ਰਹੇ ਹਨ ਉਹ ਸਮੁੱਚੀ ਮਨੁੱਖਤਾ ਦੇ ਲਈ ਪ੍ਰੇਰਣਾ ਦਾ ਸਰੋਤ ਹਨ।

ਇਸੇ ਲੜੀ ਤਹਿਤ ਸਿੱਖ ਕੌਂਸਲ ਆਫ ਸਕਾਟਲੈਂਡ ਦੇ ਉੱਦਮੀ ਗੁਰਸਿੱਖ ਵੀਰਾਂ ਨੇ ਇੱਕ ਮਹੱਤਵਪੂਰਨ ਰੋਲ ਅਦਾ ਕਰਦਿਆ ਹੋਇਆ ਸਿਕਲੀਗਰ ਤੇ ਵਣਜਾਰੇ ਸਿੱਖਾਂ ਦੇ ਗਰੀਬ ਬੱਚਿਆ ਨੂੰ ਨਿਸ਼ਕਾਮ ਰੂਪ 'ਚ ਉਚ ਦਰਜੇ ਦੀ ਪੜ੍ਹਾਈ ਕਰਵਾਉਣ ਦਾ ਬੀੜਾ ਚੁੱਕਦਿਆ ਹੋਇਆ। ਮੱਧ ਪ੍ਰਦੇਸ਼, ਮਹਾਰਾਸ਼ਟਰਾ ਤੇ ਆਧਰਾ ਪ੍ਰਦੇਸ਼ ਦੇ ਵੱਖ-ਵੱਖ ਇਲਾਕਿਆ ਵਿੱਚੋ 250 ਬੱਚਿਆਂ ਨੂੰ ਅਪਣਾ ਕੇ ਇਕ ਮਿਸਾਲੀ ਕਾਰਜ ਕੀਤਾ ਹੈ।

ਇਸੇ ਮਿਸਾਲੀ ਕਾਰਜ ਦੇ ਨਾਲ ਨਾਲ ਸਿਕਲੀਗਰ ਅਤੇ ਵਣਜਾਰਿਆ ਨੂੰ ਮੁੜ ਪੰਥ

ਦੀ ਮੂਲਧਾਰਾ ਨਾਲ ਜੋੜਨ, ਜੀਵਨ ਪੱਧਰ ਉਪਰ ਚੁੱਕਣ ਅਤੇ ਉਹਨਾਂ ਦੇ ਕਲਿਆਣ ਹਿੱਤ ਬੱਚਿਆ ਨੂੰ ਉਚ ਪੱਧਰ ਦੀ ਸਿੱਖਿਆ ਦਿਵਾਉਣ ਦੇ ਵੱਡੇ ਟੀਚਿਆ ਨੂੰ ਲੈ ਕੇ ਸਮੂਹ ਸੰਗਤਾ ਦੇ ਸਹਿਯੋਗ ਨਾਲ ਸੇਵਾ ਕਾਰਜਾਂ ਵਿੱਚ ਜੁੱਟੀ ਸੰਸਥਾਂ ਸਿੱਖ ਕੌਂਸਲ ਆਫ ਸਕਾਟਲੈਂਡ ਦਾ ਇੱਕੋ-ਇੱਕ ਮੁੱਖ ਨਿਸ਼ਾਨਾ ਹੈ ਕਿ ਸਿਕਲੀਗਰ, ਵਣਜਾਰਿਆ, ਸਤਿਨਾਮੀਏ, ਜੌਹਰੀ, ਆਸਾਮੀ, ਬਿਹਾਰੀ, ਥਾਰੂ, ਲਾਮੇ ਸਿੰਧੀ ਅਤੇ ਹੋਰ ਗੁਰੂ ਨਾਨਕ ਨਾਮਲੇਵਾ ਸਿੱਖਾਂ ਨੂੰ ਗਲਵਕੜੀ ਵਿਚ ਲੈ ਕੇ ਗੁਰੂ ਸਾਹਿਬਾਨ ਵੱਲੋਂ ਲਗਾਈ ਗਈ ਸਿੱਖੀ ਦੀ ਫੁਲਵਾੜੀ ਨੂੰ ਹੋਰ ਵਧਾਇਆ ਜਾਵੇ ਅਤੇ ਕੌਮ ਦੇ ਭੁੱਲੇ ਵਿਸਰੇ ਵੀਰਾਂ ਨੂੰ ਗੁਰਬਤ ਭਰੀ ਜ਼ਿੰਦਗੀ ਵਿੱਚੋਂ ਕੱਢ ਕੇ ਸਮੇਂ ਦੇ ਹਾਣੀ ਬਣਾਇਆ ਜਾਵੇ।

ਇਸੇ ਮਿਸ਼ਨ ਦੀ ਪ੍ਰਾਪਤੀ ਹਿੱਤ ਸਿੱਖ ਕੌਂਸਲ ਆਫ ਸਕਾਟਲੈਂਡ ਵੱਲੋਂ ਮੱਧ ਪ੍ਰਦੇਸ਼ ਦੇ ਵੱਖ-ਵੱਖ ਇਲਾਕਿਆ ਦੀਆ ਬਸਤੀਆ ਅਤੇ ਪਿੱਡਾ ਜਿਵੇਂ ਪਾਚੋਰੀ, ਖਕਨਾਰ, ਮਲਕਾਪੁਰ, ਖਰਗੋਨ, ਕਾਜਲਪੁਰਾ ਤੇ ਸਿੱਗਨੂਰ ਆਦਿ ਤੋਂ ਕੁੱਲ 350 ਬੱਚਿਆ ਨੂੰ ਅਪਣਾ ਕੇ ਉਨ੍ਹਾਂ ਨੂੰ ਪਹਿਲੀ ਕਲਾਸ ਤੋਂ ਲੈ ਕੇ ਕਾਲਜ ਪੱਧਰ ਦੀ ਉਚ ਵਿੱਦਿਆ ਦਿਵਾਉਣ ਦੇ ਕਾਰਜ ਦੀ ਆਰੰਭਤਾ ਕਰ ਦਿੱਤੀ ਗਈ ਹੈ। ਇਸੇ ਹੀ ਕੜੀ ਦੇ ਅੰਤਰਗਤ ਸਿੱਖ ਕੌਂਸਲ ਆਫ ਸਕਾਟਲੈਂਡ ਵੱਲੋਂ ਜਲਦੀ ਹੀ 100 ਦੇ ਕਰੀਬ ਹੋਰ ਬੱਚਿਆ ਨੂੰ ਵੀ ਮਿਆਰੀ ਵਿੱਦਿਆ ਦਿਵਾਉਣ ਦਾ ਵੱਡਾ ਪ੍ਰੋਜੈਕਟ ਸ਼ੁਰੂ ਕੀਤਾ ਜਾ ਰਿਹਾ ਹੈ।

ਦੂਜਾ ਸਿਕਲੀਗਰਾ ਦੀਆ ਬੱਚੀਆਂ ਨੂੰ ਸਿਲਾਈ ਤੇ ਕਢਾਈ ਦੀ ਸਿਖਲਾਈ ਦੇਣ ਹਿੱਤ ਕੌਂਸਲ ਵੱਲੋਂ ਪਡਾਂਲੀ, ਬੜਵਾਹਾ ਤੇ ਪੱਡੂਰਨਾ ਵਿਖੇ ਖੋਹਲੇ ਗਏ ਤਿੰਨ ਸਿਲਾਈ ਸੈਂਟਰਾਂ ਦਾ ਹੋਰ ਵਿਸਥਾਰ ਕਰ ਦਿੱਤਾ ਗਿਆ ਹੈ। ਸਿੱਖ ਕੌਂਸਲ ਆਫ ਸਕਾਟਲੈਂਡ ਸੰਸਥਾ ਦੇ ਉਦਮੀ ਵੀਰਾਂ ਦਾ ਇੱਕੋ-ਇੱਕ ਮੁੱਖ ਨਿਸ਼ਾਨਾਂ ਹੈ ਕਿ ਸਿੱਖ ਕੌਮ ਦੇ ਅਨਮੋਲ ਹੀਰਿਆਂ ਸਿਕਲੀਗਰ ਅਤੇ ਵਣਜਾਰਾ ਕਬੀਲਿਆ ਦੇ ਲੋਕਾਂ ਵਿੱਚੋਂ ਗਰੀਬੀ, ਅਨਪੜ੍ਹਤਾ ਅਤੇ ਬੇਰੁਜ਼ਗਾਰੀ ਖਤਮ ਕਰਕੇ ਉਹਨਾਂ ਨੂੰ ਸਮੇਂ ਦਾ ਹਾਣੀ ਬਣਾਇਆ ਜਾ ਸਕੇ।

ਸਿੱਖ ਧਰਮ ਦੇ ਮੋਢੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾਉਣਾ ਤਾਂ ਹੀ ਸਾਰਥਕ ਸਿੱਧ ਹੋ ਸਕਦਾ ਹੈ ਜੇਕਰ ਅਸੀ ਗੁਰੂ ਨਾਨਕ ਦੇ ਸਿੱਖ ਅਖਵਾਉਣ 'ਚ ਫਖਰ ਮਹਿਸੂਸ ਕਰਨ ਵਾਲੇ ਸਿਕਲੀਗਰਾ, ਵਣਜਾਰਿਆ ਅਤੇ ਹੋਰ ਗੁਰੂ ਨਾਨਕ ਨਾਮ ਲੇਵਾ ਕਬੀਲਿਆ ਦੇ ਵਿਅਕਤੀਆਂ ਨੂੰ ਆਪਣੇ ਕਲੇਵੇ ਵਿੱਚ ਲੈ ਕੇ ਸੱਚੇ ਦਿਲੋ ਉਨ੍ਹਾਂ ਦੀ ਮਦਦ ਕਰਾਂਗੇ।



**ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਮੀਡੀਆ ਸਲਾਹਕਾਰ ਰਹੇ, ਸੁਲਝੇ ਹੋਏ ਪੱਤਰਕਾਰ ਰਣਜੀਤ ਸਿੰਘ ਖਾਲਸਾ ਪੱਤ੍ਰਿਕਾਰਤਾ ਦੇ ਮਾਹਿਰ ਹਨ ਅਤੇ ਫੋਟੋ ਆਰਟ ਦਾ ਵੀ ਸ਼ੋਕ ਪੂਰਾ ਰੱਖਦੇ ਹਨ। ਸਿਕਲੀਗਰ ਵਣਜਾਰਿਆਂ ਬਾਰੇ ਜਾਨਣ ਦੀ ਤਾਂਘ ਉਨ੍ਹਾਂ ਨੂੰ ਪੰਥਕ ਜਥੇਬੰਦੀਆਂ ਨਾਲ ਦੂਰ ਦਰਾਡੇ ਲੈ ਗਈ ਜਿੱਥੋਂ ਉਨ੍ਹਾਂ ਨੇ ਇਨ੍ਹਾਂ ਲੋਕਾਂ ਦੇ ਅਜੋਕੇ ਹਾਲਾਤਾਂ ਤੋਂ ਕੌਮ ਨੂੰ ਆਪਣੀ ਰਿਪੋਰਟਿੰਗ ਰਾਹੀਂ ਜਾਣੂ ਕਰਵਾਇਆ। ਉਨ੍ਹਾਂ ਨਾਲ ਈਮੇਲ** khalsaldh@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਗੁਰੂ ਅੰਗਦ ਦੇਵ ਵਿਦਿਅਕ ਅਤੇ ਭਲਾਈ ਕੌਂਸਲ, ਲੁਧਿਆਣਾ ਦੀਆਂ ਸਿਕਲੀਗਰਾਂ ਲਈ ਸੇਵਾਵਾਂ

**ਕਰਮਜੀਤ ਸਿੰਘ ਔਜਲਾ**

ਮਹਾਂਰਾਸ਼ਟਰਾ ਨਿਵਾਸੀ ਸ੍ਰ. ਦਿਆ ਸਿੰਘ ਭੋਂਡ ਨੇ ਜਦ ਸਿਕਲੀਗਰਾਂ ਦੇ ਗੌਰਵਮਈ ਇਤਿਹਾਸ ਅਤੇ ਅਜੋਕੇ ਮਾੜੇ ਹਾਲਾਤਾਂ ਬਾਰੇ ਦੱਸਿਆ ਤਾਂ ਸਿਕਲੀਗਰ ਵੀਰਾਂ ਦੀ ਸੇਵਾ ਲਈ ਪੰਥ ਦਰਦੀਆਂ ਨੇ ਕੁਝ ਕਰਨ ਦਾ ਮਨ ਬਣਾਇਆ।

ਸੇਵਾ ਦੇ ਕਾਰਜਾਂ ਵਿਚ ਸਤਿਗੁਰੂ ਆਪ ਸਹਾਈ ਹੁੰਦੇ ਹਨ। ਲੰਡਨ ਨਿਵਾਸੀ ਸ. ਮਿਹਰ ਸਿੰਘ ਜੀ ਨੇ ਸਿਕਲੀਗਰਾਂ ਬਾਰੇ ਪ੍ਰਸਿੱਧ ਵਿਦਵਾਨ ਡਾ. ਕਰਨਲ ਦਲਵਿੰਦਰ ਸਿੰਘ ਜੀ ਦਾ ਲੇਖ 'ਸਚਖੰਡ ਪਤ੍ਰਿਕਾ' ਵਿਚ ਪੜ੍ਹਿਆ। ਉਹ ਲੁਧਿਆਣੇ ਵੱਸਦੇ ਸਿਕਲੀਗਰ ਸਿੱਖਾਂ ਲਈ ਪ੍ਰੀਤ ਨਗਰ ਵੇਖਣ ਆਏ। ਡਾ. ਪ੍ਰਤਾਪ ਸਿੰਘ ਤੇ ਹੋਰਨਾਂ ਨਾਲ ਮੇਲ ਹੋਇਆ। ਉਨ੍ਹਾਂ ਨੇ ਵੀ ਆਪਣੇ ਨਜ਼ਦੀਕੀ ਰਿਸ਼ਤੇਦਾਰ ਸ. ਚਰਨਜੀਤ ਸਿੰਘ ਜੀ ਨੂੰ ਵੀ ਇਸ ਪਾਸੇ ਸੇਵਾ ਕਰਨ ਲਈ ਪ੍ਰੇਰਿਆ। ਉਨ੍ਹਾਂ ਦਾ ਸਾਰਾ ਪਰਿਵਾਰ ਹੀ ਸੇਵਾ ਵਿਚ ਜੁੱਟ ਗਿਆ।

ਇਨ੍ਹਾਂ ਸਾਰੇ ਕਾਰਜਾਂ ਨੂੰ ਪੱਕੇ ਪੈਰਾਂ ਤੇ ਕਰਨ ਲਈ 2004 ਵਿੱਚ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਪੁਰਬ ਦੀ ਯਾਦ ਵਿੱਚ ਗੁਰੂ ਅੰਗਦ ਦੇਵ ਵਿਦਿਅਕ ਅਤੇ ਭਲਾਈ ਕੌਂਸਲ (ਰਜਿ:), ਲੁਧਿਆਣਾ ਦੀ ਸਥਾਪਨਾ ਕੀਤੀ ਗਈ।

ਪਹਿਲਾਂ ਗੁਰਦੁਆਰਾ ਭਾਈ ਬਚਿੱਤਰ ਸਿੰਘ ਇੱਕ ਕੱਚੇ ਕਮਰੇ ਵਿੱਚ ਸਥਾਪਤ ਸੀ। ਹੁਣ ਇੱਥੇ ਇੱਕ ਗੁਰਦੁਆਰਾ ਸਾਹਿਬ ਦਾ ਵੱਡਾ ਹਾਲ ਅਤੇ ਸਕੂਲ ਲਈ ਸ਼ਾਨਦਾਰ ਚਾਰ ਮੰਜਿਲਾ ਇਮਾਰਤ ਉਸਾਰੀ ਜਾ ਚੁੱਕੀ ਹੈ। ਸੰਸਥਾ ਵੱਲੋਂ 2200 ਵਰਗ ਗਜ਼ ਥਾਂ ਖ੍ਰੀਦ ਕੀਤੀ ਗਈ ਹੈ, ਜਿੱਥੇ, ਪ੍ਰਾਇਮਰੀ ਕਲਾਸਾਂ, ਮਿਡਲ ਕਲਾਸਾਂ, ਪ੍ਰਾਰਥਨਾ ਹਾਲ, ਲਾਇਬਰੇਰੀ, ਸਾਇੰਸ ਰੂਮ, ਪ੍ਰਬੰਧਕੀ ਦਫਤਰ ਸਥਾਪਤ ਕੀਤਾ ਜਾ ਚੁੱਕਿਆ ਹੈ। ਪ੍ਰੀਤ ਨਗਰ ਬਸਤੀ ਵਿਖੇ ਮਾਇਕ ਪੱਖੋਂ ਕਮਜ਼ੋਰ ਸਿਕਲੀਗਰਾਂ ਪਰਿਵਾਰਾਂ ਲਈ 19 ਮਕਾਨਾਂ ਦੀ ਉਸਾਰੀ ਵੀ ਕੀਤੀ ਜਾ ਚੁੱਕੀ ਹੈ।

ਇਸ ਸਮੇਂ ਸਕੂਲ ਵਿੱਚ ਸਲਾਈ ਸੈਂਟਰ ਵੀ ਚੱਲ ਰਿਹਾ ਹੈ ਜਿੱਥੇ ਬੱਚੀਆਂ ਨੂੰ ਮੁਫਤ ਸਿਲਾਈ, ਕਢਾਈ ਕੋਰਸ ਕਰਾਏ ਜਾਂਦੇ ਹਨ। ਸਕੂਲ ਵਿੱਚ ਐਲ ਕੇ ਜੀ ਤੋਂ ਲੈ ਕੇ ਅੱਠਵੀਂ ਜਮਾਤ ਤੱਕ 500 ਬੱਚੇ ਵਿਦਿਆ ਹਾਸਲ ਕਰ ਰਹੇ ਹਨ। ਬੱਚਿਆਂ ਕੋਲੋਂ ਕੋਈ ਫੀਸ ਨਹੀਂ ਲਈ ਜਾਂਦੀ। ਦੁਪਹਿਰ ਦਾ ਖਾਣਾ ਵੀ ਡਾ. ਸਰਦਾਰਾ ਸਿੰਘ ਜੌਹਲ ਦੇ ਸਹਿਯੋਗ ਸਦਕਾ ਡਰੀਮ ਐਂਡ ਬਿਊਟੀ ਚੈਰੀਟੇਬਲ ਟਰੱਸਟ, ਦੁਰਾਹਾ ਵੱਲੋਂ ਮੁਫਤ ਦਿੱਤਾ ਜਾਂਦਾ ਹੈ। ਬੱਚਿਆਂ ਨੂੰ ਵਰਦੀਆਂ, ਕਿਤਾਬਾਂ ਮੁਫਤ ਦਿੱਤੀਆਂ ਜਾਂਦੀਆਂ ਹਨ। ਦੱਸੇ ਕਾਰਜਾਂ ਵਿੱਚ ਸ੍ਰ. ਰਣਜੀਤ ਸਿੰਘ OBE, ਚੇਅਰਮੈਨ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨ ਟਰੱਸਟ, ਯੂ. ਕੇ., ਟਰੱਸਟ ਫਾਰ ਵਣਜਾਰਾ ਐਂਡ ਅਦਰ ਵੀਕਰ ਸੈਕਸ਼ਨ, ਮੁਹਾਲੀ, ਗੁਰਦੁਆਰਾ ਸਰਾਭਾ ਨਗਰ, ਗੁਰਦੁਆਰਾ ਅਰਬਨ ਸਟੇਟ, ਜਮਾਲਪੁਰ, ਲੁਧਿਆਣਾ, ਸਮੇਂ ਸਮੇਂ ਸਿਰ

ਸੰਸਥਾ ਨੂੰ ਸਹਾਰਿਤਾ ਦਿੰਦੇ ਆ ਰਹੇ ਹਨ।

**ਸੇਵਾ ਦੇ ਰਾਹ ਉਤੇ ਵਧਦੇ ਕਦਮਾਂ ਦੀ ਗਾਥਾ**

ਲੁਧਿਆਣਾ ਤੋਂ ਛੁੱਟ ਹੁਣ ਹੇਠ ਲਿਖੇ ਅਸਥਾਨਾ ਤੇ ਵੀ ਕੰਮ ਕੀਤਾ ਜਾ ਰਿਹਾ ਹੈ। ਇਹ ਸਾਰੇ ਕੰਮ ਸ੍ਰ. ਮਿਹਰ ਸਿੰਘ ਆਫ ਲੰਡਨ ਦੀ ਸਰਪ੍ਰਸਤੀ ਅਤੇ ਉਨ੍ਹਾਂ ਦੇ ਸਹਿਯੋਗ ਨਾਲ ਕੀਤੇ ਜਾ ਰਹੇ ਹਨ:

1. ਜਲੰਧਰ ਸ਼ਹਿਰ ਪ੍ਰੀਤ ਨਗਰ, ਨਜ਼ਦੀਕ ਬਿਜਲੀ ਘਰ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਥਾਂ ਭਾਈ ਬਾਲੇ ਵਾਲੀ ਸਾਖੀ ਮੱਥਾ ਟੇਕ ਕੇ ਗੁਜਾਰਾ ਕੀਤਾ ਜਾ ਰਿਹਾ ਸੀ। ਹੁਣ ਇੱਥੇ ਬਹੁਤ ਸੁੰਦਰ ਗੁਰਦੁਆਰਾ ਸਾਹਿਬ ਉਸਾਰਿਆ ਜਾ ਚੁੱਕਿਆ ਹੈ, ਜਿੱਥੇ ਛੋਟੇ ਬੱਚਿਆਂ ਨੂੰ ਵਿਦਿਆ ਦਿੱਤੀ ਜਾ ਰਹੀ ਹੈ, ਉਥੇ ਲੜਕੀਆਂ ਲਈ ਸਲਾਈ ਸੈਂਟਰ ਵੀ ਚਲਾਇਆ ਜਾ ਰਿਹਾ ਹੈ।

2. ਪਾਇਲ, ਲੁਧਿਆਣਾ ਵਿਖੇ ਸਿਕਲੀਗਰ ਵੀਰਾਂ ਨੂੰ 24 ਮਕਾਨ, ਇੱਕ ਧਰਮਸ਼ਾਲਾ ਅਤੇ ਗੁਰਦੁਆਰਾ ਸਾਹਿਬ ਦੀ ਉਸਾਰੀ ਕਰ ਕੇ ਦਿੱਤੀ ਗਈ ਹੈ ਜਿੱਥੇ ਬੱਚਿਆਂ ਨੂੰ ਵਿਦਿਆ ਲਈ ਸਹਾਇਤਾ ਦਿੱਤੀ ਜਾ ਰਹੀ ਹੈ ਉਥੇ ਲੜਕੀਆਂ ਲਈ ਸਲਾਈ ਸੈਂਟਰ ਵੀ ਚੱਲ ਰਿਹਾ ਹੈ।

3. ਚੰਡੀਗੜ੍ਹ ਰੋਡ ਸਮਰਾਲਾ ਦੇ ਨਜ਼ਦੀਕ ਛੋਟੀਆਂ ਚਹਿਲਾਂ ਅਤੇ ਵੱਡੀਆਂ ਚਹਿਲਾਂ ਵਿਖੇ ਗੁਰਦੁਆਰਾ ਬਾਬਾ ਅਜੀਤ ਸਿੰਘ ਬਾਬਾ ਜੁਝਾਰ ਸਿੰਘ ਅਤੇ ਗੁਰਦੁਆਰਾ ਬਾਬਾ ਜੋਰਾਵਰ ਸਿੰਘ ਬਾਬਾ ਫਤਿਹ ਸਿੰਘ ਉਸਾਰੇ ਜਾ ਚੁੱਕੇ ਹਨ। ਜਿੱਥੇ ਇਨ੍ਹਾਂ ਕਲੋਨੀਆਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਵਿਦਿਆ ਲੈ ਰਹੇ ਹਨ, ਉਥੇ ਹੁਣ ਸੰਸਥਾ ਦੀ ਸਹਾਇਤਾ ਰਾਹੀਂ ਬੱਚੇ ਇੰਜੀਨੀਅਰਿੰਗ ਅਤੇ ਉਚ ਵਿਦਿਆ ਪ੍ਰਾਪਤ ਕਰ ਕਰ ਰਹੇ ਹਨ।

ਕੋਈ ਵੀ ਕੰਮ ਸੇਵਾ ਨੂੰ ਸਮਰਪਿਤ ਟੀਮ ਤੋਂ ਬਿਨਾਂ ਨਹੀਂ ਕੀਤਾ ਜਾ ਸਕਦਾ। ਇਹ ਸਿਹਰਾ ਸੰਸਥਾ ਦੇ ਸਮੂਹ ਮੈਂਬਰਾਂ ਨੂੰ ਜਾਂਦਾ ਹੈ ਜਿਨ੍ਹਾਂ ਨੇ ਵੱਖ ਵੱਖ ਸਮਿਆਂ 'ਤੇ ਸ੍ਰ. ਇਕਬਾਲ ਸਿੰਘ, ਸ੍ਰ. ਦਰਸ਼ਨ ਸਿੰਘ ਪਲਾਈਕਿੰਗ ਅਤੇ ਸ੍ਰ. ਸੁਖਦੇਵ ਸਿੰਘ ਲਾਜ ਦੀ ਪ੍ਰਧਾਨਗੀ ਹੇਠ ਪੂਰੀ ਇਮਾਨਦਾਰੀ, ਲਗਨ ਅਤੇ ਨਿਸ਼ਠਾ ਨਾਲ ਕੀਤਾ ਜਾ ਰਿਹਾ ਹੈ।



**ਕਰਮਜੀਤ ਸਿੰਘ ਔਜਲਾ ਕਿੱਤੇ ਵਜੋਂ ਕੈਮੀਕਲ ਇੰਜੀਨੀਅਰ ਹਨ ਅਤੇ ਅਠੱਤਰਵੇਂ ਵਿੱਚ ਲੁਧਿਆਣਾ ਨਿਵਾਸ ਰੱਖ ਰਹੇ ਹਨ। ਉਹਨਾਂ ਨੇ ਪੰਜਾਬੀ ਸਾਹਿਤ ਦੇ ਨਾਵਲ, ਨਾਟਕ, ਲਘੂ ਕਥਾ, ਇਤਿਹਾਸ ਧਾਰਮਿਕ ਅਤੇ ਦਰਸ਼ਨ ਸਬੰਧੀ ਲਗਭਗ ਦੋ ਦਰਜਨ ਕਿਤਾਬਾਂ ਲਿਖੀਆਂ ਹਨ। ਉਹ ਪੰਜਾਬੀ ਸਾਹਿਤ ਦੀ ਸੰਸਥਾ ਸਿਰਜਣਹਾਰਾ ਦੇ ਪ੍ਰਧਾਨ ਹਨ। ਨਾਨਕ ਪੰਥੀਆਂ ਦੀ ਸੇਵਾ ਕਰਦੇ ਉਹ ਗੁਰੂ ਅੰਗਦ ਦੇਵ ਵਿਦਿਅਕ ਤੇ ਭਲਾਈ ਕੌਂਸਲ ਦੇ ਸਰਗਰਮ ਮੈਂਬਰ ਹਨ। ਉਨ੍ਹਾਂ ਨਾਲ ਈਮੇਲ** amanaujla@yahoo.co.uk **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਸਿਕਲੀਗਰ ਸਿੱਖਾਂ ਦੀ ਸੇਵਾ ਵਿੱਚ 'ਨਿਸ਼ਕਾਮ' ਦੀ ਅਮੁੱਲ ਦੇਣ

## ਨਰਿੰਦਰ ਸਿੰਘ

ਨਵੰਬਰ 1984 ਦੇ ਸਿੱਖ ਕਤਲੇਆਮ ਤੋਂ ਬਾਅਦ ਦਿੱਲੀ ਦੇ ਸੁਹਿਰਦ, ਮਨੁੱਖਤਾਵਾਦੀ, ਸਰਬੱਤ ਦਾ ਭਲਾ ਦੇ ਸਿਧਾਂਤ ਨੂੰ ਸਮਰਪਿਤ ਸਿੱਖਾਂ ਦੇ ਇੱਕ ਦੂਰ ਅੰਦੇਸ਼ ਜੱਥੇ ਨੇ 'ਨਿਸ਼ਕਾਮ' ਜਥੇਬੰਦੀ ਨੂੰ ਜਨਮ ਦਿੱਤਾ। ਅਗਲੇ 10 ਸਾਲਾਂ ਲਈ ਨਿਸ਼ਕਾਮ ਨੇ 84 ਕਤਲੇਆਮ ਨਾਲ ਪੀੜਤ ਪਰਿਵਾਰਾਂ ਲਈ ਅਨੇਕਾਂ ਪ੍ਰੋਗਰਾਮਾਂ ਤਹਿਤ ਹਰ ਪ੍ਰਕਾਰ ਦੀ ਸੇਵਾ ਕੀਤੀ। ਭਾਰਤ ਸਰਕਾਰ ਨਾਲ ਪੀੜਿਤ ਪਰਿਵਾਰਾਂ ਲਈ ਰਿਹਾਇਸ਼ ਦੀ ਮੰਗ, ਬੱਚਿਆਂ ਲਈ ਮੁਫਤ ਪੜ੍ਹਾਈ, ਮੁਢਲਾ ਸਿਹਤ ਕੇਂਦਰ, ਰਾਸ਼ਨ ਆਦਿ ਮੁਹੱਈਆ ਕਰਵਾਉਣ ਵਰਗੇ ਕਈ ਉਪਰਾਲੇ ਕੀਤੇ।

ਇਸ ਸਾਰੀ ਸੇਵਾ ਨੂੰ ਕਰਦੇ ਹੋਏ ਨਿਸ਼ਕਾਮ ਜਥੇਬੰਦੀ ਨੇ ਆਪਣੇ ਸੇਵਾ ਦੇ ਖੇਤਰ ਨੂੰ ਹੋਰ ਵਧਾਉਣ ਦੇ ਉਪਰਾਲੇ ਕਰਨੇ ਸ਼ੁਰੂ ਕੀਤੇ।

ਸੰਨ 1999 ਵਿੱਚ ਜਦ ਸਮੁੱਚੀ ਕੌਮ ਖਾਲਸਾ ਸਾਜਨਾ ਦਿਵਸ ਮਨਾ ਰਹੀ ਸੀ ਤਾਂ ਨਿਸ਼ਕਾਮ ਨੇ ਦਿੱਲੀ ਤੋਂ ਉਠ ਕੇ ਦੱਖਣ ਭਾਰਤ ਵਿੱਚ ਉਪਰਾਲੇ ਸ਼ੁਰੂ ਕੀਤੇ। ਤਾਮਿਲਨਾਡੂ ਦੀ ਮਧੁਰਾਇ ਕਾਮਰਾਜ ਯੂਨੀਵਰਸਿਟੀ ਵਿੱਚ ਗੁਰੂ ਨਾਨਕ ਸਾਹਿਬ ਦੇ ਨਾਂ 'ਤੇ ਇੱਕ ਵੱਖਰੀ ਚੇਅਰ ਤੇ ਮਹਿਕਮਾ ਸਥਾਪਤ ਹੈ, ਜਿੱਥੇ ਦੱਖਣੀ ਭਾਰਤ ਦੇ ਵਿਦਿਆਰਥੀ ਪੋਸਟ ਗ੍ਰੈਜੂਏਟ ਅਤੇ ਡਾਕਟਰੇਟ ਦੀ ਪੜ੍ਹਾਈ ਸਿੱਖ ਧਰਮ ਅਤੇ ਹੋਰ ਧਰਮਾਂ ਦੀ ਤੁਲਨਾਤਮਕ ਪੜ੍ਹਾਈ ਕਰਦੇ ਹਨ। ਕਈ ਸਾਲ ਲਗਾਤਾਰ ਨਿਸ਼ਕਾਮ ਨੂੰ ਇਸ ਪੜ੍ਹਾਈ ਲਈ ਦੱਖਣੀ ਭਾਰਤ ਦੇ ਵਿਦਿਆਰਥੀਆਂ ਨੂੰ ਇਸ ਪੜ੍ਹਾਈ ਲਈ ਵਜ਼ੀਫੇ ਦਿੰਦੀ ਆ ਰਹੀ ਹੈ। ਖਾਲਸਾ ਸਾਜਨਾ ਦਿਵਸ ਦੇ ਪ੍ਰੋਗਰਾਮਾ ਦੌਰਾਨ ਬੈਂਗਲੋਰ ਦੀ ਕਰਨਾਟਕਾ ਸਿੱਖ ਵੈਲਫੇਅਰ ਸੁਸਾਇਟੀ ਨਾਲ ਨਿਸ਼ਕਾਮ ਨੇ ਇੱਕ ਸਾਂਝ ਪੈਦਾ ਕੀਤੀ। ਜਿਸ ਦਾ ਦੋਨੋ ਜਥੇਬੰਦੀਆਂ ਵੱਲੋਂ ਮੁੱਖ ਮੰਤਵ ਗਰੀਬੀ ਦੀ ਮਾਰ ਸਹਿੰਦੇ ਤਬਕੇ ਨੂੰ ਮਜ਼ਬੂਤ ਕਰਕੇ ਮਨੁੱਖੀ ਵਸੀਲਿਆਂ ਨੂੰ ਤਿਆਰ ਕਰਨਾ ਸੀ।

ਅਗਸਤ 2000 ਵਿੱਚ ਹੀ ਨਿਸ਼ਕਾਮ ਅਤੇ ਕਰਨਾਟਕਾ ਸਿੱਖ ਵੈਲਫੇਅਰ ਸੁਸਾਇਟੀ ਨੇ 6 ਤੋਂ 12 ਸਾਲ ਦੀ ਉਮਰ ਦੇ 22 ਬੱਚਿਆਂ ਨੂੰ ਪੜ੍ਹਨੇ ਪਾਇਆ ਅਤੇ ਉਨ੍ਹਾਂ ਲਈ ਫੀਸ ਦੀ ਰਕਮ, ਵਰਦੀਆਂ, ਮੁਢਲੀ ਸਿਹਤ ਅਤੇ ਦਵਾਈਆਂ ਦਾ ਪ੍ਰਬੰਧ ਕੀਤਾ।

ਯਸ਼ਵੰਤਪੁਰਾ ਵੱਸਦੇ ਸਿਕਲੀਗਰਾਂ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਲਸੂਰ ਵਿਖੇ ਹਰ ਐਤਵਾਰ ਨੂੰ ਆਉਣ ਲਈ ਪ੍ਰੇਰਿਆ ਗਿਆ, ਜਿੱਥੇ ਉਹ ਧਾਰਮਕ ਪ੍ਰੋਗਰਾਮਾਂ ਦੇ ਨਾਲ ਲੰਗਰ ਬਨਾਉਣ ਦੀ ਸੇਵਾ ਵਿੱਚ ਵੀ ਯੋਗਦਾਨ ਪਾਉਣ ਲੱਗੇ। ਸਹਿਜੇ ਸਹਿਜੇ ਉਨ੍ਹਾਂ ਨੂੰ ਪੰਜਾਬੀ ਵੀ ਪੜ੍ਹਾਈ ਜਾਣ ਲੱਗੀ ਅਤੇ ਉਹ ਗੁਰਬਾਣੀ ਦਾ ਪਾਠ ਵੀ ਕਰਨ ਲੱਗ ਪਏ। ਇਸ ਨਾਲ ਉਨ੍ਹਾਂ ਦਾ ਇਕੱਲਪੁਣਾ ਦੂਰ ਹੋ ਗਿਆ ਅਤੇ ਉਹ ਆਪਣੇ ਆਪ ਨੂੰ ਸਿੱਖਾਂ ਦੇ ਇੱਕ ਵੱਡੇ ਪਰਿਵਾਰ ਦਾ ਹਿੱਸਾ ਸਮਝਣ ਲਗ ਪਏ।

ਸੰਨ 2001 ਵਿੱਚ ਨਿਸ਼ਕਾਮ ਅਤੇ ਕਰਨਾਟਕਾ ਸਿੱਖ ਵੈਲਫੇਅਰ ਸੁਸਾਇਟੀ ਨੇ ਪਹਿਲਕਦਮੀ ਕਰਦੇ ਹੋਏ ਇੱਕ ਨਿਵੇਕਲਾ ਅਤੇ ਅਗਾਂਹਵਧੂ ਕਦਮ ਚੁੱਕਿਆ।

ਯਸ਼ਵੰਤਪੁਰਾ ਦੇ ਸਿਕਲੀਗਰ ਪਰਿਵਾਰਾਂ ਨੂੰ ਝੁੱਗੀਆਂ 'ਚੋਂ ਕੱਢ ਕੇ ਪੱਕੇ ਘਰਾਂ ਵਿੱਚ ਵਸਾਉਣ ਅਤੇ ਉਨ੍ਹਾਂ ਦੀ ਮੁਕੰਮਲ ਪੜ੍ਹਾਈ ਆਰੰਭਣ ਦਾ ਫੈਸਲਾ ਕੀਤਾ ਗਿਆ।

2001 ਤੋਂ ਲੈ ਕੇ 2003 ਤੱਕ ਪਹਿਲੋ ਪਹਿਲ, ਗਰੀਬੀ ਰੇਖਾ ਤੋਂ ਥੱਲੇ ਰਹਿ ਰਹੇ ਇਨ੍ਹਾਂ ਪਰਿਵਾਰਾਂ ਦੇ ਲਈ ਸਰਕਾਰ ਨੂੰ ਮੁਢਲੀਆਂ ਰਕਮਾਂ ਦੇ ਕੇ ਪਰਿਵਾਰਾਂ ਲਈ ਜ਼ਮੀਨ ਹਾਸਿਲ ਕੀਤੀ ਗਈ ਕਿਉਂਕਿ ਜਿਸ ਜ਼ਮੀਨ 'ਤੇ ਉਹ ਰਹਿ ਰਹੇ ਸਨ ਉਹ ਉਨ੍ਹਾਂ ਦੀ ਆਪਣੀ ਨਹੀਂ ਸੀ। ਉਹ ਉਸ ਦੇ ਮਾਲਕ ਨਹੀਂ ਸਨ। ਇਸ ਕਦਮ ਨਾਲ 91 ਪਰਿਵਾਰਾਂ 'ਚੋਂ 57 ਪਰਿਵਾਰਾਂ ਨੂੰ ਸਰਕਾਰੀ ਬਣੇ ਬਣਾਏ ਘਰ ਮਿਲ ਗਏ। ਨਿਸ਼ਕਾਮ ਅਤੇ ਕਰਨਾਟਕਾ ਸਿੱਖ ਵੈਲਫੇਅਰ ਸੁਸਾਇਟੀ ਨੇ ਯਸ਼ਵੰਤਪੁਰਾ ਵਿਖੇ 23 ਘਰ ਬਣਾਏ, ਜਿਨ੍ਹਾਂ ਵਿੱਚੋਂ ਇੱਕ ਘਰ ਇੱਕ ਤਾਮਿਲ ਪਰਿਵਾਰ ਦਾ ਵੀ ਸੀ।

ਨਿਸ਼ਕਾਮ ਜਥੇਬੰਦੀ ਵੱਲੋਂ ਸਿਕਲੀਗਰ ਸਿੱਖਾਂ ਲਈ ਰਿਹਾਇਸ਼ੀ ਮਕਾਨ ਬਨਾਉਣਾ ਸਿਕਲੀਗਰ ਸਿੱਖਾਂ ਲਈ ਇੱਕ ਵੱਡੀ ਪਹਿਲਕਦਮੀ ਸੀ। ਇਸ ਤੋਂ ਪ੍ਰੇਰਨਾ ਲੈ ਕੇ ਉਦੇਪੁਰ ਵਿਖੇ ਵੀ ਆਲ ਇੰਡੀਆ ਸਿੱਖ ਵੈਲਫੇਅਰ ਸੁਸਾਇਟੀ, ਉਦੇਪੁਰ ਨਾਲ ਮਿਲ ਕੇ 33 ਘਰ ਬਣਾਏ ਗਏ। ਸਾਨੂੰ ਖੁਸ਼ੀ ਹੈ ਕਿ ਇਸ ਉਪਰਾਲੇ ਤੋਂ ਪ੍ਰਭਾਵਿਤ ਹੋ ਕੇ ਸਿੱਖਾਂ ਦੀਆਂ ਹੋਰ ਜਥੇਬੰਦੀਆਂ ਨੇ ਮਹਾਰਾਸ਼ਟਰਾ ਅਤੇ ਮੱਧ ਪ੍ਰਦੇਸ਼ ਵਿੱਚ ਵੀ ਸਿਕਲੀਗਰ ਸਿੱਖਾਂ ਨੂੰ ਰਿਹਾਇਸ਼ੀ ਮਕਾਨ ਬਣਾ ਕੇ ਦਿੱਤੇ ਹਨ।

**ਨਿਸ਼ਕਾਮ ਵੱਲੋਂ ਸਿਕਲੀਗਰਾਂ ਲਈ ਵਿਦਿਆ ਦਾ ਪਸਾਰ:**

ਉਤਰ ਪ੍ਰਦੇਸ਼ ਵਿੱਚ ਸਿਕਲੀਗਰ ਸਿੱਖ ਬਸਤੀਆਂ ਜੋ ਕਿ ਪੱਛਮੀ ਉਤਰ ਪ੍ਰਦੇਸ਼ ਦੇ ਇਲਾਕੇ ਬਾਗਪਥ, ਮੋਦੀ ਨਗਰ, ਮੇਰਠ (ਮੇਰਠ ਦੇ ਚੁਚੇਲਾ ਕਲਾਂ (ਜੇ ਪੀ ਨਗਰ), ਰਘੁਨਾਥਪੁਰ, ਮਸ਼ਰਾ ਕਸਬੇ), ਮੁਜ਼ੱਫਰ ਨਗਰ, ਹਾਪੜ, ਗੜ੍ਹ, ਗਜਰੋਲਾ, ਅਲੀਗੜ੍ਹ, ਮਥੁਰਾ ਅਤੇ ਨੋਪੜਾ ਵਿਖੇ ਸਿਕਲੀਗਰ ਬੱਚਿਆਂ ਲਈ ਵਿਦਿਆ ਪਸਾਰ ਦੇ ਪ੍ਰੋਗਰਾਮ ਚਲਾਏ ਜਾ ਰਹੇ ਹਨ। ਕਰਨਾਟਕਾ ਵਿੱਚ ਬੈਂਗਲੋਰ, ਮਾਇਸੂਰ, ਧਾਰਵਾੜ, ਹੁਬਲੀ, ਸ਼ਿਗਾਉਂ, ਮਧੋਲ, ਨਿਪਾਨੀ, ਕੋਪਲ, ਯਾਦਗਿਰੀ, ਰਾਇਚੂਰ, ਬੈਲਹੁੰਗਲ, ਬੀਜਾਪੁਰ, ਬਲਗਾਮ ਅਤੇ ਗੁਲਬਰਗਾ ਵਿਖੇ ਸੈਂਕੜੇ ਵਿਦਿਆਰਥੀਆਂ ਨੂੰ ਪੜ੍ਹਾਈ ਕਰਵਾਈ ਜਾ ਰਹੀ ਹੈ। ਮਹਾਰਾਸ਼ਟਰਾ ਵਿਖੇ ਕੋਲਹਾਪੁਰ ਅਤੇ ਨਾਸਿਕ ਵਿਖੇ ਵੀ ਇਹੋ ਜਿਹੇ ਉਪਰਾਲੇ ਚੱਲ ਰਹੇ ਹਨ। ਨਾਲ ਹੀ ਹਰਿਆਣਾ ਵਿੱਚ ਸੋਨੀਪਤ, ਵੱਲਬਗੜ੍ਹ, ਪਲਵਲ ਅਤੇ ਦਿੱਲੀ ਵਿੱਚ ਬਾਵਾਨਾ, ਨੱਜਫਗੜ੍ਹ ਅਤੇ ਵਿਕਾਸ ਨਗਰ ਵਿਖੇ ਵੀ ਸਿਕਲੀਗਰ ਬੱਚਿਆਂ ਦੇ ਵਿਦਿਆ ਦੇ ਕਾਰਜ ਚੱਲ ਰਹੇ ਹਨ। ਸਾਰੀਆਂ ਥਾਵਾਂ 'ਤੇ 2100 ਤੋਂ ਵੱਧ ਬੱਚਿਆਂ ਨੂੰ ਦੁਨਿਆਵੀ ਪੜ੍ਹਾਈ ਦੇ ਨਾਲ ਨਾਲ ਨੈਤਿਕ ਵਿਦਿਆ, ਇਨਸਾਨੀ ਕਦਰਾਂ-ਕੀਮਤਾਂ ਅਤੇ ਸਵੈ ਨਿਰਭਰ ਹੋਣ ਦੀ ਸਿੱਖਿਆ ਅਤੇ ਜੀਵਨ ਜਾਚ ਸਿਖਾਈ ਜਾਂਦੀ ਹੈ। ਸਿੱਖ ਬੱਚਿਆਂ ਨੂੰ ਗੁਰਮਤਿ ਪੜ੍ਹਾਈ ਵੀ ਕਰਵਾਈ ਜਾਂਦੀ ਹੈ।

ਇਨ੍ਹਾਂ ਵਿੱਚੋਂ ਬਹੁਤ ਸਾਰੇ ਵਿਦਿਆਰਥੀਆਂ ਨੇ ਉਚੇਰੀ ਵਿਦਿਆ ਹਾਸਲ ਕਰ ਲਈ ਹੈ ਅਤੇ ਚੰਗੀਆਂ ਨੌਕਰੀਆਂ ਕਰ ਆਪਣੇ ਪਰਿਵਾਰਾਂ ਦਾ ਪਾਲਣ-ਪੋਸ਼ਣ ਕਰ ਰਹੇ ਹਨ।

ਨਾਲ ਹੀ ਖੁਸ਼ੀ ਨਾਲ ਦੱਸਦੇ ਹਾਂ ਕਿ ਇਨ੍ਹਾਂ ਵਿਦਿਆਰਥੀਆਂ ਵਿੱਚ ਬੱਚੀਆਂ ਨੇ ਵੀ ਵੱਡੀ ਗਿਣਤੀ ਵਿੱਚ ਪੜ੍ਹਾਈ ਕੀਤੀ ਹੈ।

ਇਨ੍ਹਾਂ ਸਾਰੀਆਂ ਥਾਵਾਂ 'ਤੇ ਬੱਚਿਆਂ ਦੀ ਸਕੂਲੀ ਫੀਸ, ਵਰਦੀ, ਕਿਤਾਬਾਂ, ਬਸ ਸੇਵਾ, ਲੋੜੀਂਦਾ ਟਿਊਸ਼ਨ ਆਦਿ ਸਾਧ ਸੰਗਤ ਦੇ ਸਹਿਯੋਗ ਨਾਲ ਨਿਸ਼ਕਾਮ ਪਿਛਲੇ 2 ਦਹਾਕਿਆਂ ਤੋਂ ਕਰਦੀ ਆ ਰਹੀ ਹੈ।

ਵਿੱਦਿਆ ਦੇ ਪਸਾਰ ਤੋਂ ਇਲਾਵਾ ਨਿਸ਼ਕਾਮ ਦੇ ਤਿਲਕ ਨਗਰ ਦਿੱਲੀ ਵਿੱਚ ਸਥਾਪਤ ਹੈਡਕੁਆਰਟਰ ਵਿੱਚ ਮੁਢਲੀ ਸਿਹਤ ਸੇਵਾ, ਕੈਰੀਅਰ ਕਾਊਂਸਲਿੰਗ, ਸ਼ੋਰਟ ਹੈਂਡ, ਟਾਈਪਿੰਗ ਤੇ ਸੰਗੀਤ ਦੀ ਵਿਦਿਆ ਲੋਕਲ ਬੱਚਿਆਂ ਨੂੰ ਦਿੱਤੀ ਜਾਂਦੀ ਹੈ।

ਕੋਵਿਡ-19 ਮਹਾਂਮਾਰੀ ਕਰਕੇ ਹੋਏ ਲੋਕਡਾਊਨ ਵਿਚ ਗਰੀਬ ਪਰਿਵਾਰਾਂ ਅਤੇ ਦੂਰ ਦੁਰਾਡੇ ਵਸਦੇ ਪਰਿਵਾਰਾਂ ਨੂੰ ਬਹੁਤ ਪਰੇਸ਼ਾਨੀ ਆਈ ਸੀ। ਲੋਕਡਾਊਨ ਦੇ ਪਹਿਲੇ ਹਫਤੇ ਵਿਚ ਹੀ ਨਿਸ਼ਕਾਨ ਨੇ ਫੈਸਲਾ ਕਰ ਲਿਆ ਕਿ ਜਿੱਥੇ-ਜਿੱਥੇ ਵੀ ਉਨ੍ਹਾਂ ਦੀ ਪਹੁੰਚ ਹੈ ਉੱਥੇ ਸਿਕਲੀਗਰ ਪਰਿਵਾਰਾਂ ਨੂੰ ਰਾਸ਼ਨ ਪਹੁੰਚਾਇਆ ਜਾਵੇਗਾ। ਹਾਲਾਂਕਿ ਨਿਸ਼ਕਾਮ ਦਾ ਦਫਤਰ ਬੰਦ ਸੀ ਕਿਉਂਕਿ ਤਿਲਕ ਨਗਰ ਇਲਾਕਾ ਕੰਟੇਨਮੈਂਟ ਜ਼ੋਨ ਸੀ, ਫਿਰ ਵੀ ਡੇਰਿਆਂ ਦਾ ਵੇਰਵਾ ਤਿਆਰ ਕਰ ਕੇ ਰਾਸ਼ਨ ਪਹੁੰਚਾਉਣ ਦਾ ਮੁਕੰਮਲ ਪ੍ਰਬੰਦ ਕੀਤਾ ਗਿਆ।

ਅੰਦਾਜ਼ਨ 40 ਡੇਰਿਆਂ ਵਿਚ ਕੋਈ ਇਕ ਹਜ਼ਾਰ ਪਰਿਵਾਰਾਂ ਨੂੰ ਰੋਜ਼ਾਨਾ ਲੋੜੀਂਦਾ ਵਸਤੂਆਂ ਅਤੇ ਖਾਣਪੀਣ ਦਾ ਸਮਾਨ ਪਹੁੰਚਾਇਆ ਗਿਆ। ਸੋਲਾਪੁਰ, ਕੋਲਹਾਪੁਰ, ਮਧਿਆ ਪ੍ਰਦੇਸ਼ ਦੇ ਕਈ ਇਲਾਕੇ, ਉਤਰ ਪ੍ਰਦੇਸ਼ ਵਿਚ ਮੇਰਠ, ਬਾਘਪਤ, ਮੁਜ਼ਫਰਨਗਰ, ਹਾਪੁੜ, ਅਲੀਗੜ ਤੇ ਹਰਿਆਨਾ ਵਿਚ ਸੋਨੀਪਤ ਤੇ ਫਰੀਦਾਬਾਦ ਤਾਂਈ ਰਾਸ਼ਨ ਪਹੁੰਚਾਇਆ ਗਿਆ। ਨਿਸ਼ਕਾਮ ਦੇ ਤਿਲਕ ਨਗਰ ਦਫਤਰ ਦੇ ਆਲੇ-ਦੁਆਲੇ ਵੀ ਕੁਝ ਪਰਿਵਾਰਾਂ ਨੂੰ ਰਾਸ਼ਨ ਪਹੁੰਚਾਇਆ ਗਿਆ।

ਸੇਵਾ ਨੂੰ ਸਮਰਪਤ ਵਲੰਟੀਅਰਾਂ ਦੇ ਸਹਿਯੋਗ ਨਾਲ ਕੋਈ 15 ਲੱਖ ਰੁਪਏ ਦਾ ਰਾਸ਼ਨ ਵੰਡਿਆ ਗਿਆਂ ਅਤੇ ਕਈ ਥਾਵਾਂ ਤੇ ਦੋ-ਦੋ ਤੇ ਤਿੰਨ-ਤਿੰਨ ਵਾਰੀ ਵੀ ਰਾਸ਼ਨ ਪਹੁੰਚਾਇਆ ਗਿਆ।

ਜ਼ਿਕਰਯੋਗ ਹੈ ਕਿ ਇਸ ਉਪਰਾਲੇ ਨਾਲ ਸਿਕੀਗਰਾਂ ਨੂੰ ਬੜਵਾਂ ਅਹਿਸਾਸ ਹੋ ਗਿਆ ਕਿ ਉਹ ਇਕੱਲੇ ਨਹੀ ਹਨ ਬਲਕਿ ਸਿੱਖ ਕੌਮ ਦਾ ਇਕ ਹਿੱਸਾ ਹਨ। ਇਸ ਨਾਲ ਉਨ੍ਹਾਂ ਨੂੰ ਹੀਨ ਭਾਵਨਾ ਵੀ ਨਹੀ ਆਈ ਤੇ ਕੌਮ ਤੇ ਮਾਣ ਵੀ ਵਧਿਆ।

ਯਸ਼ਵੰਤਪੁਰਾ ਬੰਗਲੋਰ ਵਿਚ ਰਿਹਾਇਸ਼ੀ ਮਕਾਨ ਅਤੇ ਵਿਦਿਆ ਦੀ ਸੇਵਾ ਬਲਬੀਰ ਸਿੰਘ ਪਾਹਵਾ ਦੇ ਉਪਰਾਲੇ ਤੋਂ ਬਿਨਾ ਬਿਲਕੁਲ ਹੀ ਸੰਭਵ ਨਹੀਂ ਸੀ। ਉਨ੍ਹਾਂ ਨੇ ਲੋਕਡਾਊਨ ਦੇ ਸਮੇਂ ਵਿੱਚ ਵੀ ਰਾਸ਼ਨ ਵੰਡਣ ਦੀ ਸੇਵਾ ਵਿੱਚ ਮੂਹਰਲੀ ਕਤਾਰ ਵਿੱਚ ਖਲੋ ਕੇ ਕੀਤੀ ਹੈ।

ਅਮਰੀਕਾ ਨਿਵਾਸੀ ਮੋਹਨ ਸਿੰਘ ਸਾਹਨੀ ਦੀ ਅਣਥਕ ਮਿਹਨਤ ਅਤੇ ਵਿੱਤੀ ਤੌਰ 'ਤੇ ਨਿਸ਼ਕਾਮ ਨੂੰ ਮਜ਼ਬੂਤ ਕਰਨ ਦੇ ਉਪਰਾਲਿਆਂ ਤੋਂ ਬਿਨਾ ਸਾਡੇ ਬਹੁਤੇ ਕਾਰਜ ਸਿਰੇ ਨਹੀ ਸੀ ਚੜ੍ਹ ਸਕਦੇ। ਇਸੇ ਤਰ੍ਹਾਂ ਨਿਸ਼ਕਾਮ ਦੇ ਅਮਰੀਕਾ ਅਤੇ ਕੈਨੇਡਾ ਇਕਾਈ ਦੇ

# ਭਾਈ ਬਾਜ ਸਿੰਘ ਪਬਲਿਕ ਸਕੂਲ, ਲੁਧਿਆਣਾ ਦੀਆਂ ਸਰਗਰਮੀਆਂ



ਲੰਡਨ ਵਾਸੀ ਮਿਹਰ ਸਿੰਘ ਜੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਉਸਾਰਿਆ ਗਿਆ।
ਇਸ ਸਕੂਲ ਦੇ ਹੋਣ ਹਾਰ ਵਿਦਿਆਰਥੀ



ਭਾਈ ਬਾਜ ਸਿੰਘ ਪਬਲਿਕ ਸਕੂਲ ਦੇ ਬੱਚਿਆਂ ਨੂੰ ਵਰਦੀਆਂ ਵੰਡੀਆਂ ਜਾ ਰਹੀਆਂ ਹਨ




ਸਕੂਲ ਦੀ ਮੁੱਖ ਅਧਿਆਪਕਾ ਬੀਬੀ ਹਰਜੀਤ ਕੌਰ ਦੇ ਸੇਵਾ ਮੁਕਤੀ ਸਮਾਗਮ ਵਿੱਚ ਸ਼ਾਮਲ
ਕੈਪਟਨ ਇੰਦਰਜੀਤ ਸਿੰਘ, ਦਰਸ਼ਨ ਸਿੰਘ ਪਲਾਈ ਕਿੰਗ, ਮਿਹਰ ਸਿੰਘ ਜੀ ਫਾਊਂਡਰ,
ਰਣਜੀਤ ਸਿੰਘ ਸਟੇਟ ਤੇ ਨੈਸ਼ਨਲ ਐਵਾਰਡੀ ਅਤੇ ਮੌਜੂਦਾ ਮੁੱਖ ਅਧਿਆਪਕਾ ਬੀਬੀ ਰਜਨੀ ਸ਼ਰਮਾ

# ਗੁਰੂ ਅੰਗਦ ਦੇਵ ਵਿਦਿਅਕ ਅਤੇ ਭਲਾਈ ਕੌਂਸਲ ਵੱਲੋਂ ਚਲਾਏ ਜਾ ਰਹੇ ਸਕੂਲ ਵਿਖੇ ਪਹੁੰਚੀਆਂ ਸਿੱਖ ਸਖਸ਼ੀਅਤਾਂ




ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਬੀਬੀ ਬਲਵੰਤ ਕੌਰ ਨੂੰ ਸਕੂਲ ਆਉਣ ਤੇ ਸੰਸਥਾ ਦੇ ਪ੍ਰਧਾਨ ਦਰਸ਼ਨ ਸਿੰਘ ਵੱਲੋਂ ਸਨਮਾਨ। ਸੁਰਿੰਦਰ ਸਿੰਘ ਚੋਹਾਨ, ਪ੍ਰਧਾਨ ਗੁਰੂ ਨਾਨਕ ਮਿਸ਼ਨ ਹਰਭਜਨ ਸਿੰਘ ਡੰਗ ਕੌਂਸਲਰ, ਚਰਨਜੀਤ ਸਿੰਘ ਪੀ ਐਸ ਬੀ, ਦਰਸ਼ਨ ਸਿੰਘ, ਰਣਜੀਤ ਸਿੰਘ, ਵਰਿਆਮ ਸਿੰਘ ਵੀ ਨਜ਼ਰ ਆ ਰਹੇ ਹਨ।



ਪੰਜਾਬ ਅਤੇ ਪੰਜਾਬੀ ਨੂੰ ਸਮਰਪਤ ਪ੍ਰਸਿੱਧ ਕਵੀ ਪਦਮ ਸ਼੍ਰੀ ਸ੍ਰ. ਸੁਰਜੀਤ ਸਿੰਘ ਪਾਤਰ ਨੂੰ ਸ੍ਰ. ਦਰਸ਼ਨ ਸਿੰਘ ਪ੍ਰਧਾਨ ਗੁਰੂ ਅੰਗਦ ਦੇਵ ਵਿਦਿਅਕ ਅਤੇ ਭਲਾਈ ਕੌਂਸਲ ਵੱਲੋਂ ਸਨਮਾਨਿਤ ਕੀਤਾ ਗਿਆ। ਨਾਲ ਖੜੇ ਹਨ ਚਰਨਜੀਤ ਸਿੰਘ ਪੀ ਐਸ ਬੀ ਅਤੇ ਸੁਖਦੇਵ ਸਿੰਘ ਲਾਜ।



ਪੰਥ ਦੀ ਮਹਾਨ ਹਸਤੀ ਪਦਮ ਵਿਭੁਸ਼ਨ ਸਰਦਾਰਾ ਸਿੰਘ ਜੌਹਲ ਨਾਲ ਖੜ੍ਹੇ ਹਨ ਸੁਖਦੇਵ ਸਿੰਘ ਲਾਜ, ਚਰਨਜੀਤ ਸਿੰਘ ਅਤੇ ਪ੍ਰਸਿੱਧ ਸਨਅਤਕਾਰ ਸ੍ਰ. ਰਣਜੋਧ ਸਿੰਘ ਜੀ. ਐਸ.।

# ਗੁਰੂ ਅੰਗਦ ਦੇਵ ਵਿਦਿਅਕ ਭਲਾਈ ਕੌਂਸਲ, ਲੁਧਿਆਣਾ ਵੱਲੋਂ ਸਿਕਲੀਗਰਾਂ ਲਈ ਉਸਾਰੇ ਗਏ ਗੁਰਦੁਆਰਾ ਸਾਹਿਬ



ਗੁਰਦੁਆਰਾ ਭਾਈ ਬਚਿੱਤਰ ਸਿੰਘ ਜੀ ਸ਼ਹੀਦ, ਪ੍ਰੀਤ ਨਗਰ, ਤਾਜਪੁਰ ਰੋਡ, ਲੁਧਿਆਣਾ



ਗੁਰਦੁਆਰਾ ਜੋਰਾਵਰ ਸਿੰਘ ਬਾਬਾ ਫਤਿਹ ਸਿੰਘ (ਸਿੰਘ ਸਭਾ) ਚਾਹਿਲਾਂ ਕਲੋਨੀ, ਸਮਰਾਲਾ, ਲੁਧਿਆਣਾ




ਗੁਰਦੁਆਰਾ ਬਾਬਾ ਅਜੀਤ ਸਿੰਘ ਜੀ ਬਾਬਾ ਜੁਝਾਰ ਸਿੰਘ, ਪਿੰਡ ਚਹਿਲਾਂ,
ਵਾਰਡ 4, ਸਮਰਾਲਾ, ਲੁਧਿਆਣਾ

# ਸਿਕਲੀਗਰ ਪਰਿਵਾਰਾਂ ਦੀ ਸੇਵਾ ਵਿੱਚ ਸਮਰਪਤ ਸਿੱਖ ਸ਼ਖਸ਼ੀਅਤਾਂ



ਗੁਰੂ ਅੰਗਦ ਦੇਵ ਵਿਦਿਅਕ ਅਤੇ ਭਲਾਈ ਕੌਂਸਲ ਵੱਲੋਂ ਲੋੜਵੰਦਾਂ ਨੂੰ ਟਰਾਈ ਸਾਈਕਲ ਵੀ ਦਿੱਤੇ ਜਾਂਦੇ ਹਨ। ਨਾਲ ਸ੍ਰ. ਚਮਕੌਰ ਸਿੰਘ ਜੀ ਅਤੇ ਕੌਂਸਲ ਦੇ ਮੁੱਖ ਸੇਵਾਦਾਰ ਸ੍ਰ. ਇਕਬਾਲ ਸਿੰਘ ਅਤੇ ਸੁਖਦੇਵ ਸਿੰਘ ਜਨਰਲ ਸਕੱਤਰ ਵੀ ਨਜ਼ਰ ਆ ਰਹੇ ਹਨ।



ਅੱਜ ਪੰਜਾਬ ਵਿੱਚ ਊੜਾ (ਪੰਜਾਬੀ) ਅਤੇ ਜੂੜਾ (ਕੇਸ) ਅਲੋਪ ਹੋ ਰਹੇ ਹਨ, ਇਹ ਹਨ ਪਿੰਡ ਹਿੰਘਣ ਘਾਟ, ਜ਼ਿਲ੍ਹਾ ਵਰਦਾ, ਮਹਾਰਾਸ਼ਟਰ ਦੇ ਸਿਕਲੀਗਰ ਸਿੱਖ ਬੱਚੇ ਜੋ ਪੰਜਾਬੀ ਸਿੱਖਣ ਲਈ ਉਤਾਵਲੇ ਹਨ



ਪੰਥ ਦੇ ਪ੍ਰਸਿੱਧ ਵਿਦਵਾਨ ਸਵ: ਗਿਆਨੀ ਮੇਵਾ ਸਿੰਘ ਜੀ ਅਤੇ ਮੌਜੂਦਾ ਮੈਂਬਰ (ਸ਼੍ਰੋਮਣੀ ਕਮੇਟੀ) ਗੁਰਮੇਲ ਸਿੰਘ ਸੰਗੋਵਾਲ ਦੇ ਵਿਚਕਾਰ ਕੜ੍ਹੇ ਹਨ ਸਵ: ਦਿਆ ਸਿੰਘ ਭੋਂਡ। ਸੱਜੇ ਪਾਸੇ ਸਵ: ਭੋਂਡ ਦੇ ਪਰਿਵਾਰ ਨਾਲ ਖੜੇ ਹਨ ਮਾਸਟਰ ਰਣਵੀਰ ਸਿੰਘ ਅਤੇ ਸੁਰਿੰਦਰ ਸਿੰਘ ਸਕਾਟਿਸ਼ ਕੌਂਸਲ



ਸਿਕਲੀਗਰ ਬਸਤੀ ਪਿੰਡ ਹੀਂਘਣ ਘਾਟ (ਮਹਾਰਾਸ਼ਟਰ) ਵਿਖੇ ਆਪਣੇ ਵੀਰਾਂ ਵਿੱਚ ਖੜ੍ਹੇ ਹਨ ਸੁਖਦੇਵ ਸਿੰਘ 'ਲਾਜ' ਜਨਰਲ ਸਕੱਤਰ ਗੁਰੂ ਅੰਗਦ ਦੇਵ ਵਿਦਿਅਕ ਅਤੇ ਭਲਾਈ ਕੌਂਸਲ ਲੁਧਿਆਣਾ

# ਸਿਕਲੀਗਰ ਬੱਚਿਆਂ ਨੂੰ ਸਮਰੱਥ ਬਣਾਉਣ ਲਈ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਲ ਦੀਆਂ ਸਰਗਰਮੀਆਂ



ਸਿਕਲੀਗਰ ਬੱਚੇ ਮਦੋਲ, ਕਰਨਾਟਕਾ ਵਿਖੇ ਕੰਪਿਊਟਰ ਦੀ ਵਿੱਦਿਆ ਹਾਸਿਲ ਕਰਦੇ ਹੋਏ



ਬੰਗਲੋਰ ਵਿਖੇ ਸਿਕਲੀਗਰ ਵਿਦਿਆਰਥੀਮਿਊਜਕ ਅਧਿਆਪਕ ਅਤੇ ਨਿਸ਼ਕਾਮ ਮੈਂਬਰ ਨਾਲ



ਸਿਕਲੀਗਰ ਬੱਚੇ ਗਤਕਾ ਦੀ ਟਰੇਨਿੰਗ ਲੈਂਦੇ ਹੋਏ



ਸਿੱਖ ਸਿਕਲੀਗਰ ਵਿਦਿਆਰਥੀ, ਕੇ. ਆਰ. ਲੱਕਮ ਪਬਲਿਕ ਸਕੂਲ, ਮਦੋਲ

# ਨਿਸ਼ਕਾਮ ਸਿੱਖ ਵੈਲਫੇਅਰ ਕੌਂਸਲ ਦਿੱਲੀ
# ਅਤੇ ਸਿਕਲੀਗਰ ਵੈਲਫੇਅਰ ਨਾਸਿਕ ਦੀਆਂ ਸਰਗਰਮੀਆਂ







ਬੈਂਗਲੋਰ, ਕਰਨਾਟਕਾ ਦੇ ਸਿਕਲੀਗਰ ਵਿਦਿਆਰਥੀ ਨਿਸ਼ਕਾਮ ਦੇ ਮੈਂਬਰਾਂ ਨਾਲ

ਆਗੂਆਂ ਅਤੇ ਸੇਵਾਦਾਰਾਂ ਦੀ ਦੇਣ ਵੀ ਅਮੁੱਲ ਹੈ।

ਪਿਛਲੇ ਕਈ ਸਾਲਾਂ ਤੋਂ ਉਚੇਰੀ ਵਿਦਿਆ ਲਈ ਅਮਰੀਕਾ ਦੀ ਜਥੇਬੰਦੀ ਸਿੱਖ ਹਿਊਮਨ ਡਵੈਲਪਮੇਂਟ ਫਾਊਂਡੇਸ਼ਨ ਨਾਲ ਮਿਲ ਕੇ ਹਜ਼ਾਰਾਂ ਵਿਦਿਆਰਥੀਆਂ ਨੂੰ ਸਲਾਨਾ ਵਜ਼ੀਫੇ ਦਿੱਤੇ ਜਾ ਰਹੇ ਹਨ।

ਛੋਟੇ ਅਨਾਥ ਬੱਚਿਆਂ ਅਤੇ ਬਜ਼ੁਰਗਾਂ ਲਈ ਰੋਪੜ, ਪੰਜਾਬ ਵਿਖੇ ਮਾਤਾ ਗੁਜਰੀ ਸੁੱਖ ਨਿਵਾਸ ਦੀ ਸੇਵਾ ਵੀ ਨਿਸ਼ਕਾਮ ਨਿਭਾ ਰਿਹਾ ਹੈ।



**ਨਰਿੰਦਰ ਸਿੰਘ, ਨਿਸ਼ਕਾਮ ਜਥੇਬੰਦੀ ਦੇ ਮੋਢੀਆਂ ਵਿੱਚੋਂ ਹਨ ਅਤੇ ਮੌਜੂਦਾ ਵੇਲੇ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਲ ਨਵੀਂ ਦਿੱਲੀ ਦੇ ਪ੍ਰਧਾਨ ਹਨ। ਨਰਿੰਦਰ ਸਿੰਘ ਇੱਕ ਸਫਲ ਵਪਾਰੀ ਵੀ ਹਨ ਅਤੇ ਪੂਰੀ ਤਰ੍ਹਾਂ ਕੌਮੀ ਮੁਫਾਦ ਦੀ ਰਾਖੀ ਲਈ ਸਮਰਪਤ ਹਨ। ਸਿਕਲੀਗਰ ਸਿੱਖਾਂ ਦੀ ਸੇਵਾ ਵਿੱਚ ਖਾਸ ਰੁਚੀ ਲੈਂਦੇ ਹਨ ਅਤੇ ਹਿੰਦੁਸਤਾਨ ਦੇ ਕਈ ਸਿਕਲੀਗਰ ਡੇਰਿਆਂ ਵਿੱਚ ਆਪ ਜਾ ਕੇ ਹਾਲਾਤਾਂ ਦੀ ਵਾਕਫੀ ਲਈ ਹੈ। ਉਨ੍ਹਾਂ ਨਾਲ ਈਮੇਲ** snarinder1947@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਉਤਰਾਖੰਡ ਵਾਸੀ ਗੁਰੂ ਨਾਨਕ ਪੰਥੀਆਂ ਦੀ ਸੇਵਾ ਵਿੱਚ

## ਦਵਿੰਦਰ ਸਿੰਘ ਬਿੰਦਰਾ

ਰਾਏ ਭੋਏ ਦੀ ਤਲਵੰਡੀ (ਨਨਕਾਣਾ ਸਾਹਿਬ) ਦੇ ਭਾਗ ਜਾਗ ਪਏ ਜਦ 1469 ਵਿਚ "ਆਪ ਨਾਰਾਇਣ ਕਲਾਧਾਰ" ਦਾ ਪ੍ਰਕਾਸ਼ ਹੋਇਆ ।

ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼, "ਗਿਆਨ" ਦਾ ਪ੍ਰਕਾਸ਼ ਸੀ । ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ "ਧਰਮ" ਵਿਚੋਂ ਪਖੰਡ ਨੂੰ ਪੂਰੀ ਤਰ੍ਹਾਂ ਹਟਾਣਾ ਸੀ। ਗੁਰੂ ਨਾਨਕ ਸਾਹਿਬ ਨੇ ਚਾਰ ਉਦਾਸੀਆਂ ਦੌਰਾਨ ਸੱਠ ਹਜ਼ਾਰ ਕਿਲੋਮੀਟਰ ਤੋਂ ਜਿਆਦਾ ਯਾਤਰਾ ਕੀਤੀ ਅਤੇ ਇਸ ਧਰਤੀ ਦੇ ਬਹੁਤ ਸਾਰੇ ਹਿੱਸਿਆਂ ਵਿਚ ਜਾ ਕੇ ਧਰਮ ਬਾਰੇ "ਗਿਆਨ" ਨੂੰ ਉਜਾਗਰ ਕਰਨ ਤੇ ਜੋਰ ਦਿੱਤਾ ਤਾਂ ਕਿ ਮਨੁੱਖ ਨੂੰ "ਪੂਰਨ ਪੁਰਖ" ਬਣਾਇਆ ਜਾ ਸਕੇ।

ਗੁਰੂ ਨਾਨਕ ਸਾਹਿਬ ਦਾ ਪੰਥ (ਰਸਤਾ) ਨਿਰਮਲ ਪੰਥ ਹੈ। ਇਸ ਵਿਚ ਕਰਮਾਂ ਦੀ ਨਿਰਮਲਤਾ ਤੇ ਜੋਰ ਦਿੱਤਾ ਗਿਆ ਹੈ। ਇਹ ਪ੍ਰੇਮ ਦਾ ਮਾਰਗ ਹੈ।

**"ਸਰਬ ਧਰਮ ਮਹਿ ਸ੍ਰੇਸਟ ਧਰਮੁ॥**
**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥"**

**–ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ** 266

**ਪਰਮਾਤਮਾ ਨਾਲ ਪ੍ਰੇਮ ਰਾਹੀਂ ਸਾਂਝ ਪਾਣੀ ਹੈ।**
**"ਜਾ ਕਾ ਮੀਤੁ ਸਾਜਨੁ ਹੈ ਸਮੀਆ॥**
**ਤਿਸੁ ਜਨ ਕੋ ਕਉ ਕਹੁ ਕਾ ਕੀ ਕਮੀਆ॥"**

**–ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ** 186

**"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥"**

**–ਗੁਰੂ ਗ੍ਰੰਥ ਸਾਹਿਬ, ਅੰਗ** 1

ਸੱਚੇ "ਅਕਾਲ ਪੁਰਖ" ਨੂੰ ਮਿਲਣ ਲਈ ਮਨੁੱਖ ਨੂੰ ਕਿਸ ਤਰਾਂ "ਸਚਿਆਰਾ" ਬਨਣਾ ਹੈ, ਇਹ ਉਪਦੇਸ਼ ਇਹ ਸੰਦੇਸ਼ ਗੁਰੁ ਨਾਨਕ ਸਾਹਿਬ ਨੇ ਐਸੀ ਜੁਗਤੀ ਨਾਲ ਇਸ ਧਰਤੀ ਦੀ ਲੋਕਾਈ ਵਿਚ ਜਾਗਰਤ ਕੀਤਾ ਕਿ ਭਾਈ ਗੁਰਦਾਸ ਜੀ ਨੂੰ ਕਹਿਣਾ ਪਿਆ

**"ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰੂ ਨਾਨਕ ਕੀ ਵਡਿਆਈ ॥"**

ਦੇਸ਼ ਦੇ ਵੱਖ ਵੱਖ ਹਿੱਸਿਆਂ ਤੋਂ ਆਏ ਗੁਰ ਸਿੱਖਾਂ ਵਿੱਚੋਂ ਪੰਜ ਪਿਆਰ ਸਾਜੇ ਗਏ ਜੋ ਕਿ ਦਿਸਦਾ ਹੈ ਕਿ ਉਸ ਵਕਤ ਸੰਚਾਰ-ਸਿਸਟਮ ਬੜਾ ਮੁਸ਼ਕਲ ਹੋਣ ਦੇ ਬਾਵਜੂਦ ਵੀ ਨਾਨਕ ਪੰਥੀ ਪੂਰੇ ਦੇਸ਼ ਵਿਚ ਮੌਜੂਦ ਸਨ। ਗੁਰੂ ਨਾਨਕ ਸਾਹਿਬ ਨੇ ਦੇਸ਼ ਦੀਆਂ ਹੱਦਾਂ ਨਹੀਂ ਮੰਨੀਆਂ, ਉਨ੍ਹਾਂ ਦਾ ਸੰਦੇਸ਼ ਤਾਂ ਸਾਰੀ ਧਰਤੀ ਦੀ ਲੁਕਾਈ ਲਈ ਸੀ।

ਜਿੱਥੋਂ ਤੱਕ ਨਾਨਕ ਪੰਥੀ ਅਤੇ ਉਤਰਾਖੰਡ ਦਾ ਸਵਾਲ ਹੈ, ਇਸ ਸੂਬੇ ਵਿਚ ਗੁਰੂ

ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਮੰਨਣ ਵਾਲਿਆਂ ਦੀ ਸਿੱਧੇ ਤੋਰ ਤੇ ਅਬਾਦੀ ਤਕਰੀਬਨ 5-6 ਲਖ ਦੀ ਹੈ। ਭਾਵ ਸੂਬੇ ਦੀ ਕੁਲ ਅਬਾਦੀ ਦੀ 6% ਦੇ ਕਰੀਬ ਬਣਦੀ ਹੈ ਜਿਸ ਵਿਚ ਸਿਕਲੀਗਰ ਬਰਾਦਰੀ, ਭਾਟਰਾ ਬਰਾਦਰੀ, ਰਾਇ ਸਿੰਘ, ਨਿਰਮਲੇ, ਵਣਜਾਰੇ ਬਰਾਦਰੀ ਆਦਿ ਸ਼ਾਮਲ ਹਨ।

ਉਤਰਾਖੰਡ ਵਿਚ ਸਿਕਲੀਗਰ, ਭਾਟਰਾ, ਵਣਜਾਰੇ ਅਤੇ ਰਾਇ ਸਿੰਘ ਬਰਾਦਰੀਆਂ ਦੀ ਅਬਾਦੀ ਦਾ ਬਹੁਤ ਵਡਾ ਹਿੱਸਾ ਆਰਥਿਕ ਤੌਰ 'ਤੇ ਗਰੀਬ ਹੈ। ਜਿਸ ਕਾਰਨ ਉਹ ਆਪਣੇ ਬੱਚਿਆਂ ਨੂੰ ਉਚੇਰੀ ਵਿਦਿਅਕ ਸਿੱਖਿਆ ਦੇਣ ਤੋਂ ਅਸਮਰਥ ਹਨ। ਨਿਰਮਲ ਆਸ਼ਰਮ ਵਿਦਿਅਕ ਅਤੇ ਧਾਰਮਿਕ ਸਿਖਿਆ ਦੇਣ ਵਿਚ ਕੁਝ ਸੇਵਾ ਕਰ ਰਹੇ ਹਨ।

ਸਿੱਖ ਪੰਥ ਵਿਚ ਸੇਵਾ ਕਰਨ ਵਾਲੇ ਬਹੁਤ ਹਨ, ਜੇਕਰ ਕਮੀ ਹੈ ਤਾਂ ਉਹ ਸਿੱਖੀ ਨੂੰ ਸਮਰਪਿਤ ਸੋਚ ਦੀ ਹੈ। ਦਸਵੰਧ ਕਢਣ ਦੇ ਪ੍ਰਚਾਰ ਨੂੰ ਘਰ-ਘਰ ਪਹੁੰਚਾਕੇ ਫੰਡ ਵਧਾਏ ਜਾ ਸਕਦੇ ਹਨ। ਲੰਗਰ ਦੇ ਨਾਮ ਤੇ, ਕੀਰਤਨ ਦਰਬਾਰ ਦੇ ਨਾਮ ਤੇ, ਗੁਰਦੁਆਰਿਆਂ ਦੀਆਂ ਆਲੀਸ਼ਾਨ ਇਮਾਰਤਾਂ ਉਸਾਰਨ ਵਿਚ ਅਸੀ ਅਗੇ ਹਾਂ। ਇਸ ਦੇ ਨਾਲ-ਨਾਲ ਸਾਨੂੰ ਆਪਣਾ ਜੋਰ ਪੰਥ ਦੇ ਬੱਚਿਆਂ ਨੂੰ ਉਚੇਰੀ ਸਿੱਖਿਆ ਵੱਲ ਪ੍ਰੇਰਿਤ ਕਰਨ ਵੱਲ ਵੀ ਦੇਣਾ ਚਾਹੀਦਾ ਹੈ।

ਅਜੋਕੇ ਸਮੇਂ ਅਜਿਹੇ ਫੰਡ ਸਥਾਪਿਤ ਕਰਨੇ ਚਾਹੀਦੇ ਹਨ ਜੋ ਬੱਚਿਆਂ ਨੂੰ ਉੱਚ ਮਿਆਰੀ ਵਿਦਿਆ ਦੇ ਨਾਲ-ਨਾਲ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨਾਲ ਜੋੜਨ ਵਿਚ ਮਦਦਗਾਰ ਹੋਵੇ। ਗੁਰੂ ਨਾਨਕ ਸਾਹਿਬ ਦਾ ਮੁੱਖ ਉਪਦੇਸ਼ ਕਿਰਤ ਕਰੋ- ਨਾਮ ਜਪੋ- ਵੰਡ ਛਕੋ, ਪੰਥ ਦੇ ਹਰ ਪ੍ਰਾਣੀ ਨੂੰ ਅਪਨਾਉਣ ਦੀ ਅਤਿ ਆਵਸ਼ਕਤਾ ਹੈ।

ਅਸਾਂ ਵੀ ਇਸ ਦਿਸ਼ਾ ਵਿਚ ਇਕ ਉਪਰਾਲਾ " ਗੁਰਸਿੱਖ ਐਜੂਕੇਸ਼ਨ ਸੋਸਾਇਟੀ" ਦੇ ਨਾਮ ਤੇ 7 ਫਰਵਰੀ 2010 ਤੋਂ ਵਾਹਿਗੁਰੂ ਜੀ ਦੀ ਕਿਰਪਾ ਤੇ ਗੁਰੂ ਨਾਨਕ ਸਾਹਿਬ ਦੀ ਅਪਾਰ ਬਖਸ਼ਿਸ ਸਦਕਾ ਸ਼ੁਰੂ ਕੀਤਾ, ਜਿਸਦੇ ਨਤੀਜੇ ਬਹੁਤ ਹੀ ਚੰਗੇ ਆਉਣੇ ਸ਼ੁਰੂ ਹੋ ਗਏ ਹਨ। ਨਰਸਰੀ ਤੋਂ 12ਵੀਂ ਕਲਾਸ ਤਕ ਦੇ ਬੱਚਿਆਂ ਨੂੰ ਜੋ ਆਰਥਿਕ ਮਦਦ ਕੀਤੀ ਜਾਂਦੀ ਹੈ ਉਸ ਲਈ ਅਸੀਂ ਕਿਸੇ ਨੂੰ ਵਾਪਸੀ ਲਈ ਨਹੀਂ ਕਹਿੰਦੇ।

12ਵੀਂ ਕਲਾਸ ਤੋਂ ਬਾਦ ਦੀ ਪੜ੍ਹਾਈ ਅਤੇ ਹੋਰ ਪ੍ਰੋਫੈਸ਼ਨਲ ਕੋਰਸਾਂ ਲਈ ਜੋ ਮਦਦ ਕੀਤੀ ਜਾਂਦੀ ਹੈ ਉਸਦਾ ਅਕਾਉਂਟ ਬੈਂਕ ਦੀ ਤਰਾਂ ਹਰ ਬੱਚੇ ਦਾ ਅਲੱਗ ਅਲੱਗ ਰੱਖਿਆ ਜਾਂਦਾ ਹੈ ਜਿਸਨੂੰ ਬੱਚੇ ਅਤੇ ਉਹਨਾਂ ਦੇ ਮਾਤਾ ਪਿਤਾ ਜਾਂ Guardian ਆਪਣੀ ਸਹੂਲਤ ਦੇ ਹਿਸਾਬ ਨਾਲ ਵਾਪਸ ਕਰਦੇ ਹਨ। ਉਹਨਾਂ ਦੀ ਵਾਪਸੀ ਤੇ ਉਹਨਾਂ ਨੂੰ Donation ਦੀ ਰਸੀਦ ਹੀ ਦਿੱਤੀ ਜਾਂਦੀ ਹੈ ਕਿਉਂਕਿ ਉਹਨਾਂ ਦੁਆਰਾ ਦਿੱਤੀ ਗਈ ਵਾਪਸੀ ਹੋਰ ਬੱਚਿਆਂ ਦੀ ਸਿੱਖਿਆ 'ਤੇ ਖਰਚ ਹੁੰਦੀ ਹੈ।

ਮਾਇਆ ਇੱਕਤਰ ਕਰਨ ਲਈ GES ਨੇ ਵਾਹਿਗੁਰੂ ਜੀ ਦੀ ਕਿਰਪਾ ਸਦਕਾ ਜੋ ਢੰਗ ਅਪਣਾਇਆ ਉਹ ਢੰਗ ਹੋਰਨਾਂ ਨੂੰ ਵੀ ਪ੍ਰੇਰਨਾ ਦੇ ਸਕਦਾ ਹੈ। ਸ਼ੁਰੂ ਵਿਚ ਅਸਾਂ ਲੋਹੇ ਦੀਆਂ ਛੋਟੀਆਂ ਛੋਟੀਆਂ ਗੋਲਕਾਂ ਬਣਾਕੇ ਪੰਥ ਦਰਦੀ ਸਿੱਖ ਪਰਵਾਰਾਂ ਦੇ ਘਰਾਂ ਵਿਚ ਰਖੀਆਂ। ਉਸਤੋਂ ਇਕ ਲੱਖ ਰੁਪਏ ਇਕੱਤਰ ਕਰਕੇ ਪੰਥ ਦੇ ਆਰਥਿਕ ਤੋਰ ਤੇ ਗਰੀਬ ਪਰਵਾਰਾਂ ਦੇ ਕੁਝ ਬੱਚਿਆਂ ਨੂੰ ਚੰਗੇ ਸਕੂਲ ਵਿਚ ਪਾਇਆ।

ਹੁਣ ਬਹੁਤ ਸਾਰੀਆਂ ਗੋਲਕਾਂ ਦੇ ਨਾਲ-ਨਾਲ ਅਸਾਂ Each One Teach One ਦਾ ਨਾਅਰਾ ਦਿੱਤਾ। ਅੱਜ ਸਾਡੇ ਕੋਲ ਸੈਂਕੜੇ ਬੱਚੇ Each One Teach One Scheme ਹੇਠ ਪੜ੍ਹ ਰਹੇ ਹਨ ਕਈਆਂ ਨੇ 2 ਅਤੇ ਕਈਆਂ ਨੇ ਦੋ ਤੋਂ ਵੱਧ ਬੱਚਿਆਂ ਦੀ ਫੀਸ ਦੀ ਸੇਵਾ ਲਈ ਹੈ। ਕੁਝ ਗੁਰਦੁਆਰਿਆਂ ਦੀਆਂ ਕਮੇਟੀਆਂ ਵੀ ਸੇਵਾ ਵਿਚ ਹਿੱਸਾ ਪਾ ਰਹੀਆਂ ਹਨ।ਗੁਰਦੁਆਰਾ ਕਮੇਟੀ ਗੋਬਿੰਦ ਨਗਰ ਰੇਸ ਕੋਰਸ ਦੇਹਰਾਦੂਨ ਦਾ ਸਹਿਯੋਗ ਸ਼ਲਾਘਾਯੋਗ ਹੈ।

ਗੁਰਸਿੱਖ ਐਜੂਕੇਸ਼ਨ ਸੋਸਾਇਟੀ ਦੀ ਸਹਾਇਤਾ ਨਾਲ ਪੜਾਈ ਕਰਕੇ ਜੋ ਬੱਚੇ ਕੰਮਾਂ 'ਤੇ ਲੱਗ ਗਏ ਹਨ ਉਹਨਾਂ ਦਾ ਸਹਿਯੋਗ ਵੀ ਸ਼ਲਾਘਾਯੋਗ ਹੈ। ਇਸ ਤੋਂ ਇਲਾਵਾ ਵੀ ਬਹੁਤ ਸਾਰੀਆਂ ਸੰਗਤਾਂ ਅਤੇ ਪੰਥ ਦੇ ਬੱਚੇ ਜੋ ਚੰਗੀਆਂ ਤਨਖਾਹਾਂ ਲੈ ਰਹੇ ਹਨ ਆਪਣੇ ਦਸਵੰਧ ਤੋਂ ਸੇਵਾ ਕਰਦੇ ਹਨ।ਪਰ ਇਸ ਸਭ ਦੇ ਬਾਵਜੂਦ ਵੀ ਅਜੇ ਬਹੁਤ ਸਾਰੇ ਧਨ ਦੀ ਲੋੜ ਹੈ ਕਿਉਂਕਿ ਅਸੀ ਚਾਹ ਕੇ ਵੀ ਫੰਡ ਦੀ ਕਮੀ ਕਾਰਨ ਬਹੁਤ ਸਾਰੇ ਬੱਚਿਆਂ ਦੀ ਆਰਥਿੱਕ ਮਦਦ ਕਰਨ ਤੋਂ ਅਸਮਰਥ ਹੋ ਜਾਂਦੇ ਹਾਂ।

ਅੰਤ ਵਿਚ ਗੁਰਸਿੱਖ ਐਜੂਕੇਸ਼ਨ ਸੋਸਾਇਟੀ ਵਲੋਂ ਹਰ ਪੰਥ ਦਰਦੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਾਡੇ ਮਿਸ਼ਨ 2040 (ਸਿੱਖ ਪੰਥ ਸੰਨ 2040 ਤੱਕ ਇਸ ਧਰਤੀ 'ਤੇ ਅਕੈਡਮਿਕ ਅਤੇ ਧਾਰਮਿਕ ਤੋਰ ਤੇ ਉਤੱਮ ਪੰਥ ਹੋਵੇ) ਨੂੰ ਸਫਲ ਕਰਨ ਲਈ ਆਪਣਾ ਪੂਰਾ-ਪੂਰਾ ਸਹਿਯੋਗ ਦੇਣ ਦੀ ਕਿਰਪਾ ਕਰਨ।ਆਉ ਸ੍ਰੀ ਗੁਰੂ ਨਾਨਕ ਸਾਹਿਬ ਦੇ 550 ਵੇਂ ਪ੍ਰਕਾਸ਼ ਉਤਸਵ ਤੇ ਹੋਰ ਪ੍ਰੋਗਰਾਮਾਂ ਦੇ ਨਾਲ ਨਾਲ ਮਿਸ਼ਨ-2040 ਨੂੰ ਵੀ ਸਫਲ ਕਰਨ ਲਈ ਉਪਰਾਲੇ ਕਰੀਏ।



**ਦਵਿੰਦਰ ਸਿੰਘ ਬਿੰਦਰਾ ਪੰਜਾਬ ਐਂਡ ਸਿੰਧ ਬੈਂਕ ਦੇ ਮੈਨੇਜਰ ਦੇ ਅਹੁਦੇ ਤੋਂ ਰਿਟਾਇਰ ਹੋਣ ਉਪਰੰਤ ਸਮਾਜ ਭਲਾਈ ਦੇ ਖੇਤਰ ਵਿੱਚ ਜੁੱਟ ਗਏ। ਉਨ੍ਹਾਂ ਨੇ ਲੋੜਵੰਦ ਬੱਚਿਆਂ ਦੀ ਸਿੱਖਿਆ ਦੇ ਖੇਤਰ ਵਿੱਚ ਕੰਮ ਕਰਨਾ ਆਰੰਭ ਕਰ ਦਿੱਤਾ ਅਤੇ ਗੁਰਸਿੱਖ ਐਜੂਕੇਸ਼ਨ ਸੁਸਾਇਟੀ ਦੇਹਰਾਦੂਨ ਸਥਾਪਤ ਕੀਤੀ ਜੋ ਉਤਰਾਖੰਡ ਦੇ ਨਾਨਕਪੰਥੀਆਂ ਲਈ ਵਿਦਿਆ ਪਸਾਰ ਲਈ ਨਿਵੇਕਲੇ ਅਗਾਂਹਵਾਧੂ ਕੰਮ ਕਰ ਰਹੀ ਹੈ। ਪਿਛਲੇ 10 ਸਾਲਾਂ ਤੋਂ ਉਹ ਲਗਾਤਾਰ ਇਸ ਮਿਸ਼ਨ ਨੂੰ ਸਮਰਪਤ ਹੋ ਨਵੀਆਂ ਪੁਲਾਂਘਾਂ ਤਹਿ ਕਰ ਰਹੇ ਹਨ। ਉਨ੍ਹਾਂ ਨਾਲ ਈਮੇਲ** gursikheducationsociety@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਮਹਾਰਾਸ਼ਟਰਾ ਦੇ ਸਿਕਲੀਗਰ ਸਿੱਖਾਂ ਦੀ ਵਿਦਿਅਕ ਸੇਵਾ ਅਤੇ ਅਜੋਕੇ ਲਾਕਡਾਊਨ ਵਿੱਚ ਸੰਭਾਲ

### ਕੁਲਵੰਤ ਸਿੰਘ

ਤਿੰਨ ਦਹਾਕੇ ਪਹਿਲਾਂ ਸ਼ੁਰੂ ਹੋਏ ਸਫਰ ਦੇ ਪਹਿਲੇ ਪੜਾਅ ਵਿੱਚ ਮੁੰਬਈ ਵੱਸਦੇ ਸਿੱਖ ਬੱਚਿਆਂ ਨੂੰ ਗੁਰਮੁਖੀ ਦੀ ਪੜ੍ਹਾਈ ਅਤੇ ਗੁਰਮਤਿ ਦੀ ਮੁਢਲੀ ਜਾਣਕਾਰੀ ਸੋਝੀ ਦੇਣ ਦੇ ਕਦਮਾਂ ਨਾਲ ਸ਼ੁਰੂਆਤ ਕੀਤੀ ਗਈ। ਸਿੱਖ ਧਰਮ ਦੇ ਅਣਥੱਕ ਪ੍ਰਚਾਰਕ ਅਤੇ ਦੂਰ ਅੰਦੇਸ਼ ਪ੍ਰਬੰਧਕ ਜਸਪਾਲ ਸਿੰਘ ਦੀ ਪ੍ਰੇਰਨਾ ਸਦਕਾ ਮੁੰਬਈ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਸਿੱਖ ਨੌਜਵਾਨ ਵਲੰਟੀਅਰ ਹਰ ਐਤਵਾਰ ਨੂੰ ਬੜੀ ਸੰਜੀਦਗੀ ਨਾਲ ਸਿੱਖ ਬੱਚਿਆਂ ਨੂੰ ਗੁਰੂ ਘਰ ਨਾਲ ਜੋੜਨ ਅਤੇ ਗੁਰ ਵਿਚਾਰ ਕਰਨ ਲਈ ਜੁੜਦੇ। ਇਸ ਨਾਲ ਸੈਂਕੜੇ ਬੱਚੇ ਬੱਚੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਇਸ ਦਾ ਲਾਭ ਉਠਾਇਆ।

ਇਨ੍ਹਾਂ ਸਾਰਿਆਂ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਜਸਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਕੋਈ 30 ਵਰ੍ਹੇ ਪਹਿਲਾਂ ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ ਬਣਾਇਆ। ਇਸ ਜਥੇਬੰਦੀ ਦੇ ਆਗੂ, ਪ੍ਰਬੰਧਕ ਅਤੇ ਵਲੰਟੀਅਰ ਲਗਾਤਾਰ ਨਿਸ਼ਕਾਮ ਸੇਵਾ ਨਿਭਾਉਂਦੇ ਆ ਰਹੇ ਹਨ।

25 ਮਾਰਚ 2020 ਨੂੰ ਜਦ ਕਰੋਨਾ ਮਹਾਮਾਰੀ ਦੇ ਰੋਕ ਲਈ ਅਚਨਚੇਤ ਭਾਰਤ ਵਿੱਚ ਲੌਕਡਾਊਨ ਦਾ ਐਲਾਨ ਕੀਤਾ ਗਿਆ ਤਾਂ ਇਸ ਦਾ ਸਿੱਧਾ ਤੇ ਗਹਿਰਾ ਅਸਰ ਗਰੀਬ ਤਬਕੇ ‘ਤੇ ਪਿਆ। ਸ਼ਹਿਰਾਂ ਅਤੇ ਪਿੰਡਾਂ ਵਿੱਚ ਵੱਸਦੇ ਗਰੀਬ ਤਬਕੇ ਨੂੰ ਰੋਜ਼ਮਰ੍ਹਾ ਦੀਆਂ ਜ਼ਰੂਰਤਾਂ ਤੋਂ ਵੀ ਵਾਂਝੇ ਰਹਿਣਾ ਪੈ ਗਿਆ।

ਮਹਾਰਾਸ਼ਟਰਾ, ਗੁਜਰਾਤ ਅਤੇ ਮੱਧ ਪ੍ਰਦੇਸ਼ ਦੇ ਮਿਹਨਤਕਸ਼ ਸਿਕਲੀਗਰ ਸਿੱਖਾਂ ‘ਤੇ ਜਿਵੇਂ ਮੁਸੀਬਤਾਂ ਦਾ ਪਹਾੜ ਟੁੱਟ ਪਿਆ। ਜਿਵੇਂ ਕਿ ਸਾਰਾ ਜਹਾਨ ਜਾਣਦਾ ਹੈ ਕਿ ਸਿਕਲੀਗਰ ਸਿੱਖ ਲੋਹੇ ਦਾ ਕੰਮ ਕਰਦੇ ਹਨ ਅਤੇ ਰੋਜ਼ ਕਮਾਈ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ। ਲੌਕਡਾਊਨ-ਬੰਦੀ ਕਰਕੇ ਭਾਰਤ ਦੇ ਸਾਰੇ ਸਿਕਲੀਗਰ ਸਿੱਖ ਆਪਣੇ-ਆਪਣੇ ਡੇਰਿਆਂ ਵਿੱਚ ਸੀਮਤ ਹੋ ਕੇ ਰਹਿ ਗਏ।

ਰੋਜ਼ਾਨਾ ਰਾਸ਼ਨ ਖਰੀਦ ਕੇ ਆਪਣੇ ਬੱਚਿਆਂ ਦੇ ਮੂੰਹ ਵਿੱਚ ਰੋਟੀ ਪਾਉਣ ਵਾਲੇ ਇਹ ਪਰਿਵਾਰ ਬੇਬਸ ਨਜ਼ਰ ਆਏ। ਵੱਖ-ਵੱਖ ਥਾਵਾਂ 'ਤੇ ਸਿੱਖ ਜਥੇਬੰਦੀਆਂ ਗੁਰਦੁਆਰਿਆਂ, ਡੇਰਿਆਂ ਅਤੇ ਨਿੱਜੀ ਤੌਰ 'ਤੇ ਦਾਨਸ਼ਮੰਦ ਵੀਰ-ਭੈਣ ਮੈਦਾਨ ਵਿੱਚ ਨਿੱਤਰੇ ਅਤੇ ਇਸ ਔਖੀ ਘੜੀ ਸਿਕਲੀਗਰਾਂ ਦਾ ਪੂਰਾ ਸਾਥ ਦਿੱਤਾ।

ਰਾਹਤ ਦੀ ਗੱਲ ਇਹ ਹੈ ਕਿ ਇਨ੍ਹਾਂ ਦੇ ਹਾਲਾਤ ਦੇ ਨਜ਼ਰਸ਼ਾਨੀ ਕਰਦੇ ਹੋਏ ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ ਮੁੰਬਈ ਨੇ ਸਮੇਂ ਸਿਰ ਵੱਡੀ ਪਹਿਲਕਦਮੀ ਕਰਕੇ ਲਗਭਗ 3000 ਪਰਿਵਾਰਾਂ ਨੂੰ ਰਾਸ਼ਨ ਪਹੁੰਚਾਉਣ ਦਾ ਬੀੜਾ ਚੁੱਕਿਆ। ਮੱਧ ਪ੍ਰਦੇਸ਼, ਮਹਾਰਾਸ਼ਟਰਾ ਅਤੇ ਗੁਜਰਾਤ ਦੇ ਪਿੰਡਾਂ ਵਿੱਚ ਵੱਸਦੇ ਅਨੇਕਾਂ ਡੇਰਿਆਂ ਦੇ ਹਰ ਪਰਿਵਾਰ ਨੂੰ ਸੁੱਕਾ ਰਾਸ਼ਨ ਵਿਉਂਤਮਈ ਢੰਗ ਨਾਲ ਪਹੁੰਚਾਇਆ ਗਿਆ।

ਮਹਾਰਾਸ਼ਟਰਾ ਦੇ 11 ਡੇਰਿਆਂ ਵਿੱਚ 427 ਪਰਿਵਾਰਾਂ ਨੂੰ ਰਾਸ਼ਨ ਦਿੱਤਾ ਗਿਆ।

ਗੁਜਰਾਤ ਦੇ 11 ਡੇਰਿਆਂ ਵਿੱਚ 999 ਪਰਿਵਾਰਾਂ ਨੂੰ ਰਾਸ਼ਨ ਦਿੱਤਾ ਗਿਆ। ਮੱਧ ਪ੍ਰਦੇਸ਼ ਦੇ 14 ਡੇਰਿਆਂ ਵਿੱਚ 438 ਪਰਿਵਾਰਾਂ ਨੂੰ ਰਾਸ਼ਨ ਦਿੱਤਾ ਗਿਆ। ਕਈ ਥਾਵਾਂ 'ਤੇ ਦਵਾਈਆਂ ਅਤੇ ਹੋਰ ਮੈਡੀਕਲ ਸਹੂਲਤਾਂ ਵੀ ਪਹੁੰਚਾਈਆਂ ਗਈਆਂ।

**ਖਾਲਸਾ ਏਡ ਦਾ ਖਾਸ ਯੋਗਦਾਨ:**

ਇੱਥੇ ਇਹ ਦੱਸਣਯੋਗ ਹੈ ਕਿ ਪਹਿਲੋ ਪਹਿਲ ਇਹ ਪ੍ਰੋਜੈਕਟ ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ ਨੇ ਆਪਣੇ ਪੱਧਰ 'ਤੇ ਕਰਾ ਸ਼ੁਰੂ ਕੀਤਾ ਪਰ ਬਾਅਦ ਵਿੱਚ ਕੌਮਾਂਤਰੀ ਜਥੇਬੰਦੀ ਖਾਲਸਾ ਏਡ ਦੇ ਮਿਲਵਰਤਣ ਨਾਲ ਪੂਰਾ ਕੀਤਾ। ਖਾਲਸਾ ਏਡ ਨੇ ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ ਦੇ ਰਾਹੀਂ ਸਿਕਲੀਗਰ ਸੇਵਾਵਾਂ ਲਈ ਭਰਪੂਰ ਯੋਗਦਾਨ ਪਾਇਆ।

ਕੌਮਾਂਤਰੀ ਜਥੇਬੰਦੀ ਖਾਲਸਾ ਏਡ ਜੋ ਹਿੰਦੁਸਤਾਨ ਦੇ ਵੱਖ ਵੱਖ ਸ਼ਹਿਰਾਂ ਵਿੱਚ ਮਹਾਂਮਾਰੀ ਦੌਰਾਨ ਸੇਵਾ ਕਰਦੀ ਆ ਰਹੀ ਹੈ, ਨੇ ਮੁੰਬਈ ਵਿਖੇ ਵੀ ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ ਦੇ ਮਿਲਵਰਤਣ ਨਾਲ ਬਾਖੂਬੀ ਸੇਵਾ ਨਿਭਾਈ ਹੈ। ਜਥੇਬੰਦੀ ਨੇ ਕੋਵਿਡ-19 ਨਾਲ ਨਜਿੱਠਣ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਪੀ. ਪੀ. ਈ. ਸੂਟ, ਬਾਡੀ ਸੂਟ, ਮਾਸਕ ਅਤੇ ਹੋਰ ਸਮਾਨ ਮੁਹੱਈਆ ਕਰਵਾਇਆ। ਇਸ ਜਾਨ ਬਚਾਊ ਸਮਾਨ ਨੂੰ ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ ਅਤੇ ਮੁੰਬਈ ਦੀ ਸਿਰਮੌਰ ਜਥੇਬੰਦੀ ਸ੍ਰੀ ਗੁਰੂ ਸਿੰਘ ਸਭਾ, ਦਾਦਰ, ਮੁੰਬਈ ਵੱਲੋਂ ਸ਼ਹਿਰ ਦੇ ਅਹਿਮ ਹਸਪਤਾਲਾਂ, ਪੁਲਿਸ ਕਰਮੀਆਂ ਅਤੇ ਹੋਰ ਜਨਤਕ ਅਦਾਰਿਆਂ ਵਿੱਚ ਵੰਡ ਕੀਤੀ ਗਈ।

**ਅਪਣਾਤਵ ਦਾ ਅਹਿਸਾਸ:**

ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ ਵੱਲੋਂ ਸਿਕਲੀਗਰ ਸਿੱਖਾਂ ਦੀ ਇਸ ਮਹਾਂਮਾਰੀ ਦੌਰਾਨ ਕੀਤੀ ਅਣਥੱਕ ਸੇਵਾ ਨਾਲ ਸਿਕਲੀਗਰ ਪਰਿਵਾਰਾਂ ਨੂੰ ਨਾ ਕੇਵਲ ਰਾਹਤ ਹੀ ਮਿਲੀ ਬਲਕਿ ਉਨ੍ਹਾਂ ਨੂੰ ਇਹ ਅਹਿਸਾਸ ਵੀ ਹੋਇਆ ਤੇ ਮਾਣ ਵੀ ਹੋਇਆ ਕਿ ਉਹ ਇੱਕ ਵੱਡੇ ਸਿੱਖ ਪਰਿਵਾਰ ਦਾ ਹਿੱਸਾ ਹਨ। ਇਹ ਅਹਿਸਾਸ ਅਤੇ ਸਾਂਝ ਦਾ ਯਕੀਨ ਲੰਬੇ ਸਮੇਂ ਤੱਕ ਅਸਰ ਪਵੇਗਾ। ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ ਨੇ ਇਹ ਤਹੀਆ ਵੀ ਕੀਤਾ ਹੋਇਆ ਹੈ ਕਿ ਜੇ ਕੋਵਿਡ-19 ਮਹਾਮਾਰੀ ਦਾ ਅਸਰ ਜ਼ਿਆਦਾ ਦੇਰ ਰਹਿੰਦਾ ਹੈ ਤਾਂ ਇਨ੍ਹਾਂ ਨੂੰ ਰਾਸ਼ਨ ਅਤੇ ਕਈ ਥਾਵਾਂ 'ਤੇ ਲੰਗਰ ਪਹੁੰਚਾਉਣ ਦੀ ਕਿਰਿਆ ਜਾਰੀ ਰਹੇਗੀ।

ਇਹ ਦੱਸਣਾ ਜ਼ਰੂਰੀ ਹੈ ਕਿ ਇਨ੍ਹਾਂ ਸਿਕਲੀਗਰ ਸਿੱਖਾਂ ਤੋਂ ਇਲਾਵਾ ਮੁੰਬਈ ਦੇ ਇਲਾਕਾ ਤਿਲਕ ਨਗਰ ਵਿੱਚ ਬਹੁਤ ਸਾਰੇ ਗਰੀਬ ਪਰਿਵਾਰ ਰਹਿੰਦੇ ਹਨ ਜਿਨ੍ਹਾਂ ਦੇ ਬਜੁਰਗ ਕਈ ਦਹਾਕਿਆਂ ਪਹਿਲੇ ਮੇਰਠ ਤੋਂ ਆਏ ਸਨ। ਇਸ ਇਲਾਕੇ ਵਿੱਚ ਇੱਕ ਗੁਰਦੁਆਰਾ ਸਾਹਿਬ ਉਸਾਰਿਆ ਗਿਆ ਹੈ।

**ਮਹਾਂਮਾਰੀ ਤੋਂ ਪਹਿਲਾਂ ਸਿਕਲੀਗਰ ਸਿੱਖਾਂ ਦੀ ਸੇਵਾ ਦਾ ਸਫਰ**

ਕੋਈ 15 ਸਾਲ ਪਹਿਲਾਂ ਸਿਕਲੀਗਰ ਸਿੱਖਾਂ ਦੀ ਸੇਵਾ ਦਾ ਸਫਰ ਸ਼ੋਲਾਪੁਰ ਤੋਂ ਸ਼ੁਰੂ ਹੋਇਆ। ਨਾਲ ਲਗਦੇ ਕਸਬੇ ਸ਼੍ਰੀਰਾਮਪੁਰ, ਜਲਗਾਉਂ, ਭੁਸਾਵਲ, ਟਿਰਨਡੋਲ ਅਤੇ ਹੋਰ ਇਲਾਕਿਆਂ ਵਿੱਚ ਸਿਕਲੀਗਰ ਸਿੱਖ ਬੱਚਿਆਂ ਦੀ ਵਿੱਦਿਆ ਦਾ ਪ੍ਰੋਜੈਕਟ ਸ਼ੁਰੂ ਕੀਤਾ

ਗਿਆ ਸੀ। ਪਹਿਲੇ ਪਹਿਲ ਇੱਥੇ ਸੇਵਾ ਸੰਸਥਾ 'ਅੱਖਰ ਸੋਹ' ਨਾਲ ਮਿਲ ਕੇ ਕੀਤੀ ਗਈ ਤੇ ਬਾਅਦ ਵਿੱਚ ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ ਸਕੂਲਾਂ ਵਿੱਚ ਦਾਖਲੇ ਤੋਂ ਲੈ ਕੇ ਪੜ੍ਹਾਈ ਦਾ ਖਰਚਾ ਅਤੇ ਟਿਊਸ਼ਨ ਟੀਚਰ ਦਾ ਖਰਚਾ ਵੀ ਮੁਹੱਈਆ ਕਰਵਾਉਂਦੇ ਸੀ।

ਮੈਨੂੰ ਦੱਸਦਿਆਂ ਖੁਸ਼ੀ ਹੁੰਦੀ ਹੈ ਕਿ ਜ਼ਿੰਦਗੀ ਦੇ ਵਿੱਚ ਵਿਦਿਆ ਦੀ ਮਹੱਤਤਾ ਨੂੰ ਪਹਿਚਾਣ ਕੇ ਇਨ੍ਹਾਂ ਇਲਾਕਿਆਂ ਦੇ ਸਿਕਲੀਗਰ ਸਿੱਖਾਂ ਨੇ ਹੁਣ ਆਪਣੇ ਆਪ ਹੀ ਚੰਗੇ ਸਕੂਲਾਂ ਵਿੱਚ ਆਪਣੇ ਬੱਚਿਆਂ ਦਾ ਦਾਖਲਾ ਕਰਵਾ ਕੇ ਪੜ੍ਹਾਈ ਲਿਖਾਈ ਦਾ ਕਾਰਜ ਮਿੱਥਿਆ ਹੋਇਆ ਹੈ। ਸਿਕਲੀਗਰ ਸੇਵਾ ਦੇ ਸਫਰ ਵਿੱਚ ਇਹ ਇੱਕ ਮੀਲ ਪੱਥਰ ਹੈ।

ਇਸ ਤੋਂ ਇਲਾਵਾ ਪੂਨੇ ਵਿਖੇ ਗੁਰਦੁਆਰਾ ਸਾਹਿਬ, ਨਰਸਰੀ ਸਕੂਲ ਸ਼ਹਿਰ ਦੇ ਵਿੱਚੋਂ ਵਿੱਚ ਲੰਘਦੀ ਨਹਿਰ ਦੇ ਕੰਡੇ ਤੇ ਹੜੱਪਸਰ ਇਲਾਕੇ ਦੇ ਸਿਕਲੀਗਰ ਸਿੱਖਾਂ ਲਈ ਇੱਕ ਬਹੁਤ ਵੱਡਾ ਗੁਰਦੁਆਰਾ ਸਾਹਿਬ ਉਸਾਰਿਆ ਗਿਆ ਹੈ। ਹਾਲ ਹੀ ਵਿੱਚ ਉਥੇ ਬਹੁਤ ਛੋਟੇ ਬੱਚਿਆਂ ਲਈ ਬਾਬਾ ਫਤਿਹ ਸਿੰਘ ਨਰਸਰੀ ਸਕੂਲ ਸ਼ੁਰੂ ਕੀਤਾ ਗਿਆ ਹੈ ਜਿੱਥੇ ਹੁਣ 28 ਬੱਚੇ ਪੜ੍ਹਦੇ ਹਨ। ਆਉਣ ਵਾਲੇ ਸਮੇਂ ਵਿੱਚ ਹੜੱਪਸਰ ਡੇਰੇ ਦੇ ਛੋਟੇ ਬੱਚਿਆਂ ਲਈ ਇਹ ਸਕੂਲ ਵਰਦਾਨ ਸਾਬਤ ਹੋਵੇਗਾ।

**ਗੁਰਮਤਿ ਟ੍ਰੇਨਿੰਗ ਕੈਂਪ:** ਗੁਰਮਤਿ ਪ੍ਰਚਾਰ ਚੂਰੀਟੇਬਲ ਟਰੱਸਟ ਮੁੰਬਈ ਹਰ ਸਾਲ ਸਕੂਲ ਅਤੇ ਕਾਲਜ ਜਾਂਦੇ ਸੈਂਕੜੇ ਸਿੱਖ ਬੱਚੇ ਅਤੇ ਬੱਚੀਆਂ ਲਈ ਗੁਰਮਤਿ ਟਰੇਨਿੰਗ ਕੈਂਪ ਲਗਾਉਂਦਾ ਹੈ। ਨੌਜਵਾਨ ਸਿੱਖ ਬੱਚੇ ਬੱਚੀਆਂ ਇਸ ਦਾ ਬਾਖੂਬੀ ਲਾਭ ਲੈਂਦੇ ਹਨ। ਇਨ੍ਹਾਂ ਗੁਰਮਤਿ ਟਰੇਨਿੰਗ ਕੈਂਪਾਂ ਦੀ ਵਾਗਡੋਰ ਜਸਪਾਲ ਸਿੰਘ, ਪਰਮਜੀਤ ਸਿੰਘ, ਕੰਵਲਜੀਤ ਸਿੰਘ ਅਤੇ ਉਨ੍ਹਾਂ ਦੇ ਹੋਰ ਸਾਥੀਆਂ ਨੇ ਸੰਭਾਲੀ ਹੋਈ ਹੈ।ਗੁਰਮਤਿ ਪੜ੍ਹਾਈ ਦਾ ਸਿਲੇਬਸ ਅਤੇ ਬੁਲਾਰਿਆਂ ਦੀ ਚੋਣ ਬੜੇ ਹੀ ਵਿਉਂਤਮਈ ਢੰਗ ਨਾਲ ਕੀਤੀ ਜਾਂਦੀ ਹੈ। ਇਨ੍ਹਾਂ ਗੁਰਮਤਿ ਟਰੇਨਿੰਗ ਕੈਂਪਾਂ ਵਿੱਚ ਵਿਦਿਆਰਥੀਆਂ ਨੂੰ ਸੁਚੱਜੇ ਢੰਗ ਨਾਲ ਗੁਰਮਤਿ ਦੀ ਸੇਧ ਅਤੇ ਸੋਝੀ ਦੇਣ ਲਈ ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਰੋਪੜ ਦੇ ਪ੍ਰਿੰਸੀਪਲ ਬਲਜੀਤ ਸਿੰਘ ਅਤੇ ਪ੍ਰੋ. ਮਨਿੰਦਰਪਾਲ ਸਿੰਘ ਵਢਮੁੱਲਾ ਯੋਗਦਾਨ ਦਿੰਦੇ ਆ ਰਹੇ ਹਨ। ਇਨ੍ਹਾਂ ਗੁਰਮਤਿ ਟਰੇਨਿੰਗ ਕੈਂਪਾਂ ਵਿੱਚ ਸਿਕਲੀਗਰ ਬੱਚੇ ਵੀ ਵਧ-ਚੜ੍ਹ ਕੇ ਹਿੱਸਾ ਲੈਂਦੇ ਹਨ।

ਹਾਲ ਹੀ ਵਿੱਚ ਲਾਕਡਾਊਨ ਦੇ ਸਮੇਂ ਆਨਲਾਈਨ ਗੁਰਮਤਿ ਟਰੇਨਿੰਗ ਕੈਂਪ ਦਾ ਪ੍ਰਬੰਧ ਕੀਤਾ ਗਿਆ ਜਿਸ ਵਿੱਚ 1200 ਬੱਚਿਆਂ ਨੇ ਮਹਾਰਾਸ਼ਟਰਾ ਤੋਂ ਇਲਾਵਾ ਹੋਰ ਸੂਬਿਆਂ ਤੋਂ ਵੀ ਸ਼ਮੂਲੀਅਤ ਕੀਤੀ। ਅਜਿਹੇ ਇੱਕ ਆਨਲਾਈਨ ਗੁਰਮਤਿ ਕੈਂਪ ਵਿੱਚ ਅਸਟਰੇਲੀਆ, ਕੈਨੇਡਾ, ਦੁਬਈ ਅਤੇ ਨਿਊਜ਼ੀਲੈਂਡ ਤੋਂ 50 ਬੱਚਿਆਂ ਨੇ ਸ਼ਮੂਲੀਅਤ ਕੀਤੀ।

**ਸਿੱਖੀ ਧਾਰਮਿਕ ਸਾਹਿਤ:** ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ ਸਿੱਖ ਧਾਰਮਕ ਲਿਟਰੇਚਰ ਦੇ ਪਸਾਰ ਨੂੰ ਬੜੀ ਦਲੇਰੀ ਨਾਲ 3 ਦਹਾਕਿਆਂ ਤੋਂ ਨਿਭਾ ਰਿਹਾ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਬਾਅਦ ਸਾਡੀ ਸੰਸਥਾ ਕੋਲ ਸਭ ਤੋਂ ਵੱਡਾ ਪੁਸਤਕਾਂ ਦਾ ਭੰਡਾਰਾ ਹੈ। ਇਸ ਕੇਂਦਰ ਤੋਂ ਪੁਸਤਕਾਂ ਸਿਕਲੀਗਰਾਂ ਸਿੱਖਾਂ ਨੂੰ ਅਤੇ ਹੋਰ ਸੰਗਤਾਂ ਨੂੰ

ਪੂਰੇ ਪੱਛਮੀ ਭਾਰਤ ਵਿੱਚ ਪਹੁੰਚਾਈਆਂ ਜਾਂਦੀਆਂ ਹਨ।

**ਧਰਮ ਪ੍ਰਚਾਰ ਕੇਂਦਰ ਇੱਗਤਪੁਰੀ:** ਆਪਣੀਆਂ ਧਾਰਮਕ ਅਤੇ ਸਿਆਸੀ ਸੇਵਾਵਾਂ ਨੂੰ ਅਤੇ ਸਿਕਲੀਗਰ, ਵਣਜਾਰੇ ਤੇ ਹੋਰ ਗਰੀਬ ਵਰਗ ਦੀ ਮੁੱਢਲੀ ਵਿਦਿਆ, ਹੁਨਰ ਵਿਦਿਆ, ਸਮਾਜਕ ਵਿਦਿਅਕ ਅਤੇ ਪਰਿਵਾਰਕ ਕੌਂਸਲਿੰਗ ਨੂੰ ਇੱਕ ਸਥਾਈ ਰੂਪ ਦੇਣ ਲਈ ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ ਮੁੰਬਈ, ਇਗਤਪੁਰੀ ਪੂਨਾ ਸੜਕ ‘ਤੇ ਇੱਕ 10 ਏਕੜ ਦੇ ਪਲਾਟ ਵਿੱਚ ਇੱਕ ਅਜਿਹਾ ਪ੍ਰਚਾਰ ਕੇਂਦਰ ਉਸਾਰ ਰਿਹਾ ਹੈ ਜੋ ਆਪਣੇ ਆਪ ਵਿੱਚ ਇੱਕ ਨਵੀਂ ਮਿਸਾਲ ਹੋਵੇਗਾ।

**ਗੁਰੂ ਅੰਗਦਪੁਰੀ ਦੇ ਪਹਿਲੇ ਕਦਮ:** ਗੁਰੂ ਅੰਗਦ ਪਾਤਸ਼ਾਹ ਬੱਚਿਆਂ ਨੂੰ ਪੜ੍ਹਾਉਣ ਦੀ ਕਾਰਵਾਈ ਤੋਂ ਪ੍ਰੇਰਤ ਹੋ ਕੇ ਇਸ ਕੇਂਦਰ ਨੂੰ ‘ਅੰਗਦਪੁਰੀ’ ਦੇ ਨਾਮ ਨਾਲ ਤਿਆਰ ਕੀਤਾ ਜਾ ਰਿਹਾ ਹੈ। ਕੁਦਰਤ ਦੀ ਗੋਦ ਵਿੱਚ ਵੱਸੀ ਇਸ ਥਾਂ ਨੂੰ ਤਿਆਰ ਕਰਨ ਲਈ ਹਾਲੇ ਮੁਢਲੇ ਕਦਮ ਚੁੱਕੇ ਗਏ ਹਨ। ਇਹ ਕੇਂਦਰ ਸਿਕਲੀਗਰ ਸਿੱਖਾਂ ਦੀ ਤਰੱਕੀ ਅਤੇ ਕੌਮੀ ਮੁੱਖ ਧਾਰਾ ਵਿੱਚ ਸ਼ਾਮਲ ਕਰਨ ਵਿੱਚ ਅਹਿਮ ਰੋਲ ਅਦਾ ਕਰ ਕਰੇਗਾ।

ਇਸ ਕੇਂਦਰ ਦੀ ਉਸਾਰੀ ਦੇ ਨਾਲ ਨਾਲ ਆਸ-ਪਾਸ ਮਨੁੱਖਤਾ ਦੀ ਸੇਵਾ ਦਾ ਨਿਸ਼ਚਾ ਤੇ ਚੱਲਣ ਦੇ ਯਤਨ ਵੀ ਕੀਤੇ ਜਾ ਰਹੇ ਹਨ। ਆਸ-ਪਾਸ ਦੇ ਇਲਾਕੇ ਵਿੱਚ ਅਤਿ ਗਰੀਬ ਆਦੀਵਾਸੀ ਮੂਲ ਲੋਕਾਂ ਦੀ ਵੱਸੋ ਹੈ ਇਨ੍ਹਾਂ ਬੱਚਿਆਂ ਦੇ ਸਕੂਲਾਂ ਲਈ ਕੰਪਿਊਟਰ ਅਤੇ ਲੈਪਟਾਪ ਦੇਣ ਦੀ ਸੇਵਾ ਸ਼ੁਰੂ ਕੀਤੀ ਗਈ ਹੈ।

ਗਰੀਬ ਦਾ ਮੂੰਹ ਗੁਰੂ ਕੀ ਗੋਲਕ ਦੇ ਰਾਹ ‘ਤੇ ਚੱਲਣ ਦਾ ਸਫਰ ਚਲਦਾ ਰਹੇਗਾ। ਇਹ ਹੀ ਯਤਨ ਹੈ, ਇਹ ਹੀ ਅਰਦਾਸ ਹੈ।



**ਮੁੰਬਈ ਨਿਵਾਸੀ ਕੁਲਵੰਤ ਸਿੰਘ ਪੰਥ ਦੇ ਅਥਾਹ ਸੇਵਕਾਂ ਵਿੱਚੋਂ ਹਨ ਜੋ ਸਿੱਖਾਂ ਦੇ ਧਾਰਮਕ, ਸਮਾਜਕ ਅਤੇ ਮਨੁੱਖੀ ਵਸੀਲਿਆਂ ਦੇ ਉਸਾਰੂ ਕਾਰਜਾਂ ਲਈ ਪਿਛਲੇ ਤਿੰਨ ਦਹਾਕਿਆਂ ਤੋਂ ਲਗਾਤਾਰ ਸੇਵਾ ਨਿਭਾ ਰਹੇ ਹਨ। ਪੇਸ਼ੇ ਤੋਂ ਇੰਜੀਨੀਅਰ ਕੁਲਵੰਤ ਸਿੰਘ ਇੱਕ ਸਫਲ ਵਪਾਰੀ ਵੀ ਹਨ ਅਤੇ ਮੁੰਬਈ ਦੀ ਸਿਰਮੌਰ ਜਥੇਬੰਦੀ ਸ੍ਰੀ ਗੁਰੂ ਸਿੰਘ ਸਭਾ ਦਾਦਰ ਮੁੰਬਈ ਦੇ ਉਚ ਅਹੁਦੇਦਾਰ ਹਨ। ਕੁਲਵੰਤ ਸਿੰਘ ਨਾਲ** singhkulwant8@gmail.com **’ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਵਣਜਾਰੇ-ਸਿਕਲੀਗਰ-ਭਾਟੜੇ ਬੱਚਿਆਂ ਲਈ ਗੁਰਸਿੱਖ ਐਜੂਕੇਸ਼ਨ ਸੁਸਾਇਟੀ ਦੀਆਂ ਅਣਥੱਕ ਸੇਵਾਵਾਂ

ਸਿਕਲੀਗਰ ਬਰਾਦਰੀ ਦੀ ਸ਼ਾਨ ਬੀਬੀ ਕੰਵਲਜੀਤ ਕੌਰ ਨੇ ਆਈ. ਆਈ. ਟੀ. ਕਾਨਪੁਰ ਤੋਂ ਐਮ. ਟੈਕ. ਦੀ ਪੜ੍ਹਾਈ ਸ਼ਾਨਦਾਰ ਨੰਬਰਾਂ ਨਾਲ ਪੂਰੀ ਕੀਤੀ। ਅੱਜ ਇਹ ਬੱਚੀ ਬੈਂਗਲੋਰ ਵਿੱਚ ਵਿਸ਼ਵ ਪ੍ਰਸਿੱਧ ਸੰਸਥਾ ਨਾਰਥ ਬੈਂਕ ਵਿੱਚ ਐਨਾਲਿਟਿਕਸ ਆਫਸ਼ੋਰ ਡਿਵੈਲਪਰ ਵਜੋਂ ਨੌਕਰੀ ਕਰ ਰਹੀ ਹੈ ਅਤੇ 13.50 ਲੱਖ ਰੁਪਏ ਸਲਾਨਾ ਤਨਖਾਹ ਲੈਂਦੀ ਹੈ। ਬੱਚੀ ਨਿੱਤਨੇਮੀ ਅਤੇ ਅੰਮ੍ਰਿਤਧਾਰੀ ਹੈ ਅਤੇ ਹਰ ਮਹੀਨੇ ਆਪਣਾ ਦਸਵੰਧ ਜਥੇਬੰਦੀ ਕੋਲ ਜਮਾਂ ਕਰਾਉਂਦੀ ਹੈ।





ਦੇਹਰਾਦੂਨ ਦੇ ਨੇੜੇ ਬਸਤੀ ਵਿੱਚ ਮੋਟਰ ਮਕੈਨਿਕ ਦੀ ਛੋਟੀ ਜਿਹੀ ਦੁਕਾਨ ਚਲਾਉਂਦੇ ਸਿਕਲੀਗਰ ਪਿਤਾ ਦਾ ਹੋਣਹਾਰ ਬੱਚਾ ਇਕਜੋਤ ਸਿੰਘ ਆਈ. ਆਈ. ਟੀ. ਕਾਨਪੁਰ ਵਿੱਚ ਬੀ. ਟੈਕ. ਦੀ ਤੀਸਰੇ ਸਾਲ ਦੀ ਪੜ੍ਹਾਈ ਕਰ ਰਿਹਾ ਹੈ। ਸਕੂਲੀ ਪੜ੍ਹਾਈ ਦੌਰਾਨ ਇਕਜੋਤ ਸਿੰਘ ਨੂੰ ਦਸਵੀਂ ਵਿੱਚ 95 ਫੀਸਦੀ ਅਤੇ ਬਾਰਵੀਂ ਵਿੱਚ 90 ਫੀਸਦੀ ਨੰਬਰ ਮਿਲੇ ਸਨ। ਸੁਭਾਗ ਵੱਸ, ਕੰਵਲਜੀਤ ਕੌਰ ਅਤੇ ਇਕਜੋਤ ਸਿੰਘ ਭੈਣ-ਭਰਾ ਹਨ।



ਛੋਟੀ ਉਮਰੇ ਹੁਸ਼ਿਆਰ ਬੱਚੀ ਪਾਇਲ ਕੌਰ ਆਪਣੇ ਭਰਾ ਨਾਲ ਆਪਣੇ ਛੋਟੇ ਜਿਹੇ ਘਰ ਵਿੱਚ



ਸਿੱਖਾਂ ਦੀ ਭਾਟੜਾ ਬਰਾਦਰੀ ਦੀ ਅੰਮ੍ਰਿਤਧਾਰੀ ਬੱਚੀ ਹਰਜਿੰਦਰ ਕੌਰ ਨੇ ਬੜੂ ਸਾਹਿਬ ਤੋਂ ਬੀ ਐਸ ਸੀ ਨਰਸਿੰਗ ਪਾਸ ਕੀਤੀ ਅਤੇ ਵਜ਼ੀਫਾ ਲਿਆ। ਹੋਣਹਾਰ ਵਿਦਿਆਰਥ ਦੀ ਪ੍ਰੇਰਨਾ ਨਾਲ ਇਸ ਬਰਾਦਰੀ ਦੀਆਂ ਅਨੇਕਾਂ ਬੱਚੀਆਂ ਨੇ ਪੜ੍ਹਨਾ ਸ਼ੁਰੂ ਕੀਤਾ। ਅੱਜ ਬੱਚੀ ਅਸਟਰੇਲੀਆ ਵਿੱਚ ਹੈ।




ਵਿਦਿਆ ਪਸਾਰ ਲਈ ਸੰਸਥਾ ਦਾ
ਮਹਾਤਮਾ ਐਵਾਡ 2019 ਨਾਲ ਸਨਮਾਨ



ਸੇਵਾ ਸੁਸਾਇਟੀ ਅੰਮ੍ਰਿਤਸਰ ਵੱਲੋਂ ਸੰਸਥਾ ਦਾ
2014 ਵਿੱਚ ਸਨਮਾਨ ਪੱਤਰ ਦਿੱਤਾ ਗਿਆ।

## Gur Sikh Education Society At a glance 2010-2019

Donations received 2,21,80,407

School Fees Expenses 1,25,14,076

Higher Education Fees: 67,57,749

Our students pursuing different courses

| Stream | No. | Stream | No. |
|---|---|---|---|
| B.Tech | 17 | N.I.F.T. | 1 |
| M.B.A. | 7 | B.SC. | 1 |
| B.Com | 5 | Music | 1 |
| Nursing | 4 | B.A. | 1 |
| B.C.A. | 4 | M.C.A. | 1 |
| B.Ed | 4 | C.A. | 1 |
| Hotel Mng. Diploma | 4 | Mass Com | 1 |
| B.B.A. | 3 | Architectures | 1 |
| Merchant Navy | 3 | | |

# ਲਾਕਡਾਊਨ ਵੇਲੇ ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ ਮੁੰਬਈ, ਵੱਲੋਂ ਮਹਾਰਾਸ਼ਟਰਾ ਦੇ ਸਿਕਲੀਗਰ ਸਿੱਖਾਂ ਦੀ ਸੇਵਾ ਸੰਭਾਲ



ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ ਵੱਲੋਂ ਖਾਲਸਾ ਏਡ ਦੇ ਸਹਿਯੋਗ ਨਾਲ ਲਾਕਡਾਊਨ ਦੌਰਾਨ ਗੁਜਰਾਤ ਵਿੱਚ ਸੁੱਕਾ ਰਾਸ਼ਨ ਵੰਡਿਆ ਗਿਆ



ਨਾਗਪੁਰ ਦੇ ਮਲਕੀਤ ਸਿੰਘ ਬੱਲ ਜੋ ਕਈ ਦਹਾਕਿਆਂ ਤੋਂ ਮਹਾਰਾਸ਼ਟਰਾ ਦੇ ਦੂਰ-ਦਰਾਡੇ ਪਿੰਡਾਂ ਅਤੇ ਕਸਬਿਆਂ ਵਿੱਚ ਗੁਰਦੁਆਰਾ ਸਾਹਿਬ ਉਸਾਰ ਕੇ ਅਤੇ ਸਿਕਲੀਗਰਾਂ ਦੀ ਤਨਦੇਹੀ ਨਾਲ ਇਮਦਾਦ ਕਰਕੇ ਇੱਕ ਇਤਿਹਾਸਕ ਸੇਵਾ ਨਿਭਾ ਰਹੇ ਹਨ।



ਸ਼੍ਰੀਰਾਮਪੁਰ ਵਿਖੇ ਸੁੱਕਾ ਰਾਸ਼ਨ ਵੰਡਿਆ ਗਿਆ



ਡੇਰਾ ਚੂੜਾ, ਜ਼ਿਲ੍ਹਾ ਜਲਗਾਉਂ ਮਹਾਰਾਸ਼ਟਰ ਵਿਖੇ ਨੌਜਵਾਨ ਜੌਹਰੀ ਸਿੱਖ ਬੱਚਿਆਂ ਨੂੰ ਗੁਰਮੁਖੀ ਅਤੇ ਹੋਰ ਪੜ੍ਹਾਈ ਕਰਾਉਂਦਾ ਹੋਇਆ



ਨਾਗਪੁਰ ਵਾਸੀ ਸ੍ਰ. ਉਪਲ ਨੇ ਕੋਈ 4 ਦਹਾਕੇ ਪਹਿਲਾਂ ਸਿਕਲੀਗਰਾਂ ਨੂੰ ਨਵੀਂ ਰੌਸ਼ਨੀ ਦੇਣ ਲਈ ਉਪਰਾਲੇ ਅਰੰਭੇ ਸਨ।

# ਸਿਕਲੀਗਰ ਵੈਲਫੇਅਰ ਨਾਸਿਕ ਵੱਲੋਂ ਸਿਕਲੀਗਰ ਪਰਿਵਾਰਾਂ ਦੀ ਕਲੋਨੀ ਵਿੱਚ ਚੱਲ ਰਹੀਆਂ ਸਰਗਰਮੀਆਂ





ਸੰਸਥਾ ਵੱਲੋਂ ਚਲਾਏ ਜਾ ਰਹੇ ਸਿਲਾਈ ਸੈਂਟਰ ਵਿੱਚ ਸਿਲਾਈ ਸਿਖਲਾਈ ਲੈਂਦੀਆਂ ਸਿਕਲੀਗਰਾਂ ਦੀਆਂ ਬੱਚੀਆਂ



ਸੰਸਥਾ ਵੱਲੋਂ ਸਿਕਲੀਗਰਾਂ ਦੇ ਮਕਾਨਾਂ ਦੀਆਂ ਛੱਤਾਂ ਤਬਦੀਲ ਕਰਨ ਦਾ ਦ੍ਰਿਸ਼



ਲਾਕਡਾਊਨ ਸਮੇਂ ਸਿਕਲੀਗਰਾਂ ਨੂੰ ਰਾਸ਼ਨ ਵੰਡਣ ਦਾ ਦ੍ਰਿਸ਼

# ਵਿਦਿਆ ਤੇ ਸੇਵਾ ਨੂੰ ਸਮਰਪਿਤ
# ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨ ਟਰੱਸਟ ਯੂ. ਕੇ.

**ਜਸਜੀਤ ਸਿੰਘ ਆਹਲੂਵਾਲੀਆ, ਆਈ. ਆਰ. ਐਸ.**

ਸ੍ਰ. ਰਣਜੀਤ ਸਿੰਘ OBE ਦੀ ਅਗਵਾਈ ਹੇਠ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨ ਟਰੱਸਟ, ਯੂ ਕੇ. ਸਿਕਲੀਗਰ ਸਿੱਖ ਪਰਿਵਾਰਾਂ ਦੇ ਬੱਚਿਆਂ ਦੀ ਵਿਦਿਆ ਲਈ ਕੰਮ ਕਰ ਰਿਹਾ ਹੈ। ਪਹਿਲਾਂ ਭਾਈ ਬਾਜ ਸਿੰਘ ਪਬਲਿਕ ਸਕੂਲ, ਲੁਧਿਆਣਾ ਵਿਖੇ ਲਗਭਗ 8 ਸਾਲ ਕੰਮ ਕੀਤਾ ਗਿਆ ਜਿੱਥੇ ਸਿਕਲੀਗਰ ਪਰਿਵਾਰਾਂ ਦੇ ਬੱਚਿਆਂ ਲਈ ਕਿਤਾਬਾਂ, ਕਾਪੀਆਂ ਅਤੇ ਅਧਿਆਪਕਾਂ ਦੀ ਤਨਖਾਹਾਂ ਦਿੱਤੀਆਂ ਗਈਆਂ। ਹੁਣ ਸਰਕਾਰੀ ਐਲੀਮੈਂਟਰੀ ਸਕੂਲ, ਪਿੰਡ ਅੱਜੋਵਾਲ, ਜ਼ਿਲਾ ਹੁਸ਼ਿਆਰਪੁਰ ਵਿਖੇ ਕੰਮ ਕੀਤਾ ਜਾ ਰਿਹਾ ਹੈ। ਇਹ ਸਕੂਲ ਝੁੱਗੀਆਂ ਝੋਂਪੜੀਆਂ ਵਾਲੀ ਬਸਤੀ ਦੇ ਨਜ਼ਦੀਕ ਹੈ ਜਿੱਥੇ ਸਿਕਲੀਗਰ ਰਹਿ ਰਹੇ ਹਨ। ਟਰੱਸਟ ਵੱਲੋਂ ਸਕੂਲ ਦੇ ਵਿਦਿਆਰਥੀਆਂ ਲਈ 3 ਕਮਰਿਆਂ ਦੀ ਉਸਾਰੀ ਕੀਤੀ ਗਈ ਹੈ। ਵਿਦਿਆਰਥੀਆਂ ਲਈ ਬੈਂਚ ਬਣਾਏ ਹਨ। ਵਿਦਿਆਰਥੀਆਂ ਨੂੰ ਕਾਪੀਆਂ, ਕਿਤਾਬਾਂ ਅਤੇ ਵਰਦੀਆਂ ਦਿੱਤੀਆਂ ਜਾ ਰਹੀਆਂ ਹਨ। ਹੋਰ ਲੋੜਾਂ ਪੂਰੀਆਂ ਕਰਨ ਹਿੱਤ ਮਾਇਕ ਸਹਾਇਤਾ ਦਿੱਤੀ ਜਾ ਰਹੀ ਹੈ।

**ਕਾਰਜਾਂ ਦੇ ਵੇਰਵੇ:**

(1) ਸੇਵਾ ਨੂੰ ਸਮਰਪਿਤ ਪ੍ਰੋ. ਬਹਾਦਰ ਸਿੰਘ ਜੀ ਦੀ ਮਦਦ ਨਾਲ ਕੁਝ ਬੱਚਿਆਂ ਨੂੰ ਨੌਕਰੀਆਂ ਦਿਵਾਈਆਂ ਹਨ। (2) ਲੜਕੀਆਂ ਨੂੰ ਸਿਲਾਈ-ਕਢਾਈ ਦਾ ਕੰਮ ਸਿਖਾਇਆ ਗਿਆ ਹੈ ਅਤੇ ਕਈ ਬੱਚਿਆਂ ਨੂੰ ਕੰਪਿਊਟਰ ਟਰੇਨਿੰਗ ਦਿੱਤੀ ਜਾ ਰਹੀ ਹੈ ਤਾਂ ਕਿ ਉਹ ਕੰਪਿਉਟਰ ਟਰੇਨਿੰਗ ਲੈਣ ਉਪਰੰਤ ਚੰਗੀਆਂ ਨੌਕਰੀਆਂ ਪ੍ਰਾਪਤ ਕਰ ਸਕਣ। (3) ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੱਜੋਵਾਲ ਕਲੋਨੀ ਵਿਖੇ 'ਗੁਰੁ ਨਾਨਕ ਪਵਿਤਰ ਜੰਗਲ' ਉਸਾਰਿਆ ਜਾ ਰਿਹਾ ਹੈ। (4) ਸੇਵਾ ਨੂੰ ਸਮਰਪਿਤ ਸ੍ਰ. ਵਰਿੰਦਰ ਸਿੰਘ ਜੀ ਵੱਲੋਂ ਲੋੜਵੰਦ ਸਿਕਲੀਗਰ ਪਰਿਵਾਰਾਂ ਨੂੰ ਮਕਾਨ ਬਣਾ ਕੇ ਦਿੱਤੇ ਗਏ ਹਨ। ਸਰਕਾਰ ਵੱਲੋਂ 120 ਮਕਾਨਾਂ ਵਿੱਚ ਟਾਇਲਟ ਬਨਾਉਣ ਦੀ ਮੰਜ਼ੂਰੀ ਪ੍ਰਾਪਤ ਕੀਤੀ ਗਈ ਹੈ। (5) ਗੁਰਦੁਆਰਾ ਸਾਹਿਬ ਵਿੱਚ ਸਬਰਮਰਸੀਬਲ ਪੰਪ ਲਗਾਇਆ ਗਿਆ ਹੈ।



**ਸਾਬਕਾ ਇਨਕਮ ਟੈਕਸ ਮੁੱਖ ਕਮਿਸ਼ਨਰ ਰਹੇ ਲੇਖਕ ਗੁਰੁ ਨਾਨਕ ਇੰਟਰਨੈਸ਼ਨਲ ਐਜੂਕੇਸ਼ਨ ਟਰੱਸਟ ਵਿੱਚ ਸੇਵਾ ਨਿਭਾ ਰਹੇ ਹਨ। ਵਾਤਾਵਰਣ ਸੰਭਾਲਣ ਦਾ ਸ਼ੌਂਕ ਰਖਦੇ ਹਨ ਤ ਇਨ੍ਹਾਂ ਨਾਲ ਈਮੇਲ** ahluwalia131@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥
# ਤਾ ਮੇਰੈ ਮਨਿ ਭਇਆ ਨਿਧਾਨਾ॥

## ਗੁਰਮੀਤ ਸਿੰਘ ਗੌਰਵ

ਜਦੋਂ ਮੈਂ ਗੁਰੂ ਸਾਹਿਬਾਨ ਦੀਆਂ ਬਖਸ਼ੀਆਂ ਬਖਸ਼ਿਸ਼ਾਂ ਅਤੇ ਨਿਆਮਤਾਂ ਵੱਲ ਨਜ਼ਰ ਮਾਰਦਾ ਹਾਂ ਤਾਂ ਮਹਿਸੂਸ ਕਰਦਾ ਹਾਂ ਕਿ ਅਸੀਂ ਸਿੱਖ ਕਿੰਨੇ ਅਮੀਰ ਵਿਰਸੇ ਦੇ ਵਾਰਸ ਹਾਂ, ਜਿਨ੍ਹਾਂ ਕੋਲ ਦਸ ਗੁਰੂ ਸਾਹਿਬਾਨ ਦੀ ਕਹਣੀ ਕਰਨੀ ਤੇ ਕੁਰਬਾਨੀ ਦਾ ਕੰਢਿਆਂ ਤੱਕ ਭਰਿਆ ਹੋਇਆ ਕੋਸ਼-ਖਜਾਨਾ ਪ੍ਰਾਪਤ ਹੈ। ਜਰਮਨ ਸਕਾਲਰ ਮਿਸਟਰ ਮੈਕਾਲਿਫ ਦੇ ਕਥਨ ਮੁਤਾਬਕ ਸਿਰਫ ਸਿੱਖਾਂ ਪਾਸ ਹੀ ਸਿੱਖ ਗੁਰੂਆਂ ਦਾ ਉਪਦੇਸ਼ ਆਪਣੇ ਅਸਲੀ ਸ਼ੁੱਧ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸੁਰੱਖਿਅਤ ਅੰਕਿਤ ਹੈ। ਇੱਕ ਹੋਰ ਵਿਸ਼ੇਸ਼ ਵਿਲੱਖਣਤਾ ਹੈ ਕਿ ਪੰਦਰਾਂ ਸ਼੍ਰੋਮਣੀ ਸੰਤ ਪੁਰਸ਼ਾਂ ਦੀ ਬਾਣੀ ਬਰਾਬਰ ਅੰਕਿਤ ਕਰਕੇ ਯੁੱਗਾਂ ਤੋਂ ਖੰਡਿਤ ਹੋਈ ਮਾਨਵ ਏਕਤਾ ਅਸਥਾਪਿਤ ਕਰਨ ਦਾ ਨਿੱਗਰ ਯਤਨ ਕੀਤਾ, ਗਿਆਰਾਂ ਭੱਟ ਸਿੱਖਾਂ ਅਤੇ ਚਾਰ ਸਿੱਖਾਂ ਸਮੇਤ ਕੁੱਲ 36 ਮਹਾਂਪੁਰਸ਼ਾਂ ਦੀ ਸੱਤਮਈ ਬਾਣੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਇਆ ਧਰਮ, ਸਤ ਸੰਤੋਖ ਅਤੇ ਸਾਂਝੀਵਾਲਤਾ ਦਾ ਸਾਗਰ ਬਣਾ ਦਿੱਤਾ। ਯੁੱਗਾਂ ਤੋਂ ਲਤਾੜੇ, ਪਛਾੜੇ ਵਰਗ (ਵਰਣ) ਜਿਨ੍ਹਾਂ ਨੂੰ ਨਾ ਵਿੱਦਿਆ ਪੜਨ ਦਾ ਹੱਕ ਸੀ ਅਤੇ ਨਾ ਭਗਤੀ ਕਰਨ ਦਾ ਅਧਿਕਾਰ, ਜਿਨ੍ਹਾਂ ਨੂੰ ਭਗਤੀ ਕਰਨ ਬਦਲੇ ਮਹਾਰਿਸ਼ੀ ਸ਼ਬੂੰਕ ਵਾਂਗ ਵਕਤ ਦੇ ਅਵਤਾਰ ਰਾਮ ਹੱਥੋਂ ਸ਼ਹੀਦ ਹੋਣਾ ਪੈਂਦਾ ਸੀ, ਚੌਥਾ ਵਰਣ ਕਹੇ ਜਾਣ ਵਾਲੇ ਸੰਤ ਜਿਨ੍ਹਾਂ ਨੂੰ ਭਗਤ ਐਲਾਨਿਆ ਅਤੇ ਸਨਮਾਨਿਆ, ਜਾਤੀ ਵਿਤਕਰੇ ਦੀ ਸਮਾਪਤੀ ਅਤੇ ਮਨੁੱਖੀ ਬਰਾਬਰੀ ਦੀ ਸਥਾਪਤੀ ਦਾ ਬਾਨਣੂੰ ਬੰਨ੍ਹਿਆ।

ਅੱਜ ਸਿੱਖ ਕੌਮ ਪਾਸ ਵਿਸ਼ਵਭਰ ਵਿੱਚ ਲਗਭਗ ਪੰਜਾਹ ਹਜ਼ਾਰ ਗੁਰਦੁਆਰਾ ਸਾਹਿਬ, ਅਨੇਕਾਂ ਸਕੂਲ-ਕਾਲਜਾਂ, ਡਿਸਪੈਂਸਰੀਆਂ, ਹਸਪਤਾਲਾਂ, ਯੂਨੀਵਰਸਿਟੀਆਂ, ਅਨੇਕਾ ਸੰਸਥਾਵਾਂ, ਧਾਰਮਕ ਵਿਦਿਆਲੇ, ਟਕਸਾਲਾਂ, ਸੰਤਾਂ ਮਹਾਪੁਰਸ਼ਾਂ, ਅਖਬਾਰਾਂ, ਰਸਾਲਿਆਂ, ਰੇਡਿਓ, ਟੀ. ਵੀ. ਚੈਨਲਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀ ਮਹਾਨ ਸੰਸਥਾ ਜੋ ਕਿ ਸਿੱਖਾਂ ਦੀ ਪਾਰਲੀਮੈਂਟ ਦਾ ਰੁਤਬਾ ਰੱਖਦੀ ਹੈ, ਏਨਾ ਕੁਝ ਦੇ ਹੁੰਦਿਆਂ-ਸੁੰਦਿਆਂ, ਅਸੀਂ ਪ੍ਰਚਾਰ ਦੁਆਰਾ ਸਿੱਖੀ ਪ੍ਰਸਾਰ ਵਿੱਚ ਕਿਉਂ ਪਿਛੜੇ ਹੋਏ ਹਾਂ, ਘਾਟ ਕਿੱਥੇ ਹੈ, ਸੋਚਣ ਦੀ ਲੋੜ ਹੈ।

ਦਾਸ ਨੇ 1984 ਦੇ ਘੱਲੂਘਾਰੇ ਉਪਰੰਤ ਆਪਣਾ ਹੌਜਰੀ ਦਾ ਕਾਰੋਬਾਰ ਸਮੇਟ ਕੇ ਸਿੱਖੀ ਪ੍ਰਚਾਰਕ, ਕਥਾਵਾਚਕ ਦੇ ਤੌਰ 'ਤੇ ਪ੍ਰਚਾਰ ਖੇਤਰ ਵਿੱਚ ਪ੍ਰਵੇਸ਼ ਕੀਤਾ ਅਤੇ **"ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥ ਤਾ ਮੇਰੇ ਮਨ ਭਇਆ ਨਿਧਾਨਾ"** ਦੀ ਅਵਸਥਾ ਦਾ ਅਹਿਸਾਸ ਜਾਗਿਆ ਅਤੇ ਆਪਣੇ ਲਕਸ਼ ਮੰਤਵ ਦੀ ਪ੍ਰਾਪਤੀ ਲਈ ਪ੍ਰੋਗਰਾਮ ਵਿਉਂਤਬੰਦ ਕੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਬਾਣੀ ਰੂਪ 'ਚ ਸ਼ੁਸ਼ੋਬਿਤ ਪੰਦਰਾਂ ਭਗਤ ਜਨਾਂ ਦੇ ਤੀਹ ਕਰੋੜ ਲੋਕਾਂ ਨੂੰ ਸਰਬੱਤ ਦੇ ਭਲੇ, ਸਰਬੱਤ ਦੀ ਬਰਾਬਰੀ, ਸਾਂਝੀਵਾਲਤਾ ਵਾਲੀ ਸਾਂਝੀ ਵਿਚਾਰਧਾਰਾ ਨਾਲ ਜੋੜਨ ਦਾ ਸੰਕਲਪ ਲਿਆ।

10 ਮਈ 1992 ਈ. ਨੂੰ ਜ਼ਿਲ੍ਹਾ ਭਰਤਪੁਰ, ਰਾਜਸਥਾਨ ਦੇ ਕੁਮਹੇਰ ਵਿਖੇ ਵਾਪਰੇ ਕੁਮਹੇਰ ਕਾਂਡ ਦੀ ਘਟਨਾ ਜਿਸ ਵਿੱਚ ਬਾਂਸਰੋਲੀ ਵਿਖੇ ਜਾਟਵ ਐਸ. ਸੀ. ਜਾਤੀ ਦੇ ਦੂਲਹੇ ਨੂੰ ਘੋੜੀ ਤੇ ਚੜਾਉਣ ਤੋਂ ਚਿੜ ਕੇ ਜਾਤ ਅਭਿਮਾਨੀ ਲੋਕਾਂ ਬਰਾਤ ਤੇ ਹਮਲਾ ਕਰਕੇ ਕੁੱਟਮਾਰ ਕੀਤੀ ਅਤੇ ਲਾੜੇ ਦਾ ਪਿਉ ਚੁਰੱਸਤੇ ਵਿੱਚ ਕੁੱਟ ਕੁੱਟ ਕੇ ਮਾਰ ਦਿੱਤਾ, ਵਿਖੇ ਜਾ ਕੇ ਗਰੀਬ ਭਰਾਵਾਂ ਨੂੰ ਧਰਵਾਸ ਦਿੱਤਾ, ਪ੍ਰਚਾਰ ਕੀਤਾ।

ਦੱਸਿਆ ਕਿ ਭਗਤ ਰਵਿਦਾਸ ਜੀ, ਕਬੀਰ ਜੀ, ਨਾਮਦੇਵ ਜੀ, ਸਦਨਾ ਜੀ, ਸੈਨ ਜੀ, ਧੰਨਾ ਜੀ ਆਦਿਕ ਪੰਦਰਾਂ ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਅੰਕਿਤ ਹੈ। ਇੱਕ ਘੰਟੇ ਦੇ ਪ੍ਰਚਾਰ ਉਪਰੰਤ ਸੰਤ ਪ੍ਰਸ਼ੋਤਮ ਨੰਦ ਜੀ ਸਮੇਤ ਪਿੰਡ ਵਾਸੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਸਿੱਖੀ ਨੂੰ ਸਵੀਕਾਰ ਕਰ ਅਪਨਾਉਣ ਦਾ ਐਲਾਨ ਕਰ ਦਿੱਤਾ।

1993 ਈ. ਜਦੋਂ ਪਹਿਲੀ ਵਾਰ ਭਗਤ ਧੰਨਾ ਜੀ ਦੇ ਅਸਥਾਨ ਧੂਆਂ ਕਲਾਂ ਜਿਲਾਂ ਟੌਂਕ ਰਾਜਸਥਾਨ ਗਏ ਤਾਂ ਹੈਰਾਨ ਹੋ ਗਏ ਕਿ ਮੰਦਰ ਪੁਜਾਰੀ ਸਤਨਰਾਇਣ ਸ਼ਰਮਾ ਵੀ ਨਹੀਂ ਜਾਣਦੇ ਕਿ ਭਗਤ ਧੰਨਾ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥਾਂ ਸਾਹਿਬ ਅੰਦਰ ਅੰਕਿਤ ਹੈ ਅਤੇ ਏਏ ਗਫਲਤ ਦੀ ਸ਼ੰਕਾ ਕਿ ਸਿੱਖ ਏਥੇ ਕਿਉਂ ਆਉਂਦੇ ਹਨ, ਜਦੋਂ ਕਾਰ ਸੇਵਾ ਵਾਲੇ ਜੱਥੇ ਨੇ ਉਥੇ ਭਗਤ ਧੰਨਾ ਜੀ ਦਾ ਗੁਰਦੁਆਰਾ ਅਸਥਾਪਿਤ ਕਰਨ ਦੀ ਗੱਲ ਪਿੰਡ ਵਾਲਿਆਂ ਨਾਲ ਕੀਤੀ ਤਾਂ ਉਨ੍ਹਾਂ ਉਲਟਾ ਉਨ੍ਹਾਂ 'ਤੇ ਜਾਨ ਲੇਵਾ ਹਮਲਾ ਕਰ ਦਿੱਤਾ।

ਬੜੀ ਮੁਸ਼ਕਲ ਉਹ ਮੁਸਲਿਮ ਭਰਾਵਾਂ ਦੇ ਸਹਿਯੋਗ ਕਾਰਨ ਜਾਨਾਂ ਬਚਾਅ ਕੇ ਨਿਕਲੇ। ਅਸੀਂ ਭਗਤ ਧੰਨਾ ਜੀ ਦੀ ਬਾਣੀ ਦੀ ਸਾਂਝ ਦੁਆਰਾ ਸਾਂਝ ਸਥਾਪਤ ਕਰਦਿਆਂ ਗਰਾਊਂਡ ਵਰਕ ਕੀਤਾ। ਅੱਜ ਉਥੇ ਭਗਤ ਧੰਨਾ ਜੀ ਦੇ ਜਨਮ ਅਸਥਾਨ ਧੂਆਂ ਕਲਾਂ ਵਿਖੇ ਸੁੰਦਰ ਗੁਰਦੁਆਰਾ ਅਸਥਾਪਤ ਹੈ ਜਿਸ ਦੀ ਸੇਵਾ ਸਤਿਕਾਰਯੋਗ ਸੰਤ ਬਾਬਾ ਲੱਖਾ ਸਿੰਘ ਜੀ ਅਗੰਮਗੜ ਕੋਟਾ ਵਾਲਿਆਂ ਕਰਵਾਈ ਅਸਥਾਨ ਵਿਖੇ ਮੁੱਖ ਸੇਵਾ ਸੰਭਾਲ ਬਾਬਾ ਸ਼ੇਰ ਸਿੰਘ ਜੀ ਨਿਭਾ ਰਹੇ ਹਨ।

ਏਸੇ ਮਾਧਿਅਮ ਰਾਹੀਂ ਰਾਜਸਥਾਨ, ਹਰਿਆਣਾ, ਯੂ. ਪੀ., ਐਮ. ਪੀ. ਵਿਖੇ ਜਾਟ ਭਾਈਚਾਰੇ ਨੂੰ ਵੀ ਜੋੜਨ ਵਿੱਚ ਸਫਲ ਹੋਵਾਂਗੇ ਅਤੇ ਸੀਮਤ ਸਾਧਨਾ ਨਾਲ ਜੋੜ ਰਹੇ ਹਾਂ। ਏਸੇ ਪੈਟਰਨ ਤੇ ਭਗਤ ਪੀਪਾ ਜੀ ਜੋ ਖੱਤਰੀ, ਰਾਜਪੂਤ ਰਾਜੇ ਤੋਂ ਭਗਤ ਬਣੇ ਦੀ ਬਾਣੀ ਦੀ ਸਾਂਝ ਦੁਆਰਾ ਪੀਪਾ ਪੰਥੀਆਂ ਨਾਲ ਸਾਂਝ ਸਨੇਹ ਵਾਲੇ ਸਬੰਧ ਸਥਾਪਤ ਹੋਏ ਹਨ।

ਅੱਜ ਅਸੀਂ ਅਨੁਭਵ ਕਰਦੇ ਹਾਂ ਕਿ ਪੰਦਰਾਂ ਭਗਤਾਂ ਦੇ ਤੀਹ ਕਰੋੜ ਤੋਂ ਵੱਧ ਪੈਰੋਕਾਰਾਂ ਵਿੱਚੋਂ 95% ਨਹੀਂ ਜਾਣਦੇ ਕਿ ਉਨ੍ਹਾਂ ਦੇ ਰਹਿਬਰਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਅੰਕਿਤ ਹੈ। ਜੇਕਰ ਅਸੀਂ ਪਹਿਲੇ ਪੜਾਅ ਵਿੱਚ ਇਹਨਾਂ ਭਰਾਵਾਂ ਤੱਕ ਇਹ ਸੁਨੇਹਾ ਹੀ ਪਹੁੰਚਾ ਦੇਈਏ ਕਿ ਭਰਾਵੋ ਆਪਣੇ ਤੇ ਰਹਿਬਰ ਸਾਂਝੇ ਹਨ ਤਾਂ ਵਿਰੋਧ ਦੀ ਜਗਾਹ ਸਾਂਝ ਸੁਨੇਹ ਅਤੇ ਮਿੱਤਰਤਾ ਦੇ ਜਜ਼ਬੇ ਉਛਾਲੇ ਮਾਰਨਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਪਿਆਰ ਸਤਿਕਾਰ ਵਧੇਗਾ। ਸੋ ਅਸੀਂ ਏਸੇ ਗੁਰੂ ਜੁਗਤੀ ਨਾਲ ਕਬੀਰ ਪੰਥੀਆਂ, ਨਾਮ ਦੇਵ, ਬੰਸੀਆਂ, ਰਵਿਦਾਸੀਆਂ, ਸੈਣ ਸੇਵਕਾਂ, ਭਗਤ ਭੀਖਨ ਜੀ ਦੇ ਪੈਰੋਕਾਰਾਂ, ਰਾਮਾਨੰਦੀਆਂ ਨਾਲ ਸਾਂਝਾਂ ਸਥਾਪਤ ਕਰਨ ਵਿੱਚ ਸਫਲ ਹੋਏ ਹਾਂ ਪਰ ਪ੍ਰਚਾਰ ਕਾਰਜ

ਸਾਧਨਾਂ ਦੀ ਕਮੀ ਕਰਕੇ ਬਹੁਤ ਧੀਮੀ ਚਾਲ ਚੱਲ ਰਹਿਾ ਹੈ।

ਇੰਝ ਸਮਝੋ ਕਿ ਕਿਸੇ ਕਿਸਾਨ ਨੂੰ ਰਾਜਾ ਇੱਕ ਹਜਾਰ ਏਕੜ ਜਮੀਨ ਬਖਸ਼ ਦੇਵੇ ਪਰ ਉਸ ਗਰੀਬ ਕੋਲ, ਇੱਕ ਹੱਲ, ਕਹੀ, ਰੰਬਾ ਦਾਤਰੀ ਹੀ ਹੋਵੇ ਤਾਂ ਉਹ ਕਿੰਨੀ ਕੁ ਫਸਲ ਬੀਜ ਸਕਦਾ। ਕੀ ਪ੍ਰਾਪਤੀ ਕਰ ਸਕਦਾ, ਐਸਾ ਹੀ ਹਾਲ ਸਾਡਾ ਹੈ, ਸੋ ਸਮੁੱਚੀ ਕੌਮ ਨੂੰ ਇਧਰ ਸਹਿਯੋਗ ਦੇਣ ਦੀ ਬੇਨਤੀ ਕਰਦੇ ਹਾਂ।

ਪੰਥ ਦਰਦੀ ਸਿੱਖੀ ਦੀ ਚੜ੍ਹਦੀ ਕਲਾ ਦੇ ਇਛੁੱਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਰੋਕਣ ਅਤੇ ਅਦਬ ਸਤਿਕਾਰ ਸਥਾਪਤ ਕਰਨ ਦੇ ਚਾਹਵਾਨ, ਸੰਤਾਲੀ, ਚੌਰਾਸੀ ਦੇ ਘੁੱਲੂਘਾਰੇ ਮੁੜ ਕੇ ਨਾ ਵਾਪਰਨ, ਲਈ ਬਾਨਣੂੰ ਬੰਨਣ ਵਾਲੀ ਸੋਚ ਰੱਖਣ ਵਾਲੇ ਮਾਈ ਭਾਈ ਗੁਰੂ ਪਿਆਰੇ ਇਸ ਨੁਕਤੇ ਨੂੰ ਸਮਝ ਅਤੇ ਸਮਝਾ ਕੇ ਸਾਡੇ ਵਾਂਗ ਹੀ ਸਫਲ ਸਿੱਟੇ ਹਾਸਲ ਕਰ ਸਕਦੇ ਹਨ। ਆਉ ਰਲ ਮਿਲ ਕੇ ਇਸ ਮਹਾਨ ਕਾਰਜ ਨੂੰ ਅੱਗੇ ਤੋਰੀਏ, ਦੱਬੇ ਕੁਚਲੇ, ਲਤਾੜੇ ਅਤੇ ਪਛਾੜੇ ਵਰਗਾਂ ਨੂੰ ਗੁਰਾਂ ਵਾਂਗ ਗਲ ਨਾਲ ਲਾਈਏ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਐਲਾਨਨਾਮੇ "**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥**" ਅਨੁਸਾਰ ਸੰਗੀ ਸਾਥੀ ਬਣਾਈਏ। ਦਸਮ ਗੁਰਾਂ ਦੇ ਫੁਰਮਾਨ "**ਇਨ ਗਰੀਬ ਸਿਖਨ ਕਉ ਦੇਊ ਪਾਤਸ਼ਾਹੀ**" ਰੂਪ ਗੁਰਵਾਕਾਂ ਨੂੰ ਸਮਝੀਏ ਤੇ ਸਮਝਾਈਏ। ਇੰਝ ਧਰਤੀ ਤੇ ਹੀ ਸਚਖੰਡ ਰੂਪ ਬੇਗਮਪੁਰਾ ਵਸਾਈਏ। ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ, ਮਨਾਈਏ। ਇੰਝ ਲੋਕ ਸੁਖੀ ਪ੍ਰਲੋਕ ਸੁਹੇਲਾ ਬਣਾਈਏ।

ਦਾਸ ਦੀ ਤੇ ਇਹੀ ਬੇਨਤੀ ਹੈ ਤੇ ਪ੍ਰਚਾਰ ਹਿਤ ਜਿੱਥੇ ਸੇਵਕ ਦੀ ਲੋੜ ਹੋਵੇ ਬੰਦਾ ਹਾਜਰ ਹੈ। ਗੁਰੂ ਪਿਆਰਿਆਂ ਦੀ ਅਸੀਸ ਦਾ ਇਛੁੱਕ।



**ਗੁਰਮੀਤ ਸਿੰਘ ਗੋਰਵ ਭਾਰਤ ਅਤੇ ਵਿਦੇਸ਼ਾਂ ਵਿੱਚ ਇੱਕ ਮੰਨੀ ਪ੍ਰਮੰਨੀ ਸ਼ਖਸ਼ੀਅਤ ਹੈ। ਆਪ ਜੀ ਨੇ ਇੱਕ ਅਜਿਹੇ ਮਹੱਤਵਪੂਰਨ ਕੰਮ ਨੂੰ ਹੱਥ ਪਾਇਆ ਹੈ, ਜਿਸ ਪ੍ਰਤੀ ਨਾ ਕਿਸੇ ਨੂੰ ਯਾਦ ਸੀ ਨਾ ਹੀ ਕਿਸੇ ਨੂੰ ਸੋਝੀ ਸੀ।** 15 **ਭਗਤਾਂ ਦੀ ਬਾਣੀ ਵਿਚੋਂ ਉਨ੍ਹਾਂ ਭਗਤਾਂ ਦੇ ਪੈਰੋਕਾਰਾਂ ਨੂੰ ਸਬੰਧੀ ਦੱਸਣਾ ਤੇ ਗੁਰੂ ਘਰ ਨਾਲ ਜੋੜਨਾ, ਉਨ੍ਹਾਂ ਦਾ ਮਿਸ਼ਨ ਹੈ। ਇਸ ਨਵੇਕਲੀ ਸ਼ਖਸ਼ੀਅਤ ਨਾਲ ਈਮੇਲ** gurmitsinghgaurav@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਦਾਨ ਦੀਓ ਇਨ ਹੀ ਕੋ ਭਲੋ

## ਪ੍ਰੋ. ਕੰਵਲਜੀਤ ਕੌਰ ਅਰੋੜਾ

ਗੁਰੂ ਨਾਨਕਸਾਹਿਬ ਨੇ ਸਮੁੱਚੀ ਲੋਕਾਈ ਨੂੰ ਜਿਥੇ 'ਨਾਮ ਜਪਣ' ਤੇ 'ਕਿਰਤ ਕਰਨ' ਦਾ ਉਪਦੇਸ਼ ਦਿੱਤਾ ਉਥੇ ਨਾਲ ਹੀ ਉਸ ਕਮਾਈ ਨੂੰ 'ਵੰਡ ਕੇ ਛਕਣ' ਦੀ ਜੀਵਨ ਜੁਗਤੀ ਵੀ ਸਿਖਾਈ। ਗੁਰਮਤਿ ਦਾ ਸਮੁੱਚਾ ਦਰਸ਼ਨ ਇਨ੍ਹਾਂ ਤਿੰਨਾਂ ਗੱਲਾਂ ਤੇ ਖੜ੍ਹਾ ਹੈ। ਇਸ ਵਿਚੋਂ ਵੰਡ 'ਛਕਣ' ਵਾਲੀ ਭਾਵਨਾ ਅਜਿਹੀ ਹੈ ਜਿਸ ਵਿਚ ਸੇਵਾ ਅਤੇ ਉਪਕਾਰ ਦੋਵੇਂ ਸੰਮਿਲਤ ਹੋ ਗਏ ਹਨ। ਗੁਰਸਿੱਖ ਦੀ ਜੀਵਨ ਸ਼ੈਲੀ ਦਰਸਾਂਦਿਆਂ ਭਾਈ ਗੁਰਦਾਸ ਲਿਖਦੇ ਹਨ :

''ਕਿਰਤ ਵਿਰਤ ਕਰਿ ਧਰਮ ਦੀ ਲੈ ਪਰਸਾਦ ਆਣਿ ਵਰਤੰਦਾ॥
ਗੁਰਸਿਖਾਂ ਨੌ ਦੇਇ ਕਰਿ ਪਿਛੋਂ ਬਚਿਆ ਆਪ ਖਵੰਦਾ॥ '' (ਵਾਰ 40 ਪਉੜੀ 11)

ਸਿੱਖੀ ਸਮਾਜਿਕ ਵਿਧਾਨ ਵਿਚ ਦਸਵੰਧ ਦੀ ਰਾਸ਼ੀ ਨੂੰ ਯੋਗ ਵਰਤਣ ਦਾ ਨੈਤਿਕ ਨਿਯਮ ਪ੍ਰਵਾਨਿਤ ਹੈ। ਇਨ੍ਹਾਂ ਦਾ ਰੂਪ ਪਰੰਪਰਾਮਈ ਹੈ ਅਤੇ ਨਿੱਜਤਵ ਦਾ ਲਖਾਇਕ ਵੀ ਹੈ। ਗੁਰੂ ਨਾਨਕ ਸਾਹਿਬ ਦਾ ਕਥਨ ਹੈ:

**ਘਾਲਿ ਖਾਇ ਕਿਛੁ ਹਥਹੁ ਦੇਇ॥**

**ਨਾਨਕ ਰਾਹ ਪਛਾਣਹਿ ਸੇਇ॥ –ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1245**

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਵਾਸ ਦੌਰਾਨ ਸਿੱਖ ਸੰਗਤਾਂ ਵਲੋਂ ਗੁਰੂ ਦਰ 'ਤੇ ਰਸਦਾਂ ਭੇਟਾਵਾਂ ਲੈ ਕੇ ਆਉਣ ਦਾ ਜ਼ਿਕਰ ਸਿੱਖ ਇਤਿਹਾਸ ਵਿਚ ਬਹੁਤ ਥਾਈਂ ਆਇਆ ਹੈ। ਇਸ ਚੜ੍ਹਾਵੇ ਦੀ ਭੇਟਾ ਨਾਲ ਹੀ ਗੁਰੂ ਘਰ ਵਿਚ ਸੰਗਤਾਂ ਲਈ ਲੰਗਰ ਅਤੇ ਧਰਮਸ਼ਾਲਾ ਦੀਆਂ ਹੋਰ ਸਭ ਪ੍ਰਕਾਰ ਦੀਆਂ ਸੇਵਾਵਾਂ ਸੰਪੂਰਨ ਹੁੰਦੀਆਂ ਰਹੀਆਂ ਹਨ। ਗੁਰੂ ਅੰਗਦ ਦੇਵ ਜੀ ਦੇ ਸਮੇਂ ਇਸੇ ਆਸਰੇ ਹੀ ਲੰਗਰ ਦਾ ਸੰਗਠਤ ਸੰਸਥਾਗਤ ਰੂਪ ਹੋਂਦ ਵਿਚ ਆਇਆ। ਇਤਿਹਾਸ ਵਿਚ ਜ਼ਿਕਰ ਹੈ ਕਿ ਚੌਧਰੀ ਤਖਤ ਮਲ ਦੇ ਘਰ ਬਹੁਤ ਮੱਝਾਂ ਸਨ ਤੇ ਉਹ ਬਹੁਤ ਸਾਰਾ ਦੁੱਧ ਹੀ ਗੁਰੂ ਘਰ ਵਿਚ ਸੇਵਾ ਲਈ ਭੇਜ ਦਿਆ ਕਰਦਾ ਸੀ।

ਉਸ ਦੀ ਦੇਖਾ–ਦੇਖੀ ਹੋਰ ਸੰਗਤਾਂ ਨੇ ਵੀ ਦੁੱਧ ਅਨਾਜ ਆਦਿ ਰਸਦਾਂ ਭੇਟਾਵਾਂ ਲਿਆਉਣੀਆਂ ਸ਼ੁਰੂ ਕਰ ਦਿੱਤੀਆਂ ਜਿਸ ਨਾਲ ਲੰਗਰ ਵਿਚ ਨਿਤ ''ਘਿਆਲੀ ਖੀਰ'' ਬਣਨੀ ਸ਼ੁਰੂ ਹੋ ਗਈ। ਗੁਰੂ ਘਰ ਦੇ ਮਿਸ਼ਨ ਦੀ ਪੂਰਤੀ ਲਈ ਇਹ ਮੱਲ ਅਖਾੜਿਆਂ ਦੇ ਜਵਾਨਾਂ ਦੀ ਤੰਦਰੁਸਤੀ ਦਾ ਆਧਾਰ ਬਣੀ। ਸਮੇਂ ਦਾ ਦਸਵੰਧ ਦਿੰਦੇ ਲਿਖਾਰੀਆਂ ਨੇ ਬਾਲਬੋਧ ਤਿਆਰ ਕਰਨੇ ਅਤੇ ਲਿਖਣ, ਪੜ੍ਹਣ ਦੀ ਸਮੱਗਰੀ ਦੀ ਸੇਵਾ ਇਨ੍ਹਾਂ ਭੇਟਾਵਾਂ ਵਿਚੋਂ ਗਰੀਬਾਂ, ਲੋੜਵੰਦਾਂ ਲਈ ਸਮਾਜਿਕ ਸੇਵਾਵਾਂ ਦੀ ਪੂਰਤੀ ਹੁੰਦੀ ਰਹੀ।

ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਨੇ ਸਿੱਖੀ ਪ੍ਰਚਾਰ ਲਈ ਮੰਜੀਆਂ ਅਤੇ ਪੀੜ੍ਹੇ ਸਥਾਪਤ ਕੀਤੇ। ਗੁਰੂ ਘਰ ਦੀਆਂ ਨਿਸ਼ਠਾਵਾਨ ਸੰਗਤਾਂ ਨੂੰ ਗੁਰੂ ਹੁਕਮਾਂ ਅਨੁਸਾਰ ਨਿਯਮਤ ਰੂਪ ਵਿਚ ਦਸਵੰਧ ਦੇਣ ਦੀ ਆਗਿਆ ਹੋਈ ਕਿ ਆਪਣੀ ਕੁਲ ਕਿਰਤ ਕਮਾਈ ਦਾ ਦਸਵਾਂ ਹਿੱਸਾ ਗੁਰੂ ਘਰ ਲਈ ਅਰਪਣ ਕਰਨਾ ਹੈ। ਇਹ ਹਿੱਸਾ ਗੁਰੂ ਘਰ ਦਾ ਖਜ਼ਾਨਾ ਹੈ। ਗੁਰੂ ਘਰ ਤੋਂ ਦੂਰ ਬੈਠੀ ਸੰਗਤ ਲਈ ਗੁਰੂ ਸਾਹਿਬ ਪਾਸ ਨਿੱਜੀ ਪਹੁੰਚ ਹਰ ਸਮੇਂ

ਮੁਮਕਿਨ ਨਹੀਂ ਸੀ, ਸੋ ਮਸੰਦ ਦੂਰ ਦੁਰਾਡਿਓਂ ਇਹ ਰਕਮ ਇਕੱਠੀ ਕਰਕੇ ਗੁਰੂ ਘਰ ਵਿਚ ਜਮ੍ਹਾਂ ਕਰਵਾਉਂਦੇ ਰਹੇ। ਗੁਰੂ-ਘਰ ਦੀਆਂ ਸਿੱਖ ਸੰਗਤਾਂ ਦੀਆਂ ਸਮਾਜਿਕ ਭਾਈਚਾਰੇ ਦੀਆਂ ਸਭ ਲੋੜਾਂ ਇਥੋਂ ਪ੍ਰਵਾਨ ਚੜ੍ਹਦੀਆਂ ਗਈਆਂ। ਗੁਰੂ ਨਾਨਕ ਮਿਸ਼ਨ ਦੀ ਪੂਰਤੀ ਹਿੱਤ ਪਰਵਰਤੀ ਗੁਰੂ ਸਾਹਿਬਾਂ ਨੇ ਖੂਹ ਖੁਦਵਾਏ, ਬਉਲੀਆਂ ਬਣਵਾਈਆਂ, ਸਰੋਵਰ ਬਣਵਾਏ, ਧਰਮਸ਼ਾਲਾ ਬਣਵਾਈਆਂ ਤੇ ਨਗਰ ਵਸਾਏ। ਲੋਕ ਹਿੱਤਕਾਰੀ ਇਥੋਂ ਹੀ ਨੇਪਰੇ ਚੜ੍ਹਦੇ ਰਹੇ। ਦਵਾਖਾਨੇ ਬਣਾ ਕੇ ਗਰੀਬਾਂ ਲੋੜਵੰਦਾਂ ਦਾ ਇਲਾਜ ਸੁਖਾਲਾ ਕੀਤਾ। ਗੁਰੂ ਰਾਮਦਾਸ ਜੀ ਦਾ ਨਿਰਣਾ ਬੜਾ ਸਪੱਸ਼ਟ ਹੈ:

''**ਗੁਰਮੁਖਿ ਸਭ ਪਵਿਤੁ ਹੈ ਧਨੁ ਸੰਪੈ ਮਾਇਆ॥**

**ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ॥**'' **-ਗੁਰੂ ਗ੍ਰੰਥ ਸਾਹਿਬ, ਅੰਗ** 1246

ਗੁਰੂ ਅਰਜਨ ਦੇਵ ਜੀ ਦੇ ਸਮੇਂ ਲਾਹੌਰ ਵਿਚ ਪਏ ਕਾਲ, ਭੁੱਖ ਮਰੀ ਅਤੇ ਬੀਮਾਰੀ ਕਾਰਨ ਵਿਗੜੀ ਹਾਲਤ ਵੇਖ ਵੇਲੇ ਦਾ ਹਾਕਮ ਅਕਬਰ ਵੀ ਲਾਹੌਰ ਛੱਡ ਕੇ ਕਲਾਨੌਰ ਚਲਾ ਗਿਆ। ਗਲੀਆਂ ਮੁਹੱਲਿਆਂ ਵਿਚ ਮੁਰਦਿਆਂ ਦੀਆਂ ਲਾਸ਼ਾਂ ਰੁਲ ਰਹੀਆਂ ਸਨ ਤੇ ਸਸਕਾਰ ਜਾਂ ਦਫਨਾਉਣ ਦਾ ਕੋਈ ਪ੍ਰਬੰਧ ਨਹੀਂ ਸੀ। ਦਰਬਾਰ ਸਾਹਿਬ ਅੰਮ੍ਰਿਤ-ਸਰੋਵਰ ਦੀ ਉਸਾਰੀ ਦਾ ਕੰਮ ਛੱਡ ਕੇ ਗੁਰੂ ਅਰਜਨ ਦੇਵ ਜੀ ਨੇ ਸੰਗਤਾਂ ਨੂੰ ਅਜੇਹੇ ਸਮੇਂ ਦਸਵੰਧ ਭੇਜਣ ਲਈ ਸੁਨੇਹੇ ਭੇਜੇ ਅਤੇ ਖੁਦ ਸੰਗਤਾਂ ਦੇ ਸਹਿਯੋਗ ਨਾਲ ਥਾਂ-ਥਾਂ ਲੰਗਰ ਦਵਾਖਾਨੇ ਅਤੇ ਲਾਸ਼ਾਂ ਨੂੰ ਟਿਕਾਣੇ ਲਗਾਉਣ ਦਾ ਸਾਰਾ ਪ੍ਰਬੰਧ ਕੀਤਾ।

ਗੁਰੂ ਹਰਿਗੋਬਿੰਦ ਨੇ ਸਮੇਂ ਦੀ ਲੋੜ ਅਨੁਸਾਰ ਸਿੱਖ ਸੰਗਤਾਂ ਨੂੰ ਹੁਕਮ ਕਰ ਦਿੱਤਾ ਸੀ ਕਿ ਗੁਰੂ-ਦਰ ਤੇ ਘੋੜੇ ਤੇ ਸ਼ਸਤਰ ਭੇਟਾ ਕਰੋ। ਜੰਗੀ ਸਮਾਨ ਦੀ ਖਰੀਦੋ ਫਰੋਖਤ, ਦੁਸ਼ਮਣਾਂ ਦੇ ਹੱਲਿਆਂ ਤੋਂ ਬਚਾਅ ਲਈ ਕਿਲ੍ਹੇ ਉਸਾਰੇ ਗਏ। ਸ਼ਾਹ ਸਵਾਰ ਫੌਜਾਂ ਰੱਖੀਆਂ ਗਈਆਂ। ਇਹ ਸਾਰੇ ਖਰਚੇ ਗੁਰੂ ਘਰ ਦੇ ਦਸਵੰਧ ਵਿਚੋਂ ਪੂਰੇ ਕੀਤੇ ਜਾਂਦੇ ਰਹੇ।

ਇਸ ਸਾਰੇ ਕੁਝ ਦੇ ਨਾਲ-ਨਾਲ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਚਾਹਵਾਨ ਸਿੱਖਾਂ ਨੂੰ ਉੱਚ ਤਾਲੀਮ ਦਿਵਾਉਣ ਅਤੇ ਸਾਹਿਤ ਸਿਰਜਣਾ ਕਰਨ ਵਾਲੇ ਕਵੀਆਂ ਨੂੰ ਸਨਮਾਨਤ ਕਰਨ ਅਤੇ ਬਖਸ਼ਿਸ਼ਾਂ ਦੇਣ ਹਿੱਤ ਇਸ ਦੀ ਵਰਤੋਂ ਕੀਤੀ ਹੈ।

ਇਸ ਸਭ ਕੁਝ ਲਿਖਣ ਦਾ ਮਨੋਰਥ ਕੇਵਲ ਇਹ ਹੈ ਕਿ ਗੁਰੂ ਜੀ ਦਾ ਹੁਕਮ ਸਾਨੂੰ ਸਭ ਨੂੰ ਸਾਂਝਾ ਹੈ ਕਿ ਆਪ ਕਿਰਤ ਦਾ 10ਵਾਂ ਹਿੱਸਾ ਗੁਰੂ ਘਰ ਦੀ ਅਮਾਨਤ ਹੈ।

ਇਸ ਸੰਬੰਧੀ ਇਕ ਹੁਕਮਨਾਮਾ ਲਾਹੌਰ, ਭਾਈ ਮਨੀ ਸਿੰਘ ਦੇ ਗੁਰਦੁਆਰੇ ਵਿਚ ਹੈ ਜਿਸ ਦੀ ਇਬਾਰਤ ਵਿਚ ਜ਼ਿਕਰ ਹੈ: "... ਜੋ ਗੁਰੂ ਕੇ ਨਵਿਤ ਹੋਵੇ ਗੋਲਕ ਦਸਵੰਧ ਮੰਨਤ ਸੋ ਹਜ਼ੂਰ ਆਪ ਲੈ ਆਵਣਾ ਮਸੰਦਾਂ ਨੋ ਮੰਨਣਾ ਨਾਹੀ ਗੁਰੂ ਸੰਗਤ ਕੀ ਬਹੁੜੀ ਕਰੇਗਾ ਮਨੋਰਥ ਪੂਰੇ ਹੋਣਗੇ। ਸੰਮਤ 1755॥" -ਬਹੁ ਮੁੱਲੇ ਇਤਿਹਾਸਕ ਲੇਖ ਪੰਨਾ 293 (ਸੰਪਾਦਕ) ਕਰਮ ਸਿੰਘ ਹਿਸਟੋਰੀਅਨ

ਸਿੱਖ ਰਾਜਕਾਲ ਦੌਰਾਨ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸਰਕਾਰੀ ਖਜ਼ਾਨੇ ਵਿਚੋਂ ਵੀ ਦਸਵੰਧ ਦੀ ਰਾਸ਼ੀ ਨੂੰ ਜਨ ਹਿੱਤਾਂ ਲਈ ਵਰਤਿਆ ਜਾਂਦਾ ਰਿਹਾ ਹੈ।

ਇਸ ਦੀ ਦੁਰਵਰਤੋਂ ਦਾ ਕਿਸੇ ਨੂੰ ਹੱਕ ਨਹੀਂ ਸੀ। ਸੋ ਸਪੱਸ਼ਟ ਹੈ ਕਿ ਗੁਰੂ ਸਾਹਿਬ ਦੇ

ਹੁਕਮਨਾਮੇ ਦਾ ਸਤਿਕਾਰ ਕਰਦਿਆਂ ਦਸਵੰਧ ਦੀ ਰਕਮ ਗਲਤ ਹੱਥਾਂ ਵਿਚ ਨਹੀਂ ਜਾਣੀ ਚਾਹੀਦੀ। ਗੁਰੂ ਕਾਲ ਵਿਚ ਦਸਵੰਧ ਦੀ ਵਰਤੋਂ ਉਨ੍ਹਾਂ ਦੇ ਨਿਰਦੇਸ਼ ਅਨੁਸਾਰ ਹੁੰਦੀ ਰਹੀ ਹੈ। ਵੱਖ ਵੱਖ ਸੇਵਾਵਾਂ, ਲੋੜਾਂ ਦੀ ਪੂਰਤੀ ਅਨੁਸਾਰ ਹੁੰਦੀਆਂ ਰਹੀਆਂ। ਅੱਜ ਵੀ ਸਾਨੂੰ ਮਾਇਆ ਲੋੜ ਅਨੁਸਾਰ ਵਰਤਣੀ ਚਾਹੀਦੀ ਹੈ। ਮੌਜੂਦਾ ਸਮੇਂ ਵਿਚ ਲੋੜਾਂ ਹੇਠ ਲਿਖੇ ਅਨੁਸਾਰ ਹਨ:

ਕੌਮ ਦੇ ਗਰੀਬ ਬੱਚਿਆਂ ਦੀ ਪੜ੍ਹਾਈ, ਕੌਮ ਦੇ ਗਰੀਬਾਂ ਦੀ ਸਾਂਭ ਸੰਭਾਲ ਕਰਨਾ, ਉਨ੍ਹਾਂ ਨੂੰ ਸੇਧ ਦੇ ਕੇ ਪੱਕੇ ਪੈਰੀਂ ਖੜ੍ਹੇ ਕਰਨਾ ਤੇ ਗੁਰਮਤਿ ਦੇ ਗਾਡੀ ਰਾਹ 'ਤੇ ਤੋਰਨਾ ਹੈ। ਇਸ ਸਭ ਲਈ ਆਓ ਅਸੀਂ ਇਜ਼ਰਾਈਲ ਦੀ ਰੀਸ ਕਰੀਏ ਜਿਵੇਂ ਉਨ੍ਹਾਂ ਨੇ ਡਿੱਗੀ ਕੌਮ ਨੂੰ, ਉਠਾਉਣ ਹਿੱਤ 45000 ਕਰੋੜ ਦਾ ਫੰਡ ਕਾਇਮ ਕਰਕੇ, ਕੌਮ ਨੂੰ ਉਠਾਇਆ ਅਸੀਂ ਵੀ ਅਜਿਹਾ ਫੰਡ ਕਾਇਮ ਕਰੀਏ, ਜਿਸ ਨਾਲ ਕੌਮ ਦਾ ਭਵਿੱਖ ਸੰਵਰ ਸਕੇ। ਨਾ ਕੇਵਲ ਗੁਰਦੁਆਰਿਆਂ ਦੀਆਂ ਇਮਾਰਤਾਂ, ਸੰਗਮਰਮਰ ਅਤੇ ਸੋਨਾ ਲਗਾਉਣ, ਕੀਰਤਨ ਦਰਬਾਰਾਂ, ਨਗਰ ਕੀਰਤਨਾਂ ਤੇ ਖਰਚ ਕਰਕੇ ਸਾਖਰਤਾ ਵਲੋਂ ਅਵੇਸਲੇ ਹੋ ਕੇ ਬੈਠੀਏ। ਅੱਜ ਗਰੀਬ ਪਰਿਵਾਰਾਂ ਦੀ ਹਾਲਤ ਬਹੁਤ ਤਰਸਯੋਗ ਹੋ ਗਈ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ –'ਗਰੀਬ ਦਾ ਮੂੰਹ ਗੁਰੂ ਦੀ ਗੋਲਕ ਹੈ।'

ਆਓ ਆਪਣਾ ਫਰਜ਼ ਪਹਿਚਾਨੀਏ! ਜੇ ਅਸੀਂ ਹੁਣ ਨਾ ਸੰਭਲੇ ਤਾਂ ਨਾ ਇਤਿਹਾਸ ਅਤੇ ਨਾ ਹੀ ਗੁਰੂ ਸਾਨੂੰ ਬਖਸ਼ਣਗੇ। ਗਰੀਬ ਸਿੱਖਾਂ ਨੂੰ ਵਿੱਦਿਆ ਦੇਣ ਅਤੇ ਉਹਨਾਂ ਨੂੰ ਰਵਾਇਤੀ ਕੰਮਾਂ ਤੋਂ ਮੋੜ ਕੇ ਸੰਸਾਰੀ ਤਰੱਕੀ ਦੇ ਹੋਰ ਵਸੀਲਿਆਂ ਵੱਲ ਉਤਸ਼ਾਹਿਤ ਕਰਨ ਲਈ ਕੰਮ ਕਰ ਰਹੇ ਸੰਗਠਨਾਂ ਨੂੰ ਮਾਇਕ ਸਹਾਇਤਾ ਦੇਣ ਅਤੇ ਆਪਣੇ ਆਪਣੇ ਪੱਧਰ ਤੇ ਅੱਗੇ ਆ ਕੇ ਸਮਰਪਿਤ ਹੋਈਏ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਣ ਹੈ:

**ਦਾਨ ਦਯੋ ਇਨਹੀ ਕੋ ਭਲੋ ਅਰੁ ਆਨ ਕੋ ਦਾਨ ਨ ਲਾਗਤ ਨੀਕੋ ॥ ਆਗੈ ਫਲੈ ਇਨਹੀ ਕੋ ਦਯੋ ਜਗ ਮੈ ਜਸੁ ਅਉਰ ਦਯੋ ਸਭ ਫੀਕੋ ॥ ਮੋ ਗ੍ਰਿਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਬ ਹੀ ਇਨਹੀ ਕੋ ॥੩॥ –ਸ੍ਰੀ ਦਸਮ ਗ੍ਰੰਥ ਸਾਹਿਬ, ਪੰਨਾ** 713



**ਹਾਲ ਹੀ ਵਿੱਚ ਪ੍ਰਿਸੀਪਲ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਡਾ. ਕੰਵਲਜੀਤ ਕੌਰ ਅਰੋੜਾ ਸਿੱਖੀ ਰੰਗ ਵਿੱਚ ਰੰਗੀ ਹੋਈ ਸ਼ਖਸ਼ੀਅਤ, ਗੁਰਮਤਿ ਅਨੁਸਾਰ ਹਾਲ ਹੀ ਵਿੱਚ ਪ੍ਰਿਸੀਪਲ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਡਾ. ਕੰਵਲਜੀਤ ਕੌਰ ਅਰੋੜਾ ਸਿੱਖੀ ਰੰਗ ਵਿੱਚ ਰੰਗੀ ਹੋਈ ਸ਼ਖਸ਼ੀਅਤ, ਗੁਰਮਤਿ ਅਨੁਸਾਰ ਜੀਵਨ ਜੀਓਂਦੇ ਹਨ। ਉਹ ਗਰੀਬ ਵਿਦਿਆਰਥੀਆਂ ਦੀ ਮਾਇਕ ਸਹਾਇਤਾ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਉਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਦੀ ਰਚਿਤ ਗੁਰਬਾਣੀ ਤੇ ਖੋਜ ਕਰਕੇ ਪੀ. ਐਚ. ਡੀ. ਡਿਗਰੀ ਪ੍ਰਾਪਤ ਕੀਤੀ ਹੈ। ਉਹ ਸੇਵਾ ਅਤੇ ਮਿਲਾਪੜੇ ਸੁਭਾ ਦੇ ਹਨ। ਉਨ੍ਹਾਂ ਨਾਲ ਈਮੇਲ** familyajitkawal@ gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਆਓ ! ਜ਼ਰਾ ਸੋਚੀਏ!

## ਹਰਕ੍ਰਿਸ਼ਨ ਸਿੰਘ ਪੁਨੀਤ ਲੰਡਨ

ਇੰਗਲੈਂਡ ਦੇ ਇਕ ਗੁਰਦੁਆਰਾ ਸਾਹਿਬ ਵਿਚ ਸੰਗਮਰਮਰ ਅਤੇ ਹੋਰ ਸਜਾਵਟੀ ਸਮਾਨ ਲਈ ਲਗਪਗ 18 ਮਿਲੀਅਨ ਪੌਂਡ (150 ਕਰੋੜ ਰੁਪਏ) ਲੱਗੇ ਹਨ। ਇਸੇ ਇਲਾਕੇ ਵਿਚ 6 ਗੁਰਦੁਆਰਾ ਸਾਹਿਬ ਸੁਸ਼ੋਭਤ ਹਨ ਜਿੱਥੇ ਅੰਦਰ ਮਸਾਂ 25-30 ਵੀਰਾਂ ਭੈਣਾਂ ਦੀ ਸੰਗਤ ਹੁੰਦੀ ਹੈ। ਜਦ ਮੈਂ ਸੰਗਤ ਵਿਚ ਬੈਠਦਾ ਹਾਂ ਤਾਂ ਕਈ ਵਾਰ ਸੋਚਾਂ ਵਿਚ ਡੁਬ ਜਾਂਦਾ ਹਾਂ ਕਿ ਕੀ ਇਤਨਾ ਮਹਿੰਗਾ ਗੁਰਦੁਆਰਾ ਸਾਹਿਬ ਵੇਖ ਗੁਰੂ ਮਹਾਰਾਜ ਵਧੇਰੇ ਰੀਝ ਜਾਣਗੇ, ਜਦ ਕਿ ਸਾਡੇ ਸਿਕਲੀਗਰ ਵਣਜਾਰੇ ਵੀਰ ਕੁਲੀ ਗੁਲੀ ਤੋਂ ਮੁਹਤਾਜ ਦਰ ਦਰ ਦੀਆਂ ਠੋਕਰਾਂ ਖਾ ਰਹੇ ਹਨ। ਅੱਜ ਗੁਰਦੁਆਰਾ ਸਾਹਿਬ ਵਿਚ ਲੰਗਰ ਦੀ ਸੇਵਾ 3-4 ਸਬਜ਼ੀਆਂ ਰੈਤਾ-ਸਲਾਦ ਨਾਲ ਹੁੰਦੀ ਹੈ। ਗਲ ਕੀ ਅਸੀਂ ਰੱਜੇ ਨੂੰ ਰਜਾਉਣ ਵਿਚ ਰੁੱਝੇ ਹੋਏ ਹਾਂ ਅਤੇ ਲੰਗਰ ਉਪਰੰਤ ਸਾਨੂੰ ਇਹ ਆਮ ਸੁਣਨ ਨੂੰ ਮਿਲਦਾ ਕਿ ਫਲਾਣੇ ਦਾ ਲੰਗਰ ਵਧੇਰੇ ਸਬਜ਼ੀਆਂ ਵਾਲਾ ਸੀ ਅਤੇ ਫਲਾਣੇ ਦਾ ਲੰਗਰ ਘਟ ਸਬਜ਼ੀਆਂ ਵਾਲਾ ਸੀ। ਇਹ ਸਭ ਅਸੀਂ ਹਉਮੇਂ ਨੂੰ ਪੱਠੇ ਪਾ ਰਹੇ ਹਾਂ ਅਤੇ ਗੁਰਮਤਿ ਤੋਂ ਦੂਰ ਹੁੰਦੇ ਜਾ ਰਹੇ ਹਾਂ।

ਜਦ ਮੈਂ ਅਤੇ ਸ੍ਰ. ਮਿਹਰ ਸਿੰਘ ਜੀ ਗਰੀਬ ਸਿਕਲੀਗਰ ਵਣਜਾਰੇ ਸਤਿਨਾਮੀਆਂ, ਲੁਬਾਣੇ ਸਿੱਖਾਂ ਲਈ ਇਹ ਗਰੀਬ ਲਾਚਾਰ ਵੀਰਾਂ ਲਈ ਮਾਇਆ ਮੰਗਣ ਨਿਕਲਦੇ ਹਾਂ ਤਾਂ ਕੋਈ ਤਾਂ ਹੱਸਕੇ ਖ਼ੈਰ ਪਾ ਦਿੰਦਾ ਹੈ, ਕੋਈ ਲਾਰਾ ਲਾਂਦਾ ਹੈ ਅਤੇ ਕੋਈ ਲੰਗਰ ਦੀ ਮਹਾਨਤਾ ਤੇ ਕੋਈ ਕਹਿੰਦਾ ਹੈ ਅਸੀਂ ਤਾਂ ਗੁਰਦੁਆਰਾ ਸਾਹਿਬ ਵਿਚ ਸੋਨਾ ਚੜ੍ਹਾਣਾ ਹੈ।ਅਸੀਂ ਸੰਗਮਰਮਰ ਲੁਆਣਾ ਹੈ। ਤੁਸੀਂ ਫਿਰ ਦਰਸ਼ਨ ਦੇਣਾ।

ਮੈਂ ਇਹੋ ਜਿਹੇ ਬਹਾਨੇ ਸੁਣਕੇ ਕਦੇ ਉਨ੍ਹਾਂ ਪੁਰਾਤਨ ਸਿਕਲੀਗਰ ਵਣਜਾਰਿਆਂ ਨੂੰ ਯਾਦ ਕਰਦਾ ਹਾਂ ਜਿਨ੍ਹਾਂ ਗੁਰੂ ਮਹਾਰਾਜ ਦੇ ਧੜ ਦਾ ਸਸਕਾਰ ਕਰਨ ਲਈ ਘਰ ਨੂੰ ਅੱਗ ਲਾ ਦਿੱਤੀ ਤੇ ਕਦੇ ਉਨ੍ਹਾਂ ਸਿਕਲੀਗਰ ਵੀਰਾਂ ਦੀਆਂ ਬਹਾਦਰੀ ਦੀ ਤਸਵੀਰ ਮੇਰੇ ਸਾਹਮਣੇ ਘੁੰਮਣ ਲੱਗ ਜਾਂਦੀ ਹੈ ਜਿਨ੍ਹਾਂ ਨੇ ਗੁਰੂ ਲਈ ਧੰਨ ਦੌਲਤ, ਜ਼ਮੀਨ ਜਾਇਦਾਦ ਅਤੇ ਆਪਣੇ ਆਪ ਨੂੰ ਗੁਰੂ ਤੋਂ ਨਿਛਾਵਰ ਕਰ ਦਿੱਤਾ। ਉਨ੍ਹਾਂ ਕਦੇ ਇਹ ਸ਼ਾਇਦ ਸੋਚਿਆ ਵੀ ਨਹੀਂ ਸੀ ਕਿ ਕੌਮ ਉਨ੍ਹਾਂ ਨੂੰ ਇਤਨੀ ਜਲਦੀ ਭੁੱਲ ਜਾਵੇਗੀ ਅਤੇ ਉਨ੍ਹਾਂ ਦੀ ਔਲਾਦ ਦਰ ਦਰ ਠੋਕ੍ਰਾਂ ਖਾਂਦੀ ਫਿਰੇਗੀ।

ਅੱਜ ਹਰ ਸਿੱਖ ਇਸ ਯਤਨ ਵਿੱਚ ਹੈ ਅਸੀਂ ਲੰਗਰ ਲਾਈਏ ਤੇ ਪੁੰਨ ਕਮਾਈਏ ਭਾਵੇਂ ਰੱਜਿਆਂ ਨੂੰ ਰਜਾਈਏ। ਕਈ ਥਾਵਾਂ ਤੇ ਤਿੰਨ ਤਿੰਨ ਲੰਗਰ ਲੱਗੇ ਹੋਏ ਮਿਲਣਗੇ। ਜੋ ਗੱਲ ਗੁਰੂ ਸਾਹਿਬ ਨੇ ਦੱਸੀ ਕਿ ਹਉਮੈ ਗਵਾਈਏ ਦੀ ਥਾਂ ਤੇ, ਹਉਮੈ ਨੂੰ ਪਰੇ ਪਾਈਏ ਲੱਖਾਂ ਰੁਪਏ ਦੇ ਫੁੱਲ ਚੜ੍ਹਾਈਏ, ਲੱਖਾਂ ਰੁਪਏ ਦੇ ਰੁਮਾਲੇ ਚੜ੍ਹਾਈਏ। ਕੀ ਜਗਤ ਜੋਤ ਗੁਰੂ ਖੁਸ਼ ਹੋ ਜਾਵੇਗਾ? ਗੁਰੂ ਦੀ ਪ੍ਰਸੰਨਤਾ ਹੈ ਨਾਮ ਜਪਹੁ ਅਵਰਾ ਨਾਮ ਜਪਾਵੋ। ਅਸੀਂ ਹੋਰਨਾਂ ਤਾਂ ਕੀ ਆਪਣਿਆਂ ਨੂੰ ਵੀ ਨਾਮ ਨਹੀਂ ਜਪਾ ਰਹੇ। ਬ੍ਰਿਟਿਸ਼ ਸਿੱਖ ਕੌਂਸਲ ਲੰਡਨ ਨਾਲ ਅਤੇ ਫਿਰ ਸ੍ਰ. ਮਿਹਰ ਸਿੰਘ ਜੀ ਨਾਲ ਮਿਲ ਕੇ ਕੁਝ ਗਰੀਬ ਸਿੱਖਾਂ ਦੀ ਗੱਲ ਕਰਦੇ ਤਰਲਾ ਮਾਰਦੇ ਕਿ ਆਉ ਇਹਨਾਂ ਦੀ ਸਾਰ ਲਈਏ ਜੋ ਗਰੀਬੀ ਦੇ ਦੁਖੋਂ ਹੋਰ ਧਰਮਾਂ ਵੱਲ ਝਾਕ

# ਸਿਕਲੀਗਰ ਬਸਤੀ ਪਿੰਡ ਅੱਜੋਵਾਲ, ਹੁਸ਼ਿਆਰਪੁਰ 'ਚ ਯੂ. ਕੇ. ਦੇ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨ ਟਰੱਸਟ ਦੀ ਸੇਵਾ



ਗੁਰੂ ਨਾਨਾਕ ਸਾਹਿਬ ਦੇ 550 ਸਾਲਾ ਪੁਰਬ ਨੂੰ ਸਮਰਪਤ ਗੁਰੂ ਨਾਨਕ ਪਵਿੱਤਰ ਜੰਗਲ ਜੋ ਪ੍ਰੋ. ਬਹਾਦਰ ਸਿੰਘ ਸਮੇਤ, ਡਾ. ਐਚ ਐਸ. ਸੈਣੀ, ਇੰਜੀ. ਮਲਕੀਤ ਸਿੰਘ ਹੋਂਡ, ਇੰਜੀ. ਜਸਬੀਰ ਸਿੰਘ, ਵਕੀਲ ਜਸਪਾਲ ਸਿੰਘ, ਸਤਿੰਦਰ ਸਿੰਘ ਸਰਪੰਚ, ਗੁਰਪ੍ਰੀਤ ਸਿੰਘ ਅਤੇ ਬਲਜੀਤ ਸਿੰਘ ਪਨੇਸਰ ਦੇ ਉਦਮਾਂ ਨਾਲ ਪਿੰਡ ਅੱਜੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਲਗਾਇਆ ਗਿਆ ਅਤੇ ਇਨ੍ਹਾਂ ਵੱਲੋਂ ਦੇਖ ਭਾਲ ਵੀ ਕੀਤੀ ਜਾ ਰਹੀ ਹੈ।



ਟਰੱਸਟ ਦੇ ਆਗੂ ਸਿਕਲੀਗਰ ਬੱਚਿਆਂ ਦੀ ਹੋਂਸਲਾ ਅਫਜ਼ਾਈ ਕਰਦੇ ਹੋਏ



# ਸਿਕਲੀਗਰ ਬਸਤੀ ਪਿੰਡ ਅੱਜੋਵਾਲ, ਹੁਸ਼ਿਆਰਪੁਰ 'ਚ ਯੂ. ਕੇ. ਦੇ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨ ਟਰੱਸਟ ਦੀ ਸੇਵਾ









ਮੈਡੀਕਲ ਅਤੇ ਅੱਖਾਂ ਦਾ ਚੈਕਅਪ ਕੈਂਪ ਦੀ ਸ਼ੁਰੂਆਤ ਕਰਦੇ ਰਣਜੀਤ ਸਿੰਘ, ਜੇ ਐਸ ਆਹਲੂਵਾਲੀਆ, ਪ੍ਰੋ. ਬਾਦਲ ਸਿੰਘ ਸਮੇਤ ਅਤੇ ਹੋਰ।

# ਸਿਕਲੀਗਰਾਂ ਦੀ ਸਹਾਇਤਾ ਅਤੇ ਗਰੀਬ ਬੱਚਿਆਂ ਦੀ ਪੜ੍ਹਾਈ ਦੀ ਸੇਵਾ ਵਿੱਚ ਜੁੜੀ ਧੰਨ ਗੁਰੂ ਨਾਨਕ ਮਿਸ਼ਨ, ਯੂ. ਐਸ. ਏ.



ਸਿਕਲੀਗਰ ਪਰਿਵਾਰਾਂ ਦੇ ਮਕਾਨਾ ਦੀਆਂ ਛੱਤਾਂ 'ਤੇ ਟੀਨਾ ਪਾ ਕੇ ਢੱਕਿਆ ਗਿਆ





ਲਾਇਕ ਅਤੇ ਜਰੂਰਤਮੰਦ ਬੱਚਿਆਂ ਨੂੰ ਗ੍ਰੈਜੂਏਸ਼ਨ ਅਤੇ ਹੋਰ ਉਚ ਵਿਦਿਆ ਲਈ ਮਾਇਕ ਮਦਦ ਕੀਤੀ ਜਾ ਰਹੀ ਹੈ। ਧਾਰਮਕ ਤੌਰ 'ਤੇ ਬੱਚਿਆਂ ਨੂੰ ਉਤਸ਼ਾਹ ਕਰਨ ਹਿੱਤ, ਧਾਰਮਕ ਲਿਟਰੇਚਰ ਦਿੱਤਾ ਜਾ ਰਿਹਾ ਹੈ ਤਾਂ ਜੋ ਉਹ ਗੁਰੂ ਸਾਹਿਬਾਨ ਦੀ ਸਿੱਖਿਆ 'ਤੇ ਚੱਲ ਕੇ ਆਪਣਾ ਜੀਵਨ ਸਫਲਾ ਕਰਨ।



# ਲੋਕ ਭਲਾਈ ਅਤੇ ਵਿੱਦਿਆ ਨੂੰ ਸਮਰਪਿਤ
# SAF ਇੰਟਰਨੈਸ਼ਨਲ ਕੈਨੇਡਾ ਦੀਆਂ ਗਤੀਵਿਧੀਆਂ



ਪਿੰਡ ਪਚੋਰੀ, ਮੱਧ ਪ੍ਰਦੇਸ਼ ਦੇ ਸਿਕਲੀਗਰ ਵਿਦਿਆਰਥੀਆਂ ਦੀ ਗਰੁੱਪ ਫੋਟੋ ਨਾਲ ਖੜੇ ਹਨ ਸ੍ਰ. ਹਰਜਿੰਦਰ ਸਿੰਘ। ਸੰਸਥਾ ਵੱਲੋਂ 764 ਨੂੰ ਵਿੱਦਿਆਰਥੀਆਂ ਵਿਦਿਆ ਨੂੰ ਦਿੱਤੀ ਜਾ ਰਹੀ ਹੈ।



ਸ੍ਰ. ਸਮਨਦੀਪ ਸਿੰਘ CEO-SAF ਬੱਚਿਆਂ ਨੂੰ ਪਿਆਰ ਨਾਲ ਪੜ੍ਹਾਈ ਲਈ ਪ੍ਰੇਰਦੇ ਹੋਏ



ਜਿਨ੍ਹਾਂ ਪਿੰਡਾਂ ਵਿੱਚ ਪਾਣੀ ਦਾ ਪ੍ਰਬੰਧ ਨਹੀਂ ਉਥੇ ਟਿਊਬਵੈਲ ਲਗਾਏ ਜਾ ਰਹੇ ਹਨ। ਇਹ ਹੈ ਪਿੰਡ ਰੰਤਲਾਵ, ਮੱਧ ਪ੍ਰਦੇਸ਼ ਦਾ ਦ੍ਰਿਸ਼।

# ਸਿਕਲੀਗਰ, ਵਣਜਾਰੇ ਤੇ ਲੋੜਵੰਦਾਂ ਨੂੰ ਸਮਰਪਿਤ ਇੰਟਰਨੈਸ਼ਨਲ ਪੰਜਾਬੀ ਫਾਊਂਡੇਸ਼ਨ ਕੈਨੇਡਾ



ਭੋਏਂ ਉੜਾਪੁੜ ਨਵਾਂ ਸ਼ਹਿਰ ਦਾ ਪਿਛੋਕੜ ਰੱਖਦੇ ਕਨੇਡਾ ਨਿਵਾਸੀ ਗੁਰਚਰਨ ਸਿੰਘ ਬਨਵੈਂਤ ਦੀ ਸੰਸਥਾ ਪਿਛਲੇ ਕਈ ਦਹਾਕਿਆਂ ਤੋਂ ਲੋੜਵੰਦਾ ਦੀ ਸੇਵਾ ਨੂੰ ਸਮਰਪਿਤ ਹੈ। ਸੇਵਾ ਦੇ ਜਜ਼ਬੇ ਨਾਲ ਲਬਰੇਜ, ਸੰਸਥਾ ਦੇ ਬਾਨੀ ਦੱਖਣੀ ਅਫਰੀਕਾ, ਪਾਕਿਸਤਾਨ ਅਤੇ ਭਾਰਤ ਵਿੱਚ ਅੱਖਾਂ ਦੇ ਕੈਂਪ, ਲੋਕਾਂ ਲਈ ਪੀਣ ਵਾਲੇ ਪਾਣੀ ਮੁਹਈਆ ਕਰਵਾਉਣਾ, ਵਿਦਿਅਕ ਅਦਾਰੇ ਖੋਲਣੇ ਤੇ ਚਲਦੇ ਅਦਾਰਿਆਂ ਦੀ ਇਮਦਾਦ ਕਰਨ ਦੀਆਂ ਸੇਵਾਵਾਂ ਨਿਭਾ ਰਹੇ ਹਨ।

ਪੰਜਾਬ ਅਤੇ ਕਰਨਾਟਕਾ ਵਿੱਚ ਸਿਕਲੀਗਰ, ਵਣਜਾਰਿਆਂ ਦੀ ਸੇਵਾ ਕਰਨ ਵਾਲੀਆਂ ਸੰਸਥਾਵਾਂ ਦੀ ਮਦਦ ਲਈ ਅਜੋਕੇ ਸਮੇਂ ਵਿੱਚ ਵੀ ਕੋਵਿਡ-19 ਦੇ ਹਾਲਾਤਾਂ ਨਾਲ ਜੂਝਦੇ ਲੋੜਵੰਦਾਂ ਨੂੰ ਸੁੱਕਾ ਰਾਸ਼ਨ ਮੁਹੱਈਆਂ ਕਰਵਾਇਆ।



# ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਪੁਰਬ ‘ਤੇ ਟੋਰਾਂਟੋ ਤੋਂ ਕਰਤਾਰਪੁਰ ਸਾਹਿਬ ਤੇ ਸੁਲਤਾਨਪੁਰ ਲੋਧੀ ਨੂੰ 'ਅਮਨ ਦਾ ਕਾਫਲਾ'




ਗੁਰੂ ਨਾਨਕ ਪਾਤਸ਼ਾਹ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਤ ਨਿਵੇਕਲਾ ਕਦਮ ਚੁਕਦੇ ਹੋਏ ਸੰਸਥਾ ਨੇ ਬਸ ਰਾਹੀਂ ਸਿੱਖ ਅਤੇ ਮੁਸਲਮਾਨ ਸਾਥੀਆਂ ਨਾਲ ‘ਅਮਨ ਦਾ ਕਾਫਲਾ’ ਟੋਰਾਂਟੋ ਤੋਂ ਲੈ ਕੇ ਕਰਤਾਪੁਰ ਸਾਹਿਬ ਤੇ ਫਿਰ ਸੁਲਤਾਨਪੁਰ ਲੋਧੀ ਦਾ ਪ੍ਰਬੰਧ ਕੀਤਾ ਅਤੇ ਥਾਂ-ਥਾਂ ਗੁਰੂ ਨਾਨਕ ਪਿਤਾ ਦਾ ਅਮਨ ਦਾ ਪੈਗਾਮ ਪਹੁੰਚਾਇਆ।



ਰਹੇ ਹਨ ਜਾਂ ਸਿੱਖੀ ਤੋਂ ਡਿੱਗ ਰਹੇ ਹਨ। ਮਨਮਤਾਂ ਤੇ ਕਰੋੜਾਂ ਰੁਪਏ ਫੂਕ ਸਕੇ ਹਾਂ ਪਰ ਆਪਣੇ ਗਰੀਬ ਸਿੱਖਾਂ ਦੀ ਸਾਰ ਨਹੀਂ ਲੈ ਰਹੇ। ਦੁਨੀਆਂ ਭਰ ਵਿੱਚ ਲੰਗਰ ਲਾਉਣ ਵਾਲਿਆਂ ਨੂੰ ਅੱਜ ਆਪਣੇ ਸਿੱਖ ਬੱਚੇ -4 ਕਰੋੜ ਸਿਕਲੀਗਰ,5 ਕਰੋੜ ਵਣਜਾਰੇ, ਸਤਿਨਾਮੀਏ, ਜੌਹਰੀ, ਅਸਾਮੀ ਆਦਿ ਨਜ਼ਰ ਨਹੀਂ ਆ ਰਹੇ।

ਇਹਨਾਂ ਸਿੱਖਾਂ ਕੋਲ ਪੀਣ ਲਈ ਸਾਫ ਪਾਣੀ ਵੀ ਨਹੀਂ ਹੈ। ਗੰਦੇ ਛੱਪੜਾਂ ਦਾ ਪਾਣੀ ਪੀ ਕੇ ਗੁਜਾਰਾ ਕਰ ਰਹੇ ਹਨ। ਬੱਚਿਆਂ ਕੋਲ ਰੋਟੀ, ਕੱਪੜਾ, ਮਕਾਨ, ਮੁਢਲੀਆਂ ਸਹੂਲਤਾਂ ਵੀ ਨਹੀਂ ਹਨ। ਆਪਣੀ ਕੌਮ ਦੇ ਬੱਚੇ ਭੁੱਖੇ ਰੱਖ ਕੇ ਦੁਨੀਆਂ ਵਿੱਚ ਕਿਸਨੂੰ ਦਿਖਾ ਰਹੇ ਹਾਂ। ਅਸੀਂ ਸਰਦਾਰ ਹੁੰਦੇ ਹਾਂ, ਅਮੀਰ, ਵੱਡੇ ਦਾਨੀ ਹਾਂ। ਮਾਂ ਭੁੱਖੀ ਬੈਠੀ ਹੋਵੇ ਤੇ ਬਾਹਰ ਸੜਕਾਂ ਤੇ ਲੰਗਰ ਲਾ ਰਹੇ ਹਾਂ। ਸਰਕਾਰਾਂ ਦੀਆਂ ਮਾਰਾਂ ਨੇ ਕੌਮ ਨੂੰ ਖੇਰੂੰ ਖੇਰੂੰ ਕਰ ਦਿੱਤਾ ਤੇ ਰਹਿੰਦਾ ਸਾਡੀ ਹਉਮੈ ਨੇ।

ਅੱਜ ਵੀ ਵੇਲਾ ਹੈ ਕੌਮ ਸੰਭਾਲੀਏ। ਗਰੀਬ ਬੱਚਿਆਂ ਨੂੰ ਪੜ੍ਹਾਈਏ। ਰੁਜ਼ਗਾਰ ਕਮਾਉਣ ਜੋਗੇ ਹੋ ਜਾਣ। ਦਾਸ ਨੂੰ ਅੰਬਾਲਾ ਸ਼ਹਿਰ ਵਿੱਚ ਪੰਜਾਬੀ ਗੁਰਮਤਿ ਦਸਤਾਰ ਕੇਂਦਰ ਦੀ ਸੇਵਾ ਗੁਰੂ ਮਹਾਰਾਜ ਨੇ ਲਾਈ ਹੈ। ਪਿਛਲੇ 13 ਸਾਲਾਂ ਤੋਂ ਭਾਰਤ ਆ ਕੇ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਦਾ ਉਪਰਾਲਾ ਕਰ ਰਿਹਾ ਹੈ। ਛੋਟੇ ਛੋਟੇ ਵਜ਼ੀਫੇ ਲਗਾ ਕੇ ਪੜ੍ਹਾਈ ਅਤੇ ਗੁਰਬਾਣੀ ਵਾਲੇ ਪ੍ਰੇਰਨ ਦਾ ਯਤਨ ਹੈ। ਸਾਰੇ ਮਿਲ ਕੇ ਕੌਮ ਸੰਭਾਲੀਏ ਵਿਰਸੇ ਨੂੰ ਬਚਾਈਏ।



**ਹਰਕਿਸ਼ਨ ਸਿੰਘ ਪੁਨੀਤ ਇੱਕ ਕੌਮ ਨੂੰ ਸਮਰਪਿਤ ਗੁਰੂ ਕਾ ਸਿੱਖ ਜਿਸ ਦੇ ਸੀਨੇ ਵਿੱਚ ਆਪਣੇ ਵਿਰਸੇ ਨੂੰ ਸੰਭਾਲਣ ਦਾ ਦਰਦ ਹੈ। ਉਸ ਨੂੰ ਸੇਵਾ ਦੀ ਪ੍ਰੇਰਨਾ ਗੁਰੂ ਅੰਗਦ ਵਿਦਿਅਕ ਅਤੇ ਭਲਾਈ ਕੌਂਸਲ ਲੁਧਿਆਣਾ ਤੋਂ ਲੱਗੀ ਹੈ। ਸਕੂਲ ਵਿੱਚ ਜਾ ਕੇ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਦੇ ਹਨ, ਜੁੜਿਆਂ ਬੱਚਿਆਂ ਦੀ ਵਜੀਫਾ ਦੇ ਕੇ ਮਦਦ ਕਰਦੇ ਹਨ ਤਾਂ ਕਿ ਉਹ ਗੁਰਮਤਿ ਦੇ ਧਾਰਨੀ ਬਣ ਸਕਣ। ਉਨ੍ਹਾਂ ਨਾਲ ਈਮੇਲ** hspuneetuk@gmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਅਜੇ ਵੀ ਸਮਾਂ ਹੈ ਭੁਲੇ-ਵਿਸਰੇ (ਗੁਰੂ) ਨਾਨਕ ਪੰਥੀਆਂ ਨੂੰ ਆਪਣੇ ਨਾਲ ਜੋੜਨ ਦਾ

### ਡਾ. ਜਸਵੰਤ ਸਿੰਘ

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਦੇਸ਼, ਵਿਦੇਸ਼ ਪ੍ਰਚਾਰ ਸਮੇਂ ਬਹੁਤ ਸਾਰੇ ਲੋਕ ਉਹਨਾਂ ਤੋਂ ਪ੍ਰਭਾਵਤ ਹੋਏ ਅਤੇ ਉਹ ਗੁਰੂ ਸਾਹਿਬ ਦੇ ਸਿੱਖ ਬਣ ਗਏ, ਜਿਹਨਾਂ ਨੂੰ ਨਾਮ ਲੇਵਾ/ਨਾਨਕ ਪੰਥੀ ਕਿਹਾ ਜਾਣ ਲੱਗ ਪਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਅਸਾਮ ਦੌਰੇ ਦੌਰਾਨ ਵੀ ਬਹੁਤ ਸਾਰੇ ਲੋਕ ਗੁਰੂ ਘਰ ਨਾਲ ਜੁੜ ਗਏ। ਬਾਬਾ ਸ੍ਰੀਚੰਦ ਜੀ ਦੀ ਉਤਰ ਪ੍ਰਦੇਸ਼, ਬਿਹਾਰ, ਆਸਾਮ, ਬੰਗਾਲ ਤੇ ਉੜੀਸਾ ਦੀ ਯਾਤਰਾ ਦੌਰਾਨ ਵੀ ਕਈ ਲੋਕ ਗੁਰੂ ਨਾਨਕ ਘਰ ਦੇ ਸ਼ਰਧਾਲੂ ਬਣ ਗਏ। ਭਾਰਤ ਦੇ ਵੱਖ-ਵੱਖ ਰਾਜਾਂ -ਆਂਧਰਾ ਪ੍ਰਦੇਸ਼, ਤੇਲੰਗਾਨਾ, ਬਿਹਾਰ, ਕਰਨਾਟਕਾ, ਛਤੀਸਗੜ੍ਹ, ਮਹਾਂਰਾਸ਼ਟਰਾ, ਮੱਧ ਪ੍ਰਦੇਸ਼, ਅਦਿ ਵਿਚ ਕਈ ਐਸੇ ਕਬੀਲੇ ਹਨ ਜਿਹਨਾਂ ਨੇ ਅੱਜ ਤੱਕ ਗੁਰੂ ਨਾਨਕ ਸਾਹਿਬ ਦੀ ਸਿੱਖੀ ਨੂੰ ਕਿਸੇ ਨਾ ਕਿਸੇ ਰੂਪ ਵਿਚ ਸੰਭਾਲਿਆ ਹੋਇਆ ਹੈ।

ਗੁਰੂ ਗੋਬਿੰਦ ਸਿੰਘ ਜੀ ਵੇਲੇ ਉਦਾਸੀ ਸੰਤ ਕ੍ਰਿਪਾਲ ਦਾਸ ਜੀ ਨੇ ਭੰਗਾਣੀ ਦੇ ਯੁੱਧ ਵਿਚ ਹਿੱਸਾ ਲਿਆ ਅਤੇ ਹਯਾਤ ਖਾਂ ਨੂੰ ਮਾਰਿਆ ਸੀ। ਮੁਗ਼ਲ ਸਾਮਰਾਜ ਸਮੇਂ ਉਦਾਸੀ ਸੰਪਰਦਾਇ ਦੇ ਸਾਧੂਆਂ ਨੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਭਾਰਤ ਵਿਚ ਦੂਰ-ਦੂਰ ਤੱਕ ਸਿੱਖ ਧਰਮ ਦਾ ਪ੍ਰਚਾਰ ਕੀਤਾ। ਗੁਰਦੁਆਰਿਆਂ ਵਿਚ ਨਿਸ਼ਾਨ ਸਾਹਿਬ ਲਗਾਉਣ ਦੀ ਪ੍ਰੰਪਰਾ ਵੀ ਇਹਨਾਂ ਉਦਾਸੀ ਸੰਤਾਂ ਨੇ ਸ਼ੁਰੂ ਕੀਤੀ ਹੈ। ਨਿਰਮਲੇ ਸੰਤਾਂ ਨੇ ਗੁਰਬਾਣੀ ਦੀ ਟੀਕਾਕਾਰੀ ਅਤੇ ਕੋਸ਼ਕਾਰੀ ਵਿਚ ਵਿਸ਼ੇਸ਼ ਯੋਗਦਾਨ ਪਾਇਆ, ਅਤੇ ਦੇਸ਼ ਵਿਦੇਸ਼ ਜਾ ਕੇ ਸਿੱਖੀ ਦਾ ਪ੍ਰਚਾਰ ਕੀਤਾ। ਮਹਾਰਾਣੀ ਜਿੰਦਾਂ ਨੂੰ ਨੇਪਾਲ ਤੱਕ ਪਹੁੰਚਾਉਣ ਵਾਲੇ ਵੀ ਇਹ ਨਿਰਮਲੇ ਸੰਤ ਹੀ ਸਨ।

ਸਿੱਖਾਂ ਦਾ ਉਹ ਵਰਗ ਜੋ ਸਿੰਧ ਪ੍ਰਾਂਤ (ਪਾਕਿਸਤਾਨ) ਨਾਲ ਸੰਬੰਧਤ ਹੈ, ਸਿੰਧੀ ਸਿੱਖ ਕਹਿਲਾਂਦਾ ਹੈ। ਨਾਨਕਪੰਥੀ ਸਿੰਧੀ ਸਿੱਖ ਬਹੁਤੇ ਹਿੰਦੂ ਹਨ। ਪਾਕਿਸਤਾਨ ਦੇ ਸਿੰਧੀ ਸਿੱਖ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਿਆਂ ਦੀ ਬਹੁਤ ਸੇਵਾ ਸੰਭਾਲ ਕਰਦੇ ਹਨ। ਸਿੰਧੀ ਸਿੱਖਾਂ ਵਿਚ ਭਾਈ ਸ਼ਾਮ ਸਿੰਘ ਕਿਸੇ ਸਮੇਂ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਵੀ ਰਹੇ ਹਨ। ਇਹਨਾਂ ਨੇ ਆਪਣੀਆਂ ਸਿੰਧ ਫੇਰੀਆਂ ਦੌਰਾਨ ਅੰਮ੍ਰਿਤ ਪ੍ਰਚਾਰ ਸ਼ੁਰੂ ਕੀਤਾ। ਦਾਦਾ ਚੇਲਾ ਰਾਮ ਜੀ ਦਾ ਪ੍ਰਵਾਰ, ਭਾਈ ਚਤਰ ਸਿੰਘ, ਭਾਈ ਚਮਨਜੀਤ ਸਿੰਘ ਜੀ ਲਾਲ ਅਤੇ ਹੋਰ ਕਈ ਸਿੰਧੀ ਮਹਾਂਪੁਰਸ਼ ਸਿੱਖ ਧਰਮ ਦਾ ਪ੍ਰਚਾਰ ਕਰ ਰਹੇ ਹਨ। ਸਿੰਧੀ ਸਿੱਖ ਖੁਸ਼ਹਾਲ ਹਨ। ਮੁੰਬਈ ਵਿਚ ਉਲਹਾਸਨਗਰ ਵਿਖੇ ਇਨ੍ਹਾਂ ਸਿੰਧੀਆਂ ਦੀ ਬਹੁਤ ਸੰਖਿਆ ਹੈ ਤੇ ਇਹ ਨਾਨਕਪੰਥੀ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ’ਤੇ ਬੜੀ ਧੂੰਮ-ਧਾਮ ਅਤੇ ਸ਼ਰਧਾ ਨਾਲ ਨਗਰ ਕੀਰਤਨ ਕਢਦੇ ਹਨ। ਆਰਥਿਕ ਪਖੋਂ ਉਦਾਸੀਏ, ਨਿਰਮਲੇ ਅਤੇ ਸਿੰਧੀ ਨਾਨਕਪੰਥੀ ਖੁਸ਼ਹਾਲ ਹਨ। ਰਾਜਨੀਤਕ, ਸਮਾਜਿਕ ਅਤੇ ਕਈ ਇਤਿਹਾਸਕ ਘਟਨਾਵਾਂ ਕਰਕੇ ਕਈ ਨਾਨਕ ਨਾਮ ਲੇਵਾ ਪ੍ਰਵਾਰ ਖ਼ਾਸ ਤੌਰ ਤੇ ਸਿਕਲੀਗਰ, ਵਣਜਾਰੇ ਅਤੇ ਸਤਿਨਾਮੀਏ ਸਿੱਖ ਮਾਇਕ ਤੌਰ ’ਤੇ ਪਿਛੜ ਗਏ ਹਨ,

ਅਤੇ ਬਹੁਤ ਤਰਸਯੋਗ ਹਾਲਾਤ ਵਿਚ ਹਨ। ਇਹਨਾਂ ਦੇ ਪੂਰਵਜ ਮਹਾਨ ਕੁਰਬਾਨੀਆਂ ਕਰਨ ਵਾਲਿਆਂ ਦੀ ਸੰਤਾਨ ਅੱਜ ਤਰਸਯੋਗ ਹੈ। ਦੇਰ ਆਏ ਦਰੁਸਤ ਆਏ ਮੁਤਾਬਿਕ ਅੱਜ ਵੇਲਾ ਹੈ ਉਹਨਾਂ ਦੀ ਬਾਂਹ ਫੜਨ ਦਾ। ਇਹਨਾਂ ਨਾਨਕ ਨਾਮਲੇਵਾਂ ਦਾ ਚੰਗਾ ਰਹਿਣ-ਸਹਿਣ ਕਰਨ ਲਈ ਮੁਢਲੀਆਂ ਸਹੂਲਤਾਂ ਜਿਵੇਂ ਘਰ, ਪਾਣੀ, ਆਦਿ ਦੀ ਵਿਵਸਥਾ ਕਰ ਕੇ ਦੇਣ ਦੀ ਲੋੜ ਹੈ। ਕਈ ਸਿੱਖ ਸੰਸਥਾਵਾਂ ਤੇ ਜਥੇਬੰਦੀਆਂ ਆਪਣੀ-ਆਪਣੀ ਸਮਰਥਾ ਅਨੁਸਾਰ ਇਸ ਸ਼ੁਭ ਕੰਮ ਵਿਚ ਯੋਗਦਾਨ ਪਾ ਰਹੀਆਂ ਹਨ ਅਤੇ ਅਜੇ ਬਹੁਤ ਕੁਝ ਕਰਨ ਵਾਲਾ ਹੈ:

1. ਅਸੀਂ ਜਾਤ ਪਾਤ ਛੱਡ ਕੇ ਇਹਨਾਂ ਅਣਗੌਲੇ, ਭੁਲੇ-ਵਿਸਰੇ ਨਾਨਕ ਨਾਮ ਪੰਥੀਆਂ ਨੂੰ ਭਰਾ ਸਮਝ ਕੇ ਪਿਆਰ ਕਰੀਏ।

2. ਹਰ ਸਿੱਖ ਪ੍ਰਚਾਰਕ ਹੋਵੇ। ਉਹ ਵਾਰੋ-ਵਾਰੀ ਇਹਨਾਂ ਦੂਰ ਰਹਿੰਦਿਆਂ ਨਾਨਕ ਨਾਮ ਲੇਵਾਂ ਨੂੰ ਆਪਣੇ ਜਾਤੀ ਤੌਰ ’ਤੇ ਜਾ ਕੇ ਸਿੱਖੀ ਦਾ ਪ੍ਰਚਾਰ ਕਰੇ।

3. ਮੱਧ ਪ੍ਰਦੇਸ਼, ਛਤੀਸਗੜ੍ਹ, ਮਹਾਂਰਾਸ਼ਟਰਾ ਵਰਗੇ ਇਲਾਕਿਆਂ ਵਿਚ ਜਿਹੜੇ ਵਸੋਂ ਤੋਂ ਦੂਰ ਹਨ, ਸਿੱਖੀ ਨੂੰ ਸਮਰਪਿਤ ਪ੍ਰਚਾਰਕ ਭੇਜੇ ਜਾਣ, ਜੋ ਉਥੇ ਜਾ ਕੇ ਸਿੱਖੀ ਦਾ ਪ੍ਰਚਾਰ ਕਰਨ। ਜਿਹੜੇ ਸੂਬਾ ਗੁਰਦੁਆਰਾ ਕਮੇਟੀਆਂ ਉਪਰ ਲਿਖੇ ਸੂਬਿਆਂ ਨਾਲ ਸਬੰਧਿਤ ਹਨ, ਉਹ ਇਸ ਕੰਮ ਵਿਚ ਬਹੁਤ ਸਹਾਈ ਹੋ ਸਕਦੀਆਂ ਹਨ।

4. ਇਹਨਾਂ ਦੂਰ ਰਹਿੰਦੇ ਪਿਛੜੇ ਹੋਏ ਨਾਨਕ ਪੰਥੀਆਂ ਨੂੰ ਆਪਣੇ ਨੇੜੇ ਕਰਨ ਲਈ ਪੰਜਾਬ ਅਤੇ ਦਿਲੀ ਦੇ ਇਤਿਹਾਸਿਕ ਗੁਰਦੁਆਰਿਆਂ ਦੇ ਦਰਸ਼ਨ ਕਰਾਏ ਜਾਣ।

5. ਸਰਦੇ-ਪੁੱਜਦੇ ਦਾਨੀ ਸਿੰਘਾਂ ਨੂੰ ਜਥੇ ਦੇ ਰੂਪ ਵਿਚ ਉਹਨਾਂ ਪਛੜਿਆਂ ਇਲਾਕਿਆਂ ਦੀ ਯਾਤਰਾ ਕਰਾਈ ਜਾਏ ਤਾਂ ਕਿ ਉਹ ਮੌਕੇ ਤੇ ਹੀ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਕਰਨ ਲਈ ਪ੍ਰੋਗਰਾਮ ਉਲੀਕ ਸਕਣ।

6. ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਹਾੜਾ ਅਤੇ ਕੁਛ ਹੋਰ ਗੁਰਪੁਰਬ ਇਹਨਾਂ ਪਛੜੇ ਹੋਏ ਇਲਾਕਿਆਂ ਵਿਚ ਵੀ ਵੱਡੇ ਪੱਧਰ ’ਤੇ ਮਨਾਉਣੇ ਚਾਹੀਦੇ ਹਨ। ਇਹਨਾਂ ਸਮਾਗਮਾਂ ਵਿਚ ਸੰਬੰਧਿਤ ਇਲਾਕੇ ਦੇ ਪ੍ਰਮੁੱਖ ਨਾਨਕ ਨਾਮ ਲੇਵਾਂ ਨੂੰ ਸਨਮਾਨਿਤ ਕਰ ਕੇ ਹੌਂਸਲਾ ਅਫ਼ਜ਼ਾਈ ਕੀਤੀ ਜਾਵੇ।

7. ਇਕ ਸਪੈਸ਼ਲ ਫੰਡ ਇਹਨਾਂ ਪਿਛੜੇ ਹੋਏ ਨਿਮਾਣੇ ਤੇ ਨਿਤਾਣੇ ਸਿੱਖਾਂ ਦੀ ਖੁਸ਼ਹਾਲੀ ਲਈ ਬਣਾਉਣਾ ਚਾਹੀਦਾ ਹੈ: (ੳ) ਹਰ ਗੁਰਦੁਆਰਾ ਕਮੇਟੀ ਦੇ ਪ੍ਰਬੰਧਕ ਗੁਰਦੁਆਰੇ ਦੇ ਬਜ਼ਟ ਵਿਚੋਂ ਕੁਝ ਪੈਸਾ ਇਸ ਫੰਡ ਵਿਚ ਦੇਣਾ ਚਾਹੀਦਾ ਹੈ। (ਅ) ਹਰ ਇਕ ਸਿੱਖ ਨੂੰ ਆਪਣੀ ਕਿਰਤ ਕਮਾਈ ਵਿਚੋਂ ਮਾਇਕ ਸਹਾਇਤਾ ਕਰਨੀ ਚਾਹੀਦੀ ਹੈ।

ਰੱਬ ਨੇ ਪੈਸਾ ਦਿਤਾ ਹੈ ਤਾਂ ਆਪਣੇ ਰਸਮ ਰਿਵਾਜਾਂ ’ਤੇ ਨਾਜਾਇਜ਼ ਖਰਚੇ ਨਾ ਕਰੀਏ। ਹੋਰ ਵਾਧੂ ਖਰਚੇ ਜਿਵੇਂ ਕਿ ਬਿਊਟੀ ਪਾਰਲਰਾਂ ’ਤੇ, ਮਹਿੰਗੇ ਘਰ, ਮਹਿੰਗੀਆਂ ਕਾਰਾਂ, ਐਸ਼ੋ ਆਰਾਮ ਦੀਆਂ ਵਸਤੂਆਂ ਆਦਿ ’ਤੇ ਪੈਸਾ ਨਾ ਖਰਚੀਏ। ਇਹੀ ਪੈਸਾ ਇਹਨਾਂ ਗਰੀਬਾਂ ਦੀਆਂ ਸੁਵਿਧਾਵਾਂ ਵਾਸਤੇ ਵਰਤਿਆ ਜਾ ਸਕਦਾ ਹੈ। (ੲ) ਸ਼੍ਰੋਮਣੀ ਕਮੇਟੀ ਦੇ ਬੜੇ ਸਾਰੇ ਖਰਚੇ ਜਿਵੇਂ ਕਿ ਗੁਰਪੁਰਬਾਂ ਤੇਂ ਆਤਿਸ਼ਬਾਜੀ ਦੀ ਵਰਤੋਂ ਅਤੇ ਸਜਾਵਟਾਂ ’ਤੇ, ਗੁਰਦੁਆਰਿਆਂ ’ਤੇ ਸੋਨਾ ਲਗਾਉਣਾ, ਆਦਿ ਏਨੇ ਜ਼ਰੂਰੀ ਨਹੀਂ ਜਿੰਨਾਂ

ਕਿ ਆਪਣੇ ਪਿਛੜੇ ਹੋਏ ਨਾਨਕ ਪੰਥੀਆਂ ਨੂੰ ਨਾਲ ਰਲਾਉਣ ਦਾ ਹੈ।

8. ਸਿਕਲੀਗਰ ਸਿੱਖ ਯੋਗਤਾ ਪਖੋਂ ਕਾਰੀਗਰ ਹਨ, ਉਹਨਾਂ ਲਈ ਸਹਾਇਕ ਧੰਦੇ ਖੋਲ੍ਹ ਕੇ ਦੇਣੇ ਚਾਹੀਦੇ ਹਨ। ਹੋਰ ਸਤਿਨਾਮਈਏ ਅਤੇ ਵਣਜਾਰੇ ਸਿੱਖਾਂ ਨੂੰ ਵੀ ਸਥਾਨਿਕ ਪੱਧਰ 'ਤੇ ਰੁਜ਼ਗਾਰ ਦੇਣ ਦੀ ਵਿਵਸਥਾ ਕੀਤੀ ਜਾਵੇ, ਜਿਵੇਂ ਜੰਗਲਾਂ ਵਿਚ ਰਹਿੰਦੇ ਕਬੀਲਿਆਂ ਲਈ ਬਕਰੀਆਂ ਪਾਲਨਾ, ਆਦਿ। ਹੱਥੀਂ ਕਿਰਤ ਕਰਨ ਵਾਲੇ ਕਿਤਿਆਂ ਦੀ ਸਿਖਲਾਈ, ਆਦਿ ਦਾ ਵੀ ਪ੍ਰਬੰਧ ਕੀਤਾ ਜਾਵੇ।

9. ਭਾਵੇਂ ਬਹੁਤੇ ਸਿੰਧੀ ਸਿੱਖ ਕੇਸਾਧਾਰੀ ਨਹੀਂ ਹਨ ਪਰ ਇਹਨਾਂ ਨਾਨਕਪੰਥੀਆਂ ਦਾ ਗੁਰਬਾਣੀ ਪ੍ਰਤੀ ਪਿਆਰ ਅਤੇ ਸਤਿਕਾਰ ਅਥਾਹ ਹੈ। ਪਿਛੇ ਜਿਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਪ੍ਰਾਪਤੀ ਲਈ ਸ਼੍ਰੋਮਣੀ ਕਮੇਟੀ ਵਲੋਂ ਕੁਝ ਸਖਤ ਨਿਯਮ ਬਣਾ ਦਿਤੇ ਗਏ ਹਨ। ਜਿਸ ਨਾਲ ਇਹਨਾਂ ਨੂੰ ਆਪਣੇ ਘਰਾਂ ਅਤੇ ਗੁਰਦੁਆਰਿਆਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪ੍ਰਾਪਤ ਕਰਨ ਲਈ ਮੁਸ਼ਕਲ ਆ ਰਹੀ ਹੈ। ਇਸ ਕਾਰਜ ਤੇ ਵੀ ਸੋਚਨ ਦੀ ਲੋੜ ਹੈ।

ਅੰਤ ਵਿਚ ਆਰਥਕ ਪਖੋਂ ਕਮਜ਼ੋਰ ਸਿਕਲੀਗਰ, ਵਣਜਾਰੇ ਅਤੇ ਸਤਿਨਾਮੀਆਂ ਨੂੰ ਸਿੱਖ ਧਰਮ ਦੀ ਮੁੱਖ ਧਾਰਾ ਵਿਚ ਲਿਆਉਣ ਲਈ ਉਹਨਾਂ ਵਾਸਤੇ ਗੁਰਦੁਆਰੇ ਜਿਥੇ ਲੰਗਰ ਦਾ ਪ੍ਰਬੰਧ ਵੀ ਹੋਵੇ, ਸਿਹਤ-ਸੰਭਾਲ ਲਈ ਡਿਸਪੈਂਸਰੀਆਂ, ਵਿਦਿਆ ਲਈ ਸਕੂਲ ਅਤੇ ਕਿਰਤ ਲਈ ਰੁਜ਼ਗਾਰ ਮੁਹਈਆ ਕਰਾਇਆ ਜਾਏ। ਕਾਫੀ ਸਾਰੇ ਸਿੰਧੀ ਕੇਸਾਧਾਰੀ ਨਹੀ ਹਨ ਪਰ ਉਹ ਵੀ ਹੌਲੀ, ਹੌਲੀ ਸਿੰਘ ਸੱਜ ਰਹੇ ਹਨ। ਨਿਰਮਲੇ ਸੰਤ ਅਤੇ ਉਦਾਸੀ ਮਹਾਂਪੁਰਖਾਂ ਦੀ ਸਿੱਖ ਕੌਮ ਨੂੰ ਬਹੁਤ ਦੇਣ ਹੈ, ਉਨ੍ਹਾਂ ਦੀ ਦੇਣ ਨਾ ਭੁਲਾਈਏ।

ਉਪਰ ਦੱਸੇ ਕਾਰਜਾਂ ਦੀ ਪੂਰਤੀ ਲਈਂ ਬਹੁਤ ਸਾਰੀਆਂ ਸਿੱਖ ਸੰਸਥਾਵਾਂ ਜਿਵੇਂ ਕਿ ਸਿੱਖ ਕੌਂਸਲ ਆਫ ਸਕਾਟਲੈਂਡ ਬਹੁਤ ਅੱਛਾ ਕੰਮ ਕਰ ਰਹੀ ਹੈ। ਇਹ ਸਾਰੇ ਕਾਰਜ ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਦਿਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਵਿਚ ਹੋਣ ਤਾਂ ਚੰਗੇ ਨਤੀਜੇ ਆ ਸਕਦੇ ਹਨ। ਆਉ ਆਪਣੀ ਉਚਤਾ, ਨੀਚਤਾ, ਜਾਤ-ਪਾਤ, ਈਰਖਾ ਦਵੈਸ਼, ਹਉਮੈ ਅਤੇ ਲਾਲਸਾ ਛੱਡ ਕੇ ਇਹ ਅਣਗੌਲੇ, ਭੁੱਲੇ-ਵਿਸਰੇ, ਹੀਰੇ (ਗੁਰੂ) ਨਾਨਕਪੰਥੀਆਂ ਦੇ ਨੇੜੇ ਹੋਈਏ ਅਤੇ ਗੁਰੂ ਨਾਨਕ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



**ਡਾ. ਜਸਵੰਤ ਸਿੰਘ ਜੀ ਪ੍ਰਸਿੱਧ ਕੀਟ ਵਿਗਿਆਨੀ ਹਨ ਜੋ ਪੀ ਏ ਯੂ ਲੁਧਿਆਣਾ ਤੋਂ ਪ੍ਰੋਫੈਸਰ ਵਜੋਂ ਰਿਟਾਇਰਡ ਹੋਏ ਹਨ। ਰਿਾਇਰਮੈਂਟ ਉਪਰੰਤ ਆਪ ਜੀ ਨੇ ਸਮਾਜ ਸੇਵਾ ਅਤੇ ਪੰਥ ਦੀ ਸੇਵਾ ਵਿੱਚ ਰੁਚੀ ਲਈ। ਆਪ ਜੀ ਨੇ ਸਿੱਖ ਧਰਮ ਅਤੇ ਸਿੱਖ ਸਿਧਾਂਤਾਂ ਦੇ ਸਬੰਧੀ ਪਏ ਭੁਲੇਖੇ ਦੂਰ ਕਰਨ ਲਈ ਧਾਰਮਿਕ ਵਿਸ਼ਿਆਂ 'ਤੇ ਦੋ ਪੁਸਤਕਾਂ 'ਦੀਜੈ ਬੁਧਿ ਬਿਬੇਕਾ -1 ਅਤੇ 2' ਲਿਖੀਆਂ ਜੋ ਸਿੱਖਾਂ ਦਾ ਪਥ ਪ੍ਰਦਰਸ਼ਨ ਕਰਦੀਆਂ ਹਨ। ਉਨ੍ਹਾਂ ਨਾਲ ਈਮੇਲ** jaspau@rediffmail.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਜਾਗ ਐ ਪੂਰਬ! ਜਾਗ ਐ ਪੱਛਮ!!
# ਵਣਜਾਰੇ ਤੇ ਸਿਕਲੀਗਰ ਵੀਰਾਂ ਦੀ ਸਾਰ ਤੇ ਸੰਭਾਲ ਹਿੱਤ ਸਮੁੱਚੇ ਸਿੱਖ ਜਗਤ ਨੂੰ ਅਪੀਲ

**ਨਿਰਵੈਰ ਸਿੰਘ ਅਰਸ਼ੀ**

ਆਓ ਵੀਰਨੋ! ਬਾਤ ਸੁਣਾਵਾਂ।
ਦਿਲ ਦੀ ਗੱਲ ਇਕ ਖੋਲ੍ਹ ਸੁਣਾਵਾਂ।
ਕਰਾਂ ਕਹਾਣੀ ਉਨ੍ਹਾਂ ਦੀ ਮੈਂ,
ਜਿਨ੍ਹਾਂ ਨਸੀਬ ਨਾ ਠੰਢੀਆਂ ਛਾਵਾਂ।
ਪਤਾ ਨਹੀਂ ਕਿਉਂ ਲੇਖ ਇਨ੍ਹਾਂ ਦੇ,
ਜਨਮਾਂ ਤੋਂ ਹੀ ਪੁੱਠੇ ਪਏ ਨੇ,
ਘਾਲ ਕਮਾਈ ਕਰਦੇ ਹੰਭ ਗਏ,
ਪਰ ਨਾ ਘਟਦੀਆਂ ਦਿਸਣ ਸਜ਼ਾਵਾਂ।

ਮੱਧ ਪ੍ਰਦੇਸ਼ ਤੇ ਮਹਾਂਰਾਸ਼ਟਰ
ਕਰਨਾਟਕ, ਆਂਧਰਾ, ਬਿਹਾਰੇ।
ਮਿਲਦੇ ਲੱਖਾਂ ਦੀ ਗਿਣਤੀ ਵਿਚ,
ਸਿਕਲੀਗਰ ਅਤੇ ਵਣਜਾਰੇ।

ਅਵਲ ਅੱਲ੍ਹਾ ਦੇ ਨੂਰ ਉਪਾਏ,
ਏਕੋ ਦੇ ਚਾਹੇ ਸਾਜੇ ਸੰਵਾਰੇ,
ਕੁੱਲੀ, ਜੁੱਲੀ, ਗੁੱਲੀ ਬਾਝੋਂ,
ਪਰ ਸਦੀਆਂ ਤੋਂ ਰੁਲਣ ਵਿਚਾਰੇ।

ਕੋਈ ਨਾ ਪਿਆਰਾ ਨਜ਼ਰੀਂ ਆਵੇ।
ਜੋ ਦੁਖੀਆਂ ਦਾ ਦਰਦ ਵੰਡਾਵੇ।
ਰੁਲਦੀ ਹੋਈ ਮਨੁੱਖਤਾ ਤਾਈਂ
ਚੁੱਕ ਉਤਾਂਹ ਛਾਤੀ ਨਾਲ ਲਾਵੇ।

ਪਿਆਰ ਦੇ ਬਾਝੋਂ ਕੁਮਲਾ ਰਹੀਆਂ,
ਗੁੰਚਿਆਂ, ਕਲੀਆਂ ਨੂੰ ਸਹਿਲਾਵੇ।
ਨਿਤਾਣੇ ਅਤੇ ਨਿਮਾਣਿਆਂ ਤਾਈਂ,
'ਅਰਸ਼ੀ' ਤਾਣ ਤੇ ਮਾਣ ਦਿਵਾਵੇ।

ਗੁਰੂ ਨਾਨਕ ਦੇ ਸਿੱਖੋ ਉਠੋ,
ਵਾਜਾਂ ਪਈ ਮਨੁੱਖਤਾ ਮਾਰੇ।
ਗੁਰੂ ਨਾਨਕ ਦੇ ਘਰ ਦਾ ਕੰਮ ਤਾਂ,
ਨਿਆਸਰਿਆਂ ਨੂੰ ਦੇਣਾ ਸਹਾਰੇ।

ਜਾਗ ਐ ਪੂਰਬ! ਜਾਗ ਐ ਪੱਛਮ!!
ਵੇਖਣਾ ਕੋਈ ਨਾ ਸੁੱਤਾ ਰਹਿ ਜਾਏ,
ਮਿੱਟੀ ਦੇ ਵਿਚ ਰੁਲਦੇ ਲਾਲਾਂ,
ਲਾਲੋਆਂ ਨੂੰ ਗਲ ਲਾਉ ਸਾਰੇ।



**ਕਵੀ, ਲੇਖਕ, ਸੰਪਾਦਕ, ਬੁਲਾਰਾ ਅਤੇ ਹੋਰ ਕਈ ਗੁਣਾ ਦੇ ਮਾਲਕ ਪੰਥਪ੍ਰਸਤ ਨਿਰਵੈਰ ਸਿੰਘ ਅਰਸ਼ੀ ਜੀ ਉਚ ਤਾਲੀਮ ਯਾਫਤਾ ਹਨ। ਉਹ ਸਿੱਖ ਜਗਤ ਦੇ ਨਾਮੀ ਮਾਸਿਕ ਪੱਤਰੀਕਾਵਾਂ ਦੇ ਸੰਪਾਦਕ ਰਹੇ ਹਨ। ਤਖਤ ਹਜ਼ੂਰ ਸਾਹਿਬ ਨਾਂਦੇੜ ਦੇ ਮਾਸਕ ਪਤਰ 'ਸੱਚਖੰਡ ਪਤ੍ਰਿਕਾ' ਨੂੰ ਉਨ੍ਹਾਂ ਨੇ ਸਿੱਖ ਕੌਮੀ ਮੁਫਾਦ ਦਾ ਤਰਜ਼ਮਾਨ ਬਣਾ ਦਿੱਤਾ ਸੀ। ਵੱਖ-ਵੱਖ ਸਮੇਂ ਉਨ੍ਹਾਂ ਨੇ ਗੁਰਮਤਿ ਪ੍ਰਕਾਸ਼, ਗੁਰਮਤਿ ਗਿਆਨ ਦਾ ਵੀ ਸੰਪਾਦਨ ਕੀਤਾ। ਉਹ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਵੀ ਰਹੇ। ਉਹ ਸੁੱਘੜ ਲੇਖਕ ਅਤੇ ਨਾਮੀ ਕਵੀ ਹਨ। ਉਨ੍ਹਾਂ ਨਾਲ ਈਮੇਲ** arshinvs@yahoo.com **'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਵਿਸ਼ਾ ਸੂਚੀ


ਉਲਹਾਸਨਗਰ 224, 225, 237, 238, 239, 290

ਆਸਾਮ ਰੇਵਲੇ ਲਾਈਨ 24
ਆਰਕਾਈਵਜ਼ 38
ਅਖਾੜਾ 67, 68, 182, 183, 185, 186, 187
ਅਫ਼ਗਾਨਿਸਤਾਨ 4, 104, 222
ਆਦਿਵਾਸੀ 33
ਔਰੰਗਜ਼ੇਬ 34, 103, 104, 105, 123, 128, 129, 130, 155, 194, 215, 216
ਐਵਰੈਸਟ 256
ਅਨਿਲ ਧੀਰ 259, 260

ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ 7, 11, 13, 15, 262, 263, 265
ਈਸਟ ਇੰਡੀਆ 116, 209
ਈਸਾਈ 32,66, 108, 116, 118, 119, 151, 152

ਸਿੱਖ ਫੌਜ 38, 39, 40, 41, 42, 44, 49, 111, 117, 155, 242
ਸਯਦ ਮੁਹੰਮਦ ਲਤੀਫ 40
ਸਿੱਖ ਰਹਿਤ ਮਰਿਆਦਾ 162
ਸਕਲਗਰ 47
ਸ੍ਰ. ਉਦਯ ਸਿੰਘ 53, 54, 61
ਸਿੱਖ ਫੁਲਵਾੜੀ 59, 87, 108, 208, 246
ਸਿੱਖ ਰੀਵਿਊ 59
ਸਰਬ ਭਾਰਤੀ ਸਿੱਖ ਧਰਮ 72
ਸਿਕਲ 47, 52, 111
ਸਰਦਾਰ ਉਪਲ 141
ਸੂਫੀਵਾਦ 223
ਸਹਿਜਧਾਰੀ 6, 8, 19, 21, 22, 24, 223, 224, 225, 226, 228, 229, 230, 231, 237, 248, 249, 250,
ਸਿੰਧੂ 94, 95, 96, 236
ਸਿੰਧ 19, 21, 38, 63, 67, 144, 145, 146, 183, 222, 223, 225, 227, 232, 233, 236, 237, 238, 276, 290
ਸਚਖੰਡ ਪਤ੍ਰਿਕਾ 268
ਸਾਧੂ ਕਾਨਰ ਦਾਸ 193
ਸਾਵਰਦਾ ਸਾਹਿਬ 190, 193, 195
ਸਵਾਮੀ ਬ੍ਰਹਮ ਦੇਵ 189

ਹਿਮਾਦਰੀ ਬੈਨਰਜੀ 5, 149
ਹਰਵਿੰਦਰ ਸਿੰਘ ਅਲਵਰ 148, 149
ਹਜ਼ੂਰ ਸਾਹਿਬ 2, 23, 45, 54, 137, 261, 294

ਕਬੀਲੇ 4, 16, 17, 33, 34, 37, 47, 48, 50, 51, 52, 53, 54, 55, 56, 57, 58, 59, 60, 61, 88, 90, 92, 102, 103, 110, 143, 145, 150, 153, 154, 155, 290
ਕਾਨ੍ਹ ਸਿੰਘ ਨਾਭਾ 2, 6, 44, 51, 53, 54, 60, 67, 185, 217
ਕਰਮ ਸਿੰਘ ਹਿਸਟੋਰੀਅਨ 98

ਗੁਰਮੁਖੀ 43, 68, 71, 81, 134, 143, 146, 162, 182, 186, 188, 189, 202, 206, 213, 224, 225, 228, 243, 244, 245, 277
ਗਿਆਨੀ ਤਕਦੀਰ ਸਿੰਘ 164, 165
ਗਿਆਨੀ ਦੀਦਾਰ ਸਿੰਘ 164, 168, 169
ਗੰਗਾ ਨਦੀ 97, 203
ਗਿਆਨੀ ਸੁਖਦੇਵ ਸਿੰਘ ਪ੍ਰਦੇਸੀ 212
ਗੁਰਮਤਿ ਪ੍ਰਕਾਸ਼ 5, 25, 55, 59, 62, 90, 103, 121, 176, 208, 209, 294
ਗਯਾ 64, 66, 67, 68, 78, 80, 81, 82, 83, 184, 202, 205, 207

ਚੇਤਨ ਮਟ 24
ਚੌਂਕੇ ਚੜ੍ਹਨਾ 42
ਚੰਨਣ ਸਿੰਘ 117, 119, 141
ਚਕਰਵਰਤੀ 186

ਜੀਵੰਤ ਸਮਾਧੀਆਂ 65
ਜਮਾਇਤ-ਏ-ਸਿੱਖਾਂ 45
ਜੰਗਲ 4, 9, 33, 85, 86, 88, 100, 105, 107, 112, 118, 123, 127, 135, 186, 193, 216, 218, 244, 281, 292
ਜੂਨੀ 142
ਜਸਟਿਸ ਸਚਰ ਕਮੇਟੀ 151

ਟਾਂਡਾ 34, 91, 98, 115, 117, 118, 123, 127, 128, 154, 156, 194, 244, 245, 246, 247
ਟੱਪਰੀਵਾਸ 48, 50, 55, 58, 102, 111, 144, 145, 148

ਡੇਰਾ 19, 23, 28, 63, 66, 69, 83, 119, 120, 122, 123, 141, 158, 161, 168, 183, 185, 191, 192, 193, 212, 252
ਡਾ. ਰਜਿੰਦਰ ਪ੍ਰਸ਼ਾਦ 5, 23

ਤਵਰਨੀਅਰ 34
ਤੀਰਥ ਯਾਤਰਾ 65, 75
ਤਖਤ ਪਟਨਾ ਸਾਹਿਬ 2, 23, 71, 75, 78, 190, 200, 203, 204, 207, 210
ਤਾਰੂ ਤਰਨ 242

ਦਰਬਾਰ-ਏ-ਲਾਹੌਰ 40
ਦਸਵੰਧ 22, 36, 155, 275, 276, 285, 286, 287

ਧਰਮਸ਼ਾਲਾਵਾਂ 4, 72, 188, 232

ਨਾਨਕਪੰਥੀ 1, 2, 5, 6, 12, 23, 26, 80, 82, 83, 128, 134, 241, 260, 276, 290, 292
ਨਾਨਕ ਨਾਮਲੇਵਾ 1, 2, 3, 6, 71, 267, 291
ਨਾਂਦੇੜ 39, 40, 44, 45, 118, 136, 137, 138, 143, 153, 294
ਨਗਾਹੀਆ ਸਿੰਘ 128, 129
ਨਾਇਕ ਭਗਵੰਤ ਸਿੰਘ 129, 130, 155

ਪਟਿਆਲਾ ਰਾਜ-ਦਰਬਾਰ 55, 56
ਪਾਰਸੀ 147, 152

ਬਡਗੋਲਾ 25
ਬਾਬਾ ਸ੍ਰੀਚੰਦ 63, 66, 80, 100, 152, 180, 181, 182, 183, 187, 189, 190, 191, 196, 223, 232, 290
ਬਾਬਾ ਆਲਾ ਸਿੰਘ 55, 56
ਬੰਦਾ ਸਿੰਘ ਬਹਾਦਰ 9, 29, 54, 55, 115, 129, 130, 144, 155, 242
ਬਾਜ ਸਿੰਘ 55, 61, 92, 96, 97, 98, 115, 132, 281
ਬੀਬੀ ਜਗੀਰ ਕੌਰ 108, 120, 136, 137
ਬੰਸਾਵਲੀਨਾਮਾ 190, 196
ਬੀਰੰਚੀਪੁਰ 259

ਭਾਈ ਮਨਸੁੱਖ 4, 5, 90, 115, 154
ਭਾਈ ਮਰਦਾਨਾ 28, 29, 30, 252, 253, 255
ਭਾਈ ਜੈਤਾ ਜੀ 28, 30, 195
ਭਾਈ ਬਚਿੱਤਰ ਸਿੰਘ 53, 61, 85, 115, 268
ਭਾਈ ਬਿਧੀ ਚੰਦ 49, 100, 153
ਭਾਈ ਸਾਲਸ ਰਾਏ 252, 253
ਭਾਈ ਮਨੀ ਸਿੰਘ 61, 85, 90, 97, 128, 129, 131, 132, 133, 138, 155, 194, 286

ਮਾਰਵਾੜੀ 1, 50, 51, 52, 53, 54, 56, 90, 100, 101, 146, 52, 53, 227
ਮਾਂ-ਬੋਲੀ 26, 213, 240
ਮਨੂੰਵਾਦੀ 28, 31
ਮਹਾਰਾਜਾ ਰਣਜੀਤ ਸਿੰਘ 9, 39, 40, 41, 42, 46, 56, 99, 102, 117, 135, 144, 153, 156, 186, 188, 222, 286
ਮਹੰਤ ਗੋਵਿੰਦਦਾਸ 69
ਮਾਰਵਾੜ 20, 48, 49, 50, 53, 54, 56, 143
ਮੱਠਾਂ 72, 207
ਮਾਫੀਆ 148
ਮੱਖਣ ਸ਼ਾਹ ਵਣਜਾਰਾ 91
ਮਾਸਿਰ-ਇ-ਜਹਾਂਗੀਰੀ 103
ਮਹਾਨਕੋਸ਼ 44
ਮਾਸਟਰ ਤਾਰਾ ਸਿੰਘ 25, 26, 118, 146, 242, 243
ਮੱਖਣ ਸ਼ਾਹ ਲੁਬਾਣਾ 119, 120, 127, 128, 138
ਮਿਸ਼ਨਰੀਆ 87, 116, 135

ਰਾਇਸੀਨਾ 37, 92, 128, 129, 195
ਰਿਸਾਲਦਾਰ 41, 42
ਰਾਜਪੂਤ 40, 48, 49, 50, 51, 53, 55, 56, 61, 62, 68, 98, 100, 104, 110, 111, 115, 125, 133, 152, 153, 251, 283
ਰਾਣੀ ਸਾਹਿਬ ਕੌਰ 56
ਰਾਜਨੀਤੀ 83, 89, 158, 161, 169, 234

ਲਕਸ਼ਮੀਪੁਰ 24, 199, 203, 207
ਲਾਮਡਿੰਗ 25
ਲਾਕਡਾਊਨ 277, 279

ਸ਼ਾਹੀ 19, 69, 91, 96, 100, 104, 124, 132, 133, 153, 177, 184, 185, 215, 232, 257
ਸ਼ੇਰ ਸਿੰਘ ਸ਼ੇਰ 48, 60, 103, 143, 145, 147
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 2, 3, 13, 25, 27, 59, 62, 87, 113, 120, 121, 140, 164, 165, 168, 169, 196, 199, 202, 216, 235, 248, 261, 282, 292

ਸਾਡੇ ਸਿੱਖਾਂ ਦੇ ਧਾਰਮਿਕ ਅਤੇ ਸਿਆਸੀ ਲੀਡਰਾਂ ਨੂੰ ਸੰਕੀਰਨਤਾ ਤਿਆਗ ਕੇ ਪੁਨਰ ਵਿਚਾਰ ਕਰਨ ਦੀ ਲੋੜ ਹੈ। ਮੈਂ ਸਮਝਦਾ ਹਾਂ ਕਿ ਸ. ਸੁਖਦੇਵ ਸਿੰਘ ਲਾਜ ਅਤੇ ਉਨਾਂ ਦੇ ਸਾਥੀ ਵਧਾਈ ਦੇ ਪਾਤਰ ਹਨ ਜਿਨ੍ਹਾਂ ਇਨ੍ਹਾਂ ਭੁੱਲੇ-ਵਿੱਸਰੇ ਗੁਰੂ ਨਾਨਕ ਨਾਮ ਲੇਵਾ ਸੰਪਰਦਾਵਾਂ ਅਤੇ ਕਬੀਲਿਆਂ ਬਾਰੇ ਸਿੱਖ ਪੰਥ ਅਤੇ ਸਿੱਖ ਸਿਆਸੀ ਅਤੇ ਧਾਰਮਿਕ ਲੀਡਰਾਂ ਨੂੰ ਇਸ ਤੁਰੱਟੀ ਪੱਖੋਂ ਜਾਗਣ ਲਈ ਸੁਡੋਲ ਯੋਗਦਾਨ ਪਾਇਆ ਹੈ।

**ਸਰਦਾਰਾ ਸਿੰਘ ਜੋਹਲ**, ਪਦਮਾ ਵਿਭੂਸ਼ਣ,
ਚਾਂਸਲਰ, ਸੈਂਟਰਲ ਯੂਨੀਵਰਸਿਟੀ ਆਫ ਪੰਜਾਬ, ਬਠਿੰਡਾ

ਇੱਸ ਪੁਸਤਕ ਦੀਆਂ ਲਿਖਤਾਂ ਤੋਂ ਸਪਸ਼ਟ ਹੈ ਕਿ ਹੁਣ ਲੋੜ ਸਮੂਹਕ ਯਤਨਾਂ ਦੀ ਹੈ । ਨਾਨਕ ਪੰਥੀ ਮੂਲ ਰੂਪ ਵਿੱਚ ਸਿੱਖ ਹਨ । ਮੈਨੂੰ ਵਿਸ਼ਵਾਸ ਹੈ ਕਿ ਇਹ ਪੁਸਤਕ ਉੱਪਰ ਦੱਸੇ ਸ਼ੁਭ ਕਾਰਜ ਲਈ ਪ੍ਰੇਰਣਾ ਸਰੋਤ ਬਣੇਗੀ

**ਇੰਦਰਜੀਤ ਕੌਰ**
ਸਾਬਕਾ ਵਾਇਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਇਸ ਪੁਸਤਕ ਵਿੱਚ ਹਰੇਕ ਲਿਖਾਰੀ ਨੇ ਵਿਅਕਤੀਗਤ ਮੁਹਰਤ ਦੇ ਆਧਾਰ 'ਤੇ ਭਵਿੱਖ ਲਈ, ਰਣਨੀਤੀਆਂ ਤਿਆਰ ਕਰਨ ਲਈ ਅਹਿਮ ਜਾਣਕਾਰੀ ਦਿੱਤੀ ਹੈ । ਇਸ ਪੁਸਤਕ ਵਿੱਚ ਇਕ ਸਿਸਟਮ ਬਣਾਉਣ ਦੀ ਅਤੇ ਉਸ ਦੇ ਮੁਤਾਬਕ ਕੰਮ ਕਰਨ ਦੀ ਸੇਧ ਦਿੱਤੀ ਗਈ ਹੈ ਤਾਂ ਕਿ ਅਸੀਂ ਭੁੱਲੇ ਵਿਸਰੇ ਵੀਰਾਂ ਨੂੰ ਮੁੱਖਧਾਰਾ ਵਿੱਚ ਲਿਆ ਸਕੀਏ ।

ਲੈਫਟੀਨੈਂਟ ਜਰਨਲ ਕਰਤਾਰ ਸਿੰਘ ਗਿੱਲ
ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ

ਸਿਕਲੀਗਰ, ਵਣਜਾਰੇ, ਸਤਿਨਾਮੀ, ਜੌਹਰੀ, ਬਿਹਾਰੀ, ਅਸਾਮੀ ਅਤੇ ਹੋਰ ਅਨੇਕਾਂ ਨਾਨਕ ਨਾਮ ਲੇਵਾ ਸੰਬੰਧੀ ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ (ਆਈ.ਐਸ.ਸੀ.) ਨੇ ਜੋ ਬਹੁਤ ਜਾਣਕਾਰੀ ਭਰਪੂਰ ਕਿਤਾਬ ਛਾਪੀ ਹੈ ਉਸ ਲਈ ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ ਅਤੇ ਵਧਾਈ ਦਿੰਦੇ ਹਾਂ ।

ਸੁਲੱਖਣ ਸਿੰਘ ਸਮਰਾ ਪ੍ਰਧਾਨ, ਸਿੱਖ ਕੌਂਸਲ ਆਫ ਸਕੋਟਲੈਂਡ

Sardar Sukhdev Singh Ji Laaj has been remarkable in his kindness and thoughtfulness towards the Sikligar, Vanjaras and Sindhis. His book "Bhule Visre Nanak Panthi" is worthy of great praise. Let us have these brothers and sisters back to our fold.

Ranjit Singh OBE
Chairman Guru Nanak International Education Trust, London

'ਭੁੱਲੇ ਵਿਸਰੇ ਨਾਨਕ ਪੰਥੀ' ਕਿਤਾਬ ਵਿੱਚ ਦਰਜ ਲੇਖ ਸਿੱਖ ਜਗਤ ਦੇ ਇਕ ਅਜਿਹੇ ਹਿੱਸੇ ਦੀ ਜਾਣਕਾਰੀ ਦੇ ਰਹੀ ਹੈ ਜਿਸਨੂੰ ਕੌਮ ਨੇ ਹੁਣ ਤਕ ਭੁਲਾਇਆ ਹੋਇਆ ਸੀ। ਇਹ ਲੇਖ ਪੁਕਾਰਦੇ ਹਨ ਕਿ ਇਸ ਮਾਣਮੱਤੇ ਵਿਰਸੇ ਨੂੰ ਤੁਰਤ ਸਾਂਭਿਆ ਜਾਵੇ।

**ਕੁਲਵੰਤ ਸਿੰਘ**, ਸਮਾਜਕ ਅਤੇ ਧਾਰਮਕ ਸੇਵਾਦਾਰ, ਮੁੰਬਈ


**ਪ੍ਰਕਾਸ਼ਕ:**
**ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ, ਚੰਡੀਗੜ੍ਹ**


Contact No: 98781 16879, 98726 22322
Email: iscchd2006@gmail.com;
Website www.sikhconfed.org